ਸਿੱਖਾਂ ਦਾ ਛੋਟਾ ਮੇਲ

ਇਤਿਹਾਸ ਤੇ ਸਰਵੇਖਣ

ਪ੍ਰੋ. ਪ੍ਰੀਤਮ ਸਿੰਘ
ਤੇ
ਡਾ. ਜੋਗਿੰਦਰ ਸਿੰਘ ਆਹਲੂਵਾਲੀਆ

SikhBookClub.com

ਸਿੱਖਾਂ ਦਾ ਛੋਟਾ ਮੇਲ
ਇਤਿਹਾਸ ਤੇ ਸਰਵੇਖਣ

SikhBookClub.com

ਸਿੱਖਾਂ ਦੇ ਛੋਟੇ ਮੇਲ ਦਾ ਸਾਹਿੱਤ
ਪਹਿਲੀ ਪੁਸਤਕ

ਸਿੱਖਾਂ ਦਾ ਛੋਟਾ ਮੇਲ

ਇਤਿਹਾਸ ਤੇ ਸਰਵੇਖਣ

ਪ੍ਰੋ. ਪ੍ਰੀਤਮ ਸਿੰਘ
ਤੇ
ਡਾ. ਜੋਗਿੰਦਰ ਸਿੰਘ ਆਹਲੂਵਾਲੀਆ

ਪੰਜਾਬੀ ਐਜੂਕੇਸ਼ਨਲ ਐਂਡ ਕਲਚਰਲ ਫ਼ਾਊਂਡੇਸ਼ਨ
ਸੈਨ ਲਿਐਂਡਰੋ, ਕੈਲਿਫ਼ੋਰਨੀਆ-94577

SikhBookClub.com

SIKHAN DA CHHOTA MEL
ITIHAS TE SARVEKHAN

by

Prof. PRITAM SINGH
2, Preet Nagar, Lower Mall,
Patiala, 147001
Tel. No. 0175-2204204
e-mail: prof_pritam@yahoo.co.in

and

Dr. JOGINDER SINGH AHLUWALIA
1930 Francisco Way
Richmond, CA 94805, USA
Tel. No. (510) 237-8499
e-mail: joginder@prodigy.net

© Authors

ISBN 978-0-9818307-0-4

First Edition May 2009

Price : Rs. 280-00

Distributors :
Singh Brothers
S.C.O. 223-24, City Centre, Amritsar - 143 001
E-mail : singhbro@vsnl.com

Publishers :
Punjabi Educational and Cultural Foundation
San Leandro, California - 94577

Printers :
Printwell, 146, Industrial Focal Point, Amritsar.

SikhBookClub.com

ਤਤਕਰਾ

ਪ੍ਰਸਤਾਵਨਾ 7
ਪੁਸਤਕ ਮੁਕੰਮਲ ਹੋਣ ਉਪਰੰਤ 35

1. ਛੋਟੇ ਮੇਲ ਦਾ ਜਨਮ 37
2. ਸੋਢੀ ਪਿਰਥੀ ਚੰਦ ਦੀ ਰਚਨਾ 63
3. ਸੋਢੀ ਮਨੋਹਰ ਦਾਸ ਮਿਹਰਵਾਨ ਤੇ ਉਨ੍ਹਾਂ ਦਾ ਸਾਹਿੱਤ 70
4. ਸੋਢੀ ਹਰਿ ਜੀ ਤੇ ਉਨ੍ਹਾਂ ਦੇ ਸਾਹਿੱਤਿਕ ਜਤਨ 98
5. ਸੋਢੀ ਹਰਿ ਜੀ ਦੇ ਪਿੱਛੋਂ 115
6. ਕੇਸ਼ੋ ਦਾਸ 139
7. ਕੁਸ਼ਲ ਦਾਸ 145
8. ਭਾਈ ਦਰਬਾਰੀ 151
9. ਦੀਵਾਨੇ 165
10. ਬਾਬਾ ਰਾਮ ਦਾਸ 173
11. ਖ਼ਾਤਮਾ 190

ਜ਼ਮੀਮੇ
—ਜ਼ਮੀਮਾ ਨੰ. 1 : ਮੀਣੇ 191
—ਜ਼ਮੀਮਾ ਨੰ. 2 : ਸਿੱਖ ਗੁਰੂ ਸਾਹਿਬਾਨ ਤੇ ਉਨ੍ਹਾਂ ਦਾ ਪਰਿਵਾਰ 195
—ਜ਼ਮੀਮਾ ਨੰ. 3 : ਗੁਰੂ-ਘਰ ਦੇ ਨਿੰਦਕ 197
—ਜ਼ਮੀਮਾ ਨੰ. 4 : ਪ੍ਰੋ. ਪ੍ਰੀਤਮ ਸਿੰਘ ਹ.ਲਿ. 78 216
—ਜ਼ਮੀਮਾ ਨੰ. 5 : ਛੋਟੇ ਮੇਲ ਦੇ ਸਮਕਾਲੀ 217
—ਜ਼ਮੀਮਾ ਨੰ. 6 : ਭਾਸ਼ਾ ਵਿਭਾਗ ਪੰਜਾਬ ਹ.ਲਿ. 359 218
—ਜ਼ਮੀਮਾ ਨੰ. 7 : ਛੋਟੇ ਮੇਲ ਦਾ ਸ਼ਜਰਾ 221

ਸਹਾਇਕ ਪੁਸਤਕ-ਸੂਚੀ 223
ਨਾਮਾਵਲੀ 231

SikhBookClub.com

ਵਰਤੇ ਗਏ ਸੰਕੇਤ

ਹੱਥ-ਲਿਖਤਾਂ ਲਈ

ਸਾ.ਹ.ਲਿ.ਪੰ.ਸਾ.	ਸਾਡਾ ਹੱਥ-ਲਿਖਿਤ ਪੰਜਾਬੀ ਸਾਹਿੱਤ, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), 1968, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ
ਸਿ.ਰੈ.ਲਾ.	ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ
ਸੈਂ.ਸ.ਲਾ.	ਮੁਸਾਫ਼ਰ ਮੈਮੋਰੀਅਲ ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ
ਖਾ.ਕਾ.ਅੰ.	ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ ਲਾਇਬ੍ਰੇਰੀ, ਖਾਲਸਾ ਕਾਲਜ, ਅੰਮ੍ਰਿਤਸਰ
ਖਾ.ਕਾ.ਪ.	ਖਾਲਸਾ ਕਾਲਜ ਲਾਇਬ੍ਰੇਰੀ, ਪਟਿਆਲਾ
ਗੁ.ਨਾ.ਦੇ.ਯੂ.	ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ, ਅੰਮ੍ਰਿਤਸਰ
ਪ੍ਰੋ.ਪ੍ਰੀ.ਸਿੰ.	ਪ੍ਰੋਫ਼ੈਸਰ ਪ੍ਰੀਤਮ ਸਿੰਘ ਨਿਜੀ ਲਾਇਬ੍ਰੇਰੀ, ਪਟਿਆਲਾ
ਪੰ.ਆ.	ਪੰਜਾਬ ਆਰਕਾਈਵਜ਼, ਪਟਿਆਲਾ
ਪੰ.ਸਾ.ਅ.	ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ
ਪੰ.ਹ.ਲਿ.ਸੂ. (1), ਪੰ.ਹ.ਲਿ.ਸੂ. (2)	ਪੰਜਾਬੀ ਹੱਥ-ਲਿਖਤਾਂ ਦੀ ਸੂਚੀ, ਭਾਗ ਪਹਿਲਾ (1961), ਭਾਗ ਦੂਜਾ (1963), ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਭਾਸ਼ਾ ਵਿਭਾਗ, ਪੰਜਾਬ
ਪੰ.ਯੂ.ਚੰ.	ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ
ਪੰ.ਯੂ.ਪ.	ਪੰਜਾਬੀ ਯੂਨੀਵਰਸਿਟੀ ਲਾਇਬ੍ਰੇਰੀ, ਪਟਿਆਲਾ
ਭਾ.ਵਿ.	ਭਾਸ਼ਾ ਵਿਭਾਗ ਪੰਜਾਬ ਲਾਇਬ੍ਰੇਰੀ, ਪਟਿਆਲਾ
ਮੋ.ਬਾ.	ਮੋਤੀ ਬਾਗ਼ ਪੈਲੇਸ ਲਾਇਬ੍ਰੇਰੀ, ਪਟਿਆਲਾ

ਫੁਟਕਲ

ਅੰ.	ਅੰਦਾਜ਼ਨ
ਈ.	ਈਸਵੀ
ਸ੍ਰ.ਗੁ.ਗ੍ਰੰ.ਸਾ.	ਸ੍ਰੀ ਗੁਰੂ ਗ੍ਰੰਥ ਸਾਹਿਬ
ਸੰਪਾ.	ਸੰਪਾਦਕ
ਹ.ਲਿ.	ਹੱਥ-ਲਿਖਤ
ਗ.ਕਾ.	ਗੱਦੀ-ਕਾਲ
ਗੁ-ਕਾ.	ਗੁਰਿਆਈ-ਕਾਲ
ਜ.	ਜਨਮ
ਦੇ.	ਦੇਹਾਂਤ
ਪਿ.ਹ.	ਪਿਛਲਾ ਹਵਾਲਾ
ਬਿ.	ਬਿਕਰਮੀ
ਮ:	ਮਹਲਾ
ਮ.	ਮਹਾਰਾਜਾ
ਰ-ਕਾ.	ਰਚਨਾ-ਕਾਲ
ਰਾ-ਕਾ.	ਰਾਜ-ਕਾਲ

SikhBookClub.com

ਪ੍ਰਸਤਾਵਨਾ

ਸਿੱਖਾਂ ਦਾ ਛੋਟਾ ਮੇਲ ਨਾਂ ਵਾਲੀ ਜਿਹੜੀ ਕਿਤਾਬ ਇਸ ਵੇਲੇ ਪਾਠਕ ਦੇ ਹੱਥ ਵਿਚ ਹੈ, ਇਹ ਆਪਣੇ ਆਪ ਵਿਚ ਮੁਕੰਮਲ ਵੀ ਹੈ ਤੇ ਨਹੀਂ ਵੀ। ਮੁਕੰਮਲ ਇਸ ਕਰਕੇ ਹੈ, ਕਿਉਂਕਿ ਇਸ ਦੇ ਪਾਠੀ ਨੂੰ ਛੋਟੇ ਮੇਲ ਦੀ ਸੰਪ੍ਰਦਾਇ ਦੇ ਜਨਮ ਤੇ ਵਿਕਾਸ ਨਾਲ ਪੂਰੀ ਜਾਣਕਾਰੀ ਹੋ ਜਾਣੀ ਚਾਹੀਦੀ ਹੈ। ਪਰ ਜੇ ਵਿਦਵਾਨ ਪਾਠਕਾਂ ਨੂੰ ਇਹ ਦੱਸਿਆ ਜਾਏ ਕਿ ਇਹ ਕਿਤਾਬ ਕੇਵਲ ਭੂਮਿਕਾ-ਮਾਤਰ ਹੈ, ਇਸੇ ਸੰਪ੍ਰਦਾਇ ਦੀ ਸਮੁੱਚੀ ਰਚਨਾਤਮਕ ਕ੍ਰਿਆ ਦੀ, ਜਿਸ ਨੂੰ ਅਸਾਂ ਕਈ-ਜਿਲਦੀ ਮਹਾਂ ਲੜੀ ਵਿਚ ਪਰੋਣ ਦਾ ਮਨ ਬਣਾਇਆ ਹੋਇਆ ਹੈ, ਤਾਂ ਇਹ ਅੱਗੋਂ ਆਉਣ ਵਾਲੀਆਂ ਜਿਲਦਾਂ ਦਾ ਪਹਿਲਾ ਭਾਗ ਹੋਣ ਕਾਰਨ ਨਾ-ਮੁਕੰਮਲ ਵੀ ਕਹੀ ਜਾ ਸਕਦੀ ਹੈ। ਇਸ ਵੇਲੇ ਅਸੀਂ ਏਹੋ ਦਾਅਵਾ ਕਰ ਸਕਦੇ ਹਾਂ ਕਿ ਇਹ ਪੁਸਤਕ ਛੋਟੇ ਮੇਲ ਦੀ ਸਾਰੀ ਮਿਲਖ ਦਾ ਮੁਖ ਦੁਆਰ ਹੈ।

ਇਸ ਪੁਸਤਕ-ਲੜੀ ਦੇ ਸਿਰਨਾਵੇਂ ਲਈ ਅਸਾਂ ਛੋਟੇ ਮੇਲ ਵਾਲੀ ਸੰਗਿਆ *ਗਿਆਨ ਰਤਨਾਵਲੀ*[1] ਨਾਂ ਦੀ ਪੁਸਤਕ ਵਿੱਚੋਂ ਚੁੱਕੀ ਹੈ। ਇਹ ਪੁਸਤਕ, ਜੋ ਭਾਈ ਮਨੀ ਸਿੰਘ[2] ਜੀ ਦੇ ਨਾਂ ਥੱਲੇ ਚੱਲ ਰਹੀ ਹੈ, ਭਾਈ ਗੁਰਦਾਸ ਜੀ (1551-1636 ਈ.)[3] ਦੀ ਪਹਿਲੀ ਵਾਰ ਦਾ ਟੀਕਾ ਹੈ। ਏਸ ਵਾਰ ਵਿਚ, ਭਾਈ ਗੁਰਦਾਸ ਜੀ ਨੇ

1. ਇਸ ਪੁਸਤਕ ਦੇ ਰਚਨਾ-ਕਾਲ ਬਾਰੇ ਵਿਦਵਾਨਾਂ ਵਿਚ ਮੱਤਭੇਦ ਹੈ। ਸ਼ਮਸ਼ੇਰ ਸਿੰਘ ਅਸ਼ੋਕ ਨੇ *ਪੰ.ਹ. ਲਿ.ਸੂ.* (2), ਪੰ. 243, ਵਿਚ ਪ੍ਰੋ. ਪ੍ਰੀਤਮ ਸਿੰਘ ਦੀ ਹ.ਲਿ. 70 (ਨਵਾਂ ਨੰ. 45) ਦੇ ਪੱਤਰਾ 420ਅ ਉੱਤੇ ਪਾਤਸ਼ਾਹੀ ਛੇਵੀਂ ਦੇ ਜੋਤੀ ਜੋਤਿ ਸਮਾਉਣ ਦੀ ਗਲਤ ਮਿਤੀ, ਸੰਮਤ 1718, ਨੂੰ (ਜਿਸ ਨੂੰ 1778 ਪੜ੍ਹਿਆ ਗਿਆ ਹੈ) ਤੇ ਜੋ ਵੈਸੇ ਵੀ ਗੁਰੂ ਹਰਿ ਰਾਇ ਜੀ ਦੇ ਚਲਾਣੇ ਦੀ ਮਿਤੀ ਹੈ, ਖਰੜੇ ਦੀ ਤਾਰੀਖ਼ ਸਮਝਣ ਦੀ ਭੁੱਲ ਕੀਤੀ ਹੈ। ਇਸ ਹਵਾਲੇ ਨੂੰ ਮੂਲ ਸਰੋਤ ਸਮਝ ਕੇ ਕੁਝ ਹੋਰ ਵਿਦਵਾਨਾਂ ਨੇ ਵੀ *ਗਿਆਨ ਰਤਨਾਵਲੀ* ਦਾ ਰ-ਕਾ. ਸੰਮਤ 1778 ਬਿ. (1721 ਈ.) ਜਾਂ 18ਵੀਂ ਸਦੀ ਈ. ਦਾ ਪਹਿਲਾ ਅੱਧ ਮੰਨਿਆ ਹੈ, ਪਰ ਜਸਬੀਰ ਸਿੰਘ ਸਾਬਰ ਅਨੁਸਾਰ ਇਹ ਕਾਲ 1770 ਈ. ਹੈ (*ਗਿਆਨ ਰਤਨਾਵਲੀ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, 1993, ਪੰ. 71), ਤੇ ਮੈਕਲੋਡ ਅਨੁਸਾਰ 19ਵੀਂ ਸਦੀ ਦਾ ਆਰੰਭ (W.H. McLeod, *Historical Dictionary of Sikhism*, 1995, p. 98)। ਸ.ਸ. ਪਦਮ ਦੀ ਤਾਜ਼ਾ ਖੋਜ ਦਾ ਨਿਰਣਾ ਹੈ ਕਿ *ਸਿੱਖਾਂ ਦੀ ਭਗਤ ਮਾਲਾ* ਅਤੇ *ਗਿਆਨ ਰਤਨਾਵਲੀ*, ਦੋਨਾਂ ਦਾ ਰ-ਕਾ. 1778-83 ਈ. ਦੇ ਦੌਰਾਨ ਹੈ (*ਸਿੱਖਾਂ ਦੀ ਭਗਤ ਮਾਲਾ ਦਾ ਸ਼ੁੱਧ ਆਲੋਚਨਾਤਮਕ ਸੰਸਕਰਣ*, ਪੀ-ਐਚ.ਡੀ ਥੀਸਿਸ, 2005, ਪੰ. 45)
2. ਸਿੱਖ ਰਵਾਇਤ ਇਸ ਨੂੰ ਭਾਈ ਮਨੀ ਸਿੰਘ ਨਾਲ ਜੋੜਦੀ ਹੈ। ਪਰ ਹੁਣ ਇਸ ਦਾ ਰਚਿਆਰ ਭਾਈ ਸੂਰਤ ਸਿੰਘ ਮੰਨਿਆ ਜਾਂਦਾ ਹੈ। ਵੇਖੋ, ਰਣਧੀਰ ਸਿੰਘ, (ਸੰਪਾ.), *ਗੁਰ ਪ੍ਰਣਾਲੀਆਂ*, 1977, ਵਿਚ ਕਵੀ ਗੁਲਾਬ ਸਿੰਘ ਕ੍ਰਿਤ *ਗੁਰਪ੍ਰਣਾਲੀ*, ਪੰ. 169, ਤੇ ਸ.ਸ. ਪਦਮ, *ਪਿ.ਹ.* ਪੰ. 25-38.
3. ਆਪ ਗੁਰੂ ਅਮਰ ਦਾਸ ਜੀ ਦੇ ਚਚੇਰੇ ਭਰਾ ਦੇ ਬੇਟੇ ਸਨ। ਇਸ ਨਾਤੇ ਆਪ ਪਿਰਥੀ ਚੰਦ ਤੇ ਗੁਰੂ ਅਰਜਨ ਦੇਵ ਜੀ ਦੇ ਦੂਰ ਦੇ ਮਾਮਾ ਜੀ ਸਨ।

SikhBookClub.com

ਗੁਰੂ ਨਾਨਕ ਦੇਵ ਜੀ (1469-1539 ਈ.) ਦੀ ਸੰਖੇਪ ਜੀਵਨੀ ਦਿੱਤੀ ਹੋਈ ਹੈ। *ਗਿਆਨ ਰਤਨਾਵਲੀ* ਨੂੰ ਰਚਣ ਦੀ ਲੋੜ ਕਿਉਂ ਪਈ ? ਇਸ ਸਵਾਲ ਦੇ ਜਵਾਬ ਵਿਚ ਇਸ ਦਾ ਲੇਖਕ ਦੱਸਦਾ ਹੈ :

> ਇਕ ਸਮੇਂ ਭਾਈ ਮਨੀ ਸਿੰਘ ਜੀ ਥੀ ਸਿਖਾ ਪ੍ਰਸਨ ਕੀਤਾ। ਜੋ ਗੋਸਟਿ ਜਨਮਿ ਸਾਖੀ ਪਹਿਲੀ ਪਾਤਿਸਾਹੀ ਦੀ ਜੋ ਹੈ। ਉਸ ਦੇ ਵਿਚ ਛੋਟੇ ਮੇਲਿ ਵਾਲਿਆ ਕਈ ਜੁਗਤਾਂ ਅਣਿਬਣਿਦੀਆਂ ਪਾਇ ਦਿਤੀਆਂ ਹੈਨਿ...।[4]

ਇਸੇ ਟੂਕ ਵਿਚ ਲੇਖਕ ਕੁੱਝ ਅੱਗੇ ਚੱਲ ਕੇ ਛੋਟੇ ਮੇਲ ਲਈ 'ਮੀਣੇ' ਸ਼ਬਦ ਦੀ ਵਰਤੋਂ ਵੀ ਕਰਦਾ ਹੈ :

> ਤੁਸੀ ਮਹਾ ਹੰਸ ਹੋ ਕ੍ਰਿਪਾ ਕਰਿ ਕੈ ਗੁਰੂ ਕੇ ਬਚਨਿ ਤੇ ਮੀਣਿਆਂ ਕੇ ਬਚਨ ਭਿੰਨ ਭਿੰਨ ਕਰ ਦੇਹੋ।

ਮੀਣਾ/ਮੀਣੇ ਉਹ ਸ਼ਬਦ ਹਨ, ਜਿਨ੍ਹਾਂ ਦੀ ਨਿਰਾਦਰਭਾਵੀ ਵਰਤੋਂ ਸਿੱਖ ਸਾਹਿੱਤ ਵਿੱਚ ਆਮ ਮਿਲਦੀ ਹੈ (ਮੀਣਿਆਂ ਬਾਰੇ ਵਧੇਰੀ ਜਾਣਕਾਰੀ ਲਈ ਵੇਖੋ, ਜ਼ਮੀਮਾ ਨੰ. 1)। ਵਿਅਕਤੀ ਲਈ (ਖ਼ਾਸ ਕਰਕੇ ਗੁਰੂ ਰਾਮਦਾਸ ਜੀ ਦੇ ਜੇਠੇ ਪੁੱਤਰ ਸੋਢੀ ਪਿਰਥੀ ਚੰਦ ਲਈ) 'ਮੀਣਾ' ਤੇ ਇਨ੍ਹਾਂ ਦੇ ਸਮੂਹ ਲਈ 'ਮੀਣੇ' ਸ਼ਬਦਾਂ ਦੀ ਵਰਤੋਂ, ਛੋਟੇ ਮੇਲ ਨਾਲੋਂ ਕਿਤੇ ਵੱਧ ਹੋਈ ਹੈ, ਪਰ ਜਿਸ ਪੁਸਤਕ-ਲੜੀ ਦੀ ਚੱਠ ਅਸੀਂ ਹਥਲੀ ਪੁਸਤਕ ਨਾਲ ਕਰਨ ਲੱਗੇ ਹਾਂ, ਉਸ ਦੇ ਸਿਰਨਾਵੇਂ ਵਿਚ ਅਸਾਂ ਘੋਰ ਨਫ਼ਰਤ ਨਾਲ ਲਿੱਬੜੇ 'ਮੀਣੇ' ਸ਼ਬਦ ਨੂੰ ਜਾਣ-ਬੁੱਝ ਕੇ ਨਜ਼ਰ-ਅੰਦਾਜ਼ ਕੀਤਾ ਹੈ, ਕਿਉਂਕਿ ਅਸੀਂ ਨਹੀਂ ਸਾਂ ਚਾਹੁੰਦੇ ਕਿ ਜਿਸ ਸੰਪ੍ਰਦਾਇ ਦੇ ਸਮੁੱਚੇ ਸਾਹਿੱਤਿਕ ਸਰਮਾਏ ਨੂੰ ਅਸੀਂ ਸੰਭਾਲਣ ਲਈ ਇਹ ਜਤਨ ਆਰੰਭਿਆ ਹੈ, ਉਸ ਲਈ ਵਿਦਵਾਨ ਪਾਠਕਾਂ ਦਿਆਂ ਮਨਾਂ ਵਿੱਚ ਪਹਿਲਾਂ ਹੀ ਤ੍ਰਿਸਕਾਰ ਦੀ ਭਾਵਨਾ ਭਰ ਦਿੱਤੀ ਜਾਏ। ਇਸ ਪੁਸਤਕ-ਲੜੀ ਦੇ ਸੰਪਾਦਨ ਦੇ ਦੌਰਾਨ ਅਸੀਂ, ਸਚੇਤ ਹੋ ਕੇ, ਆਪਣੇ ਆਪ ਨੂੰ ਇਸ ਮਾਨਸਿਕ ਲੱਗ-ਲਬੇੜ ਤੋਂ ਬਚਾਉਣ ਦਾ ਜਤਨ ਕੀਤਾ ਹੈ ਤੇ ਚਾਹੁੰਦੇ ਹਾਂ ਕਿ ਸਾਡੇ ਪਾਠਕ ਵੀ ਇਸ ਤੋਂ ਮੁਕਤ ਹੋ ਕੇ ਹੀ ਇਸ ਲੜੀ ਰਾਹੀਂ ਪੇਸ਼ ਕੀਤੇ ਜਾ ਰਹੇ ਸਾਹਿੱਤ ਨੂੰ ਵਾਚਣ-ਪਰਖਣ। ਸਾਨੂੰ ਪ੍ਰਤੀਤ ਹੋਇਆ ਹੈ ਕਿ ਛੋਟੇ ਮੇਲ ਵਾਲੀ ਸੰਗਿਆ ਵਿੱਚੋਂ ਘੋਰ ਤ੍ਰਿਸਕਾਰ ਵਾਲਾ ਭਾਵ ਲੋਪ ਹੈ। ਵੱਧ ਤੋਂ ਵੱਧ ਇਹ ਅਰਥ ਹੀ ਕੱਢੇ ਜਾ ਸਕਦੇ ਹਨ ਕਿ 'ਛੋਟਾ ਮੇਲ', ਸਿੱਖੀ ਦੀ 'ਮੁਖ ਧਾਰਾ' ਦੇ ਨਾਲੋ-ਨਾਲ ਤੁਰਨ ਵਾਲੀ ਪਰ ਕੁੱਝ ਘੱਟ ਮਾਨਤਾ ਵਾਲੀ ਧਾਰਾ ਸੀ।[5] ਇਸ ਵਿੱਚੋਂ ਮੀਣਿਆਂ ਦੇ ਅਲਪ-ਸੰਖਿਅਕ ਤੇ ਕੁੱਝ ਘੱਟ ਅਹਿਮੀਅਤ ਵਾਲੇ ਸੰਗਠਨ ਹੋਣ ਦੇ ਭਾਵ ਵੀ ਉਜਾਗਰ ਹੋ ਸਕਦੇ ਹਨ ਪਰ ਤ੍ਰਿਸਕਾਰ ਦੇ ਵਿਆਪਕ ਭਾਵ, ਜੋ 'ਮੀਣੇ' ਸ਼ਬਦ ਨਾਲ ਜੁੜੇ ਹੋਏ ਹਨ, ਮੌਜੂਦ ਨਹੀਂ ਹਨ। ਇਕ ਪਾਸੇ ਸਿੱਖ ਇਤਿਹਾਸ ਤੇ ਦੂਜੇ ਪਾਸੇ ਇਸ ਅਲਪ-ਸੰਖਿਅਕ

---

4. ਪ੍ਰੋ.ਪ੍ਰੀ.ਸਿੰ. ਹ.ਲਿ. 339, ਪੱਤਰਾ 1.
5. 'ਛੋਟੇ ਮੇਲ' ਦੇ ਉਲਟ, 'ਵੱਡਾ ਮੇਲ' ਅਨੰਦਪੁਰ ਸਾਹਿਬ ਦੇ ਸੋਢੀ ਸੂਰਜ ਮੱਲ ਦੀ ਔਲਾਦ ਅਖਵਾਉਂਦੀ ਹੈ। ਵੇਖੋ, ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, 1981, ਪੰ. 232, ਐਂਟ੍ਰੀ 'ਸੋਢੀ'। ਸੋਢੀ ਸੂਰਜ ਮੱਲ ਗੁਰੂ ਹਰਿਗੋਬਿੰਦ ਜੀ ਤੇ ਮਾਤਾ ਮਹਾਦੇਵੀ ਦੇ ਸੁਪੁੱਤਰ ਸਨ।

SikhBookClub.com

ਸੰਪ੍ਰਦਾਇ ਦੀ ਬਹੁ-ਪ੍ਰਕਾਰੀ ਸਾਹਿੱਤਿਕ ਦੇਣ ਦੇ ਅਧਿਐਨ ਨੇ ਸਾਨੂੰ ਛੋਟੇ ਮੇਲ ਵਾਲੀ ਸੰਗਿਆ ਨੂੰ ਤਰਜੀਹ ਦੇਣ ਲਈ ਪ੍ਰੇਰਿਆ ਹੈ। ਸਾਨੂੰ ਆਸ ਹੈ ਕਿ ਜਿਉਂ ਜਿਉਂ ਇਸ 'ਮੇਲ' ਦੀ ਸਾਹਿੱਤਿਕ ਉਪਜ, ਸਾਡੀ ਪ੍ਰਸਤਾਵਿਤ ਲੜੀ ਰਾਹੀਂ, ਵਿਦਵਾਨ ਪਾਠਕਾਂ ਦੇ ਸਨਮੁਖ ਆਉਂਦੀ ਜਾਏਗੀ, ਛੋਟੇ ਮੇਲ ਵਾਲੇ ਸਿਰਨਾਵੇਂ ਦੀ ਸਾਰਥਿਕਤਾ ਵਧੇਰੇ ਸਪਸ਼ਟ ਹੁੰਦੀ ਜਾਏਗੀ। ਜਿੱਥੇ ਤ੍ਰਿਸਕਾਰ ਦੀ ਲੋੜ ਹੋਵੇਗੀ, ਅਸੀਂ ਇਸ ਹਥਿਆਰ ਨੂੰ ਵਰਤਣ ਤੋਂ ਸੰਕੋਚ ਨਹੀਂ ਕਰਾਂਗੇ, ਪਰ ਜਿੱਥੇ ਇਸ ਹਥਿਆਰ ਨੂੰ ਵਰਤਣ ਦੀ ਲੋੜ ਨਹੀਂ ਹੋਵੇਗੀ, ਓਥੇ ਬਿਨਾਂ-ਵਜ੍ਹਾ ਹਵਾ ਵਿੱਚ ਤਲਵਾਰਾਂ ਚਲਾਉਣ ਤੋਂ ਬਚਣ ਦਾ ਜਤਨ ਕਰਾਂਗੇ ਤੇ ਜਿੱਥੇ ਸਲਾਹੁਣ ਦੀ ਲੋੜ ਹੋਈ, ਸਲਾਹਾਂਗੇ ਵੀ ਪਰ ਗੁਰੂ ਨਿੰਦਿਆ ਨੂੰ ਉੱਕਾ ਨਹੀਂ ਬਖ਼ਸ਼ਾਂਗੇ।

ਸਾਡੇ ਉਪਰੋਕਤ ਸਪਸ਼ਟੀਕਰਨ ਦੇ ਬਾਵਜੂਦ, ਹੋ ਸਕਦਾ ਹੈ ਕਿ ਇਸ ਪੁਸਤਕ-ਲੜੀ ਬਾਰੇ ਕੁੱਝ ਗੁਰਮੁਖ ਪਿਆਰਿਆਂ ਦਿਆਂ ਮਨਾਂ ਵਿਚ ਕੁੱਝ ਇਸ ਤਰ੍ਹਾਂ ਦਾ ਖ਼ਦਸ਼ਾ ਘਰ ਕਰੀ ਬੈਠਾ ਹੋਵੇ ਕਿ ਪੰਥ ਤੋਂ ਛੇਕੀ ਹੋਈ ਸੰਪ੍ਰਦਾਇ ਨੂੰ ਮੁੜ ਕੇ ਸੁਰਜੀਤ ਕਰਨ ਦਾ ਹੰਭਲਾ ਮਾਰਿਆ ਜਾ ਰਿਹਾ ਹੈ। ਇਸ ਤਰ੍ਹਾਂ ਦੀ ਸੋਚ ਵਾਲੇ ਗੁਰਸਿੱਖਾਂ ਦੀ ਹਜ਼ੂਰੀ ਵਿਚ ਅਸੀਂ ਇਕ ਦੋ ਬੇਨਤੀਆਂ ਜ਼ਰੂਰ ਕਰਨੀਆਂ ਚਾਹਾਂਗੇ ਤਾਂ ਜੋ ਕਿਸੇ ਦੇ ਮਨ ਵਿਚ ਸਾਡੀ ਇਸ ਪੁਸਤਕ-ਲੜੀ ਬਾਰੇ ਕੋਈ ਭੁਲੇਖਾ ਨਾ ਰਹਿ ਜਾਏ।

ਪਹਿਲੀ ਬੇਨਤੀ ਇਹ ਹੈ ਕਿ ਜਿਹੜੀਆਂ ਰਚਨਾਵਾਂ ਨੂੰ ਅਸੀਂ ਇਸ ਲੜੀ ਵਿਚ ਪ੍ਰਕਾਸ਼ਿਤ ਕਰ ਰਹੇ ਹਾਂ, ਕੇਵਲ ਉਨ੍ਹਾਂ ਵਿਚ ਹੀ ਨਹੀਂ, ਇਸ ਸੰਪ੍ਰਦਾਇ ਦੀ ਕਿਸੇ ਵੀ ਛੋਟੀ ਜਾਂ ਵੱਡੀ, ਛਪੀ ਹੋਈ ਜਾਂ ਅਣਛਪੀ ਰਚਨਾ ਵਿਚ, ਸਾਨੂੰ ਅਜੇ ਤਕ ਇਕ ਵੀ ਸ਼ਬਦ ਅਜਿਹਾ ਨਹੀਂ ਮਿਲਿਆ, ਜਿਸ ਨੂੰ ਸਿੱਧੇ ਜਾਂ ਅਸਿੱਧੇ ਤੌਰ ਉੱਤੇ ਗੁਰੂ-ਵਿਰੋਧੀ ਕਿਹਾ ਜਾ ਸਕੇ। ਇਹ ਦਾਅਵਾ ਅਸੀਂ ਪੂਰੀ ਜ਼ਿੰਮੇਵਾਰੀ ਨਾਲ ਕਰ ਰਹੇ ਹਾਂ।

ਦੂਜੀ ਬੇਨਤੀ ਇਹ ਹੈ ਕਿ ਜਿਸ ਸੰਪ੍ਰਦਾਇ ਦਾ ਸਾਹਿੱਤ ਇਸ ਪੁਸਤਕ-ਲੜੀ ਵਿਚ ਸਾਂਭਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਉਹ ਸੰਪ੍ਰਦਾਇ ਸਾਨੂੰ ਕਿਤੇ ਵੀ ਜੀਵਿਤ ਰੂਪ ਵਿਚ ਨਜ਼ਰ ਨਹੀਂ ਆਈ। ਸਿੱਖ ਇਤਿਹਾਸ ਵਿਚ ਇਸ ਦੀ ਹੋਂਦ ਕੁੱਝ ਚਿਰ ਲਈ, ਖ਼ਾਸ ਕਰਕੇ ਮਾਲਵੇ ਦੇਸ ਵਿਚ, ਉੱਗਮੀ ਤੇ ਓਥੇ ਹੀ ਸਮਾਪਤ ਵੀ ਹੋ ਗਈ। ਕੁੱਝ ਛੋਟੇ ਛੋਟੇ ਕੇਂਦਰਾਂ ਨੂੰ ਛੱਡ ਕੇ, ਇਸ ਸੰਪ੍ਰਦਾਇ ਦੇ ਚਾਰ ਗੜ੍ਹ ਸਨ : ਕੋਠਾ ਗੁਰੂ, ਢਿੱਲਵਾਂ ਕਲਾਂ, ਗੁਰੂਹਰਸਹਾਇ ਤੇ ਘਰਾਚੋਂ। ਅਸੀਂ ਇਨ੍ਹਾਂ ਚਾਰਾਂ ਹੀ ਗੜ੍ਹਾਂ ਦੀ ਯਾਤਰਾ ਕਰ ਚੁੱਕੇ ਹਾਂ ਤੇ ਆਪਣੇ ਜ਼ਾਤੀ ਅਨੁਭਵਾਂ ਦੇ ਆਧਾਰ ਉੱਤੇ ਕਹਿ ਸਕਦੇ ਹਾਂ ਕਿ ਅੱਜ ਇਨ੍ਹਾਂ ਗੜ੍ਹਾਂ ਵਿਚ ਛੋਟੇ ਮੇਲ ਜਾਂ ਮੀਣਿਆਂ ਦਾ, ਸੰਪ੍ਰਦਾਇਕ ਤੌਰ ਉੱਤੇ, ਕੋਈ ਨਾਂ-ਨਿਸ਼ਾਨ ਨਹੀਂ ਮਿਲਦਾ। ਸਾਨੂੰ ਤਾਂ ਹਾਲਤ ਏਥੋਂ ਤਕ ਪਹੁੰਚ ਚੁੱਕੀ ਲੱਗੀ ਕਿ ਜਿਹੜੇ ਖ਼ਾਨਦਾਨ ਕਿਸੇ ਵੇਲੇ ਆਪਣੇ ਆਪ ਨੂੰ ਸੋਢੀ ਮਿਹਰਵਾਨ ਦੀ ਔਲਾਦ ਜਤਾ ਕੇ ਫ਼ਖ਼ਰ ਮਹਿਸੂਸ ਕਰਦੇ ਸਨ, ਉਹ ਚੁੱਪ-ਚੁਪੀਤੇ ਸਿੱਖਾਂ ਦੀ ਮੁਖ-ਧਾਰਾ ਵਿਚ ਸ਼ਾਮਿਲ ਹੋ ਚੁੱਕੇ ਹਨ।

SikhBookClub.com

ਇਤਿਹਾਸਿਕ ਪ੍ਰਸੰਗ ਚੱਲਿਆ ਹੈ ਤਾਂ ਸਿੱਖਾਂ ਦੇ ਕੁੱਝ ਗ੍ਰੰਥਾਂ ਉੱਤੇ ਨਜ਼ਰ ਮਾਰਨੀ ਵੀ ਲਾਭਦਾਇਕ ਸਾਬਤ ਹੋ ਸਕਦੀ ਹੈ। *ਗੁਰੂ ਕੀਆਂ ਸਾਖੀਆਂ* ਕ੍ਰਿਤ ਭੱਟ ਸਰੂਪ ਸਿੰਘ ਕੌਸ਼ਿਸ਼ (1790 ਈ.)[6], *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ* (1823 ਈ.)[7], *ਸ੍ਰੀ ਗੁਰ ਪੰਥ ਪ੍ਰਕਾਸ਼* ਕ੍ਰਿਤ ਰਤਨ ਸਿੰਘ ਭੰਗੂ (1841)[8] ਤੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਕ੍ਰਿਤ ਭਾਈ ਸੰਤੋਖ ਸਿੰਘ (1843 ਈ.)[9] ਵਿਚ ਜ਼ਿਕਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ, ਸੋਢੀ ਕੰਵਲ ਨੈਨ (ਕੌਲ) ਤੇ ਸੋਢੀ ਅਭੈ ਰਾਮ ਨੂੰ ਮਿਲੇ ਤੇ ਮਿਹਰਵਾਨ ਸੰਪ੍ਰਦਾਇ ਦੇ ਇਨ੍ਹਾਂ ਦੁਹਾਂ ਮੁਖੀਆਂ ਨੇ ਸਤਿਗੁਰਾਂ ਦੇ ਹਸਤ ਕਮਲਾਂ ਤੋਂ ਅੰਮ੍ਰਿਤ ਵੀ ਛਕਿਆ। ਕੀ ਇਸ ਤੋਂ ਇਹ ਅਨੁਮਾਨ ਨਹੀਂ ਲੱਗ ਸਕਦਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਮੁਖੀਆਂ ਦੇ ਬਜ਼ੁਰਗਾਂ ਵੱਲੋਂ ਵਾਪਰੀ ਨਾਬਰੀ ਦੀ ਘਟਨਾ ਨੂੰ ਬਖ਼ਸ਼ ਕੇ, ਇਨ੍ਹਾਂ ਨੂੰ, ਬਾਕੀ ਸਿੱਖਾਂ ਦੀ ਤਰ੍ਹਾਂ, ਅਪਣਾ ਲਿਆ ਸੀ ?

ਸਿੱਖ ਰਾਜ ਵੇਲੇ ਮੀਣਾ ਪਿਛੋਕੜ ਵਾਲੇ ਸੋਢੀ ਸਾਹਿਬਜ਼ਾਦਿਆਂ ਨੂੰ ਬੜਾ ਆਦਰ ਮਾਨ ਦਿੱਤਾ ਜਾਂਦਾ ਸੀ। ਇਹੋ ਜਿਹੇ ਬਥੇਰੇ ਹਵਾਲੇ ਮਿਲ ਸਕਦੇ ਹਨ, ਜਿਨ੍ਹਾਂ ਤੋਂ ਇਹ ਲੱਗਦਾ ਹੈ ਕਿ ਜਿਉਂ ਜਿਉਂ ਮਿਹਰਵਾਨ ਦੀ ਔਲਾਦ ਆਪਣੇ ਆਪ ਨੂੰ ਸੰਪ੍ਰਦਾਇਕ ਜਾਂ ਸੰਸਥਾਗਤ ਪ੍ਰਬੰਧ ਤੋਂ ਦੂਰ ਕਰਦੀ ਗਈ, ਤਿਉਂ ਤਿਉਂ ਉਸ ਨੂੰ ਸਿੱਖ ਪੰਥ ਵੱਲੋਂ ਖਿਮਾ-ਰੂਪੀ ਮਾਨਤਾ ਵੀ ਮਿਲਦੀ ਗਈ।

ਸਾਨੂੰ ਅੱਜ ਦੀ ਹਾਲਤ, ਅਮਲੀ ਤੌਰ ਉੱਤੇ, ਇਹੀ ਲੱਗੀ ਹੈ ਕਿ ਛੋਟਾ ਮੇਲ ਮੁਖ ਸਿੱਖ ਧਾਰਾ ਵਿਚ ਜਜ਼ਬ ਹੋ ਚੁੱਕਾ ਹੈ। ਕਿਸੇ ਵੇਲੇ ਰਹਿਤਨਾਮਿਆਂ ਦੀ ਛੇਕੂ ਸਜ਼ਾ ਦੀ ਸ਼ਿਕਾਰ ਬਣੀ ਇਸ ਸੰਪ੍ਰਦਾਇ ਨੇ ਹੌਲੀ ਹੌਲੀ ਆਪਣੇ ਆਪ ਨੂੰ ਸਿੱਖ ਪੰਥ ਵਿਚ ਲੀਨ ਕਰ ਕੇ ਸਮਾਜਿਕ ਬਰਾਬਰੀ ਏਥੋਂ ਤਕ ਪ੍ਰਾਪਤ ਕਰ ਲਈ ਹੈ ਕਿ ਗੁਰੂਹਰਸਹਾਇ ਵਾਲੀ ਮੂੰਹੀਂ ਦੇ ਇਕ ਮੁਖ ਸੱਜਣ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਹਨ।[10] ਕੀ ਇਹ ਵਿਕਾਸ ਸਾਡੇ ਉਪਰੋਕਤ ਬਿਆਨਾਂ ਦੀ ਤਸਦੀਕ ਨਹੀਂ ਕਰਦਾ ?

ਗੁਰਮੁਖ ਪਿਆਰੇ ਜੇ ਫੇਰ ਵੀ ਸਾਡੇ ਸਨਮੁਖ ਹੋ ਕੇ ਕਹਿਣ ਕਿ ਤੁਸੀਂ ਮੋਈ ਹੋਈ ਸੰਪ੍ਰਦਾਇ ਦੇ ਇਤਿਹਾਸ ਨੂੰ ਪ੍ਰਕਾਸ਼ ਵਿਚ ਕਿਉਂ ਲਿਆ ਰਹੇ ਹੋ, ਤਾਂ ਅਸੀਂ ਕਹਾਂਗੇ, "ਕਿਰਪਾਲੂਓ, ਖੋਜ ਕਰਨਾ ਸਾਡੀ ਦੁਹਾਂ ਦੀ ਸਾਂਝੀ ਮਜਬੂਰੀ ਹੈ। ਸਾਡੇ ਵਿੱਚੋਂ ਇਕ ਨੇ ਸਾਰੀ ਉਮਰ ਪੰਜਾਬੀ ਦੀ ਪੜ੍ਹਾਈ ਤੇ ਖੋਜ ਦੀ ਖੱਟੀ ਖਾਧੀ ਹੈ ਤੇ ਦੂਜੇ ਨੇ ਫਰਾਂਸ ਦੀ Sorbonne ਯੂਨੀਵਰਸਿਟੀ ਤੋਂ ਖੋਜ ਦੀ ਡਿਗਰੀ ਪ੍ਰਾਪਤ ਕੀਤੀ ਹੋਈ ਹੈ। ਸਾਡੀ ਦੁਹਾਂ ਖੋਜੀਆਂ ਦੀ ਸਿਖਲਾਈ ਇਸ ਮੱਤ ਅਨੁਸਾਰ ਹੀ ਹੋਈ ਹੈ ਕਿ ਸਫਲ ਖੋਜ ਉਹੀ ਹੁੰਦੀ ਹੈ, ਜੋ ਮੌਜੂਦਾ ਗਿਆਨ ਵਿਚ ਵਾਧਾ ਕਰਦੀ ਹੈ। ਸਾਨੂੰ ਜਦ ਵੀ

6. ਪਿਆਰਾ ਸਿੰਘ ਪਦਮ (ਸੰਪਾ.), 1999, ਸਾਖੀ 88, ਪੰ. 167; ਸਾਖੀ 100, ਪੰ. 183.
7. ਭਾਈ ਵੀਰ ਸਿੰਘ (ਸੰਪਾ.), 1950, ਪੰ. 115.
8. ਬਲਵੰਤ ਸਿੰਘ ਢਿੱਲੋਂ (ਸੰਪਾ.), 2004, ਪੰ. 67.
9. ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਜਿਲਦ 14, ਪੰ. 6009.
10. ਰਾਣਾ ਗੁਰਮੀਤ ਸਿੰਘ ਸੋਢੀ ਗੁਰੂਹਰਸਹਾਇ ਤੋਂ ਦੋ ਦਫ਼ਾ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਹਨ।

SikhBookClub.com

ਪੰਜਾਬ ਦੀਆਂ ਯੂਨੀਵਰਸਟੀਆਂ ਵਿਚ ਕੀਤੇ ਜਾ ਰਹੇ ਖੋਜ-ਕਾਰਜਾਂ ਦੀਆਂ ਸੂਚੀਆਂ ਵੇਖਣ ਦੇ ਮੌਕੇ ਮਿਲੇ ਹਨ, ਚਿੱਥੇ ਹੋਏ ਨੂੰ ਚਗਲੀ ਜਾਣ ਦਾ ਪ੍ਰਭਾਵ ਹੀ ਪਿਆ ਹੈ। ਨਵੀਂ ਖੋਜ ਬਹੁਤ ਘੱਟ ਮਿਲੀ ਹੈ।

ਸਿੱਖਾਂ ਦੇ ਛੋਟੇ ਮੇਲ ਨੇ ਜਿਸ ਤਰ੍ਹਾਂ ਦਾ ਸਾਹਿੱਤ ਪੈਦਾ ਕੀਤਾ ਜਾਂ ਕਰਾਇਆ, ਉਹ ਤਾਂ ਸਾਡੀ ਪੁਸਤਕ-ਲੜੀ ਦੇ ਸੰਪੂਰਨ ਹੋਣ ਉਪਰੰਤ ਹੀ ਮੁਲੰਕਣਯੋਗ ਹੋਵੇਗਾ, ਪਰ ਇਕ ਦਾਅਵਾ ਅਸੀਂ ਪਹਿਲਾਂ ਹੀ ਕਰ ਸਕਦੇ ਹਾਂ ਕਿ ਸਾਡੀ ਇਸ ਲੜੀ ਰਾਹੀਂ ਜਦੋਂ ਹਰਿ ਜੀ ਕ੍ਰਿਤ *ਸੁਖਮਨੀ ਸਹੰਸਰਨਾਮਾ*, ਹਰੀਆ ਜੀ ਰਚਿਤ *ਗ੍ਰੰਥ* ਤੇ ਭਾਈ ਦਰਬਾਰੀ ਰਚਿਤ *ਪੋਥੀ ਹਰਿਜਸ* ਵਰਗੀਆਂ ਰਚਨਾਵਾਂ, ਉੱਚ ਕੋਟੀ ਦੇ ਵਿਦਵਾਨ ਸੰਪਾਦਕਾਂ ਵੱਲੋਂ ਸੰਪਾਦਿਤ ਹੋ ਕੇ, ਸ਼ੁੱਧ ਸਰੂਪ ਵਿਚ, ਪਾਠਕਾਂ ਦੇ ਸਾਹਮਣੇ ਆਉਣਗੀਆਂ ਤਾਂ ਸਾਨੂੰ ਯਕੀਨ ਹੈ ਕਿ ਪੰਜਾਬੀ ਭਾਸ਼ਾ ਦਾ ਹਰ ਹਿਤੈਸ਼ੀ ਸਾਡੀ ਘਾਲ ਲਈ ਸਾਨੂੰ ਸ਼ਾਬਾਸ਼ ਦੇਵੇਗਾ। ਫੇਰ ਕਈ ਧਿਰਾਂ ਨੂੰ ਅਫ਼ਸੋਸ ਹੋਵੇਗਾ ਕਿ ਸਾਡਾ ਪੰਜਾਬੀ ਸਾਹਿੱਤ, ਵਾਰਤਕ ਤੇ ਕਵਿਤਾ ਦੇ ਅਜਿਹੇ ਅਨਮੋਲ ਖ਼ਜ਼ਾਨਿਆਂ ਤੋਂ ਹੁਣ ਤਕ ਵਾਂਝਾ ਕਿਵੇਂ ਰਹਿ ਗਿਆ ?

ਸਰਵੇਖਣ

ਸਿੱਖ ਸੰਗਤਾਂ ਵੱਲੋਂ ਭਰਪੂਰ ਬਾਈਕਾਟ ਦੇ ਕਾਰਨ, ਛੋਟੇ ਮੇਲ ਦਾ ਵਿਸਤ੍ਰਿਤ ਸਾਹਿੱਤਿਕ ਸਰਮਾਇਆ ਕਾਫ਼ੀ ਦੇਰ ਤਕ ਛਿਪਿਆ ਤੇ ਅਣਗੌਲਿਆ ਪਿਆ ਰਿਹਾ ਹੈ। ਇਸ ਦੇ ਅਨੇਕ ਹੱਥ-ਲਿਖਿਤ ਗ੍ਰੰਥ ਪੰਜਾਬ ਭਰ ਵਿਚ, ਪਿੰਡਾਂ ਦੀਆਂ ਕੋਠੜੀਆਂ, ਗੁਰਦੁਆਰਿਆਂ, ਡੇਰਿਆਂ, ਜਾਂ ਵਿਦਿਅਕ ਇਦਾਰਿਆਂ ਦੇ ਪੁਸਤਕਾਲਿਆਂ ਵਿਚ ਨਜ਼ਰੋਂ ਓਹਲੇ ਪਏ ਰਹੇ ਹਨ ਤੇ ਕਿਸੇ ਟਾਂਵੇ-ਟਾਂਵੇ ਵਿਦਵਾਨ ਨੇ ਹੀ ਇਨ੍ਹਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਹੈ। ਛੋਟੇ ਮੇਲ ਦੇ ਛਪ ਚੁੱਕੇ ਸਾਹਿੱਤ ਦੇ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਸਭ ਤੋਂ ਪਹਿਲਾਂ, 1951 ਈ. ਵਿਚ, ਸ਼ਮਸ਼ੇਰ ਸਿੰਘ ਅਸ਼ੋਕ[11] (1904-1986 ਈ.) ਤੇ ਪਿਆਰਾ ਸਿੰਘ ਪਦਮ[12] (1921-2001 ਈ.) ਨੇ ਇਸ ਸੰਪ੍ਰਦਾਇ ਦੇ ਸੋਢੀ ਮਿਹਰਵਾਨ ਦੀ ਰਚੀ 'ਵਾਰ ਪੀਰਾਂ ਕੀ' ਪਾਠਕਾਂ ਦੇ ਸਾਹਮਣੇ ਲਿਆਂਦੀ। ਸਤੰਬਰ 1953 ਈ. ਵਿਚ, ਸ਼ਮਸ਼ੇਰ ਸਿੰਘ ਅਸ਼ੋਕ ਨੇ ਹੀ ਛੋਟੇ ਮੇਲ ਦੇ ਸੋਢੀ ਹਰਿ ਜੀ ਕ੍ਰਿਤ 'ਸੋਰਠਿ ਕੀ ਵਾਰ', ਭਾਸ਼ਾ ਵਿਭਾਗ ਦੇ ਰਿਸਾਲੇ *ਪੰਜਾਬੀ ਦੁਨੀਆ* ਵਿਚ ਛਪਵਾਈ। ਇਹ 'ਸੋਰਠਿ ਕੀ ਵਾਰ' ਤੇ ਛੋਟੇ ਮੇਲ ਦੀਆਂ ਕੁੱਝ ਹੋਰ ਕਿਰਤਾਂ, ਜਿਵੇਂ 'ਤਿਲੰਗ ਕੀ ਵਾਰ', 'ਰਾਗ ਗਉੜੀ ਪੂਰਬੀ ਬਾਵਨ ਅਖਰੀ', 'ਬਾਰਾਂ ਮਾਹ ਰਾਗ ਮਾਝ', 'ਰਾਗ ਗਉੜੀ ਸਰਬਗੁਣੀ', ਆਦਿ, ਸੰਤ ਸੰਪੂਰਨ ਸਿੰਘ ਦੁਆਰਾ ਦੇਵਨਾਗਰੀ ਅੱਖਰਾਂ ਵਿਚ ਸੰਪਾਦਿਤ *ਪ੍ਰਾਣ ਸੰਗਲੀ* ਨਾਂ ਦੀ ਪੁਸਤਕ ਵਿਚ ਪਹਿਲਾਂ ਹੀ ਛਪ ਚੁੱਕੀਆਂ ਸਨ, ਪਰ ਕਿਉਂਕਿ ਉਸ ਵਕਤ ਇਹ

11. *ਸਿੱਖੀ ਤੇ ਸਿੱਖ ਇਤਿਹਾਸ*, 1951, ਪੰ. 88-98.
12. *ਪੰਜਾਬੀ ਵਾਰਾਂ*, 1951, ਲੁਧਿਆਣਾ, ਲਾਹੌਰ ਬੁਕ ਸ਼ਾਪ।

SikhBookClub.com

ਲਿਖਤਾਂ ਮਹਲਾ ੧ (ਗੁਰੂ ਨਾਨਕ ਦੇਵ ਜੀ) ਨਾਲ ਜੋੜੀਆਂ ਜਾਂਦੀਆਂ ਸਨ, ਇਸ ਲਈ ਕਿਸੇ ਨੂੰ ਇਨ੍ਹਾਂ ਰਚਨਾਵਾਂ ਦਾ ਛੋਟੇ ਮੇਲ ਦੀ ਉਪਜ ਹੋਣ ਦਾ ਖ਼ਿਆਲ ਤਕ ਨਾ ਆਇਆ।

1956 ਈ. ਵਿਚ ਗਿਆਨੀ ਲਾਲ ਸਿੰਘ ਸੰਗਰੂਰ ਵਾਲਿਆਂ ਨੇ ਸੋਢੀ ਹਰਿ ਜੀ ਦੁਆਰਾ ਸੰਪਾਦਿਤ 'ਬਸੰਤ ਕੀ ਵਾਰ' ਨੂੰ ਆਪਣੀ ਪੁਸਤਕ *ਬਾਣੀ ਗੁਰੂ, ਗੁਰੂ ਹੈ ਬਾਣੀ, ਪੋਥੀ ਦਸਮ ਗੁਰਬਾਣੀ* ਵਿਚ ਛਪਵਾਇਆ।[13] ਉਨ੍ਹਾਂ ਦਾ ਇਸ ਨੂੰ ਛਪਵਾਉਣ ਦਾ ਮਕਸਦ ਕੇਵਲ ਨੰਦੇੜ ਤੋਂ ਲੱਭੀ ਇਸ ਅਨੋਖੀ ਰਚਨਾ ਨੂੰ ਸੰਭਾਲਣ ਦਾ ਸੀ, ਇਸ ਦਾ ਦਸਮ ਗੁਰਬਾਣੀ ਨਾਲ ਕੋਈ ਸੰਬੰਧ ਨਹੀਂ ਸੀ, ਸੋ ਇਹ ਵਾਰ ਕਾਫ਼ੀ ਦੇਰ ਤਕ ਗਿਆਨੀ ਲਾਲ ਸਿੰਘ ਸੰਗਰੂਰ ਵਾਲਿਆਂ ਦੀ ਛੋਟੀ ਜਿਹੀ ਪੁਸਤਕ ਵਿਚ ਹੀ ਬੇ-ਧਿਆਨੀ ਪਈ ਰਹੀ।

ਇਸ ਤੋਂ ਬਾਅਦ, 1962 ਈ. ਵਿਚ, *ਮਿਹਰਵਾਨ ਵਾਲੀ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਖਾਲਸਾ ਕਾਲਜ, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਹੋਈ। ਇਸ ਜਨਮ ਸਾਖੀ ਦੀ ਦੂਜੀ ਸੈਂਚੀ 1969 ਈ. ਵਿਚ ਛਪੀ। ਇਨ੍ਹਾਂ ਸੈਂਚੀਆਂ ਦਾ ਆਧਾਰ ਖਰੜਾ, ਖਾਲਸਾ ਕਾਲਜ ਨੇ 1941 ਈ. ਵਿਚ ਪ੍ਰਾਪਤ ਕੀਤਾ ਸੀ।[14] 1959 ਵਿਚ ਇਸ ਦੁਰਲੱਭ ਹੱਥ-ਲਿਖਤ ਨੂੰ ਸੰਪਾਦਨ ਤੇ ਛਪਵਾਉਣ ਦੀ ਯੋਜਨਾ ਭਾਰਤ ਸਰਕਾਰ ਨੂੰ ਭੇਜੀ ਗਈ, ਜਿਸ ਦੀ ਮਨਜ਼ੂਰੀ 1960 ਵਿਚ ਆ ਗਈ ਸੀ।[15] ਇਸ ਦੇ ਸੰਪਾਦਕ ਕਿਰਪਾਲ ਸਿੰਘ ਆਪਣੀ ਹੀ ਇਕ ਹੋਰ ਪੁਸਤਕ *ਮਨੋਹਰ ਦਾਸ ਮਿਹਰਬਾਨ, ਜੀਵਨ ਤੇ ਰਚਨਾਵਾਂ* (1974), ਦੀ ਭੂਮਿਕਾ ਵਿਚ ਲਿਖਦੇ ਹਨ ਕਿ :

> ਜਦੋਂ ਉਨ੍ਹਾਂ ਮਿਹਰਬਾਨ ਜੀ ਦੀ ਮੁਖ ਰਚਨਾ 'ਪੋਥੀ ਸਚਖੰਡ' ਨੂੰ ਜਨਮ ਸਾਖੀ ਗੁਰੂ ਨਾਨਕ ਦੇਵ ਜੀ ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕਰਨ ਦਾ ਯਤਨ ਆਰੰਭਿਆ ਤਾਂ ਸਭ ਪਾਸਿਆਂ ਤੋਂ ਵਿਰੋਧਤਾ ਹੋਈ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਅਤੇ ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ ਤੋਂ ਪੱਤਰਕਾਵਾਂ ਆਈਆਂ ਕਿ ਮੀਣਿਆਂ ਦੇ ਸਾਹਿੱਤ ਦਾ ਪਰਚਾਰ ਕਰਨਾ ਠੀਕ ਨਹੀਂ।

ਇਸ ਮੁਖ਼ਾਲਫ਼ਤ ਦੇ ਬਾਵਜੂਦ ਖਾਲਸਾ ਕਾਲਜ ਨੇ ਇਹ ਕਾਰਜ ਜਾਰੀ ਰੱਖਿਆ। ਕਿਰਪਾਲ ਸਿੰਘ ਪਹਿਲੀ ਸੈਂਚੀ (1962) ਦੀ ਭੂਮਿਕਾ ਵਿਚ ਲਿਖਦੇ ਹਨ ਕਿ "ਹਿੰਦ ਸਰਕਾਰ ਤੇ ਪੰਜਾਬ ਸਰਕਾਰ ਦੀ ਬਹੁ-ਮੁੱਲੀ ਸਹਾਇਤਾ ਤੋਂ ਬਿਨਾਂ ਇਹ ਦੁਰਲੱਭ ਹੱਥ-ਲਿਖਤ ਪਾਠਕਾਂ ਸਾਹਮਣੇ ਨਹੀਂ ਸੀ ਆ ਸਕਦੀ।"[16]

ਮਿਹਰਵਾਨ ਵਾਲੀ *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ* ਦਾ ਖਾਲਸਾ ਕਾਲਜ, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਹੋਣਾ ਇਕ ਬੜਾ ਮਹੱਤਵਪੂਰਨ ਕਦਮ ਸੀ,

13. ਇਹ ਪੁਸਤਕ ਅਥਿਤ ਹੈ। ਅਸਾਂ ਇਸ ਦਾ ਸੰਨ ਤੇਜਵੰਤ ਸਿੰਘ ਮਾਨ ਦੀ ਪੁਸਤਕ *ਪੰਚ ਖਾਲਸਾ ਦੀਵਾਨ ਭਸੌੜ ਦੀ ਪੰਜਾਬੀ ਸਾਹਿੱਤ ਨੂੰ ਦੇਣ*, 1997, ਪੰ. 426 ਤੋਂ ਲਿਆ ਹੈ।
14. *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਸੈਂਚੀ ਦੂਜੀ ਵਿਚ *The Miharban Janam-Sakhi*, article by W.H. McLeod, p. ii.
15. *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਸੈਂਚੀ ਪਹਿਲੀ, ਭੂਮਿਕਾ, ਪੰ. X.
16. *ਉਹੀ*, ਪੰ. XI.

SikhBookClub.com

ਜਿਸ ਨੇ ਛੋਟੇ ਮੇਲ ਨਾਲ ਜੁੜੇ ਕਈ ਸ਼ੰਕੇ ਨਵਿਰਤ ਕੀਤੇ, ਕਈਆਂ ਨੂੰ ਇਸ ਛੇਕੀ ਹੋਈ ਸੰਪ੍ਰਦਾਇ ਨਾਲ ਜਾਣਕਾਰੀ ਕਰਵਾਈ ਤੇ ਇਸ ਦੇ ਸਾਹਿੱਤ ਦਾ ਮੁਤਾਲਿਆ ਕਰਨ ਲਈ ਪ੍ਰੇਰਿਆ। ਇਸ ਹੱਲਾ-ਸ਼ੇਰੀ ਦੇ ਫਲ-ਸਰੂਪ, ਕਈ ਵਿਦਵਾਨਾਂ ਨੇ ਇਸ ਵਿਸ਼ੇ ਉੱਤੇ ਲਿਖਣਾ ਸ਼ੁਰੂ ਕਰ ਦਿੱਤਾ। ਕਈ ਖੋਜ ਭਰੇ ਲੇਖ ਲਿਖੇ ਜਾਣ ਲੱਗੇ, ਪੁਸਤਕਾਂ ਛਪਣ ਲੱਗੀਆਂ, ਤੇ ਹੋਰ ਸੋ ਹੋਰ, ਖੋਜ-ਪ੍ਰਬੰਧਾਂ ਦਾ ਸਿਲਸਿਲਾ ਵੀ ਸ਼ੁਰੂ ਹੋ ਗਿਆ। ਆਖ਼ਰ ਇਸ ਵਰਜਿਤ ਵਿਸ਼ੇ ਨੂੰ ਧੁੱਪ ਲੱਗਣ ਲੱਗੀ।

ਹੇਠਾਂ ਅਸੀਂ, 1962 ਤੋਂ ਲੈ ਕੇ ਹੁਣ ਤਕ, ਮਿਤੀਕ੍ਰਮ ਅਨੁਸਾਰ, ਛੋਟੇ ਮੇਲ ਉੱਤੇ ਛਪ ਚੁੱਕੇ ਉਨ੍ਹਾਂ ਧਿਆਨਯੋਗ ਲੇਖਾਂ, ਪੁਸਤਕਾਂ ਤੇ ਥੀਸਿਸਾਂ ਦਾ ਵੇਰਵਾ ਦੇਣ ਦਾ ਉਪਰਾਲਾ ਕਰ ਰਹੇ ਹਾਂ, ਜਿਨ੍ਹਾਂ ਦਾ ਸਾਨੂੰ ਪਤਾ ਲੱਗ ਸਕਿਆ ਹੈ:

1. *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*

[ਸੈਂਚੀ ਪਹਿਲੀ, 1962, ਕਿਰਪਾਲ ਸਿੰਘ (ਸੰਪਾ.) ਤੇ ਸ਼ਮਸ਼ੇਰ ਸਿੰਘ ਅਸ਼ੋਕ (ਸਹਾਇਕ ਸੰਪਾ.)]

ਇਸ ਸੈਂਚੀ ਵਿਚ ਛੋਟੇ ਮੇਲ ਦੇ ਸੋਢੀ ਮਨੋਹਰ ਦਾਸ ਮਿਹਰਵਾਨ ਰਚਿਤ ਪੋਥੀ ਸਚਖੰਡ ਦੀਆਂ 153 ਗੋਸ਼ਟਾਂ ਦਰਜ ਹਨ। ਇਨ੍ਹਾਂ ਗੋਸ਼ਟਾਂ ਦਾ ਆਧਾਰ, ਖਾਲਸਾ ਕਾਲਜ, ਅੰਮ੍ਰਿਤਸਰ, ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ ਦੀ ਹ.ਲਿ. SHR 427ਏ, ਮਿਤੀ 1828 ਈ., ਤੇ ਹ.ਲਿ. SHR 2190 ਹਨ। ਇਸ ਜਨਮ ਸਾਖੀ ਨੇ ਪਹਿਲੀ ਵਾਰ ਜਨਮ ਸਾਖੀਆਂ ਦੀ ਪਰਮਾਰਥਿਕ ਪਰੰਪਰਾ ਨੂੰ ਪਾਠਕਾਂ ਸਾਹਮਣੇ ਲਿਆਂਦਾ। ਹੁਣ ਇਸ ਜਨਮ ਸਾਖੀ ਦੀਆਂ ਕਈ ਹੋਰ ਹੱਥ-ਲਿਖਤਾਂ ਮਿਲ ਚੁੱਕੀਆਂ ਹਨ, ਜਿਨ੍ਹਾਂ ਦਾ ਮਿਲਾਨ ਕਿਰਪਾਲ ਸਿੰਘ ਸੰਪਾਦਿਤ ਜਨਮ ਸਾਖੀ ਨਾਲ ਕਰਨਾ ਲਾਹੇਵੰਦ ਹੋਵੇਗਾ।

ਇਸ ਸੈਂਚੀ ਵਿਚ ਮੂਲ ਪਾਠ ਤੋਂ ਇਲਾਵਾ ਸੋਢੀ ਮਿਹਰਵਾਨ, ਮੀਣਾ ਸੰਪ੍ਰਦਾਇ ਤੇ ਇਸ ਜਨਮ ਸਾਖੀ ਦੇ ਵੱਖ-ਵੱਖ ਪੱਖਾਂ ਉੱਤੇ ਸੰਪਾਦਕ ਤੇ ਕਈ ਹੋਰ ਵਿਦਵਾਨਾਂ, ਖ਼ਾਸ ਕਰਕੇ ਤਾਰਨ ਸਿੰਘ, ਪਿਆਰਾ ਸਿੰਘ ਪਦਮ, ਪ੍ਰੇਮ ਪ੍ਰਕਾਸ਼ ਸਿੰਘ, ਵਿਦਿਆਭਾਸਕਰ ਅਰੁਨ, ਪਿਆਰ ਸਿੰਘ, ਆਦਿ ਦੇ ਲੇਖ ਸ਼ਾਮਿਲ ਹਨ। ਹੁਣ ਇਸ ਸੰਪ੍ਰਦਾਇ ਬਾਰੇ ਕਈ ਨਵੇਂ ਤੱਥ ਸਾਹਮਣੇ ਆਏ ਹਨ, ਜਿਨ੍ਹਾਂ ਦੀ ਰੋਸ਼ਨੀ ਵਿਚ, ਇਨ੍ਹਾਂ ਲੇਖਾਂ ਉੱਤੇ ਨਜ਼ਰਸਾਨੀ ਕਰਨ ਦੀ ਲੋੜ ਹੈ।

2. *ਮਸਲੇ ਸੇਖ ਫਰੀਦ ਕੇ*

[1962, (ਸੰਤ) ਇੰਦਰ ਸਿੰਘ ਚਕ੍ਰਵਰਤੀ (ਸੰਪਾ.)]

ਇਨ੍ਹਾਂ ਮਸਲਿਆਂ ਦਾ ਸਰੋਤ ਭਾ.ਵਿ. ਹ.ਲਿ. 359 ਹੈ। ਇਹ ਹੱਥ-ਲਿਖਤ ਇਕ ਪੁਰਾਤਨ ਤੇ ਮਹੱਤਵਪੂਰਨ ਖਰੜਾ ਹੈ, ਜੋ ਚਕ੍ਰਵਰਤੀ ਹੁਰਾਂ ਅਨੁਸਾਰ ਸੋਢੀ ਪਿਰਥੀ ਚੰਦ ਦੇ ਸਮੇਂ ਵਿਚ ਕਲੇਵਰ-ਬੱਧ ਹੋਇਆ ਤੇ ਇਸ ਦਾ ਲੇਖਕ ਕੋਈ ਮੁਲਤਾਨ ਜਾਂ

SikhBookClub.com

ਕਿਸੇ ਹੋਰ ਲਹਿੰਦੇ ਇਲਾਕੇ ਦਾ ਜੰਮ-ਪਲ ਜਾਪਦਾ ਹੈ। ਕਈ ਵਿਦਵਾਨ, ਜਿਵੇਂ ਪਿਆਰਾ ਸਿੰਘ ਪਦਮ, ਸ਼ਮਸ਼ੇਰ ਸਿੰਘ ਅਸ਼ੋਕ ਇਸ ਨੂੰ ਸੋਢੀ ਮਿਹਰਵਾਨ ਦੀ ਰਚਨਾ ਮੰਨਦੇ ਹਨ। ਇਸ ਪੁਸਤਕ ਵਿਚ 20 ਮਸਲਿਆਂ ਦਾ ਪਾਠ ਹੈ। ਮੂਲ ਖਰੜੇ ਵਿਚ ਕੇਵਲ 19 ਮਸਲੇ ਹਨ। 20ਵਾਂ ਮਸਲਾ ਪਤਾ ਨਹੀਂ ਕਿੱਥੋਂ ਲਿਆ ਹੈ। ਵਿਦਵਾਨ ਸੰਪਾਦਕ ਨੇ ਕਈ ਥਾਂ ਮੂਲ ਖਰੜੇ ਦੇ ਪਾਠ ਦਾ ਠੀਕ ਤਰ੍ਹਾਂ ਉਤਾਰਾ ਨਹੀਂ ਕੀਤਾ ਲੱਗਦਾ।

ਇਸ ਪੁਸਤਕ ਦਾ ਦੂਜਾ ਐਡੀਸ਼ਨ ਭਾਸ਼ਾ ਵਿਭਾਗ ਵੱਲੋਂ ਹੀ 2004 ਵਿਚ ਛਪਿਆ। ਇਸ ਦੇ ਨਵੇਂ ਸੰਪਾਦਕ ਧਰਮ ਸਿੰਘ ਅਨੁਸਾਰ *ਮਸਲੇ ਸੇਖ ਫਰੀਦ ਕੇ* ਦਾ ਕਰਤਾ ਨਾ ਮਿਹਰਵਾਨ ਹੈ ਅਤੇ ਨਾ ਹੀ ਕੋਈ ਮੁਸਲਮਾਨ, ਸਗੋਂ ਇਕ ਸਿੱਖ ਲੇਖਕ ਜੋ ਮੌਜੂਦਾ ਸਿੱਖ ਸਾਹਿੱਤ ਦੀ ਪੈਰਵੀ ਕਰ ਰਿਹਾ ਹੈ। ਉਨ੍ਹਾਂ ਦਾ ਖ਼ਿਆਲ ਹੈ ਕਿ ਇਹ ਮਸਲੇ ਸਤ੍ਹਾਰਵੀਂ ਸਦੀ ਦੇ ਅਖ਼ੀਰ ਵਿਚ ਰਚੇ ਗਏ ਸਨ। ਪੁਸਤਕ ਵਿਚ ਭਾ.ਵਿ. ਹ.ਲਿ. 359 ਵਿਚਲੇ 19 ਮਸਲੇ ਐਡਿਟ ਕੀਤੇ ਹੋਏ ਹਨ।

ਪ੍ਰੋ. ਪ੍ਰੀਤਮ ਸਿੰਘ ਦੀ ਪੁਸਤਕ *ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਸੇਖ ਫਰੀਦ ਦੀ ਭਾਲ* (2008) ਵਿਚ, ਉਨ੍ਹਾਂ ਨੇ, ਭਾ.ਵਿ. ਹ.ਲਿ. 359 ਵਿਚ ਦਰਜ ਮਸਲਿਆਂ ਤੋਂ ਇਲਾਵਾ, ਆਪਣੀ ਨਿਜੀ ਲਾਇਬ੍ਰੇਰੀ ਵਿਚ ਮੌਜੂਦ ਮਿਤੀ 1691 ਈ. ਦੀ ਹ.ਲਿ. 147 ਵਿਚ ਪ੍ਰਾਪਤ ਸ਼ੇਖ਼ ਫ਼ਰੀਦ ਦੀਆਂ 9 ਗੋਸ਼ਟਾਂ ਦਾ ਪਾਠ ਵੀ ਸ਼ਾਮਿਲ ਕੀਤਾ ਹੈ। ਇਨ੍ਹਾਂ ਗੋਸ਼ਟਾਂ ਦੀ ਤਰਤੀਬ ਹ.ਲਿ. 359 ਵਾਲੇ ਮਸਲਿਆਂ ਦੇ ਸਮਾਨ ਹੈ ਪਰ ਬੋਲੀ ਵਿਚ ਫ਼ਰਕ ਹੈ।

3. *ਮਸਲੇ ਸੇਖ ਫਰੀਦ ਦਾ ਆਲੋਚਨਾਤਮਕ ਵਿਵੇਚਨ*

[ਅਥਿਤ, ਗੋਬਿੰਦ ਸਿੰਘ ਲਾਂਬਾ]

ਇਹ ਪੁਸਤਕ ਵੀ ਭਾਸ਼ਾ ਵਿਭਾਗ ਦੀ ਹ.ਲਿ. 359 ਉੱਤੇ ਆਧਾਰਿਤ ਹੈ। ਸੰਪਾਦਕ ਨੇ ਇਨ੍ਹਾਂ ਮਸਲਿਆਂ ਦਾ ਸੋਢੀ ਮਿਹਰਵਾਨ ਦੀ ਰਚਨਾ ਹੋਣ ਉੱਤੇ ਸ਼ੱਕ ਕੀਤਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਇਹ ਕਿਸੇ ਅਗਿਆਤ ਹਿੰਦੂਓਂ ਬਣੇ ਮੁਸਲਮਾਨ ਦੀ ਰਚਨਾ ਹੈ। ਪੁਸਤਕ ਵਿਚ ਆਲੋਚਨਾਤਮਕ ਵਿਵੇਚਨ ਤੋਂ ਇਲਾਵਾ, ਚੋਣਵੇਂ ਮਸਲਿਆਂ ਦਾ ਮੂਲ ਪਾਠ ਦਿੱਤਾ ਹੋਇਆ ਹੈ।

4. *ਬਾਬਾ ਮਿਹਰਵਾਨ ਦੀ ਰਚਨਾ*

[1963, (ਸੰਤ) ਇੰਦਰ ਸਿੰਘ ਚਕ੍ਰਵਰਤੀ]

ਇਹ ਲੇਖ ਭਾਸ਼ਾ ਵਿਭਾਗ ਦੇ ਰਿਸਾਲੇ *ਪੰਜਾਬੀ ਦੁਨੀਆ* ਦੇ ਅਕਤੂਬਰ, 1963 ਅੰਕ ਵਿਚ ਛਪਿਆ ਸੀ। ਇਸ ਵਿਚ ਲੇਖਕ ਨੇ 'ਗੁਰੂ ਬਾਬੇ ਦੀ ਵਾਰ ਮ: *੭*' ਭਾਵ ਸੋਢੀ ਮਿਹਰਵਾਨ ਦੀਆਂ ਕੁੱਝ ਪਉੜੀਆਂ ਤੇ ਸਲੋਕ ਅੰਕਿਤ ਕੀਤੇ ਹਨ, ਜੋ ਉਨ੍ਹਾਂ ਨੇ ਜਲੰਧਰ ਜ਼ਿਲੇ ਵਿਚ ਕਿਸੇ ਉਦਾਸੀ ਸੰਤਾਂ ਦੇ ਡੇਰੇ ਵਿਚ ਪਈ ਹੱਥ-ਲਿਖਤ 'ਸਾਖੀ

SikhBookClub.com

ਗੁਰੂ ਬਾਬੇ ਜੀ ਕੀ' ਤੋਂ ਨਕਲ ਕੀਤੇ ਸਨ। ਆਪ ਲਿਖਦੇ ਹਨ ਕਿ ਇਹ ਹੱਥ-ਲਿਖਤ "ਉਸ ਸਾਖੀ ਨਾਲ ਹੀ ਮਿਲਦੀ ਜੁਲਦੀ ਹੈ, ਜਿਸ ਨੂੰ ਪ੍ਰੋਫ਼ੈਸਰ ਕ੍ਰਿਪਾਲ ਸਿੰਘ ਜੀ ਹਿਸਟਰੀ ਰੀਸਰਚ ਸਕਾਲਰ, ਖਾਲਸਾ ਕਾਲਜ, ਅੰਮ੍ਰਿਤਸਰ ਨੇ ਸੰਪਾਦਿਤ ਕਰ ਕੇ ਪ੍ਰਕਾਸ਼ਤ ਕੀਤਾ ਹੈ। ਪਰ ਮੈਂ ਜੋ ਸਾਖੀ ਵੇਖੀ ਹੈ ਉਹ ਇਸ ਤੋਂ ਕਾਫ਼ੀ ਵੱਡੀ ਹੈ।" ਇਸ ਤੋਂ ਵੱਧ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਤੇ ਨਾ ਹੀ ਉਦਾਸੀ ਸੰਤਾਂ ਦੇ ਡੇਰੇ ਦਾ ਪਤਾ ਦਿੱਤਾ ਹੈ। ਹੱਥ-ਲਿਖਤ ਦਾ ਲਿਪੀ-ਕਾਲ ਸੰਮਤ 1782 ਬਿ. (1725 ਈ.) ਹੈ ਪਰ ਰ-ਕਾ. 1653-54 ਬਿ. (1596-97 ਈ.) ਅਨੁਮਾਨਿਆ ਹੈ, ਭਾਵ ਇਹ ਪਿਰਥੀ ਚੰਦ ਦੀ ਰਚਨਾ ਮੰਨੀ ਹੈ। ਇਹ ਅਨੁਮਾਨ ਠੀਕ ਨਹੀਂ ਲੱਗਦਾ। ਹੋਰ ਕਿਤੋਂ ਵੀ ਇਸ ਦੀ ਤਸਦੀਕ ਨਹੀਂ ਹੋ ਸਕੀ। ਇਸ ਹੱਥ-ਲਿਖਤ ਵਿਚ ਕੁੱਝ ਸਲੋਕ ਐਸੇ ਹਨ, ਜਿਨ੍ਹਾਂ ਦੀ ਕਵੀ-ਛਾਪ 'ਜਨ ਨਾਨਕ' ਹੈ, ਜਿਸ ਦਾ ਮਤਲਬ ਹੈ ਕਿ ਇਹ ਸਲੋਕ ਹਰਿ ਜੀ (ਦੇ. 1696 ਈ.) ਦੇ ਰਚੇ ਹੋਏ ਹਨ। ਚਕ੍ਰਵਰਤੀ ਹੁਰਾਂ ਅਨੁਸਾਰ ਹਰਿ ਜੀ ਪਿਰਥੀ ਚੰਦ ਦਾ ਪੁੱਤਰ ਸੀ। ਇਹ ਠੀਕ ਨਹੀਂ ਹੈ। ਹਰਿ ਜੀ ਮਿਹਰਵਾਨ ਦਾ ਪੁੱਤਰ ਤੇ ਪਿਰਥੀ ਚੰਦ ਦਾ ਪੋਤਰਾ ਸੀ। ਛੋਟੇ ਮੇਲ ਬਾਰੇ ਲਿਖਣ ਵਾਲੇ ਮੁੱਢਲੇ ਲੇਖਕਾਂ ਨੇ ਇਹੋ ਜਿਹੀਆਂ ਕਈ ਗ਼ਲਤੀਆਂ ਕੀਤੀਆਂ ਹਨ।

5. *ਮਿਹਰਬਾਨੀਆਂ ਦੀ ਸਾਹਿੱਤ ਸੇਵਾ*

[1967-68, ਪਿਆਰਾ ਸਿੰਘ ਪਦਮ]

ਇਹ ਲੇਖ ਪੰਜਾਬੀ ਯੂਨੀਵਰਸਿਟੀ ਦੇ ਰਿਸਾਲੇ *ਖੋਜ ਪਤ੍ਰਿਕਾ* ਦੇ ਪਹਿਲੇ ਅੰਕ ਵਿਚ ਛਪਿਆ ਸੀ। ਇਸ ਵਿਚ ਲੇਖਕ ਨੇ ਪਹਿਲਾਂ ਛੋਟੇ ਮੇਲ ਦਾ ਸੰਖੇਪ ਇਤਿਹਾਸ, ਫੇਰ ਇਸ ਸੰਪ੍ਰਦਾਇ ਦੀਆਂ ਰਚਨਾਵਾਂ ਦੀ ਚੋਣਵੀਂ ਲਿਸਟ ਤੇ ਅੰਤ ਵਿਚ ਮਿਹਰਵਾਨ ਤੇ ਹਰਿ ਜੀ ਦੀਆਂ ਲਿਖਤਾਂ ਦੇ ਕੁੱਝ ਨਮੂਨੇ ਦਿੱਤੇ ਹੋਏ ਹਨ। ਨਵੀਆਂ ਸੂਚਨਾਵਾਂ ਦੇ ਆਧਾਰ ਉੱਤੇ, ਇਸ ਲੇਖ ਵਿਚ ਕੁੱਝ ਖ਼ਾਮੀਆਂ ਤੇ ਗ਼ਲਤੀਆਂ ਵੇਖਣ ਵਿਚ ਆਉਂਦੀਆਂ ਹਨ। ਮਿਹਰਵਾਨੀਆਂ ਵੱਲੋਂ ਲਿਖੇ ਸਾਹਿੱਤ ਦੀ ਲਿਸਟ ਵਿਚ 'ਦੂਨੀ ਦਾਸ ਦੀ ਰਚਨਾ' ਸ਼ਾਮਿਲ ਕੀਤੀ ਗਈ ਹੈ, ਪਰ ਨਾ ਕੋਈ ਹਵਾਲਾ ਦਿੱਤਾ ਹੈ ਨਾ ਵੰਨਗੀ। ਇਸ ਦੂਨੀ ਦਾਸ ਦਾ ਮਿਹਰਵਾਨ ਸੰਪ੍ਰਦਾਇ ਨਾਲ ਕੋਈ ਸੰਬੰਧ ਸਥਾਪਤ ਨਹੀਂ ਹੋ ਸਕਿਆ[17]।

6. *ਸੋਢੀ ਮਿਹਰਵਾਨ ਜੀਵਨ ਤੇ ਸਾਹਿੱਤ*

[1968, ਸ਼ਮਸ਼ੇਰ ਸਿੰਘ ਅਸ਼ੋਕ]

ਇਹ ਛੋਟੀ ਜਿਹੀ ਕਿਤਾਬ ਅਸ਼ੋਕ ਜੀ ਨੇ 1961 ਵਿਚ, ਖਾਲਸਾ ਕਾਲਜ, ਅੰਮ੍ਰਿਤਸਰ ਵਲੋਂ ਛਪ ਰਹੀ ਪੁਸਤਕ *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਕ੍ਰਿਤ

17. ਇਕ ਕਵੀ ਦੂਨੀ ਦਾਸ ਦੀ *ਸਹੰਸਰਨਾਮਾ* ਨਾਂ ਦੀ ਰਚਨਾ, ਸੈਂ.ਸ.ਲਾ. ਹ.ਲਿ. 687 ਦੇ ਪੱਤਰਾ 65-87 ਉੱਤੇ ਦਰਜ ਹੈ ਪਰ ਇਹ ਮਿਹਰਵਾਨੀਆਂ ਦੀ ਰਚਨਾ ਨਹੀਂ ਲੱਗਦੀ।

SikhBookClub.com

ਸੋਢੀ ਮਿਹਰਵਾਨ (ਭਾਗ ਪਹਿਲਾ) ਦੀ ਭੂਮਿਕਾ ਵਜੋਂ ਲਿਖੀ ਸੀ, ਪਰ ਬਾਅਦ ਵਿਚ, ਕੁੱਝ ਕਾਰਨਾਂ ਕਰਕੇ, ਇਹ ਭੂਮਿਕਾ ਸੁਤੰਤਰ ਰੂਪ ਵਿਚ ਛਪਵਾਉਣੀ ਪਈ।

ਸ਼ਮਸ਼ੇਰ ਸਿੰਘ ਅਸ਼ੋਕ ਇਕ ਐਸੇ ਖੋਜੀ ਵਿਦਵਾਨ ਸਨ, ਜਿਨ੍ਹਾਂ ਨੂੰ ਸਾਡੇ ਹੱਥ-ਲਿਖਤ ਸਾਹਿੱਤ ਦਾ ਸਭ ਤੋਂ ਵੱਧ ਗਿਆਨ ਸੀ। ਉਨ੍ਹਾਂ ਦੀ ਭਾਸ਼ਾ ਵਿਭਾਗ, ਪੰਜਾਬ ਵੱਲੋਂ ਦੋ ਭਾਗਾਂ ਵਿਚ, 1961 ਤੇ 1963 ਈ. ਵਿਚ ਛਪੀ *ਪੰਜਾਬੀ ਹੱਥ-ਲਿਖਤਾਂ ਦੀ ਸੂਚੀ* ਤੇ 1968 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ *ਸਾਡਾ ਹੱਥ-ਲਿਖਿਤ ਪੰਜਾਬੀ ਸਾਹਿੱਤ*, ਪੰਜਾਬੀ ਹੱਥ-ਲਿਖਤ ਸਾਹਿੱਤ ਦੀਆਂ ਐਸੀਆਂ ਮੋਢੀ ਤੇ ਵਡ-ਮੁੱਲੀਆਂ ਸੂਚੀਆਂ ਹਨ, ਜਿਨ੍ਹਾਂ ਬਗ਼ੈਰ ਕਿਸੇ ਖੋਜਾਰਥੀ ਦਾ, ਖ਼ਾਸ ਕਰਕੇ ਉਨ੍ਹਾਂ ਦਾ ਜਿਹੜੇ ਛੋਟੇ ਮੇਲ ਉੱਤੇ ਕੰਮ ਕਰ ਰਹੇ ਹਨ, ਗੁਜ਼ਾਰਾ ਨਹੀਂ ਹੈ। ਪਰ ਫੇਰ ਵੀ, ਉਨ੍ਹਾਂ ਦੀ ਇਸ ਭੂਮਿਕਾ-ਨੁਮਾ ਕਿਤਾਬ ਵਿਚ ਕਈ ਉਕਾਈਆਂ ਰਹਿ ਗਈਆਂ ਹਨ ਜਾਂ ਗ਼ਲਤ ਸਿੱਟੇ ਕੱਢੇ ਗਏ ਹਨ, ਮਸਲਨ ਮਿਹਰਵਾਨ ਸੰਪ੍ਰਦਾਇ ਦੀ ਗੁਰ-ਪ੍ਰਣਾਲੀ ਜਾਂ ਮਿਹਰਵਾਨ ਦੀਆਂ ਰਚਨਾਵਾਂ ਬਾਰੇ। ਉਹ ਲਿਖਦੇ ਹਨ ਕਿ ਉਨ੍ਹਾਂ ਨੇ ਨਿਜੀ ਤੇ ਦੂਜੀਆਂ ਲਾਇਬ੍ਰੇਰੀਆਂ ਵਿੱਚੋਂ ਯਥਾਯੋਗ ਸਹਾਇਤਾ ਲੈ ਕੇ "ਸੋਢੀ ਮਿਹਰਵਾਨ ਜੀ ਬਾਰੇ ਇਸ ਖੋਜ ਨੂੰ ਸਿਰੇ ਪਹੁੰਚਾਨ ਦਾ ਜਤਨ ਕੀਤਾ ਹੈ ਪਰ ਫੇਰ ਵੀ ਬਹੁਤ ਸਾਰਾ ਹੱਥ-ਲਿਖਤ ਪੁਸਤਕਾਂ ਦਾ ਸੰਗ੍ਰਹਿ ਅਜੇ ਹੋਰ ਖੋਜ ਦਾ ਮੁਹਤਾਜ ਹੋਣ ਕਰ ਕੇ ਇਹ ਟੋਲ-ਭਾਲ ਕਦੋਂ ਸਿਰੇ ਚੜ੍ਹ ਸਕੇਗੀ, ਹਾਲੇ ਇਸ ਬਾਰੇ ਨਿਸਚਿਤ ਤੌਰ ਤੇ ਕਹਿਣਾ ਬੜੀ ਮੁਸ਼ਕਲ ਜਿਹੀ ਗੱਲ ਹੈ।"[18]

7. *ਗੁਰੂ ਨਾਨਕ ਦੇ ਨਾਂ ਤੇ ਕੱਚੀ ਬਾਣੀ*

[1969, ਸ਼ਮਸ਼ੇਰ ਸਿੰਘ ਅਸ਼ੋਕ]

ਇਹ ਲੇਖ *ਖੋਜ ਪਤ੍ਰਿਕਾ*, ਪੰਜਾਬੀ ਯੂਨੀਵਰਸਿਟੀ ਦੇ ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ, ਨਵੰਬਰ 1969, ਵਿਚ ਛਪਿਆ ਸੀ। ਇਸ ਵਿਚ ਲੇਖਕ ਨੇ ਸੋਢੀ ਮਿਹਰਵਾਨ ਤੇ ਸੋਢੀ ਹਰਿ ਜੀ ਦੀਆਂ ਕੁੱਝ ਪ੍ਰਾਣ ਸੰਗਲੀ ਵਿਚ ਅੰਕਿਤ ਜਾਂ ਇਸ ਤੋਂ ਬਾਹਰ ਦੀਆਂ ਰਚਨਾਵਾਂ ਉੱਤੇ ਬਹਿਸ ਕੀਤੀ ਹੈ। ਲੇਖਕ ਦਾ ਕਥਨ ਹੈ ਕਿ ਇਨ੍ਹਾਂ ਸੋਢੀਆਂ ਨੇ :

> ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਮੁਕਾਬਲੇ ਤੇ ਰਾਗ-ਕ੍ਰਮ ਦੇ ਅਨੁਸਾਰ ਉਸੇ ਤਰ੍ਹਾਂ ਆਪਣਾ ਨਵਾਂ ਬਾਣੀ-ਸੰਗ੍ਰਹਿ ਤਿਆਰ ਕਰ ਲਿਆ ਜਿਸ ਵਿਚ ਨਿੱਤਨੇਮ ਦੀ ਬਾਣੀ ਤੋਂ ਲੈ ਕੇ ਸਾਰੀਆਂ ਹੀ ਬਾਣੀਆਂ ਬਿਲਾ ਤਰਤੀਬ ਲਗਾਈਆਂ ਤੇ ਉਸ ਮਸਨੁਈ ਬਾਣੀ ਵਿਚ ਹਿੰਦੂਆਂ ਦੇ ਅਵਤਾਰ ਰਾਮ-ਕ੍ਰਿਸ਼ਨ ਆਦਿ ਦੀ ਉਪਮਾ ਦੇ ਨਾਲ ਹੀ ਮੁਸਲਮਾਨਾਂ ਨੂੰ ਖ਼ੁਸ਼ ਰੱਖਣ ਲਈ ਆਦਿ ਕਥਾ ਹਜ਼ਰਤ ਮੁਹੰਮਦ ਕੀ, ਕਥਾ ਹਜ਼ਰਤ ਹਸਨ ਹੁਸੈਨ ਕੀ, ਵਾਰ ਪੀਰਾਂ ਕੀ ਆਦਿ ਜੋੜ ਕੇ ਮੁਸਲਿਮ ਪੀਰਾਂ-ਪੈਗੰਬਰਾਂ ਦੀ ਰੱਜ ਕੇ ਉਸਤਤ ਕੀਤੀ ਗਈ...। *(ਪੰ. 65)*

ਪਰ ਲੇਖਕ ਨੇ ਐਸੇ ਕਿਸੇ ਗ੍ਰੰਥ ਦੇ ਰਚੇ ਜਾਣ ਜਾਂ ਉਸਦੀ ਹੋਂਦ ਬਾਰੇ ਕੋਈ ਸਬੂਤ ਪੇਸ਼ ਨਹੀਂ ਕੀਤਾ।

---

18. ਸ਼ਮਸ਼ੇਰ ਸਿੰਘ ਅਸ਼ੋਕ, *ਸੋਢੀ ਮਿਹਰਵਾਨ ਜੀਵਨ ਤੇ ਸਾਹਿੱਤ*, 1968, ਪੰ. 4.

SikhBookClub.com

8. *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*

[ਸੈਂਚੀ ਦੂਜੀ, 1969, ਕਿਰਪਾਲ ਸਿੰਘ ਤੇ ਪ੍ਰਕਾਸ਼ ਸਿੰਘ (ਸੰਪਾ.)]

ਇਸ ਸੈਂਚੀ ਵਿਚ ਇਸ ਜਨਮ ਸਾਖੀ ਲੜੀ ਦੀ ਦੂਜੀ ਕਿਰਤ 'ਪੋਥੀ ਹਰਿ ਜੀ' ਦੀਆਂ 61 ਤੇ ਤੀਜੀ 'ਪੋਥੀ ਚਤਰਭੁਜ' ਦੀਆਂ 74 ਗੋਸ਼ਟਾਂ ਸ਼ਾਮਿਲ ਹਨ। 'ਪੋਥੀ ਹਰਿ ਜੀ', ਖਾਲਸਾ ਕਾਲਜ, ਅੰਮ੍ਰਿਤਸਰ, ਹ.ਲਿ. SHR 427 ਬੀ, ਤੇ 'ਪੋਥੀ ਚਤਰਭੁਜ', ਖਾਲਸਾ ਕਾਲਜ, ਅੰਮ੍ਰਿਤਸਰ ਹ.ਲਿ. SHR 427 ਸੀ ਉੱਤੇ ਆਧਾਰਿਤ ਹਨ। ਪਹਿਲੀ ਸੈਂਚੀ ਵਾਂਗ, ਇਸ ਦੂਜੀ ਸੈਂਚੀ ਦੇ ਆਰੰਭ ਵਿਚ ਵੀ ਸੰਪਾਦਕਾਂ ਤੇ ਕੁੱਝ ਹੋਰ ਵਿਦਵਾਨਾਂ, ਜਿਵੇਂ ਬਲਬੀਰ ਸਿੰਘ (ਭੂਮਿਕਾ ਲੇਖਕ), ਤਾਰਨ ਸਿੰਘ, ਦੀਵਾਨ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ ਤੇ W.H. McLeod, ਦੇ ਲੇਖ ਸ਼ਾਮਿਲ ਹਨ।

ਪੋਥੀ ਹਰਿ ਜੀ ਨੂੰ ਐਡਿਟ ਕਰਨ ਲੱਗਿਆਂ ਸੰਪਾਦਕਾਂ ਨੇ ਗੁਰੂ ਨਾਨਕ ਦੇਵ ਜੀ ਦੇ ਰੰਘੜੀ ਨਾਲ ਵਿਆਹ ਵਾਲੀ ਗੋਸ਼ਟਿ ਨੰ. 177, ਕੱਢ ਦਿੱਤੀ ਹੈ। ਇਸ ਤੋਂ ਇਲਾਵਾ, ਪੋਥੀਆਂ ਵਿਚਲੀਆਂ ਗੁਰਬਾਣੀ ਦੀਆਂ ਤੁਕਾਂ ਦਾ ਮੂਲ ਪਾਠ *ਸ੍ਰੀ ਗੁਰੂ ਗ੍ਰੰਥ ਸਾਹਿਬ* ਨਾਲ ਮੇਲ ਕੇ ਸੋਧ ਦਿੱਤਾ ਹੈ। ਚੰਗਾ ਹੁੰਦਾ ਜੇ ਮੂਲ ਪਾਠ ਉਵੇਂ ਹੀ ਰਹਿਣ ਦਿੱਤਾ ਜਾਂਦਾ, ਤੇ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੀਆਂ ਤੁਕਾਂ ਫ਼ੁਟਨੋਟਾਂ ਵਿਚ ਦੇ ਦਿੱਤੀਆਂ ਜਾਂਦੀਆਂ।

9. *ਜਪੁ ਹਰੀਆ ਜੀ*

[1970, ਪ੍ਰੋ. ਪ੍ਰੀਤਮ ਸਿੰਘ]

ਇਹ ਲੇਖ ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਦੇ ਰਿਸਾਲੇ *ਆਲੋਚਨਾ* ਵਿਚ ਛਪਿਆ ਸੀ। ਹਰੀਆ ਜ਼ੀ ਜਾਂ ਹਰੀ ਦਾਸ ਛੋਟੇ ਮੇਲ ਦੀ 'ਦਿਵਾਨਾ' ਸ਼ਾਖ਼ ਦੇ ਸਿਰਕੱਢ ਕਵੀ ਹੋਏ ਹਨ। ਉਨ੍ਹਾਂ ਦਾ ਰਚਿਆ ਇਕ ਵਡ-ਆਕਾਰੀ ਗ੍ਰੰਥ ਮਿਲਦਾ ਹੈ, ਜਿਸ ਨੂੰ 'ਗ੍ਰੰਥ ਹਰੀਆ ਜੀ' ਜਾਂ 'ਦੀਵਾਨਿਆਂ ਦਾ ਗ੍ਰੰਥ' ਕਿਹਾ ਜਾਂਦਾ ਹੈ। ਇਸ ਲੇਖ ਵਿਚ, ਇਸ ਗ੍ਰੰਥ ਦੀਆਂ ਰਚਨਾਵਾਂ ਦਾ ਵੇਰਵਾ ਤੇ ਉਨ੍ਹਾਂ ਵਿੱਚੋਂ ਪਹਿਲੀ ਰਚਨਾ 'ਜਪੁ ਹਰੀਆ ਜੀ' ਦਾ ਮੂਲ ਪਾਠ ਦਿੱਤਾ ਹੋਇਆ ਹੈ। ਬਾਕੀ ਦਾ ਗ੍ਰੰਥ ਹਾਲਾਂ ਛਪਣੋਂ ਰਹਿੰਦਾ ਹੈ।

10. *ਕੱਚੀ ਬਾਣੀ*

[1970, ਕੁਲਵੰਤ ਸਿੰਘ]

ਇਹ ਲੇਖ ਵੀ *ਆਲੋਚਨਾ* ਰਿਸਾਲੇ ਵਿਚ ਛਪਿਆ ਸੀ। ਇਸ ਲੇਖ ਵਿਚ ਮਿਹਰਵਾਨ ਸੰਸਥਾ ਵੱਲੋਂ ਰਚੀ ਕੱਚੀ ਬਾਣੀ ਦਾ ਉਲੇਖ ਹੈ। ਲੇਖਕ ਨੇ ਇਸ ਬਾਣੀ ਦੀਆਂ ਦੋ ਮਿਸਾਲਾਂ ਦਿੱਤੀਆਂ ਹਨ: ਪਹਿਲੀ, ਸਿ.ਰੈ.ਲਾ. ਹ.ਲਿ. 8759 ਵਿੱਚੋਂ, ਮਿਹਰਵਾਨ ਦਾ ਗਉੜੀ ਰਾਗੁ ਵਿਚ ਇਕ ਸ਼ਬਦ ਤੇ ਦੂਜੀ, ਹਰਿ ਜੀ ਦੁਆਰਾ ਸੰਪਾਦਿਤ, ਗਿਆਨੀ ਲਾਲ ਸਿੰਘ (ਸੰਗਰੂਰ) ਦੀ ਪੁਸਤਕ *ਬਾਣੀ ਗੁਰੂ, ਗੁਰੂ ਹੈ ਬਾਣੀ*,

SikhBookClub.com

ਪੋਥੀ ਦਸਮ ਗੁਰਬਾਣੀ ਵਿੱਚੋਂ 'ਬਸੰਤ ਕੀ ਵਾਰ'। 'ਮਿਹਰਵਾਨ ਸੰਸਥਾ ਵੱਲੋਂ ਕੁੱਝ ਹੋਰ ਰਚਨਾਵਾਂ' ਦੇ ਸ਼ੀਰਸ਼ਕ ਥੱਲੇ ਨਾਮਾ ਸਾਹਿੱਤ (ਫ਼ਕਰਨਾਮਾ, ਮਿਹਰਨਾਮਾ, ਤੇ ਤਿਲੰਗ ਨਸੀਹਤਨਾਮਾ) ਅਤੇ ਫ਼ਾਰਸੀ ਰਚਨਾਵਾਂ, ਮੁਨਾਜਾਤ ਤੇ ਬਹਿਰੇ-ਤਵੀਲ ਬਾਰੇ ਚਰਚਾ ਕੀਤੀ ਹੈ। ਲੇਖਕ ਦਾ ਖ਼ਿਆਲ ਹੈ ਕਿ ਇਨ੍ਹਾਂ ਦਾ ਰਚਿਆਰ ਕੋਈ ਮਿਹਰਵਾਨ ਸੰਸਥਾ ਦਾ ਸ਼ਰਧਾਲੂ ਸਿੱਖ ਹੈ।

11. *ਮਨੋਹਰ ਦਾਸ ਮਿਹਰਬਾਨ, ਜੀਵਨ ਤੇ ਰਚਨਾ*

[1974, ਕਿਰਪਾਲ ਸਿੰਘ]

ਇਹ ਪੁਸਤਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਆਪਣੀ 'ਲੇਖਕਾਂ ਦੀਆਂ ਜੀਵਨੀਆਂ' ਪੁਸਤਕ-ਸੀਰੀਜ਼ ਦੇ ਅਧੀਨ ਲਿਖਵਾਈ ਸੀ। ਲੇਖਕ ਨੇ ਭੂਮਿਕਾ ਵਿਚ ਦੱਸਿਆ ਹੈ ਕਿ, "ਇਸ ਪੁਸਤਕ ਦੇ ਲਿਖਣ ਲਈ ਮੂਲ ਸਾਮੱਗਰੀ ਮਿਹਰਵਾਨ ਰਚਿਤ ਜਨਮ ਸਾਖੀ ਗੁਰੂ ਨਾਨਕ ਅਤੇ ਉਸ ਦੀ ਆਰੰਭਕਾ ਤੋਂ ਲਈ ਗਈ ਹੈ।" ਭਾਵ ਇਹ ਪੁਸਤਕ ਉਸ ਵਕਤ (1962) ਤਕ ਪ੍ਰਾਪਤ ਸਮੱਗਰੀ ਉੱਤੇ ਆਧਾਰਿਤ ਹੈ, ਜੋ ਹੁਣ ਨਾ-ਮੁਕੰਮਲ ਸਾਬਤ ਹੋਈ ਹੈ। ਮਿਸਾਲ ਲਈ ਵੇਖੋ ਇਸ ਪੁਸਤਕ ਦਾ ਅਧਿਆਇ 3, 'ਰਚਨਾਵਾਂ'। ਇਸ ਵਿਚ ਸੋਢੀ ਮਿਹਰਵਾਨ ਦੀਆਂ ਕੇਵਲ ਦੋ ਰਚਨਾਵਾਂ 'ਜਨਮ ਸਾਖੀ ਭਗਤ ਕਬੀਰ' ਤੇ 'ਪੋਥੀ ਸਚਖੰਡ' ਦਾ ਜ਼ਿਕਰ ਹੈ, ਹੋਰਨਾਂ ਦਾ ਨਹੀਂ। ਜਨਮ ਸਾਖੀ ਭਗਤ ਕਬੀਰ ਲਈ ਵੀ ਬੱਸ ਇਕ, ਪੰ.ਯੂ.ਪ. ਹ.ਲਿ. 927 (ਹੁਣ 115454) ਦਾ ਹਵਾਲਾ ਦਿੱਤਾ ਹੋਇਆ ਹੈ, ਜਦੋਂ ਕਿ ਨਰਿੰਦਰ ਕੌਰ ਭਾਟੀਆ ਨੇ *ਜਨਮ ਸਾਖੀ ਭਗਤ ਕਬੀਰ* (1995) ਵਿਚ ਘੱਟੋ-ਘੱਟ ਇਕ ਦਰਜਨ ਹੱਥ-ਲਿਖਤਾਂ ਗਿਣਵਾਈਆਂ ਹਨ। ਪੁਸਤਕ ਵਿਚ ਇਕ ਸ਼ਜਰਾ ਸ਼ਾਮਿਲ ਹੈ, ਜੋ ਵਿਦਵਾਨ ਲੇਖਕ ਅਨੁਸਾਰ, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੀ ਮਦਦ ਨਾਲ ਤਿਆਰ ਕੀਤਾ ਗਿਆ ਸੀ। ਜੇ ਇਸ ਸ਼ਜਰੇ ਦਾ ਗਿਆਨੀ ਹੁਰਾਂ ਦੀ ਆਪਣੀ ਕਿਤਾਬ *ਕੋਠਾ ਗੁਰੂ ਦੀ ਗੌਰਵ ਗਾਥਾ* (2004) ਵਿਚ ਦਿੱਤੇ ਸ਼ਜਰੇ ਨਾਲ ਮੁਕਾਬਲਾ ਕੀਤਾ ਜਾਏ ਤਾਂ ਕਈ ਬੁਨਿਆਦੀ ਫ਼ਰਕ ਨਜ਼ਰ ਆਉਣਗੇ।

12. *ਗੋਸਟਿ ਗੁਰੂ ਮਿਹਰਿਵਾਨੁ*

[1974, ਗੋਵਿੰਦਨਾਥ ਰਾਜਗੁਰੂ (ਸੰਪਾ.)]

ਇਹ ਪੁਸਤਕ ਸੋਢੀ ਹਰਿ ਜੀ ਰਚਿਤ ਮਿਹਰਵਾਨ ਦੀਆਂ ਗੋਸ਼ਟਾਂ ਦਾ ਹਿੰਦੀ ਵਿਚ ਕੀਤਾ ਸੰਪਾਦਨ ਹੈ। ਇਸ ਕਾਰਜ ਲਈ ਰਾਜਗੁਰੂ ਨੇ ਚਾਰ ਹੱਥ-ਲਿਖਤਾਂ ਤੋਂ ਸਹਾਇਤਾ ਲਈ ਹੈ ਪਰ ਇਹ ਨਹੀਂ ਦੱਸਿਆ ਕਿ ਮੂਲ ਪਾਠ ਲਈ ਕਿਹੜੀ ਪੋਥੀ ਨੂੰ ਆਧਾਰ ਬਣਾਇਆ ਹੈ। ਪੁਸਤਕ ਦੇ ਅੰਤ ਵਿਚ ਹਰਿ ਜੀ ਦੇ ਸ਼ਬਦ ਸਲੋਕ ਪਤਾ ਨਹੀਂ ਕਿਉਂ ਸ਼ਾਮਿਲ ਨਹੀਂ ਕੀਤੇ, ਹਾਲਾਂਕਿ ਇਹ ਉਨ੍ਹਾਂ ਦੀ ਵਰਤੀ ਸਿ.ਰੈ.ਲਾ. ਹ.ਲਿ. 3510 ਵਿਚ 'ਸੈਂਤਾਲੀਹਵੀ ਗੋਸਟ' ਹੇਠਾਂ ਦਰਜ ਹਨ। ਨਿਰਧਾਰਿਤ ਪਾਠ

SikhBookClub.com

ਵਿਚ ਕੁੱਝ ਗ਼ਲਤੀਆਂ ਵੀ ਵੇਖੀਆਂ ਗਈਆਂ ਹਨ, ਜਿਵੇਂ ਪਿਰਥੀ ਚੰਦ ਦੇ ਸਹੁਰੇ ਪਿੰਡ 'ਹੇਹਰਾਂ' ਨੂੰ ਇਕ ਪਿੰਡ ਨਹੀਂ ਬਲਕਿ ਕੁੱਝ ਹੋਰ ਹੀ ਸਮਝ ਲਿਆ ਹੈ। ਪੁਸਤਕ ਦੇ ਪਹਿਲੇ ਖੰਡ ਵਿਚ 166 ਸਫ਼ਿਆਂ ਦੀ ਲੰਮੀ ਭੂਮਿਕਾ ਹੈ, ਜਿਸ ਵਿਚ ਪਿਰਥੀ ਚੰਦ ਤੇ ਉਸ ਦੀ ਪਰੰਪਰਾ, ਅਤੇ ਮਿਹਰਵਾਨ, ਹਰਿ ਜੀ ਤੇ ਚਤੁਰਭੁਜ ਦੀਆਂ ਕਿਰਤਾਂ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ ਹੈ।

13. *ਗੋਸ਼ਟਾਂ ਮਿਹਰਬਾਨ ਜੀ ਕੀਆਂ*

[(ਸੋਢੀ ਹਰਿ ਜੀ ਕ੍ਰਿਤ), 1977, ਕ੍ਰਿਸ਼ਣਾ ਕੁਮਾਰੀ ਬਾਂਸਲ (ਸੰਪਾ.)]

ਇਹ ਮਿਹਰਵਾਨ ਦੀਆਂ ਗੋਸ਼ਟਾਂ ਦਾ ਪੰਜਾਬੀ ਵਿਚ ਕੀਤਾ ਸੰਪਾਦਨ ਹੈ। ਸੰਪਾਦਿਕਾ ਨੇ ਆਪਣੇ ਇਕ ਨਿਜੀ ਉਤਾਰੇ (ਮਿਤੀ 1740 ਈ.) ਨੂੰ ਆਧਾਰ ਬਣਾ ਕੇ ਉਸ ਦਾ ਤੁਲਨਾਤਮਕ ਅਧਿਐਨ ਸਿ.ਰੈ.ਲਾ. ਹ.ਲਿ. 3510 ਨਾਲ ਕੀਤਾ ਹੈ। ਰਾਜਗੁਰੂ ਦੇ ਨਿਰਧਾਰਿਤ ਪਾਠ ਦੇ ਮੁਕਾਬਲੇ, ਇਹ ਪਾਠ ਪੂਰਾ ਤੇ ਸ਼ੁੱਧ ਸਮਝਣਾ ਚਾਹੀਦਾ ਹੈ।

14. *ਹਰਿ ਜੀ ਰਚਿਤ ਸੁਖਮਨੀ ਸਹੰਸਰਨਾਮਾ ਦਾ ਵਿਸਤ੍ਰਿਤ ਅਧਿਐਨ ਅਤੇ ਆਲੋਚਨਾਤਮਕ ਸੰਪਾਦਨ*

[1977, ਕ੍ਰਿਸ਼ਣਾ ਕੁਮਾਰੀ ਬਾਂਸਲ ਦਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪਰਵਾਣਿਤ ਪੀ-ਐਚ.ਡੀ ਥੀਸਿਸ]

ਇਸ ਥੀਸਿਸ ਵਿਚ ਭੂਮਿਕਾ ਤੇ 'ਸੁਖਮਨੀ ਸਹੰਸਰਨਾਮਾ ਪਰਮਾਰਥ' ਦਾ ਮੂਲ ਪਾਠ ਦਿੱਤਾ ਹੋਇਆ ਹੈ। ਇਸ ਦੇ ਸੰਪਾਦਨ ਲਈ ਕ੍ਰਿਸ਼ਣਾ ਕੁਮਾਰੀ ਬਾਂਸਲ ਨੇ ਤਿੰਨ ਹੱਥ-ਲਿਖਤ ਪੋਥੀਆਂ ਵਰਤੀਆਂ ਹਨ। ਆਪਣੀ ਨਿਜੀ ਪੋਥੀ, ਮਿਤੀ 1740 ਈ. ਨੂੰ ਆਧਾਰ ਬਣਾਇਆ ਹੈ, ਤੇ ਤੁਲਨਾ, ਸੈਂ.ਸ.ਲਾ. ਵਿਚ ਸੁਰੱਖਿਅਤ ਦੋ ਪੋਥੀਆਂ, ਹ.ਲਿ.ਨੰ 692, ਮਿਤੀ 1744 ਈ. ਤੇ ਹ.ਲਿ. 2914, ਮਿਤੀ 1825 ਈ. ਨਾਲ ਕੀਤੀ ਹੈ। ਇਹ ਥੀਸਿਸ ਹਾਲਾਂ ਤਕ ਅਣਛਪਿਆ ਹੈ। ਹੁਣ ਸੁਖਮਨੀ ਸਹੰਸਰਨਾਮਾ ਪਰਮਾਰਥ ਦੀਆਂ ਕਈ ਹੋਰ ਹੱਥ-ਲਿਖਤ ਪੋਥੀਆਂ ਮਿਲ ਗਈਆਂ ਹਨ, ਜਿਨ੍ਹਾਂ ਵਿੱਚੋਂ ਕੁੱਝ ਸਤਾਰ੍ਹਵੀਂ ਸਦੀ ਈਸਵੀ ਦੀਆਂ ਹਨ, ਇਸ ਲਈ ਇਕ ਨਵੇਂ ਸੰਪਾਦਨ ਦਾ ਜਤਨ ਲਾਭਦਾਇਕ ਹੋ ਸਕਦਾ ਹੈ।

15. *ਸਵੱਈਏ ਉਸਤਤਿ ਸ੍ਰੀ ਸਤਿਗੁਰੂ ਅਮਰਦਾਸ ਜੀ ਕੀ*

[1979, ਧਰਮ ਸਿੰਘ]

ਇਹ ਲੇਖ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਰਿਸਾਲੇ *ਖੋਜ ਪਤ੍ਰਿਕਾ* ਦੇ ਗੁਰੂ ਅਮਰਦਾਸ ਵਿਸ਼ੇਸ਼ ਅੰਕ, ਸਤੰਬਰ 1979, ਵਿਚ ਛਪਿਆ ਸੀ। ਇਸ ਵਿਚ ਲੇਖਕ ਨੇ ਛੋਟੇ ਮੇਲ ਦੇ ਕਵੀ ਕੁਸ਼ਲ ਦਾਸ ਨਾਲ ਜਾਣ-ਪਛਾਣ ਕਰਵਾਈ ਹੈ ਤੇ

SikhBookClub.com

ਪੋਥੀ ਸਾਹਿਬ (ਗੁ.ਨਾ.ਦੇ.ਯੂ. ਹ.ਲਿ. 598) ਵਿੱਚੋਂ ਗੁਰੂ ਅਮਰ ਦਾਸ ਜੀ ਦੀ ਉਸਤਤਿ ਵਿਚ ਰਚੇ ਸਵੱਯਾਂ ਦਾ ਮੂਲ ਪਾਠ ਪੇਸ਼ ਕੀਤਾ ਹੈ। ਆਪ ਲਿਖਦੇ ਹਨ ਕਿ "ਕੁਸ਼ਲ ਦਾਸ ਬਾਰੇ ਫਿਲਹਾਲ ਪੱਕੇ ਰੂਪ ਵਿਚ ਇਹ ਪਤਾ ਨਹੀਂ ਲੱਗ ਸਕਿਆ ਕਿ ਉਹ ਕਿਥੋਂ ਦਾ ਰਹਿਣ ਵਾਲਾ ਸੀ ਪਰ ਅਨੁਮਾਨ ਲਾਇਆ ਜਾਂਦਾ ਹੈ ਕਿ ਉਹ ਅੰਮ੍ਰਿਤਸਰ ਦੇ ਨੇੜੇ ਦਾ ਹੋਵੇਗਾ।" ਸਾਡੀ ਖੋਜ ਮੁਤਾਬਕ ਉਹ ਭਿਖੀਵਿੰਡ ਦਾ ਰਹਿਣ ਵਾਲਾ ਸੀ।

16. *ਪੰਜਾਬੀ ਵਾਰਾਂ*

[1980, ਪਿਆਰਾ ਸਿੰਘ ਪਦਮ (ਸੰਪਾ.)]

ਇਹ ਪੁਸਤਕ ਪਹਿਲੀ ਵਾਰ 1951 ਵਿਚ ਛਪੀ ਸੀ ਤੇ ਇਸ ਵਿਚ 28 ਵਾਰਾਂ ਸਨ। 1980 ਵਾਲੀ ਦੂਜੀ ਐਡੀਸ਼ਨ ਵਿਚ 60 ਵਾਰਾਂ ਹਨ ਜਿਨ੍ਹਾਂ ਵਿੱਚੋਂ ਸੋਢੀ ਮਿਹਰਵਾਨ (ਮ: ੭), ਸੋਢੀ ਹਰਿ ਜੀ (ਮ: ੮), ਭਾਈ ਦਰਬਾਰੀ ਤੇ ਕਵੀ ਕੁਸ਼ਲਦਾਸ ਦੀਆਂ ਹੇਠਾਂ ਲਿਖੀਆਂ ਵਾਰਾਂ ਦਾ ਮੂਲ ਪਾਠ ਸ਼ਾਮਿਲ ਹੈ :

(1) ਵਾਰ ਤਿਲੰਗ ਕੀ ਮ: ੭ (ਪਾਠ ਦਾ ਸਰੋਤ ਨਹੀਂ ਦਿੱਤਾ, ਸਾਡੀ ਜਾਚੇ ਇਸ ਵਾਰ ਦਾ ਕਰਤਾ ਮ: ੮ ਹੈ)

(2) ਵਾਰ ਪੀਰਾਂ ਕੀ ਰਾਗ ਬਿਲਾਵਲ ਮ: ੭ (ਸਰੋਤ : ਖਰੜਾ ਗੰਡਾ ਸਿੰਘ, ਪਟਿਆਲਾ)

(3) ਵਾਰ ਮਲਾਰ ਮ: ੭ (ਸਰੋਤ : ਭਾ.ਵਿ. ਹ.ਲਿ. 265)

(4) ਵਾਰ ਸੋਰਠਿ ਕੀ ਮ: ੮ (ਸਰੋਤ : ਸੈਂ.ਸ.ਲਾ. ਹ.ਲਿ. 671)

(5) ਵਾਰ ਰਾਗ ਮਾਲਕੌਂਸ ਕੀ ਕ੍ਰਿਤ ਭਾਈ ਦਰਬਾਰੀ (ਸਰੋਤ : ਪੋਥੀ ਹਰਿਜਸ)

(6) ਵਾਰ ਭਗਤ ਵਸਚਲ ਕੀ ਕ੍ਰਿਤ ਕੁਸ਼ਲਦਾਸ (ਸਰੋਤ : ਤਖ਼ਤ ਪਟਨਾ ਸਾਹਿਬ ਵਿਚ ਕੁਸ਼ਲਦਾਸ ਦੀ ਰਚਨਾਵਲੀ ਦਾ ਖਰੜਾ)

17. *ਕਲਮ ਦੇ ਚਮਤਕਾਰ*

[1981, ਪਿਆਰਾ ਸਿੰਘ ਪਦਮ]

ਇਸ ਪੁਸਤਕ ਵਿਚ ਛੋਟੇ ਮੇਲ ਸੰਬੰਧੀ ਤਿੰਨ ਕਾਂਡ ਹਨ : *ਮਿਹਰਬਾਨੀਆਂ ਦੀ ਸਾਹਿੱਤਕ ਮਿਹਰਵਾਨੀ*, *ਬਾਵਾ ਹਰੀਆ* ਤੇ *ਬਾਵਾ ਦਰਬਾਰੀ ਦਾਸ*।

ਮਿਹਰਬਾਨੀਆਂ ਦੀ ਸਾਹਿੱਤਕ ਮਿਹਰਵਾਨੀ ਵਿਚ ਮੀਣਾ ਸੰਪ੍ਰਦਾਇ ਬਾਰੇ ਆਮ ਵਾਕਫ਼ੀ ਦੇਣ ਤੋਂ ਬਾਅਦ ਲੇਖਕ ਨੇ ਮਿਹਰਵਾਨ ਤੇ ਹਰਿ ਜੀ ਦੀਆਂ ਰਚਨਾਵਾਂ ਉੱਤੇ ਚਰਚਾ ਕੀਤੀ ਹੈ, ਨਾਲੇ ਕੁੱਝ ਮਿਸਾਲਾਂ ਵੀ ਦਿੱਤੀਆਂ ਹਨ। *ਸਿੰਘਾਸਨ ਬਤੀਸੀ* ਨੂੰ ਹਰਿ ਜੀ ਦੀ ਬਜਾਏ ਮਿਹਰਵਾਨ ਦੀ ਰਚਨਾ ਮੰਨਿਆ ਹੈ। ਪਦਮ ਹੁਰਾਂ ਨੇ 1967-68 ਵਿਚ, *ਮਿਹਰਬਾਨੀਆਂ ਦੀ ਸਾਹਿੱਤ ਸੇਵਾ* ਉੱਤੇ ਲਿਖੇ ਇਕ ਲੇਖ ਵਿਚ ਮਿਹਰਵਾਨੀਆਂ ਦੀ ਪਰੰਪਰਾ ਨਾਲ ਸੰਬੰਧਿਤ ਇਕ ਦੁਨੀ ਦਾਸ ਕਵੀ ਦੀ ਦੱਸ ਪਾਈ ਸੀ, ਇਸ ਕਿਤਾਬ

SikhBookClub.com

ਵਿਚ ਉਨ੍ਹਾਂ ਨੇ ਇਕ ਹੋਰ ਕਵੀ ਜੌਂਕੀ ਦਾਸ ਦਾ ਨਾਂ ਲਿਆ ਹੈ। ਪਰ ਪਹਿਲਾਂ ਵਾਂਗ, ਇਸ ਕਵੀ ਦਾ ਵੀ ਕੋਈ ਥੌਹ-ਪਤਾ ਨਹੀਂ ਦਿੱਤਾ।[19]

ਬਾਵਾ ਦਰਬਾਰੀ ਦਾਸ ਦੇ ਕਾਂਡ ਵਿਚ, ਭਾਈ ਦਰਬਾਰੀ ਰਚਿਤ *ਹਰਿਜਸ ਗ੍ਰੰਥ* ਦਾ ਵੇਰਵਾ ਤੇ ਉਸ ਵਿਚ ਪ੍ਰਾਪਤ ਰਚਨਾ ਦੇ ਕੁੱਝ ਨਮੂਨੇ ਪਹਿਲੀ ਵਾਰ ਪਾਠਕਾਂ ਦੇ ਸਾਹਮਣੇ ਲਿਆਂਦੇ ਗਏ ਸਨ। ਪਦਮ ਹੁਰੀਂ ਵੈਰੋਕੇ ਵਾਲੇ ਭਾਈ ਦਰਬਾਰੀ ਤੇ ਦੀਵਾਨਿਆਂ ਦੇ ਗੱਦੀਦਾਰ ਦਰਬਾਰੀ ਦਾਸ ਨੂੰ ਇੱਕੋ ਵਿਅਕਤੀ ਸਮਝਦੇ ਹਨ, ਪਰ ਜਿਵੇਂ ਕਿ ਅਸੀਂ ਹਥਲੀ ਪੁਸਤਕ ਦੇ ਕਾਂਡ ਨੰ. 8 ਵਿਚ ਦੱਸਿਆ ਹੈ, ਇਹ ਠੀਕ ਪ੍ਰਤੀਤ ਨਹੀਂ ਹੁੰਦਾ।

18. *ਬਾਣੀ ਬ੍ਰਿੱਧ ਪ੍ਰਤਾਪ, ਉਦਾਸੀਨ ਦੀਵਾਨਿਆਂ ਦਾ ਗ੍ਰੰਥਾ ਸਾਹਿਬ*

[ਕ੍ਰਿਤ ਬਾਬਾ ਰਾਮ ਦਾਸ, 1981]

ਬਾਬਾ ਰਾਮ ਦਾਸ ਛੋਟੇ ਮੇਲ ਦੀ ਦੀਵਾਨਾ ਉਪ-ਸੰਪ੍ਰਦਾਇ ਦੇ ਉੱਤਰ-ਅਧਿਕਾਰੀ ਤੇ ਵਿਦਵਾਨ ਕਵੀ ਹੋਏ ਹਨ। ਹੁਣ ਇਸ ਪੀੜ੍ਹੀ ਦੇ ਮਹੰਤ ਆਪਣੇ ਆਪ ਨੂੰ ਉਦਾਸੀਨ-ਦੀਵਾਨਾ ਕਹਿੰਦੇ ਹਨ। *ਬਾਣੀ ਬ੍ਰਿੱਧ ਪ੍ਰਤਾਪ* ਗ੍ਰੰਥ ਬਾਬਾ ਜੀ ਦੀ ਰਚਨਾ ਦਾ ਇਕ ਵਡ-ਅਕਾਰੀ ਸੰਗ੍ਰਹਿ ਹੈ ਜੋ ਡੇਰਾ ਬਾਬਾ ਰਾਮ ਦਾਸ ਚੌਰੇ ਵਾਲਾ, ਪਟਿਆਲਾ ਦੇ ਮਹੰਤ ਬਾਬਾ ਚਰਨ ਦਾਸ ਨੇ ਪ੍ਰਕਾਸ਼ਿਤ ਕਰਵਾਇਆ ਸੀ।

19. *ਸੋਢੀ ਬੰਸ*

[1984, ਸੋਢੀ ਗੁਰਦਰਸ਼ਨ ਸਿੰਘ ਮੁਨਾਵਾਂ]

ਇਸ ਪੁਸਤਕ ਵਿਚ ਲੇਖਕ ਨੇ ਸੋਢੀ ਘਰਾਣਿਆਂ ਦੀ ਵਿਥਿਆ ਬਿਆਨ ਕੀਤੀ ਹੈ, ਨਾਲੇ ਅਨੰਦਪੁਰ, ਕਰਤਾਰਪੁਰ ਤੇ ਮਾਲਵੇ ਦੇ ਸੋਢੀ ਖ਼ਾਨਦਾਨਾਂ ਦੇ ਸ਼ਜਰੇ ਉਲੀਕੇ ਹਨ। ਹੁਣ ਤਕ ਸਾਡੇ ਸਾਰੇ ਲੇਖਕ ਏਹੀ ਮੰਨਦੇ ਆ ਰਹੇ ਸਨ ਕਿ ਸੋਢੀ ਹਰਿ ਜੀ ਦੇ ਤਿੰਨ ਪੁੱਤਰ ਸਨ—ਨਿਰੰਜਨ ਰਾਏ, ਹਰਿ ਗੋਪਾਲ ਤੇ ਕੰਵਲ ਨੈਨ। ਸੋਢੀ ਗੁਰਦਰਸ਼ਨ ਸਿੰਘ ਹੁਰਾਂ, ਪਹਿਲੀ ਵਾਰ, ਆਪਣੀ ਬੰਸ ਦੇ ਸਰੋਤਾਂ ਦੇ ਆਧਾਰ ਉੱਤੇ ਇਹ ਸਿੱਧ ਕੀਤਾ ਹੈ ਕਿ ਹਰਿ ਜੀ ਦੇ ਤਿੰਨ ਨਹੀਂ, ਕੇਵਲ ਦੋ ਪੁੱਤਰ ਸਨ—ਹਰਿ ਗੋਪਾਲ ਤੇ ਹਰਿ ਨਾਰਾਇਣ। ਕੰਵਲ ਨੈਨ, ਹਰਿ ਨਾਰਾਇਣ ਦਾ ਬੇਟਾ ਸੀ, ਭਾਵ ਹਰਿ ਜੀ ਦਾ ਪੋਤਰਾ ਤੇ ਨਿਰੰਜਨ ਰਾਏ ਹਰਿ ਜੀ ਦੀ ਔਲਾਦ ਨਹੀਂ ਸੀ, ਉਹ ਹਰਿ ਜੀ ਦੇ ਭਰਾ ਕਰਨ ਮੱਲ ਦਾ ਪੋਤਰਾ ਸੀ। ਇਹ ਤੱਥ ਗਿਆਨੀ ਗਰਜਾ ਸਿੰਘ ਦੁਆਰਾ ਸੰਪਾਦਿਤ *ਸ਼ਹੀਦ ਬਿਲਾਸ* ਕ੍ਰਿਤ ਸੇਵਾ ਸਿੰਘ ਭੱਟ (1961) ਵਿਚ ਦਿੱਤੀ ਜਾਣਕਾਰੀ ਨੂੰ ਗ਼ਲਤ ਸਾਬਤ ਕਰਦੇ ਹਨ।

---

19. ਕਵੀ ਜਉਕੀ ਦਾਸ ਦੁਨੀ ਦਾਸ ਦੀਆਂ ਦੋ ਰਚਨਾਵਾਂ *ਆਸਾ ਦੀ ਵਾਰ* ਤੇ *ਗੀਤਾ ਸਾਰ*, ਸੈਂ.ਸ.ਲਾ. ਹ.ਲਿ. 687 ਵਿਚ ਅੰਕਿਤ ਹਨ। ਇਨ੍ਹਾਂ ਦੋਨਾਂ ਨੂੰ ਮਿਹਰਵਾਨ ਪਰੰਪਰਾ ਨਾਲ ਜੋੜਨ ਦੀ ਕੋਈ ਵਜ੍ਹਾ ਨਜ਼ਰ ਨਹੀਂ ਆਉਂਦੀ।

SikhBookClub.com

20. *ਸੋਢੀ ਹਰਿ ਜੀ : ਜੀਵਨ ਤੇ ਰਚਨਾ*

[1985, ਗੁਰਮੋਹਨ ਸਿੰਘ ਆਹਲੂਵਾਲੀਆ]

ਇਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ 'ਪੰਜਾਬੀ ਲੇਖਕ ਲੜੀ' ਦੀ 36ਵੀਂ ਪੁਸਤਕ ਹੈ। ਇਸ ਵਿਚ ਹਰਿ ਜੀ ਦਾ ਜੀਵਨ ਬਿਰਤਾਂਤ ਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਵੇਰਵਾ ਦਿੱਤਾ ਗਿਆ ਹੈ। ਲੇਖਕ ਨੇ ਹਰਿ ਜੀ ਦੀਆਂ ਵਾਰਤਕ ਰਚਨਾਵਾਂ ਬਾਰੇ ਕਾਫ਼ੀ ਗੰਭੀਰ ਚਰਚਾ ਕੀਤੀ ਹੈ। ਮਿਹਰਵਾਨ ਵਾਲੀ *ਜਨਮ ਸਾਖੀ ਗੁਰੂ ਨਾਨਕ ਦੇਵ ਜੀ* ਦੀ ਦੂਜੀ *ਪੋਥੀ ਹਰਿ ਜੀ* ਨੂੰ, ਆਮ ਧਾਰਨਾ ਦੇ ਉਲਟ, ਹਰਿ ਜੀ ਦੀ ਨਹੀਂ ਬਲਕਿ ਮਿਹਰਵਾਨ ਦੀ ਰਚਨਾ ਸਿੱਧ ਕੀਤਾ ਹੈ, ਜਿਸ ਨੂੰ ਕੇਸ਼ੋਦਾਸ ਨੇ ਹਰਿ ਜੀ ਦੀ ਨਿਗਰਾਨੀ ਹੇਠ ਲਿਖਿਆ ਤੇ ਸਵਾਰਿਆ। *ਸਿੰਘਾਸਨ ਬਤੀਸੀ* ਨੂੰ, ਜੋ ਸ਼ਮਸ਼ੇਰ ਸਿੰਘ ਅਸ਼ੋਕ ਜਾਂ ਪਿਆਰਾ ਸਿੰਘ ਪਦਮ ਅਨੁਸਾਰ ਮਿਹਰਵਾਨ ਦੀ ਉਪਜ ਹੈ, ਲੇਖਕ ਨੇ ਹਰਿ ਜੀ ਦੀ ਰਚਨਾ ਮੰਨਿਆ ਹੈ। *ਸੁਖਮਨੀ ਸਹੰਸਰਨਾਮੇ* ਬਾਰੇ ਲੇਖਕ ਦੀ ਰਾਏ ਹੈ ਕਿ ਇਸ ਦੇ ਦੋ ਰਚਿਆਰ ਹਨ, ਸੁਖਮਨੀ ਦੀਆਂ ਅਸ਼ਟਪਦੀਆਂ ਮਿਹਰਵਾਨ ਦੀ ਕਿਰਤ ਹਨ ਤੇ ਉਨ੍ਹਾਂ ਦੇ ਪਰਮਾਰਥ ਹਰਿ ਜੀ ਨੇ ਲਿਖੇ ਹਨ। ਇਸ ਪੁਸਤਕ ਵਿਚ ਲੇਖਕ ਨੇ ਹਰਿ ਜੀ ਦੀ ਕਾਵਿ ਰਚਨਾ ਨਾਲ ਪੂਰਾ ਇਨਸਾਫ਼ ਨਹੀਂ ਕੀਤਾ ਲੱਗਦਾ।

21. *ਗੋਸਟਿ ਗੁਰੂ ਅਮਰ ਦਾਸ ਜੀ*

[1986, ਰਾਇਜਸਬੀਰ ਸਿੰਘ ਦੁਆਰਾ ਸੰਪਾਦਿਤ *ਗੁਰੂ ਅਮਰ ਦਾਸ ਸ੍ਰੋਤ ਪੁਸਤਕ* ਵਿਚ]

ਇਸ ਪੁਸਤਕ ਵਿਚ ਗੁਰੂ ਅਮਰ ਦਾਸ ਜੀ ਦੀਆਂ 28 ਗੋਸ਼ਟਾਂ ਦਾ ਮੂਲ ਪਾਠ ਦਿੱਤਾ ਹੋਇਆ ਹੈ। 3 ਗੋਸ਼ਟਾਂ ਦਾ ਸਰੋਤ ਸੈਂ.ਸ.ਲਾ. ਹ.ਲਿ. 678 ਹੈ ਤੇ 25 ਗੋਸ਼ਟਾਂ ਦਾ ਪ੍ਰੋ.ਪ੍ਰੀ.ਸਿੰ. ਹ.ਲਿ. 57 (ਇਹ ਅਸ਼ੋਕ ਹੁਰਾਂ ਦੀ ਸੂਚੀ ਵਿਚ ਦਿੱਤਾ ਪੁਰਾਣਾ ਨੰਬਰ ਹੈ)।[20] ਇਹ ਗੋਸ਼ਟਾਂ ਸੋਢੀ ਮਿਹਰਵਾਨ ਦੀ ਰਚਨਾ ਮੰਨੀਆਂ ਜਾਂਦੀਆਂ ਹਨ। ਪ੍ਰੋ.ਪ੍ਰੀ. ਸਿੰ. ਵਾਲੀ ਹੱਥ-ਲਿਖਤ ਅਧੂਰੀ ਹੋਣ ਦੇ ਕਾਰਨ, ਗੁਰੂ ਅਮਰ ਦਾਸ ਜੀ ਦੀਆਂ ਹੋਰ ਗੋਸ਼ਟਾਂ ਲੱਭਣ ਦੀ ਆਸ ਹੈ।

22. *ਮਾਝਾਂ ਭਾਈ ਦਰਬਾਰੀ*

[1988, ਜੱਥੇਦਾਰ ਕਿਰਪਾਲ ਸਿੰਘ (ਸੰਪਾ.)]

ਇਹ ਪੁਸਤਕ ਛੋਟੇ ਮੇਲ ਦੇ ਉੱਘੇ ਸੰਤ ਕਵੀ ਭਾਈ ਦਰਬਾਰੀ ਰਚਿਤ *ਪੋਥੀ ਹਰਿਜਸ* ਦੇ ਹੱਥ-ਲਿਖਤ ਸੰਗ੍ਰਹਿ ਵਿਚ ਪੱਤਰਾ 895 ਤੋਂ 914 ਤਕ ਦਿੱਤੇ ਮਾਝਾਂ ਦੇ ਪਾਠ ਦਾ ਸੰਪਾਦਨ ਹੈ। ਪਿੰਡ ਵੈਰੋਕੇ ਵਾਲੀ ਅਣਛਪੀ *ਪੋਥੀ ਹਰਿਜਸ* ਦੇ ਕੁੱਲ 919 ਪੱਤਰੇ ਹਨ। ਪੁਸਤਕ ਦੀ ਭੂਮਿਕਾ ਵਿਚ ਸੰਪਾਦਕ ਨੇ ਹਰਿ ਜੀ ਦੇ ਤਿੰਨ ਪੁੱਤਰ

---

20. ਇਹ ਖਰੜਾ ਹੁਣ ਪ੍ਰੋ. ਪ੍ਰੀਤਮ ਸਿੰਘ ਦੀ ਲਾਇਬ੍ਰੇਰੀ ਵਿੱਚੋਂ ਗੁੰਮ ਹੈ। ਕੋਈ ਖਿਸਕਾ ਕੇ ਲੈ ਗਿਆ ਲੱਗਦਾ ਹੈ।

SikhBookClub.com

ਗਿਣਾਏ ਹਨ—ਨਿਰੰਜਨ ਰਾਏ, ਹਰਿ ਗੋਪਾਲ ਤੇ ਕਉਲ ਨੈਨ ਤੇ ਨਿਰੰਜਨ ਰਾਏ ਦਾ ਪ੍ਰਸਿੱਧ ਨਾਂ ਹਰਿ ਨਾਰਾਇਣ ਦੱਸਿਆ ਹੈ। ਇਸ ਸੂਚਨਾ ਦਾ ਮੁੱਢਲਾ ਸਰੋਤ ਕੀ ਹੈ, ਇਹ ਨਹੀਂ ਦੱਸਿਆ।

23. *ਬਾਣੀ ਬਾਬਾ ਰਾਮ ਦਾਸ*

[1989, ਜਸਬੀਰ ਸਿੰਘ ਸਾਬਰ (ਸੰਪਾ.)]

ਇਹ ਪੁਸਤਕ ਬਾਬਾ ਰਾਮ ਦਾਸ ਚੌਰੇ ਵਾਲੇ, ਪਟਿਆਲਾ ਦੀ ਰਚਨਾ ਦਾ ਇਕ ਸੰਗ੍ਰਹਿ ਹੈ। ਸੰਪਾਦਕ ਨੇ ਸੰਪਾਦਨ-ਕਾਰਜ ਲਈ ਗੁ.ਨਾ.ਦੇ.ਯੂ. ਹ.ਲਿ. 263 (ਮਿਤੀ 1807 ਈ.) ਨੂੰ ਆਧਾਰ ਬਣਾਇਆ ਹੈ ਤੇ ਤੁਲਨਾਤਮਕ ਅਧਿਐਨ ਅਤੇ ਪਾਠ-ਮਿਲਾਨ ਲਈ ਗੁ.ਨਾ.ਦੇ.ਯੂ. ਹ.ਲਿ. 836 ਤੇ ਸੈਂ.ਸ.ਲਾ. ਦੀਆਂ ਹ.ਲਿ. 533 (1816 ਈ.), ਹ.ਲਿ. 534, ਤੇ ਹ.ਲਿ. 715 (1826 ਈ.) ਵਰਤੀਆਂ ਹਨ।

ਇਸ ਪੁਸਤਕ ਦੀ ਤਕਰੀਬਨ ਸਾਰੀ ਰਚਨਾ ਬਾਬਾ ਰਾਮ ਦਾਸ ਦੇ ਡੇਰੇ ਤੋਂ 1981 ਈ. ਵਿਚ ਛਪੇ *ਬਾਣੀ ਬ੍ਰਿੱਧ ਪ੍ਰਤਾਪ ਉਦਾਸੀਨ ਦੀਵਾਨਿਆਂ ਦਾ ਗ੍ਰੰਥਾ ਸਾਹਿਬ* ਵਿਚ ਸੰਕਲਿਤ ਹੈ, ਪਰ ਇਸ ਦਾ ਡੇਰੇ ਵਾਲੇ ਗ੍ਰੰਥਾ ਸਾਹਿਬ ਨਾਲ ਮਿਲਾਨ ਨਹੀਂ ਕੀਤਾ ਗਿਆ।

24. *ਸਾਰ ਰਾਮਾਇਣ ਕ੍ਰਿਤ ਬਾਬਾ ਰਾਮ ਦਾਸ*

[1989, ਉੱਤਮ ਸਿੰਘ ਭਾਟੀਆ (ਸੰਪਾ.)]

ਸੰਪਾਦਕ ਨੇ ਇਸ ਪੁਸਤਕ ਦਾ ਮੂਲ ਪਾਠ ਨਿਰਧਾਰਿਤ ਕਰਨ ਲਈ ਦੋ ਹੱਥ-ਲਿਖਤਾਂ ਤੋਂ ਕੰਮ ਲਿਆ ਹੈ, ਇਕ ਸੈਂ.ਸ.ਲਾ. ਹ.ਲਿ. 2745 ਤੇ ਦੂਜੀ ਭਾ.ਵਿ. ਹ.ਲਿ. 319 (ਅਧੂਰੀ ਤੇ ਅਥਿਤ)। ਇਕ ਹੋਰ, ਮੋਤੀ ਬਾਗ਼ ਲਾਇਬ੍ਰੇਰੀ, ਪਟਿਆਲਾ ਵਿਚ ਪਈ ਪ੍ਰਤੀ (ਨੰਬਰ ਨਹੀਂ ਦੱਸਿਆ) ਦੀ ਸੂਹ ਦਿੱਤੀ ਹੈ, ਪਰ ਵਰਤੀ ਨਹੀਂ, ਕਿਉਂਕਿ ਇਹ ਪ੍ਰਾਪਤ ਨਹੀਂ ਹੋ ਸਕੀ।

25. *ਆਦਿ ਰਾਮਾਇਣ ਕ੍ਰਿਤ ਸੋਢੀ ਮਿਹਰਵਾਨੁ*

[1989, ਪ੍ਰੇਮ ਸਾਗਰ ਸ਼ਾਸਤ੍ਰੀ (ਸੰਪਾ.)]

ਇਸ ਦੇਵਨਾਗਰੀ ਸੰਸਕਰਨ ਵਿਚ ਸੰਪਾਦਕ ਨੇ ਇਹ ਨਹੀਂ ਦੱਸਿਆ ਕਿ ਇਸ ਦਾ ਪਾਠ ਕਿਸ ਜਾਂ ਕਿਹੜੀਆਂ ਹੱਥ-ਲਿਖਤਾਂ ਉੱਤੇ ਆਧਾਰਿਤ ਹੈ। ਇਸ ਲਈ ਇਸ ਪਾਠ ਦੀ ਪ੍ਰਮਾਣਿਕਤਾ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ। ਮੂਲ ਰੂਪ ਵਿਚ ਤਾਂ 'ਆਦਿ ਰਾਮਾਇਣ' 'ਸੁਖਮਨੀ ਸਹੰਸਰਨਾਮਾ ਪਰਮਾਰਥ' ਦਾ ਭਾਗ ਹੈ (23ਵੀਂ ਅਸ਼ਟਪਦੀ), ਜਿਸ ਦੀਆਂ ਕਈ ਹੱਥ-ਲਿਖਤਾਂ ਮਿਲਦੀਆਂ ਹਨ, ਪਰ 'ਆਦਿ ਰਾਮਾਇਣ' ਦੇ ਕਈ ਸੁਤੰਤਰ ਖਰੜੇ ਵੀ ਪ੍ਰਾਪਤ ਹਨ। ਇਸ ਕਿਰਤ ਦਾ ਮਿਹਰਵਾਨ ਦੀ ਰਚਨਾ ਹੋਣ ਬਾਰੇ ਮੱਤਭੇਦ ਹੈ।

SikhBookClub.com

26. *ਭਾਈ ਦਰਬਾਰੀ ਦਾਸ ਰਚਿਤ ਪਰਚੀਆਂ ਭਗਤਾਂ ਕੀਆਂ*

[1991, ਗੁਰਚਰਨ ਸਿੰਘ ਸੇਕ (ਸੰਪਾ.)]

ਇਹ ਰਚਨਾ ਸੰਪਾਦਕ ਦੇ ਪੀ-ਐਚ.ਡੀ. ਥੀਸਿਸ ਉੱਤੇ ਆਧਾਰਿਤ ਹੈ, ਜਿਸ ਵਿਚ ਭਾਈ ਦਰਬਾਰੀ ਰਚਿਤ *ਪੋਥੀ ਹਰਿਜਸ* ਦੇ ਪੱਤਰਾ 531 ਤੋਂ 760 ਤਕ ਦੇ ਮੂਲ ਪਾਠ ਦਾ ਸੰਪਾਦਨ ਕੀਤਾ ਗਿਆ ਹੈ। ਸ਼ੁਰੂ ਵਿਚ ਭਾਈ ਦਰਬਾਰੀ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੋਈ ਹੈ। ਮਿਹਰਵਾਨ ਸੰਪ੍ਰਦਾਇ ਦਾ ਉਲੇਖ ਕਰਦਿਆਂ ਲਿਖਿਆ ਹੈ ਕਿ ਹਰਿ ਜੀ ਦੇ ਤਿੰਨ ਪੁੱਤਰ ਸਨ ਤੇ ਨਿਰੰਜਨ ਰਾਏ ਦਾ ਦੂਜਾ ਨਾਂ ਹਰਿ ਨਾਰਾਇਣ ਸੀ ਪਰ ਇਨ੍ਹਾਂ ਨੇ ਵੀ, ਜੱਥੇਦਾਰ ਕਿਰਪਾਲ ਸਿੰਘ ਵਾਂਗ, ਇਸ ਸੂਚਨਾ ਦੀ ਗੰਢ ਨਹੀਂ ਖੋਲ੍ਹੀ।

27. *ਸੋਢੀ ਮਿਹਰਬਾਨ ਦੀ ਗੱਦ ਰਚਨਾ : ਇਕ ਵਿਸ਼ਲੇਸ਼ਣ*

[1992, ਗੁਰਮੋਹਨ ਸਿੰਘ ਵਾਲੀਆ]

ਇਹ ਪੁਸਤਕ ਲੇਖਕ ਦੇ ਪੀ-ਐਚ.ਡੀ. ਥੀਸਿਸ ਉੱਤੇ ਆਧਾਰਿਤ ਹੈ। ਇਸ ਵਿਚ ਉਨ੍ਹਾਂ ਨੇ ਸੋਢੀ ਮਿਹਰਵਾਨ ਦੇ ਜੀਵਨ ਅਤੇ ਸ਼ਖ਼ਸੀਅਤ ਨੂੰ ਛੋਹਣ ਤੋਂ ਬਾਅਦ ਉਸ ਦੀਆਂ ਰਚਨਾਵਾਂ ਤੇ ਖ਼ਾਸ ਕਰਕੇ ਗੱਦ ਰਚਨਾਵਾਂ ਦੀ ਸਾਹਿੱਤਿਕਤਾ ਤੇ ਰਚਿਆਰਤਾ ਦੀ ਪਰਖ ਪੜਚੋਲ ਕੀਤੀ ਹੈ। ਇਹ ਅਧਿਐਨ ਸੋਢੀ ਮਿਹਰਵਾਨ ਉੱਤੇ ਛਪ ਚੁੱਕੀਆਂ ਸਭ ਲਿਖਤਾਂ ਤੋਂ ਵੱਧ ਵਿਸ਼ਲੇਸ਼ਣਾਤਮਕ ਹੈ, ਭਾਵੇਂ ਰਚਿਆਰਤਾ ਸੰਬੰਧੀ ਕਈ ਸਿੱਟਿਆਂ ਨਾਲ ਮੱਤਭੇਦ ਹੋ ਸਕਦਾ ਹੈ। ਲੇਖਕ ਨੇ ਸੋਢੀ ਮਿਹਰਵਾਨ ਤੇ ਉਸ ਦੀ ਸੰਪ੍ਰਦਾਇ ਦੇ ਲੇਖਕਾਂ ਦੀਆਂ ਬਹੁਤ ਸਾਰੀਆਂ ਹੱਥ-ਲਿਖਤ ਰਚਨਾਵਾਂ ਦਾ, ਜੋ ਪਟਿਆਲਾ, ਲੁਧਿਆਣਾ, ਚੰਡੀਗੜ੍ਹ ਤੇ ਅੰਮ੍ਰਿਤਸਰ ਦੀਆਂ ਲਾਇਬ੍ਰੇਰੀਆਂ ਵਿਚ ਤੇ ਕਈ ਨਿਜੀ ਪੁਸਤਕਾਲਿਆਂ ਵਿਚ ਸੁਰੱਖਿਅਤ ਹਨ, ਪੂਰਾ ਲਾਭ ਉਠਾਇਆ ਲੱਗਦਾ ਹੈ।

28. *ਜਨਮ ਸਾਖੀ ਭਗਤ ਕਬੀਰ ਜੀ ਕੀ : ਮੂਲ ਪਾਠ ਤੇ ਵਿਵੇਚਨ*

[1995, ਨਰਿੰਦਰ ਕੌਰ ਭਾਟੀਆ (ਸੰਪਾ.)]

ਇਹ ਪੁਸਤਕ ਮਿਸਿਜ਼ ਭਾਟੀਆ ਦੇ ਪੀ-ਐਚ.ਡੀ. ਥੀਸਿਸ (1977) ਦਾ ਸੋਧਿਆ ਹੋਇਆ ਰੂਪ ਹੈ। ਵਿਦਵਾਨ ਸੰਪਾਦਕਾ ਨੇ ਇਸ ਜਨਮ ਸਾਖੀ ਨੂੰ ਮਿਹਰਵਾਨ ਦੀ ਲਿਖਵਾਈ ਤੇ ਕੇਸ਼ੋ ਦਾਸ ਦੀ ਲਿਖੀ ਸਿੱਧ ਕੀਤਾ ਹੈ। ਪੁਸਤਕ ਵਿਚ 137 ਗੋਸ਼ਟਾਂ ਸ਼ਾਮਿਲ ਕੀਤੀਆਂ ਗਈਆਂ ਹਨ, 34 ਸੈਂ.ਸ.ਲਾ. ਹ.ਲਿ. 678 ਤੋਂ, 101 ਪੰ.ਯੂ.ਚੰ. ਹ.ਲਿ. 1386 ਤੋਂ ਤੇ ਇਕ ਇਕ ਸਿ.ਰੈ.ਲਾ. ਹ.ਲਿ. 1152 ਤੇ ਭਾ.ਵਿ. ਹ.ਲਿ. 359 ਤੋਂ। ਇਨ੍ਹਾਂ ਦਾ ਪਾਠ-ਮਿਲਾਨ 8 ਹੋਰ ਹੱਥ-ਲਿਖਤਾਂ ਨਾਲ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ 6 (ਨੰ. 6858, 6405, 1974, 4472, 4473, 1808) ਸਿ.ਰੈ.ਲਾ. ਵਿਚ ਸਨ ਤੇ ਦੋ (ਨੰ. 289 ਤੇ 9) ਗੁ.ਨ.ਦੇ.ਯੂ. ਵਿਚ ਮੌਜੂਦ ਹਨ।

ਪੁਸਤਕ ਵਿਚ ਜਨਮ ਸਾਖੀ ਕਬੀਰ ਦੇ ਰਚਿਆਰ ਤੇ ਰਚਨਾ-ਕਾਲ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ ਹੈ।

SikhBookClub.com

29. *ਅਲੌਕਿਕ ਭੇਖ ਜਾਂ ਸੰਪਰਦਾ : ਦਿਵਾਨੇ*

[1996, ਪਰਮ ਬਖਸ਼ੀਸ਼ ਸਿੰਘ ਤੇ ਦੇਵਿੰਦਰ ਕੁਮਾਰ ਵਰਮਾ]

ਇਹ ਲੇਖ ਪੰਜਾਬ ਹਿਸਟਰੀ ਕਾਨਫ਼ਰੰਸ, ਮਾਰਚ 1995 ਵਿਚ ਪੇਸ਼ ਕੀਤਾ ਗਿਆ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਕਾਨਫ਼ਰੰਸ ਦੀ ਪ੍ਰੋਸੀਡਿੰਗ ਵਿਚ ਛਪਿਆ। ਇਸ ਦੇ ਲੇਖਕਾਂ ਦਾ ਵਿਚਾਰ ਹੈ ਕਿ ਗਿਆਨੀ ਗਿਆਨ ਸਿੰਘ ਦੀ ਇਹ ਧਾਰਨਾ ਕਿ ਦੀਵਾਨੇ ਉਦਾਸੀਆਂ ਦੀ ਨੌਵੀਂ ਬਖ਼ਸ਼ੀਸ਼ ਹਨ, ਠੀਕ ਨਹੀਂ ਹੈ। ਦੀਵਾਨਿਆਂ ਦਾ ਉਦਾਸੀ ਸੰਪ੍ਰਦਾਇ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੈ। ਆਪਣੀ ਵਿਲੱਖਣ ਹੋਂਦ ਨੂੰ ਬਰਕਰਾਰ ਨਾ ਰੱਖ ਸਕਣ ਦੇ ਡਰ ਤੋਂ ਇਹ ਉਦਾਸੀਆਂ ਦੀ ਮੋਕਲੀ ਸੰਪ੍ਰਦਾਇ ਵਿਚ ਲੀਨ ਹੋ ਗਏ ਹਨ।

30. *The Minas and Their Literature*

[1998, Jeevan Deol]

ਅੰਗਰੇਜ਼ੀ ਜ਼ਬਾਨ ਦੇ ਇਸ ਨਿਬੰਧ ਵਿਚ ਲੇਖਕ ਨੇ ਮੀਣਾ ਸੰਪ੍ਰਦਾਇ ਦੇ ਇਤਿਹਾਸ ਤੇ ਉਸ ਦੇ ਸਾਹਿੱਤ ਦੀ ਘੋਖਵੀਂ ਜਾਂਚ ਪੇਸ਼ ਕੀਤੀ ਹੈ। ਇਸ ਦੀ ਅੰਤਿਕਾ ਵਿਚ ਭਾਰਤ ਵਿਚ ਪ੍ਰਾਪਤ ਮੀਣਾ ਹੱਥ-ਲਿਖਤਾਂ ਦੀ ਲਿਸਟ ਦਿੱਤੀ ਹੋਈ ਹੈ। ਇਹ ਲਿਸਟ ਕਿਉਂਕਿ ਛਪ ਚੁੱਕੀਆਂ ਲਿਖਤਾਂ ਤੇ ਪੁਸਤਕਾਲਿਆਂ ਦੀਆਂ ਸੂਚੀਆਂ ਤੋਂ ਬਣਾਈ ਗਈ ਹੈ ਤੇ ਲੇਖਕ ਨੇ ਇਸ ਵਿਚ ਦਰਜ ਸਾਰੀਆਂ ਹੱਥ ਲਿਖਤਾਂ ਨੂੰ ਆਪ ਨਹੀਂ ਵਾਚਿਆ, ਇਸ ਲਈ ਇਸ ਵਿਚ ਕੁੱਝ ਗ਼ਲਤੀਆਂ ਤੇ ਖ਼ਾਮੀਆਂ ਵੇਖਣ ਵਿਚ ਆਈਆਂ ਹਨ।

31. *ਮਿਹਰਬਾਨ ਰਚਿਤ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ : (ਨਵੀਆਂ ਲੱਭੀਆਂ ਗੋਸ਼ਟਾਂ) ਤਥਾ ਪਰਮਾਰਥ ਅਧੀਨ ਆਈ ਸਮੁੱਚੀ ਬਾਣੀ ਦੀਆਂ ਸਾਰਣੀਆਂ*

[1999, ਨਰਿੰਦਰ ਕੌਰ ਭਾਟੀਆ (ਸੰਪਾ.)]

ਇਸ ਪੁਸਤਕ ਵਿਚ ਮਿਸਿਜ਼ ਭਾਟੀਆ ਨੇ ਮਿਹਰਵਾਨ ਵਾਲੀ ਜਨਮ ਸਾਖੀ ਗੁਰੂ ਨਾਨਕ ਦੇਵ ਜੀ ਦੀਆਂ ਛੇ ਪੋਥੀਆਂ ਵਿੱਚੋਂ ਪਿਛਲੀਆਂ ਤਿੰਨ ਅਪ੍ਰਾਪਤ ਪੋਥੀਆਂ ਦੀਆਂ 33 ਗੋਸ਼ਟਾਂ ਲੱਭ ਕੇ ਐਡਿਟ ਕੀਤੀਆਂ ਹਨ। 25 ਗੋਸ਼ਟਾਂ ਖ਼ਾ.ਕਾ.ਅੰ. ਹ.ਲਿ. SHR 2306 ਤੋਂ ਲਈਆਂ ਹਨ, 6 ਢਿੱਲਵਾਂ ਕਲਾਂ ਵਾਲੀ *ਪੋਥੀ ਮਿਹਰਬਾਨ* ਤੋਂ ਤੇ ਇਕ ਇਕ ਗੁ.ਨਾ.ਦੇ.ਯੂ. ਹ.ਲਿ. 506 ਤੇ ਪੰ.ਆ. ਹ.ਲਿ. 342 ਤੋਂ।[21] ਇਸ ਵਿਚ ਖਾ.ਕਾ.ਅੰ. ਹ.ਲਿ. SHR 2306 ਵਿਚ ਦਰਜ ਮੀਣਾ ਸੰਪ੍ਰਦਾਇ (ਮਹਲਾ ੭,

---

21. ਇਹ ਪੰ.ਆ. ਹ.ਲਿ. 342 ਵਾਲੀ ਬਾਬੇ ਦੇ ਚਲਾਣੇ ਦੀ ਸਾਖੀ, ਪਿਆਰ ਸਿੰਘ ਦੀ ਸੰਪਾਦਿਤ *ਆਦਿ ਸਾਖੀਆਂ*, ਤੀਜਾ ਐਡੀਸ਼ਨ, 1983, ਦੇ ਪੰ. 58-65 ਉੱਤੇ ਵੀ ਪ੍ਰਾਪਤ ਹੈ।

SikhBookClub.com

ਮਹਲਾ ੮, ਆਦਿ) ਦੇ ਕੁੱਝ ਸ਼ਬਦ ਅਤੇ ਢਿੱਲਵਾਂ ਕਲਾਂ ਵਾਲੀ ਪੋਥੀ ਵਿੱਚੋਂ ਕੁਸ਼ਲ ਦਾਸ ਦਾ ਇਕ ਪਦਾ ਵੀ ਪ੍ਰਕਾਸ਼ਿਆ ਗਿਆ ਹੈ।

32. *ਬਾਣੀ ਬਿਲਾਸ, ਸੋਢੀ ਮਿਹਰਵਾਨ*

[2000, ਬਲਜਿੰਦਰ ਕੌਰ ਜੋਸ਼ੀ (ਸੰਪਾ.)]

ਇਸ ਪੁਸਤਕ ਵਿਚ ਸੰਪਾਦਕਾ ਨੇ, ਛਪੇ ਤੇ ਅਣਛਪੇ ਗ੍ਰੰਥਾਂ ਵਿੱਚੋਂ ਇਕੱਤਰ ਕਰ ਕੇ, ਸੋਢੀ ਮਿਹਰਵਾਨ ਦੀਆਂ ਹੇਠ-ਲਿਖੀਆਂ ਕਾਵਿ ਰਚਨਾਵਾਂ ਦਾ ਪਾਠ ਪੇਸ਼ ਕੀਤਾ ਹੈ:

ਲੰਮੀਆਂ ਰਚਨਾਵਾਂ: ਸੁਖਮਨੀ ਸਹੰਸਰਨਾਮਾ, ਰਾਮਕਲੀ ਦਖਣੀ ਓਅੰਕਾਰ, ਗਉੜੀ ਬਾਵਨ ਅੱਖਰੀ, ਰਾਮਕਲੀ ਵਰਨਮਾਲਾ, ਮਾਰੂ ਸਹੰਸਰਨਾਮਾ।

ਵਾਰਾਂ: ਵਾਰ ਪੀਰਾਂ ਕੀ, ਵਾਰ ਮਲਾਰ, ਵਾਰ ਆਸਾ, ਵਾਰ ਸੋਰਠ, ਵਾਰ ਤਿਲੰਗ।

ਕਈ ਸ਼ਬਦ, ਸਲੋਕ ਤੇ ਪਉੜੀਆਂ।

ਵਿਦਵਾਨ ਸੰਪਾਦਕਾ ਨੇ ਇਹ ਦੱਸਣ ਦੀ ਖੇਚਲ ਨਹੀਂ ਕੀਤੀ ਕਿ ਅੰਕਿਤ ਕੀਤੇ ਪਾਠ ਕਿਹੜੇ ਛਪੇ ਜਾਂ ਹੱਥ-ਲਿਖਤ ਗ੍ਰੰਥਾਂ ਤੋਂ ਲਏ ਗਏ ਹਨ। ਇਹ ਪੁਸਤਕ ਮਿਹਰਵਾਨ ਦੀ ਸਮੁੱਚੀ ਕਾਵਿ ਰਚਨਾ ਦਾ ਸੰਗ੍ਰਹਿ ਵੀ ਨਹੀਂ ਕਿਹਾ ਜਾ ਸਕਦਾ। ਮੀਣਾ ਖੇਤਰ ਦੇ ਖੋਜੀਆਂ ਨੂੰ ਇਸ ਪੁਸਤਕ ਵਿਚ ਸ਼ਾਮਿਲ ਕੀਤੀਆਂ ਕਈ ਰਚਨਾਵਾਂ ਦੇ ਲੇਖਕ ਬਾਰੇ ਸ਼ੱਕ ਹੈ। ਸੰਪਾਦਕਾ ਨੇ ਇਸ ਬਾਰੇ ਕੋਈ ਚਰਚਾ ਨਹੀਂ ਕੀਤੀ।

33. *ਦਿਵਾਨੇ ਸਾਧੂ*

[*ਸਿੱਖ ਸੰਪ੍ਰਦਾਵਲੀ* ਪੁਸਤਕ ਵਿਚ ਇਕ ਅਧਿਆਇ, 2000, ਪਿਆਰਾ ਸਿੰਘ ਪਦਮ]

ਇਸ ਅਧਿਆਇ ਵਿਚ ਲੇਖਕ ਨੇ ਦਿਵਾਨੇ ਪੰਥ ਬਾਰੇ ਕਈ ਹਵਾਲੇ ਦਿੱਤੇ ਹਨ, ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਦਿਵਾਨੇ ਸਾਧਾਂ ਦਾ ਸੰਬੰਧ ਸਿੱਧਾ ਮਿਹਰਵਾਨ ਨਾਲ ਹੀ ਰਿਹਾ ਹੈ। ਇਸ ਤੋਂ ਇਲਾਵਾ, ਲੇਖਕ ਨੇ ਦੋ ਬਚਿੱਤਰ ਗੱਲਾਂ ਕੀਤੀਆਂ ਹਨ: ਇਕ ਇਹ ਕਿ 'ਬਾਲਾ', ਜੋ ਇਸ ਫ਼ਿਰਕੇ ਦੇ ਮੋਢੀਆਂ ਵਿੱਚੋਂ ਸੀ, ਭਾਈ ਬਾਲੇ ਵਾਲੀ ਜਨਮ ਸਾਖੀ ਵਾਲਾ 'ਬਾਲਾ' ਸੀ ਤੇ ਦੂਜੀ ਇਹ ਕਿ *ਹਰਿਜਸ ਪੋਥੀ* ਦਾ ਕਰਤਾ ਭਾਈ ਦਰਬਾਰੀ ਤੇ ਦੀਵਾਨਾ ਸਾਧੂ ਦਰਬਾਰੀ, ਜੋ ਬਾਲਾ, ਹਰੀਆ, ਤੇ ਮੱਸਾ ਦਾਸ ਤੋਂ ਮਗਰੋਂ ਗੱਦੀ ਉੱਤੇ ਬੈਠਾ, ਇੱਕੋ ਵਿਅਕਤੀ ਸਨ। ਅਸੀਂ ਹਥਲੀ ਪੁਸਤਕ ਦੇ ਭਾਈ ਦਰਬਾਰੀ ਵਾਲੇ ਕਾਂਡ ਨੰ. 8 ਵਿਚ ਇਸ ਵਿਸ਼ੇ ਉੱਤੇ ਵਿਚਾਰ ਕੀਤੀ ਹੈ।

SikhBookClub.com

34. *ਸਿੰਘਾਸਨ ਬਤੀਸੀ, ਪੁਤਲੀਆਂ ਰਾਜੇ ਵਿਕਰਮਾਜੀਤ ਕੀਆਂ*

[ਕ੍ਰਿਤ ਸੋਢੀ ਹਰਿ ਜੀ, 2000, ਬਲਜਿੰਦਰ ਕੌਰ ਜੋਸ਼ੀ (ਸੰਪਾ.)]

ਇਹ ਪੁਸਤਕ ਸੰਸਕ੍ਰਿਤ ਰਚਨਾ *ਸਿੰਘਾਸਨ ਬਤੀਸੀ* ਦੇ ਖੁੱਲ੍ਹੇ ਅਨੁਵਾਦ ਦਾ ਸੰਪਾਦਨ ਹੈ। ਇਸ ਕਾਰਜ ਲਈ ਪੰ.ਸਾ.ਅ. ਦੀ ਇਕ ਮਿਤੀ 1862 ਈ. ਦੀ ਹੱਥ-ਲਿਖਤ ਨੂੰ ਆਧਾਰ ਬਣਾਇਆ ਗਿਆ ਹੈ ਤੇ ਇਸ ਦੀ ਤੁਲਨਾ ਦੋ ਹੋਰ ਹੱਥ-ਲਿਖਤ ਪੋਥੀਆਂ ਨਾਲ ਕੀਤੀ ਗਈ ਹੈ - ਇਕ ਮਿਤੀ 1864 ਈ. ਦੀ ਜੋ ਸੋਢੀ ਬਸੰਤ ਸਿੰਘ ਘਰਾਂਚੋਂ ਵਾਲਿਆਂ ਕੋਲ ਹੈ ਤੇ ਦੂਜੀ ਮਿਤੀ 1866 ਈ. ਦੀ ਜੋ ਭਗਤ ਸਿੰਘ ਮਾਨ ਪੰਜੋਲਾ ਨਿਵਾਸੀ ਪਾਸ ਹੈ।

ਮਿਸਿਜ਼ ਜੋਸ਼ੀ ਨੇ ਇਹ ਦੋ ਅਣਜਾਣੀਆਂ ਹੱਥ-ਲਿਖਤਾਂ ਢੂੰਡਣ ਦਾ ਸ਼ਲਾਘਾਜੋਗ ਕੰਮ ਕੀਤਾ ਹੈ ਪਰ ਉਨ੍ਹਾਂ ਨੇ ਸ਼ਾਇਦ ਪ੍ਰੋ.ਪ੍ਰੀ.ਸਿੰ. ਹ.ਲਿ. 299, ਮਿਤੀ 1731 ਈ. ਨਹੀਂ ਵੇਖੀ।

35. *ਸੋਢੀ ਹਰਿ ਜੀ ਦੀ ਵਾਰਤਕ*

[2003, ਬਲਜਿੰਦਰ ਕੌਰ ਜੋਸ਼ੀ]

ਇਹ ਪੁਸਤਕ ਮਿਸਿਜ਼ ਜੋਸ਼ੀ ਦੇ ਪੀ-ਐਚ.ਡੀ. ਥੀਸਿਸ (ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1997) ਉੱਤੇ ਆਧਾਰਿਤ ਹੈ। ਇਸ ਵਿਚ ਉਨ੍ਹਾਂ ਨੇ ਮੀਣਾ ਸੰਪ੍ਰਦਾਇ ਦਾ ਜਨਮ, ਵਿਕਾਸ ਅਤੇ ਪਤਨ, ਸੋਢੀ ਹਰਿ ਜੀ ਦਾ ਸੰਖਿਪਤ ਜੀਵਨ, ਸੋਢੀ ਹਰਿ ਜੀ ਦੀਆਂ ਮੁਖ ਗੱਦ ਰਚਨਾਵਾਂ—*ਪੋਥੀ ਹਰਿ ਜੀ, ਗੋਸ਼ਟਾਂ ਗੁਰੂ ਮਿਹਰਵਾਨ ਜੀ ਕੀਆਂ, ਸੁਖਮਨੀ ਸਹੰਸਰਨਾਮਾ* ਤੇ *ਸਿੰਘਾਸਨ ਬਤੀਸੀ*, ਆਦਿ ਵਿਸ਼ਿਆਂ ਦਾ ਵਿਸਤਾਰਪੂਰਨ ਤੇ ਆਲੋਚਨਾਤਮਕ ਅਧਿਐਨ ਪੇਸ਼ ਕੀਤਾ ਹੈ।

36. *ਕੋਠਾ ਗੁਰੂ ਦੀ ਗੌਰਵ ਗਾਥਾ*

[2004, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ]

ਇਸ ਪੁਸਤਕ ਵਿਚ ਪਿੰਡ ਕੋਠਾ ਗੁਰੂ ਨਾਲ ਸੰਬੰਧਿਤ ਛੋਟੇ ਮੇਲ ਦੀਆਂ ਨਾਮਵਰ ਹਸਤੀਆਂ, ਸੋਢੀ ਪਿਰਥੀ ਚੰਦ, ਮਿਹਰਵਾਨ, ਹਰਿ ਜੀ, ਕੰਵਲ ਨੈਨ (ਕੌਲ ਸਾਹਿਬ), ਕੇਸ਼ੋ ਦਾਸ, ਕੁਸ਼ਲ ਦਾਸ, ਭਾਈ ਦਰਬਾਰੀ, ਆਦਿ ਦੇ ਜੀਵਨ ਤੇ ਰਚਨਾਵਾਂ ਉੱਤੇ ਪ੍ਰਕਾਸ਼ ਪਾਇਆ ਗਿਆ ਹੈ। ਇਸ ਵਿਚ *ਪੋਥੀ ਸਾਹਿਬ* ਵਿੱਚੋਂ ਛੋਟੇ ਮੇਲ ਦੇ ਲਿਖਾਰੀ ਕੇਸ਼ੋ ਦਾਸ ਤੇ ਕੁਸ਼ਲ ਦਾਸ ਦੇ ਕੁੱਝ ਸ਼ਬਦ ਪਹਿਲੀ ਵਾਰ ਸਾਹਮਣੇ ਆਏ ਹਨ, ਪਰ ਲੱਗਦਾ ਹੈ ਕਿ ਗਿਆਨੀ ਜੀ ਨੇ ਕੁੱਝ ਗੱਲਾਂ ਘੋਖ-ਵਿਚਾਰ ਕੇ ਨਹੀਂ ਲਿਖੀਆਂ। ਮਸਲਨ, ਗਿਆਨੀ ਜੀ ਨੇ ਸੋਢੀ ਹਰਿ ਜੀ ਦਾ ਜਨਮ 1614 ਈ. ਵਿਚ ਹੋਇਆ ਅਨੁਮਾਨਿਆ ਹੈ, ਜਦੋਂ ਕਿ ਹਰਿ ਜੀ ਦਾ ਪੋਤਰਾ ਕੰਵਲ ਨੈਨ, ਉਨ੍ਹਾਂ ਦੇ ਦੂਜੇ ਪੁੱਤਰ ਹਰਿ ਨਾਰਾਇਣ ਦਾ ਪੁੱਤਰ, 1639 ਈ. ਵਿਚ ਪੈਦਾ ਹੁੰਦਾ ਹੈ, ਜੋ ਮੁਮਕਿਨ ਨਹੀਂ ਹੈ। ਹੋਰ ਵੀ ਕੁੱਝ ਉਕਾਈਆਂ ਵੇਖਣ ਵਿਚ ਆਈਆਂ ਹਨ।

SikhBookClub.com

37. *Demeaning the Sikh Tradition, A Study of Mina Poetry*

[2006, Simarjit Singh]

ਇਹ ਪੁਸਤਕ ਸਿਮਰਜੀਤ ਸਿੰਘ ਦੇ ਪੀ-ਐਚ.ਡੀ ਥੀਸਿਸ *ਮੀਣਾ ਸੰਪ੍ਰਦਾਇ ਰਚਿਤ ਨਾਨਕ ਛਾਪ ਕਾਵਿ : ਪਾਠ ਤੇ ਵਿਸ਼ਲੇਸ਼ਣ* (ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2004) ਉੱਤੇ ਆਧਾਰਿਤ ਹੈ। ਇਸ ਵਿਚ ਮੀਣਾ ਸੰਪ੍ਰਦਾਇ ਦੇ 'ਨਾਨਕ' ਛਾਪ ਥੱਲੇ ਰਚੇ ਕਾਵਿ ਸਾਹਿੱਤ ਦਾ ਸਰੋਤ-ਮੂਲਕ ਪਾਠ ਪੇਸ਼ ਕੀਤਾ ਗਿਆ ਹੈ ਤੇ ਹੇਠਾਂ ਦਿੱਤੀਆਂ ਰਚਨਾਵਾਂ ਦਾ ਪਾਠ ਪਹਿਲੀ ਵਾਰ ਵੇਖਣ ਵਿਚ ਆਇਆ ਹੈ।

(1) ਮਹਲਾ ੬ (ਪਿਰਥੀ ਚੰਦ) ਦੇ ਸ੍ਰੀ ਰਾਗ ਵਿਚ ਚਾਰ ਪੂਰੇ ਤੇ ਇਕ ਅਧੂਰਾ ਸ਼ਬਦ (ਸਰੋਤ : ਗੁ.ਨਾ.ਦੇ.ਯੂ. ਹ.ਲਿ. 598)

(2) ਭਾ.ਵਿ. 359 ਵਿਚ ਆਏ 7 ਸਲੋਕ ਤੇ ਇਕ ਸ਼ਬਦ।

(3) ਗੰਡਾ ਸਿੰਘ ਹ.ਲਿ. 160[22] ਤੋਂ ਮਹਲਾ ੬, ਮਹਲਾ ੭ ਤੇ ਮਹਲਾ ੮ ਦੇ 42 ਦੇ ਕਰੀਬ ਸ਼ਬਦ ਸਲੋਕ। ਇਨ੍ਹਾਂ ਵਿਚ ਮਹਲਾ ੬ ਦਾ ਸਿਰਫ਼ ਇਕ ਸ਼ਬਦ ਹੈ।

(4) ਰਾਗ ਗਉੜੀ ਵਾਰ ਦਸਾਂ ਅਵਤਾਰਾਂ ਕੀ ਮਹਲਾ ੭ (ਸਰੋਤ : ਪ੍ਰੋ.ਪ੍ਰੀ.ਸਿੰ. ਹ.ਲਿ. 182)[23]

(5) ਰਾਗ ਮਾਲਕੌਂਸ ਕੀ ਵਾਰ ਮਹਲਾ ੭ (ਸਰੋਤ : ਪ੍ਰੋ.ਪ੍ਰੀ.ਸਿੰ. ਹ.ਲਿ. 182)

(6) ਰਾਗ ਜੈਤਸਿਰੀ ਕੀ ਵਾਰ ਮਹਲਾ ੮ (ਸਰੋਤ : ਸੈਂ.ਸ.ਲਾ. ਹ.ਲਿ. 671)

ਬਾਕੀ ਸਾਰੀਆਂ ਰਚਨਾਵਾਂ ਪਹਿਲਾਂ ਕਿਤੇ ਨਾ ਕਿਤੇ ਛਪ ਚੁੱਕੀਆਂ ਹਨ। ਹੁਣ ਕਈ ਰਚਨਾਵਾਂ ਦੀਆਂ ਇਕ ਤੋਂ ਵੱਧ ਹੱਥ-ਲਿਖਤਾਂ ਮਿਲਦੀਆਂ ਹਨ, ਪਰ ਵਿਦਵਾਨ ਲੇਖਕ ਨੇ ਉਨ੍ਹਾਂ ਨੂੰ ਸੰਪਾਦਨ ਕਰਨ ਦਾ ਜਤਨ ਨਹੀਂ ਕੀਤਾ। ਪੁਸਤਕ ਵਿਚ ਦਿੱਤੀ ਸਹਾਇਕ ਪੁਸਤਕ-ਸੂਚੀ ਵਿਚ ਕਈ ਗ਼ਲਤੀਆਂ ਹਨ, ਜਿਨ੍ਹਾਂ ਨੂੰ ਸੋਧਣ ਦੀ ਲੋੜ ਹੈ।

ਉਪਰੋਕਤ ਸਰਵੇਖਣ ਤੋਂ ਸਾਧਾਰਨ ਪਾਠਕ ਨੂੰ ਲੱਗੇਗਾ ਕਿ ਪਿਛਲੇ 50 ਕੁ ਸਾਲਾਂ ਵਿਚ ਛੋਟੇ ਮੇਲ ਤੇ ਉਸ ਦੇ ਸਾਹਿੱਤ ਬਾਰੇ ਕਾਫ਼ੀ ਠਿੱਗਰ ਕੰਮ ਹੋਇਆ ਹੈ, ਪਰ ਜੇ ਸੱਚ-ਮੁੱਚ ਹੋ ਚੁੱਕਾ ਕੰਮ ਮੁਢਲੀ ਜਾਣ-ਪਛਾਣ ਤੋਂ ਉੱਪਰ ਦੇ ਮਿਆਰ ਦਾ ਹੁੰਦਾ ਤਾਂ ਸ਼ਾਇਦ ਸਾਡੀ ਇਸ ਕਿਤਾਬ-ਲੜੀ ਦੀ ਲੋੜ ਹੀ ਨਾ ਪੈਂਦੀ। ਸੱਚ ਤਾਂ ਇਹ ਹੈ ਕਿ ਅਜੇ ਤਕ ਛੋਟੇ ਮੇਲ ਦਾ ਸੰਪੂਰਨ ਸਾਹਿੱਤ ਆਪਣੇ ਸ਼ੁੱਧ ਰੂਪ ਵਿਚ ਪਾਠਕਾਂ ਦੇ ਸਾਹਮਣੇ ਨਹੀਂ ਆਇਆ। ਅਸਾਂ ਇਸ ਘਾਟ ਨੂੰ ਪੂਰਾ ਕਰਨ ਦਾ ਉਪਰਾਲਾ ਕੀਤਾ ਹੈ। ਸਾਡਾ

---

22. ਹੁਣ ਪੰ.ਯੂ.ਪ. ਵਿਚ ਇਸ ਦਾ ਨੰ. 115715 ਹੈ।
23. ਇਹ *ਪੰ.ਹ.ਲਿ.ਸੂ.*, (2), ਪੰ. 185, ਵਾਲਾ ਪੁਰਾਣਾ ਨੰਬਰ ਹੈ, ਨਵਾਂ ਨੰ. 360 ਹੈ।

SikhBookClub.com

ਦਾਅਵਾ ਹੈ ਕਿ ਸਾਡੀ ਇਸ ਯੋਜਨਾ ਦਾ ਖੇਤਰ-ਖਿਲਾਰ ਏਨਾ ਵਿਸ਼ਾਲ ਹੋਵੇਗਾ ਤੇ ਏਨੀ ਨਵੀਂ ਸਮੱਗਰੀ ਇਸ ਉੱਦਮ ਰਾਹੀਂ ਪਹਿਲੀ ਵਾਰ ਵਿਦਵਾਨ ਪਾਠਕਾਂ ਦੇ ਸਾਹਮਣੇ ਆਵੇਗੀ ਕਿ ਉਨ੍ਹਾਂ ਨੂੰ ਆਪਣੇ ਆਪ ਹੀ ਪ੍ਰਤੀਤ ਹੋਣ ਲੱਗ ਪਵੇਗਾ ਕਿ ਸਾਡੀ ਇਸ ਯੋਜਨਾ ਦੀ ਕਿੰਨੀ ਸਖ਼ਤ ਲੋੜ ਸੀ।

ਅਸੀਂ ਆਪਣੀ ਇਸ ਯੋਜਨਾ ਰਾਹੀਂ ਛੋਟੇ ਮੇਲ ਦੇ ਹੁਣ ਤਕ ਛਪ ਚੁੱਕੇ ਸਾਹਿੱਤ ਵਿਚ ਹੇਠਾਂ-ਦਿੱਤੀਆਂ ਉਕਾਈਆਂ ਜਾਂ ਊਣਤਾਈਆਂ ਨੂੰ ਦੂਰ ਕਰਨ ਦਾ ਜਤਨ ਕਰਾਂਗੇ :

1. ਅਣਵਰਤੇ ਖਰੜੇ

ਜਿਵੇਂ ਅਸਾਂ ਉੱਪਰ ਦੱਸਿਆ ਹੈ, ਛੋਟੇ ਮੇਲ ਦੇ ਕਈ ਖਰੜੇ ਅਜੇ ਤਕ ਪਾਠਕਾਂ ਦੇ ਸਾਹਮਣੇ ਨਹੀਂ ਆਏ। ਮਿਸਾਲ ਦੇ ਤੌਰ ਉੱਤੇ, ਸੋਢੀ ਪਿਰਥੀ ਚੰਦ ਦੀ ਰਚਨਾ ਦਾ ਖਰੜਾ, ਜਿਸ ਵਿਚ ਉਨ੍ਹਾਂ ਦੀਆਂ ਤਿੰਨ ਵਾਰਾਂ ਤੇ 115 ਦੇ ਕਰੀਬ ਸ਼ਬਦ ਦਰਜ ਹਨ, ਸਾਡੇ ਹੱਥ ਆਇਆ ਹੈ। ਇਹ ਰਚਨਾ, ਅਸੀਂ ਪਹਿਲੀ ਵਾਰ, ਆਪਣੀ ਪੁਸਤਕ-ਲੜੀ ਦੇ ਅਧੀਨ ਛਾਪ ਰਹੇ ਹਾਂ। ਸਾਡੀਆਂ ਦਸਤਾਵੇਜ਼ਾਂ ਅਨੁਸਾਰ, ਛੋਟੇ ਮੇਲ ਦੇ ਅੱਠਵੇਂ ਗੱਦੀਦਾਰ, ਸੋਢੀ ਹਰਿ ਜੀ ਤੋਂ ਬਾਅਦ, ਕੰਵਲ ਨੈਨ ਮੂਹੀਂ ਦੇ ਪੰਜ ਉੱਤਰ-ਅਧਿਕਾਰੀਆਂ ਨੇ ਵੀ ਥੋੜਾ ਬਹੁਤ ਸਾਹਿੱਤ ਰਚਿਆ ਸੀ, ਜਿਸ ਦਾ ਕਿਸੇ ਲੇਖਕ ਨੇ ਜ਼ਿਕਰ ਨਹੀਂ ਕੀਤਾ। ਅਸੀਂ ਇਨ੍ਹਾਂ ਰਚਨਾਵਾਂ ਨਾਲ ਵੀ ਪਾਠਕਾਂ ਦੀ ਜਾਣ-ਪਛਾਣ ਕਰਾਵਾਂਗੇ।

2. ਪਾਠ ਪ੍ਰਮਾਣਿਕਤਾ

ਸਾਡੇ ਕੁੱਝ ਵਿਦਵਾਨ ਲੇਖਕਾਂ ਨੇ ਕਈ ਰਚਨਾਵਾਂ ਦਾ ਕੋਈ ਸਰੋਤ ਜਾਂ ਹਵਾਲਾ ਨਹੀਂ ਦਿੱਤਾ, ਜਿਸ ਕਾਰਨ ਉਨ੍ਹਾਂ ਰਚਨਾਵਾਂ ਦੇ ਮੂਲ ਪਾਠ ਦੀ ਤਸਦੀਕ ਨਹੀਂ ਹੋ ਸਕਦੀ। ਇਸ ਸੰਬੰਧ ਵਿਚ ਅਸੀਂ ਬਲਜਿੰਦਰ ਕੌਰ ਜੋਸ਼ੀ ਦੀ ਪੁਸਤਕ *ਬਾਣੀ ਬਿਲਾਸ* ਦੀ ਮਿਸਾਲ ਦੇ ਆਏ ਹਾਂ।

ਦੂਜੇ, ਜਦੋਂ ਕਿਸੇ ਰਚਨਾ ਦੀਆਂ ਇਕ ਤੋਂ ਵੱਧ ਹੱਥ-ਲਿਖਿਤ ਪ੍ਰਤੀਆਂ ਮਿਲਦੀਆਂ ਹੋਣ, ਤਾਂ ਸੰਪਾਦਕਾਂ ਨੂੰ ਚਾਹੀਦਾ ਹੈ ਕਿ ਉਹ ਉਸ ਰਚਨਾ ਦਾ ਸੰਪਾਦਨ ਮੂਲ ਆਧਾਰ ਪੋਥੀ ਤੇ ਤੁਲਨਾ ਪੋਥੀ/ਪੋਥੀਆਂ ਦੇ ਪਾਠ-ਮਿਲਾਨ ਰਾਹੀਂ ਕਰਨ, ਨਹੀਂ ਤਾਂ ਕਈ ਕਿਸਮ ਦੀਆਂ ਗ਼ਲਤੀਆਂ ਰਹਿ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਪਰ ਜਿਵੇਂ ਅਸੀਂ ਵੇਖ ਆਏ ਹਾਂ, ਸਾਡੇ ਕਈ ਵਿਦਵਾਨ ਸੰਪਾਦਕਾਂ ਨੇ ਇਹ ਸਾਵਧਾਨੀ ਨਹੀਂ ਵਰਤੀ।

ਤੀਜੇ, ਛੋਟੇ ਮੇਲ ਦੀਆਂ ਕਈ ਛਪ ਚੁੱਕੀਆਂ ਰਚਨਾਵਾਂ ਦਾ ਸੰਪਾਦਨ ਕੇਵਲ ਇਕ ਅੱਧੀ ਹੱਥ-ਲਿਖਤ ਦੇ ਆਧਾਰ ਉੱਤੇ ਹੀ ਕੀਤਾ ਮਿਲਦਾ ਹੈ, ਪਰ ਹੁਣ ਜਦੋਂ ਇਨ੍ਹਾਂ ਰਚਨਾਵਾਂ ਦੀਆਂ ਕਈ ਹੋਰ ਨਾਲੇ ਪੁਰਾਤਨ ਪ੍ਰਤੀਆਂ ਮਿਲ ਗਈਆਂ ਹਨ,

SikhBookClub.com

ਇਨ੍ਹਾਂ ਦਾ ਪੁਨਰ-ਸੰਪਾਦਨ ਕਰਨਾ ਜ਼ਰੂਰੀ ਹੋ ਗਿਆ ਜਾਪਦਾ ਹੈ। ਇਸ ਸੰਬੰਧ ਵਿਚ ਮਿਹਰਵਾਨ ਵਾਲੀ *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਗੋਸ਼ਟਾਂ ਮਿਹਰਵਾਨ ਜੀ ਕੀਆਂ* ਤੇ *ਸੁਖਮਨੀ ਸਹੰਸਰਨਾਮਾ* ਦੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਅਸੀਂ ਆਪਣੀ ਇਸ ਪੁਸਤਕ-ਲੜੀ ਰਾਹੀਂ ਉਪਰੋਕਤ ਪ੍ਰਕਾਰ ਦੀਆਂ ਖ਼ਾਮੀਆਂ ਨੂੰ ਦੂਰ ਕਰਨ ਦਾ ਜਤਨ ਕੀਤਾ ਹੈ।

3. ਪਾਠ ਰਚਿਆਰਤਾ

ਛੋਟੇ ਮੇਲ ਦੇ ਸਾਹਿੱਤ ਵਿਚ ਰਚਿਆਰਤਾ ਦਾ ਮਸਲਾ ਕਾਫ਼ੀ ਗੁੰਝਲਦਾਰ ਤੇ ਵਿਵਾਦ ਦਾ ਵਿਸ਼ਾ ਹੈ, ਕਿਉਂਕਿ ਕਈ ਰਚਨਾਵਾਂ ਐਸੀਆਂ ਹਨ ਜਿਨ੍ਹਾਂ ਦੇ ਸਿਰਲੇਖ ਜਾਂ ਕਵੀ-ਛਾਪ ਤੋਂ ਉਨ੍ਹਾਂ ਦੇ ਅਸਲੀ ਰਚਿਆਰ ਦੀ ਪਛਾਣ ਨਹੀਂ ਹੋ ਸਕਦੀ। ਡੂੰਘਾਈ ਵਿਚ ਜਾ ਕੇ ਵੇਖਿਆ ਜਾਏ ਤਾਂ ਰਚਿਆਰਤਾ ਦੇ ਮਸਲੇ ਨੂੰ ਤਿੰਨ ਤਰ੍ਹਾਂ ਦਿਆਂ ਵਰਤਾਰਿਆਂ ਨੇ ਭੁਲੇਖਿਆਂ ਵਿਚ ਗ੍ਰਸਿਆ ਹੋਇਆ ਹੈ, ਜਿਵੇਂ :

1. ਗੁਰਿਆਈ ਉੱਤੇ ਸੋਢੀ ਦਾਅਵੇਦਾਰਾਂ ਦੀਆਂ ਰਚਨਾਵਾਂ ਦੇ ਸਿਰਲੇਖਾਂ ਤੋਂ ਪਏ ਭੁਲੇਖੇ;
2. ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ਼ ਬਹਾਦਰ ਤੇ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚ ਸੋਢੀ ਦਾਅਵੇਦਾਰਾਂ ਵੱਲੋਂ ਲਿਖੇ ਗਏ ਮਹਲਾ ੯ ਤੇ ਮਹਲਾ ੧੦ ਸ਼ਬਦਾਂ ਨਾਲ ਪਏ ਭੁਲੇਖੇ; ਤੇ
3. ਗੁਰਬਾਣੀ ਤੇ ਛੋਟੇ ਮੇਲ ਦੀ ਕੱਚੀ ਬਾਣੀ ਨੂੰ ਕਿਸੇ ਨਿਖੇੜੂ ਸੂਚਨਾ ਤੋਂ ਬਿਨਾਂ ਇਕੱਠੇ ਲਿਖਣ ਨਾਲ ਪਏ ਭੁਲੇਖੇ।

ਸਾਡੇ ਲਈ ਗੁਰਬਾਣੀ ਨੂੰ ਚੁਣ ਕੇ ਵੱਖ ਕਰਨ ਦਾ ਕੰਮ ਔਖਾ ਨਹੀਂ ਸੀ, ਪਰ ਕੱਚੀ ਬਾਣੀ ਨੂੰ ਆਪੋ ਵਿਚ ਰਚਿਆਰ-ਵਾਰ ਨਿਖੇੜਨਾ ਕਈ ਵਾਰੀ ਕਾਫ਼ੀ ਔਖਾ ਸੀ। ਅਸੀਂ ਇਸ ਕੰਮ ਨੂੰ ਦਲੀਲਾਂ ਜਾਂ ਸਬੂਤਾਂ ਦੇ ਆਧਾਰ ਉੱਤੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਜਿੱਥੇ ਅਸੀਂ ਇਸ ਕਾਰਜ ਨੂੰ ਸਿਰੇ ਨਹੀਂ ਚਾੜ੍ਹ ਸਕੇ, ਓਥੇ ਸੰਬੰਧਿਤ ਰਚਨਾਵਾਂ ਨੂੰ ਛੋਟੇ ਮੇਲ ਦੀ ਫੁਟਕਲ ਰਚਨਾ ਦੇ ਖ਼ਾਨੇ ਵਿਚ ਰੱਖ ਦਿੱਤਾ ਹੈ।

4. ਸ਼ਜਰੇ

ਛੋਟੇ ਮੇਲ ਦੇ ਅੱਠਵੇਂ ਗੱਦੀਦਾਰ ਸੋਢੀ ਹਰਿ ਜੀ ਦੀ ਔਲਾਦ ਬਾਰੇ ਮੱਤਭੇਦ ਹੋਣ ਕਰਕੇ ਦੋ ਵੱਖਰੇ ਸ਼ਜਰੇ ਸਾਹਮਣੇ ਆਉਂਦੇ ਹਨ। ਇਕ ਸ਼ਜਰੇ ਅਨੁਸਾਰ ਹਰਿ ਜੀ ਦੇ ਦੋ ਪੁੱਤਰ ਸਨ ਤੇ ਦੂਜੇ ਅਨੁਸਾਰ ਤਿੰਨ। ਜੇ ਪਹਿਲੀ ਗੱਲ ਮੰਨ ਲਈ ਜਾਏ, ਤਾਂ ਤਿੰਨ ਪੁੱਤਰਾਂ ਵਾਲੇ ਹਵਾਲਿਆਂ ਦੀ ਗਵਾਹੀ ਨੂੰ, ਜੋ ਹੁਣ ਤਕ ਇਤਬਾਰੀ ਸਮਝੀ ਜਾਂਦੀ ਰਹੀ ਹੈ, ਰੱਦ ਕਰਨਾ ਜ਼ਰੂਰੀ ਬਣ ਜਾਂਦਾ ਹੈ। ਅਸੀਂ ਇਸ ਮਸਲੇ ਨੂੰ, ਇਸੇ ਪੁਸਤਕ ਵਿਚ, ਅੱਗੇ ਚੱਲ ਕੇ ਨਿਪਟਾਉਣ ਦਾ ਜਤਨ ਕੀਤਾ ਹੈ।

SikhBookClub.com

5. ਅਣਛਪੀਆਂ ਰਚਨਾਵਾਂ

ਛੋਟੇ ਮੇਲ ਦੇ ਉੱਘੇ ਲੇਖਕਾਂ ਦਾ ਬਹੁਤ ਸਾਰਾ ਸਾਹਿੱਤ ਹਾਲੇ ਅਣਛਪਿਆ ਪਿਆ ਹੈ। ਮੁਖ ਰਚਨਾਵਾਂ ਜਿਹੜੀਆਂ ਛਪਣ ਖੁਣੋਂ ਪਈਆਂ ਹਨ, ਉਹ ਹਨ: *ਸੁਖਮਨੀ ਸਹੰਸਰਨਾਮਾ*, *ਹਰੀਆ ਜੀ ਦਾ ਗ੍ਰੰਥ*, ਭਾਈ ਦਰਬਾਰੀ ਦੀ *ਪੋਥੀ ਹਰਿਜਸ*, ਕੇਸ਼ੋ ਦਾਸ ਤੇ ਕੁਸ਼ਲ ਦਾਸ ਦੀਆਂ ਰਚਨਾਵਾਂ। ਇਨ੍ਹਾਂ ਦਾ ਸੰਪਾਦਨ ਤੇ ਪ੍ਰਕਾਸ਼ਨ ਸਾਡੀ ਯੋਜਨਾ ਦਾ ਅਹਿਮ ਭਾਗ ਹੈ।

ਇਹ ਲੁੜੀਂਦਾ ਕੰਮ ਹੁਣ ਤਕ ਸਿਰੇ ਕਿਉਂ ਨਹੀਂ ਚੜ੍ਹ ਸਕਿਆ? ਅਸੀਂ ਇਸ ਪ੍ਰਤੀ ਖੋਜੀਆਂ ਤੇ ਲੇਖਕਾਂ ਦੀ ਅਣਗਹਿਲੀ ਦੀ ਗੱਲ ਪਹਿਲਾਂ ਕਰ ਆਏ ਹਾਂ। ਇਸ ਤੋਂ ਇਲਾਵਾ, ਸਾਡੇ ਖ਼ਿਆਲ ਵਿਚ ਇਸ ਦਾ ਇਕ ਵੱਡਾ ਕਾਰਨ ਇਹ ਹੈ ਕਿ ਛੋਟੇ ਮੇਲ ਦੇ ਸਾਹਿੱਤ ਨੂੰ, ਜੋ ਹੱਥ-ਲਿਖਤਾਂ ਦੇ ਰੂਪ ਵਿਚ ਕਈ ਥਾਂ ਖਿਲਰਿਆ ਪਿਆ ਹੈ, ਨਾ ਤਾਂ ਪ੍ਰਾਪਤ ਕਰਨਾ ਆਸਾਨ ਹੈ ਤੇ ਨਾ ਹੀ ਇਸ ਨੂੰ ਪ੍ਰਾਪਤ ਕਰਨ ਦਾ ਕੋਈ ਗੰਭੀਰ ਜਤਨ ਕੀਤਾ ਗਿਆ ਹੈ। ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਛੋਟੇ ਮੇਲ ਦੀਆਂ ਕਈ ਵੱਡ-ਮੁੱਲੀਆਂ ਹੱਥ-ਲਿਖਤਾਂ ਪਈਆਂ ਸਨ,[24] ਜੋ ਹੁਣ ਨਸ਼ਟ ਹੋ ਚੁੱਕੀਆਂ ਹਨ। ਸ਼ੁਕਰ ਹੈ ਕਿ ਕਈ ਖੋਜੀ ਇਨ੍ਹਾਂ ਦਾ 1984 ਤੋਂ ਪਹਿਲਾਂ ਫ਼ਾਇਦਾ ਉਠਾ ਚੁੱਕੇ ਸਨ। ਯੂਨੀਵਰਸਿਟੀਆਂ, ਕਾਲਜਾਂ ਤੇ ਹੋਰ ਪਬਲਿਕ ਇਦਾਰਿਆਂ ਦੀਆਂ ਲਾਇਬ੍ਰੇਰੀਆਂ ਤਕ ਰਸਾਈ ਫੇਰ ਵੀ ਐਨੀ ਮੁਸ਼ਕਲ ਨਹੀਂ, ਭਾਵੇਂ ਇਹ ਖੋਜੀਆਂ ਨੂੰ ਹੀ ਪਤਾ ਹੈ ਕਿ ਇਸ ਰਾਹ ਵਿਚ ਵੀ ਕਿੰਨੀਆਂ ਕੁ ਰੁਕਾਵਟਾਂ ਹਨ, ਪਰ ਜਿਹੜੀਆਂ ਹੱਥ-ਲਿਖਤਾਂ ਸਾਡੇ ਵੱਖ-ਵੱਖ ਡੇਰਿਆਂ, ਗੁਰਦੁਆਰਿਆਂ, ਜਾਂ ਲੋਕਾਂ ਦੇ ਨਿਜੀ ਪੁਸਤਕਾਲਿਆਂ ਵਿਚ ਪਈਆਂ ਹਨ, ਉਨ੍ਹਾਂ ਤਕ ਪਹੁੰਚਣਾ ਤਾਂ ਨਾ-ਮੁਮਕਿਨ ਦੇ ਬਰਾਬਰ ਹੈ। ਸਾਡੀ ਖ਼ੁਸ਼ਕਿਸਮਤੀ ਹੈ, ਕਿ ਸਾਡੀ ਆਪਣੀ (ਪ੍ਰੋ. ਪ੍ਰੀਤਮ ਸਿੰਘ ਦੀ) ਨਿਜੀ ਲਾਇਬ੍ਰੇਰੀ ਵਿਚ ਛੋਟੇ ਮੇਲ ਦਾ ਬਹੁਤ ਸਾਰਾ ਹੱਥ-ਲਿਖਤੀ ਖ਼ਜ਼ਾਨਾ ਮੌਜੂਦ ਹੈ। ਇਸ ਵਿਚ ਕਈ ਗ੍ਰੰਥ ਅਜਿਹੇ ਵੀ ਹਨ, ਜਿਨ੍ਹਾਂ ਨੂੰ ਹਾਲੇ ਤਕ ਬਿਲਕੁਲ ਹਵਾ ਨਹੀਂ ਲੱਗੀ। ਇਸ ਤੋਂ ਇਲਾਵਾ, ਸਾਨੂੰ ਹੋਰ ਬੜੀਆਂ ਥਾਵਾਂ ਤੋਂ ਸਹਿਯੋਗ ਮਿਲਿਆ ਹੈ ਜਿਸ ਦੀ ਬਦੌਲਤ ਸਾਡਾ ਹਥਲਾ ਕੰਮ ਕਿਸੇ ਹੱਦ ਤਕ ਸੌਖਾ ਹੋ ਗਿਆ ਹੈ। ਸਾਡਾ ਦਾਅਵਾ ਹੈ ਕਿ ਛੋਟੇ ਮੇਲ ਦੀਆਂ ਗਿਆਤ ਹੱਥ-ਲਿਖਤਾਂ ਸਾਡੀ ਪਹੁੰਚ ਤੋਂ ਬਾਹਰ ਨਹੀਂ ਰਹਿ ਸਕੀਆਂ। ਸਾਨੂੰ ਛੋਟੇ ਮੇਲ ਨਾਲ ਸੰਬੰਧਿਤ ਆਪਣੇ ਇਸ ਦੁਰਲੱਭ ਤੇ ਬੇਜੋੜ ਹੱਥ-ਲਿਖਤੀ ਸੰਗ੍ਰਹਿ ਲਈ ਬੇਹਿਸਾਬ ਖ਼ਰਚਾ ਕਰਨਾ ਪਿਆ ਹੈ, ਹਜ਼ਾਰਾਂ ਮੀਲਾਂ ਦਾ ਸਫ਼ਰ ਝਾਗਣਾ ਪਿਆ ਹੈ ਤੇ ਅਨੇਕ ਮਿੱਠੇ, ਖੱਟੇ ਤੇ ਕੌੜੇ ਤਜਰਬਿਆਂ ਵਿੱਚੋਂ ਲੰਘਣਾ ਪਿਆ ਹੈ। ਜਿੱਥੋਂ ਅਸਲ ਖਰੜਾ ਨਹੀਂ ਮਿਲ ਸਕਿਆ, ਓਥੋਂ ਜੇ ਆਗਿਆ ਮਿਲੀ ਤਾਂ ਉਸ ਦੀ ਡਿਜੀਟਲ ਨਕਲ ਤਿਆਰ ਕੀਤੀ ਗਈ ਹੈ।

24. ਇਨ੍ਹਾਂ ਦਾ ਵੇਰਵਾ ਸ਼ਮਸ਼ੇਰ ਸਿੰਘ ਅਸ਼ੋਕ ਦੀ 1968 ਵਿਚ ਸੰਪਾਦਿਤ ਕੀਤੀ ਸੂਚੀ ਸਾਡਾ *ਹੱਥ-ਲਿਖਤ ਪੰਜਾਬੀ ਸਾਹਿੱਤ* ਵਿਚ ਦਰਜ ਹੈ।

SikhBookClub.com

ਸਾਡੇ ਛੋਹੇ ਕਾਰਜ ਦਾ ਮੁਖ ਮੰਤਵ ਪੰਜਾਬ ਦੇ ਹੱਥ-ਲਿਖਤ ਸਾਹਿੱਤ ਦੇ ਇਕ ਵੱਡੇ ਅਣਗੌਲੇ ਭਾਗ ਨੂੰ ਵਿਦਵਾਨਾਂ ਤੇ ਖੋਜੀਆਂ ਦੀ ਪਹੁੰਚ ਵਿਚ ਲੈ ਆਉਣਾ ਹੈ, ਤਾਂ ਜੋ ਉਹ ਆਪ ਸਿੱਖਾਂ ਦੀ ਮੁਖ ਧਾਰਾ ਵੱਲੋਂ ਛੇਕੇ ਇਸ ਸਾਹਿੱਤ-ਸੇਵੀ ਸੰਪ੍ਰਦਾਇ ਦੀ ਦੇਣ ਨੂੰ ਚੰਗੀ ਤਰ੍ਹਾਂ ਪਰਖ ਸਕਣ। ਅਸੀਂ ਚਾਹੁੰਦੇ ਹਾਂ ਕਿ ਸਾਡੇ ਸੂਝਵਾਨ ਖੋਜੀ ਇਸ ਨਵੀਂ ਲੱਭਤ ਨੂੰ ਬਿਨਾਂ ਕਿਸੇ ਸੰਕੀਰਣ ਭਾਵਨਾ, ਪੱਖਪਾਤ ਜਾਂ ਤਅੱਸੁਬ ਦੇ ਪੜ੍ਹਨ-ਪਰਖਣ ਦੀ ਖੇਚਲ ਕਰਨ।

ਪੁਸਤਕ-ਲੜੀ

ਅਸਾਂ ਛੋਟੇ ਮੇਲ ਦੇ ਸਾਹਿੱਤ ਨੂੰ ਹੇਠ-ਲਿਖੀਆਂ 10 ਪੁਸਤਕਾਂ ਦੁਆਰਾ ਪੇਸ਼ ਕਰਨ ਦੀ ਯੋਜਨਾ ਬਣਾਈ ਹੈ :

(1) ਪਹਿਲੀ (ਹਥਲੀ) ਪੁਸਤਕ : *ਸਿੱਖਾਂ ਦਾ ਛੋਟਾ ਮੇਲ, ਇਤਿਹਾਸ ਤੇ ਸਰਵੇਖਣ*
(2) ਦੂਜੀ ਪੁਸਤਕ : *ਸੋਢੀ ਪਿਰਥੀ ਚੰਦ ਦੀ ਰਚਨਾ*
(3) ਤੀਜੀ ਪੁਸਤਕ : *ਸੋਢੀ ਮਿਹਰਵਾਨ ਦੀ ਕਾਵਿ-ਰਚਨਾ*
(4) ਚੌਥੀ ਪੁਸਤਕ : *ਸੋਢੀ ਹਰਿ ਜੀ ਤੇ ਉਨ੍ਹਾਂ ਦੇ ਉੱਤਰ-ਅਧਿਕਾਰੀਆਂ ਦੀ ਕਾਵਿ-ਰਚਨਾ*
(5) ਪੰਜਵੀਂ ਪੁਸਤਕ : *ਸੁਖਮਨੀ ਸਹੰਸਰਨਾਮਾ ਕ੍ਰਿਤ ਹਰਿ ਜੀ*
(6) ਛੇਵੀਂ ਪੁਸਤਕ : *ਗੋਸ਼ਟਾਂ ਮਿਹਰਵਾਨ ਜੀ ਕੀਆਂ ਕ੍ਰਿਤ ਹਰਿ ਜੀ*
(7) ਸਤਵੀਂ ਪੁਸਤਕ : *ਕੇਸ਼ੋ ਦਾਸ ਅਤੇ ਕੁਸ਼ਲ ਦਾਸ ਦੀ ਪਦਾਵਲੀ*
(8) ਅੱਠਵੀਂ ਪੁਸਤਕ : *ਗ੍ਰੰਥ ਹਰੀਆ ਜੀ ਕਾ*
(9) ਨੌਵੀਂ ਪੁਸਤਕ : *ਭਾਈ ਦਰਬਾਰੀ ਤੇ ਉਨ੍ਹਾਂ ਦੀ ਹਰਿਜਸ ਪੋਥੀ*
(10) ਦਸਵੀਂ ਪੁਸਤਕ : *ਛੋਟੇ ਮੇਲ ਦੀਆਂ ਫੁਟਕਲ ਰਚਨਾਵਾਂ*

ਧੰਨਵਾਦ

ਇਸ ਵੱਡੇ ਸੰਪਾਦਨ-ਕਾਰਜ ਲਈ ਜਿਨ੍ਹਾਂ ਵਿਦਵਾਨਾਂ ਨੇ ਸਾਨੂੰ ਭਰਪੂਰ ਸਹਾਇਤਾ ਦੇਣ ਦੀ ਕਿਰਪਾ ਕੀਤੀ ਹੈ, ਉਨ੍ਹਾਂ ਵਿੱਚੋਂ ਪ੍ਰਮੁਖ ਹਨ : ਡਾ. ਸ.ਸ. ਪਦਮ, ਮਲੇਰਕੋਟਲਾ, ਡਾ. ਨਵਰਤਨ ਕਪੂਰ, ਪਟਿਆਲਾ ਤੇ ਡਾ. ਗੁਰਚਰਨ ਸਿੰਘ ਸੇਕ, ਲੁਧਿਆਣਾ। ਅਸੀਂ ਇਨ੍ਹਾਂ ਦੇ ਦਿਲੋਂ ਧੰਨਵਾਦੀ ਹਾਂ। ਅਸੀਂ ਉਨ੍ਹਾਂ ਸਾਰਿਆਂ ਸੱਜਣਾਂ ਮਿੱਤਰਾਂ ਦੇ ਵੀ ਰਿਣੀ ਹਾਂ, ਜਿਨ੍ਹਾਂ ਦੀ ਮਦਦ ਤੋਂ ਬਿਨਾਂ ਸਾਡਾ ਛੋਹਿਆ ਹੋਇਆ ਕੰਮ ਸਿਰੇ ਨਹੀਂ ਸੀ ਚੜ੍ਹ ਸਕਦਾ। ਇਨ੍ਹਾਂ ਵਿੱਚੋਂ ਸਾਡੀ ਸਭ ਤੋਂ ਵੱਧ ਕ੍ਰਿਤੱਗਤਾ ਦੇ ਹੱਕਦਾਰ ਉਹ ਹਨ, ਜਿਨ੍ਹਾਂ ਨੇ ਸਾਨੂੰ, ਆਪਣੇ ਨਿਜੀ ਜਾਂ ਆਪਣੇ ਇਦਾਰਿਆਂ ਵਿਚ ਸੁਰੱਖਿਅਤ, ਸਾਡੇ ਕਾਰਜ ਨਾਲ ਸੰਬੰਧਿਤ ਹੱਥ-ਲਿਖਤ ਖਰੜਿਆਂ ਨੂੰ, ਖੁੱਲ੍ਹ-ਦਿਲੀ ਨਾਲ ਵੇਖਣ-ਵਾਚਣ ਦੀ ਆਗਿਆ ਦਿੱਤੀ, ਸਾਨੂੰ ਕਈ ਦੁਰਲੱਭ

SikhBookClub.com

ਖਰੜਿਆਂ ਦੀਆਂ ਸੀ-ਡੀਜ਼ ਮੁਹੱਈਆ ਕੀਤੀਆਂ ਜਾਂ ਸਾਨੂੰ ਖ਼ੁਦ ਬਣਾਉਣ ਦਿੱਤੀਆਂ। ਇਨ੍ਹਾਂ ਦੇ ਨਾਂ ਹਨ :

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਵਾਈਸ-ਚਾਂਸਲਰ ਡਾ. ਜੈ ਰੂਪ ਸਿੰਘ, ਭਾਈ ਗੁਰਦਾਸ ਲਾਇਬਰੇਰੀ ਦੇ ਮੁਖੀ ਡਾ. ਐਚ. ਐਸ. ਚੋਪੜਾ ਤੇ ਉਨ੍ਹਾਂ ਦਾ ਸਹਾਇਕ ਸਟਾਫ਼।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਾਬਕਾ ਲਾਇਬ੍ਰੇਰੀਅਨ ਡਾ. ਏ.ਆਰ. ਸੇਠੀ, ਮੌਜੂਦਾ ਲਾਇਬ੍ਰੇਰੀਅਨ ਡਾ. ਵੀ.ਕੇ. ਅਨੰਦ ਤੇ ਸ੍ਰੀ ਮ੍ਰਿਤੁੰਜੇ ਕੁਮਾਰ, ਸਹਾਇਕ ਆਰਕਵਿਸਟ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਾਬਕਾ ਲਾਇਬ੍ਰੇਰੀਅਨ ਡਾ. ਦੇਵਿੰਦਰ ਕੌਰ, ਅਜੋਕੀ ਲਾਇਬ੍ਰੇਰੀਅਨ ਡਾ. ਸਰੋਜ ਬਾਲਾ ਤੇ ਉਨ੍ਹਾਂ ਦਾ ਸਹਾਇਕ ਸਟਾਫ, ਖ਼ਾਸ ਕਰਕੇ ਵਿਸ਼ੇਸ਼ ਸਮਗਰੀ ਵਿਭਾਗ ਦਾ ਸਾਰਾ ਸਟਾਫ਼।

ਭਾਸ਼ਾ ਵਿਭਾਗ, ਪਟਿਆਲਾ ਦੇ ਡਾਇਰੈਕਟਰ ਸ. ਅਵਤਾਰ ਸਿੰਘ ਹੱਦ, ਡਿਪਟੀ ਡਾਇਰੈਕਟਰ ਸ. ਚੇਤਨ ਸਿੰਘ ਤੇ ਉਨ੍ਹਾਂ ਦਾ ਸਹਾਇਕ ਸਟਾਫ਼।

ਮੁਸਾਫ਼ਰ ਮੈਮੋਰੀਅਲ ਸੈਂਟ੍ਰਲ ਸਟੇਟ ਲਾਇਬ੍ਰੇਰੀ ਦੇ ਮੁਖ ਲਾਇਬ੍ਰੇਰੀਅਨ ਸ. ਸ. ਸ. ਆਹਲੂਵਾਲੀਆ ਤੇ ਲਾਇਬ੍ਰੇਰੀਅਨ ਸ. ਰੂਪਿੰਦਰ ਸਿੰਘ।

ਭਾਈ ਵੀਰ ਸਿੰਘ ਸਾਹਿੱਤ ਸਦਨ, ਨਵੀਂ ਦਿੱਲੀ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ, ਤੇ ਲਾਇਬ੍ਰੇਰੀਅਨ ਸ. ਜਗਜੀਤ ਸਿੰਘ ਅਨੰਦ।

ਪ੍ਰੋ. ਗੁਰਿੰਦਰ ਸਿੰਘ ਮਾਨ, ਯੂਨੀਵਰਸਿਟੀ ਆਫ਼ ਕੈਲਿਫ਼ੋਰਨੀਆ, ਸਾਂਟਾ ਬਾਰਬਰਾ, ਯੂ.ਐਸ.ਏ।

ਸ. ਮਨਮੋਹਨ ਸਿੰਘ ਸੇਲ੍ਹੀ, ਫ਼ਰੀਦਕੋਟ, ਪ੍ਰਬੰਧਕ ਗੁਰਦੁਆਰਾ ਬਸਤਰ ਅਸਥਾਨ, ਢਿੱਲਵਾਂ ਕਲਾਂ।

ਡਾ. ਗੁਰਦੇਵ ਸਿੰਘ ਸਿੱਧੂ, ਮੋਹਾਲੀ।

ਡਾ. ਮਾਨ ਸਿੰਘ ਨਿਰੰਕਾਰੀ, ਚੰਡੀਗੜ੍ਹ।

ਗੁਰਦੁਆਰਾ ਭਾਈ ਦਰਬਾਰੀ, ਵੈਰੋਕੇ ਦੀ ਪ੍ਰਬੰਧਕ ਕਮੇਟੀ, ਤੇ ਖ਼ਾਸ ਕਰਕੇ ਸ. ਗੁਰਦੇਵ ਸਿੰਘ ਤੇ ਸ. ਸਰਬਜੀਤ ਸਿੰਘ।

ਇਨ੍ਹਾਂ ਤੋਂ ਇਲਾਵਾ, ਅਸੀਂ ਸ੍ਰੀ ਸਾਧੂ ਰਾਮ ਜੀ, ਮਹੰਤ ਡੇਰਾ ਬਾਬਾ ਰਾਮ ਦਾਸ, ਪਟਿਆਲਾ; ਡਾ. ਗੁਰਮੁਖ ਸਿੰਘ, ਪਟਿਆਲਾ; ਡਾ. ਪਰਮਿੰਦਰ ਸਿੰਘ ਸੋਢੀ, ਘਰਾਚੋਂ; ਸ. ਗੁਰਦਰਸ਼ਨ ਸਿੰਘ ਸੋਢੀ, ਮੋਗਾ; ਜਨਾਬ ਮਕਸੂਦ ਸਾਬਕ, ਲਾਹੌਰ, ਪਾਕਿਸਤਾਨ; ਸ੍ਰੀ ਸੁਰਿੰਦਰ ਅਤੇ ਸ਼੍ਰੀਮਤੀ ਅਨੀਤਾ ਕੋਛੜ, ਅੰਮ੍ਰਿਤਸਰ; ਪ੍ਰੋ. ਗੁਰਮੀਤ ਸਿੰਘ ਟਿਵਾਣਾ, ਐਬਟਸਫ਼ੋਰਡ, ਬੀ.ਸੀ., ਕੈਨੇਡਾ; ਡਾ. ਮਨਮੋਹਨ ਸਹਿਗਲ, ਪਟਿਆਲਾ; ਡਾ. ਰਾਮ ਨਿਵਾਸ ਸ਼ਰਮਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ; ਸ. ਬਲਬੀਰ ਸਿੰਘ ਰਹੇਜਾ, ਜਲਾਲਾਬਾਦ; ਪ੍ਰਿੰਸੀਪਲ ਭਗਤ ਸਿੰਘ, ਅਰਾਈਆਂਵਾਲਾ; ਸ. ਸਤਪਾਲ ਸਿੰਘ, ਪਟਿਆਲਾ; ਡਾ. ਗੋਪਾਲ ਸਿੰਘ, ਅੰਮ੍ਰਿਤਸਰ; ਮਨਮੋਹਨ ਸਿੰਘ ਕੋਛੜ, ਨਵੀਂ ਦਿੱਲੀ ਦੇ ਸਲਾਹ-ਮਸ਼ਵਰੇ ਤੇ ਸਹਿਯੋਗ ਲਈ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਾਂ।

SikhBookClub.com

ਕੰਪਿਊਟਰ ਦੀ ਸੇਵਾ ਕਰਨ ਲਈ ਅਸੀਂ ਸ. ਹਰਵਿੰਦਰ ਸਿੰਘ ਤੇ ਸਿੰਘ ਬ੍ਰਦਰਜ਼ ਦੇ ਧੰਨਵਾਦੀ ਹਾਂ। ਅੰਤ ਵਿਚ ਅਸੀਂ ਇਸ ਪੁਸਤਕ-ਲੜੀ ਦੀ ਪ੍ਰਕਾਸ਼ਕ ਸੰਸਥਾ, ਪੰਜਾਬੀ ਐਜੂਕੇਸ਼ਨਲ ਐਂਡ ਕਲਚਰਲ ਫ਼ਾਊਂਡੇਸ਼ਨ, ਸੈਨ ਲਿਐਂਡਰੋ, ਕੈਲਿਫ਼ੋਰਨੀਆ, ਦਾ ਵੀ ਧੰਨਵਾਦ ਕਰਦੇ ਹਾਂ।

24 ਅਕਤੂਬਰ, 2008

ਪ੍ਰੀਤਮ ਸਿੰਘ
ਜੋਗਿੰਦਰ ਸਿੰਘ ਆਹਲੂਵਾਲੀਆ

SikhBookClub.com

ਪੁਸਤਕ ਮੁਕੰਮਲ ਹੋਣ ਉਪਰੰਤ

ਮੈਂ ਬੜੇ ਅਫ਼ਸੋਸ ਨਾਲ ਲਿਖ ਰਿਹਾ ਹਾਂ ਕਿ ਹੁਣ ਹਥਲੀ ਪੁਸਤਕ ਦਾ ਜਵਾਬਦੇਹ ਦੋ ਸੰਪਾਦਕਾਂ ਦੀ ਬਜਾਏ ਕੇਵਲ ਇੱਕੋ ਸੰਪਾਦਕ ਰਹਿ ਗਿਆ ਹੈ।

ਮੇਰੇ ਸਹਿ-ਸੰਪਾਦਕ, ਇਸ ਪੁਸਤਕ-ਲੜੀ ਦੇ ਪ੍ਰੇਰਕ ਤੇ ਨਿਗਰਾਨ, ਪ੍ਰਸਿੱਧ ਵਿਦਵਾਨ ਪ੍ਰੋ. ਪ੍ਰੀਤਮ ਸਿੰਘ, 25 ਅਕਤੂਬਰ, 2008 ਨੂੰ ਅਚਾਨਕ ਸਾਨੂੰ ਸਦਾ ਲਈ ਵਿਛੋੜਾ ਦੇ ਕੇ ਇਹ ਬਿਖੜਾ ਕੰਮ ਮੇਰੇ ਜ਼ੁੰਮੇ ਛੱਡ ਗਏ ਹਨ। ਇਸ ਪੁਸਤਕ ਦਾ ਖ਼ਾਤਮਾ ਉਨ੍ਹਾਂ ਨੇ ਮੈਨੂੰ ਇਕ ਦਿਨ ਪਹਿਲਾਂ ਲਿਖਵਾਇਆ ਸੀ ਤੇ ਕਹਿਣ ਲੱਗੇ ਕਿ ਹੁਣ ਇਸ ਨੂੰ ਅੰਮ੍ਰਿਤਸਰ ਲੈ ਜਾਓ, ਇਹ ਛੇਤੀ ਛਪ ਜਾਣੀ ਚਾਹੀਦੀ ਹੈ। ਇਹ ਪਤਾ ਨਹੀਂ ਸੀ ਕਿ ਅਗਲੇ ਦਿਨ ਉਨ੍ਹਾਂ ਦਾ ਆਪਣਾ ਸੂਰਜ ਛਿਪ ਜਾਏਗਾ।

ਮੈਂ ਬੜੇ ਭਰੇ ਹੋਏ ਮਨ ਨਾਲ ਇਹ ਪੁਸਤਕ ਛਪਾਈ ਲਈ ਭੇਜ ਰਿਹਾ ਹਾਂ।

27 ਅਕਤੂਬਰ, 2008 — **ਜੋਗਿੰਦਰ ਸਿੰਘ ਆਹਲੂਵਾਲੀਆ**

SikhBookClub.com

1

ਛੋਟੇ ਮੇਲ ਦਾ ਜਨਮ

ਗੁਰੂ-ਘਰ ਵਿਚ ਤ੍ਰੇੜ

1645 ਈ. ਵਿਚ ਲਿਖੀ ਫ਼ਾਰਸੀ ਦੀ ਕਿਤਾਬ *ਦਬਿਸਤਾਨਿ-ਮਜ਼ਾਹਿਬ* ਦੇ ਕਰਤਾ ਮੀਰਜ਼ਾ ਜ਼ੁਲਫ਼ਿਕਾਰ ਆਜ਼ਰ ਸਾਸਾਨੀ 'ਮੁਬਿਦ' ਦੀ ਦੱਸ ਅਨੁਸਾਰ ਛੋਟੇ ਮੇਲ ਦੇ ਲੋਕ ਆਪਣੇ ਆਪ ਨੂੰ 'ਭਗਤ' ਅਖਵਾਉਂਦੇ ਸਨ।[1] ਗਣੇਸ਼ ਦਾਸ ਵਡੈਹਰਾ ਕਰਤਾ *ਚਾਰ ਬਾਗ਼ਿ-ਪੰਜਾਬ* (1849 ਈ.) ਵੀ ਇਸ ਗੱਲ ਦੀ ਹਾਮੀ ਭਰਦਾ ਹੈ।[2]

ਇਹ ਲੋਕ ਆਪਣੇ ਆਪ ਨੂੰ ਜੋ ਮਰਜ਼ੀ ਅਖਵਾਉਂਦੇ ਹੋਣ, ਪਰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਿੱਖਾਂ ਦੀ ਬਹੁਗਿਣਤੀ ਇਨ੍ਹਾਂ ਨੂੰ ਗੁਰ-ਗੱਦੀ ਦੇ ਮੁਕਾਬਲੇ ਉੱਤੇ ਆਪਣੀ ਵੱਖਰੀ ਗੱਦੀ ਕਾਇਮ ਕਰ ਲੈਣ ਦੇ ਦੋਸ਼ ਵਿਚ ਛੇਕਿਆ ਹੋਇਆ ਬੇਮੁਖ ਟੋਲਾ ਮੰਨਣ ਲੱਗ ਪਈ ਸੀ। ਤਤਕਾਲੀ ਸਿੱਖ ਜਨਤਾ ਦੀ ਚੇਤਨਾ ਵਿੱਚ ਇਨ੍ਹਾਂ ਬੇਮੁਖਾਂ ਵਿਰੁੱਧ ਕਿੰਨਾ ਜ਼ਹਿਰ ਘੁਲ ਚੁੱਕਾ ਸੀ, ਇਸ ਦੀ ਥਾਹ ਲਾਉਣ ਲਈ ਭਾਈ ਗੁਰਦਾਸ ਜੀ ਦੀ ਇੱਕੋ 36ਵੀਂ ਵਾਰ ਦਾ ਪਾਠ ਹੀ ਕਾਫ਼ੀ ਹੈ। ਅਸਲ ਵਿੱਚ ਸੋਢੀ ਪਿਰਥੀ ਚੰਦ ਤੇ ਉਸ ਦੇ ਸੰਗੀ-ਸਾਥੀਆਂ ਨਾਲ ਨਾ-ਮਿਲਵਰਤੋਂ ਤੇ ਗੁਰਸਿੱਖੀ ਤੋਂ ਖ਼ਾਰਜ ਕਰ ਦੇਣ ਦੇ ਅੰਦੋਲਨ ਦਾ ਮੋਢੀ ਭਾਈ ਗੁਰਦਾਸ ਨੂੰ ਹੀ ਮੰਨਣਾ ਚਾਹੀਦਾ ਹੈ।

ਭਾਈ ਗੁਰਦਾਸ ਗੁਰੂ-ਘਰ ਵਿਚ ਸੋਢੀ ਪਿਰਥੀ ਚੰਦ ਵੱਲੋਂ ਪਾਈ ਪਾਟਕ ਨੂੰ ਗੁਰੂ ਰਾਮਦਾਸ ਜੀ ਦੇ ਵੇਲੇ ਅਚਾਨਕ ਪੈਦਾ ਹੋਈ ਬੇਮੁਖਤਾ ਦਾ ਫੁਟਕਲ ਦਿਮਾਗ਼ੀ ਫ਼ਤੂਰ ਨਾ ਸਮਝ ਕੇ ਇਸ ਨੂੰ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਵਿਆਪਦੇ ਆ ਰਹੇ ਰੋਗ ਦਾ ਗੰਭੀਰ ਵਿਸਫੋਟ ਅਨੁਮਾਨਦੇ ਸਨ। ਆਪਣੀ 26ਵੀਂ ਵਾਰ ਦੀ 33ਵੀਂ ਪਉੜੀ ਵਿਚ ਆਪ ਲਿਖਦੇ ਹਨ :

ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ॥
ਲਖਮੀਦਾਸਹੁ ਧਰਮਚੰਦ ਪੋਤਾ ਹੁਇ ਕੈ ਆਪੁ ਗਣਾਇਆ॥
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ॥
ਮੋਹਣ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ॥
ਮੀਣਾ ਹੋਆ ਪਿਰਥੀਆ ਕਰਿ ਕਰਿ ਤੌਂਢਕ[3] ਬਰਲੁ ਚਲਾਇਆ॥

---

1. *ਦਬਿਸਤਾਨਿ-ਮਜ਼ਾਹਿਬ*, 1904, ਪੰ. 234 : وایشاں خودرا بھگت یعنی پرستارِ خدا گیرند۔
2. ਕਿਰਪਾਲ ਸਿੰਘ, (ਸੰਪਾ.), *ਚਾਰ ਬਾਗ਼ਿ-ਪੰਜਾਬ*, 1965, ਪੰ. 108 : خودرا بھگت قرارداد۔
3. ਪਾਠਾਂਤਰ : ਤੇਢਕ, ਟੇਢਕ, ਭਾਵ ਟੇਢਾਪਣ ਜਾਂ ਕਪਟ।

SikhBookClub.com

ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖੁ ਪੁਤਾਂ[4] ਭਉਕਾਇਆ॥
ਚੰਦਨ ਵਾਸੁ ਨ ਵਾਸ ਬੋਹਾਇਆ॥੩੩॥[5]

ਭਾਈ ਗੁਰਦਾਸ ਗੁਰੂ-ਘਰ ਵਿਚ ਪਈਆਂ ਕੁੱਝ ਤਰੇੜਾਂ ਦੇ ਚਸ਼ਮਦੀਦ ਗਵਾਹ ਸਨ, ਇਸ ਲਈ ਸਾਨੂੰ ਉਨ੍ਹਾਂ ਦੇ ਕਥਨਾਂ ਉੱਤੇ ਪੂਰਾ ਇਤਬਾਰ ਕਰਨ ਵਿਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ।

ਉਪਰੋਕਤ ਬਿਆਨ ਤੋਂ ਇਕ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਭਾਈ ਗੁਰਦਾਸ ਅਨੁਸਾਰ ਗੁਰੂ-ਘਰ ਵਿਚ ਜਿਹੜੀ ਸੱਕਿਆਂ-ਸਹੋਦਰਿਆਂ ਵਲੋਂ ਬੇਮੁਖਤਾ ਹੁੰਦੀ ਰਹੀ, ਉਸ ਦਾ ਆਧਾਰ ਦਾਰਸ਼ਨਿਕ, ਸਿਧਾਂਤਿਕ ਜਾਂ ਧਾਰਮਿਕ ਨਹੀਂ ਸੀ, ਤੇ ਨਾ ਆਪਣਾ ਮੱਤ ਪੂਰੀ ਤਰ੍ਹਾਂ ਤਿਆਗ ਕੇ ਕੋਈ ਨਵਾਂ ਮੱਤ ਧਾਰਨ ਦੀ ਲਾਲਸਾ ਸੀ, ਬਲਕਿ ਗੁਰਿਆਈ ਨਾਲ ਸੰਬੰਧਿਤ ਲੋਕ ਸ਼ਰਧਾ ਦੇ ਪਾਤਰ ਬਣਨ ਦੀ ਤੇ ਉਸ ਨਾਲ ਜੁੜੇ ਮਾਇਕ ਲਾਭ ਦੀ ਤੀਬਰ ਇੱਛਾ ਸੀ। ਇਸੇ ਕਰਕੇ ਭਾਈ ਗੁਰਦਾਸ, ਇਨ੍ਹਾਂ ਨੂੰ ਗੁਰੂ ਸਾਹਿਬਾਨ ਦੀ ਬਿੰਦੀ ਔਲਾਦ ਹੋਣ ਦੇ ਬਾਵਜੂਦ, ਕੋਈ ਖ਼ਾਸ ਮਾਨਤਾ ਨਹੀਂ ਦੇਂਦੇ, ਬਲਕਿ ਜਦੋਂ ਆਪਣੇ ਸਮਕਾਲੀ ਪਿਰਥੀ ਚੰਦ ਉੱਤੇ ਪਹੁੰਚਦੇ ਹਨ ਤਾਂ ਜ਼ੋਰਦਾਰ ਘ੍ਰਿਣਾ-ਸੂਚਕ ਸ਼ਬਦਾਂ ਦੀ ਵਰਤੋਂ ਕਰਦੇ ਹਨ।

ਆਪਣੇ ਜ਼ੋਰਦਾਰ ਹੱਲੇ ਨਾਲ ਭਾਈ ਗੁਰਦਾਸ ਗੁਰੂ-ਗੱਦੀ ਨਾਲ ਜੁੜੀ ਆ ਰਹੀ ਇਸ ਪਾੜੂ ਰੁਚੀ ਦਾ ਸਦਾ ਲਈ ਭੋਗ ਪਾ ਦੇਣਾ ਚਾਹੁੰਦੇ ਸਨ, ਪਰ ਇਸ ਨੂੰ ਠੱਲ੍ਹ ਨਾ ਪੈ ਸਕੀ। ਜੇ ਸੋਢੀ ਪਿਰਥੀ ਚੰਦ ਦਾ ਅੰਦੋਲਨ ਉਨ੍ਹਾਂ ਤਕ ਹੀ ਸੀਮਤ ਰਹਿੰਦਾ, ਤਾਂ ਸਾਡੇ ਇਤਿਹਾਸ ਦਾ ਮੂੰਹ-ਮੁਹਾਂਦਰਾ ਹੁਣ ਨਾਲੋਂ ਵੱਖਰਾ ਹੋਣਾ ਸੀ। ਪਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ, ਸੋ ਇਹ ਪਾੜ, *ਮਾਲਵਾ ਰਟਨ ਦੀ ਸਾਖੀ ਪੋਥੀ* ਅਨੁਸਾਰ, ਓਦੋਂ ਤਕ ਸਿੱਖ ਭਾਈਚਾਰੇ ਦਾ ਜ਼ਖ਼ਮ ਬਣਿਆ ਰਿਹਾ, ਜਦੋਂ ਤਕ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਦੀ ਬੇਮੁਖਤਾ ਵਾਲੀ ਨੀਤੀ ਨੂੰ ਖਿਮਾ ਨਹੀਂ ਸੀ ਕੀਤੀ।

ਪੁੱਤਰਾਂ ਦੀ ਨਾਬਰੀ[6]

ਗੁਰੂ ਨਾਨਕ ਦੇਵ ਜੀ ਆਪਣੀ ਵਿਚਾਰ-ਧਾਰਾ ਨੂੰ ਮਨੁੱਖ-ਮਾਤਰ ਦੇ ਜੀਵਨ ਵਿਚ ਸਾਕਾਰ ਹੋਇਆ ਵੇਖਣ ਲਈ ਗੁਰੂ-ਪੱਧਤੀ ਦਾ ਜਾਰੀ ਰਹਿਣਾ ਜ਼ਰੂਰੀ ਸਮਝਦੇ ਸਨ। ਇਸ ਕਾਰਜ ਨੂੰ ਅਮਲੀ ਰੂਪ ਦੇਣ ਲਈ ਉਨ੍ਹਾਂ ਨੇ ਆਪਣੇ ਦੁਹਾਂ ਪੁੱਤਰਾਂ, ਬਾਬਾ ਸ੍ਰੀ ਚੰਦ (1494-1629 ਈ.)[7] ਤੇ ਬਾਬਾ ਲਖਮੀ ਚੰਦ (1496-1555 ਈ.)[8] ਦੇ

4. ਪਾਠਾਂਤਰ : ਕੁਤਾ।
5. *ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1994, ਪੰ. 293.
6. ਸਿੱਖ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਪਰਿਵਾਰ ਦੇ ਵੇਰਵੇ ਲਈ ਵੇਖੋ ਜ਼ਮੀਮਾ ਨੰ. 2.
7. *The Encyclopaedia of Sikhism*, Vol. 4, p. 23. ਸਿੱਖ ਰਵਾਇਤ ਅਨੁਸਾਰ ਬਾਬਾ ਸ੍ਰੀ ਚੰਦ ਨੇ 'ਉਦਾਸੀ' ਸੰਪ੍ਰਦਾਇ ਦੀ ਨੀਂਹ ਰੱਖੀ। ਸਿੱਖ ਗੁਰੂ ਇਨ੍ਹਾਂ ਦਾ ਨਾਨਕ ਪੁਤਰਾ ਹੋਣ ਕਰਕੇ ਆਦਰ ਸਤਿਕਾਰ ਕਰਦੇ ਸਨ, ਭਾਵੇਂ ਇਹ ਸਿੱਖ ਅਸੂਲਾਂ ਦੇ ਉਲਟ ਜਤੀ ਤੇ ਵੈਰਾਗੀ ਸਨ।
8. *ਉਹੀ*, Vol. 2, p. 553. ਪੰਜਾਬ ਦੇ ਬੇਦੀ ਆਪਣੇ ਆਪ ਨੂੰ ਬਾਬਾ ਲਖਮੀ ਚੰਦ (ਦਾਸ) ਦੀ ਵੰਸ਼ਜ ਮੰਨਦੇ ਹਨ।

SikhBookClub.com

ਰਵਾਇਤੀ ਵਿਰਾਸਤੀ ਅਧਿਕਾਰਾਂ ਨੂੰ ਨਜ਼ਰ-ਅੰਦਾਜ਼ ਕਰ ਕੇ, ਆਪਣੇ ਇੱਕ ਸ਼ਰਧਾਵਾਨ ਸਿੱਖ, ਭਾਈ ਲਹਿਣਾ ਜੀ[9] ਨੂੰ ਆਪਣਾ ਜਾਨਸ਼ੀਨ ਥਾਪ ਦਿੱਤਾ। ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਚੰਦ ਜੀ ਵੱਲੋਂ ਜਾਂ ਉਨ੍ਹਾਂ ਦੀ ਔਲਾਦ ਵੱਲੋਂ ਗੱਦੀ ਦੀ ਪ੍ਰਾਪਤੀ ਲਈ ਕਿਸੇ ਵੀ ਪੱਧਰ ਉੱਤੇ ਕੋਈ ਅੰਦੋਲਨ ਖੜਾ ਕੀਤਾ ਪ੍ਰਤੀਤ ਨਹੀਂ ਹੁੰਦਾ ਪਰ ਇਹ ਸਾਫ਼ ਹੈ ਕਿ ਉਨ੍ਹਾਂ ਨੂੰ ਆਪਣੇ ਪਿਤਾ ਦਾ ਹੁਕਮ ਸੁਖਾਇਆ ਨਹੀਂ ਸੀ।[10] ਗੁਰਿਆਈ ਮਿਲਣ ਉਪਰੰਤ ਗੁਰੂ ਅੰਗਦ ਦੇਵ ਜੀ (1504-1552 ਈ.) ਨੂੰ, ਜਿਸ ਤਰ੍ਹਾਂ ਕਰਤਾਰਪੁਰ[11] ਛੱਡ ਕੇ ਆਪਣਾ ਟਿਕਾਣਾ ਖਡੂਰ ਸਾਹਿਬ[12] ਬਣਾਉਣਾ ਪਿਆ, ਉਸ ਤੋਂ ਇਹੀ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਔਲਾਦ ਨੇ ਉਨ੍ਹਾਂ ਲਈ ਕਰਤਾਰਪੁਰ ਦਾ ਮਾਹੌਲ ਸਾਜ਼ਗਾਰ ਨਹੀਂ ਸੀ ਰਹਿਣ ਦਿੱਤਾ।

ਗੁਰੂ ਅੰਗਦ ਦੇਵ ਜੀ ਦੇ ਵੀ ਦੋ ਹੀ ਪੁੱਤਰ ਸਨ—ਬਾਬਾ ਦਾਸੂ[13] ਤੇ ਬਾਬਾ ਦਾਤੂ[14]। ਆਪ ਨੇ ਵੀ, ਗੁਰੂ ਨਾਨਕ ਦੇਵ ਜੀ ਵਾਂਗ, ਦੁਹਾਂ ਵਿੱਚੋਂ ਕਿਸੇ ਨੂੰ ਗੁਰ-ਗੱਦੀ ਦੇ ਯੋਗ ਨਾ ਸਮਝਿਆ ਤੇ ਆਪਣੇ ਇਕ ਅਨਿੰਨ ਸਿੱਖ ਅਮਰ ਦਾਸ ਜੀ (1479-1574 ਈ.) ਨੂੰ ਆਪਣਾ ਨਾਦੀ ਵਾਰਿਸ ਥਾਪ ਦਿੱਤਾ। ਗੁਰੂ ਅੰਗਦ ਦੇਵ ਜੀ ਦੇ ਦੋਨਾਂ ਪੁੱਤਰਾਂ ਨੂੰ ਇਹ ਗੱਲ ਕਤਈ ਮਨਜ਼ੂਰ ਨਹੀਂ ਸੀ। ਉੱਪਰ ਦਿੱਤੀ ਭਾਈ ਗੁਰਦਾਸ ਦੀ ਵਾਰ 26, ਪਉੜੀ 33, ਅਨੁਸਾਰ "ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ", ਵੱਡੇ ਪੁੱਤਰ ਬਾਬਾ ਦਾਸੂ ਜੀ ਨੇ, ਆਪਣੇ ਪਿਤਾ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ, ਖਡੂਰ ਸਾਹਿਬ ਵਿਚ ਆਪਣੀ ਵੱਖਰੀ ਗੱਦੀ ਕਾਇਮ ਕਰ ਲਈ, ਪਰ ਇਹ ਬਹੁਤੀ ਦੇਰ ਤਕ ਨਾ ਚੱਲ ਸਕੀ।[15] ਗੁਰੂ ਅੰਗਦ ਦੇਵ ਜੀ ਤੋਂ ਬਾਅਦ,

---

9. ਗੁਰੂ ਅੰਗਦ ਦੇਵ ਜੀ ਦਾ ਗੁਰਿਆਈ ਤੋਂ ਪਹਿਲਾਂ ਦਾ ਨਾਂ।
10. *ਸ੍ਰ.ਗੁ.ਗ੍ਰੰ.ਸਾ.* ਵਿਚ ਗੁਰੂ ਅੰਗਦ ਦੇਵ ਜੀ ਦੀ ਚੋਣ ਬਾਰੇ ਰਾਇ ਬਲਵੰਡਿ ਤਥਾ ਸਤੈ ਡੂਮ ਦੀ ਆਖੀ ਰਾਮਕਲੀ ਦੀ ਵਾਰ ਵਿਚ, ਜਿਸ ਨੂੰ "ਟਿੱਕੇ ਦੀ ਵਾਰ" ਵੀ ਕਿਹਾ ਜਾਂਦਾ ਹੈ, ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਭ ਪੁੱਤਰਾਂ ਤੇ ਸਿੱਖਾਂ ਨੂੰ ਪਰਖ ਕੇ ਹੀ ਭਾਈ ਲਹਣਾ ਜੀ ਨੂੰ ਆਪਣਾ ਜਾਨਸ਼ੀਨ ਚੁਣਿਆ:
    ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥
    ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥੪॥ *(ਪੰ. 967)*
    ਪਰ ਉਨ੍ਹਾਂ ਦੇ ਪੁੱਤਰਾਂ ਨੂੰ ਇਹ ਗੱਲ ਪਸੰਦ ਨਾ ਆਈ ਤੇ ਉਹ ਬਾਗੀ ਹੋ ਗਏ:
    ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥
    ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ ॥...॥੨॥ *(ਪੰ. 967)*
    ਭਾਈ ਗੁਰਦਾਸ, ਪਹਿਲੀ ਵਾਰ ਦੀ 38ਵੀਂ ਪਉੜੀ ਵਿਚ ਇਸ ਗੱਲ ਦੀ ਪੁਸ਼ਟੀ ਕਰਦੇ ਹਨ:
    ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ ॥ *(1-38-3)*
    ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ ॥ *(1-38-4)*
11. ਇਹ ਨਗਰ ਹੁਣ ਰਾਵੀ ਨਦੀ ਦੇ ਕੰਢੇ ਪਾਕਿਸਤਾਨ ਵਾਲੇ ਪਾਸੇ ਹੈ। ਆਪਣੀਆਂ ਉਦਾਸੀਆਂ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਏਥੇ 18 ਕੁ ਸਾਲ ਨਿਵਾਸ ਕੀਤਾ, ਏਥੇ ਹੀ ਭਾਈ ਲਹਿਣਾ ਜੀ ਨੂੰ ਗੁਰਿਆਈ ਦਿੱਤੀ ਤੇ ਜੋਤੀ ਜੋਤ ਸਮਾਏ।
12. ਭਾਈ ਲਹਿਣਾ ਜੀ, ਗੁਰੂ-ਗੱਦੀ ਉੱਤੇ ਬੈਠਣ ਤੋਂ ਪਹਿਲਾਂ ਖਡੂਰ ਸਾਹਿਬ ਰਹਿੰਦੇ ਸਨ। ਇਹ ਕਸਬਾ ਤਰਨ ਤਾਰਨ ਤੋਂ ਕੋਈ 19 ਕੁ ਕਿ.ਮੀ. ਪੂਰਬ ਵਲ ਹੈ।
13. ਗੁਰੂ ਅੰਗਦ ਦੇਵ ਜੀ ਦੇ ਵੱਡੇ ਪੁੱਤਰ ਜਨਮ 1524 ਈ., ਖਡੂਰ ਸਾਹਿਬ ਵਿਚ।
14. ਗੁਰੂ ਅੰਗਦ ਦੇਵ ਜੀ ਦੇ ਛੋਟੇ ਪੁੱਤਰ ਜਨਮ 1537 ਈ., ਖਡੂਰ ਸਾਹਿਬ ਵਿਚ।
15. *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* ਕ੍ਰਿਤ ਕੇਸਰ ਸਿੰਘ ਛਿੱਬਰ, ਪਿਆਰਾ ਸਿੰਘ ਪਦਮ, (ਸੰਪਾ.), 1997, ਪੰ. 61:
    ਖਟ ਮਾਸ ਕੀਤੀ ਦਾਸੂ ਗੁਰਿਆਈ। ਰਲ ਮਿਲ ਸਿਖਾਂ ਪੱਗ ਦਾਸੂ ਨੂੰ ਬਨ੍ਹਵਾਈ।

SikhBookClub.com

ਗੁਰੂ ਅਮਰ ਦਾਸ ਜੀ ਖਡੂਰ ਸਾਹਿਬ ਛੱਡ ਕੇ ਗੋਇੰਦਵਾਲ[16] ਚਲੇ ਗਏ। ਛੋਟੇ ਪੁੱਤਰ ਬਾਬਾ ਦਾਤੂ ਜੀ ਨੇ ਸਿਧ-ਆਸਣ ਲਗਾ ਕੇ ਆਪਣੀ ਸਿੱਖੀ-ਸੇਵਕੀ ਚਲਾਉਣ ਦਾ ਜਤਨ ਕੀਤਾ, ਪਰ ਉਹ ਵੀ ਕਾਮਯਾਬ ਨਾ ਹੋਏ। ਆਖ਼ਰ ਉਹ ਗੱਦੀ ਹਥਿਆਉਣ ਲਈ ਗੋਇੰਦਵਾਲ ਜਾ ਪਹੁੰਚੇ। ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਉਨ੍ਹਾਂ ਨੇ ਗੋਇੰਦਵਾਲ ਜਾ ਕੇ ਭਰੇ ਦੀਵਾਨ ਵਿਚ, ਗੁਰੂ ਅਮਰ ਦਾਸ ਜੀ ਦੇ ਪੇਟ ਵਿਚ ਲੱਤ ਮਾਰੀ[17], ਪਰ ਇਸ ਦਾ ਕੋਈ ਅਸਰ ਨਾ ਹੋਇਆ। ਇਸ ਤਰ੍ਹਾਂ ਦਾਸੂ ਤੇ ਦਾਤੂ ਦੁਹਾਂ ਦੇ ਗੁਰਿਆਈ ਲਈ ਜਤਨ ਨਾਕਾਮ ਰਹੇ।

ਗੁਰੂ ਅਮਰ ਦਾਸ ਜੀ ਦੀ ਸੰਤਾਨ ਵਿਚ ਦੋ ਨਰੀਨੇ ਬੱਚੇ ਸਨ—ਵੱਡੇ ਸਨ ਬਾਬਾ ਮੋਹਨ ਜੀ[18] ਤੇ ਛੋਟੇ ਬਾਬਾ ਮੋਹਰੀ ਜੀ[19]। ਆਪ ਨੇ ਵੀ ਇਨ੍ਹਾਂ ਦੁਹਾਂ ਬੱਚਿਆਂ ਨੂੰ ਛੱਡ ਕੇ ਗੱਦੀ ਦਿੱਤੀ ਭਾਈ ਜੇਠਾ ਜੀ (1534-1581 ਈ.) ਨੂੰ, ਜੋ ਉਨ੍ਹਾਂ ਦੇ ਜਵਾਈ ਸਨ। ਬਾਬਾ ਮੋਹਰੀ ਜੀ ਨੇ ਤਾਂ ਆਪਣੇ ਪਿਤਾ ਵੱਲੋਂ ਕੀਤੀ ਨਾਮਜ਼ਦਗੀ ਨੂੰ ਖਿੜੇ ਮੱਥੇ ਪਰਵਾਨ ਕਰ ਲਿਆ[20], ਪਰ ਲੱਗਦਾ ਹੈ ਬਾਬਾ ਮੋਹਨ ਜੀ ਨੇ ਗੁਰਿਆਈ ਦੀ

---

16. ਇਹ ਸ਼ਹਿਰ ਜ਼ਿਲਾ ਅੰਮ੍ਰਿਤਸਰ ਵਿਚ, ਗੋਇੰਦਵਾਲ-ਤਰਨ ਤਾਰਨ ਸੜਕ ਉੱਤੇ ਤਰਨ ਤਾਰਨ ਤੋਂ ਕੋਈ 24 ਕਿ.ਮੀ. ਪੂਰਬ-ਪੱਛਮ ਵੱਲ ਬਿਆਸ ਨਦੀ ਦੇ ਕੰਢੇ ਵੱਸਿਆ ਹੋਇਆ ਹੈ।
17. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, ਜਿਲਦ 5, ਰਾਸਿ 1, ਅੰਸੂ 34, ਪੰ. 1462.
18. *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼* (ਕਾਨ੍ਹ ਸਿੰਘ ਨਾਭਾ, 1981, ਭਾਸ਼ਾ ਵਿਭਾਗ, ਪੰ. 746) ਤੇ *The Encyclopaedia of Sikhism* (Vol . 3, p .112) ਅਨੁਸਾਰ ਬਾਬਾ ਮੋਹਨ ਜੀ ਦਾ ਜਨਮ 1536 ਈ. ਨੂੰ ਬਾਸਰਕੇ ਗਿੱਲਾਂ (ਅੰਮ੍ਰਿਤਸਰ ਦੇ ਨੇੜੇ) ਵਿਚ ਹੋਇਆ। ਕੇਸਰ ਸਿੰਘ ਛਿੱਬਰ (*ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪੰ. 64) ਨੇ ਇਨ੍ਹਾਂ ਦਾ ਜਨਮ 1554 ਈ. ਦਾ ਦੱਸਿਆ ਹੈ। ਬਾਬਾ ਮੋਹਨ ਜੀ ਦੇ ਸਮਾਉਣ ਦੀ ਮਿਤੀ ਦਾ ਕੋਈ ਪਤਾ ਨਹੀਂ ਮਿਲਦਾ। ਸ.ਸ. ਪਦਮ ਨੇ ਆਪਣੇ ਥੀਸਿਸ (*ਸਿੱਖਾਂ ਦੀ ਭਗਤ ਮਾਲਾ ਦਾ ਸ਼ੁੱਧ ਆਲੋਚਨਾਤਮਕ ਸੰਸਕਰਨ*, 2005, ਪੰ. 94-96) ਵਿਚ ਸਿੱਧ ਕੀਤਾ ਹੈ ਕਿ ਬਾਬਾ ਮੋਹਨ ਦਾ ਜਨਮ 1504-1510 ਈ. ਤੇ ਚਲਾਣਾ 1574-1581 ਈ. ਵਿਚ ਹੋਇਆ।
    ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮੇ* ਵਿਚ ਇਹ ਵੀ ਲਿਖਦਾ ਹੈ ਕਿ ਗੁਰੂ ਅਮਰ ਦਾਸ ਜੀ ਦੇ ਦੋ ਪੁੱਤਰ ਸਨ—ਇਕ ਦਾ ਨਾਂ ਸੀ 'ਨੰਦ' ਤੇ ਦੂਜੇ ਦਾ 'ਮੋਹਰੀ'। ਅੱਗੋਂ ਬਾਬਾ ਨੰਦ ਦਾ ਬੇਟਾ ਸੀ 'ਮੋਹਨ'। ਇਉਂ ਬਾਬਾ ਮੋਹਨ ਗੁਰੂ ਅਮਰ ਦਾਸ ਜੀ ਦੇ ਪੋਤਰੇ ਲੱਗੇ। *ਮਹਿਮਾ ਪ੍ਰਕਾਸ਼* (1776 ਈ.) ਅਨੁਸਾਰ ਗੁਰੂ ਅਮਰ ਦਾਸ ਜੀ ਦੇ ਦੋ ਪੁੱਤਰ ਸਨ, ਬਾਬਾ ਮੋਹਨ ਜੀ ਵੱਡੇ ਤੇ ਬਾਬਾ ਮੋਹਰੀ ਜੀ ਛੋਟੇ। ਭਾਈ ਗੁਰਦਾਸ ਦੀ 26ਵੀਂ ਵਾਰ ਦੀ 33ਵੀਂ ਪਉੜੀ ਵਿਚ 'ਮੋਹਨ' ਤੇ 'ਮੋਹਰੀ' ਵਿੱਚੋਂ 'ਮੋਹਨ' ਦਾ ਨਾਂ ਪਹਿਲਾਂ ਲਿਆ ਹੋਇਆ ਹੈ, ਜਿਸ ਤੋਂ ਲੱਗਦਾ ਹੈ ਕਿ ਭਾਈ ਗੁਰਦਾਸ ਦੀਆਂ ਨਜ਼ਰਾਂ ਵਿਚ ਵੀ ਬਾਬਾ ਮੋਹਨ ਗੁਰੂ ਅਮਰ ਦਾਸ ਜੀ ਦੇ ਵੱਡੇ ਤੇ ਬਾਬਾ ਮੋਹਰੀ ਛੋਟੇ ਪੁੱਤਰ ਸਨ। ਬਾਬਾ ਮੋਹਨ ਬਾਰੇ ਕੁੱਝ ਦਾ ਕਥਨ ਹੈ ਕਿ ਉਹ ਸਾਰੀ ਉਮਰ ਅਣਵਿਆਹੇ ਰਹੇ, ਕੁੱਝ ਸੰਸਰਾਮ (ਸਹੰਸਰ ਰਾਮ) ਨੂੰ ਉਨ੍ਹਾਂ ਦਾ ਪੁੱਤਰ ਦੱਸਦੇ ਹਨ।
19. ਬਾਬਾ ਮੋਹਰੀ ਜੀ ਦਾ ਜਨਮ 1539 ਈ. ਨੂੰ ਬਾਸਰਕੇ ਗਿੱਲਾਂ ਵਿਚ ਹੋਇਆ (ਵੇਖੋ, *The Encyclopaedia of Sikhism*, Vol. 3, p. 121)। ਉਨ੍ਹਾਂ ਦੇ ਸਮਾਉਣ ਦੀ ਮਿਤੀ ਦਾ ਕੋਈ ਪਤਾ ਨਹੀਂ ਮਿਲਦਾ।
20. ਬਾਬਾ ਸੁੰਦਰ ਜੀ ਦੇ ਰਾਗ ਰਾਮਕਲੀ ਵਿਚ ਲਿਖੇ "ਸਦੁ" ਵਿਚ ਇਸ ਗੱਲ ਦੀ ਗਵਾਹੀ ਮਿਲਦੀ ਹੈ :
    ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ ॥੫॥
    ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ ॥
    ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥
    ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ ॥
    ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ ॥
    ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ ॥
    ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ ॥੬॥੧॥ *(ਸ੍ਰੀ.ਗੁ.ਗ੍ਰੰ.ਸਾ. ਪੰ. 923)*

SikhBookClub.com

ਉੱਚ ਪਦਵੀ ਨੂੰ ਭੱਲਾ ਖ਼ਾਨਦਾਨ ਵਿਚ ਜਾਰੀ ਰੱਖਣ ਲਈ ਹੱਥ ਪੈਰ ਮਾਰਨ ਦੀ ਨਿਤਾਣੀ ਜਿਹੀ ਕੋਸ਼ਿਸ਼ ਤਾਂ ਬੇਸ਼ਕ ਕੀਤੀ, ਪਰ ਉਹ ਸਿਰੇ ਨਾ ਚੜ੍ਹ ਸਕੀ।[21] ਉਹ ਅੰਦਰੇ-ਅੰਦਰ ਵਿੱਸ ਹੀ ਘੋਲਦੇ ਰਹੇ। ਨੌਬਤ ਏਥੋਂ ਤਕ ਆ ਪਹੁੰਚੀ ਕਿ ਉਹ (ਭਾਈ ਗੁਰਦਾਸ ਦੀ 26ਵੀਂ ਵਾਰ ਦੀ 33ਵੀਂ ਪਉੜੀ ਵਿਚ "ਮੋਹਨ ਕਮਲਾ ਹੋਇਆ..." ਅਨੁਸਾਰ) ਆਪਣਾ ਦਿਮਾਗ਼ੀ ਸੰਤੁਲਨ ਗਵਾ ਬੈਠੇ। ਉਨ੍ਹਾਂ ਦਾ ਜਾਂ ਉਨ੍ਹਾਂ ਦੀ ਔਲਾਦ ਦਾ ਰੋਸ ਅੰਦੋਲਨ ਦੀ ਸ਼ਕਲ ਧਾਰਨ ਤੋਂ ਪਹਿਲਾਂ ਹੀ ਠੁੱਸ ਹੋ ਕੇ ਰਹਿ ਗਿਆ। ਭਾਈ ਜੇਠਾ ਜੀ, ਗੁਰੂ ਰਾਮ ਦਾਸ ਬਣ ਕੇ ਗੱਦੀ-ਨਸ਼ੀਨ ਹੋ ਗਏ।

ਗੁਰੂ ਰਾਮ ਦਾਸ ਆਪਣੀ ਬਾਣੀ ਵਿਚ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਦੇ ਵਿਰੋਧੀਆਂ ਨੂੰ 'ਨਿੰਦਕ ਦੁਸਟ' ਦੀ ਸੰਗਿਆ ਨਾਲ ਸੰਬੋਧਿਤ ਕਰਦੇ ਹੋਏ ਲਿਖਦੇ ਹਨ ਕਿ ਇਨ੍ਹਾਂ ਨੂੰ ਗੁਰੂ ਨਾਨਕ ਤੇ ਗੁਰੂ ਅੰਗਦ ਦੇਵ ਜੀ ਨੇ ਫਿਟਕਾਰਿਆ ਪਰ ਤੀਜੀ ਪੀੜ੍ਹੀ ਗੁਰੂ ਅਮਰ ਦਾਸ ਜੀ ਨੇ ਉਨ੍ਹਾਂ ਨੂੰ ਵਿਚਾਰੇ ਤੇ ਬੇਵੱਸ ਜਾਣ ਕੇ ਬਖ਼ਸ਼ ਦਿੱਤਾ। "ਗਉੜੀ ਕੀ ਵਾਰ ਮਹਲਾ ੪" ਦੀ 14ਵੀਂ ਪਉੜੀ ਦੇ ਪਹਿਲੇ ਸਲੋਕ ਵਿਚ ਆਪ ਇਉਂ ਫ਼ਰਮਾ ਗਏ ਹਨ :

> ਧੁਰਿ ਮਾਰੇ ਪੂਰੈ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ ॥...
> ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ ॥
> ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ ॥
> ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ ॥
> ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ ॥... ॥੧॥
>
> *(ਸ੍ਰ.ਗੁ.ਗ੍ਰੰ.ਸਾ. ਪੰ. 307)*

ਹੁਣ ਅਸੀਂ ਆਪਣੀ ਇਸ ਪੁਸਤਕ ਦੇ ਘੁਲਾਟੀਆਂ ਦੇ ਅਸਲ ਪਿੜ ਦੇ ਕੰਢੇ ਪਹੁੰਚ ਗਏ ਹਾਂ। ਹੁਣ ਤਕ ਸਾਡਾ ਜਤਨ ਇਹੀ ਰਿਹਾ ਹੈ ਕਿ ਅਸੀਂ ਭਾਈ ਗੁਰਦਾਸ ਦੀ ਦੱਸ ਨੂੰ ਪ੍ਰਮਾਣਿਕ ਮੰਨ ਕੇ ਗੁਰੂ ਅਮਰ ਦਾਸ ਜੀ ਤਕ ਦੀ ਗੁਰੂ-ਘਰ ਵਿਚ ਪਈ ਤ੍ਰੇੜ ਦੇ ਵੇਰਵੇ ਨੂੰ ਵਿਦਵਾਨ ਪਾਠਕਾਂ ਦੇ ਵਿਚਾਰ ਗੋਚਰੇ ਕਰੀਏ, ਪਰ ਕਿਉਂਕਿ ਘਮਸਾਨ ਦਾ ਜੁੱਧ ਤਾਂ ਗੁਰੂ ਰਾਮਦਾਸ ਜੀ ਦੇ ਜੀਵਨ-ਕਾਲ ਵਿਚ ਸ਼ੁਰੂ ਹੁੰਦਾ ਹੈ, ਇਸ ਲਈ ਅਸੀਂ ਹੁਣ ਇਸ ਰਣ-ਤੱਤੇ ਨੂੰ ਨੇੜਿਓਂ ਵੇਖਣ ਦਾ ਜਤਨ ਕਰਦੇ ਹਾਂ।

ਬਗ਼ਾਵਤ ਦਾ ਆਰੰਭ

ਗੁਰੂ ਰਾਮ ਦਾਸ ਜੀ ਦੇ ਤਿੰਨ ਬੇਟੇ ਸਨ—ਵੱਡਾ ਸ੍ਰੀ ਪਿਰਥੀ ਚੰਦ (1558-1619 ਈ.), ਵਿਚਕਾਰਲਾ ਸ੍ਰੀ ਮਹਾਦੇਵ (1560-1605 ਈ.) ਤੇ ਛੋਟਾ ਸ੍ਰੀ ਅਰਜਨ ਮੱਲ (1563-1606 ਈ.)।

21. ਵੇਖੋ, ਪ੍ਰੋ. ਪ੍ਰੀਤਮ ਸਿੰਘ (ਸੰਪਾ.), *ਅਹੀਆਪੁਰ ਵਾਲੀ ਪੋਥੀ*, 1998. ਪੁਸਤਕ ਦੇ ਪੰ. 135 ਉੱਤੇ ਲਿਖਿਆ ਹੈ ਕਿ ਬਾਬਾ ਮੋਹਨ ਜੀ "ਗੁਰੂ ਰਾਮਦਾਸ ਜੀ ਵੱਲੋਂ ਬੇਮੁਖ ਹੋ ਗਏ। ਸ਼ਾਇਦ, ਆਪਣੀ ਗੁਰਿਆਈ ਦੇ ਚਿੰਨ੍ਹ ਵਜੋਂ 'ਨਾਨਕ' ਛਾਪ ਵਾਲੇ ਕੁੱਝ ਪਦੇ ਵੀ ਰਚੇ ਹੋਣ ਪਰ ਹੁਣ ਇਹ ਤਾਂ ਸਿੱਧ ਹੀ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਆਪਣੇ ਪੁੱਤਰ ਸਹੰਸਰ ਰਾਮ ਨੂੰ ਬਾਣੀ ਦਾ ਇਕ ਵੱਖਰਾ ਸੰਗ੍ਰਹਿ ਤਿਆਰ ਕਰਨ ਵੱਲ ਪ੍ਰੇਰਿਤ ਕੀਤਾ।"

SikhBookClub.com

ਜਦੋਂ ਗੁਰੂ ਰਾਮ ਦਾਸ ਜੀ ਦੀਆਂ ਮਿਹਰਬਾਨੀਆਂ ਦਾ ਰੁਖ਼ ਅਰਜਨ ਮੱਲ ਵੱਲ ਵਧੇਰੇ ਹੁੰਦਾ ਵੇਖਿਆ, ਤਾਂ ਪਿਰਥੀ ਚੰਦ ਨੂੰ ਡਰ ਪੈ ਗਿਆ ਕਿ ਗੁਰੂ ਸਾਹਿਬ ਆਪਣੇ ਛੋਟੇ ਪੁੱਤਰ ਨੂੰ ਗੱਦੀ ਲਈ ਤਿਆਰ ਕਰ ਰਹੇ ਹਨ। ਉਹ ਇਸ ਗੱਦੀ ਨੂੰ ਆਪਣਾ ਹੱਕ ਸਮਝਦਾ ਸੀ। ਉਸ ਨੂੰ ਲੱਗਾ ਕਿ ਜੇ ਅਰਜਨ ਮੱਲ ਨੂੰ ਗੱਦੀ ਉੱਤੇ ਬਿਠਾਇਆ ਗਿਆ ਤਾਂ ਉਹਦੇ ਨਾਲ ਬੇਇਨਸਾਫ਼ੀ ਹੋਵੇਗੀ। ਸਿੱਖਾਂ ਦੀ ਗਿਣਤੀ ਵਿੱਚ ਵਾਧਾ ਹੋਣ ਕਾਰਨ ਚੜ੍ਹਾਵੇ ਵਿਚ ਵਾਧਾ ਹੋਣਾ ਜ਼ਰੂਰੀ ਸੀ। ਉਸ ਨੂੰ ਇਹ ਵੀ ਦਿੱਸ ਰਿਹਾ ਸੀ ਕਿ ਜਿਸ ਨੂੰ ਗੁਰਿਆਈ ਮਿਲੀ, ਉਸ ਦੇ ਰਸੂਖ਼ ਵਿੱਚ ਬੇਅੰਤ ਵਾਧਾ ਹੋ ਜਾਵੇਗਾ। ਸੋ ਉਸ ਨੇ ਪੰਜਵੇਂ ਗੁਰੂ ਦੀ ਨਾਮਜ਼ਦਗੀ ਤੋਂ ਪਹਿਲਾਂ ਹੀ ਘਰ ਵਿੱਚ ਕਲੇਸ਼ ਪੈਦਾ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਰਾਮਦਾਸ ਜੀ ਦਾ ਇਕ ਸ਼ਬਦ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਅਜਿਹਾ ਦਰਜ ਹੈ, ਜੋ ਨਿਰਵਿਵਾਦ ਸਬੂਤ ਪੇਸ਼ ਕਰਦਾ ਹੈ ਕਿ ਉਨ੍ਹਾਂ ਦੇ ਜੇਠੇ ਪੁੱਤਰ ਪਿਰਥੀ ਚੰਦ ਨੇ, ਆਪਣੇ ਪਿਤਾ ਦੀ ਫ਼ਰਮਾਂਬਰਦਾਰੀ ਵਾਲਾ ਰਾਹ ਛੱਡ ਕੇ ਗੁਸਤਾਖ਼ੀ ਉੱਤੇ ਉਤਰਨਾ ਸ਼ੁਰੂ ਕਰ ਦਿੱਤਾ ਸੀ। ਰਾਗ ਸਾਰੰਗ ਵਿੱਚ ਗੁਰੂ-ਵਾਕ ਹੈ :

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥੧॥ਰਹਾਉ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ॥੧॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ॥੨॥੧॥੭॥
(ਸ੍ਰ.ਗੁ.ਗ੍ਰੰ.ਸਾ. ਪੰ. 1200)

ਇਸ ਸ਼ਬਦ ਵਿਚ ਸੋਢੀ ਪਿਰਥੀ ਚੰਦ ਜੀ ਵੱਲੋਂ ਵਡਿਆਈ ਨੂੰ ਧਨ-ਦੌਲਤ, ਜਾਇਦਾਦ ਦੇ ਗਜ਼ ਨਾਲ ਮੇਚਣ ਤੇ ਪੈਸੇ ਨੂੰ ਹੀ ਆਦਰਸ਼ ਬਣਾ ਲੈਣ ਦੀ ਗ਼ਲਤ ਜੀਵਨ-ਸ਼ੈਲੀ ਦੀ ਆਲੋਚਨਾ ਕੀਤੀ ਗਈ ਹੈ।

ਇਕ ਹੋਰ ਸ਼ਬਦ ਵਿੱਚ, ਇਹ ਇਸ਼ਾਰਾ ਵੀ ਕੀਤਾ ਮਿਲਦਾ ਹੈ ਕਿ ਪਿਰਥੀ ਚੰਦ ਗੁਰ-ਗੱਦੀ ਦਾ ਇੱਛਕ ਹੈ ਤੇ ਆਪਣੀ ਇੱਛਾ ਦੀ ਪੂਰਤੀ ਧੌਂਸ ਨਾਲ ਤੇ ਪਿਤਾ ਨੂੰ ਖੁਨਾਮੀ ਨਾਲ ਯਰਕਾ ਕੇ ਕਰਨਾ ਚਾਹੁੰਦਾ ਹੈ। ਜਿਸ ਤਰ੍ਹਾਂ ਉਪਰੋਕਤ ਸ਼ਬਦ ਵਿਚ ਗੁਰੂ ਸਾਹਿਬ ਆਪਣੇ ਪੁੱਤਰ ਨੂੰ ਸਿੱਧਾ ਰਸਤਾ ਵਿਖਾਉਂਦੇ ਹਨ, ਉਸੇ ਤਰ੍ਹਾਂ, ਅਗਲੇ ਸ਼ਬਦ ਵਿੱਚ ਵੀ ਉਸ ਨੂੰ ਸਮਝਾਉਂਦੇ ਹਨ ਕਿ ਗੁਰੂ ਨਾਨਕ ਤੋਂ ਤੁਰਦੀ ਆ ਰਹੀ ਗੁਰੂ-ਗੱਦੀ ਦਾ ਖ਼ਾਸ ਲੱਛਣ 'ਸੇਵਾ' ਹੈ ਅਤੇ ਜੋ ਮਿਲਣਾ ਹੈ ਤੇ ਜਿਸ ਨੂੰ ਮਿਲਣਾ ਹੈ, 'ਸਿਮਰਨ' (ਭਗਤੀ) ਤੇ 'ਸੇਵਾ' ਦੇ ਫਲ ਵਜੋਂ ਹੀ ਮਿਲਣਾ ਹੈ, ਬਜ਼ੁਰਗਾਂ ਦੀ ਖੁਨਾਮੀ ਨੇ ਕੁੱਝ ਵੀ ਪੱਲੇ ਨਹੀਂ ਪਾਉਣਾ। ਇਹ ਸ਼ਬਦ ਰਾਗ ਸੂਹੀ ਵਿਚ ਹੈ :

ਤਿਨੀ ਅੰਤਰਿ ਹਰਿ ਆਰਾਧਿਆ ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ॥
ਤਿਨ ਕੀ ਬਖੀਲੀ ਕੋਈ ਕਿਆ ਕਰੇ ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ॥੧॥
ਹਰਿ ਹਰਿ ਧਿਆਇ ਮਨ ਮੇਰੇ ਮਨ ਧਿਆਇ ਹਰਿ
ਜਨਮ ਜਨਮ ਕੇ ਸਭਿ ਦੂਖ ਨਿਵਾਰਣਹਾਰਾ॥੧॥ਰਹਾਉ॥
ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ॥
ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ॥੨॥

SikhBookClub.com

ਸੇ ਭਗਤ ਸੇ ਸੇਵਕਾ ਜਿਨਾ ਹਰਿ ਨਾਮੁ ਪਿਆਰਾ॥
ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ॥੩॥
ਜਿਸੁ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ॥
ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ
ਹਰਿ ਸੇਵਕ ਭਾਇ ਨਿਸਤਾਰਾ॥੪॥੨॥੯॥ *(ਸ੍ਰ.ਗੁ.ਗ੍ਰੰ.ਸਾ. ਪੰ. 733)*

ਗੁਰੂ ਰਾਮਦਾਸ ਜੀ ਨੇ ਪਿਰਥੀ ਚੰਦ ਦੇ ਦਮਗਜਿਆਂ ਦੇ ਬਾਵਜੂਦ ਗੁਰਿਆਈ ਆਪਣੇ ਛੋਟੇ ਸੁਪੁੱਤਰ ਸ੍ਰੀ ਅਰਜਨ ਮੱਲ ਨੂੰ ਬਖ਼ਸ਼ ਦਿੱਤੀ।[22]

ਪਿਰਥੀ ਚੰਦ ਆਪਣੇ ਨਾਲ ਹੋਈ ਇਸ ਹੱਕ-ਤਲਫ਼ੀ ਨੂੰ ਜਰ ਨਾ ਸਕੇ। ਸਿੱਖ ਰਵਾਇਤ ਅਨੁਸਾਰ, ਗੱਦੀ-ਨਸ਼ੀਨੀ ਤੋਂ ਪਹਿਲਾਂ ਵੀ ਉਨ੍ਹਾਂ ਈਰਖਾ-ਵੱਸ ਹੋ ਕੇ ਸ੍ਰੀ ਅਰਜਨ ਮੱਲ ਦੀਆਂ, ਲਾਹੌਰ ਤੋਂ ਆਪਣੇ ਗੁਰੂ-ਪਿਤਾ ਵੱਲ ਲਿਖੀਆਂ ਵਿਛੋੜੇ ਦੇ ਦਰਦ ਵਾਲੀਆਂ ਚਿੱਠੀਆਂ ਲੁਕਾ ਲਈਆਂ ਸਨ[23], ਪਰ ਹੁਣ ਤਾਂ ਉਹ ਗੁਰ-ਗੱਦੀ ਉੱਤੇ ਕਬਜ਼ਾ ਕਰਨ ਲਈ ਖੁੱਲ੍ਹਮ-ਖੁੱਲ੍ਹੀ ਬਗ਼ਾਵਤ ਉੱਤੇ ਉਤਰ ਆਏ।

ਸਾਡੇ ਇਤਿਹਾਸ ਅਨੁਸਾਰ ਗੁਰੂ ਰਾਮਦਾਸ ਜੀ ਦੇ ਸਮੇਂ ਗੁਰੂ-ਘਰ ਦਾ ਸਾਰਾ ਪ੍ਰਬੰਧ ਤੇ ਲੈਣ-ਦੇਣ ਪਿਰਥੀ ਚੰਦ ਦੇ ਹੱਥ ਵਿਚ ਸੀ। ਇਸ ਰਸੂਖ਼ ਦਾ ਫ਼ਾਇਦਾ ਉਠਾਉਂਦੇ ਹੋਏ ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੀ ਗੱਦੀ-ਨਸ਼ੀਨੀ (1581 ਈ.) ਤੋਂ ਬਾਅਦ, ਸਿੱਖ ਸੰਗਤਾਂ, ਮਸੰਦਾਂ, ਰਬਾਬੀਆਂ, ਆਦਿ ਨੂੰ ਵਰਗਲਾ ਕੇ, ਚੜ੍ਹਾਵੇ

---

22. ਇਸ ਦੀ ਗਵਾਹੀ *ਸ੍ਰ.ਗੁ.ਗ੍ਰੰ.ਸਾ.* ਵਿਚ ਭੱਟ ਮਥੁਰਾ ਦੇ ਸਵੱਯੇ ਤੋਂ ਮਿਲਦੀ ਹੈ:
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥੪॥ *(ਪੰ. 1409)*
ਗੁਰਬਿਲਾਸ ਪਾਤਸ਼ਾਹੀ ੬, (ਵੇਦਾਂਤੀ, ਪੰ. 283), ਤੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, (ਰਾਸਿ 2, ਅੰਸੂ 12, ਜਿਲਦ 5, ਪੰ. 1730) ਵੀ ਇਸ ਦੀ ਪੁਸ਼ਟੀ ਕਰਦੇ ਹਨ।
ਪਰ ਕੇਸਰ ਸਿੰਘ ਛਿੱਬਰ ਤੇ ਸਰੂਪ ਦਾਸ ਭੱਲਾ ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਨੂੰ ਤਾਂ ਗੁਰੂ ਅਮਰ ਦਾਸ ਜੀ ਤੋਂ ਵਰੋਸਾਈ ਮੰਨਦੇ ਹਨ:
(ੳ) ਇਸ ਨੂੰ ਮੈਂ ਨਹੀਂ ਦਿਤੀ ਗੁਰਿਆਈ। ਇਹ ਥਾਪੀ ਇਸ ਨੂੰ ਨਾਨੇ ਹੈ ਲਾਈ।
ਮੈਂ ਉਸ ਦਾ ਕੀਤਾ ਮੇਟ ਨਹੀਂ ਸਕਿਆ। ਇਸ ਵਾਸਤੇ ਮੈਂ ਹਾਂ ਇਸ ਨੂੰ ਟਿਕਿਆ॥੩੦॥
(ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਛਿੱਬਰ, ਪੰ. 71)
(ਅ) ਗੁਰਿਆਈ ਅਰਜਨ ਦੇਵ ਕੋ ਬਖਸੀ ਅਮਰ ਕਰਤਾਰ।... ॥੧੧॥
(ਮਹਿਮਾ ਪ੍ਰਕਾਸ਼, ਭਾਗ ਦੂਜਾ, 1992, ਉੱਤਮ ਸਿੰਘ ਭਾਟੀਆ (ਸੰਪਾ.), ਸਾਖੀਆਂ ਪਾਤਸ਼ਾਹੀ ੫, ਸਾਖੀ ਨੰ. 1, ਪੰ. 310)

23. *ਸ੍ਰ.ਗੁ.ਗ੍ਰ.ਸਾ.* ਵਿਚ ਮਹਲਾ ੫ ਦਾ ਮਾਝ ਰਾਗ ਵਿਚ ਇਕ ਸ਼ਬਦ ਹੈ (ਵੇਖੋ, ਪੰ. 96), ਜੋ "ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥" ਨਾਲ ਸ਼ੁਰੂ ਹੁੰਦਾ ਹੈ। ਰਵਾਇਤ ਅਨੁਸਾਰ ਇਸ ਦੇ ਪਹਿਲੇ ਤਿੰਨ ਬੰਦ ਉਹ ਤਿੰਨ ਚਿੱਠੀਆਂ ਹਨ ਜੋ ਸ੍ਰੀ ਅਰਜਨ ਮੱਲ ਨੇ ਲਾਹੌਰ ਤੋਂ ਆਪਣੇ ਪਿਤਾ ਨੂੰ ਲਿਖੀਆਂ ਤੇ ਚੌਥਾ ਬੰਦ ਮਿਲਾਪ ਦੀ ਖ਼ੁਸ਼ੀ ਵਿਚ ਰਚਿਆ ਗਿਆ। *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (ਪੋਥੀ ਪਹਿਲੀ, ਪੰਨਾ 96, ਫ਼ੁਟਨੋਟ) ਵਿਚ ਲਿਖਿਆ ਹੈ ਕਿ ਗੁਰੂ ਰਾਮ ਦਾਸ ਜੀ ਚੌਥਾ ਬੰਦ ਸੁਣ ਕੇ ਬੜੇ ਖ਼ੁਸ਼ ਹੋਏ ਅਤੇ ਗੁਰੂ ਅਰਜਨ ਦੇਵ ਜੀ ਨੂੰ ਲਾਇਕ ਵੇਖ ਕੇ ਗੁਰਿਆਈ ਬਖ਼ਸ਼ੀ। ਇਸ ਵਾਰਤਾ ਦੇ ਪਿਛੋਕੜ ਬਾਰੇ ਸ੍ਰੀ ਗੁਰੂ ਗ੍ਰੰਥ ਸਹਿਬ ਵਿਚ ਕੋਈ ਸੰਕੇਤ ਨਹੀਂ ਮਿਲਦਾ। ਪ੍ਰੋ. ਸਾਹਿਬ ਸਿੰਘ ਇਸ ਸ਼ਬਦ ਨਾਲ ਜੁੜੀ ਚਿੱਠੀਆਂ ਵਾਲੀ ਕਹਾਣੀ ਨੂੰ ਮਨ-ਘੜਤ ਸਮਝਦੇ ਹਨ (*ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, ਪੋਥੀ ਪਹਿਲੀ, ਪੰ. 603)। ਇਸ ਸ਼ਬਦ ਵਿਚ ਨਾਨਕ ਛਾਪ ਦੀ ਵਰਤੋਂ ਕੀਤੀ ਗਈ ਹੈ ਜੋ ਗੁਰਿਆਈ ਤੋਂ ਪਹਿਲਾਂ ਨਹੀਂ ਸੀ ਕੀਤੀ ਜਾ ਸਕਦੀ। ਇਸ ਮੁਸ਼ਕਲ ਵਿੱਚੋਂ ਨਿਕਲਣ ਲਈ ਇਹ ਰਾਹ ਕੱਢਿਆ ਗਿਆ ਕਿ ਇਸ ਸ਼ਬਦ ਦਾ ਨਾਨਕ ਤਖ਼ੱਲੁਸ ਵਾਲਾ ਚੌਥਾ ਬੰਦ ਓਦੋਂ ਰਚਿਆ ਗਿਆ ਜਦੋਂ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਦਾ ਤਿਲਕ ਲੱਗ ਚੁੱਕਾ ਸੀ। (ਵੇਖੋ, *ਗੁਰ ਬਿਲਾਸ ਪਾਤਸ਼ਾਹੀ ੬*, ਵੇਦਾਂਤੀ, ਪੰ. 284)

SikhBookClub.com

ਦੀਆਂ ਰਸਦਾਂ ਨੂੰ ਬਟੋਰਨਾ ਸ਼ੁਰੂ ਕਰ ਦਿੱਤਾ। ਐਥੋਂ ਤਕ ਨੌਬਤ ਆ ਗਈ ਕਿ ਗੁਰੂ ਅਰਜਨ ਦੇਵ ਜੀ ਦੇ ਲੰਗਰ ਮਸਤ ਹੋ ਗਏ। ਮਸਾਂ-ਮਸਾਂ ਭਾਈ ਗੁਰਦਾਸ, ਭਾਈ ਬੁੱਢਾ ਤੇ ਹੋਰ ਕਈ ਪਤਵੰਤੇ ਸਿੱਖਾਂ ਨੇ ਸੰਗਤਾਂ ਨੂੰ ਸਮਝਾ-ਬੁਝਾ ਕੇ ਗੁਰੂ ਅਰਜਨ ਦੇਵ ਜੀ ਵੱਲ ਪਰੇਰਿਆ। ਦੱਸਿਆ ਜਾਂਦਾ ਹੈ ਕਿ ਭਰਾਵਾਂ ਵਿਚ ਜਾਇਦਾਦ ਤੇ ਆਮਦਨ ਦੀ ਵੰਡ[24] ਵੀ ਹੋਈ ਪਰ ਇਸ ਦੇ ਬਾਵਜੂਦ, ਪਿਰਥੀ ਚੰਦ ਦੀ ਤਸੱਲੀ ਨਾ ਹੋਈ। ਉਸ ਦਾ ਇਕ ਹੋਣਹਾਰ ਪੁੱਤਰ ਸੀ ਮਨੋਹਰ ਦਾਸ, ਜਿਸ ਦਾ ਜਨਮ 1581 ਈ. ਵਿਚ ਹੋਇਆ ਸੀ। ਇਹ ਬਾਲਕ, ਗੁਰੂ ਅਰਜਨ ਦੇਵ ਜੀ ਦਾ ਬੜਾ ਲਾਡਲਾ ਸੀ। ਕਿਉਂਕਿ ਗੁਰੂ ਅਰਜਨ ਦੇਵ ਜੀ ਦੇ ਘਰ ਹਾਲਾਂ ਕੋਈ ਔਲਾਦ ਨਹੀਂ ਸੀ ਹੋਈ, ਇਸ ਲਈ ਪਿਰਥੀ ਚੰਦ ਦੇ ਮਨ ਵਿਚ ਇਹ ਆਸ ਵੀ ਬੱਝੀ ਹੋਵੇਗੀ ਕਿ ਗੁਰੂ ਜੀ ਆਪਣੇ ਬਾਅਦ ਆਪਣੇ ਭਤੀਜੇ ਨੂੰ ਹੀ ਛੇਵਾਂ ਗੁਰੂ ਨਾਮਜ਼ਦ ਕਰ ਦੇਣਗੇ।[25] ਪਰ ਜਦੋਂ 1595 ਈ. ਵਿਚ ਗੁਰੂ ਅਰਜਨ ਦੇਵ ਜੀ ਦੇ ਘਰ ਬਾਲਕ ਹਰਿਗੋਬਿੰਦ ਦਾ ਜਨਮ ਹੋ ਗਿਆ[26] ਤਾਂ ਸੋਢੀ ਪਿਰਥੀ ਚੰਦ ਦੀਆਂ ਸਾਰੀਆਂ ਆਸਾਂ ਉੱਤੇ ਪਾਣੀ

---

24. ਭਾਈ ਸੰਤੋਖ ਸਿੰਘ ਲਿਖਦੇ ਹਨ :

    ਕਛਕ ਦੁਕਾਨਨ ਕੋ ਤਹਿਂ ਭਾਰਾ। ਅਰੁ ਜਗਾਤ ਜੋ ਆਇ ਬਜਾਰਾ।
    ਸੋ ਸਭਿ ਪਿਰਥੀਏ ਕੋ ਤਬਿ ਦੀਨ। ਚੌਂਕ ਪਾਸੀਆਂ ਕੋ ਜਹਿਂ ਚੀਨ।30।
    ਮਹਾਂਦੇਵ ਕੋ ਸੋ ਥਲ ਦਯੋ। ਧਨ ਜਗਾਤ ਕੋ ਤਿਸ ਨੇ ਲਯੋ।
    ਇਸ ਦੋਨਹੁ ਕੋ ਹਿਤ ਗੁਜ਼ਰਾਨ। ਲੇ ਕਰਿ ਕਰਹਿਂ ਨਿਬਾਹਨ ਖਾਨ।31।
    ਪੂਜਾ ਸੰਗਤਿ ਕੀ ਸਭਿ ਜੋਇ। ਸ਼੍ਰੀ ਸਤਿਗੁਰ ਅਰਜਨ ਕੀ ਸੋਇ।
    ਚਲਨ ਲਗਯੋ ਐਸੇ ਬਿਵਹਾਰ। ਤੀਨਹੁਂ ਭ੍ਰਾਤ ਮੇਲ ਕੋ ਧਾਰਿ ॥32॥

    (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 29, ਪੰ. 1763)

25. ਸਰੂਪ ਦਾਸ ਭੱਲਾ (1776 ਈ.) ਲਿਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਤੀਜੇ ਮਨੋਹਰ ਦਾਸ ਨੂੰ ਗੋਦ ਲੈ ਲਿਆ ਸੀ :

    ਪ੍ਰਿਥਮੇ ਅਰਜਨ ਦੇਵ ਗੁਰ ਗੋਦ ਲੀਏ ਮਨੋਹਰ ਦਾਸ।

    (ਮਹਿਮਾ ਪ੍ਰਕਾਸ਼, ਭਾਗ ਦੂਜਾ, 1971, ਪੰ. 512)

    ਗ਼ੁਲਾਮ ਮੁਹੀਉੱਦੀਨ ਬੂਟੇ ਸ਼ਾਹ ਨੇ ਤਾਂ ਏਥੋਂ ਤਕ ਲਿਖ ਦਿੱਤਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਤੀਜੇ ਮਿਹਰਵਾਨ ਨੂੰ ਗੱਦੀ ਉੱਤੇ ਬਿਠਾ ਦਿੱਤਾ। ਵੇਖੋ : *ਤਾਰੀਖ਼ਿ-ਪੰਜਾਬ*, ਜਿਲਦ ਪਹਿਲੀ, ਫ਼ਾਰਸੀ ਹੱਥ-ਲਿਖਤ ਖਾ.ਕਾ.ਅੰ. SHR 1288, ਪ. 359.

    در خانہ ارجن مل پسرے نبود۔ چوں عمرش نصفے رسید مہربان نامی برادرزادہ خود بر مسند خلافت بنشاند۔

    [ਅਰਜਨ ਮੱਲ ਦੇ ਘਰ ਔਲਾਦ ਨਹੀਂ ਸੀ। ਜਦੋ ਉਨ੍ਹਾਂ ਦੀ ਅੱਧੀ ਕੁ ਉਮਰ ਬੀਤ ਗਈ ਤਾਂ ਮਿਹਰਬਾਨ ਨਾਮੀ ਆਪਣੇ ਭਰਾ ਦੇ ਬੇਟੇ ਨੂੰ ਗੱਦੀ ਉੱਤੇ ਬਿਠਾ ਦਿੱਤਾ]

    ਨੋਟ : ਇਹ ਹਵਾਲਾ *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਕਿਰਪਾਲ ਸਿੰਘ (ਸੰਪਾ.), 1962, ਪੰ. 3 ਤੋਂ ਲਿਆ ਗਿਆ ਹੈ। SHR 1288 ਬਾਰੇ ਵੇਖੋ, Kirpal Singh, ed . *A Catalogue of Persian and Sanskrit Manuscripts*, 1962, Khalsa College, Amritsar, pp . 48-51. *The Encyclopaedia of Sikhism*, (Vol. IV, p. 375), ਅਨੁਸਾਰ *ਤਾਰੀਖ਼ਿ-ਪੰਜਾਬ*, 1848 ਈ. ਵਿਚ ਮੁਕੰਮਲ ਕੀਤੀ ਗਈ।

    ਹਰਿ ਜੀ ਨੇ *ਗੋਸ਼ਟਾਂ ਮਿਹਰਬਾਨ ਜੀ ਕੀਆਂ* (ਕ੍ਰਿਸ਼ਣਾ ਕੁਮਾਰੀ ਬਾਂਸਲ, ਸੰਪਾ., 1977, ਪੰ. 46) ਵਿਚ ਸਿਰਫ਼ ਇਹ ਲਿਖਿਆ ਹੈ : "ਜਬ ਸੋਲਾ ਬਰਸ ਕਾ ਗੁਰੂ ਮਿਹਰਵਾਨੁ ਹੋਆ ਤਬ ਗੁਰੂ ਮਿਹਰਵਾਨੁ ਕੀ ਸੇਵਾ ਅਰੁ (ਸੁ) ਬੁਧਿ ਦੇਖਿ ਕਰਿ ਗੁਰੂ ਅਰਜਨ ਬਹੁਤੁ ਕਿਰਪਾ ਕਰਨੇ ਲਾਗਾ।"

26. ਪ੍ਰਚਲਿਤ ਰਵਾਇਤ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ 1595 ਈ. ਨੂੰ ਹੋਇਆ ਮੰਨਿਆ ਜਾਂਦਾ ਹੈ, ਪਰ ਭੱਟ ਵਹੀ ਮੁਲਤਾਨੀ ਸਿੰਧੀ (ਵੇਖੋ, *ਗੁਰੂ ਕੀਆਂ ਸਾਖੀਆਂ* ਕ੍ਰਿਤ ਸਰੂਪ ਸਿੰਘ ਕੌਸ਼ਿਸ਼, ਪਿਆਰਾ ਸਿੰਘ ਪਦਮ (ਸੰਪਾ.), 2003, ਪੰ. 29) ਤੇ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* ਕ੍ਰਿਤ ਕੇਸਰ ਸਿੰਘ ਛਿੱਬਰ ਵਿਚ ਉਨ੍ਹਾਂ ਦਾ ਜਨਮ 1590 ਈ. ਨੂੰ ਹੋਇਆ ਲਿਖਿਆ ਹੈ।

SikhBookClub.com

ਫਿਰ ਗਿਆ। ਸਿੱਖ ਇਤਿਹਾਸਕਾਰਾਂ ਅਨੁਸਾਰ ਨਿਰਾਸ ਪਿਰਥੀ ਚੰਦ ਨੇ ਬਾਲਕ ਹਰਿਗੋਬਿੰਦ ਨੂੰ, ਆਪਣੇ ਪੁੱਤਰ ਦੇ ਰਸਤੇ ਦਾ ਰੋੜਾ ਸਮਝ ਕੇ, ਜਾਨੀ ਨੁਕਸਾਨ ਪਹੁੰਚਾਣ ਦੀ ਕੋਸ਼ਿਸ਼ ਕੀਤੀ। ਉਸ ਦੀ ਇਸ ਕਮੀਨੀ ਹਰਕਤ ਬਾਰੇ ਕਈ ਕਹਾਣੀਆਂ ਪ੍ਰਚਲਿਤ ਹਨ। ਇਕ ਇਹ ਹੈ ਕਿ ਬਾਲਕ ਹਰਿਗੋਬਿੰਦ ਨੂੰ ਦਾਈ ਦੇ ਥਣਾਂ ਦੁਆਰਾ ਜ਼ਹਿਰ ਦਿਵਾਉਣ ਦੀ ਕੋਸ਼ਿਸ਼ ਕੀਤੀ ਗਈ। ਦੂਜੀ ਇਹ ਕਿ ਬਾਲਕ ਹਰਿਗੋਬਿੰਦ ਨੂੰ ਜੋ ਮਾਤਾ ਨਿਕਲੀ, ਉਹ ਪਿਰਥੀ ਚੰਦ ਦੇ ਦਿੱਤੇ ਸਰਾਪ ਦਾ ਨਤੀਜਾ ਸੀ। ਤੀਜੀ ਕਹਾਣੀ ਅਨੁਸਾਰ ਪਿਰਥੀ ਚੰਦ ਨੇ ਇਕ ਸਪਾਧੇ ਤੋਂ ਇਕ ਜ਼ਹਿਰੀ ਸੱਪ ਛਡਵਾ ਦਿੱਤਾ। ਇਸੇ ਤਰ੍ਹਾਂ ਦੀਆਂ ਕੁੱਝ ਹੋਰ ਕਹਾਣੀਆਂ ਵੀ ਹਨ।[27] ਇਹ ਕਹਾਣੀਆਂ ਕੁੱਝ ਮਨ-ਘੜਤ ਤੇ ਕੁੱਝ ਠੀਕ ਵੀ ਹੋ ਸਕਦੀਆਂ ਹਨ ਪਰ ਜਿਸ ਤਰ੍ਹਾਂ ਦਾ ਪ੍ਰਮਾਣਿਕ ਸਬੂਤ ਇਕ ਹੋਰ ਕਹਾਣੀ ਦਾ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿੱਚੋਂ ਮਿਲਦਾ ਹੈ, ਉਸ ਤਰ੍ਹਾਂ ਦਾ ਪੱਕਾ ਸਬੂਤ ਹੋਰ ਕਿਸੇ ਕਹਾਣੀ ਦਾ ਨਹੀਂ ਮਿਲਦਾ। *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਗੁਰੂ ਅਰਜਨ ਦੇਵ ਜੀ ਦਾ ਭੈਰਉ ਰਾਗੁ ਵਿਚ ਆਪਣਾ ਇਕ ਸ਼ਬਦ ਹੈ :

ਲੇਪੁ ਨ ਲਾਗੋ ਤਿਲ ਕਾ ਮੂਲਿ ॥
ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥
ਪਾਪੀ ਮੂਆ ਗੁਰ ਪਰਤਾਪਿ ॥੧॥ਰਹਾਉ॥
ਅਪਣਾ ਖਸਮੁ ਜਨਿ ਆਪਿ ਧਿਆਇਆ ॥
ਇਆਣਾ ਪਾਪੀ ਓਹੁ ਆਪਿ ਪਚਾਇਆ ॥੨॥
ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥
ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥੩॥
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥
ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥੪॥੯॥ *(ਪੰ. 1137)*

ਇਸ ਸ਼ਬਦ ਵਿਚ ਘਾਤਕ ਕਾਰਾ ਕਰਨ ਵਾਲਾ, ਜੋ ਇਕ ਬ੍ਰਾਹਮਣ ਹੈ, ਖ਼ੁਦ ਸੂਲ ਉੱਠਣ ਨਾਲ ਮਰ ਜਾਂਦਾ ਹੈ। ਏਥੇ ਪਿਰਥੀ ਚੰਦ ਦਾ ਸਿੱਧਾ ਹਵਾਲਾ ਨਹੀਂ ਦਿੱਤਾ ਹੋਇਆ, ਪਰ ਇਕ ਮਾਮੂਲੀ ਬ੍ਰਾਹਮਣ, ਜਿਸ ਦਾ ਰੁਜ਼ਗਾਰ ਸ਼ਾਇਦ ਗੁਰੂ ਸਾਹਿਬ ਦੀ ਕਿਰਪਾ ਨਾਲ ਚੱਲਦਾ ਹੋਵੇਗਾ, ਉਹ ਅਨੇਕ ਸਿੱਖਾਂ ਦੇ ਪੂਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇੱਕੋ-ਇਕ ਸੁਪੁੱਤਰ ਦਾ ਘਾਤ ਕਰਨ ਦਾ ਬੱਜਰ ਪਾਪ ਭਲਾ ਕਿਉਂ

27. (ੳ) *ਗੁਰ ਬਿਲਾਸ ਪਾਤਸ਼ਾਹੀ ੬*, ਵੇਦਾਂਤੀ, ਪੰ. 25, ਪੰ. 35.
(ਅ) *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ 6, ਰਾਸਿ 3, ਅੰਸੂ 7, ਪੰ. 1918, ਅੰਸੂ 9, ਪੰ. 1927
(ੲ) *ਤਵਾਰੀਖ਼ ਗੁਰੂ ਖਾਲਸਾ*, ਭਾਗ ਪਹਿਲਾ, 1999, ਪੰ. 407-408.
(ਸ) *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* ਕ੍ਰਿਤ ਕੇਸਰ ਸਿੰਘ ਛਿੱਬਰ, (ਪਿਆਰਾ ਸਿੰਘ ਪਦਮ (ਸੰਪਾ.), ਪੰ. 78-80)। ਇਨ੍ਹਾਂ ਹਵਾਲਿਆਂ ਵਿਚ ਦੋ ਕਿਸਮ ਦੀਆਂ ਕਹਾਣੀਆਂ ਦਰਜ ਹਨ। ਪਹਿਲੀ ਵਿਚ, ਪਿਰਥੀਏ ਦੀ ਚੁੱਕ ਵਿਚ ਆਏ, ਇਕ ਪ੍ਰੋਹਤ ਦਾ ਭਤੀਜਾ ਨੰਦਰਾਮ ਮਹੁਰੇ ਵਾਲੀ ਮਠਿਆਈ ਬਾਲ ਹਰਿਗੋਬਿੰਦ ਨੂੰ ਖੁਆਉਣ ਦੀ ਬਜਾਏ ਭੁਲੇਖੇ ਨਾਲ ਆਪ ਖਾ ਲੈਂਦਾ ਹੈ ਤੇ ਸੂਲ ਨਾਲ ਮਰ ਜਾਂਦਾ ਹੈ। ਦੂਜੀ ਵਿਚ, ਇਕ ਰੂਪੇ ਨਾਂ ਦਾ ਡੋਗਰਾ ਖਿਡਾਵਾ, ਬਾਲ ਹਰਿਗੋਬਿੰਦ ਨੂੰ ਜ਼ਹਿਰ ਵਾਲੀ ਚੂਰੀ ਦੇਣ ਦੀ ਕੋਸ਼ਿਸ਼ ਕਰਦਾ ਹੈ, ਪਰ ਸਫਲ ਨਹੀਂ ਹੁੰਦਾ। ਜਦੋਂ ਇਹੋ ਚੂਰੀ ਇਕ ਕੁੱਤਾ ਖਾਂਦਾ ਹੈ ਤਾਂ ਮਰ ਜਾਂਦਾ ਹੈ। ਖਿਡਾਵਾ ਪੁੱਛਣ ਉੱਤੇ ਦੱਸਦਾ ਹੈ : "ਸਾਹਿਬ ਪਿਰਥੀ ਨਾਥ ਜੀ ਮੈਥੋਂ ਮਹੁਰਾ ਹੈ ਦਿਵਾਇਆ।"

SikhBookClub.com

ਕਰੇਗਾ ? ਸਪਸ਼ਟ ਹੈ ਕਿ ਉਸ ਦੇ ਇਸ ਕਾਰਜ ਦੇ ਪਿੱਛੇ ਸ਼ਰੀਕੇ ਵਿੱਚੋਂ ਕਿਸੇ ਅਜਿਹੇ ਵਿਅਕਤੀ ਦਾ ਹੱਥ ਹੈ, ਜਿਸ ਨੂੰ ਬਾਲਕ ਹਰਿਗੋਬਿੰਦ ਦੇ ਰਸਤੇ ਵਿੱਚੋਂ ਹੱਟ ਜਾਣ ਨਾਲ ਕੋਈ ਵੱਡਾ ਲਾਭ ਮਿਲਣਾ ਸੀ। ਸ਼ਾਇਦ ਏਸੇ ਲਈ ਸਾਰੇ ਸਿੱਖ ਇਤਿਹਾਸਕਾਰਾਂ ਨੇ ਲਖਣ ਲਾਇਆ ਹੈ ਕਿ ਇਹ ਕਾਰਾ ਪਿਰਥੀ ਚੰਦ ਵੱਲੋਂ ਹੀ ਕਰਵਾਇਆ ਗਿਆ ਸੀ। ਉੱਪਰਲੇ ਸ਼ਬਦ ਵਿਚ ਦੋ ਲਫ਼ਜ਼ 'ਪਾਪੀ' ਤੇ 'ਨਿੰਦਕ' ਵਰਤੇ ਹੋਏ ਹਨ। ਪਹਿਲਾ ਤਾਂ ਆਵੱਸ਼ ਬ੍ਰਾਹਮਣ ਲਈ ਹੈ ਤੇ ਦੂਜਾ ਪਿਰਥੀ ਚੰਦ ਲਈ ਹੋ ਸਕਦਾ ਹੈ।

ਪਿਰਥੀ ਚੰਦ ਤੇ ਸੁਲਹੀ ਖ਼ਾਨ

ਸਿੱਖ ਇਤਿਹਾਸ[28] ਵਿਚ ਸੋਢੀ ਪਿਰਥੀ ਚੰਦ ਉੱਤੇ ਸਰਕਾਰੀ ਅਹਿਲਕਾਰਾਂ ਤੇ ਕਰਮਚਾਰੀਆਂ ਨਾਲ ਮਿਲ ਕੇ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਖੁੱਲ੍ਹਮ-ਖੁੱਲ੍ਹੀ ਸਾਜ਼ਸ਼ ਦਾ ਇਲਜ਼ਾਮ ਵੀ ਲਾਇਆ ਗਿਆ ਹੈ। ਇਨ੍ਹਾਂ ਵਿੱਚੋਂ ਇਕ ਅਹਿਲਕਾਰ ਸੁਲਹੀ ਖ਼ਾਨ ਦਾ ਨਾਂ ਉੱਭਰ ਕੇ ਸਾਹਮਣੇ ਆਉਂਦਾ ਹੈ।

ਸਾਡੇ ਇਤਿਹਾਸਿਕ ਗ੍ਰੰਥਾਂ ਅਨੁਸਾਰ, ਸੁਲਹੀ ਖ਼ਾਨ, ਦਿੱਲੀ ਦੇ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਰਾਜ ਵਿਚ ਸੂਬਾ ਲਾਹੌਰ ਦਾ ਇਕ ਬਾ-ਰਸੂਖ਼ ਅਹਿਲਕਾਰ (ਮਾਲੀ ਅਫ਼ਸਰ) ਸੀ।[29] ਦੱਸਿਆ ਜਾਂਦਾ ਹੈ ਕਿ ਇਹ ਸੋਢੀ ਪਿਰਥੀ ਚੰਦ ਦਾ ਮਿੱਤਰ ਸੀ। ਇਸ ਦੀ ਅੱਖ ਗੁਰੂ-ਘਰ ਦੀ ਦੌਲਤ ਉੱਤੇ ਰਹਿੰਦੀ ਸੀ ਤੇ ਸੋਚਦਾ ਸੀ ਕਿਵੇਂ ਗੁਰੂ ਅਰਜਨ ਨੂੰ ਬੰਨ੍ਹ ਕੇ ਸਾਰਾ ਸ਼ਹਿਰ ਲੁੱਟ ਲਿਆ ਜਾਵੇ। ਪਿਰਥੀ ਚੰਦ, ਆਪਣੀ ਪੱਧਰ ਉੱਤੇ ਗੁਰ-ਗੱਦੀ ਦੀ ਪ੍ਰਾਪਤੀ ਲਈ ਕੀਤੀਆਂ ਸਾਰੀਆਂ ਕੋਸ਼ਿਸ਼ਾਂ ਵਿਚ ਨਾਕਾਮ ਹੋ ਕੇ, ਬਾਲਕ ਹਰਿਗੋਬਿੰਦ ਦੇ ਜਨਮ ਤੋਂ ਕੁੱਝ ਸਾਲਾਂ ਬਾਅਦ[30], ਅੰਮ੍ਰਿਤਸਰ ਛੱਡ ਕੇ ਲਾਹੌਰ ਦੇ ਨੇੜੇ ਆਪਣੇ ਸਹੁਰੇ ਪਿੰਡ, ਹੇਹਰ[31] ਚਲੇ ਗਏ। ਓਥੇ ਉਨ੍ਹਾਂ ਨੂੰ ਸੁਲਹੀ

---

28. ਵੇਖੋ, (ੳ) *ਗੁਰ ਬਿਲਾਸ ਪਾਤਸ਼ਾਹੀ ੬*, ਵੇਦਾਂਤੀ, ਅਧਿਆਇ ਤੀਜਾ, ਪੰ. 46 ਤੇ ਅਧਿਆਇ ਛੇਵਾਂ, ਪੰ. 155.
    (ਅ) *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਛੇਵੀਂ : ਰਾਸਿ 3, ਅੰਸੂ 22-27, ਪੰ. 1992-98 ਤੇ ਰਾਸਿ 4, ਅੰਸੂ 16-18, ਪੰ. 2289-2300.
    (ੲ) ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਪਹਿਲਾ, 1999, ਪੰ. 406, 408, 427-430.
29. ਸੁਲਹੀ ਖ਼ਾਨ ਬਾਰੇ ਮੁਗ਼ਲ ਲਿਖਤਾਂ ਵਿੱਚੋਂ ਕੋਈ ਸੁਰਾਗ਼ ਨਹੀਂ ਮਿਲਦਾ। ਇਸ ਦਾ ਰੁਤਬਾ ਕੀ ਸੀ ? *The Encyclopaedia of Sikhism*, Vol. IV, p. 268, ਮੁਤਾਬਕ ਇਹ ਇਕ ਮੁਸਾਹਿਬ (Courtier) ਜਾਂ ਫ਼ੌਜਦਾਰ (Commander) ਸੀ (Vol. III, p. 371)। *ਗੁਰਬਿਲਾਸ ਪਾਤਸ਼ਾਹੀ ੬*, ਵੇਦਾਂਤੀ, ਦੇ ਸੰਪਾਦਕਾਂ ਨੇ ਇਸ ਨੂੰ ਇਕ 'ਮੁਗ਼ਲ ਜਰਨੈਲ' ਲਿਖਿਆ ਹੈ (ਪੰ. 46, ਫ਼ੁਟਨੋਟ 14)
30. *ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਪਹਿਲਾ, ਪੰ. 408 ਅਨੁਸਾਰ 1597 ਈ. ਦੇ ਕਰੀਬ।
31. ਇਹ ਪਿੰਡ ਲਾਹੌਰ (ਪਾਕਿਸਤਾਨ), ਤੋਂ ਕੋਈ 28 ਕਿ.ਮੀ. ਦੂਰ ਬੇਦੀਆਂ ਰੋਡ ਉੱਤੇ ਹੈ। ਇਸ ਰੋਡ ਉੱਤੇ ਕਰਬਾਠ, ਡੇਰਾ ਚਾਹਲ ਤੇ 5 ਕਿ.ਮੀ. ਅੱਗੇ ਹੇਹਰ ਆਉਂਦਾ ਹੈ। ਐਸ ਵੇਲੇ ਇਸ ਪਿੰਡ ਵਿਚ ਕੋਈ ਚਾਰ ਪੰਜ ਹਜ਼ਾਰ ਦੀ ਵੱਸੋਂ ਹੈ। ਮੰਦਰ ਤੇ ਤਲਾਅ ਦਾ ਕੋਈ ਨਿਸ਼ਾਨ ਬਾਕੀ ਨਹੀਂ ਰਿਹਾ। ਸੋਢੀ ਪਿਰਥੀ ਚੰਦ ਦੀ ਸਮਾਧ ਦਾ ਖੰਡਰ ਅਜੇ ਬਚਿਆ ਹੋਇਆ ਹੈ, ਪਰ ਨਾ ਹੋਇਆਂ ਵਰਗਾ। (ਇਹ ਜਾਣਕਾਰੀ ਸਾਨੂੰ ਪਾਕਿਸਤਾਨ ਦੇ ਵਿਦਵਾਨ ਜਨਾਬ ਸਾਕਿਬ ਮਕਸੂਦ ਹੁਰਾਂ ਕੋਲੋਂ ਮਿਲੀ ਹੈ। ਅਸੀਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਾਂ)। ਹੋਰ ਵੇਖੋ, *ਪੰਜਾਬੀ ਟ੍ਰਿਬਿਊਨ*, ਚੰਡੀਗੜ੍ਹ, 7 ਜਨਵਰੀ, 2007 ਵਿਚ ਸੁਰਿੰਦਰ ਕੋਛੜ ਦਾ ਲੇਖ 'ਲਾਹੌਰ ਦੀਆਂ ਸਮਾਧਾਂ'। ਇਸ ਵਿਚ ਇਕ ਫ਼ੋਟੋ ਹੈ, ਜਿਸ ਦੀ ਸੁਰਖ਼ੀ ਹੈ 'ਸਮਾਧ ਬਾਬਾ ਪਿਰਥੀ ਚੰਦ, ਹੇਹਰ'।

SikhBookClub.com

ਖ਼ਾਨ ਟੱਕਰ ਪਿਆ। ਹੇਹਰ ਪਿੰਡ ਸੁਲਹੀ ਖ਼ਾਨ ਦੀ ਜ਼ਾਤੀ ਜਾਗੀਰ ਸੀ ਤੇ ਉਹ ਓਥੇ ਮਾਝੇ ਵਿੱਚੋਂ ਮਾਮਲਾ ਉਗਰਾਹੁਣ ਦੇ ਸਿਲਸਿਲੇ ਵਿਚ ਆਇਆ ਹੋਇਆ ਸੀ। ਪਿਰਥੀ ਚੰਦ ਦਾ ਰੋਣਾ ਸੁਣ ਕੇ, ਉਹ ਝੱਟ ਉਹਦੀ ਮਦਦ ਲਈ ਤਿਆਰ ਹੋ ਗਿਆ। ਪਹਿਲੀ ਗੱਲ ਉਹਨੇ ਇਹ ਕੀਤੀ ਕਿ ਹੇਹਰ ਪਿੰਡ ਪਿਰਥੀ ਚੰਦ ਦੇ ਨਾਂ ਲਿਖ ਦਿੱਤਾ। ਪਿਰਥੀ ਚੰਦ ਨੇ ਓਥੇ, ਅੰਮ੍ਰਿਤਸਰ ਦੀ ਰੀਸੇ, ਇਕ ਮੰਦਰ ਤੇ ਤਲਾਅ ਬਣਵਾਇਆ ਤੇ ਗੁਰੂ ਅਰਜਨ ਦੇਵ ਜੀ ਦੇ ਮੁਕਾਬਲੇ ਵਿਚ ਇਕ ਮੁਤਵਾਜ਼ੀ ਗੱਦੀ ਕਾਇਮ ਕਰ ਲਈ।[32] ਦਿੱਲੀ ਵਾਪਸ ਜਾਣ ਲੱਗਿਆਂ, ਸੁਲਹੀ ਖ਼ਾਨ ਪਿਰਥੀ ਚੰਦ ਨੂੰ ਬਾਦਸ਼ਾਹ ਜਹਾਂਗੀਰ ਨਾਲ ਮਿਲਾਉਣ ਲਈ ਆਪਣੇ ਨਾਲ ਲੈ ਗਿਆ। ਬਾਦਸ਼ਾਹ ਨੇ ਪਿਰਥੀ ਚੰਦ ਦੀ ਫ਼ਰਿਆਦ ਗ਼ੌਰ ਨਾਲ ਸੁਣੀ ਪਰ ਗੁਰੂ ਨਾਨਕ ਦੇਵ ਜੀ ਤੋਂ ਚੱਲ ਰਹੀ ਗੱਦੀ-ਨਸ਼ੀਨੀ ਦੀ ਪ੍ਰਥਾ ਵਿਚ ਦਖ਼ਲ ਦੇਣ ਤੋਂ ਇਨਕਾਰ ਕਰ ਦਿੱਤਾ। ਲਿਖਿਆ ਹੈ ਕਿ ਇਸ ਮੌਕੇ ਉੱਤੇ ਜਹਾਂਗੀਰ ਨੇ ਮਾਲਵੇ ਦਾ ਇਕ ਪਿੰਡ, ਜੋ ਹੁਣ 'ਕੋਠਾ ਗੁਰੂ'[33] ਅਖਵਾਉਂਦਾ ਹੈ, ਪਿਰਥੀ ਚੰਦ ਨੂੰ ਜਾਗੀਰ ਵਿਚ ਬਖ਼ਸ਼ ਦਿੱਤਾ।

ਕੁੱਝ ਹੱਥ-ਪੱਲੇ ਨਾ ਪੈਂਦਾ ਵੇਖ, ਕੁੱਝ ਸਾਲਾਂ ਬਾਅਦ ਪਿਰਥੀ ਚੰਦ ਨੇ ਸੁਲਹੀ ਖ਼ਾਨ ਨੂੰ ਗੁਰੂ ਅਰਜਨ ਦੇਵ ਜੀ ਤੋਂ ਜ਼ਬਰਦਸਤੀ ਗੱਦੀ ਖੋਹਣ ਲਈ ਪ੍ਰੇਰਿਆ। ਉਹ ਗੁਰੂ ਸਾਹਿਬ ਉੱਤੇ ਹਮਲਾ ਕਰਨ ਲਈ ਜਾਂਦਾ ਜਦੋਂ ਰਾਹ ਵਿਚ ਪਿਰਥੀ ਚੰਦ ਨੂੰ ਕੋਠਾ ਗੁਰੂ ਦੇ ਮੁਕਾਮ ਉੱਤੇ ਮਿਲਿਆ, ਤਾਂ ਆਪਣੇ ਘੋੜੇ ਸਮੇਤ ਇੱਟਾਂ ਦੇ ਬਲਦੇ ਆਵੇ ਵਿਚ ਡਿੱਗ ਕੇ ਭਸਮ ਹੋ ਗਿਆ।[34]

☛ ਸੋਹਣ ਸਿੰਘ ਸੀਤਲ, ਆਪਣੀ ਪੁਸਤਕ *ਸਿੱਖ ਇਤਿਹਾਸ ਦੇ ਸੋਮੇ*, ਭਾਗ ਚੌਥਾ, 1983, ਦੇ ਪੰ. 122 ਉੱਤੇ ਲਿਖਦੇ ਹਨ: "ਮੈਂ ਇਹ ਥਾਂ ਵੇਖੀ ਹੈ। ਛੋਟਾ ਜਿਹਾ ਮੰਦਰ ਤੇ ਤਲਾਬ ਹੈ। ਬੜਾ ਵੀਰਾਨ ਤੇ ਪਾਣੀ ਖੁਣੋ ਖ਼ੁਸ਼ਕ ਪਿਆ ਸੀ। ਪਿੰਡ ਹੇਹਰ ਛੋਟਾ ਹੀ ਹੈ। ਨੇੜੇ ਵੱਡਾ ਪਿੰਡ ਕਰਬਾਠ ਹੈ।"

32. ਏਥੇ ਇਹ ਗੱਲ ਸਾਫ਼ ਨਹੀਂ ਕਿ ਉਹਨਾਂ ਆਪਣੇ ਆਪ ਨੂੰ ਪੰਜਵਾਂ ਗੁਰੂ ਘੋਸ਼ਿਤ ਕੀਤਾ ਜਾਂ ਛੇਵਾਂ। ਜਿਵੇਂ ਅਸੀਂ ਅੱਗੇ ਚੱਲ ਕੇ ਵੇਖਾਂਗੇ, ਛੋਟੇ ਮੇਲ ਵਾਲ਼ੇ ਗੁਰੂ ਅਰਜਨ ਦੇਵ ਜੀ ਨੂੰ ਪੰਜਵਾਂ ਤੇ ਪਿਰਥੀ ਚੰਦ ਨੂੰ ਛੇਵਾਂ ਗੁਰੂ ਮੰਨਦੇ ਹਨ।

33. ਕੋਠਾ ਗੁਰੂ, ਜ਼ਿਲਾ ਬਠਿੰਡਾ, ਵਿਚ ਇਕ ਪਿੰਡ, ਜੋ ਭਗਤਾ ਭਾਈ ਦੇ ਨੇੜੇ ਹੈ। ਇਹ ਰੇਲਵੇ ਸਟੇਸ਼ਨ ਜੈਤੋ ਤੋਂ 14 ਮੀਲ ਪੂਰਬ ਅਤੇ ਭੁੱਚੋ ਤੋ 16 ਮੀਲ ਉੱਤਰ ਵੱਲ ਹੈ। ਇਸ ਪਿੰਡ ਦੀ ਤਵਾਰੀਖ਼ ਬਾਰੇ ਕਾਫ਼ੀ ਮੱਤਭੇਦ ਹੈ। *ਮਹਾਨ ਕੋਸ਼* ਅਨੁਸਾਰ (ਵੇਖੋ, ਇੰਦਰਾਜ 'ਕੋਠਾ ਗੁਰੂ ਕਾ') ਇਹ ਪਿੰਡ ਸੋਢੀ ਪਿਰਥੀ ਚੰਦ ਨੇ ਸੰਮਤ 1653 (1596 ਈ.) ਵਿਚ ਵਸਾਇਆ ਸੀ। ਪਰ ਇਸ ਤਾਰੀਖ਼ ਸੰਬੰਧੀ ਭਾਈ ਕਾਨ੍ਹ ਸਿੰਘ ਨੇ ਕੋਈ ਸਬੂਤ ਨਹੀਂ ਦਿੱਤਾ। *ਗੁਰਬਿਲਾਸ ਪਾਤਸ਼ਾਹੀ ੬* (ਵੇਦਾਂਤੀ), ਪੰ. 50 ਤੇ *ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ 6, ਪੰ. 2020 ਅਨੁਸਾਰ ਇਹ ਪਿੰਡ ਪਿਰਥੀ ਚੰਦ ਨੂੰ ਜਹਾਂਗੀਰ ਨੇ ਦਿੱਤਾ ਸੀ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ (*ਕੋਠਾ ਗੁਰੂ ਦੀ ਗੌਰਵ ਗਾਥਾ*, ਪੰ. 39-40) ਦਾ ਵੀ ਏਹੋ ਵਿਚਾਰ ਹੈ, ਪਰ ਗਿਆਨੀ ਗਿਆਨ ਸਿੰਘ (*ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਪਹਿਲਾ, ਪੰ. 430 ਫ਼ੁਟਨੋਟ) ਨੇ ਲਿਖਿਆ ਹੈ ਕਿ "ਕੋਠੇ ਪਿੰਡ ਪਿਰਥੀ ਚੰਦ ਦੇ ਪੜੋਤ੍ਰੇ ਸੋਢੀ ਕੌਲ ਨੇ ਕਪੂਰੇ ਬਰਾੜ ਤੋਂ ਜ਼ਮੀਨ ਲੈ ਕੇ ਸੰਮਤ 1721 ਬਿ. (1664 ਈ.) ਨੂੰ ਬਸਾਯਾ ਸੀ। ਇਹ ਬਾਤ ਕੋਠੇ ਪਿੰਡ ਦੀ ਸੰਨਦ ਤੋਂ ਸਬੂਤ ਹੈ ਜੋ ਕੌਲ ਦੀ ਔਲਾਦ ਪਾਸ ਹੁਣ ਭੀ ਹੈ।" ਬਲਵੰਤ ਸਿੰਘ ਸਿੱਧੂ, ਹਿਸਟੋਰੀਅਨ, ਆਪਣੀ ਪੁਸਤਕ *ਸਿੱਧੂ ਬਰਾੜਾਂ ਦਾ ਇਤਿਹਾਸ ਅਰਥਾਤ ਮਾਲਵੇ ਦਾ ਸੰਖੇਪ ਇਤਿਹਾਸ*, (2000, ਪੰ. 157) ਵਿਚ ਲਿਖਦੇ ਹਨ ਕਿ "ਗੁਰੂ ਗੋਬਿੰਦ ਸਿੰਘ ਜੀ ਨੇ ਬਾਦਸ਼ਾਹ ਬਹਾਦਰ ਸ਼ਾਹ ਕੋਲੋਂ ਸੋਢੀ ਅਭੈ ਸਿੰਘ ਨੂੰ ਕੋਠੇ ਪਿੰਡ ਦੀ ਮਲਕੀਅਤ ਦਾ ਪੱਟਾ ਦਿਵਾਇਆ ਸੀ।"

34. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਛੇਵੀਂ: ਰਾਸਿ 4, ਅੰਸੂ 18, ਪੰ. 2298-99 ਤੇ *ਗੁਰ ਬਿਲਾਸ ਪਾਤਸ਼ਾਹੀ ੬*, (ਵੇਦਾਂਤੀ), ਪੰ. 158. ਗਿਆਨੀ ਗਿਆਨ ਸਿੰਘ ਅਨੁਸਾਰ ਸੁਲਹੀ ਖ਼ਾਨ ਪਿੰਡ ਹੇਹਰਾਂ ਵਿਚ ਸੜ ਕੇ ਮੋਇਆ ਸੀ (ਵੇਖੋ, *ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਪਹਿਲਾ, 1999, ਪੰ. 429)।

SikhBookClub.com

ਉੱਪਰਲੀ ਵਾਰਤਾ ਵਿਚ ਆਏ ਸੁਲਹੀ ਖ਼ਾਨ ਦੇ ਕਿਰਦਾਰ ਨੂੰ ਤਾਂ ਰੱਦ ਨਹੀਂ ਕੀਤਾ ਜਾ ਸਕਦਾ ਕਿਉਂਕਿ ਗੁਰੂ ਅਰਜਨ ਦੇਵ ਜੀ ਆਪ ਇਸ ਦਾ ਜ਼ਿਕਰ ਆਪਣੇ ਸ਼ਬਦਾਂ ਵਿਚ ਕਰਦੇ ਹਨ, ਪਰ ਇਸ ਵਾਰਤਾ ਨੂੰ ਜਹਾਂਗੀਰ ਬਾਦਸ਼ਾਹ ਨਾਲ ਜੋੜਨਾ ਇਕ ਕੋਰਾ ਇਤਿਹਾਸਿਕ ਝੂਠ ਹੈ। ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਨੇ ਵੀ ਇਸ ਝੂਠ ਵੱਲ ਧਿਆਨ ਦਿਵਾਇਆ ਹੈ,[35] ਪਰ ਸਾਡੇ ਕੁੱਝ ਵਿਦਵਾਨ ਲੇਖਕ ਇਸ ਨੂੰ ਹਾਲਾਂ ਤਕ ਦਬੱਲੀ ਜਾ ਰਹੇ ਹਨ। ਉੱਨ੍ਹੀਵੀਂ ਸਦੀ ਦੇ ਮੱਧ ਵਿਚ ਰਚੇ ਗਏ *ਗੁਰਬਿਲਾਸ ਪਾਤਸ਼ਾਹੀ ੬* ਤੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਤਾਂ ਮੁਗ਼ਲ ਇਤਿਹਾਸ ਨੂੰ ਨਜ਼ਰ-ਅੰਦਾਜ਼ ਕੀਤਾ ਹੀ ਹੋਇਆ ਹੈ, ਪਰ 2004 ਈ. ਵਿਚ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਆਪਣੀ ਕਿਤਾਬ *ਕੋਠਾ ਗੁਰੂ ਦੀ ਗੌਰਵ ਗਾਥਾ* ਵਿਚ ਮੁੜ ਉਹੀ ਅਣਗਹਿਲੀ ਵਰਤੀ ਹੈ। ਆਪ ਆਪਣੀ ਪੁਸਤਕ ਦੇ ਪੰ. 39 ਉੱਤੇ ਲਿਖਦੇ ਹਨ :

> ਅਨੁਮਾਨ ਹੈ, ਪ੍ਰਿਥੀ ਚੰਦ ਨੇ ਦਿੱਲੀ ਦੀ ਯਾਤ੍ਰਾ ਪੋਹ-ਮਾਘ ਦੇ ਮਹੀਨਿਆਂ ਵਿਚ ਸੰਨ 1595 ਈਸਵੀ ਵਿਚ ਕੀਤੀ ਸੀ। ਤਕਰੀਬਨ 3-4 ਮਹੀਨੇ ਪ੍ਰਿਥੀ ਚੰਦ ਨੂੰ ਦਿੱਲੀ ਵਿਚ ਰਹਿਣਾ ਪਿਆ ਸੀ। ਜਹਾਂਗੀਰ ਨੇ ਪ੍ਰਿਥੀ ਚੰਦ ਨੂੰ ਦੂਸਰੀ ਮੁਲਾਕਾਤ ਸਮੇਂ ਇਕ ਪਿੰਡ ਦਾਨ ਵਿਚ ਦੇ ਕੇ ਫ਼ੁਰਮਾਇਆ ਸੀ ਕਿ ਤੁਸੀਂ ਗੁਰੂ ਅਰਜਨ ਦੇਵ ਜੀ ਤੋਂ ਪਾਸੇ ਡੇਰੇ ਦੀ ਸਥਾਪਨਾ ਕਰ ਲਉ...।

ਮੁਗ਼ਲ ਇਤਿਹਾਸ ਮੁਤਾਬਕ, 1595 ਈ. ਵਿਚ ਰਾਜ ਅਕਬਰ ਬਾਦਸ਼ਾਹ (1556-1605 ਈ.) ਦਾ ਸੀ, ਜਹਾਂਗੀਰ (1605-1627 ਈ.) ਦਾ ਨਹੀਂ ਤੇ ਮੁਗ਼ਲ ਹਕੂਮਤ ਦੀ ਰਾਜਧਾਨੀ ਫ਼ਤਹਿਪੁਰ ਸੀਕਰੀ/ਆਗਰਾ ਸੀ, ਦਿੱਲੀ ਨਹੀਂ। 1585 ਈ. ਤੋਂ ਲੈ ਕੇ 1598 ਈ. ਤਕ ਅਕਬਰ ਬਾਦਸ਼ਾਹ ਦੀ ਆਰਜ਼ੀ ਰਾਜਧਾਨੀ ਲਾਹੌਰ ਸੀ। ਦੱਸਿਆ ਜਾਂਦਾ ਹੈ ਕਿ ਸ਼ਾਹਜ਼ਾਦਾ ਸਲੀਮ (ਜਨਮ 1569 ਈ.), ਜੋ ਬਾਅਦ ਵਿਚ ਜਹਾਂਗੀਰ ਬਣਿਆ, ਇਸ ਸਾਰੇ ਸਮੇਂ ਆਪਣੇ ਪਿਤਾ ਨਾਲ ਲਾਹੌਰ ਰਿਹਾ। ਅਬੁਲ ਫ਼ਜ਼ਲ, *ਅਕਬਰਨਾਮੇ* ਵਿਚ ਲਿਖਦਾ ਹੈ ਕਿ ਅਕਬਰ, 24 ਨਵੰਬਰ, 1598 ਨੂੰ ਲਾਹੌਰ ਤੋਂ ਆਗਰੇ ਵਾਪਸ ਜਾਂਦਿਆਂ, ਗੁਰੂ ਅਰਜਨ ਦੇਵ ਜੀ ਨੂੰ ਗੋਇੰਦਵਾਲ ਦੇ ਅਸਥਾਨ ਉੱਤੇ ਮਿਲਿਆ।[36] ਜਹਾਂਗੀਰ, ਅਕਤੂਬਰ 1605 ਵਿਚ ਬਾਦਸ਼ਾਹ ਬਣਿਆ। ਉਸ ਤੋਂ ਪਹਿਲਾਂ ਉਸ ਦੀ ਆਪਣੇ ਪਿਤਾ ਨਾਲ ਕਾਫ਼ੀ ਅਣਬਣ ਰਹਿੰਦੀ ਸੀ। ਅਕਬਰ ਦੇ ਆਖ਼ਰੀ ਸਾਲਾਂ ਵਿਚ ਸ਼ਾਹਜ਼ਾਦਾ ਸਲੀਮ ਨੇ ਆਪਣਾ ਬਹੁਤਾ ਸਮਾਂ ਇਲਾਹਾਬਾਦ ਵਿਚ ਗੁਜ਼ਾਰਿਆ ਸੀ।

ਇਸ ਕਹਾਣੀ ਨੂੰ ਸਾਰਥਕ ਬਨਾਉਣ ਲਈ, ਇਸ ਨੂੰ ਜਹਾਂਗੀਰ ਬਾਦਸ਼ਾਹ ਦੀ ਬਜਾਏ ਸ਼ਾਹਜ਼ਾਦਾ ਸਲੀਮ ਨਾਲ ਜੋੜਨ ਦੀ ਕੋਸ਼ਿਸ਼ ਵੀ ਕੀਤੀ ਗਈ ਹੈ[37] ਪਰ ਇਸ ਦੇ ਹੱਕ ਵਿਚ ਕੋਈ ਇਤਿਹਾਸਿਕ ਸਬੂਤ ਨਹੀਂ ਮਿਲਦਾ।

ਉਪਰੋਕਤ ਇਤਿਹਾਸਿਕ ਤੱਥਾਂ ਦੀ ਰੋਸ਼ਨੀ ਵਿਚ, ਇਹ ਯਕੀਨ ਨਾਲ ਕਿਹਾ

---

35. *ਗੁਰੂ-ਬਾਣੀ ਦੀ ਕਸਵੱਟੀ ਤੇ ਗੁਰਬਿਲਾਸ ਪਾਤਸ਼ਾਹੀ ੬*, 2003, ਪੰ. 118.
36. *Akharnama of Abu-l-Fazl*, tr. H. Beveridge, Vol. 3, 2002 (repr.), p. 1115.
37. *The Encyclopaedia of Sikhism*, Vol. III, p. 371.

SikhBookClub.com

ਜਾ ਸਕਦਾ ਹੈ ਕਿ ਪਿਰਥੀ ਚੰਦ, ਸੁਲਹੀ ਖ਼ਾਨ ਤੇ ਜਹਾਂਗੀਰ ਬਾਦਸ਼ਾਹ ਦੀ ਦਿੱਲੀ ਵਿਚ ਹੋਈ ਮੁਲਾਕਾਤ ਵਾਲੀ ਕਹਾਣੀ ਬੇ-ਬੁਨਿਆਦ ਤੇ ਮਨਘੜਤ ਹੈ।

ਹਾਂ, ਪਰ ਇਸ ਵਾਰਤਾ ਦਾ ਦੂਜਾ ਹਿੱਸਾ, ਜਿਸ ਵਿਚ ਸੁਲਹੀ ਖ਼ਾਨ ਗੁਰੂ ਅਰਜਨ ਦੇਵ ਜੀ ਉੱਤੇ ਹਮਲਾ ਕਰਨ ਤੋਂ ਪਹਿਲਾਂ ਹੀ ਸੜ ਕੇ ਮਰ ਜਾਂਦਾ ਹੈ, ਝੂਠਾ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਸ ਦੀ ਪੁਸ਼ਟੀ ਗੁਰੂ ਸਾਹਿਬ ਦੇ ਆਪਣੇ ਸ਼ਬਦਾਂ ਤੋਂ ਹੋ ਜਾਂਦੀ ਹੈ। ਇਸ ਹਮਲੇ ਪਿੱਛੇ ਕਿਸੇ ਵੈਰੀ ਦੀ ਚੁੱਕ ਸੀ ਜਾਂ ਨਹੀਂ ਸੀ, ਗੁਰੂ ਸਾਹਿਬ ਆਪਣੇ ਸ਼ਬਦਾਂ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਕਰਦੇ।

ਬਿਲਾਵਲ ਰਾਗੁ ਵਿਚ ਪੰਜਵੇਂ ਪਾਤਸ਼ਾਹ ਦੇ ਹੇਠਾਂ ਦਿੱਤੇ ਸ਼ਬਦ ਵਿਚ ਸੁਲਹੀ (ਖ਼ਾਨ) ਦਾ ਨਾਂ ਤਿੰਨ ਵਾਰ ਆਉਂਦਾ ਹੈ :

> ਸੁਲਹੀ ਤੇ ਨਾਰਾਇਣ ਰਾਖੁ ॥
> ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥੧॥ਰਹਾਉ॥
> ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥੧॥
> ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥
> ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥
> ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥੧੮॥੧੦੪॥
> *(ਪੰ. 825)*

ਗੁਰੂ ਜੀ ਦੇ ਕੁੱਝ ਹੋਰ ਸ਼ਬਦ ਵੀ ਐਸੇ ਹਨ ਜਿਨ੍ਹਾਂ ਵਿਚ ਸੁਲਹੀ ਖ਼ਾਨ ਵੱਲ ਸਿੱਧਾ ਤਾਂ ਨਹੀਂ, ਪਰ ਅਸਿੱਧਾ ਇਸ਼ਾਰਾ ਕੀਤਾ ਲੱਗਦਾ ਹੈ। ਅਗਲਾ ਸ਼ਬਦ ਓਦੋਂ ਉਚਾਰਿਆ ਪ੍ਰਤੀਤ ਹੁੰਦਾ ਹੈ ਜਦੋਂ ਕੋਈ ਸਰਕਾਰੀ ਦੁਸ਼ਮਣ ਅੰਮ੍ਰਿਤਸਰ ਉੱਤੇ ਚੜ੍ਹਿਆ ਆ ਰਿਹਾ ਹੁੰਦਾ ਹੈ। ਜਦੋਂ ਇਸ ਬਾਰੇ ਖ਼ਬਰ ਮਿਲਦੀ ਹੈ ਤਾਂ ਸਿੱਖ ਸੰਗਤਾਂ ਬਚਾਅ ਦੇ ਤਰੀਕੇ ਸੋਚਣ ਲੱਗਦੀਆਂ ਹਨ, ਪਰ ਗੁਰੂ ਜੀ ਪ੍ਰਭੂ ਦਾ ਆਸਰਾ ਲੈਂਦੇ ਹਨ, ਜਿਸ ਦੇ ਸਦਕੇ ਉਸ ਦੁਸ਼ਮਣ ਦਾ ਅੰਮ੍ਰਿਤਸਰ ਪਹੁੰਚਣ ਤੋਂ ਪਹਿਲਾਂ ਹੀ ਸੱਤਿਆਨਾਸ ਹੋ ਜਾਂਦਾ ਹੈ :

> ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥
> ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
> ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥
> ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥੧॥
> ਮਹਾ ਅਨੰਦ ਅਚਿੰਤ ਸਹਜਾਇਆ ॥
> ਦੁਸਮਨ ਦੂਤ ਮੁਏ ਸੁਖੁ ਪਾਇਆ ॥੧॥ਰਹਾਉ ॥...॥੪॥੫॥ *(ਪੰ. 371)*

ਅਗਲੇ ਤਿੰਨ ਸ਼ਬਦਾਂ ਵਿਚ ਰਾਖਣਹਾਰ ਪ੍ਰਭੂ ਆਪਣੇ ਦਾਸ (ਗੁਰੂ ਜੀ) ਉੱਤੇ ਜ਼ੁਲਮ ਕਰਨ ਵਾਲੇ 'ਨਿੰਦਕ' ਜਾਂ 'ਪਾਪੀ', ਨੂੰ ਅਗਨੀ ਵਿਚ ਭਸਮ ਕਰਦਾ ਹੈ। ਇਹ ਇਸ਼ਾਰਾ ਵੀ ਸ਼ਾਇਦ ਸੁਲਹੀ ਖ਼ਾਨ ਵੱਲ ਹੈ :

> ਗਰੀਬਾ ਉਪਰਿ ਜਿ ਖਿੰਜੈ ਦਾੜੀ ॥
> ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥੧॥
> ਪੂਰਾ ਨਿਆਉ ਕਰੇ ਕਰਤਾਰੁ ॥
> ਅਪੁਨੇ ਦਾਸ ਕਉ ਰਾਖਨਹਾਰੁ ॥੧॥ਰਹਾਉ॥

SikhBookClub.com

ਆਦਿ ਜੁਗਾਦਿ ਪ੍ਰਗਟਿ ਪਰਤਾਪੁ ॥
ਨਿੰਦਕੁ ਮੁਆ ਉਪਜਿ ਵਡ ਤਾਪੁ ॥੨॥
ਤਿਨਿ ਮਾਰਿਆ ਜਿ ਰਖੈ ਨ ਕੋਇ ॥
ਆਗੈ ਪਾਛੈ ਮੰਦੀ ਸੋਇ ॥੩॥
ਅਪੁਨੇ ਦਾਸ ਰਾਖੈ ਕੰਠਿ ਲਾਇ ॥
ਸਰਣਿ ਨਾਨਕ ਹਰਿ ਨਾਮੁ ਧਿਆਇ ॥੪॥੯੮॥੧੬੭॥ *(ਪੰ. 199)*

ਨਿੰਦਕੁ ਗੁਰ ਕਿਰਪਾ ਤੇ ਹਾਟਿਓ ॥
ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਣਿ ਸਿਰੁ ਕਾਟਿਓ ॥੧॥ਰਹਾਉ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਥਾਟਿਓ ॥
ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥੧॥
ਭਸਮਾ ਭੂਤ ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ ॥
ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ ॥੨॥੬॥੧੧॥
(ਪੰ. 714)

ਅਪਣੇ ਦਾਸ ਕਉ ਕੰਠਿ ਲਗਾਵੈ ॥
ਨਿੰਦਕ ਕਉ ਅਗਨਿ ਮਹਿ ਪਾਵੈ ॥੧॥
ਪਾਪੀ ਤੇ ਰਾਖੇ ਨਾਰਾਇਣ ॥
ਪਾਪੀ ਕੀ ਗਤਿ ਕਤਹੂ ਨਾਹੀ ਪਾਪੀ ਪਚਿਆ ਆਪਿ ਕਮਾਇਣ ॥੧॥ਰਹਾਉ॥
ਦਾਸ ਰਾਮ ਜੀਉ ਲਾਗੀ ਪ੍ਰੀਤਿ ॥
ਨਿੰਦਕ ਕੀ ਹੋਈ ਬਿਪਰੀਤਿ ॥੨॥
ਪਾਰਬ੍ਰਹਮਿ ਅਪਣਾ ਬਿਰਦੁ ਪ੍ਰਗਟਾਇਆ ॥
ਦੋਖੀ ਅਪਣਾ ਕੀਤਾ ਪਾਇਆ ॥੩॥
ਆਇ ਨ ਜਾਇ ਰਹਿਆ ਸਮਾਈ ॥
ਨਾਨਕ ਦਾਸ ਹਰਿ ਕੀ ਸਰਣਾਈ ॥੪॥੧੩॥ *(ਪੰ. 1138)*

ਗੁ.ਨਾ.ਦੇ.ਯੂ. ਹ.ਲਿ. 1245 ਵਿਚ "ਆਸਾ ਮਹਲਾ ੫" ਦੇ ਸਿਰਨਾਵੇਂ ਹੇਠ, *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਤੋਂ ਬਾਹਰਲਾ ਇਕ ਸ਼ਬਦ ਹੈ:

ਉਨਿ ਮਿਲਿ ਭੂਪਤੁ ਜਾਇ ਚਰਾਇਆ ॥
ਪਰਪੰਚੁ ਝੂਠਾ ਦਿਖਲਾਈ ਮਾਇਆ ॥
ਆਪਨਾ ਜੇਹਾ ਬਹੁ ਤੁਖਰ ਭਰਾਨੇ ॥
ਹਮਰਾ ਰਾਖਾ ਸਾਰੰਗ ਪਾਨੇ ॥
ਅਪਨੇ ਅਪਨੇ ਸਭ ਕੋ ਸੇਵੈ ॥
ਉਨਿ ਮਿਲਿ ਭੂਪਤ ਹਮ ਗੁਰਦੇਵੈ ॥੧॥ਰਹਾਉ॥
ਓਹ ਕਹੈ ਮੈ ਮਾਨੁਖ ਤਾਣੁ ॥
ਹਮਰੈ ਘਰਿ ਸਾਚਾ ਦੀਬਾਣੁ ॥
ਓਹੁ ਕਿਰਮੈ ਕੈ ਪਾਛੈ ਪਰਿਆ ॥
ਗਲੁ ਘੁਟਿ ਮੇਰੈ ਸਾਹਿਬਿ ਖਰਿਆ ॥੨॥
ਹਰਿ ਚੰਦਉਰੀ ਜਿਉ ਦੁਇ ਘਰੀਆ ॥
ਫੂਲੈ ਫੂਕੈ ਤਿਸੁ ਉਪਰੀਆ ॥
ਬਿਨਸਿ ਗਇਓ ਬਾਦਲ ਜਿਉ ਵਾਉ ॥
ਹਮਰਾ ਸੁਆਮੀ ਆਵੈ ਨ ਜਾਇ ॥੩॥

SikhBookClub.com

ਪਛਿਆ ਨਿਦਕੁ ਸਨੁ ਮਿਲਿ ਭੂਪਤ ਸਭਾ॥
ਇਕਿ ਕਾਟੈ ਇਕਿ ਭਾਗੈ ਨ ਲਭਾ॥
ਜਨ ਕਾ ਲੀਆ ਕੁਪਿਆ ਰਾਮ ਰਾਇ॥
ਜਨ ਨਿਰਭਓੁ ਨਿਦਕ ਦੀਏ ਬਹਾਇ॥੪॥
ਜਨ ਕੀ ਰੀਸ ਕਰਹੁ ਮਤੁ ਕੋਇ॥
ਜਨ ਕਾ ਰਾਖਾ ਸਾਚਾ ਸੋਇ॥
ਪੁਤੁ ਰਖਿਓੁ ਜਿ ਮਾਤਾ ਬਾਪਿ॥
ਕਹੁ ਨਾਨਕ ਜਨੁ ਆਪੇ ਆਪਿ॥੪॥੧੬੬॥ *(ਪੱਤਰਾ 398)*

ਪਸ਼ੌਰਾ ਸਿੰਘ ਨੇ ਇਸ ਸ਼ਬਦ ਨੂੰ ਸੁਲਹੀ ਖ਼ਾਨ ਨਾਲ ਜੋੜਿਆ ਹੈ[38], ਪਰ ਬਲਵੰਤ ਸਿੰਘ ਢਿੱਲੋਂ ਪਸ਼ੌਰਾ ਸਿੰਘ ਨਾਲ ਸਹਿਮਤ ਨਹੀਂ ਹਨ।[39]

ਹ.ਲਿ. 1245 ਵਿਚ ਇਹੋ ਜਿਹਾ ਇਕ ਹੋਰ *ਸ੍ਰੀ ਗੁਰੂ ਗ੍ਰੰਥ ਸਾਹਿਬ* ਤੋਂ ਬਾਹਰਲਾ ਸ਼ਬਦ ਹੈ, ਜੋ "ਸੋਰਠਿ ਮਹਲਾ ੫" ਦੇ ਸਿਰਲੇਖ ਥੱਲੇ ਦਰਜ ਹੈ:

ਸੰਤਨ ਕਾ ਸਾਹਿਬੁ ਸਭ ਊਪਰਿ ਉਨ ਕਉ ਨ ਪਹੁਚਨਹਾਰਾ॥
ਨਾਮ ਧਨੁ ਸੰਤਨ ਕੈ ਪਲੈ ਅਖੁਟੁ ਭਰੇ ਭੰਡਾਰਾ॥੧॥
ਸੰਤ ਜਨਾ ਸਿਉ ਦੂਖਨੁ ਕਰਤਾ ਤਿਨਿ ਕਰਤੇ ਆਪਿ ਪਚਾਇਆ॥੧॥ਰਹਾਉ॥
ਜਿਸ ਕਾ ਗਰੁਬ ਕਰੈ ਓਹੁ ਪਾਪੀ ਤਿਨਿ ਮਾਰਿ ਪਛਾਰਿਆ॥
ਜਿਉ ਕੁਠਾਰੁ ਕਰੇ ਧਰੇ ਬਢਾਈ ਸੁਕਾ ਕਾਸਟ ਖੰਡ ਖੰਡ ਕਰਿ ਡਾਰਿਆ॥੨॥
ਮਾਨਸੁ ਸੇਵੈ ਸੋ ਦੁਖੁ ਪਾਏ ਹਰਿ ਕਾ ਦਾਸੁ ਸੁਹੇਲਾ॥
ਪਾਪੀ ਪਾਪ ਰਹੇ ਸਿਰ ਊਪਰਿ ਜਮਪੁਰਿ ਉਠਿ ਸਿਧਾਰਿ ਇਕੇਲਾ॥੩॥
ਸੁਨਹੁ ਸੰਤ ਲੋਕੁ ਸਭਿਨਿਅਹੁ ਨਾਨਕ ਕਵੈ ਵਿਚਾਰਾ॥
ਜੋ ਭਗਤਨ ਸਿਉ ਕਰੇ ਬਖੀਲੀ ਸੋ ਪਰਮੇਸਰਿ ਮਾਰਿਆ॥੪॥ *(ਪੱਤਰਾ 635)*

ਇਹ ਦੋਨੋਂ *ਸ੍ਰੀ ਗੁਰੂ ਗ੍ਰੰਥ ਸਾਹਿਬ* ਤੋਂ ਬਾਹਰਲੇ ਸ਼ਬਦ ਗੁਰੂ ਅਰਜਨ ਦੇਵ ਜੀ ਦੇ ਕਿਸੇ ਵੈਰੀ ਵੱਲ ਇਸ਼ਾਰਾ ਕਰਦੇ ਹਨ ਪਰ ਇਹ ਵੈਰੀ ਸੁਲਹੀ ਖ਼ਾਨ ਹੈ ਜਾਂ ਕੋਈ ਹੋਰ, ਇਹ ਨਿਸਚਿਤ ਨਹੀਂ ਹੈ।

ਗੁਰੂ ਅਰਜਨ ਦੇਵ ਜੀ ਤੇ ਨਿੰਦਕ

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਕੀਤੀ ਬਾਣੀ ਵਿਚ, ਨਿੰਦਕ ਜਾਂ ਇਸ ਦੇ ਸਮਾਨਾਰਥ ਲਫ਼ਜ਼ਾਂ, ਜਿਵੇਂ ਪਾਪੀ, ਵੈਰੀ, ਦੁਸ਼ਮਣ, ਦੁਸ਼ਟ, ਦੋਖੀ, ਭੇਖੀ, ਬੇਮੁਖ, ਆਦਿ ਦੀ ਬਹੁਤਾਤ ਵੇਖ ਕੇ ਇੰਜ ਲੱਗਦਾ ਹੈ ਜਿਵੇਂ ਗੁਰੂ ਜੀ ਚਾਰੇ ਪਾਸਿਓਂ ਵਿਰੋਧੀਆਂ ਨਾਲ ਘਿਰੇ ਹੋਏ ਸਨ (ਵੇਖੋ, ਜ਼ਮੀਮਾ ਨੰ. 3 'ਗੁਰੂ-ਘਰ ਦੇ ਨਿੰਦਕ')। ਇਹ ਨਿੰਦਕ, ਆਦਿ ਕੌਣ ਸਨ ? ਸਿਵਾਏ 'ਸੁਲਹੀ' ਦੇ, ਗੁਰੂ ਜੀ ਨੇ ਆਪ ਕਿਸੇ ਹੋਰ ਨਿੰਦਕ ਦੀ ਨਿਸ਼ਾਨਦੇਹੀ ਨਹੀਂ ਕੀਤੀ।

---

38. ਪਸ਼ੌਰਾ ਸਿੰਘ ਦਾ ਕਥਨ ਹੈ: "[In this manuscript] an extra-canonical hymn in the Asa mode refers to the Minas as instigating Sulhi Khan to attack the Guru's establishment." *The Guru Granth Sahib, Canon, Meaning and Authority,* 2000, p. 43.

39. *Early Sikh Scriptural Tradition, Myth and Reality,* 1999, p. 239.

SikhBookClub.com

ਜ਼ਰਾ ਧਿਆਨ ਨਾਲ ਵੇਖਿਆ ਜਾਏ ਤਾਂ ਇਹ ਲੋਕ ਸਹਿਜੇ ਹੀ ਦੋ ਸ਼੍ਰੇਣੀਆਂ ਵਿਚ ਵੰਡੇ ਜਾ ਸਕਦੇ ਹਨ : ਜ਼ਾਤੀ ਨਿੰਦਕ ਤੇ ਇਖ਼ਲਾਕੀ ਨਿੰਦਕ। ਏਥੇ ਸਾਡਾ ਵਾਸਤਾ ਪਹਿਲੀ ਸ਼੍ਰੇਣੀ ਭਾਵ ਜ਼ਾਤੀ ਨਿੰਦਕਾਂ ਨਾਲ ਹੈ। ਸੁਲਹੀ ਪਰਥਾਇ ਇਕ ਸ਼ਬਦ ਛੱਡ ਕੇ, ਗੁਰੂ ਜੀ ਨੇ ਕਿਹੜਾ ਸ਼ਬਦ ਕਿਸ ਜ਼ਾਤੀ ਨਿੰਦਕ ਲਈ ਉਚਾਰਿਆ ਸੀ, ਇਸ ਬਾਰੇ ਕੇਵਲ ਅਨੁਮਾਨ ਹੀ ਲਾਇਆ ਜਾ ਸਕਦਾ ਹੈ, ਭਾਵੇਂ ਸਾਡੇ ਇਤਿਹਾਸਕਾਰਾਂ ਨੇ ਮੁੜ ਘਿੜ ਕੇ ਆਪਣੀ ਉਂਗਲ ਪਿਰਥੀ ਚੰਦ[40], ਸੁਲਹੀ ਖ਼ਾਨ, ਸੁਲਹੀ ਖ਼ਾਨ ਦੇ ਭਤੀਜੇ ਸੁਲਭੀ ਖ਼ਾਨ ਤੇ ਚੰਦੂ ਉੱਤੇ ਰੱਖੀ ਹੈ।

ਸਿੱਖ ਗੁਰੂ ਸਾਹਿਬਾਨ ਦਾ ਵਿਰੋਧ ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਗਿਆ ਸੀ ਤੇ ਹੌਲੀ ਹੌਲੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਸਿਖਰ ਉੱਤੇ ਪਹੁੰਚ ਚੁੱਕਾ ਸੀ। ਇਸ ਗੱਲ ਦੀ ਪੁਸ਼ਟੀ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਵਿਚ ਵਰਤੇ ਗਏ ਨਿੰਦਕ ਜਾਂ ਇਸ ਦੇ ਸਮਾਨਾਰਥ ਲਫ਼ਜ਼ਾਂ ਤੋਂ ਭਲੀਭਾਂਤ ਹੋ ਜਾਂਦੀ ਹੈ। ਪਹਿਲੇ ਪੰਜ ਗੁਰੂ ਸਾਹਿਬਾਨ ਦੇ ਸ਼ਬਦ, ਜੋ ਉਨ੍ਹਾਂ ਪ੍ਰਤੀ ਜ਼ਾਤੀ ਵਿਰੋਧ ਦੇ ਸੂਚਕ ਪ੍ਰਤੀਤ ਹੁੰਦੇ ਹਨ, ਜ਼ਮੀਮਾ ਨੰ. 3 ਵਿਚ ਦਿੱਤੇ ਗਏ ਹਨ। ਇਖ਼ਲਾਕੀ ਵਿਰੋਧ ਵਾਲੇ ਸ਼ਬਦਾਂ ਨੂੰ, ਪ੍ਰਸੰਗੋਂ ਬਾਹਰਾ ਸਮਝ ਕੇ, ਨਜ਼ਰ-ਅੰਦਾਜ਼ ਕੀਤਾ ਗਿਆ ਹੈ।

ਪਿਰਥੀ ਚੰਦ, ਚੰਦੂ ਸ਼ਾਹ ਤੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ

ਸੋਢੀ ਪਿਰਥੀ ਚੰਦ ਆਪਣੇ ਛੋਟੇ ਭਰਾਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ

---

40. ਇਸ ਦੀ ਇਕ ਢੁਕਵੀਂ ਮਿਸਾਲ ਮੈਕਾਲਿਫ਼ ਦੀ ਪੁਸਤਕ ਵਿੱਚੋਂ ਮਿਲਦੀ ਹੈ। ਗੁਰੂ ਅਰਜਨ ਦੇਵ ਜੀ ਨੇ ਤਾਂ ਰਾਗੁ ਗਉੜੀ ਵਿਚ ਉਚਾਰੇ ਹੇਠਲੇ ਸ਼ਬਦ ਵਿਚ ਸ਼ਿਕਾਇਤ ਕਰਨ ਵਾਲੇ 'ਪਾਪੀ' ਦਾ ਨਾਂ ਨਹੀਂ ਲਿਆ ਪਰ ਮੈਕਾਲਿਫ਼ ਨੇ *The Sikh Religion*, Vol. III ਦੇ ਪੰਨਾ 49 ਉੱਤੇ ਤਰਜਮਾ ਕਰਨ ਲੱਗਿਆਂ, ਦੋਸ਼ ਦੀ ਉਂਗਲ 'ਪ੍ਰਿਥੀਏ' ਉੱਤੇ ਰੱਖੀ ਹੈ :

ਮਹਜਰੁ ਝੂਠਾ ਕੀਤੋਨੁ ਆਪਿ ॥	God Himself showed the memorial to be false,
ਪਾਪੀ ਕਉ ਲਾਗਾ ਸੰਤਾਪੁ ॥੧॥	And affliction befell the sinner.
ਜਿਸਹਿ ਸਹਾਈ ਗੋਬਿਦੁ ਮੇਰਾ ॥	Death shall not approach him
ਤਿਸੁ ਕਉ ਜਮੁ ਨਹੀ ਆਵੈ ਨੇਰਾ ॥੧॥ਰਹਾਉ॥	Whose helper my God is.
ਸਾਚੀ ਦਰਗਹ ਬੋਲੈ ਕੂੜੁ ॥	The blind fool told lies in the true court,
ਸਿਰੁ ਹਾਥ ਪਛੋੜੈ ਅੰਧਾ ਮੂੜੁ ॥੨॥	And smote his head with his hands.
ਰੋਗ ਬਿਆਪੇ ਕਰਦੇ ਪਾਪ ॥	They who commit sin contract disease,
ਅਦਲੀ ਹੋਇ ਬੈਠਾ ਪ੍ਰਭੁ ਆਪਿ ॥੩॥	God Himself sat as the judge.
ਅਪਨ ਕਮਾਇਐ ਆਪੇ ਬਾਧੇ ॥	Prithia is involved in the *consequences* of his own acts;
ਦਰਬੁ ਗਇਆ ਸਭੁ ਜੀਅ ਕੈ ਸਾਥੈ ॥੪॥	All his wealth shall pass away with his life.
ਨਾਨਕ ਸਰਨਿ ਪਰੇ ਦਰਬਾਰਿ ॥	Nanak, my Creator guardeth the honour of those
ਰਾਖੀ ਪੈਜ ਮੇਰੈ ਕਰਤਾਰਿ ॥੫॥੯੯॥੧੬੮॥	Who seek the protection of His court.

(ਪੰ. 199)

SikhBookClub.com

ਸੁਲਹੀ ਖ਼ਾਨ ਨਾਲ ਕੋਈ ਸਾਜ਼-ਬਾਜ਼ ਕਰ ਰਿਹਾ ਸੀ, ਇਸ ਦੂਸ਼ਨ ਬਾਰੇ ਕਿਸੇ ਨਿਸਚਿਤ ਸਬੂਤ ਦੀ ਅਣਹੋਂਦ ਕਾਰਨ ਅਸੀਂ ਕਿਸੇ ਨਿਰਣਾਇਕ ਫ਼ੈਸਲੇ ਉੱਤੇ ਨਹੀਂ ਪਹੁੰਚ ਸਕੇ ਪਰ ਸਾਡਾ ਇਤਿਹਾਸ ਆਪਣੀ ਉਂਗਲ ਪਿਰਥੀ ਚੰਦ ਵੱਲ ਹੀ ਸੇਧਿਤ ਕਰੀ ਬੈਠਾ ਹੈ। ਇਸੇ ਸੰਬੰਧ ਵਿਚ ਸਾਡਾ ਇਤਿਹਾਸ ਹੱਠ ਕਰਦਾ ਹੈ ਕਿ ਚੰਦੂ ਨਾਂ ਦਾ ਵਿਅਕਤੀ ਵੀ ਸੋਢੀ ਪਿਰਥੀ ਚੰਦ ਦੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਸਾਜ਼ਸ਼ ਦਾ ਭਾਈਵਾਲ ਸੀ। ਇਸ ਮਾਨਤਾ ਦੀ ਪੜਤਾਲ ਵੀ ਜ਼ਰੂਰੀ ਹੈ।

ਸਾਡੇ ਇਤਿਹਾਸ[41] ਅਨੁਸਾਰ, ਚੰਦੂ ਸ਼ਾਹ ਦੀ ਗੁਰੂ ਜੀ ਨਾਲ ਜ਼ਾਤੀ ਦੁਸ਼ਮਨੀ ਸੀ। ਉਹਦੀ ਇਕ ਵਿਆਹੁਣਯੋਗ ਧੀ ਸੀ, ਜਿਸ ਦਾ ਵਰ ਢੂੰਡਣ ਲਈ ਭੇਜੇ ਗਏ ਲਾਗੀ ਉਸ ਦਾ ਸਾਕ ਸਾਹਿਬਜ਼ਾਦਾ ਹਰਿਗੋਬਿੰਦ ਨਾਲ ਤੈ ਕਰ ਆਏ ਸਨ।[42] ਚੰਦੂ ਨੂੰ ਇਹ ਰਿਸ਼ਤਾ ਪਸੰਦ ਨਹੀਂ ਸੀ ਆਇਆ। ਉਸ ਨੇ ਮੰਨ ਤਾਂ ਲਿਆ ਪਰ ਹੰਕਾਰ ਵਿਚ ਬੋਲਿਆ ਕਿ ਤੁਸੀਂ ਚੰਗਾ ਨਹੀਂ ਕੀਤਾ, ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ। ਸਿੱਖ ਸੰਗਤਾਂ ਨੂੰ ਇਹ ਬੋਲ ਬੁਰੇ ਲੱਗੇ। ਉਨ੍ਹਾਂ ਦੇ ਕਹਿਣ ਉੱਤੇ ਗੁਰੂ ਅਰਜਨ ਦੇਵ ਜੀ ਨੇ ਸਗਾਈ ਦਾ ਸ਼ਗਨ ਵਾਪਸ ਮੋੜ ਦਿੱਤਾ। ਚੰਦੂ ਨੇ ਇਸ ਨੂੰ ਆਪਣੀ ਹੱਤਕ ਸਮਝਿਆ ਤੇ ਗੁਰੂ ਸਾਹਿਬ ਤੋਂ ਬਦਲਾ ਲੈਣ ਦੀ ਖ਼ਾਤਰ ਸੋਢੀ ਪਿਰਥੀ ਚੰਦ ਦੇ ਨਾਲ ਸੰਪਰਕ ਪੈਦਾ ਕੀਤਾ, ਪਰ ਇਸ ਤੋਂ ਪਹਿਲਾਂ ਕਿ ਇਹ ਦੋਵੇਂ ਰਲ ਕੇ ਗੁਰੂ ਅਰਜਨ ਦੇਵ ਜੀ ਨੂੰ ਕੋਈ ਨੁਕਸਾਨ ਪਹੁੰਚਾ ਸਕਦੇ, ਪਿਰਥੀ ਚੰਦ ਦਾ ਦੇਹੰਤ ਹੋ ਗਿਆ।

ਗੁਰਬਿਲਾਸ ਪਾਤਸ਼ਾਹੀ ੬ ਤੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਦੋਵੇਂ ਪਿਰਥੀ ਚੰਦ ਦਾ ਦੇਹੰਤ 21 ਵਿਸਾਖ, 1663 ਬਿ. (17 ਅਪ੍ਰੈਲ, 1606) ਨੂੰ ਹੋਇਆ ਦੱਸਦੇ ਹਨ।[43] ਇਹ ਤਾਰੀਖ਼ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ (ਜੇਠ ਸੁਦੀ 4, 1663 ਬਿ./30 ਮਈ, 1606) ਤੋਂ ਕੁੱਝ ਹਫ਼ਤੇ ਪਹਿਲਾਂ ਦੀ ਹੈ। ਮੈਕਾਲਿਫ਼[44] ਨੇ ਤਾਰੀਖ਼ ਤਾਂ ਨਹੀਂ ਲਿਖੀ, ਪਰ ਪਿਰਥੀ ਚੰਦ ਦੇ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਗੁਜ਼ਰ ਜਾਣ ਦੀ ਤਸਦੀਕ ਕੀਤੀ ਹੈ। *ਤਵਾਰੀਖ਼ ਗੁਰੂ ਖਾਲਸਾ* ਵਿਚ ਇਹ ਮਿਤੀ 27 ਮੱਘਰ,

---

41. (ੳ) *ਗੁਰਬਿਲਾਸ ਪਾਤਸ਼ਾਹੀ ੬*, ਵੇਦਾਂਤੀ, ਪੰ. 159.
(ਅ) *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ 7, ਰਾਸਿ 4, ਅੰਸੂ 19, ਪੰ. 2303.
(ੲ) *The Sikh Religion*. Vol . III, ਪੰ. 87.
42. ਇਹ ਰਵਾਇਤ *ਮਹਿਮਾ ਪ੍ਰਕਾਸ਼* ਕ੍ਰਿਤ ਸਰੂਪ ਦਾਸ ਭੱਲਾ (1776 ਈ.) ਤੋਂ ਸ਼ੁਰੂ ਹੋਈ ਲੱਗਦੀ ਹੈ। ਇਸ ਤੋਂ ਪਹਿਲਾਂ ਦੀਆਂ ਲਿਖਤਾਂ, ਜਿਵੇਂ *ਪਰਚੀਆਂ ਸੇਵਾ ਦਾਸ*, (ਹਰੀ ਸਿੰਘ, ਪੰ. 175), *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* (ਪਦਮ, ਪੰ. 76) ਤੇ *ਮਹਿਮਾ ਪ੍ਰਕਾਸ਼* (ਵਾਰਤਕ) (ਪੰ. 207) ਵਿਚ ਇਹ ਰਿਸ਼ਤਾ ਗੁਰੂ ਅਰਜਨ ਦੇਵ ਜੀ ਨਾਲ ਜੋੜਿਆ ਜਾਂਦਾ ਰਿਹਾ ਹੈ, ਸਾਹਿਬਜ਼ਾਦਾ ਹਰਿਗੋਬਿੰਦ ਨਾਲ ਨਹੀਂ। ਇਹ ਤਿੰਨੇ ਸਰੋਤ ਸਭ ਤੋਂ ਪੁਰਾਣੇ ਹਨ। ਕੀ ਇਨ੍ਹਾਂ ਨੂੰ ਮੰਨਿਆ ਜਾਏ ਕਿ ਇਨ੍ਹਾਂ ਤੋਂ ਬਾਅਦ ਦੀਆਂ ਲਿਖਤਾਂ ਨੂੰ ? ਸਿੱਖ ਇਤਿਹਾਸ ਦੀ ਇਹ ਪੈਂਤੜਾ-ਬਦਲੀ ਚੰਦੂ ਸ਼ਾਹ ਦੀ ਕਹਾਣੀ ਨੂੰ ਸ਼ੱਕੀ ਬਣਾਉਂਦੀ ਹੈ।
43. *ਗੁਰਬਿਲਾਸ ਪਾਤਸ਼ਾਹੀ ੬*, ਵੇਦਾਂਤੀ, ਪੰ. 188. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ 7, ਰਾਸਿ 4, ਅੰਸੂ 27, ਪੰ. 2335.
44. *The Sikh Religion*. Vol. III, p. 89.

SikhBookClub.com

1662 ਬਿ. ਹੈ[45], ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਗ਼ਲਤੀ ਨਾਲ 22 ਜੇਠ ਸੁਦੀ ਚੌਥ, ਸੰਮਤ 1662 ਬਿ. ਨੂੰ ਹੋਈ ਲਿਖੀ ਹੈ।[46]

ਪਿਰਥੀ ਚੰਦ ਦੇ ਪੋਤਰੇ ਹਰਿ ਜੀ ਨੇ *ਗੋਸ਼ਟਾਂ ਮਿਹਰਬਾਨ ਜੀ ਕੀਆਂ* ਵਿਚ ਪਿਰਥੀ ਚੰਦ ਦਾ ਦੇਹੰਤ ਵੈਸਾਖ ਸੁਦੀ 12, 1676 ਬਿ. ਨੂੰ ਹੋਇਆ ਲਿਖਿਆ ਹੈ।[47] ਇਸ ਮਿਤੀ ਉੱਤੇ ਸ਼ੱਕ ਕਰਨ ਦੀ ਗੁੰਜਾਇਸ਼ ਨਹੀਂ ਹੈ। ਇਸ ਪ੍ਰਮਾਣਿਕ ਗਵਾਹੀ ਦੇ ਹੁੰਦਿਆਂ ਸਿੱਖ ਇਤਿਹਾਸ ਵਾਲੀਆਂ ਮਿਤੀਆਂ ਇਕਦਮ ਗ਼ਲਤ ਸਾਬਤ ਹੋ ਜਾਂਦੀਆਂ ਹਨ।

ਸਿੱਖ ਇਤਿਹਾਸ ਵਿਚ ਅੱਗੇ ਚੱਲ ਕੇ ਦੱਸਿਆ ਗਿਆ ਹੈ, ਕਿ ਪਿਰਥੀ ਚੰਦ ਦੇ ਚਲਾਣੇ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਮਨੋਹਰ ਦਾਸ ਮਿਹਰਵਾਨ ਨੇ ਚੰਦੂ ਨਾਲ ਰਲ ਕੇ ਗੁਰੂ ਜੀ ਦੇ ਖ਼ਿਲਾਫ਼ ਜਹਾਂਗੀਰ ਬਾਦਸ਼ਾਹ ਦੇ ਕੰਨ ਭਰੇ ਕਿ ਸਿੱਖਾਂ ਦੇ ਗੁਰੂ ਨੇ ਬਾਗ਼ੀ ਸ਼ਾਹਜ਼ਾਦਾ ਖ਼ੁਸਰੋ ਦੀ ਮਦਦ ਕੀਤੀ ਹੈ।[48] ਬਾਦਸ਼ਾਹ ਨੇ ਗੁਰੂ ਜੀ ਨੂੰ ਬੁਲਾ ਕੇ ਜੁਰਮਾਨਾ ਭਰਨ ਜਾਂ ਇਸਲਾਮ ਕਬੂਲ ਕਰਨ ਦੀ ਸ਼ਰਤ ਰੱਖੀ। ਇਹ ਗੁਰੂ ਜੀ ਨੂੰ ਮਨਜ਼ੂਰ ਨਹੀਂ ਸੀ। ਆਖ਼ਰ ਗੁਰੂ ਜੀ ਨੂੰ ਚੰਦੂ ਦੇ ਸਪੁਰਦ ਕਰ ਦਿੱਤਾ ਗਿਆ। ਉਹਨੇ ਗੁਰੂ ਜੀ ਨੂੰ ਫਿਰ ਆਪਣੀ ਬੇਟੀ ਦੇ ਰਿਸ਼ਤੇ ਲਈ ਜ਼ੋਰ ਦਿੱਤਾ। ਗੁਰੂ ਜੀ ਦੇ ਇਨਕਾਰ ਕਰਨ ਉੱਤੇ ਚੰਦੂ ਨੇ ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇ ਕੇ ਸ਼ਹੀਦ ਕਰਵਾ ਦਿੱਤਾ।

ਇਸ ਤਰ੍ਹਾਂ ਸਿੱਖ ਰਵਾਇਤ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਅਸਲੀ ਜ਼ਿੰਮੇਵਾਰ ਚੰਦੂ, ਚੰਦੂ-ਪਿਰਥੀ ਤੇ ਚੰਦੂ-ਮਿਹਰਵਾਨ ਦੇ ਗੱਠ-ਜੋੜ ਨੂੰ ਠਹਿਰਾਉਂਦੀ ਹੈ। ਇਹ ਮਨੌਤ ਪਿਰਥੀ ਚੰਦ ਤੇ ਸੁਲਹੀ ਦੇ ਗੱਠ-ਜੋੜ ਤੋਂ ਵਧੇਰੇ ਪ੍ਰਚਲਿਤ ਹੈ ਤੇ ਇਸੇ ਲਈ ਵਧੇਰੀ ਖੋਜ ਦੀ ਮੰਗ ਕਰਦੀ ਹੈ। ਅਸੀਂ ਪ੍ਰਾਪਤ ਸਬੂਤਾਂ ਤੇ ਤਤਕਾਲੀ ਹਾਲਾਤ ਦੇ ਚੌਖਟੇ ਵਿਚ ਰੱਖ ਕੇ ਸਾਰੇ ਪ੍ਰਸੰਗ ਨੂੰ ਵਿਚਾਰਨ ਦਾ ਜਤਨ ਕੀਤਾ ਹੈ। ਸਾਡੀ ਇੱਛਾ ਹੈ ਕਿ ਵਿਦਵਾਨ ਇਤਿਹਾਸਕਾਰ ਸਾਡੇ ਇਸ ਜਤਨ ਨੂੰ ਚੰਗੀ ਤਰ੍ਹਾਂ ਪਰਖਣ ਤੇ ਪੜਚੋਲਣ ਉਪਰੰਤ ਇਹ ਦੱਸਣ ਦੀ ਕਿਰਪਾ ਕਰਨ ਕਿ ਸਾਡਾ ਜਤਨ ਕਿੰਨਾ ਕੁ ਸਫਲ ਹੈ। ਅਸੀਂ ਉਨ੍ਹਾਂ ਦੇ ਸੋਚੇ ਵਿਚਾਰੇ ਨਿਰਨੇ ਦੇ ਸਨਮੁਖ ਆਪਣੀ ਰਾਏ ਉੱਤੇ ਪੁਨਰ ਵਿਚਾਰ ਕਰਨ ਲਈ ਤਿਆਰ ਹੋਵਾਂਗੇ।

1. ਸਭ ਤੋਂ ਪਹਿਲਾਂ ਇਹ ਸਵਾਲ ਉੱਠਦਾ ਹੈ ਕਿ ਇਹ 'ਚੰਦੂ' ਸੀ ਕੌਣ ? ਸਾਡੇ ਇਤਿਹਾਸ ਵਿਚ ਇਹ ਨਾਂ ਸਭ ਤੋਂ ਪਹਿਲਾਂ *ਪਰਚੀਆਂ ਸੇਵਾ ਦਾਸ*[49] ਤੇ

45. *ਤਵਾਰੀਖ਼ ਗੁਰੂ ਖਾਲਸਾ*, ਭਾਗ ਪਹਿਲਾ, 1999, ਪੰ. 433.
46. *ਉਹੀ*, ਪੰ. 439. ਇਸੇ ਪੁਸਤਕ ਦੇ ਪੰ. 440 ਉੱਤੇ ਗੁਰੂ ਹਰਿਗੋਬਿੰਦ ਜੀ ਦੀ ਗੱਦੀ-ਨਸ਼ੀਨੀ ਦੀ ਤਾਰੀਖ਼ 9 ਹਾੜ ਵਦੀ ਸੱਤਮੀ, 1663 ਬਿ. ਲਿਖੀ ਹੈ।
47. ਕ੍ਰਿਸ਼ਣਾ ਕੁਮਾਰੀ ਬਾਂਸਲ, 1977, ਪੰ. 47.
48. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖਾਲਸਾ*, ਭਾਗ ਪਹਿਲਾ, 1999, ਪੰ. 434 ਤੇ *The Sikh Religion,* Vol. III, p. 89.
49. *ਪਰਚੀਆਂ ਸੇਵਾ ਦਾਸ*, ਹਰੀ ਸਿੰਘ, 1978, ਸਾਖੀ ਨੰ. 50, ਪੰ. 174-75. ਇਨ੍ਹਾਂ *ਪਰਚੀਆਂ* ਦੇ ਰ-ਕਾ. ਬਾਰੇ ਕਾਫ਼ੀ ਮੱਤਭੇਦ ਹੈ। ਖੜਕ ਸਿੰਘ ਤੇ ਗੁਰਤੇਜ ਸਿੰਘ (*Episodes from the Lives of the* ☛

SikhBookClub.com

ਰਹਿਤਨਾਮਾ ਭਾਈ ਚੌਪਾ ਸਿੰਘ[50] ਵਿਚ ਲਿਖਿਆ ਮਿਲਦਾ ਹੈ। *ਪਰਚੀਆਂ ਸੇਵਾ ਦਾਸ* ਅਨੁਸਾਰ, "ਪਾਚਵੀ ਪਾਤਸਾਹੀ ਕੇ ਸਮੇ ਏਕ ਚੰਦੂ ਖਤ੍ਰੀ ਜਾਤਿ ਕਾ ਸਾਹੀਆ ਹੋਇਆ ਹੈ। ਲਾਹੌਰ ਵਸਨੀਕ ਅਰੁ ਬਾਦਿਸਾਹ ਕਾ ਦੀਵਾਨ।" ਪਿਆਰਾ ਸਿੰਘ ਪਦਮ ਦੁਆਰਾ ਸੰਪਾਦਿਤ *ਰਹਿਤਨਾਮਾ ਭਾਈ ਚੌਪਾ ਸਿੰਘ* ਵਿਚ ਲਿਖਿਆ ਹੈ: "ਜੋ ਗੁਰੂ ਕਾ ਸਿੱਖ ਹੋਇਕੇ, ਸਿਰੰਦ ਵਾਲੇ ਖਤ੍ਰੀ ਅਤੇ ਚੰਦੂਸ਼ਾਹੀ ਖਤ੍ਰੀ ਇਨ੍ਹਾਂ ਦਾ ਸੱਤ ਵਾਰੀ ਮੂੰਹ ਫਿਟਕਾਰੇ ਬਿਨਾ ਨਾਇ ਲਏ, ਸੋ ਤਨਖਾਈਆ।"[51] ਇਨ੍ਹਾਂ ਦੋ ਕਿਰਤਾਂ ਤੋਂ ਬਾਅਦ, ਕੇਸਰ ਸਿੰਘ ਛਿੱਬਰ 1769 ਈ. ਵਿਚ ਚੰਦੂ ਨੂੰ ਲਾਹੌਰ ਦਾ ਇਕ ਸਰਕਾਰੀ ਮੁਸੱਦੀ ਦੱਸਦਾ ਹੈ।[52] *ਮਹਿਮਾ ਪ੍ਰਕਾਸ਼ ਵਾਰਤਕ* (ਅੰ. 1773 ਈ.)[53] ਤੇ *ਮਹਿਮਾ ਪ੍ਰਕਾਸ਼* (ਕਵਿਤਾ) (1776 ਈ.)[54] ਵਿਚ ਲਿਖਿਆ ਹੈ ਕਿ ਚੰਦੂ ਸਾਹੀ ਖੱਤਰੀ ਪਾਤਸਾਹ (ਜਹਾਂਗੀਰ) ਦਾ ਚਾਕਰ ਸੀ। ਗਿਆਨੀ ਗਿਆਨ ਸਿੰਘ ਅਨੁਸਾਰ ਦੀਵਾਨ ਚੰਦੂ ਲਾਲ ਸਾਹੀ ਖਤ੍ਰੀ ਰੁਹੇਲੇ ਪਿੰਡ ਵਾਲਾ, ਬਾਦਸ਼ਾਹੀ ਨੌਕਰ ਹੋ ਕੇ ਦਿੱਲੀ ਵਿਚ ਵੱਸਦਾ ਸੀ।[55] *ਮਹਾਨ ਕੋਸ਼* ਅਨੁਸਾਰ ਇਹ ਲਾਹੌਰ ਨਿਵਾਸੀ ਖਤ੍ਰੀ ਬਾਦਸ਼ਾਹ ਜਹਾਂਗੀਰ ਵੇਲੇ ਮਾਲੀ ਅਹੁਦੇਦਾਰ ਸੀ।[56] ਕਨਿੰਘਮ (1849 ਈ.) ਚੰਦੂ ਸ਼ਾਹ ਨੂੰ ਸੂਬਾ ਲਾਹੌਰ ਦਾ ਮਾਲੀ ਨਾਜ਼ਮ (Finance Administrator) ਲਿਖਦਾ ਹੈ[57] ਤੇ ਮੈਕਾਲਿਫ਼ (1909 ਈ.) ਉਸ ਨੂੰ ਸ਼ਹਿਨਸ਼ਾਹ ਦਾ ਦੀਵਾਨ ਜਾਂ ਮਾਲੀ ਵਜ਼ੀਰ (Financial Minister), ਜੋ ਦਿੱਲੀ ਵਿਚ ਰਹਿੰਦਾ ਸੀ।[58]

☛ *Gurus–Parchian Sewadas*, 1995, p. 3) ਤੇ ਹਰੀ ਸਿੰਘ (*ਪਿ.ਹ.* ਪੰ. 44), ਇਨ੍ਹਾਂ ਪਰਚੀਆਂ ਦੇ ਇਕ ਕਤਕ ਸੁਦੀ 5, 1765 ਬਿ. (7 ਅਕਤੂਬਰ, 1708) ਦੇ ਖਰੜੇ ਦੀ ਦੱਸ ਪਾਉਂਦੇ ਹਨ। ਇਹੋ ਮਿਤੀ ਗੁਰੂ ਗੋਬਿੰਦ ਸਿੰਘ ਜੀ ਦੇ ਚਲਾਣੇ ਦੀ ਹੈ। ਗੁਰਿੰਦਰ ਸਿੰਘ ਮਾਨ, ਸਾਂਟਾ ਬਾਰਬਰਾ, ਕੈਲਿਫ਼ੋਰਨੀਆ, ਪਾਸ ਇਕ ਖਰੜਾ ਹੈ ਜਿਸ ਦੀ ਮਿਤੀ ਸੰਮਤ 1766 ਆਤਿਵਾਰ ਥਿਤ 5 ਹੈ। ਤਰਲੋਚਨ ਸਿੰਘ ਬੇਦੀ (*ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਅਨ*, 1972, ਪੰ. 109) ਤੇ ਰਤਨ ਸਿੰਘ ਜੱਗੀ (*ਸਿੱਖ ਪੰਥ ਵਿਸ਼ਵਕੋਸ਼*, ਭਾਗ ਦੂਜਾ, 2005, ਪੰ. 1115) ਅਨੁਸਾਰ ਇਹ *ਪਰਚੀਆਂ* ਸ਼ਾਇਦ ਬਾਬਾ ਕਾਲਾਧਾਰੀ ਦੇ ਚਲਾਣੇ (1737 ਈ.) ਤੋਂ ਕੁੱਝ ਸਾਲ ਪਹਿਲਾਂ ਲਿਖੀਆਂ ਗਈਆਂ।

50. ਇਸ ਰਹਿਤਨਾਮੇ ਦੀ ਭੂਮਿਕਾ ਵਿਚ ਇਸ ਦੇ ਰਚੇ ਜਾਣ ਦੀ ਮਿਤੀ, ਸੰਮਤ ਸਤਾਰਾਂ ਸੈ ਸਤਵੰਜਾ ਜੇਠ ਦਿਨ ਸਤਵੀ (1700 ਈ.) ਦਿੱਤੀ ਹੋਈ ਹੈ (ਵੇਖੋ, ਪਿਆਰਾ ਸਿੰਘ ਪਦਮ, *ਰਹਿਤਨਾਮੇ*, 1995, ਪੰ. 78) ਪਰ ਮੈਕਲੋਡ ਦਾ ਖ਼ਿਆਲ ਹੈ ਕਿ ਪ੍ਰਾਪਤ ਖਰੜਿਆਂ ਦੇ ਆਧਾਰ ਉੱਤੇ ਇਸ ਰਹਿਤਨਾਮੇ ਦਾ ਰ-ਕਾ. 1740 ਤੇ 1765 ਈ. ਦੇ ਦਰਮਿਆਨ ਮਿਥਿਆ ਜਾ ਸਕਦਾ ਹੈ। (W .H .McLeod, *The Chaupa Singh Rahitnama*, 1987, p . 10 ਅਤੇ *Sikhs of the Khalsa*, 2003, p. 70)
51. *ਰਹਿਤਨਾਮੇ*, ਪਿਆਰਾ ਸਿੰਘ ਪਦਮ, ਪੰ. 102. ਚਉਪਾ ਸਿੰਘ ਰਹਿਤਨਾਮੇ ਦੇ ਮੈਕਲੋਡ ਦੁਆਰਾ ਸੰਪਾਦਿਤ ਪਾਠ ਵਿਚ (ਪੰ. 107) ਤੇ ਭਗਵਾਨ ਸਿੰਘ ਦੁਆਰਾ ਸੰਪਾਦਿਤ *ਬਿਬੇਕ ਬਾਰਧੀ ਗ੍ਰੰਥ* (ਡਾ. ਬਲਬੀਰ ਸਿੰਘ ਸਾਹਿੱਤ ਕੇਂਦਰ, ਡੇਹਰਾਦੂਨ, ਹ.ਲਿ. 228) ਵਿਚ ਸ਼ਾਮਿਲ ਕੀਤੇ ਪਾਠ ਵਿਚ ਚੰਦੂ ਦਾ ਨਾਂ ਨਹੀਂ ਹੈ, ਚੰਦੂਸਾਹੀ ਖਤ੍ਰੀ ਦੀ ਥਾਂ ਸਾਹੀ ਖਤ੍ਰੀ ਲਿਖਿਆ ਹੈ।
52. *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪਦਮ, ਪੰ. 76.
53. *ਮਹਿਮਾ ਪ੍ਰਕਾਸ਼ (ਵਾਰਤਕ)*, ਕੁਲਵਿੰਦਰ ਸਿੰਘ ਬਾਜਵਾ (ਸੰਪਾ.), 2004, ਪੰ. 124.
54. *ਮਹਿਮਾ ਪ੍ਰਕਾਸ਼* ਕ੍ਰਿਤ ਸਰੂਪ ਦਾਸ ਭੱਲਾ, ਭਾਗ ਦੂਜਾ, 1992, ਪੰ. 391.
55. *ਤਵਾਰੀਖ਼ ਗੁਰੂ ਖਾਲਸਾ*, ਭਾਗ ਪਹਿਲਾ, 1999, ਪੰ. 427.
56. *ਮਹਾਨ ਕੋਸ਼*, ਪੰ. 482. ਐਂਟ੍ਰੀ 'ਚੰਦੂ'।
57. J.D. Cunningham, *History of the Sikhs*, Reprint 1990, p. 47.
58. *The Sikh Religion*, Vol. III, p. 70.

SikhBookClub.com

ਉੱਪਰਲੇ ਬਿਆਨਾਂ ਤੋਂ ਇੰਜ ਲੱਗਦਾ ਹੈ ਕਿ ਕਿਸੇ ਲੇਖਕ ਨੂੰ ਵੀ ਪੱਕਾ ਪਤਾ ਨਹੀਂ ਸੀ ਕਿ 'ਚੰਦੂ' ਦਰਅਸਲ ਕੌਣ ਸੀ।

1. ਉੱਘੇ ਇਤਿਹਾਸਕਾਰ, ਗੰਡਾ ਸਿੰਘ ਦਾ ਕਥਨ ਹੈ :

> The name of Chandu Shah is not to be found in the *Tuzuk* or any other contemporary or semi-contemporary works on the reign of Jahangir. To say, therefore that at time Chandu Shah was Emperor's Diwan or Financial Minister is not historically correct.[59]

2. ਭਾਈ ਗੁਰਦਾਸ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ, ਨੇੜ ਦੇ ਸੰਬੰਧੀ ਤੇ ਅਨਿੰਨ ਭਗਤ ਸਨ। ਉਨ੍ਹਾਂ ਨੇ ਨਾ ਵਾਰਾਂ ਵਿਚ ਤੇ ਨਾ ਕਬਿੱਤ ਸਵੱਯਾਂ ਵਿਚ ਚੰਦੂ ਦਾ ਜ਼ਿਕਰ ਕੀਤਾ ਹੈ।[60]

3. ਹੋਰ ਸਮਕਾਲੀ ਜਾਂ ਨੇੜ-ਸਮਕਾਲੀ ਸਰੋਤ ਹਨ :

(ੳ) *ਤੁਜ਼ਕਿ ਜਹਾਂਗੀਰੀ*[61],

(ਅ) ਫ਼ਾਦਰ ਜੇਰੋਮ ਜ਼ੇਵੀਅਰ (Father Jerome Xavier) ਦੀ ਮਿਤੀ 25 ਸਤੰਬਰ, 1606, ਨੂੰ ਲਾਹੌਰ ਤੋਂ Provincial Superior of Goa, Father Gasper Fernades ਨੂੰ ਲਿਖੀ ਚਿੱਠੀ[62], ਤੇ

---

59. *The Martyrdom of Guru Arjan,* in *The Panjab Past & Present,* April 1978, p. 168.

60. ਭਾਈ ਗੁਰਦਾਸ ਦੀ 24ਵੀਂ ਵਾਰ ਦੀ 23ਵੀਂ ਪਉੜੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਬਾਰੇ ਲੱਗਦੀ ਹੈ। ਇਸ ਦੀ ਤੀਜੀ ਤੁਕ "ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ" ਵਿਚ ਗੁਰੂ ਜੀ ਦੀ ਸ਼ਹਾਦਤ ਦੇ ਸਾਰੇ ਸਾਕੇ ਨੂੰ ਕੇਵਲ 'ਭੀੜ ਪਈ' ਕਹਿ ਕੇ ਬਿਆਨਿਆ ਗਿਆ ਹੈ।

61. *The Tuzuk-i-Jahangiri,* Alexander Rogers, tr., Henry Beveridge, ed., 2003, pp. 72-73. ਜਾਂ ਜੇ.ਐਸ. ਗਰੇਵਾਲ ਤੇ ਇਰਫ਼ਾਨ ਹਬੀਬ (ਅਨੁ.), *Sikh History from Persian Sources,* 2001, pp. 56-57.

62. ਵੇਖੋ, *The Panjab Past & Present,* April 1991, ਵਿਚ ਗੰਡਾ ਸਿੰਘ ਦਾ ਲੇਖ *Guru Arjan's Martyrdom,* pp. 38-43. ਇਸ ਲੇਖ ਵਿਚ ਫ਼ਾਦਰ ਜ਼ੇਵੀਅਰ ਦੀ ਚਿੱਠੀ ਦੇ ਸ਼ਹਾਦਤ ਨਾਲ ਸੰਬੰਧਿਤ ਪਾਠ ਦਾ ਅੰਗਰੇਜ਼ੀ ਤਰਜਮਾ ਦਿੱਤਾ ਹੋਇਆ ਹੈ, ਜੋ John A. D'Silva ਦੇ ਲੇਖ *The Rebellion of Prince Khusro according to Jesuit sources, Journal of Indian History,* (Vol. V, 1927, p. 278), ਵਿਚ ਛਪਿਆ ਸੀ। ਫ਼ਾਦਰ ਜ਼ੇਵੀਅਰ ਦੀ ਚਿੱਠੀ Father Fernao Gurreiro ਦੀ ਪੁਸਤਕ *Relacao Anaual das Coisas que Fizerram os Padres da Companhia de Jesus nas sua Missooes....* Nova Edicao, Tomo Segundo 1604 a 1606, Coimbra, Imprensa da Universidade, 1931, ਵਿਚ ਸੰਕਲਿਤ ਹੈ। ਚਿੱਠੀ ਦਾ ਮੂਲ ਖਰੜਾ Marsden Manuscripts, British Museum (Add . MSS 9854, ff 38r-52r) ਵਿਚ ਪ੍ਰਾਪਤ ਦੱਸਿਆ ਜਾਂਦਾ ਹੈ। ਇਸ ਸਿਲਸਿਲੇ ਵਿਚ ਵੇਖੋ, E.R. Hambye s.j. ਦਾ ਲੇਖ *A contemporary Jesuit document on Guru Arjan Dev's Martyrdom,* (*Essays in Honour of Dr. Ganda Singh,* Harbans Singh & N . Gerald Barrier. ed., 1976, pp. 113-118) . ਹੋਰ ਵੇਖੋ, *Jahangir and the Jesuits,* C.H. Payne, tr., repr. 1977, pp. 11-12 ਤੇ Amandeep Singh Madra & Parmjit Singh, ed., *"Sicques,Tigers or Thieves": Eyewitness Accounts of the Sikhs (1606-1809),* 2004, pp. 3-8.

SikhBookClub.com

(ੲ) ਮੀਰਜ਼ਾ ਜ਼ੁਲਫ਼ਿਕਾਰ ਆਜ਼ਰ ਸਾਸਾਨੀ 'ਮੂਬਿਦ' ਦੀ ਕਿਤਾਬ *ਦਬਿਸਤਾਨਿ ਮਜ਼ਾਹਿਬ* (1645 ਈ.)[63]

ਇਨ੍ਹਾਂ ਤਿੰਨਾਂ ਸਰੋਤਾਂ ਵਿਚ ਚੰਦੂ ਨਾਂ ਦੇ ਕਿਸੇ ਬੰਦੇ ਦਾ ਜ਼ਿਕਰ ਨਹੀਂ ਕੀਤਾ ਗਿਆ। *ਤੁਜ਼ਕਿ ਜਹਾਂਗੀਰੀ* ਵਿਚ ਜਹਾਂਗੀਰ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਨ ਦੀ ਸਜ਼ਾ ਦੇਂਦਾ ਹੈ।[64] ਉਨ੍ਹਾਂ ਨਾਲ ਕਿਸ ਨੇ ਤੇ ਕੀ ਸਲੂਕ ਕੀਤਾ, ਇਸ ਬਾਰੇ ਜਹਾਂਗੀਰ ਜਾਂ ਮੁਗ਼ਲ ਇਤਿਹਾਸ ਚੁੱਪ ਹੈ। ਫ਼ਾਦਰ ਜ਼ੇਵੀਅਰ ਦੀ ਚਿੱਠੀ ਤੇ *ਦਬਿਸਤਾਨਿ ਮਜ਼ਾਹਿਬ*, ਦੋਹਾਂ ਸਰੋਤਾਂ ਮੁਤਾਬਕ ਗੁਰੂ ਜੀ ਨੂੰ ਭਾਰੀ ਜੁਰਮਾਨਾ ਕੀਤਾ ਜਾਂਦਾ ਹੈ, ਜੋ ਉਹ ਤਾਰਨ ਤੋਂ ਅਸਮਰਥ ਦੱਸੇ ਜਾਂਦੇ ਹਨ। ਇਸ ਦੇ ਫਲ-ਸਰੂਪ, ਉਹ, ਫ਼ਾਦਰ ਜ਼ੇਵੀਅਰ ਦੀ ਚਿੱਠੀ ਅਨੁਸਾਰ, ਕਿਸੇ ਧਨਾਢ ਹਿੰਦੂ ਜ਼ਮਾਨਤੀ ਹੱਥੋਂ, ਜਾਂ *ਦਬਿਸਤਾਨਿ ਮਜ਼ਾਹਿਬ* ਅਨੁਸਾਰ, ਕਰ ਵਸੂਲ ਕਰਨ ਵਾਲਿਆਂ (ਮਹੱਸਲਾਨ) ਹੱਥੋਂ, ਕਈ ਕਿਸਮ ਦੇ ਅਸਹਿ ਕਸ਼ਟ ਸਹਿ ਕੇ ਸ਼ਹੀਦ ਹੋ ਜਾਂਦੇ ਹਨ।

4. ਉਪਰੋਕਤ ਤੱਥਾਂ ਤੋਂ ਸ਼ੱਕ ਪੈਦਾ ਹੁੰਦਾ ਹੈ ਕਿ ਸਿੱਖ ਰਵਾਇਤ ਵਾਲਾ ਚੰਦੂ ਨਾਂ ਦਾ ਕਿਰਦਾਰ ਸ਼ਾਇਦ ਫ਼ਰਜ਼ੀ ਹੈ ਤੇ ਗੁਰੂ ਜੀ ਦੀ ਸ਼ਹਾਦਤ ਵਿਚ ਉਸ ਦਾ ਰੋਲ ਇਕ ਬਣਾਉਟੀ ਕਹਾਣੀ ਹੈ। ਤੁਸੀ ਪੁੱਛੋਗੇ ਕਿ ਕੀ ਫ਼ਾਦਰ ਜ਼ੇਵੀਅਰ ਵਾਲਾ ਧਨਾਡ ਜ਼ਮਾਨਤੀ, ਸਿੱਖ ਰਵਾਇਤ ਵਾਲਾ 'ਚੰਦੂ' ਨਹੀਂ ਹੋ ਸਕਦਾ ? ਇਸ ਦਾ ਜਵਾਬ ਕਿਸੇ ਹੱਦ ਤਕ ਫ਼ਾਦਰ ਜ਼ੇਵੀਅਰ ਦੀ ਚਿੱਠੀ ਵਿੱਚੋਂ ਹੀ ਮਿਲ ਜਾਂਦਾ ਹੈ, ਜਿਸ ਵਿਚ ਲਿਖਿਆ ਹੈ ਕਿ ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਓਸ ਜ਼ਮਾਨਤੀ ਨੇ ਫ਼ਰਾਰ ਹੋਣ ਦੀ ਕੋਸ਼ਿਸ਼ ਕੀਤੀ, ਪਰ ਉਹ ਕੈਦ ਕਰ ਲਿਆ ਗਿਆ ਤੇ ਸਾਰਾ ਮਾਲ ਅਸਬਾਬ ਜ਼ਬਤ ਕਰਨ ਉਪਰੰਤ ਉਸ ਨੂੰ ਮਾਰ ਦਿੱਤਾ ਗਿਆ।[65] ਸਿੱਖ ਰਵਾਇਤ ਵਾਲਾ ਚੰਦੂ ਤਾਂ ਗੁਰੂ ਹਰਿਗੋਬਿੰਦ ਸਾਹਿਬ ਦੀ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਈ ਦੇ ਬਾਅਦ, ਸਿੱਖਾਂ ਹੱਥੋਂ ਜ਼ਲੀਲ ਕਰ ਕੇ ਮਾਰਿਆ ਗਿਆ ਸੀ। ਸੋ, ਫ਼ਾਦਰ ਜ਼ੇਵੀਅਰ ਵਾਲੇ ਧਨਾਢ ਹਿੰਦੂ ਜ਼ਮਾਨਤੀ ਨੂੰ ਸਿੱਖ ਰਵਾਇਤ ਵਾਲਾ ਚੰਦੂ ਕਿਵੇਂ ਸਮਝ ਲਿਆ ਜਾਵੇ।

5. ਸਾਡੇ ਕਈ ਇਤਿਹਾਸਕਾਰਾਂ, ਜਿਵੇਂ ਗੰਡਾ ਸਿੰਘ, ਭਗਤ ਸਿੰਘ, ਗੋਪਾਲ ਸਿੰਘ ਤੇ ਪਸ਼ੌਰਾ ਸਿੰਘ ਦਾ ਵਿਸ਼ਵਾਸ ਹੈ ਕਿ ਚੰਦੂ ਸ਼ਾਹ ਦੀ ਕਹਾਣੀ ਮਨਘੜਤ

---

63. Ganda Singh, ed., *Nanak Panthis or The Sikh and Sikhism of the 17th Century*, tr. from *Dabistan-i-Mazahib*, Reprint from the *Journal of Sikh History*, vol. XIX, part 2, p. 15. ਮੂਲ ਫ਼ਾਰਸੀ ਪਾਠ ਲਈ ਵੇਖੋ, *ਦਬਿਸਤਾਨਿ ਮਜ਼ਾਹਿਬ*, ਮੁਨਸ਼ੀ ਨਵਲ ਕਿਸ਼ੋਰ, 1904, ਪੰ. 234.

64. ਫ਼ਾਰਸੀ ਦੇ ਅਸਲ ਲਫ਼ਜ਼ ਹਨ:

امر کردم کہ اورا حاضر ساختند و مساکن و منازل و فرزندان اورا بمرتضیٰ خان عنایت نمودم و اسباب و اموال اورا بایاست و یاسا رسانند۔

[ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਏ ਤੇ ਮੈਂ ਉਸ ਦੇ ਘਰ-ਘਾਟ ਤੇ ਬਾਲ-ਬੱਚੇ ਮੁਰਤਜ਼ਾ ਖ਼ਾਨ ਦੇ ਸਪੁਰਦ ਕਰ ਦਿੱਤੇ ਅਤੇ ਉਸ ਦਾ ਮਾਲ-ਅਸਬਾਬ ਜ਼ਬਤ ਕਰ ਕੇ ਹੁਕਮ ਦਿੱਤਾ ਕਿ ਉਸ ਨੂੰ ਸਿਆਸਤ ਅਤੇ ਯਾਸਾ ਦੇ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾਏ।]

ਬ-ਸਿਆਸਤ ਦਾ ਮਤਲਬ ਹੈ, ਸਜ਼ਾ (ਤਸੀਹੇ, ਕਸ਼ਟ) ਦੇਣਾ। ਯਾਸਾ ਚੰਗੇਜ਼ ਖ਼ਾਨੀ ਕਾਨੂੰਨ ਅਨੁਸਾਰ ਖ਼ੂਨ ਬਹਾਏ ਬਗ਼ੈਰ ਮਾਰਨ ਦੀ ਰੀਤੀ ਲਈ ਵਰਤਿਆ ਜਾਂਦਾ ਸੀ।

65. *The Panjab Past & Present*, April 1991, p. 43.

SikhBookClub.com

ਹੈ। ਇਹ ਮੁਗ਼ਲ ਸਰਕਾਰ ਦੁਆਰਾ ਨਸ਼ਰ ਕੀਤੀ ਗਈ ਸੀ ਤਾਂ ਜੋ ਗੁਰੂ ਜੀ ਨੂੰ ਅਸਹਿ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਦੋਸ਼ ਮੁਗ਼ਲ ਹਕੂਮਤ ਦੀ ਬਜਾਏ ਇਕ ਕਾਫ਼ਰ ਤੇ ਗੁਰੂ ਜੀ ਦੇ ਜ਼ਾਤੀ ਦੁਸ਼ਮਨ ਉੱਤੇ ਲਾਇਆ ਜਾ ਸਕੇ।

ਗੰਡਾ ਸਿੰਘ ਨੇ ਤਾਂ ਏਥੋਂ ਤਕ ਲਿਖਿਆ ਹੈ ਕਿ ਇਹ ਕਹਾਣੀ ਕਿਸੇ ਪੁਰਾਤਨ ਭਾਰਤੀ ਸਾਹਿੱਤ ਦੀਆਂ ਕਾਲਪਨਿਕ ਕਥਾਵਾਂ ਉੱਤੇ ਪਲੇ ਕਵੀਸ਼ਰ ਦਾ ਦਿਮਗ਼ੀ ਫ਼ਤੂਰ ਹੈ।[66]

ਗੋਪਾਲ ਸਿੰਘ ਦਾ ਯਕੀਨ ਹੈ ਕਿ :

> ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਿਚ ਕਿਸੇ ਚੰਦੂ ਦਾ ਹੱਥ ਸੀ, ਇਹ *ਮਹਿਮਾ ਪ੍ਰਕਾਸ਼* ਤੇ *ਸੂਰਜ ਪ੍ਰਕਾਸ਼* ਵਰਗੇ ਗ੍ਰੰਥਾਂ ਦੇ ਸਿੱਖ ਬ੍ਰਿਤਾਂਤਕਾਰਾਂ ਦੀ ਘਾੜਤ ਹੈ। ਗੁਰੂ ਸਾਹਿਬ ਨੂੰ ਲਗਾਤਾਰ ਪੰਜ ਦਿਨ (ਮਈ 25-29) ਅਸਹਿ ਤਸੀਹੇ ਦੇਣ ਵਾਲਿਆਂ ਵਿਚ ਮੁਰਤਜ਼ਾ ਖ਼ਾਨ ਦਾ ਕੋਈ ਹਿੰਦੂ ਮੁਲਾਜ਼ਮ ਚੰਦੂ ਹੋਣਾ ਹੈ, ਜਿਸ ਦੇ ਨਾਂ ਨਾਲ ਜੋੜ ਕੇ ਇਹ ਕਹਾਣੀ ਫੈਲਾਈ ਗਈ ਤਾਂ ਜੋ ਬਾਦਸ਼ਾਹ ਤੇ ਉਸ ਦੀ ਹਕੂਮਤ ਨੂੰ ਲੋਕਾਂ ਦੀ ਕਰੋਪੀ ਤੋਂ ਬਚਾਇਆ ਜਾ ਸਕੇ।[67]

ਭਗਤ ਸਿੰਘ ਇਤਿਹਾਸਕਾਰ ਇਸ ਨਤੀਜੇ ਉੱਤੇ ਪੁੱਜੇ ਹਨ :

> ਗੁਰੂ ਅਰਜਨ ਸਾਹਿਬ ਦਾ ਆਪਣੇ ਸਪੁੱਤਰ ਲਈ ਚੰਦੂ ਦੀ ਧੀ ਦਾ ਸਾਕ ਲੈਣ ਤੋਂ ਨਾਂਹ ਕਰ ਦੇਣਾ ਤੇ ਬਦਲਾ ਲੈਣ ਲਈ ਚੰਦੂ ਦਾ ਗੁਰੂ ਅਰਜਨ ਸਾਹਿਬ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇ ਕੇ ਮਾਰਨ ਵਾਲੀ ਗੱਲ ਨਿਰੋਲ ਘਾੜਤ ਹੈ। ਇਸ ਤਰ੍ਹਾਂ ਇਕ ਇਤਿਹਾਸਿਕ ਸ਼ਹਾਦਤ ਇਕ ਵਿਅਕਤੀ ਦੇ ਨਿਜੀ ਬਦਲਾ ਲੈਣ ਦੀ ਘਟਨਾ ਤਕ ਹੀ ਸੀਮਤ ਹੋ ਜਾਂਦੀ ਹੈ। ਚੰਦੂ ਸ਼ਾਹ ਨੂੰ ਦੀਵਾਨ ਜਾਂ ਮਾਲ ਮੰਤਰੀ ਮੰਨਣਾ ਇਤਿਹਾਸਿਕ ਤੌਰ 'ਤੇ ਗ਼ਲਤ ਹੈ। ਗੁਰੂ ਸਾਹਿਬ ਦੇ ਕਤਲ ਦੀ ਜ਼ਿੰਮੇਵਾਰੀ ਨਿਰੋਲ ਜਹਾਂਗੀਰ ਬਾਦਸ਼ਾਹ ਦੇ ਸਿਰ ਹੈ। ਉਸ ਦੇ ਹੁਕਮ ਨਾਲ ਹੀ ਤਸੀਹੇ ਦੇ ਕੇ ਗੁਰੂ ਸਾਹਿਬ ਦੀ ਦੇਹ ਦਾ ਅੰਤ ਕਰ ਦਿੱਤਾ ਗਿਆ ਸੀ।[68]

ਪਸ਼ੌਰਾ ਸਿੰਘ ਨੇ ਲਿਖਿਆ ਹੈ ਕਿ ਚੰਦੂ ਦੀ ਕਹਾਣੀ ਮੁਗ਼ਲ ਸਰਕਾਰ ਵੱਲੋਂ ਉਡਾਈ ਗਈ ਅਫ਼ਵਾਹ ਸੀ। ਇਹ ਲਾਹੌਰ ਵਿਚ ਫ਼ਾਦਰ ਜ਼ੇਵੀਅਰ ਨੇ ਸੁਣੀ। ਇਹੋ ਸਾਡੇ ਇਤਿਹਾਸਕਾਰਾਂ ਨੇ ਸੁਣੀ। ਇਹ ਏਨੀ ਰੋਚਕ ਸੀ, ਕਿ ਉਹ ਇਸ ਨੂੰ ਸਦੀਆਂ ਤਕ ਦੁਹਰਾਉਂਦੇ ਰਹੇ।[69]

---

66. *The Panjab Past & Present,* April 1978, p. 168.
    (The story of Chandu Shah) is, without doubt, nothing but a baseless invention of the fanciful mind of a poet fed upon the imaginary stories of ancient Indian literature.
67. Gopal Singh, *History of the Sikh People,* 1979, p .192.
    The story of a Chandu having anything to do with this [Guru Arjan's] martyrdom is a concoction of the Sikh chroniclers, like the author of *Mehma Parkash* and *Gurpartap Surya Granth.* It may be that some Hindu employees of Murtaza Khan called Chandu may have been associated with the process of extreme tortures inflicted for five consecutive days on the Guru (May 24-29) which led to the currency of the story in order to mitigate the wrath of the people against the emperor and his regime.
68. ਭਗਤ ਸਿੰਘ, (ਸੰਪਾ.), *ਗਿਆਨੀ ਗਿਆਨ ਸਿੰਘ,* 1978, ਪੰ. 63.
69. Pashaura Singh, *Life and Work of Guru Arjan,* 2006, p. 233.

SikhBookClub.com

6. ਜਿੱਥੋਂ ਤਕ ਚੰਦੂ ਦੀ ਹੋਂਦ ਦਾ ਤਅੱਲੁਕ ਹੈ, ਇਸ ਦਾ ਇਤਿਹਾਸਿਕ ਸਬੂਤ ਸਾਨੂੰ ਭੱਟ ਵਹੀਆਂ ਵਿੱਚੋਂ ਮਿਲ ਜਾਂਦਾ ਹੈ। ਭੱਟ ਵਹੀ ਮੁਲਤਾਨੀ ਸਿੰਧੀ ਮੁਤਾਬਕ ਗੁਰੂ ਹਰਿਗੋਬਿੰਦ ਸਾਹਿਬ ਦੀ ਪਹਿਲੀ ਲੜਾਈ ਪਿੰਡ ਰੁਹੀਲਾ ਪਰਗਣਾ ਬਟਾਲਾ ਦੇ ਮੈਦਾਨ ਵਿਚ 1621 ਈ. ਨੂੰ ਹੋਈ ਸੀ।[70] ਪਹਿਲੀ ਝੜਪ ਵਿਚ ਕਾਨ੍ਹੇ ਭਗਤ ਦਾ ਬੇਟਾ ਭਗਵਾਨਾ ਤੇ ਦੂਜੀ ਵਿਚ ਭਗਵਾਨੇ ਦਾ ਬੇਟਾ ਰਤਨ ਚੰਦ ਅਤੇ ਚੰਦੂ ਦਾ ਬੇਟਾ ਕਰਮ ਚੰਦ ਮਾਰੇ ਗਏ ਸਨ।[71] ਦੂਜੀ ਝੜਪ ਵਿਚ ਭੱਟ ਭਿਖੇ ਦਾ ਬੇਟਾ ਭੱਟ ਮਥਰਾ ਵੀ (ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ) ਗੁਰੂ ਸਾਹਿਬ ਵੱਲੋਂ ਲੜਦਾ ਮਾਰਿਆ ਗਿਆ ਸੀ। ਭੱਟਾਂ ਦੁਆਰਾ ਦਰਜ ਕੀਤੇ ਲੜਾਈ ਦੇ ਹਾਲਾਤ, ਜਿਸ ਵਿਚ ਉਨ੍ਹਾਂ ਦੀ ਆਪਣੀ ਬੰਸ ਦਾ ਭੱਟ ਮਾਰਿਆ ਗਿਆ ਸੀ, ਗ਼ਲਤ ਨਹੀਂ ਹੋ ਸਕਦੇ। ਇਸ ਲਈ ਅਸੀਂ ਚੰਦੂ ਦੀ ਉਸ ਦੇ ਬੇਟੇ ਨਾਲ ਜੁੜੀ ਇਤਲਾਹ ਨੂੰ ਪ੍ਰਮਾਣਿਕ ਮੰਨਦੇ ਹਾਂ। ਭੱਟ ਵਹੀ ਦੇ ਇਸ ਹਵਾਲੇ ਤੋਂ, ਚੰਦੂ ਦੀ ਹੋਂਦ ਤੋਂ ਇਲਾਵਾ, ਇਹ ਵੀ ਸਿੱਧ ਹੁੰਦਾ ਹੈ ਕਿ ਚੰਦੂ ਦੇ ਖ਼ਾਨਦਾਨ ਦੀ ਗੁਰੂ-ਘਰ ਨਾਲ ਲੜ-ਮਰਨ ਤਕ ਦੀ ਦੁਸ਼ਮਣੀ ਸੀ।

7. ਇਸ ਤੋਂ ਵੱਧ, ਸਾਡੇ ਪਾਸ ਕੋਈ ਹੋਰ ਇਤਿਹਾਸਿਕ ਸਬੂਤ ਨਹੀਂ ਹੈ, ਜੋ 18ਵੀਂ, 19ਵੀਂ ਤੇ ਮੁੱਢ 20ਵੀਂ ਸਦੀ ਦੇ ਸਿੱਖ ਗ੍ਰੰਥਾਂ ਵਿਚ ਵਰਣਿਤ ਚੰਦੂ ਦੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਿਚ ਅਦਾ ਕੀਤੇ ਰੋਲ ਦੀ ਪ੍ਰੋੜ੍ਹਤਾ ਕਰ ਸਕੇ। ਜਿਵੇਂ ਅਸੀਂ ਉੱਪਰ ਵੇਖਿਆ ਹੈ, ਸਿੱਖ ਗ੍ਰੰਥਾਂ ਵਿਚ ਦਿੱਤੇ ਬਿਰਤਾਂਤ ਕਾਫ਼ੀ ਹੱਦ ਤਕ ਸ੍ਵੈ-ਵਿਰੋਧੀ ਹਨ। ਫ਼ਾਦਰ ਜੈਰੋਮ ਜ਼ੇਵੀਅਰ ਦੀ ਗਵਾਹੀ ਸੁਣੀ-ਸੁਣਾਈ ਹੋਣ ਤੋਂ ਇਲਾਵਾ ਇਹ ਸਾਬਤ ਨਹੀਂ ਕਰਦੀ ਕਿ ਫ਼ਾਦਰ ਜ਼ੇਵੀਅਰ ਵਾਲਾ ਹਿੰਦੂ ਜ਼ਮਾਨਤੀ, ਸਿੱਖ ਰਵਾਇਤ ਵਾਲਾ ਚੰਦੂ ਸੀ। ਸ਼ਾਇਦ ਇਸੇ ਲਈ ਸਾਡੇ ਕਈ ਨਵੀਨ ਇਤਿਹਾਸਕਾਰਾਂ ਨੇ ਚੰਦੂ ਦੀ ਕਹਾਣੀ ਉੱਤੇ ਕਿੰਤੂ ਕੀਤਾ ਹੈ।

ਤੁਜ਼ਕਿ ਜਹਾਂਗੀਰੀ ਵਿਚ ਸਾਫ਼ ਲਿਖਿਆ ਹੈ ਕਿ ਜਦੋਂ ਜਹਾਂਗੀਰ ਦੇ ਕੰਨਾਂ ਤਕ ਇਹ ਖ਼ਬਰ ਪਹੁੰਚੀ ਕਿ ਇਸ ਮਜਹੂਲ ਇਨਸਾਨ (ਗੁਰੂ ਜੀ) ਨੇ ਖ਼ੁਸਰੋ ਦੀ ਹਮਾਇਤ ਕੀਤੀ ਹੈ...ਤਾਂ ਉਸ ਨੇ ਉਨ੍ਹਾਂ ਨੂੰ ਬੁਲਵਾ ਭੇਜਿਆ, ਉਨ੍ਹਾਂ ਦਾ ਘਰ ਬਾਰ ਤੇ ਬਾਲ

---

70. ਰੁਹੀਲਾ ਜਾਂ ਸ੍ਰੀ ਹਰਿ ਗੋਬਿੰਦਪੁਰ ਦੀ ਲੜਾਈ ਆਮ ਤੌਰ ਉੱਤੇ 1628 ਜਾਂ 1630 ਈ. ਨੂੰ ਹੋਈ ਮੰਨੀ ਜਾਂਦੀ ਹੈ। ਇਤਿਹਾਸਕਾਰ ਫੌਜਾ ਸਿੰਘ ਨੇ ਭੱਟ ਵਹੀਆਂ ਦੇ ਆਧਾਰ ਉੱਤੇ ਸਿੱਟਾ ਕੱਢਿਆ ਹੈ ਕਿ ਇਨ੍ਹਾਂ ਵਹੀਆਂ ਵਿਚ ਦਿੱਤੀਆਂ ਤਾਰੀਖ਼ਾਂ ਸਚਾਈ ਦੇ ਵਧੇਰੇ ਨੇੜੇ ਹਨ। ਵੇਖੋ, Fauja Singh, *Chronology of Battles of Guru Hargobind, Punjab History Conference*, March 1971, pp. 134-137.

71. *ਗੁਰੂ ਕੀਆਂ ਸਾਖੀਆਂ*, ਪਦਮ, 2003, ਪੰ. 32 :

> ਨਾਨੂ ਬੇਟਾ ਮੂਲੇ ਕਾ, ਪੋਤਾ ਰਾਊ ਕਾ ਪੜਪੋਤਾ ਚਾਹੜ ਕਾ, ਬੰਸ ਬੀਝੇ ਕਾ ਬੰਝਰਾਉਤ ਸਾਲ ਸੋਲਾਂ ਸੈ ਅਠੱਤ੍ਰਾ ਕੱਤਕ ਪ੍ਰਵਿਸ਼ਟੇ ਤੀਜੇ ਕੇ ਦੇਹੁੰ ਗਾਮ ਰੁਹੀਲਾ ਪਰਗਣਾ ਬਟਾਲਾ ਕੇ ਮਲ੍ਹਾਨ, ਗੁਰੂ ਕਾ ਬਚਨ ਪਾਇ ਰਤਨਾ ਬੇਟਾ ਭਗਵਾਨੇ ਕਾ, ਕਰਮਾ ਬੇਟਾ ਚੰਦੂ ਕਾ ਬਾਸੀ ਕਲਾਨੌਰ ਕੋ ਮਾਰ ਕੇ ਮਰਾ। ਗੈਲੋਂ ਮਥਰਾ ਬੇਟਾ ਭਿਖੇ ਕਾ ਪੋਤਾ ਰਈਏ ਕਾ ਪੜਪੋਤਾ ਨਰਸੀ ਕਾ ਬੰਸ ਭਗੀਰਤ ਕਾ ਕੌਸ਼ਿਸ਼ ਗੋਤ੍ਰ ਗੌੜ ਬ੍ਰਾਹਮਣ, ਪਰਾਗਾ ਬੇਟਾ ਗੌਤਮ ਕਾ ਭਾਰਗਵ ਗੋਤ੍ਰ ਛਿੱਬਰ ਬ੍ਰਾਹਮਣ, ਹੋਰ ਰਣ ਜੂੰਝਤੇ ਗੁਰੂ ਕੇ ਜੋਧੇ ਸਾਮ੍ਹੇ ਮਾਥੇ ਰਣ ਮੇਂ ਜੂਝ ਕਰ ਮਰੇ।
>
> *(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬੰਝਰਉਤੋਂ ਕਾ)*

SikhBookClub.com

ਬੱਚੇ ਮੁਰਤਜ਼ਾ ਖ਼ਾਨ ਦੇ ਹਵਾਲੇ ਕਰ ਦਿੱਤੇ ਤੇ ਮਾਲ ਜਾਇਦਾਦ ਜ਼ਬਤ ਕਰ ਕੇ ਹੁਕਮ ਦਿੱਤਾ ਕਿ ਉਨ੍ਹਾਂ ਨੂੰ ਤਸੀਹੇ ਦੇ ਕੇ (*ਬਾ-ਸਿਆਸਤ ਵ ਯਾਸਾ*) ਜਾਨੋਂ ਮਾਰ ਦਿੱਤਾ ਜਾਏ।

ਇਸ ਲਿਖਤ ਤੋਂ ਇਹ ਪਤਾ ਨਹੀਂ ਲੱਗਦਾ ਕਿ ਜਹਾਂਗੀਰ ਦੇ ਕੰਨ ਕਿਸ ਨੇ ਭਰੇ।[72] ਮੁਰਤਜ਼ਾ ਖ਼ਾਨ[73] ਨੇ ਗੁਰੂ ਸਾਹਿਬ ਦੇ ਬੇਟੇ ਤੇ ਉਨ੍ਹਾਂ ਦੇ ਘਰ ਬਾਰ ਦਾ ਕੀ ਕੀਤਾ ? ਅਸੀਂ ਇਨ੍ਹਾਂ ਸਵਾਲਾਂ ਦਾ ਉੱਤਰ ਲੱਭਣ ਦੀ ਕੋਸ਼ਿਸ਼ ਕਰਦੇ ਹਾਂ :

1. ਜਿਵੇਂ ਅਸੀਂ ਉੱਪਰ ਦੱਸ ਆਏ ਹਾਂ, ਸਿੱਖ ਇਤਿਹਾਸ ਅਨੁਸਾਰ ਜਹਾਂਗੀਰ ਦੇ ਕੰਨ ਚੰਦੂ ਤੇ ਮਿਹਰਵਾਨ ਨੇ ਭਰੇ ਸਨ, ਕਿਉਂਕਿ ਸ਼ਹਾਦਤ ਤੋਂ ਪਹਿਲਾਂ ਪਿਰਥੀ ਚੰਦ ਦਾ ਦੇਹਾਂਤ ਹੋ ਚੁੱਕਾ ਸੀ। ਇਹ ਗੱਲ ਉੱਕਾ ਹੀ ਨਿਰਮੂਲ ਹੈ, ਕਿਉਂਕਿ, ਹਰਿ ਜੀ ਦੀ ਪ੍ਰਮਾਣਿਕ ਗਵਾਹੀ ਅਨੁਸਾਰ, ਪਿਰਥੀ ਚੰਦ ਗੁਰੂ ਜੀ ਦੀ ਸ਼ਹੀਦੀ ਵੇਲੇ ਜ਼ਿੰਦਾ ਸੀ ਤੇ 13 ਸਾਲ ਬਾਅਦ ਸੁਰਗਵਾਸ ਹੋਇਆ ਸੀ। ਜੇ ਪਿਰਥੀ ਚੰਦ ਨੇ ਸ਼ਹਾਦਤ ਵਿਚ ਕਿਸੇ ਕਿਸਮ ਦਾ ਹਿੱਸਾ ਵੀ ਲਿਆ ਹੁੰਦਾ, ਤਾਂ ਭਾਈ ਗੁਰਦਾਸ ਨੇ ਚੁੱਪ ਨਹੀਂ ਸੀ ਰਹਿਣਾ। ਬਾਦਸ਼ਾਹ ਦੇ ਕੰਨ ਭਰਨ ਵਿਚ ਸ਼ੇਖ਼ ਅਹਿਮਦ ਸਰਹਿੰਦੀ ਦੇ ਏਲਚੀਆਂ ਦੀ ਸਾਜ਼ਸ਼ ਦੀ ਵਧੇਰੇ ਸੰਭਾਵਨਾ ਹੈ।

2. ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ (ਜੇਠ ਸੁਦੀ ਚੌਥ) ਤੋਂ ਕੁੱਝ ਦਿਨਾਂ ਬਾਅਦ, ਜੇਠ ਸੁਦੀ ਅਸ਼ਟਮੀ ਨੂੰ, ਪਰਿਵਾਰ ਸਮੇਤ ਮਾਲਵੇ ਦੇ ਪਿੰਡ ਡਰੌਲੀ ਚਲੇ ਗਏ ਸਨ।[74] ਉਨ੍ਹਾਂ ਦੀ ਗਰਿਫ਼ਤਾਰੀ ਕਾਫ਼ੀ ਅਰਸੇ ਬਾਅਦ ਹੋਈ ਸੀ। ਸੋ ਲੱਗਦਾ ਹੈ ਕਿ ਮੁਰਤਜ਼ਾ ਖ਼ਾਨ ਨੇ ਬਾਦਸ਼ਾਹ ਦੇ ਹੁਕਮ ਦੀ ਤਾਮੀਲ ਨਹੀਂ ਸੀ ਕੀਤੀ।

3. ਸਿੱਖ ਪਰੰਪਰਾ ਮੁਤਾਬਕ ਗੁਰੂ ਜੀ ਨੂੰ ਚੰਦੂ ਦੇ ਹਵਾਲੇ ਕਰ ਦਿੱਤਾ ਗਿਆ, ਜਿਸ ਨੇ ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਇਸ ਦਾ ਹੁੰਗਾਰਾ ਕੋਈ ਸਮਕਾਲੀ ਜਾਂ ਨੇੜ-ਸਮਕਾਲੀ ਸਰੋਤ ਨਹੀਂ ਭਰਦਾ।

ਉਪਰਲੀ ਬਹਿਸ ਤੋਂ ਵੱਧ ਤੋਂ ਵੱਧ ਇਹ ਸਿੱਧ ਹੁੰਦਾ ਹੈ ਕਿ ਪਿਰਥੀ ਚੰਦ ਨੇ ਗੱਦੀ ਹਥਿਆਉਣ ਲਈ ਮੁਗ਼ਲ ਅਹਿਲਕਾਰਾਂ ਨਾਲ ਮਿਲ ਕੇ ਗੁਰੂ ਅਰਜਨ ਦੇਵ ਜੀ ਨੂੰ ਦਬਕਾਉਣ ਧਮਕਾਉਣ ਦੀ ਕੋਸ਼ਿਸ਼ ਜ਼ਰੂਰ ਕੀਤੀ ਸੀ, ਪਰ ਗੁਰੂ ਜੀ ਦੀ ਸ਼ਹਾਦਤ

---

72. *ਤੁਜ਼ਕਿ-ਜਹਾਂਗੀਰੀ* (2003, ਪੰ. 63, 67, 68, 72) ਮੁਤਾਬਕ ਜਹਾਂਗੀਰ 25 ਅਪਰੈਲ 1606 ਨੂੰ ਗੋਇੰਦਵਾਲ ਤੋਂ ਲੰਘਦਾ ਹੋਇਆ 27 ਅਪਰੈਲ ਨੂੰ ਲਾਹੌਰ ਪੁੱਜਾ ਲੱਗਦਾ ਹੈ। ਖ਼ੁਸਰੋ ਵੀ ਜਹਾਂਗੀਰ ਤੋਂ ਕੁੱਝ ਦਿਨ ਪਹਿਲਾਂ ਗੁਰੂ ਸਾਹਿਬ ਨੂੰ ਮਿਲਿਆ ਹੋਣਾ ਹੈ। ਉਹ 27 ਅਪਰੈਲ ਨੂੰ ਫੜਿਆ ਗਿਆ ਸੀ ਤੇ ਪਹਿਲੀ ਮਈ ਨੂੰ ਜਹਾਂਗੀਰ ਦੇ ਸਾਹਮਣੇ ਪੇਸ਼ ਕੀਤਾ ਗਿਆ। ਅਜੀਬ ਗੱਲ ਹੈ ਕਿ ਬਾਦਸ਼ਾਹ ਨੂੰ ਪਹਿਲਾਂ ਨਹੀਂ ਬਲਕਿ 20 ਮਈ ਤੋਂ ਬਾਅਦ ਗੁਰੂ ਜੀ ਤੇ ਖ਼ੁਸਰੋ ਦੀ ਮੁਲਾਕਾਤ ਬਾਰੇ ਦੱਸਿਆ ਗਿਆ ਤੇ 30 ਮਈ ਨੂੰ ਗੁਰੂ ਜੀ ਸ਼ਹੀਦ ਕਰ ਦਿੱਤੇ ਗਏ।
73. ਮੁਰਤਜ਼ਾ ਖ਼ਾਨ ਉਸ ਵਕਤ ਪੰਜਾਬ ਦਾ ਗਵਰਨਰ ਨਹੀਂ ਸੀ। ਉਹ 1610 ਈ. ਵਿਚ ਲਾਹੌਰ ਦਾ ਗਵਰਨਰ ਬਣਿਆ ਤੇ 1616 ਈ. ਵਿਚ ਕਾਲਵੱਸ ਹੋਇਆ। ਵੇਖੋ, Muhammad Akbar, *Punjab Under the Mughal Raj*. 1985, p. 119-120.
74. *ਗੁਰੂ ਕੀਆਂ ਸਾਖੀਆਂ*, ਪਿ.ਹ. ਪੰ. 29.

SikhBookClub.com

ਵਿਚ ਉਨ੍ਹਾਂ ਦਾ ਹੱਥ ਸੀ ਕਿ ਨਹੀਂ, ਇਸ ਬਾਰੇ ਕੋਈ ਸਪਸ਼ਟ ਗਵਾਹੀ ਨਹੀਂ ਮਿਲ ਸਕੀ।

ਬੰਗਾਲੀ ਇਤਿਹਾਸਕਾਰ ਅਨਿਲ ਚੰਦਰ ਬੈਨਰਜੀ ਨੇ ਇਸ ਵਿਸ਼ੇ ਉੱਤੇ ਪ੍ਰਾਪਤ ਇਤਿਹਾਸਿਕ ਗਵਾਹੀਆਂ ਦੇ ਆਧਾਰ ਉੱਤੇ ਇਹ ਸਿੱਟਾ ਕੱਢਿਆ ਹੈ:

> Prithi Chand's involvement in Arjan's tragic death is most probably a pure invention.[75]
> [ਗੁਰੂ ਅਰਜਨ ਦੇਵ ਜੀ ਦੀ ਭਿਆਨਕ ਮੌਤ ਲਈ ਪਿਰਥੀ ਚੰਦ ਨੂੰ ਦੋਸ਼ ਦੇਣਾ ਇਕ ਨਿਰੋਲ ਘਾੜਤ ਹੈ।]

ਪਿਰਥੀ ਧੜੇ ਵੱਲੋਂ ਪਿਰਥੀ ਚੰਦ ਤੇ ਉਨ੍ਹਾਂ ਦੇ ਸਾਥੀਆਂ ਦੀ ਗੁਰੂ ਘਰ ਨਾਲ ਨਾਰਾਜ਼ਗੀ ਜਾਂ ਵਿਰੋਧ ਦਾ ਕੋਈ ਲਿਖਤੀ ਬਿਉਰਾ ਨਹੀਂ ਮਿਲਦਾ। ਛੋਟੇ ਮੇਲ ਦੇ ਸਾਹਿੱਤ ਵਿਚ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ ਪੰਜਵਾਂ ਵਾਰਿਸ ਮੰਨਿਆ ਗਿਆ ਹੈ, ਪਰ ਇਸ ਦੇ ਨਾਲ ਹੀ, ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਪਿਰਥੀ ਚੰਦ ਨੂੰ ਖ਼ੁਦ ਸਿੱਖਾਂ ਦਾ ਛੇਵਾਂ ਗੁਰੂ ਥਾਪਿਆ ਸੀ। ਹਰਿ ਜੀ[76], ਕੁਸ਼ਲ ਦਾਸ[77] ਤੇ ਭਾਈ ਦਰਬਾਰੀ[78] ਦੀਆਂ ਲਿਖਤਾਂ ਇਸ ਗੱਲ ਦੀ ਹਾਮੀ ਭਰਦੀਆਂ ਹਨ। ਪਰ, ਇਸ ਮੱਲੋਮੱਲੀ ਦੇ ਦਾਅਵੇ ਵਿਚ ਕੋਈ ਇਤਿਹਾਸਿਕ ਸਚਾਈ ਨਹੀਂ ਹੈ।

ਇਤਿਹਾਸ ਗਵਾਹ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦੇ ਸਾਹਿਬਜ਼ਾਦੇ ਸ੍ਰੀ ਹਰਿਗੋਬਿੰਦ ਜੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਛੇਵੇਂ

---

75. Anil Chandra Bannerjee, *The Sikh Gurus and the Sikh Religion,* 1983, ਪੰ. 180.

76. *ਗੋਸ਼ਟਾਂ ਮਿਹਰਬਾਨ ਜੀ ਕੀਆਂ*, ਕ੍ਰਿਸ਼ਣਾ ਕੁਮਾਰੀ ਬਾਂਸਲ (ਸੰਪਾ.), 1977, ਪੰ. 46:

    ...ਤਬ ਗੁਰੂ ਅਰਜਨ ਜੀ ਕੇ ਦਿਨ ਭਗਤਿ ਕਰਤੇ ਕਰਤੇ ਬੀਤੇ ਅਰੁ (24) ਚਉਬੀਸ ਬਰਸਿ ਨਉ (9) ਮਹੀਨੇ ਇਕੁ ਦਿਨੁ ਭਗਤਿ ਕਮਾਈ। ਤਬ ਆਪਣੀ ਪੋਥੀ ਸਬਦ ਗੁਰੂ ਸਾਹਿਬ ਜੀ ਕਉ ਦੀਆ ਅਰੁ ਆਪਨੇ ਅੰਗ ਸਾਥਿ ਲਗਾਇ ਕਰ ਵਿਦਾ ਕੀਆ।

77. ਗੁ.ਨਾ.ਦੇ.ਯੂ. ਹ.ਲਿ. 598, (ਰ-ਕਾ. 1816 ਈ.), ਪੱਤਰਾ 76:

    ਮਾਲਾ ਪੋਥੀ ਦਈ ਸਿਰੀ ਸਾਹਿਬ ਗੁਰੂ ਮੰਤੁ ਦੈ ਕਾਨ ਕਰ ਥਾਪਿ ਦੀਨੀ ॥੧॥੪੬॥ *(ਕੁਸ਼ਲ ਦਾਸ)*
    ਇਸ ਪਦੇ ਵਿਚ "ਮਾਲਾ ਪੋਥੀ ਦਈ ਸ੍ਰੀ ਸਾਹਿਬ ਗੁਰੂ" ਦਾ ਮਤਲਬ ਹੈ (ਗੁਰੂ ਅਰਜਨ ਨੇ) ਮਾਲਾ ਪੋਥੀ, ਅਰਥਾਤ ਗੁਰਿਆਈ ਦੇ ਪ੍ਰਤੀਕ, ਗੁਰੂ ਸਾਹਿਬ ਭਾਵ ਪਿਰਥੀ ਚੰਦ ਨੂੰ ਦਿੱਤੇ।

78. *ਹਰਿਜਸ ਪੋਥੀ* (1803 ਈ.), ਦੇ ਪੱਤਰਾ 225(ਅ) ਉੱਤੇ ਰਾਗੁ ਮਾਝ ਵਿਚ ਰਚੇ ਇਕ ਸ਼ਬਦ ਵਿਚ ਭਾਈ ਦਰਬਾਰੀ ਸਮਝੌਤਾ ਕਰ ਰਹੇ ਲੱਗਦੇ ਹਨ। ਉਹ ਲਿਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਇਕ ਦੀ ਬਜਾਏ ਦੋ ਟਿੱਕੇ ਥਾਪੇ, ਇਕ ਗੁਰੂ ਸਾਹਿਬ (ਭਾਵ ਪਿਰਥੀ ਚੰਦ) ਤੇ ਦੂਜਾ ਸਾਹਿਬਜ਼ਾਦਾ ਹਰਿਗੋਬਿੰਦ:

    ਗੁਰ ਸਾਹਿਬੁ ਆਪਨੈ ਅੰਗਿ ਲਗਾਇਆ ॥
    ਗੁਰ ਅਮਰਿ ਦਾਸ ਕਾ ਬਚਨੁ ਮੁਕਾਇਆ ॥
    ਪੋਥੀ ਮਾਲਾ ਕਰੀ ਹਵਾਲੈ ਸਿਰਿ ਅਪਨੀ ਪਾਗ ਬੰਧਾਈ ਜੀ ॥੬॥
    ਗੁਰ ਹਰਿਗੋਬਿੰਦ ਕਉ ਦੀਆ ਗਿਰੰਥੁ ॥ ਤੇਗ ਬੰਧਾਇ ਬਤਾਇਆ ਪੰਥੁ ॥
    ਸਬਦ ਥਾਪਨਾ ਦੈ ਗੁਰ ਸਾਹਿਬ ਸੰਗਤਿ ਚਰਨੀ ਲਾਈ ਜੀ ॥੭॥
    ਸੰਬਤਿ ਸੋਲਾਂ ਸਹਸ ਤ੍ਰੇਹਠਿ ਕੀਆ ਪੈਆਣਾ ॥ ਜੇਠਿ ਸੁਦੀ ਦਿਨਿ ਚਉਥਿ ਚਲਾਣਾ ॥
    ਸਾਹਿਬੁ ਹਰਿਗੋਬਿੰਦ ਦੋਇ ਟਿਕੇ ਆਪ ਜੋਤੀ ਜੋਤਿ ਸਮਾਈ ਜੀ ॥੮॥
    ਨਾਨਕ ਪੰਥੀ ਜਨੁ ਦਰਬਾਰੀ ॥ ਸਤਿਗੁਰ ਅਰਜਨ ਸਰਨਿ ਤੁਮਾਰੀ ॥
    ਰਾਖਿ ਲੇਹੁ ਪ੍ਰਭਿ ਅਬਿ ਕੀ ਵਾਰੀ ਬਹੁੜਿ ਨ ਆਵੈ ਜਾਈ ਜੀ ॥੯॥੬॥

SikhBookClub.com

ਵਾਰਿਸ ਬਣੇ। ਪਿਰਥੀ ਚੰਦ ਨੇ ਵੀ, ਉਨ੍ਹਾਂ ਦੇ ਮੁਕਾਬਲੇ ਵਿਚ, ਇਕ ਵੱਖਰੀ ਗੱਦੀ ਕਾਇਮ ਕਰ ਲਈ ਤੇ ਤਕਰੀਬਨ 13 ਸਾਲ ਬਤੌਰ 'ਗੁਰੂ ਸਾਹਿਬ' ਜਾਂ 'ਮਹਲਾ ੬' ਇਸ ਉੱਤੇ ਬਿਰਾਜਮਾਨ ਰਹੇ (ਵੇਖੋ, ਚਿਤਰ ਨੰ. 1)। ਇਸ ਤਰ੍ਹਾਂ 'ਛੋਟਾ ਮੇਲ' ਜਾਂ 'ਮੀਣਾ' ਨਾਂ ਦੀ ਇਕ ਅਪ੍ਰਮਾਣਿਕ ਸੰਪ੍ਰਦਾਇ ਦਾ ਜਨਮ ਹੋਇਆ। ਪਿਰਥੀ ਚੰਦ ਤੋਂ ਬਾਅਦ ਉਨ੍ਹਾਂ ਦੇ ਬੇਟੇ ਮਨੋਹਰ ਦਾਸ ਮਿਹਰਵਾਨ ਤੇ ਮਿਹਰਵਾਨ ਤੋਂ ਪਿੱਛੋਂ ਉਨ੍ਹਾਂ ਦੇ ਬੇਟੇ ਹਰਿ ਜੀ ਨੇ ਇਸ ਸੰਪ੍ਰਦਾਇ ਨੂੰ ਅੱਗੇ ਤੋਰਿਆ। ਗੁਰੂ ਹਰਿਗੋਬਿੰਦ ਜੀ 1635 ਈ. ਵਿਚ ਸ੍ਰੀ ਅੰਮ੍ਰਿਤਸਰ ਛੱਡ ਕੇ ਕੀਰਤਪੁਰ ਚਲੇ ਗਏ ਸਨ। ਉਨ੍ਹਾਂ ਦੇ ਜਾਣ ਤੋਂ ਬਾਅਦ, ਸਤਾਰ੍ਹਵੀਂ ਸਦੀ ਦੇ ਅਖ਼ੀਰ ਤਕ, ਮਿਹਰਵਾਨ ਤੇ ਹਰਿ ਜੀ ਸ੍ਰੀ ਹਰਿਮੰਦਰ ਸਾਹਿਬ ਉੱਤੇ ਕਾਬਿਜ਼ ਰਹੇ। ਹਰਿ ਜੀ ਤੋਂ ਬਾਅਦ, ਆਪਸੀ ਫੁੱਟ ਦੇ ਕਾਰਨ, ਇਸ ਸੰਪ੍ਰਦਾਇ ਦੀ ਏਕਤਾ ਟੁੱਟ ਗਈ। ਇਹ ਕਈ ਸ਼ਾਖ਼ਾਂ ਤੇ ਉਪ-ਸ਼ਾਖ਼ਾਂ ਵਿਚ ਵੰਡੀ ਗਈ ਤੇ, ਸਮਾਂ ਪਾ ਕੇ, ਹੌਲੀ ਹੌਲੀ, ਸਿੱਖਾਂ ਦੀ ਮੁਖ-ਧਾਰਾ ਜਾਂ ਉਦਾਸੀਆਂ ਵਿਚ ਜਜ਼ਬ ਹੋ ਗਈ।

ਇਸ ਤਕਰੀਬਨ ਦੋ ਸਦੀਆਂ ਦੇ ਅਰਸੇ ਵਿਚ, ਛੋਟੇ ਮੇਲ ਦੇ ਕਈ ਗੱਦੀਦਾਰਾਂ ਤੇ ਅਨੁਯਾਈਆਂ ਨੇ ਢੇਰ ਸਾਰਾ ਸਾਹਿੱਤ ਰਚਿਆ, ਜਿਸ ਦੀ ਝਲਕ ਪਾਠਕ ਜਨਾਂ ਨੂੰ ਅਗਲੇ ਸਫ਼ਿਆਂ ਵਿਚ ਮਿਲੇਗੀ।

SikhBookClub.com



ਚਿੱਤਰ ਨੰ. 1 : ਸੋਢੀ ਪਿਰਥੀ ਚੰਦ

SikhBookClub.com

2

ਸੋਢੀ ਪਿਰਥੀ ਚੰਦ ਦੀ ਰਚਨਾ

ਪਿਤਾ-ਗੁਰੂ ਰਾਮ ਦਾਸ ਜੀ ਦੀ ਤਾੜਨਾ ਤੇ ਭਾਈ ਗੁਰਦਾਸ ਦੀ ਡੰਗ-ਮਾਰਦੀ ਨਿਖੇਧੀ ਦੇ ਬਾਵਜੂਦ, ਜਿਵੇਂ ਕਿ ਦੱਸਿਆ ਜਾ ਚੁੱਕਾ ਹੈ, ਸੋਢੀ ਪਿਰਥੀ ਚੰਦ ਗੁਰਿਆਈ ਉੱਤੇ ਹੱਕ ਜਮਾਉਣ ਤੋਂ ਬਾਜ਼ ਨਾ ਆਏ ਤੇ ਗੱਦੀ ਦੀ ਪੱਕੀ ਨਿਸ਼ਾਨੀ ਵਜੋਂ, ਉਨ੍ਹਾਂ ਨੇ 'ਨਾਨਕ' ਛਾਪ ਥੱਲੇ ਸ਼ਬਦ ਰਚਣੇ ਸ਼ੁਰੂ ਕਰ ਦਿੱਤੇ। ਇਸ ਤੱਥ ਦੀ ਪੁਸ਼ਟੀ ਕਈ ਸਿੱਖ ਇਤਿਹਾਸਿਕ ਲਿਖਤਾਂ ਤੋਂ ਹੁੰਦੀ ਹੈ। ਜਿਵੇਂ :

(ੳ) *ਸਿੱਖਾਂ ਦੀ ਭਗਤ ਮਾਲਾ* (1778-83 ਈ.), ਜਿਸ ਦਾ ਦੂਜਾ ਨਾਂ *ਭਗਤ ਰਤਨਾਵਲੀ* ਹੈ।[1]

(ਅ) *ਗੁਰਕੀਰਤ ਪ੍ਰਕਾਸ਼* ਕ੍ਰਿਤ ਵੀਰ ਸਿੰਘ ਬਲ (1834 ਈ.)।[2]

(ੲ) *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਕ੍ਰਿਤ ਭਾਈ ਸੰਤੋਖ ਸਿੰਘ (1843)[3], ਤੇ

---

1. *ਸਿੱਖਾਂ ਦੀ ਭਗਤਮਾਲਾ*, ਤਰਲੋਚਨ ਸਿੰਘ ਬੇਦੀ (ਸੰਪਾ.), 1994, ਸਾਖੀ ਨੰ. 113, ਪੰ. 122 ਉੱਤੇ ਲਿਖਿਆ ਹੈ :"ਪਿਰਥੀ ਮਲ ਤੇ ਮਹਾ ਦੇਵ ਤੇ ਹੋਰ ਸੋਢੀਆਂ ਬਾਣੀ ਕਰ ਕੈ ਵਿਚ ਗੁਰੂ ਨਾਨਕ ਜੀ ਦਾ ਭੋਗ ਪਾਇਆ।"

   ਸਿੱਖਾਂ ਦੀ ਭਗਤਮਾਲਾ ਦੇ ਰਚਨਾ-ਕਾਲ ਤੇ ਕਰਤਾ ਬਾਰੇ ਵਿਦਵਾਨਾਂ ਵਿਚ ਮੱਤਭੇਦ ਹੈ। ਪਿਆਰ ਸਿੰਘ ਅਨੁਸਾਰ ਇਹ 1780-90 ਈ. ਦੀ ਰਚਨਾ ਹੈ ਤੇ ਇਸਦਾ ਕਰਤਾ ਸੂਰਤ ਸਿੰਘ ਹੈ (ਵੇਖੋ, *ਗਾਥਾ ਸ੍ਰੀ ਆਦਿ ਗ੍ਰੰਥ*, 1992, ਪੰ. 13-14)। ਤਰਲੋਚਨ ਸਿੰਘ ਬੇਦੀ ਨੇ ਇਸਦਾ ਕਰਤਾ ਕਵੀ ਸੋਹਨ ਤੇ ਰਚਨਾ ਕਾਲ 1715 ਈ. ਦੇ ਲਗਪਗ ਸਿੱਧ ਕੀਤਾ ਹੈ (*ਪਿ.ਹ.* ਪੰ. 31)। ਸ.ਸ. ਪਦਮ ਦੇ ਅਣਛਪੇ ਥੀਸਿਸ *ਸਿੱਖਾਂ ਦੀ ਭਗਤ ਮਾਲਾ ਦਾ ਸ਼ੁੱਧ ਆਲੋਚਨਾਤਮਕ ਸੰਸਕਰਨ*, 2005, ਪੰ. 45, ਅਨੁਸਾਰ, *ਸਿੱਖਾਂ ਦੀ ਭਗਤ ਮਾਲਾ* ਤੇ *ਗਿਆਨ ਰਤਨਾਵਲੀ*, 1778-1883 ਈ. ਦੇ ਦੌਰਾਨ ਬੁੰਗਾ ਗਿਆਨੀਆਂ (ਅੰਮ੍ਰਿਤਸਰ) ਵਿਚ ਭਾਈ ਸੂਰਤ ਸਿੰਘ ਦੁਆਰਾ ਰਚੀਆਂ ਗਈਆਂ।

2. *ਗੁਰਕੀਰਤ ਪ੍ਰਕਾਸ਼* ਕ੍ਰਿਤ ਵੀਰ ਸਿੰਘ ਬਲ, ਗੁਰਬਚਨ ਕੌਰ (ਸੰਪਾ.), 1986, ਪੰ. 134, 136, ਅਨੁਸਾਰ :

   ਉਤ ਚੰਦੁ ਪ੍ਰਿਥੀ ਮਹਾਂ ਦੇ ਨਿਜ ਲਗੇ ਸਬਦ ਬਣਾਵਣੇ।
   ਤੁਕ ਅੰਤ ਸਬਦ ਉਚਾਰ ਨਾਨਕ ਭੋਗੁ ਲਾਗੇ ਪਾਵਣੇ ॥੯੭॥

   ....

   ਪ੍ਰਿਥੀ ਚੰਦੁ ਮਹਾਂਦੇਵ ਸਿਧਾਏ। ਅਪੁਨੀ ਬਾਣੀ ਚਾੜਨ ਆਏ।
   ਸੋ ਬਾਣੀ ਗੁਰਦਾਸ ਹਟਾਈ। ਗੁਰੂ ਬਿਨਾਂ ਕਾਚੀ ਠਹਿਰਾਈ ॥੧੦੯॥

3. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਭਾਈ ਵੀਰ ਸਿੰਘ (ਸੰਪਾ.), ਜਿਲਦ ਛੇਵੀਂ, ਰਾਸਿ 3, ਅੰਸੂ 33, ਪੰ. 2045 :

   ਇਕ ਸਿਖ ਬੋਲਯੋ ਜੋਰਿ ਕਰ ਗੁਰ ਜੀ ਸੁਨਿ ਲੀਜੈ ॥
   ਪਿਰਥੀਆ ਆਦਿਕ ਅਪਰ ਬਹੁ ਤਿਨ ਕਰਮ ਲਖੀਜੈ ॥
   ਆਪ ਬਨਾਵਤਿ ਸ਼ਬਦ ਕੋ ਨਿਜ ਬੁਧਿ ਅਨੁਸਾਰੀ ॥
   ਸ੍ਰੀ ਨਾਨਕ ਕੋ ਨਾਮ ਸ਼ੁਭ ਧਰਿ ਦੇਤਿ ਮਝਾਰੀ ॥੭॥
   ਕੋਈ ਸਕੈ ਪਛਾਨ ਕਰਿ ਕੋ ਸਕਹਿ ਨ ਜਾਨੀ ॥...

SikhBookClub.com

(ਸ) *The Sikh Religion* ਕ੍ਰਿਤ ਮੈਕਾਲਿਫ਼ (1909 ਈ.)।[4]

ਉਪਰੋਕਤ ਹਵਾਲਿਆਂ ਤੋਂ ਇਹ ਤਾਂ ਸਪਸ਼ਟ ਹੁੰਦਾ ਹੈ ਕਿ ਸੋਢੀ ਪਿਰਥੀ ਚੰਦ ਵੀ ਕਵੀ ਸੀ ਤੇ ਉਹ ਨਾਨਕ ਛਾਪ ਹੇਠ ਗੁਰਬਾਣੀ ਦੇ ਮੁਹਾਵਰੇ ਵਿਚ ਮੌਲਕ ਰਚਨਾ ਕਰਨ ਦੇ ਸਮਰੱਥ ਸੀ। ਉਸ ਨੇ ਨਾਨਕ ਛਾਪ ਵਰਤ ਕੇ ਇਹੀ ਸਿੱਧ ਕਰਨਾ ਸੀ ਕਿ ਗੁਰੂ ਰਾਮ ਦਾਸ ਜੀ ਦੇ ਬਾਅਦ ਗੱਦੀ ਦਾ ਵਾਰਿਸ ਮੈਂ ਹਾਂ। ਜੇ ਉਸ ਦੇ ਮਨ ਵਿਚ ਇਹ ਭਾਵਨਾ ਨਾ ਹੁੰਦੀ ਤਾਂ ਉਹ ਹੋਰ ਕਵੀਆਂ ਦੀ ਤਰ੍ਹਾਂ ਛੰਦਾ-ਬੰਦੀ ਦੀ ਵਰਤੋਂ ਤਾਂ ਕਰਦਾ ਪਰ ਨਾਨਕ ਵਾਲਾ ਤਖ਼ੱਲੁਸ ਵਰਤਣ ਦੀ ਜ਼ਰੂਰਤ ਨਾ ਸਮਝਦਾ। ਬਾਵਜੂਦ ਇਨ੍ਹਾਂ ਹਵਾਲਿਆਂ ਦੇ, ਜੋ ਸੋਢੀ ਪਿਰਥੀ ਚੰਦ ਨੂੰ ਨਾਨਕ ਛਾਪ ਵਾਲੀ ਰਚਨਾ ਦਾ ਰਚਿਆਰ ਮੰਨਦੇ ਹਨ, ਕਿਸੇ ਪੁਰਾਣੇ ਲੇਖਕ ਨੇ ਉਸ ਦੀ ਰਚਨਾ ਵਿੱਚੋਂ ਇਕ ਤੁਕ ਵੀ ਮਿਸਾਲ ਵਜੋਂ ਨਹੀਂ ਦਿੱਤੀ। ਪਿਰਥੀ ਚੰਦ ਦੀ ਰਚਨਾ ਦੀ ਦੁਰ-ਪ੍ਰਾਪਤੀ ਦੀ ਤਕਲੀਫ਼ ਦਾ ਸਾਹਮਣਾ ਅੱਜ ਦੇ ਲੇਖਕਾਂ ਨੂੰ ਵੀ ਕਰਨਾ ਪਿਆ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ ਤੇ ਨਿਜੀ ਲਾਇਬ੍ਰੇਰੀਆਂ ਵਿੱਚ ਸਾਂਭੀਆਂ ਹੱਥ-ਲਿਖਤਾਂ ਦੇ ਕਿਸੇ ਟਾਵੇਂ ਟਾਵੇਂ ਖਰੜੇ ਵਿੱਚ ਹੀ ਪਿਰਥੀ ਚੰਦ ਦੇ ਨਾਂ ਹੇਠ ਕੋਈ ਰਚਨਾ ਮਿਲਦੀ ਹੈ। ਗੋਵਿੰਦਨਾਥ ਰਾਜਗੁਰੂ ਤਾਂ ਏਥੋਂ ਤਕ ਲਿਖ ਗਏ ਹਨ ਕਿ "ਬਾਣੀ ਰਚਨਾ ਸੰਭਵਤ : ਉਸ ਕੇ ਬਸ ਕੀ ਬਾਤ ਨ ਥੀ।"[5]

ਬਲਜਿੰਦਰ ਕੌਰ ਜੋਸ਼ੀ ਨੇ ਆਪਣੀ 2003 ਵਿਚ ਛਪੀ ਪੁਸਤਕ *ਸੋਢੀ ਹਰਿ ਜੀ ਦੀ ਵਾਰਤਕ* ਦੇ ਪੰਨਾ 26 ਉੱਤੇ ਲਿਖਿਆ ਹੈ : "ਅੱਜ ਤਾਈਂ ਪ੍ਰਿਥੀ ਚੰਦ, ਜਿਸ ਨੂੰ ਮੀਣਾ ਸੰਪ੍ਰਦਾਇ ਦੀਆਂ ਲਿਖਤਾਂ ਵਿਚ 'ਪਾਤਿਸ਼ਾਹੀ ੬' ਵਜੋਂ ਲਿਖਿਆ ਗਿਆ ਹੈ, ਦੀ ਕੋਈ ਵੱਡ-ਅਕਾਰੀ ਰਚਨਾ ਨਹੀਂ ਮਿਲੀ ਪਰ ਹਰਿ ਜੀ ਦੁਆਰਾ ਸੰਪਾਦਿਤ 'ਬਸੰਤ ਕੀ ਵਾਰ' ਵਿਚ ਪ੍ਰਿਥੀ ਚੰਦ ਦੇ ਲਿਖੇ 9 ਸਲੋਕ ਮਿਲਦੇ ਹਨ।" ਜਿਵੇਂ ਅਸੀਂ ਅੱਗੇ ਚੱਲ ਕੇ ਵੇਖਾਂਗੇ, ਮਿਸਿਜ਼ ਜੋਸ਼ੀ ਦੀ ਇਹ ਸੂਚਨਾ ਠੀਕ ਨਹੀਂ ਹੈ। ਉਨ੍ਹਾਂ ਨੇ ਪਿਰਥੀ ਚੰਦ ਦੇ 9 ਸਲੋਕਾਂ ਵਾਲੀ ਬਸੰਤ ਕੀ ਵਾਰ ਦਾ ਕੋਈ ਹਵਾਲਾ ਨਹੀਂ ਦਿੱਤਾ, ਪਰ ਜਿਹੜੀ 'ਬਸੰਤ ਕੀ ਵਾਰ' ਅਸਾਂ ਵੇਖੀ ਹੈ, ਉਸ ਵਿਚ ਪਿਰਥੀ ਚੰਦ ਦੇ 9 ਨਹੀਂ, ਬਲਕਿ 14 ਸਲੋਕ ਹਨ।[6]

ਜਿਵੇਂ ਉੱਪਰ ਦੱਸਿਆ ਜਾ ਚੁੱਕਾ ਹੈ, ਪਿਰਥੀ ਚੰਦ ਦੀ ਕਾਵਿ-ਛਾਪ 'ਨਾਨਕ' ਸੀ। ਆਪਣੇ ਵੱਲੋਂ ਤਾਂ ਉਹ ਪੂਰੇ-ਸੂਰੇ ਗੁਰੂ ਬਣੇ ਬੈਠੇ ਸਨ! ਮੁਖ-ਧਾਰਾ ਦੇ ਗੁਰੂ ਸਾਹਿਬਾਨ ਦੀ ਬਾਣੀ ਵਿੱਚ 'ਨਾਨਕ' ਪਦ ਸਾਂਝਾ ਹੈ। ਗੁਰੂ ਨਾਨਕ ਦੇਵ ਜੀ ਦਾ ਤਖ਼ੱਲੁਸ ਵੀ 'ਨਾਨਕ' ਤੇ ਪੰਜਵੇਂ ਗੁਰੂ ਅਰਜਨ ਦੇਵ ਜੀ ਦਾ ਤਖ਼ੱਲੁਸ ਵੀ ਉਹੀ

---

4. Max Arthur Macauliffe, *The Sikh Religion,* Vol. III, p. 55 :
   "Prithia was composing religious hymns of his own which he described as the compositions of Guru Nanak and his successors, and the ignorant populace had not sufficient intelligence to discriminate."
5. ਗੋਵਿੰਦਨਾਥ ਰਾਜਗੁਰੂ, ਸੰਪਾ., *ਗੋਸਟਿ ਗੁਰੂ ਮਿਹਰਿਵਾਨੁ,* 1974, ਪੰ. 19.
6. ਵੇਖੋ, ਗਿਆਨੀ ਲਾਲ ਸਿੰਘ, ਸੰਗਰੂਰ ਵਾਲਿਆਂ ਦੀ ਪੁਸਤਕ *ਬਾਣੀ ਗੁਰੂ, ਗੁਰੂ ਹੈ ਬਾਣੀ, ਪੋਥੀ ਦਸਮ ਗੁਰਬਾਣੀ,* 1956, ਵਿਚ 'ਬਸੰਤ ਕੀ ਵਾਰ', ਪੰ. 156-164.

SikhBookClub.com

'ਨਾਨਕ'। ਰਚਿਆਰ ਦੀ ਪਛਾਣ ਹੁੰਦੀ ਹੈ ਤਾਂ ਕੇਵਲ ਸਿਰਲੇਖ ਵਿੱਚ ਦਿੱਤੇ ਮਹਲਾ ੧, ਮਹਲਾ ੨, ਮਹਲਾ ੩, ਆਦਿ ਅੰਕਾਂ ਤੋਂ। ਇਹ ਅੰਕ ਗੁਰਿਆਈ ਦੀ ਤਰਤੀਬ ਦੇ ਸੂਚਕ ਹੁੰਦੇ ਸਨ। ੧ ਦਾ ਮਤਲਬ ਗੁਰੂ ਨਾਨਕ ਦੇਵ ਜੀ, ੨ ਦਾ ਗੁਰੂ ਅੰਗਦ ਦੇਵ ਜੀ ਤੇ ੩ ਦਾ ਗੁਰੂ ਅਮਰਦਾਸ ਜੀ। ਪਿਰਥੀ ਚੰਦ ਦੇ ਲਿਖਾਰੀਆਂ ਨੇ ਉਸ ਲਈ 'ਮਹਲਾ ੬' ਸਿਰਨਾਵਾਂ ਵਰਤਿਆ ਹੋਇਆ ਹੈ। ਇਹੀ ਇੱਕੋ ਇਕ ਨਿਸ਼ਾਨੀ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਰਚਨਾ ਪਿਰਥੀ ਚੰਦ ਦੀ ਹੈ।

ਅਸੀਂ ਜਤਨ ਕੀਤਾ ਹੈ ਕਿ ਹੁਣ ਤਕ ਲੱਭੇ ਜਾ ਚੁੱਕੇ ਸਾਰੇ ਸੋਮਿਆਂ ਵਿਚ ਮਿਲਦੀ ਪਿਰਥੀ-ਰਚਨਾ ਆਪਣੀ ਪੁਸਤਕ-ਲੜੀ ਵਾਸਤੇ ਇਕੱਤਰ ਕਰ ਲਈਏ। ਕੁੱਝ ਸ਼ਬਦ ਪਟਿਆਲੇ ਜ਼ਿਲੇ ਵਿੱਚ ਸੋਢੀਆਂ ਦੇ ਇੱਕ ਪਿੰਡ 'ਸੰਗਤਪੁਰਾ' (ਸਰਹੰਦ) ਦੇ ਇਕ ਸੋਢੀ ਖ਼ਾਨਦਾਨ ਪਾਸ ਪਈ ਹੱਥ-ਲਿਖਤ ਵਿੱਚ ਪ੍ਰਾਪਤ ਹਨ, ਪਰ ਮਾਲਕ ਉਸ ਦੇ ਦਰਸ਼ਨ ਨਹੀਂ ਕਰਵਾਉਂਦੇ। ਸਾਰੇ ਇਲਾਕੇ ਵਿੱਚ ਇਹ ਗੱਲ ਮਸ਼ਹੂਰ ਹੈ ਕਿ ਜੋ ਕੋਈ ਪੋਥੀ ਦੇ ਦਰਸ਼ਨ ਕਰੇਗਾ, ਉਹ ਅੰਨ੍ਹਾ ਹੋ ਜਾਵੇਗਾ।[7] ਇਸ ਰਚਨਾ ਨੂੰ ਛੱਡ ਕੇ ਅਸੀਂ ਇਸ ਪੁਸਤਕ-ਲੜੀ ਵਾਸਤੇ ਹੋਰ ਸਾਰੇ ਗਿਆਤ ਸੋਮਿਆਂ ਤੋਂ ਪਿਰਥੀ ਚੰਦ ਦੀਆਂ ਰਚਨਾਵਾਂ ਇਕੱਠੀਆਂ ਕਰ ਕੇ ਇਸ ਲੜੀ ਦੀ ਅਗਲੀ ਪੁਸਤਕ ਰਾਹੀਂ ਇੱਕ ਥਾਂ ਸੰਭਾਲ ਰਹੇ ਹਾਂ। ਇਨ੍ਹਾਂ ਸੋਮਿਆਂ ਦੀ ਜਾਣਕਾਰੀ ਹੇਠਾਂ ਦਿੱਤੀ ਜਾਂਦੀ ਹੈ:

(ੳ) ਬਸੰਤ ਕੀ ਵਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਰਾਗ ਵਿਚ, ਪੰਨਾ 1193 ਉੱਤੇ, ਗੁਰੂ ਅਰਜਨ ਦੇਵ ਜੀ ਦੀ ਰਚੀ ਇਕ ਵਾਰ ਹੈ, ਜਿਸ ਦੀਆਂ ਕੇਵਲ ਤਿੰਨ ਪਉੜੀਆਂ ਹਨ ਤੇ ਉਨ੍ਹਾਂ ਨਾਲ ਕੋਈ ਸਲੋਕ ਨਹੀਂ ਲੱਗਾ ਹੋਇਆ। ਪਿਰਥੀ ਚੰਦ ਦੇ ਪੋਤਰੇ ਹਰਿ ਜੀ ਦੁਆਰਾ ਸੰਪਾਦਿਤ ਇਕ ਵਾਰ ਮਿਲਦੀ ਹੈ, ਜਿਸ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਾਲੀਆਂ ਤਿੰਨ ਪਉੜੀਆਂ ਨਾਲ 12 ਹੋਰ ਪਉੜੀਆਂ ਤੇ 33 ਸਲੋਕ ਲੱਗੇ ਹੋਏ ਹਨ। ਮਹਲਾ ੧ ਦੇ 4 ਸਲੋਕ ਹਨ, ਮਹਲਾ ੨ ਦੇ 5, ਮਹਲਾ ੩ ਦੇ 3, ਮਹਲਾ ੪ ਦੇ 2, ਮਹਲਾ ੫ ਦੇ 3, ਮਹਲਾ ੬ (ਸੋਢੀ ਪਿਰਥੀ ਚੰਦ) ਦੇ 14, ਮਹਲਾ *੭* (ਸੋਢੀ ਮਿਹਰਵਾਨ) ਦਾ 1 ਤੇ ਮਹਲਾ ੮ (ਸੋਢੀ ਹਰਿ ਜੀ) ਦਾ 1। ਮਹਲਾ ੧ ਤੋਂ ਮਹਲਾ ੫ ਦੇ 17 ਸਲੋਕਾਂ ਵਿੱਚੋਂ 7 ਸਲੋਕ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿੱਚੋਂ ਹਨ, ਬਾਕੀ ਦੇ ਬਾਹਰਲੇ ਹਨ। ਮਹਲਾ ੬ ਅਰਥਾਤ ਪਿਰਥੀ ਚੰਦ ਦੇ 14 ਸਲੋਕਾਂ ਦਾ ਪਾਠ ਇਸ ਲੜੀ ਦੀ ਦੂਜੀ ਪੁਸਤਕ ਵਿਚ ਦੇ ਦਿੱਤਾ ਗਿਆ ਹੈ।

(ਅ) ਛੋਟੇ ਮੇਲ ਦਾ ਕਾਵਿ, ਪ੍ਰੋ. ਪ੍ਰੀਤਮ ਸਿੰਘ, ਪਟਿਆਲਾ ਹ.ਲਿ. 78

ਇਹ ਹੱਥ-ਲਿਖਿਤ ਖਰੜਾ, ਜੋ ਪ੍ਰੋਫ਼ੈਸਰ ਪ੍ਰੀਤਮ ਸਿੰਘ ਦੇ ਨਿਜੀ ਪੁਸਤਕਾਲੇ ਵਿਚ ਸੁਰੱਖਿਅਤ ਹੈ, ਛੋਟੇ ਮੇਲ ਦੇ ਕਾਵਿ ਦਾ ਵੱਡ-ਮੁੱਲਾ ਖ਼ਜ਼ਾਨਾ ਹੈ। ਇਸ ਵਿਚ

7. ਪ੍ਰੋ.ਪ੍ਰੀਤਮ ਸਿੰਘ ਦੀ ਪੁਸਤਕ *ਪੰਜਾਬ ਪੰਜਾਬੀ ਪੰਜਾਬੀਅਤ*, 1998, ਦੇ ਅਧਿਆਇ *ਪੋਥੀਆਂ ਦੀ ਭਾਲ*, ਪੰ. 207-224, ਵਿਚ ਸੰਗਤਪੁਰੇ ਵਾਲੀ ਹੱਥ-ਲਿਖਿਤ ਪੋਥੀ ਦੀ ਭਾਲ ਦੀ ਰੋਚਕ ਕਹਾਣੀ ਦਾ ਵਰਣਨ ਹੈ।

SikhBookClub.com

ਮਹਲਾ ੬ (ਪਿਰਥੀ ਚੰਦ), ਮਹਲਾ ੭ (ਮਿਹਰਵਾਨ), ਮਹਲਾ ੮ (ਹਰਿ ਜੀ) ਤੇ ਛੋਟੇ ਮੇਲ ਦੀ ਕੋਠਾ ਗੁਰੂ ਸ਼ਾਖ਼ ਦੇ ਅਗਲੇ ਗੱਦੀਦਾਰ—ਮਹਲਾ ੯ (ਹਰਿ ਨਾਰਾਇਣ), ਮਹਲਾ ੧੦ (ਕੰਵਲ ਨੈਨ), ਮਹਲਾ ੧੧ (ਹਰਿ ਨੰਦ), ਮਹਲਾ ੧੨ (ਅਭੈ ਰਾਮ), ਮਹਲਾ ੧੩ (ਨਿਰਭਉ) ਤੇ ਸੂਰਦਾਸਿ ਦੀ ਬਾਣੀ ਦਰਜ ਹੈ। ਅਖ਼ੀਰ ਉੱਤੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚਲੇ ਭੱਟਾਂ ਦੇ ਚੋਣਵੇਂ ਸਵੱਯੇ ਤੇ ਕੇਸ਼ੋਦਾਸ ਦੇ ਮਹਲਾ ੬ ਤੇ ਮਹਲਾ ੭ ਦੀ ਉਸਤਤ ਵਿਚ ਰਚੇ ਸਵੱਯੇ ਹਨ। (ਪ੍ਰੋ.ਪ੍ਰੀ.ਸਿੰ. ਹ.ਲਿ. 78 ਦੇ ਰਚਨਾ ਬਿਉਰੇ ਲਈ ਵੇਖੋ ਜ਼ਮੀਮਾ ਨੰ. 4)।

ਜਿੱਥੋਂ ਤਕ ਪਿਰਥੀ ਚੰਦ ਦੀ ਰਚਨਾ ਦਾ ਤਅਲੁੱਕ ਹੈ, ਇਸ ਹੱਥ-ਲਿਖਤ ਵਿਚ ਮਹਲਾ ੬ ਦੇ ਸਿਰਲੇਖ ਹੇਠ 3 ਵਾਰਾਂ ਅਤੇ 18 ਰਾਗਾਂ ਵਿਚ ਕੋਈ 115 ਸ਼ਬਦ ਅੰਕਿਤ ਹਨ। ਇਨ੍ਹਾਂ ਦੇ ਵੇਰਵੇ ਲਈ ਵੇਖੋ ਸਾਰਨੀ ਨੰ. 1 :

ਸਾਰਨੀ ਨੰ. 1
ਪ੍ਰੋ. ਪ੍ਰੀਤਮ ਸਿੰਘ ਹ.ਲਿ. 78 ਵਿਚ ਸੋਢੀ ਪਿਰਥੀ ਚੰਦ ਦੀ ਰਚਨਾ

ਰਚਨਾ	
ਵਾਰਾਂ	
ਰਾਗੁ ਸ੍ਰੀ ਰਾਗੁ ਕੀ ਵਾਰ ਮਹਲਾ ੬	
ਰਾਗੁ ਗਉੜੀ ਕੀ ਵਾਰ ਮਹਲਾ ੬	
ਰਾਗੁ ਗਉੜੀ ਮਹਲਾ ੬ ਸਰਬਗੁਣੀ	
ਸ਼ਬਦ	*ਸ਼ਬਦ ਗਿਣਤੀ*
ਰਾਗੁ ਸ੍ਰੀ ਰਾਗੁ ਮਹਲਾ ੬	6
ਰਾਗੁ ਮਾਝ ਮਹਲਾ ੬	17 (ਇਨ੍ਹਾਂ ਵਿਚ ਇਕ 'ਬਾਰਹਮਾਹਾ' ਸ਼ਾਮਿਲ ਹੈ)
ਰਾਗੁ ਗਉੜੀ ਮਹਲਾ ੬	9 (ਇਕ 'ਥਿਤੀ' ਤੇ ਇਕ 'ਸਤਵਾਰਾ' ਸ਼ਾਮਿਲ ਹਨ)
ਰਾਗੁ ਆਸਾ ਮਹਲਾ ੬	9
ਰਾਗੁ ਗੂਜਰੀ ਮਹਲਾ ੬	3
ਰਾਗੁ ਆਸਾਵਰੀ ਮਹਲਾ ੬	1
ਰਾਗੁ ਵਡਹੰਸ ਮਹਲਾ ੬	6
ਰਾਗੁ ਸੋਰਠਿ ਮਹਲਾ ੬	7
ਰਾਗੁ ਧਨਾਸਰੀ ਮਹਲਾ ੬	8
ਰਾਗੁ ਤਿਲੰਗ ਮਹਲਾ ੬	8
ਰਾਗੁ ਸੂਹੀ ਮਹਲਾ ੬	6
ਰਾਗੁ ਬਿਲਾਵਲ ਮਹਲਾ ੬	7
ਰਾਗੁ ਰਾਮਕਲੀ ਮਹਲਾ ੬	6
ਰਾਗੁ ਨਟ ਨਾਰਾਇਣ ਮਹਲਾ ੬	1
ਰਾਗੁ ਮਾਰੂ ਮਹਲਾ ੬	6

SikhBookClub.com

ਰਾਗੁ ਭੈਰਉ ਮਹਲਾ ੬	4
ਰਾਗੁ ਬਸੰਤ ਮਹਲਾ ੬	5
ਰਾਗੁ ਮਲ੍ਹਾਰ ਮਹਲਾ ੬	6
ਜੋੜ ਸ਼ਬਦ	115

ਮਹਲਾ ੬ ਦੀ ਕਵੀ-ਛਾਪ 'ਨਾਨਕ' ਹੈ, ਪਰ ਉਪਰੋਕਤ ਰਚਨਾਵਾਂ ਵਿਚ ਕਿਤੇ ਕਿਤੇ 'ਨਾਨਕ' ਦੀ ਥਾਂ 'ਨਾਨਕ ਦਾਸ' ਜਾਂ 'ਜਨ ਨਾਨਕ' ਕਵੀ-ਛਾਪ ਵੀ ਵਰਤੀ ਗਈ ਹੈ।

(ੲ) ਪੋਥੀ ਸਾਹਿਬ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿਚ ਇਕ ਹੱਥ-ਲਿਖਿਤ ਖਰੜਾ 598 ਪਿਆ ਹੈ, ਜਿਸ ਦਾ ਪ੍ਰਸਿੱਧ ਨਾਂ 'ਪੋਥੀ ਸਾਹਿਬ' ਹੈ, ਪਰ ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਗਈ ਹੱਥ-ਲਿਖਤਾਂ ਦੀ ਸੂਚੀ ਵਿਚ ਇਸ ਦਾ ਨਾਂ 'ਪੋਥੀ ਸੋਢੀ ਮਿਹਰਬਾਨ ਟੋਡੀ ਸੰਪ੍ਰਦਾਇ' ਲਿਖਿਆ ਹੋਇਆ ਹੈ। ਇਸ ਵਿਚ ਛੋਟੇ ਮੇਲ ਦੇ ਦੋ ਉੱਘੇ ਕਵੀਆਂ ਕੇਸ਼ੋਦਾਸ ਤੇ ਕੁਸ਼ਲ ਦਾਸ ਦੀ ਰਚਨਾ ਹੈ। ਪੋਥੀ ਦੇ ਸ਼ੁਰੂ ਤੇ ਅੰਤ ਵਿਚ ਕੁੱਝ ਵਾਧੂ ਪਰ ਅਧੂਰੇ ਪੱਤਰੇ, ਇਸ ਪੋਥੀ ਨਾਲ ਸੰਬੰਧਿਤ ਸਮਝ ਕੇ ਲਾਏ ਗਏ ਲੱਗਦੇ ਹਨ। ਇਨ੍ਹਾਂ ਬੇਤਰਤੀਬੇ ਪੱਤਰਿਆਂ ਉੱਤੇ ਮਹਲਾ ੬, ਮਹਲਾ ੭ ਤੇ ਭਾਈ ਦਰਬਾਰੀ ਦੀਆਂ ਕੁੱਝ ਅਧੂਰੀਆਂ ਲਿਖਤਾਂ ਅੰਕਿਤ ਹਨ। ਸ਼ੁਰੂ ਦੇ ਪੱਤਰਿਆਂ ਵਿਚ ਮਹਲਾ ੬ ਦੇ ਸ੍ਰੀ ਰਾਗੁ ਵਿਚ ਚਾਰ ਸ਼ਬਦ ਦਰਜ ਹਨ, ਪੰਜਵਾਂ ਸ਼ਬਦ ਗੁੰਮ ਹੈ ਤੇ ਛੇਵਾਂ ਅਧੂਰਾ ਹੈ। ਖ਼ੁਸ਼ਕਿਸਮਤੀ ਨਾਲ ਇਹ ਸਾਰੇ ਸ਼ਬਦ ਪ੍ਰੋ.ਪ੍ਰੀ.ਸਿੰ. ਹ.ਲਿ. 78 ਵਿਚ ਸੰਪੂਰਨ ਰੂਪ ਵਿਚ ਮੌਜੂਦ ਹਨ।

(ਸ) ਪ੍ਰਾਣ ਸੰਗਲੀ

ਪ੍ਰੋ.ਪ੍ਰੀ.ਸਿੰ. ਹ.ਲਿ. 78 ਵਿਚ ਮਹਲਾ ੬ ਦੀਆਂ ਦੋ ਰਚਨਾਵਾਂ ਐਸੀਆਂ ਹਨ, ਜੋ 'ਪ੍ਰਾਣ ਸੰਗਲੀ' ਨਾਮ ਦੀ ਰਚਨਾ ਦੇ ਕਈ ਖਰੜਿਆਂ ਤੇ ਛਪੀਆਂ ਹੋਈਆਂ ਪੁਸਤਕਾਂ[8] ਵਿਚ ਵੀ ਦਰਜ ਹਨ। ਇਕ ਹੈ 'ਰਾਗੁ ਗਉੜੀ ਮਹਲਾ ੬ ਸਰਬਗੁਣੀ' ਤੇ ਦੂਜੀ 'ਰਾਗੁ ਮਾਝ ਬਾਰਾਮਾਹਾ ਮਹਲਾ ੬ ਘਰੁ ੧'। ਜਗਜੀਤ ਸਿੰਘ ਖਾਨਪੁਰੀ ਦੀ ਸੰਪਾਦਿਤ ਪ੍ਰਾਣ ਸੰਗਲੀ ਵਿਚ ਇਨ੍ਹਾਂ ਦਾ ਸਿਰਲੇਖ ਹੈ : ਧਿਆਉ ਸਰਬਗੁਣੀ ਕਾ - ਰਾਗ ਗਉੜੀ ਮਹਲਾ ੧ ਤੇ ਬਾਰਾਂ ਮਾਹ - ਰਾਗ ਮਾਝ ਮਹਲਾ ੧। ਦੋਨਾਂ ਸਰੋਤਾਂ ਦੇ ਪਾਠ ਵਿਚ ਕਵੀ-ਛਾਪ 'ਨਾਨਕ' ਹੈ।

8. 'ਪ੍ਰਾਣ ਸੰਗਲੀ' ਨਾਂ ਦੀਆਂ ਦੋ ਪੁਸਤਕਾਂ ਛਪ ਚੁੱਕੀਆਂ ਹਨ। ਪਹਿਲੀ ਦੇਵਨਾਗਰੀ ਵਿਚ, ਸੰਤ ਸੰਪੂਰਨ ਸਿੰਘ ਦੁਆਰਾ ਸੰਪਾਦਿਤ *ਪ੍ਰਾਣ ਸੰਗਲੀ*, (3 ਭਾਗਾਂ ਵਿਚ, 1928) ਜਿਸ ਵਿਚ 80 ਅਧਿਆਇ ਹਨ। ਦੂਜੀ ਜਗਜੀਤ ਸਿੰਘ ਖਾਨਪੁਰੀ ਦੀ ਸੰਪਾਦਿਤ *ਪ੍ਰਾਣ ਸੰਗਲੀ*, 1991, 1999, ਜਿਸ ਵਿਚ 59 ਅਧਿਆਇ ਹਨ।

SikhBookClub.com

ਸਾਡੀ ਰਵਾਇਤ ਇਹ ਕਹਿੰਦੀ ਹੈ ਕਿ 'ਪ੍ਰਾਣ ਸੰਗਲੀ' ਗ੍ਰੰਥ ਗੁਰੂ ਨਾਨਕ ਦੇਵ ਜੀ ਨੇ ਸਿੰਘਲਾਦੀਪ ਦੇ ਰਾਜਾ ਸ਼ਿਵਨਾਭ ਦੇ ਕਲਿਆਣ ਲਈ ਰਚਿਆ।[9] ਆਦਿ ਬੀੜ ਦੇ ਸੰਕਲਨ ਵੇਲੇ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਸਿੰਘਲਾਦੀਪ ਤੋਂ ਮੰਗਵਾਇਆ ਪਰ ਕੱਚੀ ਬਾਣੀ ਸਮਝ ਕੇ ਆਦਿ ਬੀੜ ਵਿਚ ਨਾ ਚਾੜ੍ਹਿਆ।[10] ਲੱਗਦਾ ਹੈ ਕਿ ਸ਼ੁਰੂ ਸ਼ੁਰੂ ਵਿਚ ਇਸ ਗ੍ਰੰਥ ਵਿਚ ਮਹਲਾ ੧ ਤੇ ਨਾਨਕ ਛਾਪ ਥੱਲੇ ਕੇਵਲ ਯੋਗ ਅਭਿਆਸ ਦੇ ਹੀ ਥੋੜੇ ਜਿੰਨੇ ਅਧਿਆਇ ਸ਼ਾਮਿਲ ਸਨ ਪਰ ਬਾਅਦ ਵਿਚ ਦੂਜੇ ਮੱਤਾਂ ਵਾਲਿਆਂ, ਜਿਵੇਂ, ਉਦਾਸੀਆਂ, ਨਿਰਮਲਿਆਂ, ਛੋਟੇ ਮੇਲ ਵਾਲਿਆਂ, ਆਦਿ ਨੇ ਇਸ ਨੂੰ ਨਾਨਕ ਦੇ ਨਾਂ ਰਾਹੀਂ ਆਪਣੇ ਆਪਣੇ ਮੱਤ ਦੇ ਪਰਚਾਰ ਦਾ ਸਾਧਨ ਬਣਾ ਲਿਆ। ਭਾਈ ਬਾਲੇ ਵਾਲੀ ਜਨਮ ਸਾਖੀ ਦੀ ਸਭ ਤੋਂ ਪੁਰਾਣੀ, 1715 ਬਿ. (1658 ਈ.) ਦੀ ਪਿਆਰੇ ਲਾਲ ਕਪੂਰ ਵਾਲੀ, ਹੱਥ-ਲਿਖਤ ਵਿਚ ਇਸ ਦੇ 113 ਅਧਿਆਇ ਦੱਸੇ ਗਏ ਹਨ।[11] ਪਰ ਇਹੋ ਜਿਹੀ ਪ੍ਰਾਣ ਸੰਗਲੀ ਦਾ ਹਾਲਾਂ ਤਕ ਕੋਈ ਸੁਰਾਗ ਨਹੀਂ ਮਿਲ ਸਕਿਆ।

(ਹ) ਪੰ.ਯੂ.ਪ. ਹ.ਲਿ. 115715, ਮਿਤੀ 1745 ਈ., "ਗੁਰਬਾਣੀ ਤੇ ਸੋਢੀ ਹਰਿ ਜੀ ਦੀ ਬਾਣੀ"

ਇਸ ਹੱਥ-ਲਿਖਤ ਦੇ ਪੱਤਰਾ 237 ਉੱਤੇ ਰਾਗੁ ਮਾਝਿ ਵਿਚ ਮਹਲਾ ੬ ਦਾ ਇਕ ਸ਼ਬਦ ਦਰਜ ਹੈ, ਜੋ ਪ੍ਰੋ.ਪ੍ਰੀ.ਸਿੰ. ਹ.ਲਿ. 78 ਵਿਚ ਨਹੀਂ ਹੈ। ਹ.ਲਿ. 115715, ਪਹਿਲਾਂ ਗੰਡਾ ਸਿੰਘ ਦੀ ਨਿਜੀ ਲਾਇਬ੍ਰੇਰੀ ਵਿਚ ਸੀ ਤੇ ਇਸਦਾ ਨੰ. 160 ਸੀ।[12]

(ਕ) ਗੁ.ਨਾ.ਦੇ.ਯੂ. ਹ.ਲਿ. 1003

ਇਸ ਹੱਥ-ਲਿਖਤ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਤੇ ਛੋਟੇ ਮੇਲ ਦੀ ਰਚਨਾ ਦਾ ਮਿਸ਼ਰਨ ਹੈ। ਛੋਟੇ ਮੇਲ ਦੇ ਮਹਲਾ ੬, ਮਹਲਾ ੭, ਮਹਲਾ ੮, ਮਹਲਾ ੯, ਮਹਲਾ ੧੦, ਮਹਲਾ ੧੨ ਤੇ ਮਹਲਾ ੧੩ ਦੇ ਕਈ ਰਾਗਾਂ ਵਿਚ ਚੋਣਵੇਂ ਸ਼ਬਦ

---

9. *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ (ਸੰਪਾ.), 1996, ਪੰ. 167-169.
10. *ਸਿੱਖਾਂ ਦੀ ਭਗਤਮਾਲਾ* ਵਿਚ ਇਉਂ ਲਿਖਿਆ ਹੈ : (ਵੇਖੋ, *ਸਿੱਖਾਂ ਦੀ ਭਗਤਮਾਲਾ*, ਤਰਲੋਚਨ ਸਿੰਘ ਬੇਦੀ (ਸੰਪਾ.), ਸਾਖੀ 126, ਪੰ. 128-29 :

    "...ਤਾ ਉਥੋ ਪ੍ਰਾਣ ਸੰਗਲੀ ਦੀ ਪੋਥੀ ਲੈਣ ਨੂ ਗਇਆ। ਸੰਗਲਾ ਦੀਪ ਵਿਚ ਜਾਇਕੇ ਪ੍ਰਾਣ ਸੰਗਲੀ ਸਾਥ ਹੀ ਬਹੁਤੇ ਪਦਾਰਥ ਭੇਟ ਲੈ ਆਇਆ। ਗੁਰੂ ਜੀ ਕੀ ਚਰਨੀ ਆਇ ਲਗਾ। ਬਚਨੁ ਹੋਇਆ ਭਾਈ ਪੈੜਾ ਤੂੰ ਮੋਖ ਹੋਇਆ ਹੈ। ਤੈਨੂੰ ਅਨਿੰਨ ਭਗਤਿ ਪ੍ਰਾਪਤਿ ਹੋਈ ਹੈ। ਜਿਸ ਵੇਲੇ ਪ੍ਰਾਣ ਸੰਗਲੀ ਵਾਚੀ ਤਾਂ ਸਭ ਜੋਗ ਦੀ ਕਲਾ ਲਿਖੀ ਹੋਈ ਸੀ। ਬਚਨ ਹੋਇਆ ਕਲਜੁਗ ਵਿਚ ਜੋਗ ਕਿਸ ਸਾਧਣਾ ਹੈ। ਤਾ ਪੋਥੀ ਪਾੜਕੇ ਨਦੀ ਵਿਚ ਪ੍ਰਵਾਹਿ ਕਰ ਦਿਤੀ। ਤੇ ਅਨਿੰਨ ਭਗਤਿ ਬਾਣੀ ਗ੍ਰੰਥ ਜੀ ਵਿਚ ਲਿਖੀ..." ॥੧੨੬॥

11. *ਜਨਮ ਸਾਖੀ ਪਰੰਪਰਾ-ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਕਿਰਪਾਲ ਸਿੰਘ (ਸੰਪਾ.), 1990, ਪੰ. 259 : "ਤਾਂ ਰਾਜਾ ਸਿਉਨਾਭ ਗੁਰੂ ਨਾਨਕ ਦਾ ਸਿਖੁ ਹੋਇਆ। ਲਗਾ ਨਿਰੰਕਾਰ ਜਪਣ ਅਤੇ ਰਯਤਿ ਨੂ ਜਪਾਵਣਿ। ਤਿਥੇ ਗੁਰੂ ਨਾਨਕ ਪ੍ਰਾਣ ਸੰਗਲੀ ਉਚਾਰੀ। ਹਿਕ ਸੌ ਤੇਰਾ ਅਧਿਆਇ ਬੋਲੇ। ਦੁਇ ਵਰੇ ਤੇ ਪੰਜ ਮਹੀਨੇ ਉਥੇ ਗੁਰੂ ਨਾਨਕ ਰਹਿਆ।"
12. *ਪੰ.ਹ.ਲਿ.ਸੂ.* (2), ਪੰ. 143-145.

SikhBookClub.com

ਸਲੋਕ ਹਨ ਤੇ ਕੁਸ਼ਲ ਦਾਸ ਦੀਆਂ ਪੰਜ ਰਚਨਾਵਾਂ ਹਨ। ਮਹਲਾ ੬ ਦੇ 9 ਰਾਗਾਂ ਵਿਚ 12 ਸ਼ਬਦ ਹਨ, ਜੋ ਪ੍ਰੋ.ਪ੍ਰੀ.ਸਿੰ. ਹ.ਲਿ. 78 ਵਿਚ ਵੀ ਪ੍ਰਾਪਤ ਹਨ। ਇਨ੍ਹਾਂ ਤੋਂ ਇਲਾਵਾ, ਚਾਰ ਸਲੋਕ ਤੇ ਇਕ ਪਉੜੀ ਸਿਰਲੇਖ ਤੋਂ ਬਿਨਾਂ ਹਨ ਪਰ ਇਨ੍ਹਾਂ ਦੀ ਕਵੀ-ਛਾਪ 'ਨਾਨਕ' ਹੈ।

ਉਪਰੋਕਤ ਸਾਰਿਆਂ ਸੋਮਿਆਂ ਤੋਂ ਲਾਭ ਉਠਾ ਕੇ, ਸੋਢੀ ਪਿਰਥੀ ਚੰਦ ਦੀਆਂ ਹੁਣ ਤਕ ਪ੍ਰਾਪਤ ਰਚਨਾਵਾਂ ਦਾ ਮੂਲ ਪਾਠ ਸਾਡੀ ਏਸ ਲੜੀ ਦੀ ਦੂਜੀ ਪੁਸਤਕ ਵਿਚ ਦਿੱਤਾ ਗਿਆ ਹੈ।

SikhBookClub.com

3

ਸੋਢੀ ਮਨੋਹਰ ਦਾਸ ਮਿਹਰਵਾਨ ਤੇ ਉਨ੍ਹਾਂ ਦਾ ਸਾਹਿੱਤ

ਸੋਢੀ ਪਿਰਥੀ ਚੰਦ ਨੇ ਸੰਮਤ 1676, ਵੈਸਾਖ ਸੁਦੀ 12 (15 ਅਪ੍ਰੈਲ, 1619) ਨੂੰ, ਆਪਣੇ ਦੇਹੰਤ ਤੋਂ ਇਕ ਦਿਨ ਪਹਿਲਾਂ ਆਪਣੇ ਜੇਠੇ ਪੁੱਤਰ ਮਨੋਹਰ ਦਾਸ ਨੂੰ ਬੁਲਾ ਕੇ ਆਪਣੇ ਹੱਥੀਂ ਮੱਥੇ ਤਿਲਕ ਲਾਇਆ, ਆਪਣੀ ਪੱਗ ਉਹਦੇ ਸਿਰ ਉੱਤੇ ਬੰਨ੍ਹੀ ਤੇ ਪੋਥੀ ਮਾਲਾ ਹੱਥ ਵਿਚ ਦਿੱਤੀ।[1] ਪਿਰਥੀ ਚੰਦ ਨੂੰ 'ਗੁਰੂ ਸਾਹਿਬ' ਕਿਹਾ ਜਾਂਦਾ ਸੀ। ਮਨੋਹਰ ਦਾਸ ਗੱਦੀ ਉੱਤੇ ਬੈਠਣ ਉਪਰੰਤ 'ਗੁਰੂ ਮਿਹਰਵਾਨ' ਅਖਵਾਏ (ਵੇਖੋ ਚਿਤਰ ਨੰ. 2)। ਪਿਰਥੀ ਚੰਦ ਦੀ ਰਚਨਾ ਉੱਤੇ ਮਹਲਾ ੬ ਦੀ ਸੂਚਨਾ ਦਿੱਤੀ ਹੁੰਦੀ ਸੀ, ਮਿਹਰਵਾਨ ਦੀ ਰਚਨਾ ਉੱਤੇ ਮਹਲਾ ੭ ਦੀ ਸੂਚਨਾ ਮਿਲਦੀ ਹੈ।

ਖ਼ੁਸ਼ਕਿਸਮਤੀ ਨਾਲ ਇਨ੍ਹਾਂ ਦੇ ਪੁੱਤਰ ਹਰਿ ਜੀ ਨੇ ਆਪਣੇ ਪਿਤਾ-ਗੁਰੂ ਦਾ ਜੀਵਨ ਚਰਿੱਤਰ *ਗੋਸ਼ਟਾਂ ਮਿਹਰਬਾਨ ਜੀ ਕੀਆਂ* ਦੇ ਸਿਰਲੇਖ ਹੇਠ ਲਿਖਿਆ ਹੈ, ਜਿਸ ਤੋਂ ਸਾਨੂੰ ਮਿਹਰਵਾਨ ਦੇ ਜੀਵਨ ਬਾਰੇ ਸਮਕਾਲੀ, ਪ੍ਰਮਾਣਿਕ ਤੇ ਵਿਸਤ੍ਰਿਤ ਵਾਕਫ਼ੀ ਮਿਲਦੀ ਹੈ। *ਗੋਸ਼ਟਾਂ ਮਿਹਰਬਾਨ ਜੀ ਕੀਆਂ* ਪੁਸਤਕ ਤੋਂ ਲਿਆ ਮਿਹਰਵਾਨ ਦਾ ਜੀਵਨ-ਬ੍ਰਿਤਾਂਤ ਅਸੀਂ ਸੰਖੇਪ ਰੂਪ ਵਿਚ ਹੇਠਾਂ ਦੇ ਰਹੇ ਹਾਂ :

ਮਿਹਰਵਾਨ ਦਾ ਜਨਮ ਮਾਘ ਸੁਦੀ ਪੰਚਮੀ, ਸੰਮਤ 1637, ਮੁਤਾਬਕ 9 ਜਨਵਰੀ, 1581 ਨੂੰ ਮਾਤਾ ਭਗਵਾਨੋ[2] ਦੇ ਉਦਰ ਤੋਂ ਹੋਇਆ। ਜਦੋਂ ਉਹ ਨੌਂ ਦਿਨਾਂ ਦਾ ਸੀ ਤਾਂ ਗੁਰੂ ਰਾਮ ਦਾਸ ਜੀ ਨੇ ਆਪਣੇ ਪੋਤਰੇ ਦਾ ਨਾਂ ਮਨੋਹਰ ਦਾਸ ਰੱਖਿਆ, ਨਾਲੇ ਅਸੀਸ ਦਿੱਤੀ : "ਇਹੁ ਸਭਨਹੁ ਕਾ ਮਨ ਹਿਰਨਹਾਰਾ ਹੋਇਗਾ। ਜੋ ਇਸੁ ਕਉ ਦੇਖੈਗਾ ਤਿਸ ਕੇ ਮਨ ਕਉ ਭੀ ਹਿਰ ਲਵੈਗਾ।"[3] ਮਨੋਹਰ ਦਾਸ ਸੱਤਾਂ ਮਹੀਨਿਆਂ ਦਾ ਸੀ ਜਦੋਂ ਗੁਰੂ ਰਾਮਦਾਸ ਜੀ ਗੁਰਿਆਈ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਕੇ ਸਚਖੰਡ ਸਿਧਾਰ ਗਏ। ਇਹ ਬਾਲਕ ਬੜਾ ਸੁਨੱਖਾ, ਚੇਤੰਨ, ਤੇ ਨਿਮਰਤਾ

1. *ਗੋਸ਼ਟਾਂ ਮਿਹਰਬਾਨ ਜੀ ਕੀਆਂ*, ਕ੍ਰਿਤ ਹਰਿ ਜੀ, ਕ੍ਰਿਸ਼ਣਾ ਕੁਮਾਰੀ ਬਾਂਸਲ (ਸੰਪਾ.), 1977, ਗੋਸਟਿ ਨੰ. 3, ਪੰ. 47-48.
2. *ਉਹੀ*, ਗੋਸਟਿ ਨੰ. 1, ਪੰ. 41. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਕ੍ਰਿਤ ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ (ਸੰਪਾ.), ਪੰ. 1889 ਤੇ *ਗੁਰਬਿਲਾਸ ਪਾਤਸ਼ਾਹੀ ੬*, (ਜੋਗਿੰਦਰ ਸਿੰਘ ਵੇਦਾਂਤੀ ਤੇ ਹੋਰ (ਸੰਪਾ.), ਪੰ. 8) ਵਿਚ ਮਿਹਰਵਾਨ ਦੀ ਮਾਤਾ ਦਾ ਨਾਂ ਕਰਮੋ ਹੈ।
3. *ਗੋਸ਼ਟਾਂ ਮਿਹਰਬਾਨ ਜੀ ਕੀਆਂ*, ਬਾਂਸਲ, ਗੋਸਟਿ ਨੰ. 1, ਪੰ. 43.

SikhBookClub.com



ਚਿੱਤਰ ਨੰ. 2 : ਸੋਢੀ ਮਿਹਰਵਾਨ

SikhBookClub.com

ਵਾਲਾ ਨਿਕਲਿਆ। ਇਸ ਦੀ ਪਰਵਰਿਸ਼ ਗੁਰੂ ਅਰਜਨ ਦੇਵ ਜੀ ਦੀ ਨਿਗਰਾਨੀ ਵਿਚ ਹੋਈ। ਫਲ-ਸਰੂਪ ਛੋਟੀ ਉਮਰ ਵਿਚ ਹੀ ਪੋਥੀ ਤੇ ਸ਼ਬਦ ਨਾਲ ਪ੍ਰੀਤ ਪੈ ਗਈ। ਭਗਤੀ ਵਿਚ ਰੁਚੀ, ਸਾਧਾਂ ਸੰਤਾਂ ਨਾਲ ਸਨੇਹ; ਉਦਾਸੀ ਦੇ ਘਰ ਵਿਚ ਰਹਿਣਾ। ਬਾਰਾਂ ਤੇਰਾਂ ਸਾਲ ਦੀ ਉਮਰ ਤੋਂ ਹੀ ਬਾਣੀ ਦੀਆਂ ਪੋਥੀਆਂ ਲਿਖਵਾ ਕੇ ਦੂਰ ਡੇਰਿਆਂ ਵਿਚ ਭੇਜਣੀਆਂ। ਚੌਦਾਂ ਸਾਲ ਦੀ ਉਮਰ ਵਿਚ ਮਾਤਾ ਸੀਤਾ ਨਾਲ ਵਿਆਹ ਹੋ ਗਿਆ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤਕ, ਭਾਵ 25 ਸਾਲ ਦੀ ਉਮਰ ਤਕ, ਗੁਰੂ ਘਰ ਦੇ ਹਿਸਾਬ ਕਿਤਾਬ ਤੇ ਸੰਗਤਾਂ ਦੀ ਟਹਿਲ ਸੇਵਾ ਦੀ ਜ਼ਿੰਮੇਵਾਰੀ ਮਨੋਹਰ ਦਾਸ ਨੇ ਸੰਭਾਲੀ। ਉਸ ਤੋਂ ਬਾਅਦ ਉਹ ਆਪਣੇ ਪਿਤਾ ਪਿਰਥੀ ਚੰਦ ਦੀ ਸੇਵਾ ਵਿਚ ਰੁੱਝੇ ਰਹੇ। ਹਰਿ ਜੀ ਨੇ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੇ ਵੱਡੇ ਭਰਾ ਪਿਰਥੀ ਚੰਦ ਨੂੰ ਆਪਣਾ ਜਾਨਸ਼ੀਨ ਥਾਪਿਆ ਸੀ। ਪਿਰਥੀ ਚੰਦ ਦੀ ਗੁਰਿਆਈ ਅਗਲੇ ਬਾਰ੍ਹਾਂ ਤੇਰਾਂ ਸਾਲ ਚੱਲਦੀ ਰਹੀ। ਮਨੋਹਰ ਦਾਸ ਦੀ ਉਮਰ 38 ਸਾਲ ਦੀ ਸੀ, ਜਦੋਂ ਉਹ ਸੱਤਵੇਂ ਗੁਰੂ ਬਣੇ। ਇਨ੍ਹਾਂ ਦਾ ਦੇਹੰਤ ਮੁਹੰਮਦੀਪੁਰ[4] ਵਿਚ ਮਾਘ ਦੀ ਬਸੰਤ ਪੰਚਮੀ ਸੰਮਤ 1696, ਮੁਤਾਬਕ 18 ਜਨਵਰੀ, 1640 ਈ. ਨੂੰ ਹੋਇਆ।[5] ਇਸ ਹਿਸਾਬ, ਆਪ 21 ਕੁ ਸਾਲ (1619-1640 ਈ. ਤਕ) ਛੋਟੇ ਮੇਲ ਦੇ ਸੱਤਵੇਂ ਗੁਰੂ ਦੀ ਹੈਸੀਅਤ ਵਿਚ ਸਿੱਖ ਮੁਖ ਧਾਰਾ ਦੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ (1606-1644 ਈ.) ਦੇ ਮੁਕਾਬਲੇ ਇਕ ਵੱਖਰੀ ਗੱਦੀ 'ਤੇ ਬਿਰਾਜਮਾਨ ਰਹੇ।

ਗੋਸ਼ਟਾਂ ਮਿਹਰਬਾਨ ਜੀ ਕੀਆਂ ਅਨੁਸਾਰ, ਇਨ੍ਹਾਂ 21 ਸਾਲਾਂ ਦੇ ਅਰਸੇ ਵਿਚ ਗੁਰੂ ਮਿਹਰਵਾਨ 'ਲੋਕਾਂ ਕਾ ਉਧਾਰ ਕਰਨੇ ਕੀ ਨਿਮਿਤ' ਅਰ 'ਪਰਉਪਕਾਰ ਕੇ ਲੀਏ' ਪੰਜਾਬ ਦੇ ਮੈਦਾਨੀ ਤੇ ਪਹਾੜੀ ਇਲਾਕਿਆਂ ਵਿਚ ਗਮਨ ਕਰਦੇ ਰਹੇ। ਹਰਿ ਜੀ ਦੀ ਇਸ ਪੁਸਤਕ ਵਿਚ ਜਿਨ੍ਹਾਂ ਥਾਵਾਂ ਜਾਂ ਵਿਅਕਤੀਆਂ ਦਾ ਜ਼ਿਕਰ ਕੀਤਾ ਗਿਆ ਹੈ, ਅਸਾਂ ਉਨ੍ਹਾਂ ਨੂੰ ਪਛਾਣਨ ਦੀ ਕੋਸ਼ਿਸ਼ ਕੀਤੀ ਹੈ, ਪਰ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਸਕੇ। ਲੱਗਦਾ ਹੈ ਕਈ ਪਿੰਡ ਤਾਂ ਉੱਜੜ ਚੁੱਕੇ ਹਨ ਤੇ ਕਈਆਂ ਦੇ ਨਾਂ ਬਦਲ ਗਏ ਹਨ। ਸਾਡੀ ਪੁੱਛ-ਤਾਛ, ਨਕਸ਼ਿਆਂ ਦੀ ਫਰੋਲ ਤੇ ਕੁੱਝ ਮੌਕਿਆਂ ਦੀ ਪੜਤਾਲ ਦੇ ਬਾਵਜੂਦ ਕਈ ਪਿੰਡਾਂ ਦਾ ਖੁਰਾ-ਖੋਜ ਨਹੀਂ ਲੱਭ ਸਕਿਆ।

ਹਰਿ ਜੀ ਦੀਆਂ ਗੋਸ਼ਟਾਂ ਅਨੁਸਾਰ, ਗੱਦੀ ਨਸ਼ੀਨੀ ਤੋਂ ਬਾਅਦ, ਗੁਰੂ ਮਿਹਰਵਾਨ

---

4. ਇਹ ਪਿੰਡ ਤਹਿਸੀਲ ਚੂਨੀਆਂ, ਜ਼ਿਲਾ ਕਸੂਰ, ਪਾਕਿਸਤਾਨ ਵਿਚ ਲਾਹੌਰ ਤੋਂ ਛਾਂਗੇ ਮਾਂਗੇ ਜਾਂਦਿਆਂ ਚੂਨੀਆਂ ਸ਼ਹਿਰ ਤੋਂ ਪਹਿਲਾਂ ਆਉਂਦਾ ਹੈ। ਕੁੱਝ ਪੁਰਾਣੀਆਂ ਹਵੇਲੀਆਂ ਛੱਡ ਕੇ ਬਾਕੀ ਦਾ ਪਿੰਡ ਹਾਲਾਂ ਵੀ ਕੱਚਾ ਹੈ। ਕੋਈ ਸੌ ਕੁ ਘਰ ਹੋਣੇ ਹਨ। ਮੁਹੰਮਦੀਪੁਰ ਤੋਂ 2-3 ਮੀਲ ਬਾਹਰ ਤਿੰਨ ਇਮਾਰਤਾਂ ਬਣੀਆਂ ਹੋਈਆਂ ਹਨ। ਇਕ ਸਮਾਧ ਵੀ ਹੈ। ਕਈਆਂ ਨੂੰ ਸ਼ੱਕ ਹੈ ਕਿ ਇਹ ਸਮਾਧ ਸੋਢੀ ਮਿਹਰਵਾਨ ਦੀ ਹੈ, ਪਰ ਪੱਕਾ ਕਿਸੇ ਨੂੰ ਨਹੀਂ ਪਤਾ। (ਇਹ ਜਾਣਕਾਰੀ ਸਾਨੂੰ ਪਾਕਿਸਤਾਨ ਦੇ ਅਦੀਬ, ਜਨਾਬ ਸਾਕਿਬ ਮਕਸੂਦ ਹੁਰਾਂ ਕੋਲੋਂ ਮਿਲੀ ਹੈ, ਜਿਸ ਲਈ ਅਸੀਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਾਂ)।
5. *ਗੋਸ਼ਟਾਂ ਮਿਹਰਬਾਨ ਜੀ ਕੀਆਂ*, ਬਾਂਸਲ, ਪੰ. 255-56:

    ਸੰਮਤ ਸੋਲਹਾ ਸੈ ਛਿਆਨਵੈ ਭਿਆ। ਰਵਿ ਪ੍ਰਕਾਸੁ ਉੜਾਇਣੁ ਗਇਆ॥
    ਸ੍ਰੀ ਬਸੰਤਿ ਪੰਚਮੀ ਖੇਲਿਆ। ਹਰਿ ਕੁਸਲੁ ਪੂਛਿ ਗਲਿ ਮੇਲਿਆ॥੧੫॥
    ਸੁਆਤੀ ਨਿਛਤ੍ਰਿ ਪ੍ਰਭ ਸਿਉ ਮਿਲੇ। ਮਾਘ ਸੁਦੀ ਸਨਿ ਦਿਨਿ ਭਲੇ॥
    ਆਠ ਘੜੀ ਗੋਸਟਿ ਕਰੀ। ਗੁਰ ਲੀਣੁ ਭਏ ਨਵੀ ਘਰੀ॥੧੬॥

SikhBookClub.com

'ਹੇਹਰ' ਤੋਂ 'ਜੰਗਲ' ਵਿਚ ਆ ਟਿਕੇ।[6] 'ਜੰਗਲ' ਵਿਚ ਕੁੱਝ ਕੁ ਦਿਨ ਰੁਕੇ।[7] ਜਦੋਂ ਓਥੋਂ ਮਨ ਉੱਠਿਆ ਤਾਂ ਪਹਾੜ ਦੀ ਧਰਤੀ 'ਸੁਖੇਤ'[8] ਚਲੇ ਗਏ, ਜਿੱਥੇ ਰਾਣੇ ਸੈਸਾਰ ਚੰਦ[9] ਦੀ ਬੇਨਤੀ ਪਰਵਾਨ ਕਰ ਕੇ 'ਗੋਹਰ'[10] ਚਲੇ ਗਏ। ਓਥੇ ਸੁਖੇਤ, ਮੰਡੀ[11] ਤੇ ਕੁੱਲੂ[12] ਦੇ ਰਾਜੇ, ਗੁਰੂ ਮਿਹਰਵਾਨ ਦੇ ਦਰਸ਼ਨਾਂ ਨੂੰ ਆਏ। ਹੁਣ ਗੁਰੂ ਮਿਹਰਵਾਨ ਅਨੰਦ ਨਾਲ ਗੋਹਰ ਰਹਿਣ ਲੱਗ ਪਏ। ਬਹੁਤ ਦਿਨਾਂ ਬਾਅਦ, ਸੂਰਜ ਗ੍ਰਹਿਣ ਦੇ ਮੌਕੇ ਉੱਤੇ ਕੁਰਛੇਤ੍ਰ ਲਈ ਰਵਾਨਾ ਹੋਏ। ਰਸਤੇ ਵਿਚ ਕੁੱਝ ਦਿਨ 'ਸੁਨਾਮ' ਤੇ ਕੁੱਝ ਦਿਨ 'ਸਮਾਣੇ' ਦੀ ਧਰਤੀ ਠਹਿਰੇ। 'ਕੁਰਛੇਤ੍ਰ' ਰਾਣਾ ਸੈਸਾਰ ਚੰਦ ਵੀ ਆਇਆ ਹੋਇਆ ਸੀ। ਉਹਨੇ ਫੇਰ 'ਗੋਹਰ' ਆਉਣ ਲਈ ਤਰਲਾ ਮਾਰਿਆ। ਸੋ ਗੁਰੂ ਮਿਹਰਵਾਨ ਕੁੱਝ ਦਿਨ ਫੇਰ ਗੋਹਰ ਜਾ ਟਿਕੇ। ਜਦੋਂ ਗੋਹਰ ਤੋਂ ਜੀ ਭਰ ਗਿਆ ਤਾਂ 'ਕੁਟਲਾਹੜ' (ਜਾਂ ਕੁਟਲਹਾੜ)[13] ਦੀ ਧਰਤੀ ਗਏ। ਓਥੇ ਰਾਏ ਬੂਲਾ (ਜਾਂ ਬੱਲੂ) ਤੇ ਭੋਜੋ ਸਿੱਖ ਮਿਲੇ। ਰਾਜਾ ਚੰਦ੍ਰ ਭਾਨ[14] ਭੀ ਆਣ ਮਿਲਿਆ। ਹਰਿ ਜੀ ਅਨੁਸਾਰ, ਉਹ ਗਿਆਨੀ ਪੁਰਖ ਸੀ, ਉਹਦੀ ਖ਼ਾਤਰ ਗੁਰੂ ਮਿਹਰਵਾਨ ਬਹੁਤ ਦਿਨ ਓਥੇ ਰਹੇ। ਫੇਰ ਉਹਨਾਂ ਨੇ ਹੇਹਰਾਂ ਵਿਚ 'ਗੁਰੂ ਸਾਹਿਬ', ਭਾਵ ਪਿਰਥੀ ਚੰਦ ਦਾ ਦੇਹੁਰਾ ਉਸਾਰਨ, ਬਾਗ਼ ਲਗਵਾਉਣ ਤੇ ਸਰੋਵਰ ਖੁਦਵਾਉਣ ਦਾ ਉੱਦਮ ਕੀਤਾ। ਇਹ ਕੰਮ ਹਰਿ ਜੀ

6. *ਉਹੀ,* ਗੋਸਟਿ ਨੰ. 3, ਪੰ. 50. 'ਜੰਗਲ' ਦਾ ਮਤਲਬ ਜੰਗਲ ਦੇਸ ਹੈ - ਪੰਜਾਬ ਦਾ ਮਾਲਵਾ ਇਲਾਕਾ। ਹਰਿ ਜੀ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਗੁਰੂ ਮਿਹਰਵਾਨ 'ਜੰਗਲ' ਵਿਚ ਕਿਹੜੀ ਥਾਂ ਟਿਕੇ। ਸਾਡਾ ਕਿਆਸ ਹੈ ਕਿ ਇਹ ਥਾਂ ਕੋਠਾ ਗੁਰੂ ਸੀ।
7. *ਉਹੀ,* ਗੋਸਟਿ ਨੰ. 5, ਪੰ. 55.
8. ਰਿਆਸਤ ਸੁਕੇਤ।
9. ਉਸ ਸਮੇਂ ਰਿਆਸਤ ਸੁਕੇਤ ਦਾ (ਰਾਜਾ) ਰਾਣਾ ਸੈਸਾਰ (ਸੰਸਾਰ) ਚੰਦ ਨਾਮ ਦਾ ਕੋਈ ਵਿਅਕਤੀ ਨਹੀਂ ਸੀ। *History of the Panjab Hill States* (J Hutchison & J. Ph. Vogel, 1933. Repr. 1994, New Delhi, Asian Educational Services, ਭਾਗ 1, ਪੰ. 353) ਅਨੁਸਾਰ ਉਸ ਵਕਤ ਸੁਕੇਤ ਦਾ ਰਾਜਾ ਸ਼ਿਆਮ ਸੈਨ (ਅੰ. 1620-1650 ਈ.) ਸੀ। ਹਰਿ ਜੀ ਨੂੰ ਗ਼ਲਤੀ ਲੱਗੀ ਲੱਗਦੀ ਹੈ। ਸੰਸਾਰ ਚੰਦ ਨਾਮ ਦੇ ਕਾਂਗੜਾ ਰਿਆਸਤ ਦੇ ਦੋ ਕਟੋਚ ਰਾਜੇ ਹੋਏ ਹਨ। ਸੰਸਾਰ ਚੰਦ ਪਹਿਲਾ (ਅੰ. 1430-1450 ਈ.) [ਉਹੀ, ਪੰ. 136] ਤੇ ਸੰਸਾਰ ਚੰਦ ਦੂਜਾ (1775-1823 ਈ.) [ਉਹੀ, ਪੰ. 176, 193]। ਇਹ ਦੋਵੇਂ ਰਾਜੇ ਮਿਹਰਵਾਨ ਜਾਂ ਹਰਿ ਜੀ ਦੇ ਸਮਕਾਲੀ ਨਹੀਂ ਹੋ ਸਕਦੇ। ਇਤਿਹਾਸ ਵਿਚ ਇਕ ਹੋਰ ਸੰਸਾਰ ਚੰਦ ਦਾ ਜ਼ਿਕਰ ਵੀ ਹੈ। ਅਕਬਰ ਬਾਦਸ਼ਾਹ ਦੇ ਰਾਜ ਦੇ 35ਵੇਂ ਸਾਲ ਵਿਚ ਪਹਾੜੀ ਰਾਜਿਆਂ ਨੇ ਇਕੱਠੇ ਹੋ ਕੇ ਮੁਗ਼ਲ ਸਰਕਾਰ ਦੇ ਖ਼ਿਲਾਫ਼ ਬਗ਼ਾਵਤ ਕੀਤੀ, ਪਰ ਹਾਰ ਗਏ। ਇਨ੍ਹਾਂ ਰਾਜਿਆਂ ਵਿਚ ਇਕ 'ਸੀਬਾ' ਰਿਆਸਤ ਦਾ ਰਾਣਾ ਸੰਸਾਰ ਚੰਦ ਵੀ ਸੀ। ਵੇਖੋ, *The Akbar Nama of Abu-l-Fazl,* tr. H. Beveridge, Delhi, Low Price Publications, Vol. 3, p. 884; ਹਚੀਸਨ ਤੇ ਫ਼ੋਗਲ, *ਪਿ.ਹ.* ਪੰ. 210. *ਮ'ਅਸਿਰੁਲ ਉਮਰਾਅ* ਵਿਚ ਇਸ ਨੂੰ 'ਪੰਨਾ' ਰਿਆਸਤ ਦਾ ਰਾਏ ਸੰਸਾਰ ਚੰਦ ਲਿਖਿਆ ਹੈ (ਹਵਾਲਾ : ਹਚੀਸਨ ਤੇ ਫ਼ੋਗਲ, ਪੰ. 150) ਪਰ ਚੂੰਕਿ ਇਹ ਘਟਨਾ 1589 ਈ. ਵਿਚ ਵਾਪਰੀ ਸੀ, ਇਸ ਲਈ ਇਹ ਸੰਸਾਰ ਚੰਦ ਵੀ ਮਿਹਰਵਾਨ ਦਾ ਸਮਕਾਲੀ ਨਹੀਂ ਸੀ।
10. ਗੋਹਰ ਕਿਹੜੀ ਜਗ੍ਹਾ ਹੈ, ਇਸ ਦਾ ਪਤਾ ਨਹੀਂ ਲੱਗ ਸਕਿਆ।
11. ਮੰਡੀ ਦਾ ਰਾਜਾ ਸੂਰਜ ਸੈਨ (ਹਚੀਸਨ ਤੇ ਫ਼ੋਗਲ, ਪੰ. 136)
12. ਕੁੱਲੂ ਦਾ ਰਾਜਾ ਜਗਤ ਸਿੰਘ (ਹਚੀਸਨ ਤੇ ਫ਼ੋਗਲ, ਪੰ. 136)
13. ਰਿਆਸਤ ਕੁਟਲੇਹੜ।
14. 1620 ਈ. ਵਿਚ ਜਹਾਂਗੀਰ ਨੇ ਕਾਂਗੜੇ ਉੱਤੇ ਕਬਜ਼ਾ ਕੀਤਾ। ਕੁੱਝ ਸਾਲ ਕਾਂਗੜੇ ਦਾ ਰਾਜਾ ਹਰੀ ਚੰਦ ਮੁਗ਼ਲ ਸਰਕਾਰ ਦੇ ਖ਼ਿਲਾਫ਼ ਗੁਰੀਲਾ ਲੜਾਈ ਲੜਦਾ ਰਿਹਾ। ਉਸ ਦੀ ਮੌਤ ਤੋਂ ਬਾਅਦ, 1627 ਈ. ਦੇ ਨੇੜੇ ਤੇੜੇ ਚੰਦਰ ਭਾਨ ਨੇ ਇਹ ਗੁਰੀਲਾ ਲੜਾਈ ਜਾਰੀ ਰੱਖੀ। (ਹਚੀਸਨ ਤੇ ਫ਼ੋਗਲ, *ਪਿ.ਹ.* ਪੰ. 172)

SikhBookClub.com

ਨੂੰ ਸੌਂਪਿਆ ਗਿਆ। ਓਥੋਂ ਚੱਲ ਕੇ ਗੁਰੂ ਮਿਹਰਵਾਨ ਕੁੱਝ ਦਿਨ ਮੈਦਾਨੀ ਇਲਾਕੇ 'ਬੁਤਾਲੇ'[15] ਵਿਚ ਆ ਟਿਕੇ। ਬੁਤਾਲਿਓਂ ਗੁਰੂ ਅਮਰ ਦਾਸ ਜੀ ਦੇ ਚੁਬਾਰੇ ਦੇ ਦਰਸ਼ਨਾਂ ਲਈ ਗੋਇੰਦਵਾਲ ਪਹੁੰਚੇ। ਗੁਰੂ ਪਰਿਵਾਰ ਦੀ ਹਰ ਪ੍ਰਕਾਰ ਸੇਵਾ ਕੀਤੀ ਤੇ ਮੁੜ ਬੁਤਾਲੇ ਆ ਗਏ। ਓਥੋਂ ਕੁਟੰਬ ਸਮੇਤ ਹੇਹਰੀਂ ਗੁਰੂ ਸਾਹਿਬ ਦੇ ਦੇਹੁਰੇ ਆਏ। ਬਾਗ਼ ਤੇ ਸਰੋਵਰ, ਆਦਿ ਦੀ ਟਹਿਲ 'ਮੀਚੋ ਕੇ' ਪਿੰਡ ਦੇ ਪਿਰਾਗੇ ਤੇ ਸਾਈਂ ਦਿੱਤੇ ਦੇ ਹਵਾਲੇ ਕੀਤੀ। ਕੁੱਝ ਦਿਨ ਓਥੇ ਠਹਿਰ ਕੇ 'ਪੱਟੀ' ਰਾਹੀਂ 'ਮਾਲਦੇ ਕੀ' ਆਣ ਟਿਕੇ। ਏਥੇ ਦਿਨ ਰਾਤ ਨਾਮ ਸਿਮਰਨ ਤੇ ਕੀਰਤਨ ਦਾ ਪਰਵਾਹ ਚੱਲਦਾ ਰਿਹਾ। ਬਹੁਤ ਦਿਨ ਮਾਲਦੇ ਕੀ ਵੱਸਣ ਤੋਂ ਬਾਅਦ ਕੁੱਝ ਦਿਨ 'ਮੰਡੇ-ਕੇ-ਪਾਇਸੇ' (ਮੁੰਡੇਕੇ ?)[16] ਰਹਿ ਕੇ ਗੁਰੂ ਮਿਹਰਵਾਨ 'ਗਜਹਲੀ'[17] ਚਲੇ ਗਏ। ਗਜਹਲੇ ਆਪ ਪੰਜ ਸਾਲ ਰਹੇ। ਏਥੋਂ ਉਨ੍ਹਾਂ ਨੇ ਪਰਿਵਾਰ ਨੂੰ, ਸਣੇ ਹਰਿ ਜੀ ਦੇ, 'ਮੁੰਡੇ ਕਿਆਂ' ਭੇਜਿਆ ਤੇ ਆਪ 'ਆਸਾਲ ਕੇ'[18] ਕੇ ਗਾਉਂ ਹੁੰਦੇ ਹੋਏ 'ਧੀਰ ਦੇ ਕਾਲੇ'[19] ਜਾ ਪਹੁੰਚੇ। ਕੁੱਝ ਦਿਨ ਏਥੇ ਟਿਕੇ। ਏਥੇ ਭਾਈ ਮੁਰਾਰ ਦਾਸ, ਜੋ ਗੁਰੂ ਸਾਹਿਬ ਤੇ ਗੁਰੂ ਮਿਹਰਵਾਨ ਦਾ ਨਿਕਟੀ ਭਗਤ ਸੀ, ਉਨ੍ਹਾਂ ਨੂੰ ਮਿਲਨ ਆਇਆ। ਜਾਣ ਤੋਂ ਪਹਿਲਾਂ, ਉਹ ਗੁਰੂ ਮਿਹਰਵਾਨ ਦੇ ਪਰਿਵਾਰ ਤੇ ਹਰਿ ਜੀ ਨੂੰ ਮਿਲਨ 'ਚੱਕੋ ਕੀ'[20] ਗਿਆ।

ਧੀਰ ਦੇ ਕਾਲੇ ਤੋਂ ਗੁਰੂ ਮਿਹਰਵਾਨ ਸਾਹਣੇ (ਸਹਾਣੇ, ਸਹਣ) ਕਾਲੇ[21] ਆ ਟਿਕੇ। ਓਥੋਂ ਪਰਿਵਾਰ ਕੋਲ ਚਕੋ ਕੀ ਪਧਾਰੇ। ਚਕੋ ਕੀ ਤੋਂ ਫੇਰ ਮਾਲਦੇ ਕੀ। ਜਦੋਂ ਚਿੱਤ ਮਾਲਦੇ ਕੀ ਤੋਂ ਉੱਠਿਆ, ਤਾਂ ਮਹਮਦੀਪੁਰ ਚਲੇ ਗਏ। ਮਾਲੂਮ ਹੁੰਦਾ ਹੈ ਇਹ ਆਪ ਦਾ ਆਖ਼ਰੀ ਟਿਕਾਣਾ ਸੀ। ਏਥੇ ਹੀ ਆਪ ਦਾ ਦੇਹਾਂਤ ਹੋਇਆ।

ਹਰਿ ਜੀ ਤੋਂ ਬਿਨਾਂ ਮਿਹਰਵਾਨ ਦੇ ਕਿਸੇ ਹੋਰ ਸਮਕਾਲੀ ਜਾਂ ਉਸ ਤੋਂ ਬਾਅਦ ਦੇ ਲੇਖਕ ਨੇ ਉਨ੍ਹਾਂ ਬਾਰੇ ਕੋਈ ਖ਼ਾਸ ਦਿਲਚਸਪੀ ਨਹੀਂ ਵਿਖਾਈ। ਜੋ ਥੋੜਾ ਬਹੁਤ ਕਿਸੇ ਨੇ ਲਿਖਿਆ ਹੈ ਉਸ ਤੋਂ ਮਾਲੂਮ ਹੁੰਦਾ ਹੈ ਕਿ ਕਿਸੇ ਨੇ ਵੀ ਹਰਿ ਜੀ ਦੀ ਰਚਨਾ *ਗੋਸ਼ਟਾਂ ਮਿਹਰਬਾਨ ਜੀ ਕੀਆਂ* ਦੇ ਦਰਸ਼ਨ ਨਹੀਂ ਕੀਤੇ।

---

15. ਇਹ ਗਰਾਮ ਤਹਿਸੀਲ ਬਾਬਾ ਬਕਾਲਾ, ਜ਼ਿਲਾ ਅੰਮ੍ਰਿਤਸਰ, ਵਿਚ ਬਟਾਲਾ-ਜਲੰਧਰ ਸੜਕ ਉੱਤੇ ਹੈ। ਰੇਲਵੇ ਸਟੇਸ਼ਨ ਬਿਆਸ 16 ਕਿ.ਮੀ. ਦੂਰ ਹੈ। ਇਕ ਹੋਰ ਬੁਤਾਲਾ ਤਹਿਸੀਲ ਕਪੂਰਥਲਾ ਵਿਚ ਵੀ ਹੈ।
16. 'ਮੁੰਡੇ' ਨਾਮ ਦਾ ਇਕ ਪਿੰਡ ਅੱਜ ਦੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੈ।
17. ਗਜਹਲੀ/ਗਜਿਹਲ/ਗਜਹਲਾ/ਗੰਜਹਲ ਪਿੰਡ ਹੇਹਰਾਂ ਦੇ ਨੇੜੇ ਹੀ ਹੋਵੇਗਾ ਕਿਉਂਕਿ ਜਦੋਂ ਹੇਹਰੀਂ ਸਰੋਵਰ ਦੀ ਚੱਠ ਹੋਣੀ ਸੀ, ਤਾਂ ਮਿਹਰਵਾਨ ਤੇ ਉਨ੍ਹਾਂ ਦੇ ਸਾਥੀ ਗਜਹਲੇ ਤੋਂ ਮੀਂਹ ਹਨੇਰੀ ਵਿਚ ਅੱਧੀ ਰਾਤ ਨੂੰ ਹੇਹਰੀਂ ਪਹੁੰਚ ਗਏ ਸਨ (ਗੋਸਟਿ ਨੰ. 7)।

    ਸੋ, ਗੋਵਿੰਦਨਾਥ ਰਾਜਗੁਰੂ ਦਾ ਇਹ ਕਿਆਸ ਕਿ ਇਹ ਅਸਥਾਨ ਕਾਂਗੜੇ ਦਾ ਕੋਈ ਛੋਟਾ ਜਿਹਾ ਪਿੰਡ ਹੋਣਾ ਹੈ, ਠੀਕ ਨਹੀਂ ਲੱਗਦਾ। (ਵੇਖੋ, ਰਾਜਗੁਰੂ ਦੀ ਹਰਿ ਜੀ ਕ੍ਰਿਤ *ਗੋਸਟਿ ਗੁਰੂ ਮਿਹਰਿਵਾਨੁ*, 1974, ਪੰ. 196, ਫ਼ੁ.ਨੋ. 5)। ਐਸ ਵੇਲੇ ਜ਼ਿਲਾ ਅੰਮ੍ਰਿਤਸਰ, ਤਹਸੀਲ ਪੱਟੀ ਵਿਚ 'ਗੱਜਲ' ਨਾਮ ਦਾ ਇਕ ਪਿੰਡ ਹੈ।
18. ਜ਼ਿਲਾ ਅੰਮ੍ਰਿਤਸਰ, ਤਹਿਸੀਲ ਪੱਟੀ ਵਿਚ ਇਕ 'ਆਸਲ' ਨਾਮ ਦਾ ਗਾਉਂ ਹੈ।
19. ਧੀਰ ਕੇ ਕਾਲੇ ਪਿੰਡ ਦਾ ਪਤਾ ਨਹੀਂ ਚੱਲ ਸਕਿਆ। ਇਕ ਕਾਲਾ ਪਿੰਡ ਗੁ.ਨਾ.ਦੇ. ਯੂਨੀਵਰਸਿਟੀ ਦੇ ਨਾਲ ਲੱਗਦਾ ਹੈ।
20. ਇਹ ਪਿੰਡ ਤਹਿਸੀਲ ਕਪੂਰਥਲਾ ਵਿਚ ਨਡਾਲਾ-ਢਿੱਲਵਾਂ ਸੜਕ ਤੋਂ 1 ਕਿ.ਮੀ. 'ਤੇ ਹੈ।
21. ਸਾਹਣੇ-ਕਾਲੇ, ਸਹਾਣੇ-ਕਾਲੇ ਜਾਂ ਸਹਣੇ ਕਾਲੇ ਦਾ ਵੀ ਪਤਾ ਨਹੀਂ ਲੱਗ ਸਕਿਆ।

SikhBookClub.com

ਮਨੋਹਰ ਦਾਸ ਮਿਹਰਵਾਨ (1581-1640 ਈ.) ਦੇ ਸਮਕਾਲੀ ਸਨ (ਵੇਖੋ, ਜ਼ਮੀਮਾ ਨੰ. 5): ਬਾਬਾ ਬੁੱਢਾ (1505-1631 ਈ.), ਭਾਈ ਗੁਰਦਾਸ (1551-1636 ਈ.), ਸ਼ਹਿਨਸ਼ਾਹ ਅਕਬਰ (ਰਾ-ਕਾ. 1556-1605 ਈ.), ਗੁਰੂ ਅਰਜਨ ਦੇਵ ਜੀ (1563-1606 ਈ.), ਜਹਾਂਗੀਰ (ਰਾ-ਕਾ. 1605-1627 ਈ.), ਗੁਰੂ ਹਰਿਗੋਬਿੰਦ ਜੀ (1595-1644 ਈ.), ਤੇ ਸ਼ਾਹ ਜਹਾਨ (ਰਾ-ਕਾ. 1628-1658 ਈ.)। ਇਨ੍ਹਾਂ ਵਿੱਚੋਂ ਕਿਸੇ ਨੇ ਮਿਹਰਵਾਨ ਉੱਤੇ ਇਕ ਅੱਖਰ ਨਹੀਂ ਛੱਡਿਆ।

ਹਰਿ ਜੀ ਤੋਂ ਬਾਅਦ, ਛੋਟੇ ਮੇਲ ਦੇ ਤਿੰਨ ਉੱਘੇ ਸ਼ਰਧਾਲੂ ਲੇਖਕ ਹੋਏ ਹਨ— ਕੇਸ਼ੋ ਦਾਸ, ਕੁਸ਼ਲ ਦਾਸ ਤੇ ਭਾਈ ਦਰਬਾਰੀ। ਇਨ੍ਹਾਂ ਨੇ ਮਿਹਰਵਾਨ ਦੀ ਉਸਤਤ ਵਿਚ ਸਵੱਯੇ, ਆਦਿ ਲਿਖੇ ਹਨ, ਪਰ ਉਨ੍ਹਾਂ ਦੇ ਜੀਵਨ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ।

ਸਿੱਖ ਇਤਿਹਾਸ ਵੀ ਸੋਢੀ ਮਿਹਰਵਾਨ ਦੀ ਜ਼ਿੰਦਗੀ ਉੱਤੇ ਕੋਈ ਰੋਸ਼ਨੀ ਨਹੀਂ ਪਾਉਂਦਾ ਪਰ ਇਸ ਵਿਚ ਇਹ ਜ਼ਰੂਰ ਦਰਸਾਇਆ ਗਿਆ ਹੈ ਕਿ ਪਿਰਥੀ ਚੰਦ ਦੇ ਦੇਹੰਤ ਤੋਂ ਬਾਅਦ ਮਿਹਰਵਾਨ ਨੇ ਵੀ, ਆਪਣੇ ਪਿਤਾ ਵਾਂਗ, ਗੁਰੂ-ਘਰ ਨਾਲ ਵੈਰ-ਵਿਰੋਧ ਦਾ ਸਿਲਸਿਲਾ ਜਾਰੀ ਰੱਖਿਆ।

ਅਸੀਂ ਹਥਲੀ ਪੁਸਤਕ ਦੇ ਕਾਂਡ ਨੰ. 1, ਪੰ. 54 ਵਿਚ ਦੱਸ ਆਏ ਹਾਂ ਕਿ, ਸਿੱਖ ਪਰੰਪਰਾਗਤ ਇਤਿਹਾਸ ਅਨੁਸਾਰ, ਪਿਰਥੀ ਚੰਦ ਦਾ ਦੇਹੰਤ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਕੁੱਝ ਹਫ਼ਤੇ ਪਹਿਲਾਂ ਹੋ ਜਾਂਦਾ ਹੈ ਤੇ ਉਸ ਤੋਂ ਬਾਅਦ ਮਿਹਰਵਾਨ, ਚੰਦੂ ਸ਼ਾਹ ਨਾਲ ਰਲ ਕੇ, ਬਾਦਸ਼ਾਹ ਜਹਾਂਗੀਰ ਦੇ ਕੰਨ ਭਰਦਾ ਹੈ ਕਿ ਸਿੱਖਾਂ ਦੇ ਗੁਰੂ ਨੇ ਬਾਗ਼ੀ ਸ਼ਾਹਜ਼ਾਦਾ ਖ਼ੁਸਰੋ ਦੀ ਮਦਦ ਕੀਤੀ ਹੈ, ਜਿਸ ਨੂੰ ਸੱਚ ਮੰਨ ਕੇ ਬਾਦਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਮੌਤ ਦੀ ਸਜ਼ਾ ਦੇਂਦਾ ਹੈ।[22]

ਹਰਿ ਜੀ ਮੁਤਾਬਕ, ਪਿਰਥੀ ਚੰਦ ਦਾ ਦੇਹੰਤ 1619 ਈ. ਨੂੰ ਹੋਇਆ ਸੀ, ਅਰਥਾਤ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ 13 ਕੁ ਸਾਲ ਬਾਅਦ, ਇਸ ਲਈ ਮਿਹਰਵਾਨ ਦਾ ਆਪਣੇ ਪਿਤਾ ਦੇ ਦੇਹੰਤ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਿਚ ਚੰਦੂ ਦਾ ਸਾਥ ਦੇਣ ਦਾ ਕੋਈ ਮਤਲਬ ਨਹੀਂ ਬਣਦਾ।

ਮੈਕਾਲਿਫ਼ ਅਨੁਸਾਰ, ਮਿਹਰਵਾਨ ਨੇ ਚੰਦੂ ਸ਼ਾਹ ਦੇ ਪੁੱਤਰ ਕਰਮ ਚੰਦ ਨਾਲ ਰਲ ਕੇ ਗੁਰੂ ਹਰਿਗੋਬਿੰਦ ਦੇ ਖ਼ਿਲਾਫ਼ ਸ਼ਾਹਜ਼ਾਦਾ ਖ਼ੁਰੱਮ (ਜੋ ਅਕਤੂਬਰ 1627 ਵਿਚ ਸ਼ਾਹਜਹਾਨ ਬਣਿਆ) ਅੱਗੇ ਸ਼ਿਕਾਇਤ ਕੀਤੀ।[23] ਗਿਆਨੀ ਗਿਆਨ ਸਿੰਘ ਅਨੁਸਾਰ, ਮਿਹਰਵਾਨ ਨੇ 1628 ਈ. ਵਿਚ, ਸੁਲਹੀ ਖ਼ਾਨ ਦੇ ਪੁੱਤਰ ਜਮਾਲ ਖ਼ਾਂ ਨਾਇਬ ਨਾਜ਼ਮ ਲਾਹੌਰ ਦੀ ਸਹਾਇਤਾ ਨਾਲ ਸ਼ਾਹਜਹਾਨ ਅੱਗੇ ਰਾਮਦਾਸਪੁਰ ਦੀ

---

22. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਭਾਗ ਪਹਿਲਾ, 1999, ਪੰ. 434 ਤੇ *The Sikh Religion*, Vol. III, p. 89.
23. *The Sikh Religion*, Vol. IV, p. 36 : "Mihrban exchanged turbans with Karam Chand, Chandu's son, in token of life-long friendship, and took counsel with him how to effect the Guru's ruin . They proceeded to Prince Khuram, afterwards the Emperor Shah Jahan, and poisoned his mind against the Guru".

SikhBookClub.com

ਜੱਦੀ ਜਾਇਦਾਦ ਵੰਡਾਉਣ ਲਈ ਫ਼ਰਿਆਦ ਕੀਤੀ।[24] ਦੱਸਿਆ ਜਾਂਦਾ ਹੈ ਕਿ ਇਸ ਸ਼ਿਕਾਇਤ ਜਾਂ ਫ਼ਰਿਆਦ ਦਾ ਕੋਈ ਅਸਰ ਨਾ ਹੋਇਆ। ਪਤਾ ਨਹੀਂ ਇਹ ਘਟਨਾਵਾਂ ਕਿੱਥੋਂ ਤਕ ਠੀਕ ਹਨ। ਇਨ੍ਹਾਂ ਦੀ ਪ੍ਰੋੜ੍ਹਤਾ ਹੋਰ ਕਿਤੋਂ ਨਹੀਂ ਹੋ ਸਕੀ। ਸੁਰਜੀਤ ਸਿੰਘ ਗਾਂਧੀ ਅਨੁਸਾਰ "ਸਾਨੂੰ ਕਿਸੇ ਐਸੇ ਭਰੋਸੇਯੋਗ ਇਤਿਹਾਸਿਕ ਸਰੋਤ ਦਾ ਇਲਮ ਨਹੀਂ ਹੈ, ਜਿਸ ਵਿਚ ਗੁਰੂ ਸਾਹਿਬ ਤੇ ਬਾਦਸ਼ਾਹ ਵਿਚਕਾਰ ਅਣਬਣ ਦਾ ਜ਼ਿੰਮੇਵਾਰ ਮਿਹਰਵਾਨ ਨੂੰ ਸਮਝਿਆ ਗਿਆ ਹੋਵੇ। ਨਾ ਹੀ ਕਿਤੇ ਮਿਹਰਵਾਨ ਤੇ ਸ਼ਾਹਜ਼ਾਦਾ ਖ਼ੁਰੱਮ ਦੀ ਮੁਲਾਕਾਤ ਦਾ ਜ਼ਿਕਰ ਆਇਆ ਹੈ।"[25]

ਗੁਰ ਬਿਲਾਸ ਪਾਤਸ਼ਾਹੀ ੬, *ਤਵਾਰੀਖ਼ ਗੁਰੂ ਖਾਲਸਾ* (ਗਿਆਨੀ ਗਿਆਨ ਸਿੰਘ) ਤੇ *The Sikh Religion* (ਮੈਕਾਲਿਫ਼) ਵਿਚ ਲਿਖਿਆ ਹੈ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਸ਼ਾਹਜਹਾਨ ਬਾਦਸ਼ਾਹ ਨਾਲ ਮੁਲਾਕਾਤ ਕਰਨ ਲਈ ਲਾਹੌਰ ਆਏ ਹੋਏ ਸਨ, ਤਾਂ ਆਪ ਮਿਹਰਵਾਨ ਨੂੰ, ਜੋ ਉਸ ਵਕਤ ਲਾਹੌਰ ਹੀ ਸੀ, ਮਨਾਉਣ ਲਈ ਗਏ ਸਨ, ਪਰ ਉਸ ਨੇ ਤੈਸ਼ ਵਿਚ ਆ ਕੇ ਗੁਰੂ ਸਾਹਿਬ ਦਾ ਘੋਰ ਨਿਰਾਦਰ ਕੀਤਾ ਸੀ।[26] ਸਿੱਖ ਇਤਿਹਾਸ ਵਿਚ ਮਿਹਰਵਾਨ ਦੇ ਇਸ ਰਵੱਈਏ ਦੇ ਉਲਟ ਵੀ ਲਿਖਿਆ ਮਿਲਦਾ ਹੈ। ਮਸਲਨ, ਕੇਸਰ ਸਿੰਘ ਛਿੱਬਰ ਨੇ *ਬੰਸਾਵਲੀਨਾਮੇ* ਵਿਚ ਲਿਖਿਆ ਹੈ ਕਿ ਮਿਹਰਵਾਨ ਗੁਰੂ ਹਰਿਗੋਬਿੰਦ ਜੀ ਨੂੰ ਮਿਲਣ ਗਿਆ ਸੀ ਤੇ ਗੁਰੂ ਸਾਹਿਬ ਨੇ ਉਸ ਨੂੰ ਮੂੰਹ ਨਹੀਂ ਸੀ ਲਾਇਆ।[27] *ਮਹਿਮਾ ਪ੍ਰਕਾਸ਼* ਤੇ *ਮਹਿਮਾ ਪ੍ਰਕਾਸ਼ (ਵਾਰਤਕ)*, ਦੋਨਾਂ ਗ੍ਰੰਥਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਮੂੰਹੋਂ ਮਨੋਹਰ ਦਾਸ (ਮਿਹਰਵਾਨ) ਦੀ ਤਾਰੀਫ਼ ਕਰਵਾਈ ਗਈ ਹੈ।[28]

---

24. ਗਿਆਨੀ ਗਿਆਨ ਸਿੰਘ, *ਖਿ.ਹ.* ਪੰ. 475.
25. Surjit Singh Gandhi, *History of the Sikhs Retold*, Vol. II, 2007, p. 529.
26. *ਗੁਰ ਬਿਲਾਸ ਪਾਤਸ਼ਾਹੀ ੬*, ਵੇਦਾਂਤੀ, ਪੰ. 275-76; ਗਿਆਨੀ ਗਿਆਨ ਸਿੰਘ, *ਖਿ.ਹ.* ਪੰ. 477; *The Sikh Religion*, Vol. IV, p. 36-38.
27. *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪਿਆਰਾ ਸਿੰਘ ਪਦਮ, (ਸੰਪਾ.), 1997, ਪੰ. 95:

    ਤਬ ਪਿਰਥੀਏ ਦਾ ਪੁੱਤ੍ਰ ਮਿਹਰਵਾਨ ਭੀ ਆਇਆ।
    ਬਚਨ ਕੀਤਾ: "ਅਸਾਡੇ ਮੂੰਹੁ ਨਾ ਲਗੋ, ਉਠਿ ਜਾਓ ਨਿਜ ਧਾਮ।"

28. ਸਰੂਪ ਦਾਸ ਭੱਲਾ ਅਨੁਸਾਰ: (ਵੇਖੋ, *ਮਹਿਮਾ ਪ੍ਰਕਾਸ਼*, ਭਾਗ ਦੂਜਾ, 1971, ਸਾਖੀਆਂ ਪਾਤਸ਼ਾਹੀ 6, ਸਾਖੀ ਨੰ. 17, ਪੰ. 511-512).

    ਮਨੋਹਰ ਦਾਸ ਪਦਵੀ ਬਡ ਪਾਈ।
    ਤਿਨ ਕਉਨ ਤਪਸਿਆ ਭਗਤ ਕਮਾਈ ॥੪॥...
    ਚੌਬਾਰੇ ਬਾਵਲੀ ਕੀਰਤਨ ਕਰੇ।
    ਗੁਰ ਭਗਤ ਮਨੋਹਰ ਦਾਸ ਮਨ ਧਰੇ ॥੮॥

    ਮਹਿਮਾ ਪ੍ਰਕਾਸ਼ ਵਾਰਤਕ ਅਨੁਸਾਰ: (ਵੇਖੋ, *ਮਹਿਮਾ ਪ੍ਰਕਾਸ਼, ਵਾਰਤਕ*, ਕੁਲਵਿੰਦਰ ਸਿੰਘ ਬਾਜਵਾ, (ਸੰਪਾ.), 2004, ਸਾਖੀ ਨੰ. 95, ਪੰ. 141):

    ਵਾਹ ਵਾਹ ਵਾਹ ਮਨੋਹਰ ਦਾਸ ਬਡੀ ਪਦਵੀ ਪਾਈ। ਭਾਈ ਐਸਾ ਕਉਨ ਤਪ ਕੀਆ ਜੋ ਉਨ ਕੋ ਐਸਾ ਪਦ ਪ੍ਰਾਪਤ ਭਇਆ। ਅਰ ਤੁਰਕਾਂ ਸਿਉਂ ਭੀ ਉਨ ਕੋ ਕੁਛ ਬਾਦ ਦੁਰਬਾਦ ਨਾ ਹੋਆ। ਭਲੀ ਤਰਾਂ ਸੋ ਆਰਬਲਾ ਬਤੀਤ ਕੀਤੀ।

    ਅਰ ਗੁਰੂ ਘਰ ਕੀ ਪੁਰਾਤਨ ਪੂਜਾ ਭੀ ਬਹੁਤ ਕਰਤੇ ਥੇ। ਅਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਕੀ ਗੱਦੀ ਮੋ ਬੈਠੇ ਥੇ। ਅਰ ਦੇਖੀ ਤਾ ਜੋ ਗੋਇੰਦਵਾਲ ਚੋਬਾਰੇ ਬਾਵਲੀ ਜੀ ਕੀ ਅਰ ਸਤਗੁਰੂ ਅਮਰ ਜੀ ਕੀ ਉਲਾਦ ਕੀ ਸੇਵਾ ਜਥਾ ਜੋਗ ਕਰਤੇ ਥੇ।

SikhBookClub.com

ਭੱਟ ਵਹੀਆਂ ਦੀ ਗਵਾਹੀ ਮਿਹਰਵਾਨ ਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਰਿਸ਼ਤੇ ਉੱਤੇ ਇਕ ਨਵੀਂ ਰੋਸ਼ਨੀ ਪਾਉਂਦੀ ਹੈ, ਜਿਸ ਤੋਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਇਨ੍ਹਾਂ ਦੋਹਾਂ ਤਾਏ ਚਾਚੇ ਦੇ ਭਰਾਵਾਂ ਵਿਚ ਕੋਈ ਦੁਸ਼ਮਣੀ ਨਹੀਂ ਸੀ। ਭੱਟ ਵਹੀਆਂ ਮੁਤਾਬਕ, ਗੁਰੂ ਹਰਿਗੋਬਿੰਦ ਸਾਹਿਬ 1620 ਈ. ਵਿਚ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾ ਹੁੰਦੇ ਹੀ ਆਪਣੇ ਤਾਏ ਪਿਰਥੀ ਚੰਦ ਦੀ ਮੁਕਾਣ ਦੇਣ ਹੇਹਰ ਜਾਂਦੇ ਹਨ। ਫੇਰ ਜਦੋਂ ਉਹ ਅੰਮ੍ਰਿਤਸਰ ਮੁੜਦੇ ਹਨ ਤਾਂ ਉਨ੍ਹਾਂ ਦੀ ਖ਼ੁਸ਼ੀ ਵਿਚ ਹਰਿਮੰਦਰ ਸਾਹਿਬ ਵਿਚ ਦੀਪਮਾਲਾ ਕੀਤੀ ਜਾਂਦੀ ਹੈ, ਜਿਸ ਦਾ ਪ੍ਰਬੰਧ ਗੁਰੂ ਮਿਹਰਵਾਨ ਕਰਦੇ ਹਨ। ਭੱਟ ਵਹੀਆਂ ਵਿਚ ਇਸ ਬਾਰੇ ਇੰਜ ਲਿਖਿਆ ਹੈ :

> ਗੁਰੂ ਹਰਿਗੋਬਿੰਦ ਜੀ ਮਹਲਾ ਛਟਾ, ਤਾਉ ਗੁਰੂ ਪਿਰਥੀਚੰਦ ਕੀ ਮੁਕਾਣ ਦੇਣ ਗੋਇੰਦਵਾਲ ਸੇ ਗਾਮ ਹੇਹਰ ਪਰਗਣਾ ਪੱਟੀ, ਗੁਰੂ ਮੇਹਰਬਾਨ ਕੇ ਘਰ ਆਏ, ਸਾਲ ਸੋਲਾਂ ਸੈ ਸਤੱਤਰ ਪੋਖ ਪ੍ਰਵਿਸ਼ਟੇ ਅਠਾਈ, ਦਿਹੁੰ ਸ਼ੁਕਰਵਾਰ ਕੋ। ਸਾਥ ਅਰਜਾਨੀ ਸਾਹਿਬ ਬੇਟਾ ਗੁਰੂ ਮੋਹਰੀ ਜੀ ਕਾ ਪੋਤਾ ਗੁਰੂ ਅਮਰਦਾਸ ਮਹਲ ਤੀਜੇ ਕਾ, ਬਾਬਾ ਬੁੱਢਾ ਜੀ ਰਾਮਦਾਸ ਬੇਟਾ ਸੁੱਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਰਦਾਸ ਭੱਲੇ ਕਾ, ਬੱਲੂ ਬੇਟਾ ਮੂਲੇ ਜਲ੍ਹਾਨੇ ਪੰਵਾਰ ਕਾ ਆਇਆ।[29]
>
> *(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਜਲ੍ਹਾਨੋਂ ਕਾ)*
>
> ਗੁਰੂ ਹਰਿਗੋਬਿੰਦ ਜੀ ਮਹਲਾ ਛਟਾ ਬੇਟਾ ਗੁਰੂ ਅਰਜਨ ਜੀ ਕਾ ਸੰਮਤ ਸੋਲਾ ਸੈ ਸਤੱਤ੍ਰਾ ਮਾਘ ਪ੍ਰਵਿਸ਼ਟੇ ਪਹਿਲੀ ਕੇ ਦਿਹੁੰ ਹੇਹਰ ਨਗਰੀ ਸੇ ਚਲ ਗਾਮ ਗੁਰੂ ਕੇ ਚੱਕ, ਪਰਗਣਾ ਨਿਝਰਆਲਾ ਆਏ, ਗੈਲੋਂ ਗੁਰੂ ਅਰਜਾਨੀ ਸਾਹਿਬ ਬੇਟਾ ਗੁਰੂ ਮੋਹਰੀ ਜੀ ਕਾ, ਗੁਰੂ ਮੇਹਰਬਾਨ ਬੇਟਾ ਗੁਰੂ ਪਿਰਥੀ ਚੰਦ ਜੀ ਕਾ, ਬਾਬਾ ਬੁੱਢਾ ਰਾਮਦਾਸ ਬੇਟਾ ਸੁੱਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਰਦਾਸ ਭੱਲੇ ਕਾ, ਬੱਲੂ ਰਾਇ ਬੇਟਾ ਮੂਲਚੰਦ ਜਲ੍ਹਾਨੇ ਕਾ, ਕੌਲ ਜੀ ਦਾਸ ਬੇਟਾ ਅੰਬੀਏ ਹਜਾਵਤ ਕਾ, ਹੋਰ ਸਿਖ ਫਕੀਰ ਆਏ। ਗੁਰੂ ਜੀ ਕੇ ਆਨੇ ਕੀ ਖੁਸ਼ੀ ਮੇਂ ਦੀਪਮਾਲਾ ਕੀ ਗਈ। ਸ੍ਰੀ ਹਰਿਮੰਦਰ ਸਾਹਿਬ ਜੀ ਮੇਂ ਦੀਆ ਬਾਤੀ ਕੀ ਸੇਵਾ ਗੁਰੂ ਮੇਹਰਬਾਨ ਕੀ ਲਾਈ। ਗੁਰੂ ਜੀ ਤੀਜੇ ਦਿਹੁੰ ਗੁਰੂ ਚੱਕ ਸੇ ਵਿਦਾ ਹੋਇ ਗੋਇੰਦਵਾਲ ਮੇਂ ਆਇ ਬਿਰਾਜੇ।[30]
>
> *(ਭੱਟ ਵਹੀ ਤਲਾਉਂਢਾ, ਪਰਗਣਾ ਜੀਂਦ)*

ਗੁਰੂ ਹਰਿਗੋਬਿੰਦ ਸਾਹਿਬ ਤੇ ਸੋਢੀ ਮਿਹਰਵਾਨ ਦੇ ਆਪਸੀ ਸੰਬੰਧਾਂ ਬਾਰੇ ਸਾਡੇ ਇਤਿਹਾਸਕਾਰ ਜਿਸ ਤਰ੍ਹਾਂ ਦੇ ਵਿਰੋਧੀ ਬਿਆਨ ਦੇਂਦੇ ਹਨ, ਉਸ ਤੋਂ ਕਿਸੇ ਨਿਸਚਿਤ ਨਤੀਜੇ ਉੱਤੇ ਪਹੁੰਚਣਾ ਔਖਾ ਹੈ।

ਫ਼ਾਰਸੀ ਸਰੋਤ

ਕੁੱਝ ਫ਼ਾਰਸੀ ਸਰੋਤਾਂ ਵਿਚ, ਜਿਵੇਂ : *ਦਬਿਸਤਾਨਿ-ਮਜ਼ਾਹਿਬ* (1645-46 ਈ.), ਕ੍ਰਿਤ ਮੀਰਜ਼ਾ ਜ਼ੁਲਫ਼ਿਕਾਰ ਆਜ਼ਰ ਸਾਸਾਨੀ 'ਮੂਬਿਦ', *ਤਾਰੀਖ਼ਿ-ਪੰਜਾਬ*

29. *ਗੁਰੂ ਕੀਆਂ ਸਾਖੀਆਂ* ਕ੍ਰਿਤ ਸਰੂਪ ਸਿੰਘ ਕੌਸ਼ਿਸ਼, ਪਿਆਰਾ ਸਿੰਘ ਪਦਮ, (ਸੰਪਾ.), 1999, ਪੰ. 31. ਭੱਟ ਵਹੀ ਮੁਲਤਾਨੀ ਸਿੰਧੀ ਦੀ ਇਸ ਟੂਕ ਉੱਤੇ ਟਿੱਪਣੀ ਕਰਦੇ ਹੋਏ, ਪਾਲ ਸਿੰਘ ਪੂਰੇਵਾਲ ਲਿਖਦੇ ਹਨ ਕਿ 28 ਪੋਖ (ਪੋਹ) ਸੰਮਤ 1677 ਨੂੰ ਸ਼ੁਕਰਵਾਰ ਨਹੀਂ ਮੰਗਲਵਾਰ ਸੀ। ਇਸ ਲਈ ਇਹ ਟੂਕ ਸ਼ੱਕੀ ਹੈ। (ਵੇਖੋ, *Guru Kian Saakhian,* English Adaptation by Pritpal Singh Bindra, Introduction and Annotation by Pal Singh Purewal, 2005, p. 223)
30. *ਗੁਰੂ ਕੀਆਂ ਸਾਖੀਆਂ, ਪਿ.ਹ.* ਪੰ. 31.

SikhBookClub.com

(1848 ਈ.) ਕ੍ਰਿਤ ਗ਼ੁਲਾਮ ਮੁਹੀਉੱਦੀਨ ਬੂਟੇ ਸ਼ਾਹ ਤੇ *ਚਾਰ ਬਾਗ਼ਿ-ਪੰਜਾਬ* (1849 ਈ.), ਕ੍ਰਿਤ ਗਣੇਸ਼ ਦਾਸ ਵਡੈਹਰਾ, ਸੋਢੀ ਮਿਹਰਵਾਨ ਬਾਰੇ ਜਿਹੜੀ ਮਾਮੂਲੀ ਜਿਹੀ ਜਾਣਕਾਰੀ ਦਰਜ ਹੈ, ਉਸ ਤੋਂ ਇਹ ਗਿਆਤ ਹੁੰਦਾ ਹੈ ਕਿ ਗੁਰੂ ਅਰਜਨ ਸਾਹਿਬ ਤੋਂ ਬਾਅਦ, ਉਨ੍ਹਾਂ ਦਾ ਭਰਾ ਪਿਰਥੀ ਚੰਦ ਜਾਂ ਪਿਰਥੀ ਚੰਦ ਦਾ ਪੁੱਤਰ ਮਿਹਰਵਾਨ ਗੱਦੀ ਉੱਤੇ ਬੈਠਾ। ਵਿਰਾਸਤ ਸੰਬੰਧੀ ਇਹ ਬਿਆਨ ਦਰੁਸਤ ਨਹੀਂ ਹਨ, ਇਸ ਲਈ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਇਤਿਹਾਸਕਾਰਾਂ ਨੂੰ ਇਹ ਗ਼ਲਤੀ ਕਿਵੇਂ ਲੱਗੀ ਹੋਵੇਗੀ। ਏਥੇ ਅਸੀਂ ਉਨ੍ਹਾਂ ਦੀ ਇਸ ਉਲਝਾਈ ਗੁੱਥੀ ਨੂੰ ਸੁਲਝਾਉਣ ਬੈਠੀਏ ਤਾਂ ਪ੍ਰਸੰਗ ਤੋਂ ਬਾਹਰਾ ਹੋਣ ਕਰਕੇ ਪਾਠਕਾਂ ਦਾ ਸਮਾਂ ਨਸ਼ਟ ਕਰਨ ਦੇ ਤੁਲ ਹੋਵੇਗਾ। ਇਸ ਲੜੀ ਦੀ ਕਿਸੇ ਅਗਲੇਰੀ ਪੁਸਤਕ ਵਿਚ, ਜੇ ਲੋੜ ਪਈ, ਤਾਂ ਇਨ੍ਹਾਂ ਲੇਖਕਾਂ ਦੇ ਬਿਆਨਾਂ ਉੱਤੇ, ਜੋ ਹੇਠਾਂ ਪੇਸ਼ ਕੀਤੇ ਜਾਂਦੇ ਹਨ, ਸਵਿਸਤਾਰ ਚਰਚਾ ਕੀਤੀ ਜਾਏਗੀ।

(1) *ਦਬਿਸਤਾਨਿ-ਮਜ਼ਾਹਿਬ*

فی الجملہ بعد از ارجن مل برادرِ پرتھیا کہ او را مریدانش گورو مہربان گویند بخلافت نشست و اکنوں کہ ہزار و پنج ہجریست گرو ہر جی جانشین او ست وایشاں خودرا بھگت یعنی پرستار خدا گیرند و مریدان گرو ہر گوبند پسران ارجن مل ایشاں را بینامی نامند و ایں نام پیش ایشاں نکوہیدہ است و بعد از ارجن مل ہر گوبند نیز دعویٰ خلافت کردہ بجائے پدر نشست۔[31]

[ਆਖ਼ਰ ਅਰਜਨ ਮੱਲ ਦੇ ਪਿੱਛੋਂ ਉਸ ਦਾ ਭਰਾ ਪਰਿਥੀਆ, ਜਿਸ ਨੂੰ ਉਸਦੇ ਮੁਰੀਦ ਗੁਰੂ ਮਿਹਰਬਾਨ ਸੱਦਦੇ ਹਨ, ਉਹਨਾਂ ਦੀ ਜਗ੍ਹਾ ਗੱਦੀ ਉੱਤੇ ਬੈਠਾ। ਇਸ ਵਕਤ, ਜਦੋਂ 1055 ਹਿਜਰੀ ਸਾਲ [1645-46 ਈ.] ਚੱਲ ਰਿਹਾ ਹੈ, ਗੁਰੂ ਹਰਿ ਜੀ ਉਹਦਾ ਜਾਨਸ਼ੀਨ ਹੈ। ਇਹ ਆਪਣੇ ਆਪ ਨੂੰ ਭਗਤ ਅਰਥਾਤ ਖ਼ੁਦਾ ਪ੍ਰਸਤ ਆਖਦੇ ਹਨ, ਜਦ ਕਿ ਗੁਰੂ ਹਰਿਗੋਬਿੰਦ ਸੁਪੁੱਤਰ ਗੁਰੂ ਅਰਜਨ ਮੱਲ, ਦੇ ਸ਼ਰਧਾਲੂ ਇਨ੍ਹਾਂ ਨੂੰ ਮੀਣੇ ਕਹਿੰਦੇ ਹਨ, ਜੋ ਨਾਮ ਇਨ੍ਹਾਂ ਦੀ ਜ਼ੁਬਾਨ ਵਿਚ ਅਪਮਾਨਜਨਕ ਹੈ। ਅਰਜਨ ਮੱਲ ਤੋਂ ਪਿੱਛੋਂ ਉਸ ਦੇ ਪੁੱਤਰ ਹਰਿਗੋਬਿੰਦ ਨੇ ਵੀ ਗੁਰਗੱਦੀ ਲੈਣ ਦਾ ਦਾਅਵਾ ਕੀਤਾ ਅਤੇ ਉਹ ਪਿਤਾ ਦੀ ਥਾਂ ਗੱਦੀ ਉੱਤੇ ਬੈਠਾ।]

(2) ਗ਼ੁਲਾਮ ਮੁਹੀਉੱਦੀਨ ਬੂਟੇ ਸ਼ਾਹ ਕਰਤਾ *ਤਾਰੀਖ਼ਿ-ਪੰਜਾਬ*:

درخانہ ارجن مل پسرے نبود۔ چوں عمرش نصفے رسید مہربان نامی برادرزادہ خود بر مسندِ خلافت بنشاند۔[32]

[ਅਰਜਨ ਮੱਲ ਦੇ ਘਰ ਔਲਾਦ ਨਹੀਂ ਸੀ। ਜਦੋਂ ਉਨ੍ਹਾਂ ਦੀ ਅੱਧੀ ਕੁ ਉਮਰ ਬੀਤ ਗਈ ਤਾਂ ਮਿਹਰਬਾਨ ਨਾਮੀ ਆਪਣੇ ਭਰਾ ਦੇ ਬੇਟੇ ਨੂੰ ਗੱਦੀ ਉੱਤੇ ਬਿਠਾ ਦਿੱਤਾ।]

---

31. *ਦਬਿਸਤਾਨਿ-ਮਜ਼ਾਹਿਬ*, 1904, ਮੁਨਸ਼ੀ ਨਵਲ ਕਿਸ਼ੋਰ, ਪੰ. 234। ਏਥੇ ਮੂਬਿਦ ਨੂੰ ਪਿਰਥੀ ਚੰਦ ਦੇ ਪ੍ਰਸਿੱਧ ਨਾਂ ਬਾਰੇ ਭੁਲੇਖਾ ਲੱਗਾ ਹੈ।
32. ਕਿਰਪਾਲ ਸਿੰਘ, *ਮਨੋਹਰ ਦਾਸ ਮਿਹਰਬਾਨ ਜੀਵਨ ਤੇ ਰਚਨਾਵਾਂ*, 1974, ਪੰ. 19. (ਮੂਲ ਹਵਾਲਾ: ਖਾ.ਕਾ.ਅੰ, ਹ.ਲਿ.SHR 1288, ਪ. 359)।

SikhBookClub.com

(3) ਗਣੇਸ਼ ਦਾਸ ਵਡੈਹਰਾ ਕਰਤਾ *ਚਾਰ ਬਾਗ਼ਿ-ਪੰਜਾਬ*:

اما بعد وفات گورو ارجن و قید شودن گورو ہرگوبند پسر پرتھیا نام برادرِ گورو ارجن کہ اورا گورو مہربان گوفتندے برگدی نشست وخودرا بھگت قرار داد و مریدان گورو ہرگوبند اولاداورا مینا گویند یعنی نکوہیدہ۔[33]

[ਗੁਰੂ ਅਰਜਨ [ਦੇਵ ਜੀ] ਦੇ ਜੋਤੀ ਜੋਤਿ ਸਮਾਉਣ ਪਿੱਛੋਂ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਕੈਦ ਹੋਣ ਪਿੱਛੋਂ ਗੁਰੂ ਅਰਜਨ ਦੇਵ ਜੀ ਦੇ ਭਰਾ ਪਿਰਥੀਆ ਨਾਮੀ ਦਾ ਪੁੱਤਰ ਜਿਸ ਨੂੰ ਗੁਰੂ ਮਿਹਰਬਾਨ ਕਹਿੰਦੇ ਸਨ, ਗੱਦੀ ਉੱਤੇ ਬੈਠਾ। ਉਹ ਆਪਣੇ ਆਪ ਨੂੰ ਭਗਤ ਕਰਾਰ ਦੇਂਦਾ ਸੀ ਪਰ ਗੁਰੂ ਹਰਿਗੋਬਿੰਦ ਦੇ ਸਿੱਖ ਉਸ ਨੂੰ ਮੀਣਾ ਕਹਿੰਦੇ ਸਨ, ਯਾਅਨੀ ਭੰਡਨਜੋਗ।]

ਮਿਹਰਵਾਨ ਦੀ ਸ਼ਖ਼ਸੀਅਤ

ਮਿਹਰਵਾਨ ਇਕ ਬਹੁ-ਪੱਖੀ ਸ਼ਖ਼ਸੀਅਤ ਦਾ ਸੁਆਮੀ ਸੀ, ਜਿਸ ਦਾ ਨਿਹਾਇਤ ਸੂਖਮ ਤੇ ਵਿਸਤ੍ਰਿਤ ਬਿਆਨ, ਜਿਵੇਂ ਕਿ ਅਸੀਂ ਵੇਖ ਆਏ ਹਾਂ, ਹਰਿ ਜੀ ਨੇ *ਗੋਸ਼ਟਾਂ ਮਿਹਰਬਾਨ ਜੀ ਕੀਆਂ* ਵਿਚ ਕੀਤਾ ਹੈ। ਹਰਿ ਜੀ ਮਿਹਰਵਾਨ ਦਾ ਪੁੱਤਰ ਵੀ ਸੀ, ਉਸ ਦਾ ਨਾਦੀ ਵਾਰਿਸ ਤੇ ਸ਼ਰਧਾਲੂ ਵੀ। ਇਸ ਲਈ ਸਪਸ਼ਟ ਹੈ ਕਿ ਉਸ ਨੇ ਆਪਣੇ ਪਿਤਾ-ਗੁਰੂ ਦੀ ਸ਼ਖ਼ਸੀਅਤ ਬਾਰੇ ਜੋ ਕੁੱਝ ਲਿਖਿਆ ਹੈ, ਉਸ ਵਿੱਚ ਇਕ ਪਾਸੇ ਪੈਤ੍ਰਿਕ ਸ਼ਰਧਾ ਦਾ ਤੇ ਦੂਜੇ ਪਾਸੇ ਛੋਟੇ ਮੇਲ ਦੇ ਸੰਗਠਨ ਤੇ ਵਿਕਾਸ ਦਾ ਖ਼ਿਆਲ ਰੱਖਣਾ ਜ਼ਰੂਰੀ ਸੀ। ਅਸੀਂ ਕਿਸੇ ਹੋਰ ਸਮਕਾਲੀ ਦਸਤਾਵੇਜ਼ ਦੀ ਗ਼ੈਰਹਾਜ਼ਰੀ ਵਿਚ ਹਰਿ ਜੀ ਦੀ ਰਚਨਾ ਨੂੰ ਬਹੁਮੁੱਲਾ ਲਿਖਤੀ ਸਰੋਤ ਮੰਨਦੇ ਹਾਂ। ਜਦੋਂ ਅਸੀਂ ਮਿਹਰਵਾਨ ਦੀ ਸ਼ਖ਼ਸੀਅਤ ਦੇ ਕਿਸੇ ਪੱਖ ਨੂੰ ਹਰਿ ਜੀ ਦੀਆਂ ਨਜ਼ਰਾਂ ਤੋਂ ਵੇਖਾਂਗੇ ਤਾਂ ਇਹ ਨਹੀਂ ਸਮਝਣਾ ਚਾਹੀਦਾ ਕਿ ਉਹ ਸਾਡੇ ਵਿਸ਼ਵਾਸ ਦੀ ਪ੍ਰਤਿਨਿਧਤਾ ਕਰਦੇ ਹਨ। ਅਸੀਂ ਜੋ ਕੁੱਝ ਹਰਿ ਜੀ ਨੇ ਲਿਖਿਆ ਹੈ, ਉਸ ਨੂੰ ਆਮ ਤੌਰ ਉੱਤੇ ਉਸ ਦੇ ਲਫ਼ਜ਼ਾਂ ਵਿਚ ਦੇਣ ਦਾ ਜਤਨ ਕਰਾਂਗੇ। ਉਂਜ ਮਿਹਰਵਾਨ ਦੀ ਸ਼ਖ਼ਸੀਅਤ, ਉਸ ਦੀਆਂ ਲਿਖਤਾਂ ਅਤੇ ਉਸ ਦੇ ਬਾਅਦ ਦੇ ਸ਼ਰਧਾਲੂ ਲੇਖਕਾਂ ਦੀਆਂ ਲਿਖਤਾਂ ਤੋਂ, ਨਿਰਸੰਦੇਹ, ਇਕ ਅਸਾਧਾਰਨ, ਪ੍ਰਭਾਵਸ਼ਾਲੀ ਤੇ ਚੁੰਬਕੀ ਸਾਬਤ ਹੁੰਦੀ ਹੈ।

ਹਰਿ ਜੀ ਦੇ ਕਥਨ ਅਨੁਸਾਰ ਮਿਹਰਵਾਨ ਸ੍ਰੀ ਸੁਕਦੇਵ ਦਾ ਅਵਤਾਰ ਸੀ ਤੇ ਉਸ ਵਿਚ ਇਕ ਪੂਰਨ ਭਗਤ ਦੇ ਸਾਰੇ ਗੁਣ ਤੇ ਲੱਛਣ ਸਨ:

ਸੁਨਹੁ ਭਾਈ ਸੰਤੋ! ਗੁਰੁ ਮਿਹਰਵਾਨੁ ਕੈਸਾ ਜੈਸਾ ਪੁਰਖੁ ਥਾ। ਪ੍ਰਿਥਮੇ ਤਉ ਕੁਲੁ ਭਗਤਿ ਹੈ। 'ਕੁਲੁ ਜਨਮ ਭਗਤ' ਕਾ ਅਰਥੁ। ਜਿ ਸ੍ਰੀ ਸੁਕਦੇਵ ਜੀ ਕਾ ਅਵਤਾਰੁ ਹੈ; ਅਰੁ ਭਗਤਿ ਕਾ ਪੁਤ੍ਰ ਹੈ ਅਰੁ ਭਗਤ ਕਾ ਭਤੀਜਾ ਹੈ ਅਰੁ ਭਗਤ ਕਾ ਪੋਤ੍ਰਾ ਹੈ; ਅਰੁ ਆਪ ਆਪਨੀ ਭਗਤਿ ਕਰਿ ਕਰਿ ਭੀ ਭਗਤੁ ਹੈ।...[34]

---

33. *ਉਹੀ*, ਪੰ. 25. ਮੂਲ ਹਵਾਲਾ : ਹ.ਲਿ. ਖਾ.ਕਾ.ਅੰ. SHR 2348 ਅਤੇ *ਚਾਰ ਬਾਗ਼ਿ-ਪੰਜਾਬ*, ਕਿਰਪਾਲ ਸਿੰਘ (ਸੰਪਾ.), 1965 ਪੰ. 108.
34. *ਗੋਸ਼ਟਾਂ ਮਿਹਰਬਾਨ ਜੀ ਕੀਆਂ*, ਬਾਂਸਲ, ਗੋਸਟਿ ਨੰ. 4, ਪੰ. 50.

SikhBookClub.com

ਅੱਗੇ ਚੱਲ ਕੇ ਹਰਿ ਜੀ ਗੁਰੂ ਮਿਹਰਵਾਨ ਨੂੰ ਪਾਰਬ੍ਰਹਮ ਪਰਮੇਸ਼ਵਰ ਵੱਲੋਂ ਮਿਲੀ ਅਦੁੱਤੀ ਦਾਤ, ਪੰਜ ਅਮੋਲਕ ਰਤਨਾਂ ਦੀ ਸੋਭਾ ਕਰਦਾ ਹੈ। ਇਹ ਰਤਨ ਹਨ: (1) ਰੂਪ ਰਤਨ, (2) ਲਛਮੀ ਰਤਨ, (3) ਰਾਗ ਰਤਨ, (4) ਗਿਆਨ ਰਤਨ, ਅਤੇ (5) ਕਰਮ ਰਤਨ।[35]

ਹਰਿ ਜੀ ਨੇ ਮਿਹਰਵਾਨ ਦੇ ਚਰਨ ਕਮਲਾਂ ਤੋਂ ਲੈ ਕੇ ਸੀਸ ਤਕ, ਹਰ ਸਰੀਰਕ ਅੰਗ ਦੀ ਖ਼ੂਬਸੂਰਤੀ ਕਮਾਲ ਦੀ ਪ੍ਰਬੀਨਤਾ ਤੇ ਰੋਮਾਂਚਕ ਲਹਿਜੇ ਵਿਚ ਬਿਆਨ ਕੀਤੀ ਹੈ, ਜਿਸ ਤੋਂ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਮਿਹਰਵਾਨ ਇਕ ਅਤਿ ਸੁੰਦਰ, ਦੇਵਤਾ ਸਰੂਪ, ਪੂਰਨ ਪੁਰਸ਼ ਹੋਵੇ। ਉਦਾਹਰਣ ਵਜੋਂ ਮਿਹਰਵਾਨ ਦੇ ਨੇਤਰਾਂ ਦੀ ਸੋਭਾ ਇਸ ਤਰ੍ਹਾਂ ਕੀਤੀ ਹੈ:

> ਨੇਤ੍ਰ ਸ੍ਰੀ ਸਤਿ ਗੁਰੂ ਮਿਹਰਵਾਨ ਜੀ ਕੇ ਮਹਾ ਸੁੰਦਰ ਅਨੂਪ ਥੇ, ਕਮਲਾ ਕੀ ਨਿਆਈ ਬਿਗਾਸਿਮਾਨਿ ਹੋਇ ਰਹੇ ਥੇ ਅਰੁ ਕਮਲ ਜਿ ਹੈ ਸੁ ਕਬਹੀ ਬਿਗਸਤੇ ਹੈ, ਕਬੀ ਮੁੰਦ੍ਰਿਤ ਹੋਤੈ ਹੈ। ਅਰੁ ਕਮਲ ਨੇਤ੍ਰ ਗੁਰੂ ਮਿਹਰਵਾਨ ਜੀ ਕੈ ਅਠੇ ਪਹਰ ਧਿਆਨ ਮਹਿ ਬਿਕਾਸਿਮਾਨਿ ਥੇ ਅਰੁ ਨੇਤ੍ਰਾ ਕੇ ਵਿਖੇ ਥੋਰੀ ਥੋਰੀ ਕਮਲਾ ਕੀ ਜੈਸੀ ਲਾਲੀ ਅਰੁ ਨੇਤ੍ਰਾ ਕੇ ਥਲੇ ਥੋਰੀ ਥੋਰੀ ਸਿਆਮਤਾ ਸੋਭਾ ਦੇਤੀ ਥੀ, ਮਾਨੋ ਸਿਆਮਘਨ ਬਾਦਰ ਹੋਤੇ ਹੈ ਅਰੁ ਸ੍ਰੀ ਠਾਕੁਰ ਜੀ ਕੇ ਧਿਆਨ ਸਾਥਿ ਭਰਿਪੂਰ ਰਹੇ ਥੇ ਅਰੁ ਜਿਨਹੁ ਨੇਤ੍ਰਹ ਘਟਿ ਘਟਿ ਕੇ ਵਿਖੇ ਬ੍ਰਹਮੁ ਕਰਿ ਜਾਣਿਆ ਹੈ।[36]

ਗੁਰੂ ਮਿਹਰਵਾਨ ਰਾਗ ਵਿਦਿਆ ਵਿਚ ਪ੍ਰਬੀਨ, ਸਾਜ਼ਾਂ ਦਾ ਵੇਤਾ, ਮਧੁਰ ਅਵਾਜ਼ ਵਾਲਾ, ਇਕ ਅਣਥੱਕ ਕੀਰਤਨੀਆ ਸੀ। ਇਸ ਬਾਰੇ ਹਰਿ ਜੀ ਲਿਖਦਾ ਹੈ:

> ਜਬ [ਗੁਰੂ ਮਿਹਰਵਾਨ] ਕੀਰਤਨਿ ਬੈਠਤਾ ਤਬ ਸਾਂਝ ਕੀ ਪਰਭਾਤਿ ਹੋਇ ਜਾਤੀ ਅਰੁ ਜਬ ਸਵੇਰੇ ਬੈਠਤਾ ਤਬ ਸਾਂਝ ਹੋਇ ਜਾਤੀ। ਐਸਾ ਕੀਰਤਨੁ ਹੋਵੈ ਜੇ ਪਰਗਟਿ ਜਾਨੀਐ ਜੇ ਬੈਕੁੰਠ ਮਹਿ ਬੈਠਾ ਸ੍ਰੀ ਠਾਕੁਰ ਜੀ ਪ੍ਰੇਮ ਮਗਨ ਹੋਇ ਗਾਵਤਾ ਹੈ। ਸ੍ਰੀ ਸਤਿਗੁਰੂ ਜੀ ਪ੍ਰੇਮ ਕੀ ਮੂਰਤਿ ਛਿਆਂ ਰਾਗਾਂ, ਛਤੀਸੁ ਪਰੀਆਂ ਗਾਵਹਿ।...ਜੇ ਕੋਈ...ਕੀਰਤਨ ਮਹਿ ਬੈਠੇ, ਕੀਰਤਨ ਕਉ ਸੁਨੈ, ਸੋ ਤਿਸ ਕਾ ਐਸਾ ਆਤਮਾ ਠਹਿਰਾਇ ਜਾਇ ਜੇ ਦੂਖ ਭੂਖ ਚਿੰਤਾ ਉਸ ਕੀ ਸੁਨਤੇ ਹੀ ਸਿਉ ਦੂਰ ਹੋਇ ਜਾਤੀ। ਸਤਿਗੁਰੂ ਜੀ ਕੇ ਪ੍ਰੇਮ ਕੀ ਛਾਇਆ ਜੇ ਵਰਤੇ, ਸੇ ਤਿਸੁ ਕਰਿ ਕਰਿ ਮਹਾ ਆਨੰਦ ਮਹਿ ਉਪਜੈ।[37]

ਹਰਿ ਜੀ ਨੇ ਛੇਵੀਂ ਗੋਸ਼ਟਿ ਵਿਚ ਦਰਜਨ ਤੋਂ ਉੱਪਰ ਸਾਜ਼ ਗਿਣੇ ਹਨ ਜੋ ਕੀਰਤਨ ਵੇਲੇ ਵਜਾਏ ਜਾਂਦੇ ਸਨ।[38] ਉਸ ਵਕਤ ਸਮਾਂ ਐਸਾ ਬੱਝਦਾ ਮਾਨੋ "ਇੰਦ੍ ਕੀ ਜੈਸੀ ਘਨ ਘੋਰ ਹੋਤੀ। ਅਰੁ ਕੀਰਤਨ ਹੀ ਮਹਿ ਨਵੀ ਬਾਣੀ ਕਾ ਪ੍ਰਕਾਸੁ ਹੋਤਾ। ਗੁਰੂ ਮਿਹਰਵਾਨ ਜੀ ਕਾ ਜੈਸਾ ਕੀਰਤਨੁ ਪੀਛੇ ਨਾ ਭਇਆ ਹੈ ਅਰੁ ਆਗੇ ਗੁਰੂ ਕਰੈ ਤਉ ਜਾਣੀਐ।"[39]

ਗੁਰੂ ਮਿਹਰਵਾਨ ਉੱਚ ਕੋਟੀ ਦਾ ਵਿਦਵਾਨ, ਕਵੀ ਤੇ ਸਾਹਿੱਤਕਾਰ ਸੀ। ਉਹ

---

35. *ਉਹੀ*, ਪੰ. 51.
36. *ਉਹੀ*, ਪੰ. 53.
37. *ਉਹੀ*, ਗੋਸਟਿ ਨੰ. 42, ਪੰ. 235-36.
38. *ਉਹੀ*, ਗੋਸਟਿ ਨੰ. 6, ਪੰ. 59.
39. *ਉਹੀ*, ਗੋਸਟਿ ਨੰ. 6, ਪੰ. 59.

SikhBookClub.com

ਛੋਟੇ ਮੇਲ ਦਾ ਸਾਹਿੱਤ ਸ਼੍ਰੋਮਣੀ ਸਮਝਿਆ ਜਾ ਸਕਦਾ ਹੈ। ਉਹਦੀਆਂ ਰਚਨਾਵਾਂ ਦਾ ਬਿਉਰਾ ਅਸੀਂ ਅੱਗੇ ਚੱਲ ਕੇ ਦਿਆਂਗੇ। ਮਿਹਰਵਾਨ ਨੂੰ ਧਾਰਮਿਕ ਸਾਹਿੱਤ ਖੇਤਰ ਵਿਚ ਗੋਸ਼ਟਿ-ਪਰਮਾਰਥ ਟੀਕਾ-ਸ਼ੈਲੀ ਦਾ, ਜਿਸ ਨੂੰ ਅੱਜ 'ਮਿਹਰਵਾਨ ਵਿਆਖਿਆ ਪ੍ਰਣਾਲੀ' ਕਿਹਾ ਜਾਂਦਾ ਹੈ, ਜਨਮ-ਦਾਤਾ ਸੀ। ਹਰਿ ਜੀ ਉਹਦੇ ਗਿਆਨ ਰਤਨ ਦੀ ਸੋਭਾ ਕਰਦਿਆਂ ਲਿਖਦਾ ਹੈ :

> ਗੁਰੂ ਮਿਹਰਵਾਨ ਕੇ ਗਿਆਨ ਰਤਨ ਕੀ ਸੋਭਾ ਮੈ ਕਿਆ ਕਹੋ ਜਿਨ ਗਿਆਨ ਕਰਿ ਕਰਿ ਐਸਾ ਗੋਸਟੀ ਕਾ ਬੰਧੇਜੁ ਬਾਂਧਿਆ ਕਿ ਅਗਿਆਨ ਮੂਰਖ ਪੁਰਖ ਥੇ, ਸੇ ਭੀ ਪੜਿ ਪੜਿ ਚਤੁਰ ਸਿਆਣੇ ਗਿਆਨਵੰਤ ਭਏ।[40]

ਮਿਹਰਵਾਨ ਗੁਰਬਾਣੀ ਦਾ ਖ਼ਾਸਾ ਅੱਛਾ ਵਿਆਖਿਆਕਾਰ ਸੀ। ਉਹਦੀਆਂ ਲਿਖਤਾਂ ਤੋਂ ਪ੍ਰਤੱਖ ਹੈ ਕਿ ਉਹਨੂੰ ਹਿੰਦੂ ਮਿੱਥ ਗਿਆਨ, ਵੇਦਾਂ, ਪੁਰਾਣਾਂ, ਤੇ ਇਸਲਾਮੀ ਸ਼ਰ੍ਹਾ ਬਾਰੇ ਬੜਾ ਗਿਆਨ ਸੀ। ਹਰਿ ਜੀ ਦੇ ਕਥਨ ਅਨੁਸਾਰ :

> ਬਾਣੀਆ ਕਾ ਅਰਥੁ ਗੁਰੂ ਬਾਬੇ ਨਾਨਕ ਜੀ ਕੇ ਵਚਨ ਕਰਿ ਕਰਿ ਹੋਇਆ। ਜੋ ਕਿਛੁ ਵੇਦ ਪੁਰਾਣ ਕੀ ਬਾਤ ਥੀ, ਸੋ ਸਭ ਬਾਣੀ ਕੇ ਅਰਥਿ ਮਹਿ ਪਰਗਟਿ ਕਰਿ ਦਿਖਲਾਈ। ਅਰੁ ਸਭਨਾ ਗੁਰਾ ਕੇ, ਸਭਨਾ ਭਗਤਾ ਕੇ ਸਬਦ ਜਿਤ ਜਿਤ ਪਰਥਾਇ ਭਏ ਥੇ, ਸੇ ਸਭ ਕਿਹ ਸਮਝਾਏ।[41]
>
> ਅਰੁ ਗਿਆਨੁ ਕਥਾ ਭਗਵਤਿ ਅਰੁ ਭਾਰਥ ਕੀ ਕਥਾ ਸਭ ਮੁਖ ਤੇ ਕਰਿ ਕਰਿ ਕੀਜੀਅਹਿ ਅਰੁ ਗੀਤਾ ਸਾਰੀ ਕਾ ਅਰਥੁ ਮੁਖਿ ਹੀ ਕਰਿ ਕਰਿ ਸੁਨਾਈਐ।[42]

ਗੁਰੂ ਮਿਹਰਵਾਨ ਨੇ ਜਿੱਥੇ ਗੁਰੂ ਸਾਹਿਬਾਨ, ਭਗਤਾਂ ਤੇ ਅਵਤਾਰਾਂ ਦਾ ਜੱਸ ਗਾਇਆ ਹੈ, ਓਥੇ ਉਹ ਹਜ਼ਰਤ ਮੁਹੰਮਦ ਤੇ ਹੋਰ ਮੁਸਲਮਾਨ ਪੀਰਾਂ, ਆਦਿ ਦੀ ਸਿਫ਼ਤ ਸਲਾਹ ਕਰਨੀ ਵੀ ਨਹੀਂ ਭੁੱਲੇ।

ਇਕ ਖ਼ਾਸੀਅਤ ਜੋ ਸਾਡੀ ਪਰੰਪਰਾ ਵਿਚ ਪਹੁੰਚੇ ਹੋਏ ਤੇ ਕਰਨੀ ਵਾਲੇ ਸਾਧਾਂ, ਸੰਤਾਂ ਤੇ ਗੁਰੂਆਂ, ਆਦਿ ਨਾਲ ਜੋੜੀ ਜਾਂਦੀ ਹੈ, ਉਹ ਹੈ ਤ੍ਰੈਕਾਲੀ ਗਿਆਨ ਤੇ ਕਰਾਮਾਤੀ ਸ਼ਕਤੀ। ਹਰਿ ਜੀ ਨੇ ਗੁਰੂ ਮਿਹਰਵਾਨ ਦੀਆਂ ਗੋਸ਼ਟਾਂ ਵਿਚ ਉਹਦੀ ਸ਼ਖ਼ਸੀਅਤ ਦੇ ਇਸ ਪੱਖ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ।

ਮਿਹਰਵਾਨ ਦੀ ਰਚਨਾ

ਮਿਹਰਵਾਨ ਨੇ ਕਵਿਤਾ ਤੇ ਵਾਰਤਕ ਦਾ ਢੇਰ ਸਾਰਾ ਸਾਹਿੱਤ ਰਚਿਆ। ਸਿੱਖ ਪਰੰਪਰਾ ਨੇ ਇਸ ਨੂੰ 'ਕੱਚੀ ਬਾਣੀ' ਦੱਸ ਕੇ ਅਣਗੌਲਿਆਂ ਕੀਤਾ ਹੈ ਪਰ ਇਹ ਇਕ ਐਸਾ ਭੰਡਾਰ ਹੈ ਜਿਸ ਨੂੰ ਸਾਹਿੱਤਿਕ, ਧਾਰਮਿਕ ਤੇ ਅਧਿਆਤਮਿਕ ਪੱਖ ਤੋਂ ਇਸ ਕਿਤਾਬ ਵਾਸਤੇ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਜਿਵੇਂ ਕਿ ਅਸੀਂ ਪਹਿਲਾਂ ਦੱਸ ਆਏ ਹਾਂ, ਮਿਹਰਵਾਨ ਦੀ ਰਚਨਾ ਬਾਰੇ ਵੀ ਸਭ ਤੋਂ ਵੱਧ ਗਿਆਨ ਹਰਿ ਜੀ ਰਚਿਤ 'ਗੋਸ਼ਟਾਂ ਮਿਹਰਬਾਨ ਜੀ ਕੀਆਂ' ਵਿੱਚੋਂ ਹੀ

40. *ਉਹੀ*, ਗੋਸਟਿ ਨੰ. 4, ਪੰ. 51.
41. *ਉਹੀ*, ਗੋਸਟਿ ਨੰ. 42, ਪੰ. 234-235.
42. *ਉਹੀ*, ਪੰ. 234.

SikhBookClub.com

ਮਿਲਦਾ ਹੈ। ਹੇਠਾਂ ਅਸੀਂ ਇਸ ਪੁਸਤਕ ਵਿੱਚੋਂ ਕੁੱਝ ਟੂਕਾਂ ਦੇਂਦੇ ਹਾਂ, ਜਿਨ੍ਹਾਂ ਤੋਂ ਗਿਆਤ ਹੁੰਦਾ ਹੈ ਕਿ ਮਿਹਰਵਾਨ ਨੇ ਆਪਣੇ ਜੀਵਨ-ਕਾਲ ਵਿਚ, 'ਕਿਉਂ', 'ਕਿਵੇਂ', 'ਕਿੱਥੇ' ਤੇ 'ਕੀ ਕੁੱਝ', ਲਿਖਿਆ :

(ੳ) "ਅਰੁ ਮੁਝ [ਗੁਰੂ ਨਾਨਕ] ਤੇ ਪੀਛੇ ਜਿ ਸਤਵੀਂ ਪੀੜੀ ਗੁਰੂ [ਮਿਹਰਵਾਨ] ਹੋਇਗਾ, ਉਸ ਕੋ ਪਰਮੇਸੁਰ ਕੀ ਆਗਿਆ ਹੈ ਜਿ ਮੇਰੀ ਬਾਣੀ ਕਾ ਅਰਥੁ ਪ੍ਰਗਟਿ ਕਰੇਗਾ।"[43]

(ਅ) ਤਬ ਏਕ ਦਿਨ ਸ੍ਰੀ ਠਾਕੁਰ ਜੀ ਕ੍ਰਿਪਾਲ ਹੋਇ ਕੈ ਕਹਿਆ ਜਿ ਏ ਨਾਨਕ ਭਗਤ, ...ਤੇਰੇ ਮੁਖ ਕੀ ਬਾਣੀ ਜੋ ਹੈ ਸੁ ਮੇਰੇ ਮੁਖ ਕੀ ਬਾਣੀ ਹੈ, ਸੁਣਣੇ ਕਉ ਸਿਧਉਟ ਹੈ ਅਰੁ ਸਮਝਣੇ ਕਉ ਕਠਨੁ ਹੈ। ਤਿਸ ਤੇ ਇਉ ਕੀਆ ਚਾਹੀਐ ਜਿ ਐਸਾ ਭਗਤ ਕੋਈ ਭੇਜੀਐ ਜਿ ਤੇਰੀ ਬਾਣੀ ਕਾ ਅਰਥੁ ਕਰਿ ਕਰਿ ਜਗਤ ਕਉ ਸਮਝਾਵੈ ਅਰ ਸਭਨਾਂ ਭਗਤਾਂ ਕੀ ਬਾਣੀ ਕਾ ਅਰਥ ਕਰੇ...।...ਜੈਸੇ ਵੇਦਾ ਕੇ ਅਰਥੁ ਕਰਣੇ ਕੇ ਨਿਮਤਿ ਪਰਾਸੁਰ ਰਿਖੀਸੁਰ ਕੇ ਗ੍ਰਿਹਿ ਸ੍ਰੀ ਠਾਕੁਰ ਜੀ ਬਿਆਸ ਕਉ ਭੇਜਿਆ ਥਾ, ਤੈਸਾ ਹੀ ਭਗਤਾ ਕੀ ਬਾਣੀ ਕੇ ਅਰਥੁ ਕਰਣੇ ਕੀ ਨਿਮਤਿ ਸ੍ਰੀ ਠਾਕੁਰ ਜੀ ਸ੍ਰੀ ਸੁਕਦੇਉ [ਮਿਹਰਵਾਨ] ਕਉ ਭੇਜਿਆ।[44]

(ੲ) ਆਦਿ ਹੀ ਜਬ ਬਾਣੀ ਕਾ ਪ੍ਰਕਾਸੁ ਭੈਆ, ਤਬ ਪਹਿਲੇ ਹੀ ਲਹੌਰ ਮਹਿ ਏਹੀ ਸ਼ਬਦ ਪ੍ਰਕਾਸਿਆ।

ਰਾਗ ਮਾਝਿ ਮਹਲਾ ੭ :

ਮਨ ਮਹਿ ਪ੍ਰੀਤਿ ਗੁਰ ਦਰਸਨ ਕੇਰੀ ਅਨਦਿਨੁ ਚਾਹਉ ਸੰਗਤਿ ਤੇਰੀ।

....

ਨਾਨਕ ਦਾਸ ਸਬਦੁ ਗੁਰ ਦੀਆ ਗੁਰਮੁਖਿ ਅੰਬ੍ਰਿਤੁ ਪੀਜੈ ਜੀ।[45]

(ਸ) ਅਰੁ ਕੀਰਤਨ ਹੀ ਮਹਿ ਨਵੀ ਬਾਣੀ ਕਾ ਪ੍ਰਕਾਸ ਹੋਤਾ।[46]

(ਹ) ਅਰੁ [ਮਿਹਰਵਾਨ] ਗੋਸਟਿ ਪੜੀਅਹਿ ਅਰੁ ਸਾਥੇ ਹੀ ਸਵਾਰੀਅਹਿ ਅਰੁ ਸਭਨਾ ਗੁਰਾ ਕੀਆ ਗੋਸਟੀ ਅਰੁ ਸਭਨਾ ਭਗਤਾ ਕੀਆ ਗੋਸਟੀ ਗੁਰੂ ਸਾਹਿਬ ਸਲਾਮਤੀ ਹੋਦੇ ਹੀ ਹੋਈਆ ਥੀਆ। ਨੰਗਲ ਸਹਰਿ ਸਾਡੇ (ਕੇ) ਧਉਲੇ ਵਿਚਿ ਚਉਬਾਰੇ ਉਪਰਿ ਗੋਸਟੀ ਕਾ ਆਰੰਭ ਹੋਇਆ ਥਾ। ਤਬ ਆਦਿ ਹੀ ਕੰਬੀਰ ਗੁਸਾਂਈ ਕੀਆਂ ਗੋਸਟਾ ਭਈਆ ਥੀਆ। ਤਿਸ ਕੇ ਪੀਛੇ ਅਉਰ ਸਭ ਗੋਸਟਿ ਹੋਈਆ...। ਅਰੁ ਬਾਣੀ ੭ ਮਹਲ ਕੀ ਬਹੁਤੁ ਕਰਿ ਕਰਿ ਭਈਆ ਅਰੁ ਬਾਣੀ ਮਹਿ ਵਰਤੁਮਾਨੁ ਭੀ ਕਹਿਆ ਅਰੁ ਹੋਵਣਹਾਰ ਭੀ ਕਹੀ। ਅਰੁ ਅਧਿਆਤਮ ਪ੍ਰੇਮ ਨੇਮ ਕੀ ਬਾਣੀ ਬਹੁਤੁ ਹੋਈ।[47]

(ਕ) ਤਬ ਸ੍ਰੀ ਸਤਿਗੁਰੂ [ਮਿਹਰਵਾਨ] ਜੀ ਕਹਿਆ ਜਿ ਹਰਿ ਜੀ ਤੂੰ ਕੇਸੋਦਾਸ ਨੂ ਪੁਛ ਤੁਧ ਸਭ ਗੋਸਟਾ ਲਿਖਿਆਂ ਹੇਨਿ, ਏਸੁ ਅਖਰ ਦਾ ਅਰਥੁ ਕਿਉ ਕਰਿ ਹੈ।[48]

(ਖ) ਅਰ ਜਬ ਜੰਗਲ ਮਹਿ ਕੀਰਤਨ ਵਿਖੇ ਸਬਦ ਹੋਂਦਾ ਅਰੁ ਤੂੰ [ਹਰਿ ਜੀ] ਲਿਖਦਾ ਜਾਂਦਹੁ ਅਰੁ ਕਦੇ ਸੁੰਦਰਦਾਸੁ ਭੀ ਲਿਖਦਾ ਅਰੁ ਤੂੰ ਨਿਤ ਹੀ ਲਿਖਦਾ ਸਹਿ ...।[49]

---

43. *ਉਹੀ*, ਗੋਸਟਿ ਨੰ. 1, ਪੰ. 40.
44. *ਉਹੀ*, ਪੰ. 40-41.
45. *ਉਹੀ*, ਗੋਸਟਿ ਨੰ. 3, ਪੰ. 49. ਇਹ ਸ਼ਬਦ ਮਹਲਾ ੫ ਦੇ ਸ਼ਬਦ "ਮੇਰਾ ਮਨੁ ਲੋਚੈ ਗੁਰ ਦਰਸਨ ਤਾਈ" (*ਸ੍ਰ.ਗੁ.ਗ੍ਰੰ.ਸਾ.* ਪੰ. 96) ਤੋਂ ਪ੍ਰਭਾਵਤ ਹੋ ਕੇ ਲਿਖਿਆ ਲੱਗਦਾ ਹੈ।
46. *ਉਹੀ*, ਗੋਸਟਿ ਨੰ. 6, ਪੰ. 59.
47. *ਉਹੀ*, ਗੋਸਟਿ ਨੰ. 42, ਪੰ. 234.
48. *ਉਹੀ*, ਗੋਸਟਿ ਨੰ. 43, ਪੰ. 239.
49. *ਉਹੀ*, ਗੋਸਟਿ ਨੰ. 44, ਪੰ. 247.

SikhBookClub.com

ਉੱਪਰਲੀਆਂ ਟੂਕਾਂ ਤੋਂ ਇਹ ਤੱਥ ਸਾਹਮਣੇ ਆਉਂਦੇ ਹਨ :

(1) ਮਿਹਰਵਾਨ ਨੇ ਗੁਰੂ ਨਾਨਕ ਤੇ ਸਾਰੇ ਭਗਤਾਂ ਦੀਆਂ ਬਾਣੀਆਂ ਦੇ ਅਰਥ ਕੀਤੇ।

(2) ਮਿਹਰਵਾਨ ਨੇ ਸਭ ਤੋਂ ਪਹਿਲਾ ਸ਼ਬਦ ਲਾਹੌਰ ਵਿਚ ਉਚਾਰਿਆ।

(3) ਗੋਸ਼ਟਾਂ ਤੇ ਪਰਮਾਰਥ ਨੰਗਲ[50] ਨਾਂ ਦੇ ਪਿੰਡ ਵਿਚ ਲਿਖਣੇ ਸ਼ੁਰੂ ਹੋਏ। ਸਭ ਤੋਂ ਪਹਿਲਾਂ ਭਗਤ ਕਬੀਰ ਦੀਆਂ ਗੋਸ਼ਟਾਂ ਲਿਖੀਆਂ ਗਈਆਂ, ਫੇਰ, ਗੁਰੂ ਸਾਹਿਬ [ਪਿਰਥੀ ਚੰਦ] ਦੇ ਜਿਉਂਦੇ ਜੀ, ਭਾਵ 1619 ਈ. ਤੋਂ ਪਹਿਲਾਂ, ਬਾਕੀ ਦੇ ਸਾਰੇ ਭਗਤਾਂ ਤੇ ਗੁਰੂਆਂ, ਆਦਿ ਦੀਆਂ।

(4) ਕੀਰਤਨ ਵੇਲੇ ਬਾਣੀ ਦਾ ਪ੍ਰਕਾਸ਼ ਹੁੰਦਾ, ਜਿਸ ਨੂੰ ਕੇਸ਼ੋਦਾਸ, ਸੁੰਦਰ ਦਾਸ ਤੇ ਹਰਿ ਜੀ ਲਿਖਦੇ ਜਾਂਦੇ।

ਛੋਟੇ ਮੇਲ ਦਾ ਗ੍ਰੰਥ

ਕੇਸਰ ਸਿੰਘ ਛਿੱਬਰ ਨੇ ਲਿਖਿਆ ਹੈ ਕਿ ਮਿਹਰਵਾਨ ਬਹੁਤ ਬਾਣੀ ਰਚਿਆ ਕਰਦਾ ਸੀ। ਉਸ ਦੇ 'ਨਾਨਕ' ਨਾਂ ਥੱਲੇ ਰਚੇ ਸ਼ਬਦ ਰਾਗੀ ਰਬਾਬੀ ਆਮ ਗਾਉਣ ਲੱਗ ਪਏ ਸਨ, ਜਿਨ੍ਹਾਂ ਦੇ ਰਲੇ ਦੇ ਡਰ ਤੋਂ ਹੀ ਗੁਰੂ ਅਰਜਨ ਦੇਵ ਜੀ ਨੇ ਆਦਿ ਬੀੜ ਤਿਆਰ ਕਰਨ ਦੀ ਯੋਜਨਾ ਬਣਾਈ ਸੀ। ਛਿੱਬਰ ਇਹ ਵੀ ਦੱਸਦਾ ਹੈ ਕਿ 'ਮੀਣਿਆਂ' ਨੇ ਆਪਣਾ ਇਕ ਵੱਖਰਾ ਗ੍ਰੰਥ ਵੀ ਬਣਾ ਲਿਆ ਸੀ :

> ਮਿਹਰਵਾਨ ਪੁੱਤ ਪਿਰਥੀਏ ਦਾ ਕਬੀਸਰੀ ਕਰੇ।...
> ਤਿਨ ਭੀ ਬਾਣੀ ਬਹੁਤੁ ਬਣਾਈ।
> ਭੋਗ ਗੁਰੂ ਨਾਨਕ ਜੀ ਦਾ ਹੀ ਪਾਈ॥੮੭॥
> ਡੂਮ ਲਗੇ ਸਬਦ ਮੀਣਿਆਂ ਦੇ ਗਾਵਣ।
> ਦੂਜਾ ਦਰਬਾਰ ਵਡਾ ਗੁਰਿਆਈ ਦਾ ਲਗੇਸ ਬਣਾਵਣ।
> ਮੀਣਿਆਂ ਭੀ ਪੁਸਤਕ ਇਕ ਗ੍ਰੰਥ ਬਣਾਇਆ।
> ਚਹੁੰ ਪਾਤਸ਼ਾਹੀਆਂ ਦਾ ਸਬਦ ਬਾਣੀ ਲਿਖਿ ਵਿਚ ਪਾਇਆ॥੮੮॥...
> ਇਥੇ ਕਿਸੇ ਸਿਖ ਸ਼ਬਦ ਮਿਹਰਵਾਨ ਦਾ ਕੀਰਤਨ ਪੜ੍ਹਿਆ।
> ਸੋ ਸਰਵਣੀ ਗੁਰੂ ਅਰਜਨ ਜੀ ਦੀ ਪਰਿਆ॥੯੨॥
> ਬਚਨ ਕੀਤਾ : ਭਾਈ ਗੁਰਦਾਸ, ਗੁਰੂ ਕੀ ਬਾਣੀ ਜੁਦਾ ਕਰੀਏ।
> ਮੀਣੇ ਪਾਂਦੇ ਨੀ ਰਲਾ, ਸੋ ਵਿਚ ਰਲਾ ਨਾ ਧਰੀਏ॥[51]

ਸਾਡੇ ਕੁੱਝ ਲੇਖਕ ਕੇਸਰ ਸਿੰਘ ਛਿੱਬਰ ਦੇ ਇਸ ਕਥਨ ਦੀ ਕਿ ਮੀਣਿਆਂ ਨੇ ਆਪਣਾ ਇਕ ਵੱਖਰਾ ਗ੍ਰੰਥ ਬਣਾਇਆ ਸੀ, ਪੁਰਜ਼ੋਰ ਹਾਮੀ ਭਰਦੇ ਹਨ ਤੇ ਕੁੱਝ ਇਸ ਨੂੰ ਗ਼ਲਤ ਸਮਝਦੇ ਹਨ। ਕੇਸਰ ਸਿੰਘ ਛਿੱਬਰ ਦੇ ਹਿਸਾਬ ਨਾਲ, ਮਿਹਰਵਾਨ, ਆਦਿ ਬੀੜ ਬੰਨ੍ਹਣ ਵੇਲੇ 32-33 ਵਰ੍ਹਿਆਂ ਦਾ ਸੀ[52], ਤੇ ਪੜ੍ਹਿਆ-ਲਿਖਿਆ ਕਵੀਸ਼ਰ ਹੋਣ

---

50. ਨੰਗਲ ਪਿੰਡ ਦੀ ਖੋਜ ਲਈ, ਵੇਖੋ, ਹਥਲੀ ਪੁਸਤਕ ਦਾ ਪੰ. 141-42.
51. *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪਿਆਰਾ ਸਿੰਘ ਪਦਮ (ਸੰਪਾ.), ਪੰ. 80-81.
52. *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* ਅਨੁਸਾਰ ਮਿਹਰਵਾਨ ਦਾ ਜਨਮ ਸੰਮਤ 1626 ਬਿ. ਅਰਥਾਤ 1569 ਈ. ਨੂੰ ਹੋਇਆ। ਵੇਖੋ, ਪੰ. 73.

SikhBookClub.com

ਦੇ ਨਾਤੇ ਇਕ ਵੱਡ-ਅਕਾਰੀ ਗ੍ਰੰਥ ਤਿਆਰ ਕਰਨ ਦੇ ਕਾਬਲ ਸਮਝਿਆ ਜਾ ਸਕਦਾ ਸੀ। ਹਰਿ ਜੀ ਦੇ ਹਿਸਾਬ ਨਾਲ, ਉਸ ਵੇਲੇ ਉਸ ਦੀ ਸਹੀ ਉਮਰ 21-22 ਸਾਲਾਂ ਦੀ ਸੀ। ਇਸ ਉਮਰ ਵਿਚ ਇਕ ਨਵੇਂ ਪੰਥ ਦਾ, ਗੁਰੂ ਅਰਜਨ ਦੇਵ ਜੀ ਦੇ ਆਦਿ ਗ੍ਰੰਥ ਸਮਾਨ, ਧਾਰਮਿਕ ਗ੍ਰੰਥ ਤਿਆਰ ਕਰ ਲੈਣਾ ਅਸੰਭਵ ਨਹੀਂ ਤਾਂ ਬਹੁਤ ਔਖਾ ਜ਼ਰੂਰ ਸੀ। ਛਿੱਬਰ ਹੁਰਾਂ ਨੇ ਇਹ ਵੀ ਕਿਹਾ ਹੈ ਕਿ ਮੀਣਿਆਂ ਦੇ ਗ੍ਰੰਥ ਵਿਚ ਸਿਰਫ਼ ਪਹਿਲੇ ਚਾਰ ਸਿੱਖ ਗੁਰੂਆਂ ਦੀ ਬਾਣੀ ਸ਼ਾਮਿਲ ਕੀਤੀ ਗਈ ਸੀ। ਇਹ ਗੱਲ ਵੀ ਮੰਨਣਯੋਗ ਨਹੀਂ ਹੈ, ਕਿਉਂਕਿ ਛੋਟੇ ਮੇਲ ਵਾਲੇ ਗੁਰੂ ਅਰਜਨ ਦੇਵ ਜੀ ਨੂੰ ਪਹਿਲੇ ਚਾਰ ਗੁਰੂਆਂ ਵਾਂਗ ਹੀ ਆਪਣਾ ਗੁਰੂ ਮੰਨਦੇ ਸਨ। ਸੋ ਅਸੀਂ ਛਿੱਬਰ ਹੁਰਾਂ ਦੇ ਇਸ ਵੱਖਰੇ ਗ੍ਰੰਥ ਵਾਲੇ ਦਾਅਵੇ ਨੂੰ ਮੰਨਣ ਲਈ ਤਿਆਰ ਨਹੀਂ ਹਾਂ। ਜੇ ਕੋਈ ਏਹੋ ਜਿਹਾ ਗ੍ਰੰਥ ਹੁੰਦਾ, ਤਾਂ ਇਸ ਦੀ ਸੂਹ ਸਾਨੂੰ ਕਿਤੋਂ ਨਾ ਕਿਤੋਂ ਜ਼ਰੂਰ ਮਿਲ ਜਾਂਦੀ।[53]

ਹਰਿ ਜੀ ਨੇ *ਗੋਸ਼ਟਾਂ ਮਿਹਰਬਾਨ ਜੀ ਕੀਆਂ* ਵਿਚ ਲਿਖਿਆ ਹੈ ਕਿ ਮਿਹਰਵਾਨ ਨੇ 13-14 ਸਾਲ ਦੀ ਉਮਰ ਵਿਚ ਪੋਥੀਆਂ ਲਿਖਵਾ ਲਿਖਵਾ ਕੇ ਬਾਹਰ ਡੇਰਿਆਂ ਵਿਚ ਭੇਜੀਆਂ, ਜਿਨ੍ਹਾਂ ਵਿਚ ਜਪੁ ਤੇ ਸਾਰੇ ਗੁਰੂ ਸਾਹਿਬਾਨ ਦੇ ਚੋਣਵੇਂ ਸ਼ਬਦ ਸਨ।[54] ਇਸੇ ਪੁਸਤਕ ਦੀ ਇਕ ਹੋਰ ਗੋਸਟਿ ਵਿਚ ਗੁਰੂ ਮਿਹਰਵਾਨ ਇਹ ਕਹਿੰਦੇ ਵਿਖਾਏ ਹਨ ਕਿ "ਜਿ ਇਹ ਜਿ ਕੇਸੋਦਾਸਿ ਗੁਰੂ ਦੀ ਉਸਤਤਿ ਕਰੀ ਹੈ, ਸੋ ਸਭੁ ਪੋਥੀਆਂ ਉੱਤੇ ਲਿਖ ਲੇਹੁ ਅਰੁ ਨਿਤ ਪੜਨੇ ਤੁਮਾਰਾ ਭਲਾ ਹੋਇਗਾ।"[55] ਇਨ੍ਹਾਂ ਟੂਕਾਂ ਤੋਂ ਇਕ ਵਕਤ ਬਲਵੰਤ ਸਿੰਘ ਢਿੱਲੋਂ ਨੇ ਇਹ ਸਿੱਟਾ ਕੱਢਿਆ ਸੀ ਕਿ ਮੀਣਿਆਂ ਨੇ ਇਕ ਗ੍ਰੰਥ (ਸੰਕਲਨ) ਤਿਆਰ ਕੀਤਾ, ਜਿਸ ਨੂੰ ਵੰਡਣ ਲਈ ਕਈ ਕਾਪੀਆਂ ਕਰਵਾਈਆਂ ਗਈਆਂ। ਉਨ੍ਹਾਂ ਦੇ ਲਫ਼ਜ਼ਾਂ ਵਿਚ:

> "It should be remembered that after preparing a compilation, Meharban had made copies of it, to distribute and install them in various establishments."[56]

ਪਰ ਹੁਣ ਬਲਵੰਤ ਸਿੰਘ ਢਿੱਲੋਂ ਨੇ ਆਪਣੀ ਰਾਏ ਬਦਲ ਲਈ ਹੈ। ਹੁਣ ਉਨ੍ਹਾਂ ਨੇ ਲਿਖਿਆ ਹੈ ਕਿ ਮੀਣਿਆਂ ਦਾ ਗ੍ਰੰਥ ਇਕ ਕੋਰੀ ਕਲਪਣਾ ਹੈ, ਸਿਵਾਏ ਕੇਸਰ ਸਿੰਘ ਛਿੱਬਰ ਦੇ ਹੋਰ ਕਿਸੇ ਨੇ ਇਸ ਦੀ ਗੱਲ ਨਹੀਂ ਕੀਤੀ, 'ਗੋਸ਼ਟਾਂ ਮਿਹਰਵਾਨ' ਵਿਚ ਵੀ ਇਸ ਦਾ ਕੋਈ ਜ਼ਿਕਰ ਨਹੀਂ ਹੈ।[57] ਇਤਿਹਾਸਕਾਰ ਕਿਰਪਾਲ

---

53. ਅਸਲ ਵਿਚ 'ਹਰੀਏ ਦੇ ਗ੍ਰੰਥ' ਨੂੰ ਹੀ ਮੀਣਿਆਂ ਦਾ ਗ੍ਰੰਥ ਸਮਝਿਆ ਜਾਂਦਾ ਰਿਹਾ ਹੈ।
54. ਕ੍ਰਿਸ਼ਣਾ ਕੁਮਾਰੀ ਬਾਂਸਲ (ਸੰਪਾ.), ਗੋਸਟਿ ਨੰ. 2, ਪੰ. 45-46.
55. ਉਹੀ, ਗੋਸਟਿ ਨੰ. 43, ਪੰ. 242.
56. *Early Sikh Scriptural Tradition, Myth and Reality,* 1999, p. 239.
57. Kirpal Singh & Kharak Singh, ed . *History of the Sikhs and their Religion,* 2004, See chapter on Nanak 5-Guru Arjan Dev, by Balwant Singh Dhillon, p. 153-54 :
   "It is indeed surprising that no copy of this granth is available whereas all other literary works of Meharban are extant. Moreover, no writer except Kesar Singh Chhiber has mentioned about this granth. It has not been mentioned even in Goshti Meharban, which depicts the life of Meharban, ☛

SikhBookClub.com

ਸਿੰਘ ਪਹਿਲਾਂ ਹੀ ਇਸ ਗ੍ਰੰਥ ਦੀ ਹੋਂਦ ਬਾਰੇ ਆਪਣਾ ਇਨਕਾਰ ਪ੍ਰਗਟ ਕਰ ਚੁੱਕੇ ਹਨ।[58]

ਰਚਨਾਵਾਂ

ਛੋਟੇ ਮੇਲ ਦੇ ਸਮੁੱਚੇ ਸਾਹਿੱਤ ਨੂੰ ਰਚਿਆਰ-ਵਾਰ ਨਖੇੜਨਾ ਕੋਈ ਆਸਾਨ ਕੰਮ ਨਹੀਂ ਹੈ। ਇਹੀ ਕਾਰਨ ਹੈ ਕਿ ਸਾਡੇ ਲੇਖਕ, ਮਿਹਰਵਾਨ ਜਾਂ ਇਸ ਸੰਪ੍ਰਦਾਇ ਦੇ ਹੋਰ ਗੱਦੀਦਾਰਾਂ ਦੀਆਂ ਵਿਅਕਤੀਗਤ ਰਚਨਾਵਾਂ ਬਾਰੇ ਸਹਿਮਤ ਨਹੀਂ ਹਨ। ਜਦੋਂ ਕਿਸੇ ਰਚਨਾ ਦੇ ਮਹਲਾ ਪਦ ਤੇ ਕਵੀ-ਛਾਪ ਦੇ ਸਹੀ ਸੰਕੇਤ ਮਿਲ ਜਾਂਦੇ ਹਨ, ਓਦੋਂ ਤਾਂ ਕੋਈ ਮੁਸ਼ਕਲ ਨਹੀਂ ਆਉਂਦੀ, ਪਰ ਜਦੋਂ ਇਨ੍ਹਾਂ ਸੰਕੇਤਾਂ ਦਾ ਅਭਾਵ ਹੁੰਦਾ ਹੈ, ਜਾਂ ਇਹ ਆਪਸ ਵਿਚ ਮੇਲ ਨਹੀਂ ਖਾਂਦੇ, ਓਦੋਂ ਉਸ ਰਚਨਾ ਦੀ ਰਚਿਆਰਤਾ ਦਾ ਫ਼ੈਸਲਾ ਉਸ ਦੀਆਂ ਅੰਦਰੂਨੀ ਤੇ ਬੈਰੂਨੀ ਗਵਾਹੀਆਂ ਦੇ ਆਧਾਰ ਉੱਤੇ ਕਰਨਾ ਪੈਂਦਾ ਹੈ। ਇਹ ਫ਼ੈਸਲਾ ਹਰ ਖੋਜੀ ਆਪਣੀ ਸੋਚ ਸਮਝ ਦੇ ਆਧਾਰ ਉੱਤੇ ਕਰਦਾ ਹੈ, ਇਸ ਲਈ ਇਹ ਜ਼ਰੂਰੀ ਨਹੀਂ ਕਿ ਸਭ ਖੋਜੀ ਇੱਕੋ ਨਤੀਜੇ ਉੱਤੇ ਪੁੱਜਣ। ਮਿਹਰਵਾਨ ਦੀਆਂ ਰਚਨਾਵਾਂ ਨੂੰ ਨਿਰਧਾਰਤ ਕਰਨ ਲੱਗਿਆਂ ਅਸਾਂ ਹਰ ਪਹਿਲੂ ਉੱਤੇ ਗ਼ੌਰ ਕਰਨ ਦਾ ਜਤਨ ਕੀਤਾ ਹੈ ਤੇ ਜਿਸ ਨਿਰਣੇ ਉੱਤੇ ਪੁੱਜੇ ਹਾਂ, ਉਹ ਅਸੀਂ ਸੰਖੇਪ ਰੂਪ ਵਿਚ ਹੇਠਾਂ ਪੇਸ਼ ਕਰ ਰਹੇ ਹਾਂ। ਯਾਦ ਰਹੇ ਕਿ ਛੋਟੇ ਮੇਲ ਦੇ ਸਾਹਿੱਤ ਵਿਚ ਮਿਹਰਵਾਨ ਨੂੰ ਮਹਲਾ ੭ ਕਰ ਕੇ ਦਰਸਾਇਆ ਗਿਆ ਹੈ ਤੇ ਉਸ ਦੀ ਕਵੀ-ਛਾਪ ਵਿਸ਼ੇਸ਼ ਤੌਰ ਉੱਤੇ 'ਨਾਨਕ ਦਾਸ' ਜਾਂ 'ਦਾਸ ਨਾਨਕ' ਹੈ।

ਵਾਰਤਕ ਰਚਨਾ

ਉੱਪਰ ਦੱਸਿਆ ਜਾ ਚੁੱਕਾ ਹੈ ਕਿ ਮਿਹਰਵਾਨ ਨੇ ਸਭ ਤੋਂ ਪਹਿਲਾਂ ਭਗਤ ਕਬੀਰ ਤੇ ਉਸ ਤੋਂ ਬਾਅਦ ਹੋਰ ਪੁਰਾਤਨ ਹਿੰਦੂ ਭਗਤਾਂ, ਮੁਸਲਮਾਨ ਪੀਰਾਂ-ਫ਼ਕੀਰਾਂ, ਸਿੱਖ ਗੁਰੂਆਂ, ਆਦਿ ਉੱਤੇ ਗੋਸ਼ਟਾਂ, ਕਥਾਵਾਂ, ਮਸਲਿਆਂ, ਆਦਿ ਦੀ ਰਚਨਾ ਕੀਤੀ ਸੀ। ਇਹ ਸਾਹਿੱਤ ਕਈ ਹੱਥ-ਲਿਖਤਾਂ ਵਿਚ ਮਿਲਦਾ ਹੈ। ਇਸ ਨੂੰ ਹੇਠ-ਲਿਖੇ ਚਾਰ ਹਿੱਸਿਆਂ ਵਿਚ ਆਸਾਨੀ ਨਾਲ ਵੰਡਿਆ ਜਾ ਸਕਦਾ ਹੈ:

(ੳ) ਭਗਤਾਂ, ਆਦਿ ਨਾਲ ਸੰਬੰਧਿਤ
(ਅ) ਮੁਸਲਮਾਨ ਸ਼ਖ਼ਸੀਅਤਾਂ ਨਾਲ ਸੰਬੰਧਿਤ
(ੲ) ਇਤਿਹਾਸ, ਪੁਰਾਣ ਤੇ ਯੋਗ ਨਾਲ ਸੰਬੰਧਿਤ
(ਸ) ਸਿੱਖ ਗੁਰੂਆਂ ਨਾਲ ਸੰਬੰਧਿਤ

---

and had been written by one of his followers. Bhai Santokh Singh, the author of Gurpartap Suraj Granth, and Sarup Das Bhalla make no mention of this granth, which appears to be a figment of imagination ."

58. ਕਿਰਪਾਲ ਸਿੰਘ, *ਮਨੋਹਰ ਦਾਸ ਮਿਹਰਬਾਨ ਜੀਵਨ ਤੇ ਰਚਨਾਵਾਂ*, 1974, ਪੰ. 28.

SikhBookClub.com

(ੳ) ਭਗਤਾਂ ਆਦਿ ਨਾਲ ਸੰਬੰਧਿਤ ਰਚਨਾਵਾਂ

1. ਗੋਸ਼ਟਾਂ ਭਗਤ ਕਬੀਰ

ਇਨ੍ਹਾਂ ਗੋਸ਼ਟਾਂ ਦੀਆਂ ਦਰਜਨ ਕੁ ਹੱਥ-ਲਿਖਤਾਂ ਮਿਲਦੀਆਂ ਹਨ, ਜਿਨ੍ਹਾਂ ਦੇ ਆਧਾਰ ਉੱਤੇ ਨਰਿੰਦਰ ਕੌਰ ਭਾਟੀਆ ਨੇ ਇਕ ਪੁਸਤਕ *ਜਨਮ ਸਾਖੀ ਭਗਤ ਕਬੀਰ ਜੀ ਕੀ* ਸੰਪਾਦਿਤ ਕੀਤੀ ਹੈ। (ਵੇਖੋ ਹਥਲੀ ਪੁਸਤਕ ਦਾ ਪੰ. 26)। ਇਨ੍ਹਾਂ ਹੱਥ-ਲਿਖਤਾਂ ਵਿਚ ਇਸ ਜਨਮ ਸਾਖੀ ਦੇ ਰਚਿਆਰ ਬਾਰੇ ਕੋਈ ਸੂਚਨਾ ਨਹੀ ਮਿਲਦੀ, ਨਾ ਹੀ ਇਨ੍ਹਾਂ ਵਿਚ 'ਨਾਨਕ ਦਾਸ' ਕਵੀ-ਛਾਪ ਵਾਲੇ ਸਲੋਕ ਹਨ, ਜੋ ਕਿ ਮਿਹਰਵਾਨ ਦੀਆਂ ਗੋਸ਼ਟਾਂ ਦੀ ਖ਼ਾਸ ਨਿਸ਼ਾਨੀ ਹਨ। ਸੋ, ਇਸ ਜਨਮ ਸਾਖੀ ਦੀ ਰਚਿਆਰਤਾ ਸਥਾਪਤ ਕਰਨ ਲਈ, ਮਿਸਿਜ਼ ਭਾਟੀਆ ਨੇ ਇਸ ਦੀਆਂ ਗੋਸ਼ਟਾਂ ਤੇ ਮਿਹਰਵਾਨ ਦੀਆਂ ਦੂਜੀਆਂ, *ਜਨਮ ਸਾਖੀ ਗੁਰੂ ਨਾਨਕ ਦੇਵ ਜੀ* ਵਾਲੀਆਂ ਪ੍ਰਮਾਣਿਕ ਗੋਸ਼ਟਾਂ ਦੀ, ਉਨ੍ਹਾਂ ਦੇ ਆਰੰਭ, ਚਾਲ, ਬਣਤਰ, ਲਿਖਣ-ਢੰਗ, ਸ਼ਬਦ-ਚੋਣ, ਵਿਸ਼ੇ-ਵਸਤੂ, ਭਾਵ, ਆਦਿ, ਅੰਤ, ਵਗੈਰਾ ਦੀਆਂ ਘਸਵੱਟੀਆਂ ਉੱਤੇ, ਤੁਲਨਾਤਮਕ ਪੁਣ-ਛਾਣ ਕੀਤੀ ਹੈ। ਇਸ ਜਾਂਚ ਤੇ ਕੁੱਝ ਬਾਹਰਲੀਆਂ ਗਵਾਹੀਆਂ ਦੇ ਆਧਾਰ ਉੱਤੇ, ਉਨ੍ਹਾਂ ਨੇ ਸਿੱਧ ਕੀਤਾ ਹੈ ਕਿ "ਕਬੀਰ ਸੰਬੰਧੀ ਇਹਨਾਂ ਗੋਸ਼ਟਾਂ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਗੋਸ਼ਟੀਆਂ ਦਾ ਸੰਪਾਦਕ ਤੇ ਲਿਖਾਰੀ ਕੇਸ਼ੋ ਦਾਸ ਸੀ ਪਰ ਉਸ ਨੇ ਇਹਨਾਂ ਗੋਸ਼ਟੀਆਂ ਦੀ ਉਸਾਰੀ ਸੋਢੀ ਮਿਹਰਵਾਨ ਜੀ ਦੇ ਵਿਖਿਆਨਾਂ ਉੱਤੋਂ ਕੀਤੀ।"[59] ਅਸੀਂ ਮਿਸਿਜ਼ ਭਾਟੀਆ ਦੇ ਇਸ ਨਿਰਣੇ ਨਾਲ ਸਹਿਮਤ ਹਾਂ।

2. ਭਗਤ ਕਬੀਰ ਤੋਂ ਇਲਾਵਾ

ਭਗਤ ਕਬੀਰ ਤੋਂ ਇਲਾਵਾ ਹੋਰ ਭਗਤਾਂ ਬਾਰੇ ਮਿਲਦੀਆਂ ਗੋਸ਼ਟਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਗੋਸ਼ਟਿ ਦਾ ਸਿਰਨਾਵਾਂ	*ਪ੍ਰਾਪਤੀ ਦਾ ਅਸਥਾਨ*
ਗੋਸਟਿ ਸਧਨੇ ਗੁਸਾਈ ਕੀ	(ਭਾ.ਵਿ. 359)
ਕਥਾ ਧੰਨੇ ਕੇ ਜਨਮ ਕੀ	(ਭਾ.ਵਿ. 359)
ਗੋਸਟਿ ਕਾਨ੍ਹੇ ਭਗਤ ਕੀ	(ਭਾ.ਵਿ. 359)
ਗੋਸਟਿ ਸ੍ਰੀ ਠਾਕੁਰ ਊਧਉ ਜੀ ਕੀ	(ਭਾ.ਵਿ. 359, 426)
ਕਥਾ ਸ੍ਰੀ ਗੁਸਾਈ ਨਾਮ ਦੇਉ ਕੀ	(ਭਾ.ਵਿ. 359)
ਗੋਸਟਿ ਸ੍ਰੀ ਗੁਸਾਈ ਕਬੀਰ ਜੀ ਕੀ	(ਭਾ.ਵਿ. 359)
ਕਥਾ ਗੁਸਾਈ ਰਵਿਦਾਸ ਜੀ ਕੀ ਸਮਾਵਣ ਕੀ	(ਭਾ.ਵਿ. 359)
ਗੋਸਟਿ ਰਵਿਦਾਸ ਜੀ	(ਸੈਂ.ਸ.ਲਾ. 678)
ਗੋਸਟਿ ਗੁਸਾਈ ਧੰਨੇ ਜੀ ਕੀ	(ਭਾ.ਵਿ. 359)

59. *ਮਿਹਰਵਾਨ ਵਾਲੀ ਜਨਮ ਸਾਖੀ ਭਗਤ ਕਬੀਰ ਜੀ ਕੀ, (ਵਿਵੇਚਨ ਤੇ ਮੂਲ ਪਾਠ)*, 1995, ਪੰ. 48.

SikhBookClub.com

ਗੋਸ਼ਟਿ ਦਾ ਸਿਰਨਾਵਾਂ	*ਪ੍ਰਾਪਤੀ ਦਾ ਅਸਥਾਨ*
ਗੋਸਟਿ ਬੇਣੀ ਭਗਤ ਕੀ	(ਭਾ.ਵਿ. 359 ਅਧੂਰੀ)
ਕਥਾ ਸੂਰ ਗੁਸਾਈ ਕੀ	(ਭਾ.ਵਿ. 359)
ਗੋਸਟਿ ਸ੍ਰੀ ਨਾਮੇ ਤ੍ਰਿਲੋਚਨ ਕੀ	(ਭਾ.ਵਿ. 395)
ਗਿਆਨ ਤਿਲਕ ਰਾਮਾਨੰਦ ਗੁਸਾਈ ਕਾ	(ਭਾ.ਵਿ. 359)
ਪ੍ਰਸੰਗ ਰਾਮਾ ਨੰਦ ਗੁਸਾਈ ਦਾ	(ਸੈਂ.ਸ.ਲਾ. 678)
ਪ੍ਰਸੰਗ ਪੀਪੇ ਭਗਤ ਦਾ	(ਸੈਂ.ਸ.ਲਾ. 678)
ਮਸਲਾ ਪੰਜਾਹਵਾਂ ਨਿਹਕਲੰਕੀ ਅਵਤਾਰ ਕਾ	(ਭਾ.ਵਿ. 359)

(ਅ) ਮੁਸਲਮਾਨ ਸ਼ਖ਼ਸੀਅਤਾਂ ਨਾਲ ਸੰਬੰਧਿਤ ਰਚਨਾਵਾਂ

ਮਿਹਰਵਾਨ ਦੇ ਨਾਂ ਥੱਲੇ ਚੱਲ ਰਹੇ ਮੁਸਲਮਾਨ ਪੈਗ਼ੰਬਰਾਂ, ਪੀਰਾਂ, ਫ਼ਕੀਰਾਂ, ਆਦਿ ਉੱਪਰ ਰਚੇ ਮਸਲੇ, ਵਿਚਾਰ, ਗੋਸ਼ਟਾਂ ਤੇ ਕਿੱਸੇ, ਆਦਿ ਦਾ ਵੇਰਵਾ ਇਸ ਪ੍ਰਕਾਰ ਹੈ :

ਕਿੱਸਾ ਸਲੇਮੇ (ਸੁਲੇਮਾਨ) ਪਿਕੰਬਰ ਕਾ	(ਭਾ.ਵਿ. 359)
ਗੁਫ਼ਤਾਰ ਸਾਦਕਾਂ ਕੀ	(ਭਾ.ਵਿ. 359)
ਬੀਚਾਰ ਫਕੀਰੀ ਕਾ	(ਭਾ.ਵਿ. 359)
ਮਸਲਾ ਬਾਬੇ ਆਦਮ ਸਫੀ ਕਾ	(ਭਾ.ਵਿ. 359)
ਮਸਲਾ ਹਸਨ ਹੁਸੇਨ ਕਾ	(ਭਾ.ਵਿ. 359)
ਮਸਲਾ ਮੂਸੇ ਪੈਕੰਬਰ ਕਾ	(ਭਾ.ਵਿ. 359)
ਗੋਸਟਿ ਮਾਰਫ਼ਤ ਕੀ	(ਭਾ.ਵਿ. 359)
ਮਸਲੇ ਸੇਖ ਫਰੀਦ ਕੇ	(ਭਾ.ਵਿ. 359; ਪੋ.ਪ੍ਰੀ.ਸਿੰ. 147)
ਗੋਸਟਿ ਫਕੀਰਨੀ ਸਾਦਿਕ ਦੀ ਡਾਖਣੇ	(ਭਾ.ਵਿ. 359)
ਆਦਿ ਕਥਾ ਮੁਹੰਮਦ ਕੀ	(ਭਾ.ਵਿ. 359)
ਮਸਲੇ ਹਜ਼ਰਤ ਰਸੂਲ ਕੇ	(ਭਾ.ਵਿ. 359,400,491; ਗੁ.ਨਾ.ਦੇ.ਯੂ. 870)
ਪੰਜਾਹਿ ਮਸਲੇ ਹਜ਼ਰਤ ਮੁਹੰਮਦ ਸਾਹਿਬ ਕੇ	(ਪੰ.ਯੂ.ਪ. 115607)
ਮਸਲਾ ਮੁਹੰਮਦ ਕਾ	(ਗੁ.ਨਾ.ਦੇ.ਯੂ. 124)
ਗੋਸਟਿ ਡਾਖਣੀ ਪੀਰ ਮੁਰੀਦੀ ਕੀ	(ਭਾ.ਵਿ. 359)

(ੲ) ਇਤਿਹਾਸ, ਪੁਰਾਣ ਤੇ ਯੋਗ ਨਾਲ ਸੰਬੰਧਿਤ ਰਚਨਾਵਾਂ

ਗੋਸਟਿ ਸ੍ਰੀ ਗੋਰਖਨਾਥ ਕੀ	(ਭਾ.ਵਿ. 359)
ਗੋਸਟਿ ਸ੍ਰੀ ਗੋਰਖ ਬਿਆਸ ਕੀ	(ਭਾ.ਵਿ. 359)

SikhBookClub.com

ਗੋਸ਼ਟਿ ਦਾ ਸਿਰਨਾਵਾਂ	*ਪ੍ਰਾਪਤੀ ਦਾ ਅਸਥਾਨ*
ਗੋਸਟਿ ਸ੍ਰੀ ਗੋਰਖਨਾਥ ਅਰੁ ਨਾਗਾਰਜੁਨ ਕੀ	(ਭਾ.ਵਿ. 359)
ਕਥਾ ਆਦਿ ਨਿਰੰਜਨ ਕਰਤਾ ਪੁਰਖ ਕੀ	(ਭਾ.ਵਿ. 359)
ਗੋਸਟਿ ਆਦਿ ਪੂਰਬਲੀ	(ਭਾ.ਵਿ. 359)
ਆਦਿ ਕਥਾ ਰਾਜੇ ਭਰਥਰੀ ਕੀ	(ਭਾ.ਵਿ. 359)
ਗੁਰ ਮਨਿ ਕੀ ਕਥਾ	(ਭਾ.ਵਿ. 359)
ਗੋਸਟਿ ਗੋਰਖ ਗੁਸਾਈ ਕੀ	(ਭਾ.ਵਿ. 359)
ਗੋਸਟਿ ਸ੍ਰੀ ਗੋਪੀ ਚੰਦ ਕੀ	(ਭਾ.ਵਿ. 359)

ਉਪਰੋਕਤ ਕਿਰਤਾਂ ਵਿੱਚੋਂ ਮਸਲੇ ਸ਼ੇਖ ਫਰੀਦ ਕੇ (ਵੇਖੋ, ਹਥਲੀ ਪੁਸਤਕ ਦੀ ਪ੍ਰਸਤਾਵਨਾ, ਪੰ. 15) ਤੇ "ਕਥਾ ਗੁਸਾਈ ਰਵਿਦਾਸ ਜੀ ਕੀ ਸਮਾਵਣ ਕੀ"[60] ਛਪ ਚੁੱਕੀਆਂ ਹਨ। ਇਨ੍ਹਾਂ ਤੋਂ ਛੁੱਟ, ਕੁੱਝ ਸਿੱਧਾਂ ਜੋਗੀਆਂ, ਭਗਤਾਂ ਤੇ ਪੀਰਾਂ ਪੈਗੰਬਰਾਂ ਦੀਆਂ ਗੋਸ਼ਟਾਂ, ਜਿਵੇਂ ਗੋਸ਼ਟਿ ਸ੍ਰੀ ਗੋਪੀ ਚੰਦ ਕੀ, ਆਦਿ ਕਥਾ ਰਾਜੇ ਭਰਥਰੀ ਕੀ, ਗੋਸ਼ਟਿ ਸ੍ਰੀ ਗੋਰਖ ਬਿਆਸ ਕੀ, ਗੋਸ਼ਟਿ ਗੋਰਖ ਗੁਸਾਈਂ ਕੀ, ਗੋਸ਼ਟਿ ਸ੍ਰੀ ਗੋਰਖ ਨਾਥ ਕੀ, ਗੋਸ਼ਟਿ ਸ੍ਰੀ ਨਾਮੇ ਤਿਲੋਚਨ ਕੀ, ਗੋਸ਼ਟਿ ਗੁਸਾਂਈ ਧੰਨੇ ਕੀ, ਗੋਸ਼ਟਿ ਸਧਨੇ ਗੁਸਾਂਈ ਕੀ, ਗੋਸ਼ਟਿ ਕਾਨ੍ਹੇ ਭਗਤ ਕੀ, ਗੋਸ਼ਟਿ ਡਾਖਣੀ ਪੀਰ ਮੁਰੀਦ ਕੀ, ਮਸਲਾ ਮੂਸੇ ਪੈਕੰਬਰ ਕਾ, ਮਸਲਾ ਹਸਨ ਹੁਸੈਨ ਕਾ, ਗੋਸ਼ਟਿ ਮਾਰਫਤ ਕੀ, ਗੁਫਤਾਰ ਸਾਦਕਾ ਕੀ, ਭਾਸ਼ਾ ਵਿਭਾਗ ਦੀ ਪੁਸਤਕ *ਗੋਸ਼ਟੀਆਂ*[61] ਵਿਚ ਛਪ ਚੁੱਕੀਆਂ ਹਨ। ਬਾਕੀ ਦੀਆਂ ਕਿਰਤਾਂ ਹਾਲਾਂ ਅਣਛਪੀਆਂ ਹਨ।

ਏਥੇ ਅਸੀਂ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੀ ਲਾਇਬ੍ਰੇਰੀ ਵਿਚ ਸੁਰੱਖਿਅਤ ਹੱਥ-ਲਿਖਤ 359 ਤੇ ਉਸ ਵਿਚ ਛੋਟੇ ਮੇਲ ਨਾਲ ਸੰਬੰਧਿਤ ਕੋਈ ਚਾਰ ਦਰਜਨ ਗੋਸ਼ਟਾਂ, ਕਥਾਵਾਂ ਤੇ ਮਸਲਿਆਂ, ਆਦਿ ਦੀ ਰਚਿਆਰਤਾ ਬਾਰੇ ਚਰਚਾ ਕਰਨਾ ਚਾਹਵਾਂਗੇ। ਇਹ ਪ੍ਰਾਚੀਨ ਖਰੜਾ ਅਥਿਤ ਹੈ ਪਰ ਇਸ ਦੀ ਪੁਰਾਤਨ ਲੇਖਣੀ ਤੇ ਕਈ ਹੋਰ ਗਵਾਹੀਆਂ ਦੇ ਆਧਾਰ ਉੱਤੇ, ਇਹ ਸਹਿਜੇ ਹੀ, 17ਵੀਂ ਸਦੀ ਈ. ਵਿਚ ਲਿਖਿਆ/ਸੰਕਲਿਤ ਕੀਤਾ ਸਿੱਧ ਕੀਤਾ ਜਾ ਸਕਦਾ ਹੈ। ਇਸ ਹੱਥ-ਲਿਖਤ ਦੀ ਜਾਣ-ਪਛਾਣ ਤੇ ਇਸ ਵਿਚ ਸੰਮਲਿਤ ਕਿਰਤਾਂ ਲਈ ਵੇਖੋ ਇਸ ਪੁਸਤਕ ਦਾ ਜ਼ਮੀਮਾ ਨੰ. 6.

ਹ.ਲਿ. 359 ਮਿਹਰਵਾਨੀਆਂ ਦੀ ਉਪਜ ਹੈ, ਇਸ ਬਾਰੇ ਕੋਈ ਸੰਦੇਹ ਨਹੀਂ ਹੋਣਾ ਚਾਹੀਦਾ, ਕਿਉਂਕਿ ਪੱਤ੍ਰਾ 4 ਉੱਤੇ ਪਹਿਲੀ ਗੋਸ਼ਟਿ 'ਗੋਸਟਿ ਸ੍ਰੀ ਗੋਰਖਨਾਥ ਕੀ' ਛੋਟੇ ਮੇਲ ਦੀ ਨੁਹਾਰ ਵਾਲੇ ਮੂਲ ਮੰਤਰ ਨਾਲ ਸ਼ੁਰੂ ਹੁੰਦੀ ਹੈ : "੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ [ਅਕਾ]ਲ ਮੂਰਤਿ ਅਜੂਨੀ ਸੰਭੋ ਸਤਿਗੁਰੂ ਪਰਸਾ[ਦਿ]।" ਤੇ ਅੰਦਰ ਵੀ ਥਾਂ ਥਾਂ "ਸਤਿਗੁਰੂ ਪਰਸਾਦਿ/ਪ੍ਰਸਾਦੁ" ਵਰਤਿਆ

60. ਜਸਬੀਰ ਸਿੰਘ ਸਾਬਰ, ਸੰਪਾ., *ਭਗਤ ਰਵਿਦਾਸ ਸ੍ਰੋਤ ਪੁਸਤਕ*, 1997, ਪੰ. 62-67.
61. ਇਹ ਗੋਸ਼ਟੀਆਂ ਇੰਦਰ ਸਿੰਘ ਚਕ੍ਰਵਰਤੀ ਤੇ ਸ਼ਮਸ਼ੇਰ ਸਿੰਘ ਅਸ਼ੋਕ ਨੇ 1970 ਵਿਚ ਸੰਕਲਨ ਕੀਤੀਆਂ ਸਨ ਤੇ ਇਸ ਦੀ ਸੁਧਾਈ ਤੇ ਸੰਪਾਦਨ ਸਰਨ ਸਿੰਘ ਸਰੋਜ ਨੇ ਕੀਤਾ ਸੀ।

SikhBookClub.com

ਗਿਆ ਹੈ। ਇਸ ਤੋਂ ਇਲਾਵਾ, ਕਈ ਗੋਸ਼ਟਾਂ ਦੇ ਅਖ਼ੀਰ ਉੱਤੇ, ਜਿਵੇਂ ਮਿਹਰਵਾਨ ਦੀਆਂ ਗੋਸ਼ਟਾਂ ਦੀ ਰੀਤ ਹੈ, ਸਲੋਕ ਦਿੱਤੇ ਹੋਏ ਹਨ। ਜਿਨ੍ਹਾਂ ਸਲੋਕਾਂ ਵਿਚ 'ਨਾਨਕ ਦਾਸ' ਦੀ ਮੁਹਰ ਹੈ, ਉਹ ਹਨ :

(1) ਗੋਸਟਿ ਸ੍ਰੀ ਗੋਰਖ ਨਾਥ ਕੀ (ਪੱਤਰਾ 32ਅ)
(2) ਮਸਲਾ ਮੂਸੇ ਪੈਕੰਬਰ ਕਾ (ਪੱਤਰਾ 190ੳ)
(3) ਗੋਸਟਿ ਸਧਨੇ ਗੁਸਾਈ ਕੀ (ਪੱਤਰਾ 190ਅ ਅਤੇ 197ਅ)
(4) ਗੋਸਟਿ ਡਾਖਣੀ ਪੀਰ ਮੁਰੀਦੀ ਕੀ (ਪੱਤਰਾ 393ੳ)
(5) ਗੋਸਟਿ ਗੋਰਖ ਗੁਸਾਈ ਕੀ (ਪੱਤਰਾ 400ੳ)

ਮਸਲਾ ਹਸਨ ਹੁਸੇਨ ਕਾ (ਪੱਤਰਾ 184) ਤੇ ਗੋਸਟਿ ਫ਼ਕੀਰਨੀ ਸਾਦਿਕ ਦੀ ਡਾਖਣੇ (ਪੱਤਰਾ 262ਅ) ਦੇ ਅਖ਼ੀਰ ਉੱਤੇ ਸਲੋਕ ਤਾਂ ਹਨ, ਪਰ ਮਸਲੇ ਦੀ ਕਵੀ-ਛਾਪ 'ਨਾਨਕ' ਹੈ ਤੇ ਗੋਸਟਿ ਬਿਨਾਂ-ਛਾਪ ਦੇ ਹੈ।

ਹ.ਲਿ. 359 ਦੇ ਪੱਤਰਾ 301ਅ ਉੱਤੇ ਮਿਹਰਵਾਨ (ਮਹਲਾ ੭) ਦਾ ਸ੍ਰੀਰਾਗ ਵਿਚ ਇਕ ਸ਼ਬਦ ਦਰਜ ਹੈ :

> ਮਨ ਰੇ ਸਭਿ ਸੁਖ ਸਤਗੁਰ ਪਾਸਿ
>
> ... ...
>
> ਰਾਖਹੁ ਨਾਨਕ ਦਾਸ ਕਉ ਆਪਨਾ ਨਾਮ ਜਪਾਇ ॥੪॥

ਗੋਬਿੰਦ ਸਿੰਘ ਲਾਂਬਾ ਦਾ ਹ.ਲਿ. 359 ਬਾਬਤ ਇਹ ਬਿਆਨ ਹੈ :

> ਵਖ ਵਖ ਰਚਨਾ ਦੀ ਬੋਲੀ ਵਖ ਵਖ ਹੈ ਇਸ ਲਈ ਇਹ ਸਾਰੀਆਂ ਰਚਨਾਵਾਂ ਇਕ ਵਿਅਕਤੀ ਦੀਆਂ ਨਹੀਂ। ਇਨ੍ਹਾਂ ਵਿਚ ਕੁੱਝ ਗੋਸ਼ਟਾਂ ਆਦਿ ਜੋ ਹਨ ਉਹ ਮਿਹਰਵਾਨੀਆਂ ਦੀ ਰਚਨਾ ਹੋ ਸਕਦੀ ਹੈ ਪਰ ਮਸਲੇ ਸਾਰੇ ਮੁਸਲਮਾਨ ਲਿਖਾਰੀਆਂ ਦੀ ਕਿਰਤ ਜਾਪਦੇ ਹਨ, ਕਿਉਂਕਿ ਨਾ ਕੇਵਲ ਇਸ ਵਿਚ ਇਸਲਾਮੀ ਸ਼ਬਦਾਂ ਦੀ ਭਰਮਾਰ ਹੈ ਸਗੋਂ ਕਈ ਸਾਖੀਆਂ ਤਾਂ ਸ਼ੁਰੂ ਹੀ ਬਿਸਮ ਅਲਾ ਰਹਿਮਾਨ ਨਾਲ ਹੁੰਦੀਆਂ ਹਨ। ਫਿਰ ਇਨ੍ਹਾਂ ਦੀ ਬੋਲੀ ਮੁਲਤਾਨੀ ਹੈ ਜਦ ਕਿ ਸੋਢੀ ਮਿਹਰਵਾਨ ਜੀ ਮਾਝੇ ਦੇ ਜਮਪਲ ਸਨ। ਉਹਨਾਂ ਦੀਆਂ ਹੋਰ ਰਚਨਾਵਾਂ ਨਾਲ ਬੋਲੀ ਮੇਲ ਨਹੀਂ ਖਾਂਦੀ।[62]

ਅਸੀਂ ਲਾਂਬਾ ਹੁਰਾਂ ਨਾਲ ਸਹਿਮਤ ਨਹੀਂ ਹਾਂ, ਕਿਉਂਕਿ ਅਸੀਂ ਘੱਟੋ-ਘੱਟ ਦੋ ਸਰਾਇਕੀ ਗੋਸ਼ਟਾਂ—'ਮਸਲਾ ਮੂਸੇ ਪੈਕੰਬਰ ਕਾ' ਤੇ 'ਗੋਸਟਿ ਡਾਖਣੀ ਪੀਰ ਮੁਰੀਦੀ ਕੀ' ਬਾਰੇ ਦੱਸ ਆਏ ਹਾਂ ਕਿ ਉਹ ਮਿਹਰਵਾਨ ਦੀਆਂ ਰਚਨਾਵਾਂ ਹਨ।

ਹੋਰ ਕਈ ਵਿਦਵਾਨ ਖੋਜਕਾਰ, ਜਿਨ੍ਹਾਂ ਨੇ ਹ.ਲਿ. 359 ਨੂੰ ਵਾਚਿਆ ਹੈ, ਜਿਵੇਂ, ਪਿਆਰ ਸਿੰਘ[63], ਸ਼ਮਸ਼ੇਰ ਸਿੰਘ ਅਸ਼ੋਕ[64], ਗੁਰਮੋਹਨ ਸਿੰਘ ਵਾਲੀਆ[65], ਇਸ ਸਿੱਟੇ ਉੱਤੇ ਪੁੱਜੇ ਹਨ ਕਿ ਇਸ ਖਰੜੇ ਦੀਆਂ ਗੋਸ਼ਟਾਂ, ਕਥਾਵਾਂ ਤੇ ਮਸਲੇ, ਕੁੱਝ ਯਾਦਦਾਸ਼ਤ-ਨੁਮਾ ਤੇ ਯੋਗ ਸੰਬੰਧੀ ਫੁਟਕਲ ਕਿਰਤਾਂ ਛੱਡ ਕੇ, ਮਿਹਰਵਾਨ ਦੀ ਰਚਨਾ ਮੰਨੀਆਂ

---

62. *ਮਸਲੇ ਸ਼ੇਖ਼ ਫਰੀਦ ਦਾ ਆਲੋਚਨਾਤਮਕ ਵਿਵੇਚਨ*, ਗੋਬਿੰਦ ਸਿੰਘ ਲਾਂਬਾ, ਅਥਿਤ, ਪੰ. 51.
63. ਪਿਆਰ ਸਿੰਘ, *A Critical Survey of Punjabi Prose in the Seventeenth Century*, 1968, p. 149, p. 158.
64. *ਸੋਢੀ ਮਿਹਰਵਾਨ ਜੀਵਨ ਤੇ ਸਾਹਿੱਤ*, 1968, ਪੰ. 78-79.
65. *ਸੋਢੀ ਮਿਹਰਬਾਨ ਦੀ ਗੱਦ ਰਚਨਾ*, 1992, ਪੰ. 40.

SikhBookClub.com

ਜਾ ਸਕਦੀਆਂ ਹਨ। ਸੰਤ ਇੰਦਰ ਸਿੰਘ ਚਕ੍ਰਵਰਤੀ[66] ਇਸ ਖਰੜੇ ਨੂੰ ਪਿਰਥੀ ਚੰਦ ਦੇ ਸਮੇਂ ਵਿਚ ਕਲੇਵਰ-ਬੱਧ ਹੋਇਆ ਦੱਸਦੇ ਹਨ, ਜੋ ਕਿ ਠੀਕ ਨਹੀਂ ਹੈ। ਇਹ ਮਿਹਰਵਾਨ ਦੇ ਸਮੇਂ ਜਾਂ ਉਸ ਤੋਂ ਬਾਅਦ ਦੀ ਉਪਜ ਹੈ।

(ਸ) ਸਿੱਖ ਗੁਰੂਆਂ ਨਾਲ ਸੰਬੰਧਿਤ ਰਚਨਾਵਾਂ

1. ਜਨਮ ਸਾਖੀ ਗੁਰੂ ਨਾਨਕ ਦੇਵ ਜੀ

ਇਸ ਛੇ-ਲੜੀ ਮਿਹਰਵਾਨ ਵਾਲੀ ਜਨਮ ਸਾਖੀ ਦੀਆਂ ਪਹਿਲੀਆਂ ਤਿੰਨ ਪੋਥੀਆਂ—ਪੋਥੀ ਸਚਖੰਡ, ਪੋਥੀ ਹਰਿ ਜੀ ਤੇ ਪੋਥੀ ਚਤੁਰਭੋਜ ਦੋ ਜਿਲਦਾਂ ਵਿਚ ਛਪ ਚੁੱਕੀਆਂ ਹਨ (ਵੇਖੋ ਇਸ ਪੁਸਤਕ ਦੀ ਪ੍ਰਸਤਾਵਨਾ ਦਾ ਪੰ. 15 ਤੇ ਪੰ. 19)।

ਇਨ੍ਹਾਂ ਵਿੱਚੋਂ ਪੋਥੀ ਹਰਿ ਜੀ ਤੇ ਪੋਥੀ ਚਤੁਰਭੋਜ ਦੇ ਰਚਿਆਰ ਬਾਰੇ ਮੱਤਭੇਦ ਹੈ। ਸਾਡੀ ਰਾਏ ਹੈ ਕਿ ਇਨ੍ਹਾਂ ਤਿੰਨਾਂ ਪੋਥੀਆਂ ਦੀਆਂ ਗੋਸ਼ਟਾਂ ਦੀ ਬਣਤਰ, ਬਿਆਨ-ਢੰਗ, ਸ਼ੈਲੀ, ਸ਼ਬਦ-ਚੋਣ ਤੇ ਅਖ਼ੀਰ ਉੱਤੇ ਆਏ ਸਲੋਕਾਂ ਵਿਚ 'ਨਾਨਕ ਦਾਸ' ਕਵੀ-ਛਾਪ ਦੀ ਇਕਸਾਰਤਾ, ਇਨ੍ਹਾਂ ਸਾਰੀਆਂ ਗੋਸ਼ਟਾਂ ਨੂੰ ਇੱਕੋ ਰਚਿਆਰ, ਅਰਥਾਤ ਮਿਹਰਵਾਨ ਦੀ ਕਿਰਤ ਸਿੱਧ ਕਰਦੀਆਂ ਹਨ। ਮਿਹਰਵਾਨ ਨੇ ਇਨ੍ਹਾਂ ਗੋਸ਼ਟਾਂ ਨੂੰ ਉਚਾਰਿਆ/ਲਿਖਵਾਇਆ ਤੇ ਕੇਸ਼ੋ ਦਾਸ ਨੇ ਲਿਖਿਆ ਤੇ ਤਰਤੀਬ ਦਿੱਤੀ। ਪੋਥੀ ਹਰਿ ਜੀ ਤੇ ਪੋਥੀ ਚਤਰਭੋਜ, ਇਹ ਪੋਥੀਆਂ ਕੇਸ਼ੋ ਦਾਸ ਨੇ ਬਾਅਦ ਵਿਚ ਹਰਿ ਜੀ ਤੇ ਚਤਰਭੋਜ ਦੀ ਦੇਖ-ਰੇਖ ਵਿਚ ਮੁਕੰਮਲ ਕੀਤੀਆਂ, ਜਿਸ ਕਾਰਨ ਇਹ ਉਨ੍ਹਾਂ ਨੂੰ ਸਮਰਪਨ ਕੀਤੀਆਂ ਹੋਈਆਂ ਹਨ, ਇਹ ਉਨ੍ਹਾਂ ਦੀਆਂ ਆਪਣੀਆਂ ਰਚਨਾਵਾਂ ਨਹੀਂ ਕਹੀਆਂ ਜਾ ਸਕਦੀਆਂ।

ਇਸ ਜਨਮਸਾਖੀ ਲੜੀ ਦੀਆਂ ਅਖ਼ੀਰਲੀਆਂ ਤਿੰਨ ਪੋਥੀਆਂ—ਪੋਥੀ ਕੇਸੋ ਰਾਇ, ਅਭੈ ਪਦ ਪੋਥੀ ਤੇ ਪ੍ਰੇਮ ਪਦ (ਜਾਂ ਪਰਮਤਤ) ਪੋਥੀ, ਅਜੇ ਤਕ ਨਹੀਂ ਲੱਭ ਸਕੀਆਂ। ਪਰ ਇਨ੍ਹਾਂ ਵਿੱਚੋਂ 33 ਫੁਟਕਲ ਗੋਸ਼ਟਾਂ ਨਰਿੰਦਰ ਕੌਰ ਭਾਟੀਆ ਨੇ ਲੱਭ ਕੇ ਆਪਣੀ ਪੁਸਤਕ, *ਮਿਹਰਬਾਨ ਰਚਿਤ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਨਵੀਆਂ ਲੱਭੀਆਂ ਗੋਸਟਾਂ)* (ਵੇਖੋ, ਹਥਲੀ ਪੁਸਤਕ ਦੀ ਪ੍ਰਸਤਾਵਨਾ, ਪੰ. 27) ਵਿਚ ਛਪਵਾਈਆਂ ਹਨ।

ਅਸੀਂ ਦੱਸ ਆਏ ਹਾਂ ਕਿ ਖਾਲਸਾ ਕਾਲਜ, ਅੰਮ੍ਰਿਤਸਰ ਵੱਲੋਂ ਦੋ ਜਿਲਦਾਂ ਵਿਚ ਪ੍ਰਕਾਸ਼ਿਤ *ਜਨਮਸਾਖੀ ਗੁਰੂ ਨਾਨਕ ਦੇਵ ਜੀ* ਦੀਆਂ ਪਹਿਲੀਆਂ ਤਿੰਨ ਪੋਥੀਆਂ, ਖਾ.ਕਾ.ਅੰ. ਹ.ਲਿ. SHR 427, ਮਿਤੀ 1828 ਈ. ਅਤੇ ਖਾ.ਕਾ.ਅੰ. ਹ.ਲਿ. SHR 2190 ਉੱਤੇ ਨਿਰਭਰ ਹਨ। ਹੁਣ ਇਨ੍ਹਾਂ ਪੋਥੀਆਂ ਦੀਆਂ ਕੁੱਝ ਹੋਰ ਪੁਰਾਣੀਆਂ ਹੱਥ-ਲਿਖਤਾਂ ਵੀ ਪ੍ਰਾਪਤ ਹੋ ਚੁੱਕੀਆਂ ਹਨ, ਜਿਵੇਂ :

(1) ਪ੍ਰੋ.ਪ੍ਰੀ.ਸਿੰ. ਹ.ਲਿ. 235, ਮਿਤੀ 1777 ਈ.। (ਚਤਰਭੋਜ ਪੋਥੀ)

(2) ਗੁ.ਨਾ.ਦੇ.ਯੂ. ਹ.ਲਿ. 83. (ਸਚਖੰਡ ਪੋਥੀ)

66. *ਮਸਲੇ ਸ਼ੇਖ਼ ਫ਼ਰੀਦ ਕੇ*, 1962, ਭੂਮਿਕਾ।

SikhBookClub.com

(3) ਗੁ.ਨਾ.ਦੇ.ਯੂ. ਹ.ਲਿ. 945, ਮਿਤੀ 1780 ਈ.।

(4) ਪੋਥੀ ਮਿਹਰਬਾਨ। ਗੁਰਦੁਆਰਾ ਬਸਤਰ ਅਸਥਾਨ, ਢਿੱਲਵਾਂ ਕਲਾਂ, ਮਿਤੀ 1801 ਈ.।

(5) ਕ੍ਰਿਸ਼ਣਾ ਕੁਮਾਰੀ ਬਾਂਸਲ, (41-ਸੈਕਟਰ 8, ਪੰਚਕੂਲਾ), ਹਰਿਜੀ ਪੋਥੀ, ਮਿਤੀ 1828 ਈ. (ਹਵਾਲਾ ਗੁਰਮੋਹਨ ਸਿੰਘ ਵਾਲੀਆ ਦੀ ਕਿਤਾਬ *ਸੋਢੀ ਮਿਹਰਬਾਨ ਦੀ ਗੱਦ ਰਚਨਾ* ਦੇ ਪੰ. 42 ਤੋਂ)

(6) ਰਤਨ ਸਿੰਘ ਜੱਗੀ, *ਪੰਜਾਬੀ ਸਾਹਿੱਤ ਦਾ ਸਰੋਤ-ਮੂਲਕ ਇਤਿਹਾਸ*, ਭਾਗ ਤੀਜਾ, ਦੇ ਪੰ. 19 ਉੱਤੇ ਸੂਚਨਾ ਦੇਂਦੇ ਹਨ ਕਿ ਮਿਸਿਜ਼ ਬਾਂਸਲ ਕੋਲ ਇਕ 'ਜਨਮਸਾਖੀ ਮਿਹਰਵਾਨ' ਦੀ ਹੱਥ-ਲਿਖਤ ਪੋਥੀ ਵੀ ਹੈ।

ਨੋਟ: ਉਪਰੋਕਤ ਹੱਥ-ਲਿਖਤਾਂ ਤੋਂ ਇਲਾਵਾ, ਇਨ੍ਹਾਂ ਪੋਥੀਆਂ ਵਿਚਲੀਆਂ ਕਈ ਗੋਸ਼ਟਾਂ ਦੀਆਂ ਹੱਥ-ਲਿਖਿਤ ਨਕਲਾਂ ਸੁਤੰਤਰ ਰੂਪ ਵਿਚ ਵੀ ਪ੍ਰਾਪਤ ਹਨ, ਜਿਵੇਂ *ਗੋਸ਼ਟਿ ਰਾਜੇ ਜਨਕ ਕੀ*[67], *ਜਪੁ ਪਰਮਾਰਥ*[68], ਆਦਿ।

2. ਗੋਸ਼ਟਾਂ ਗੁਰੂ ਅਮਰ ਦਾਸ

ਇਹ ਵੀ ਮਿਹਰਵਾਨ ਦੀ ਰਚਨਾ ਸਿੱਧ ਹੁੰਦੀਆਂ ਹਨ। 28 ਗੋਸ਼ਟਾਂ, ਰਾਏਜਸਬੀਰ ਸਿੰਘ ਦੁਆਰਾ ਸੰਪਾਦਿਤ *ਗੁਰੂ ਅਮਰ ਦਾਸ ਸਰੋਤ ਪੁਸਤਕ* ਵਿਚ ਛਪ ਚੁੱਕੀਆਂ ਹਨ (ਵੇਖੋ, ਹਥਲੀ ਪੁਸਤਕ ਦੀ ਪ੍ਰਸਤਾਵਨਾ, ਪੰ. 24)

ਕਾਵਿ ਰਚਨਾ

1. ਰਾਗ ਰਾਮਕਲੀ ਓਅੰਕਾਰ ਦੱਖਣੀ ਵੱਡਾ

ਇਹ ਰਚਨਾ ਕਈ ਹੱਥ-ਲਿਖਿਤ ਗ੍ਰੰਥਾਂ ਵਿਚ ਮਿਲਦੀ ਹੈ ਤੇ ਛਪ ਚੁੱਕੀ ਹੈ। *ਪ੍ਰਾਣ ਸੰਗਲੀ* ਵਿਚ ਇਸ ਦਾ ਸਿਰਲੇਖ ਹੈ: "ਰਾਗ ਰਾਮਕਲੀ ਮਹਲਾ ੧, ਓਅੰਕਾਰ ਦਖਣੀ ਧਿਆਓ ਆਤਮ ਪਰਬੋਧ, ਰਾਜੇ ਸਿਵਨਾਭ ਤੇ ਪੈੜੇ ਮੋਖੇ ਆਂਦਾ।" ਇਸ ਦੀ ਕਵੀ-ਛਾਪ 'ਨਾਨਕ' ਹੈ।[69]

ਬਾਵਜੂਦ ਇਸ ਦੇ ਕਿ ਇਸ ਵਿਚ ਸੋਢੀ ਮਿਹਰਵਾਨ ਦੀ ਕਵੀ-ਛਾਪ 'ਨਾਨਕ ਦਾਸ' ਨਹੀਂ ਵਰਤੀ ਗਈ, ਕਈ ਲੇਖਕ ਇਸ ਨੂੰ ਮਿਹਰਵਾਨ ਦੀ ਰਚਨਾ ਮੰਨਦੇ ਹਨ। ਬਲਜਿੰਦਰ ਕੌਰ ਜੋਸ਼ੀ ਨੇ ਇਸ ਨੂੰ ਮਹਲਾ ੭ ਦੇ ਸਿਰਲੇਖ ਹੇਠ ਛਪਵਾਇਆ ਹੈ।[70]

---

67. ਪੰ.ਯੂ.ਚੰ. 1193; ਸੈਂ.ਸ.ਲਾ. 1499, 7398; ਭਾ.ਵਿ. 235; ਗੁ.ਨਾ.ਦੇ.ਯੂ. 753, ਵਗੈਰਾ।

68. ਪ੍ਰੋ.ਪ੍ਰੀ.ਸਿੰ. 11, 101, ਤੇ ਕਈ ਹੋਰ; ਪੰ.ਯੂ.ਚੰ. 1270, 1193; ਭਾ.ਵਿ. 346; ਸੈਂ.ਸ.ਲਾ. 668, 671, 673, 693, 2527; ਗੁ.ਨਾ.ਦੇ.ਯੂ. 234; ਗੁਰਿੰਦਰ ਸਿੰਘ ਮਾਨ, ਯੂਨੀਵਰਸਿਟੀ ਆਫ ਕੈਲਿਫ਼ੋਰਨੀਆ, ਸਾਂਟਾ ਬਾਰਬਰਾ, ਹ.ਲਿ.ਪੋਥੀ ਮਿਤੀ 1682 ਈ., ਵਗੈਰਾ।

69. *ਪ੍ਰਾਣ ਸੰਗਲੀ*, ਜਗਜੀਤ ਸਿੰਘ ਖਾਨਪੁਰੀ (ਸੰਪਾ.), 1991, ਪੰ. 159-168.

70. *ਬਾਣੀ ਬਿਲਾਸ*, 2000, ਪੰ. 46-52. ਮਿਸਿਜ਼ ਜੋਸ਼ੀ ਨੇ ਪਾਠ ਦਾ ਸਰੋਤ ਨਹੀਂ ਦਿੱਤਾ।

SikhBookClub.com

ਸਿਮਰਜੀਤ ਸਿੰਘ ਨੇ ਵੀ ਗ਼ਲਤੀ ਨਾਲ ਇਸ ਨੂੰ ਮਹਲਾ ੭ ਦੇ ਅਧੀਨ ਪੇਸ਼ ਕੀਤਾ ਹੈ।[71] ਸ਼ਮਸ਼ੇਰ ਸਿੰਘ ਅਸ਼ੋਕ[72], ਤੇ ਪਿਆਰਾ ਸਿੰਘ ਪਦਮ[73], ਦਾ ਯਕੀਨ ਹੈ ਕਿ ਇਹ ਓਅੰਕਾਰ ਵੱਡਾ (87 ਪਉੜੀਆਂ) ਮਿਹਰਵਾਨ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਰਾਮਕਲੀ ਮਹਲਾ ੧ ਦਖਣੀ ਓਅੰਕਾਰ' (54 ਪਉੜੀਆਂ) ਦੇ ਮੁਕਾਬਲੇ ਵਿਚ ਰਚਿਆ ਸੀ। ਇਸ ਰਚਨਾ ਦੇ ਲੇਖਕ ਬਾਰੇ ਅਸੀਂ ਇਸ ਪੁਸਤਕ-ਲੜੀ ਦੀ ਇਕ ਅਗਲੀ, ਸੋਢੀ ਮਿਹਰਵਾਨ ਦੀ ਕਾਵਿ-ਰਚਨਾ ਵਾਲੀ ਪੁਸਤਕ ਵਿਚ ਖੁੱਲ੍ਹ ਕੇ ਵਿਚਾਰ ਕਰਾਂਗੇ। *ਪ੍ਰਾਣ ਸੰਗਲੀ* ਵਿਚ ਨਾਨਕ ਨਾਂ ਵਾਲੇ ਕਈ ਹੋਰ ਅਧਿਆਇ ਐਸੇ ਹਨ, ਜਿਨ੍ਹਾਂ ਦੇ ਰਚਿਆਰ ਨਿਸਚਿਤ ਕਰਨੇ ਸੌਖੇ ਨਹੀਂ ਹਨ।

2. ਰਾਗ ਗਾਉੜੀ ਪੂਰਬੀ ਬਾਵਨ ਅਖਰੀ ਮਹਲਾ ੧

ਇਸ ਦੀ ਕਵੀ-ਛਾਪ 'ਨਾਨਕ ਦਾਸ' ਹੈ, ਇਸ ਲਈ ਇਹ ਰਚਨਾ ਮਿਹਰਬਾਨ ਰਚਿਤ ਮੰਨੀ ਜਾਂਦੀ ਹੈ। ਇਹ ਬਾਵਨ ਅੱਖਰੀ ਗੁਰੂ ਅਰਜਨ ਦੇਵ ਜੀ ਦੀ 'ਗਉੜੀ ਬਾਵਨ ਅਖਰੀ ਮਹਲਾ ੫' (*ਸ੍ਰ.ਗੁ.ਗ੍ਰੰ.ਸਾ.*, ਪੰ. 250) ਦੀ ਰੀਸੇ ਉਚਾਰੀ ਲੱਗਦੀ ਹੈ। ਇਸ ਦਾ ਮੂਲ ਪਾਠ ਜਗਜੀਤ ਸਿੰਘ ਖਾਨਪੁਰੀ ਦੀ ਪੁਸਤਕ *ਪ੍ਰਾਣ ਸੰਗਲੀ*[74] ਵਿਚ ਦਰਜ ਹੈ। ਬਲਜਿੰਦਰ ਕੌਰ ਜੋਸ਼ੀ ਦੀ *ਬਾਣੀ ਬਿਲਾਸ*[75], ਅਤੇ ਸਿਮਰਜੀਤ ਸਿੰਘ ਦੀ *Demeaning the Sikh Tradition* ਵਿਚ ਇਹ ਰਾਗ ਗਾਉੜੀ ਪੂਰਬੀ ਬਾਵਨ ਅਖਰੀ ਮਹਲਾ ੭ ਦੇ ਸਿਰਲੇਖ ਹੇਠ ਅੰਕਿਤ ਹੈ।[76]

3. ਰਾਗ ਰਾਮਕਲੀ ਮਹਲਾ ੧ ਵਰਨਮਾਲਾ

ਇਹ ਜਗਜੀਤ ਸਿੰਘ ਖਾਨਪੁਰੀ ਦੁਆਰਾ ਸੰਪਾਦਿਤ *ਪ੍ਰਾਣ ਸੰਗਲੀ* ਵਿਚ ਸੰਕਲਿਤ ਹੈ।[77] ਇਸ ਵਿਚ ਇਕ ਸਲੋਕ ਤੇ 85 ਪਉੜੀਆਂ ਹਨ। ਪਹਿਲੀ, 37ਵੀਂ, 83ਵੀਂ ਅਤੇ ਆਖ਼ਰੀ 85ਵੀਂ ਪਉੜੀ ਵਿਚ 'ਨਾਨਕ ਦਾਸ' ਕਵੀ-ਛਾਪ ਵਰਤੀ ਗਈ ਹੈ, ਜਦ ਕਿ ਮੁਢਲੇ ਸਲੋਕ ਤੇ ਬਾਕੀ ਦੀਆਂ ਸਾਰੀਆਂ ਪਉੜੀਆਂ ਵਿਚ ਕਵੀ ਛਾਪ

---

71. *Demeaning the Sikh Tradition*, 2006, p. 251-270. ਸਿਮਰਜੀਤ ਸਿੰਘ ਨੇ ਇਸ ਰਚਨਾ ਦੇ ਸੈਂ.ਸ.ਲਾ. ਹ.ਲਿ. 682 ਵਿਚ ਦਿੱਤੇ ਸਿਰਲੇਖ ਨੂੰ ਗ਼ਲਤੀ ਨਾਲ ਮਹਲਾ ੧ ਦੀ ਬਜਾਏ ਮਹਲਾ ੭ ਪੜ੍ਹਿਆ ਹੈ (ਵੇਖੋ, ਉਨ੍ਹਾਂ ਦੀ ਪੁਸਤਕ ਦਾ ਪੰ. 89)। ਇਹ ਭੁਲੇਖਾ ਲੱਗਣਾ ਸੁਭਾਵਿਕ ਹੈ ਕਿਉਂਕਿ, ਜਿਵੇਂ ਅਸਾਂ ਖ਼ੁਦ ਵੇਖਿਆ ਹੈ, ਇਸ ਹ.ਲਿ. ਦਾ ਲਿਖਾਰੀ '੧' ਤੇ '੭' ਨੂੰ ਤਕਰੀਬਨ ਇੱਕੋ ਤਰ੍ਹਾਂ ਲਿਖਦਾ ਹੈ। ਸ਼ਮਸ਼ੇਰ ਸਿੰਘ ਅਸ਼ੋਕ ਨੇ ਇਸ ਨੂੰ ਮਹਲਾ ੧ ਪੜ੍ਹਿਆ ਸੀ (*ਪੰ.ਹ.ਲਿ.ਸੂ.* (1), ਪੰ. 308)
72. (ੳ) ਪੰ.ਹ.ਲਿ.ਸੂ. (1), ਪੰ. 308.
    (ਅ) ਗੁਰੂ ਨਾਨਕ ਦੇ ਨਾਂ ਤੇ ਕੱਚੀ ਬਾਣੀ, *ਖੋਜ ਪਤ੍ਰਿਕਾ*, ਨਵੰਬਰ 1969, ਪੰ. 63.
73. *ਕਲਮ ਦੇ ਚਮਤਕਾਰ*, 1981, ਪੰ. 123.
74. ਪੰ. 570-580. ਖਾਨਪੁਰੀ ਨੇ ਇਹ ਪਾਠ ਸੰਤ ਸੰਪੂਰਨ ਸਿੰਘ ਦੀ ਦੇਵਨਾਗਰੀ ਵਿਚ ਪ੍ਰਕਾਸ਼ਿਤ *ਪ੍ਰਾਣ ਸੰਗਲੀ* ਤੋਂ ਲਿਆ ਹੈ।
75. ਪੰ. 53-61.
76. ਪੰ. 271-284.
77. *ਪ੍ਰਾਣ ਸੰਗਲੀ* (1991) ਪੰ. 634-643। ਜਗਜੀਤ ਸਿੰਘ ਖਾਨਪੁਰੀ ਨੇ ਇਸ ਦਾ ਪਾਠ ਸੰਤ ਸੰਪੂਰਣ ਸਿੰਘ ਦੀ *ਪ੍ਰਾਣ ਸੰਗਲੀ* ਤੋਂ ਲਿਆ ਹੈ।

SikhBookClub.com

'ਨਾਨਕ' ਹੈ। ਅਸਾਂ ਇਸ ਨੂੰ ਮਿਹਰਵਾਨ ਦੀ ਰਚਨਾ ਮੰਨਿਆ ਹੈ। ਇਸ ਦਾ ਪਾਠ ਬਲਜਿੰਦਰ ਕੌਰ ਜੋਸ਼ੀ ਦੀ ਪੁਸਤਕ *ਬਾਣੀ ਬਿਲਾਸ* ਵਿਚ 'ਰਾਗ ਰਾਮਕਲੀ ਮਹਲਾ ੭ ਵਰਨਮਾਲਾ' ਦੇ ਸਿਰਲੇਖ ਹੇਠ ਦਰਜ ਹੈ ਪਰ ਇਹ ਰਚਨਾ ਉਨ੍ਹਾਂ ਨੇ ਕਿਸ ਸੋਮੇ ਤੋਂ ਪ੍ਰਾਪਤ ਕੀਤੀ ਹੈ, ਇਸ ਬਾਰੇ ਕੁੱਝ ਨਹੀਂ ਦੱਸਿਆ।

4. ਸਹੰਸ੍ਰਨਾਮਾ ਰਾਗ ਮਾਰੂ ਮਹਲਾ ੧

ਪ੍ਰਾਣ ਸੰਗਲੀ ਦੇ ਸੰਗ੍ਰਹਿਆਂ ਤੇ ਕਈ ਹੋਰ ਹੱਥ-ਲਿਖਤਾਂ ਵਿਚ, ਇਸ ਰਚਨਾ ਦਾ ਸਿਰਲੇਖ ਮਹਲਾ ੧ ਹੈ, ਪਰ ਬਲਜਿੰਦਰ ਕੌਰ ਜੋਸ਼ੀ ਨੇ ਇਸ ਨੂੰ 'ਰਾਗ ਮਾਰੂ ਮਹਲਾ ੭ ਸਹੰਸ੍ਰਨਾਮਾ' ਦੇ ਸਿਰਲੇਖ ਹੇਠ ਪੇਸ਼ ਕੀਤਾ ਹੈ।[78] ਇਸ ਦੇ 82 ਛੰਦ ਹਨ। ਛੰਦ ਨੰ. 10 ਤੇ 20 ਵਿਚ 'ਜਨੁ ਨਾਨਕ' ਜਾਂ 'ਨਾਨਕ ਜਨੁ', ਤੇ ਛੰਦ ਨੰ. 31, 41, 51, 61, 81 ਤੇ 82 ਵਿਚ 'ਨਾਨਕ' ਕਵੀ-ਛਾਪ ਵਜੋਂ ਵਰਤੇ ਗਏ ਹਨ। 'ਨਾਨਕ ਦਾਸੁ' ਕੇਵਲ ਛੰਦ ਨੰ. 72 ਵਿਚ ਹੈ, ਇਸ ਲਈ ਅਸੀਂ ਯਕੀਨ ਨਾਲ ਨਹੀਂ ਕਹਿ ਸਕਦੇ ਕਿ ਇਹ ਸਹੰਸਰਨਾਮਾ ਮਿਹਰਵਾਨ ਦੀ ਰਚਨਾ ਹੈ। ਅਸੀਂ ਇਸ ਨੂੰ ਮਿਹਰਵਾਨ ਸੰਪ੍ਰਦਾਇ ਦੀ ਅਗਿਆਤ ਰਚਨਾ ਕਰਾਰ ਦਿੱਤਾ ਹੈ।[79]

ਇਹ ਸਹੰਸ੍ਰਨਾਮਾ *ਪ੍ਰਾਣ ਸੰਗਲੀ* ਤੋਂ ਇਲਾਵਾ, ਕੁੱਝ ਹੇਠਾਂ ਲਿਖੇ ਹ.ਲਿ. ਸੰਗ੍ਰਹਿਆਂ ਵਿਚ ਵੀ ਦਰਜ ਹੈ:

(1) ਗੁਰਿੰਦਰ ਸਿੰਘ ਮਾਨ, ਯੂਨੀਵਰਸਿਟੀ ਆਫ਼ ਕੈਲਿਫੋਰਨੀਆ, ਸਾਂਟਾ ਬਾਰਬਰਾ ਪਾਸ ਇਕ ਹੱਥ-ਲਿਖਤ ਗ੍ਰੰਥ, ਮਿਤੀ 1682 ਈ.
(2) ਪ੍ਰੋ.ਪ੍ਰੀ.ਸਿੰ. ਹ.ਲਿ. 420, ਮਿਤੀ 1723 ਈ.
(3) ਪੰ.ਯੂ.ਪ. ਹ.ਲਿ. 115715, ਮਿਤੀ 1745 ਈ.
(4) ਗੁ.ਨਾ.ਦੇ.ਯੂ. ਹ.ਲਿ. 402, 537, 820, 839, 1141, 1235, 1277.
(5) ਇੰਡੀਆ ਆਫ਼ਿਸ, ਲੰਡਨ MSS Panj. B2.
(6) *ਵਣਜਾਰਾ ਪੋਥੀ*, ਜਵੱਦੀ ਟਕਸਾਲ, ਲੁਧਿਆਣਾ।

---

78. *ਬਾਣੀ ਬਿਲਾਸ,* 2000, ਪੰ. 69-73.

79. ਪਸ਼ੌਰਾ ਸਿੰਘ ਨੇ ਦੱਸਿਆ ਹੈ ਕਿ 'ਰਾਗੁ ਮਾਰੂ ਸਹੰਸ੍ਰਨਾਮਾ ਮਹਲਾ ੧' ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ, ਲੁਧਿਆਣਾ ਵਿਚ ਸੁਰੱਖਿਅਤ *ਵਣਜਾਰਾ ਪੋਥੀ* ਨਾਂ ਦੇ ਖਰੜੇ ਵਿਚ ਦਰਜ ਹੈ। ਪਰ (ਮਹਲਾ) ੧ ਉੱਤੇ, ਜੋ ਪੜ੍ਹਿਆ ਜਾਂਦਾ ਹੈ, ਹੜਤਾਲ ਫੇਰ ਕੇ (ਮਹਲਾ) ੬ ਲਿਖਿਆ ਹੋਇਆ ਹੈ। ਪਸ਼ੌਰਾ ਸਿੰਘ ਅਨੁਸਾਰ, ਇਸ ਤਰ੍ਹਾਂ ਇਹ ਰਚਨਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਜੁੜਦੀ ਹੈ। ਸਾਡਾ ਖ਼ਿਆਲ ਹੈ ਕਿ ਇਸ ਰਚਨਾ ਨੂੰ ਗੁਰੂ ਹਰਿਗੋਬਿੰਦ ਨਾਲ ਨਹੀਂ ਬਲਕਿ ਸੋਢੀ ਪਿਰਥੀ ਚੰਦ (ਛੋਟੇ ਮੇਲ ਦੇ ਮਹਲਾ ੬) ਨਾਲ ਜੋੜਨ ਦਾ ਜਤਨ ਕੀਤਾ ਗਿਆ ਹੈ। ਕੀ ਇਹ ਸੱਚ-ਮੁੱਚ ਸੋਢੀ ਪਿਰਥੀ ਚੰਦ ਦੀ ਰਚਨਾ ਹੈ ? ਇਸ ਬਾਰੇ ਕੋਈ ਸਬੂਤ ਨਹੀਂ ਹੈ। ਵੇਖੋ, Pashaura Singh ਦਾ ਲੇਖ, "Vanjara Pothi : A New Source in the Formation of Sikh Canon", in Tony Ballantyne, ed., *Textures of the Sikh Past*. 2007, pp. 53-54. (ਅਸਾਂ ਹੁਣ *ਵਣਜਾਰਾ ਪੋਥੀ* ਦੀ ਸੀ.ਡੀ. ਪ੍ਰਾਪਤ ਕਰ ਲਈ ਹੈ)

SikhBookClub.com

5.0. ਵਾਰਾਂ

5.1. ਰਾਗੁ ਗਉੜੀ ਵਾਰ ਦਸਾ ਅਵਤਾਰਾ ਕੀ ਮਹਲਾ ੭

ਪ੍ਰੋ.ਪ੍ਰੀ.ਸਿੰ. ਹ.ਲਿ. 360 (ਪੁਰਾਣਾ ਨੰ. 182)। ਇਸ ਦਾ ਪਾਠ ਸਿਮਰਜੀਤ ਸਿੰਘ ਦੀ ਪੁਸਤਕ *Demeaning the Sikh Tradition* ਵਿਚ ਛਪ ਚੁੱਕਾ ਹੈ। ਇਹ ਵਾਰ ਪ੍ਰੋ.ਪ੍ਰੀ.ਸਿੰ. ਹ.ਲਿ. 420, ਮਿਤੀ 1723 ਈ., ਵਿਚ ਵੀ ਪ੍ਰਾਪਤ ਹੈ।

5.2. ਰਾਗੁ ਮਾਲਕੋਸ ਕੀ ਵਾਰ ਮਹਲਾ ੭

ਪ੍ਰੋ.ਪ੍ਰੀ.ਸਿੰ. ਹ.ਲਿ. 360.

ਪੰ.ਯੂ.ਪ. ਹ.ਲਿ. 115607.

ਪ੍ਰੋ.ਪ੍ਰੀ.ਸਿੰ. 360 ਵਿਚਲੀ ਇਸ ਵਾਰ ਦਾ ਪਾਠ ਸਿਮਰਜੀਤ ਸਿੰਘ ਦੀ ਪੁਸਤਕ *Demeaning the Sikh Tradition* ਵਿਚ ਅੰਕਿਤ ਹੈ।

5.3. ਰਾਗੁ ਬਿਲਾਵਲ ਵਾਰ ਪੀਰਾਂ ਕੀ ਮਹਲਾ ੭

ਪ੍ਰੋ.ਪ੍ਰੀ.ਸਿੰ. ਹ.ਲਿ. 360, 149.

ਪੰ.ਯੂ.ਪ.. ਹ.ਲਿ. 115607.

ਗੁ.ਨਾ.ਦੇ.ਯੂ. ਹ.ਲਿ. 752, 834, 839.

ਇਸ ਵਾਰ ਦਾ ਦੂਜਾ ਨਾਂ 'ਵਾਰ ਬਿਲਾਵਲ ਕੀ ਪੈਕੰਬਰੀ ਕੀ' ਹੈ, ਵੇਖੋ, ਗੁ.ਨਾ.ਦੇ.ਯੂ. ਹ.ਲਿ. 753.[80] ਇਹ ਵਾਰ 1951 ਈ. ਵਿਚ ਸ਼ਮਸ਼ੇਰ ਸਿੰਘ ਅਸ਼ੋਕ ਨੇ ਆਪਣੀ ਪੁਸਤਕ *ਸਿੱਖੀ ਤੇ ਸਿੱਖ ਇਤਿਹਾਸ* ਵਿਚ ਛਪਵਾਈ ਸੀ। ਇਹ ਪਿਆਰਾ ਸਿੰਘ ਪਦਮ ਦੀ ਪੁਸਤਕ *ਪੰਜਾਬੀ ਵਾਰਾਂ* ਵਿਚ ਵੀ ਦਰਜ ਹੈ।

5.4. ਰਾਗੁ ਮਲ੍ਹਾਰ ਕੀ ਵਾਰ ਮਹਲਾ ੭

ਪ੍ਰੋ.ਪ੍ਰੀ.ਸਿ. ਹ.ਲਿ. 78.

ਭਾ.ਵਿ. ਹ.ਲਿ. 265.

ਇਹ ਵਾਰ ਪਿਆਰਾ ਸਿੰਘ ਪਦਮ ਦੀ ਪੁਸਤਕ *ਪੰਜਾਬੀ ਵਾਰਾਂ* ਵਿਚ ਤੇ ਬਲਜਿੰਦਰ ਕੌਰ ਜੋਸ਼ੀ ਦੀ ਪੁਸਤਕ *ਬਾਣੀ ਬਿਲਾਸ* ਵਿਚ ਛਪ ਚੁੱਕੀ ਹੈ।

5.5. ਰਾਗੁ ਗਉੜੀ ਕੀ ਵਾਰ ਮਹਲਾ ੭

ਪ੍ਰੋ.ਪ੍ਰੀ.ਸਿੰ. ਹ.ਲਿ. 78. ਇਹ ਵਾਰ ਅਜੇ ਅਪ੍ਰਕਾਸ਼ਿਤ ਹੈ।

---

80. ਇਸ ਵਾਰ ਨੂੰ ਗੁਰਮੋਹਨ ਸਿੰਘ ਵਾਲੀਆ ਨੇ ਪਤਾ ਨਹੀਂ ਕਿਉਂ, ਮਹਲਾ ੭ ਦੀ ਇਕ ਵੱਖਰੀ ਵਾਰ ਗਿਣਿਆ ਹੈ। (ਵੇਖੋ *ਸੋਢੀ ਮਿਹਰਬਾਨ ਦੀ ਗੱਦ ਰਚਨਾ*, 1992, ਪੰ. 51)

SikhBookClub.com

5.6. ਰਾਗੁ ਭੈਰੋ ਕੀ ਵਾਰ ਮਹਲਾ ੭

ਪ੍ਰੋ.ਪ੍ਰੀ.ਸਿੰ. ਹ.ਲਿ. 78. ਇਹ ਵਾਰ ਵੀ ਅਜੇ ਅਪ੍ਰਕਾਸ਼ਿਤ ਹੈ।

5.7. ਗੁਰੂ ਬਾਬੇ ਦੀ ਵਾਰ ਮ: ੭

ਸੰਤ ਇੰਦਰ ਸਿੰਘ ਚਕ੍ਰਵਰਤੀ ਦੇ ਲੇਖ ਬਾਬਾ ਮਿਹਰਵਾਨ ਦੀ ਰਚਨਾ ਵਿਚ ਇਸ ਵਾਰ ਦੇ ਕੁੱਝ ਅੰਸ਼ ਹਨ।[81]

ਨੋਟ : ਬਲਜਿੰਦਰ ਕੌਰ ਜੋਸ਼ੀ ਨੇ ਆਪਣੀ ਪੁਸਤਕ *ਬਾਣੀ ਬਿਲਾਸ* ਵਿਚ ਤਿੰਨ ਹੋਰ ਵਾਰਾਂ—'ਵਾਰ ਆਸਾ', 'ਸੋਰਠ ਕੀ ਵਾਰ' ਤੇ 'ਤਿਲੰਗ ਕੀ ਵਾਰ', ਮਹਲਾ ੭ ਦੇ ਅਧੀਨ ਪੇਸ਼ ਕੀਤੀਆਂ ਹਨ। ਮਿਸਿਜ਼ ਜੋਸ਼ੀ ਨੇ ਇਨ੍ਹਾਂ ਵਾਰਾਂ ਦੇ ਸ੍ਰੋਤ ਬਾਰੇ ਕੋਈ ਹਵਾਲਾ ਨਹੀਂ ਦਿੱਤਾ। ਵਾਰ ਆਸਾ, ਪ੍ਰਾਣ ਸੰਗਲੀ ਵਿਚ "ਰਾਗੁ ਆਸਾ ਮਹਲਾ ੧ ਵਾਰ ਮਾਲਕੌਂਸ ਕੀ ਧਿਆਉ 22 ਬਾਈਸਵਾਂ ਪਉੜੀਆਂ 35 ਪੈਂਤੀਸ ਕਾ ਬਾਲੇ ਸਚਿਆ" ਦੇ ਸਿਰਲੇਖ ਥੱਲੇ ਦਰਜ ਹੈ।[82] ਇਸ ਦੀ ਕਵੀ-ਛਾਪ ਕੇਵਲ ਨਾਨਕ ਹੈ, ਸੋ ਜਿੰਨਾ ਚਿਰ ਇਸਦੇ ਰਚਿਆਰ ਬਾਰੇ ਕੋਈ ਪੱਕਾ ਸਬੂਤ ਨਹੀਂ ਮਿਲ ਜਾਂਦਾ, ਅਸਾਂ ਇਸ ਰਚਨਾ ਨੂੰ 'ਅਗਿਆਤ ਜਾਂ ਫ਼ੁਟਕਲ' ਦੀ ਪੰਡ ਵਿਚ ਸਾਂਭ ਦਿੱਤਾ ਹੈ। ਦੂਜੀਆਂ ਦੋ ਵਾਰਾਂ, 'ਸੋਰਠ ਕੀ ਵਾਰ' ਤੇ 'ਤਿਲੰਗ ਕੀ ਵਾਰ', ਜਿਵੇਂ ਅਸਾਂ ਹਥਲੀ ਪੁਸਤਕ ਦੇ ਅਗਲੇ ਕਾਂਡ ਵਿਚ ਦਰਸਾਇਆ ਹੈ, ਮਹਲਾ ੮ ਦੀਆਂ ਰਚਨਾਵਾਂ ਹਨ, ਮਹਲਾ ੭ ਦੀਆਂ ਨਹੀਂ। ਬੜੀ ਅਜੀਬ ਗੱਲ ਹੈ ਕਿ ਮਿਸਿਜ਼ ਜੋਸ਼ੀ ਦੇ ਪੀ-ਐਚ.ਡੀ. ਥੀਸਿਸ (1997 ਈ.) ਵਿਚ ਤਾਂ ਇਨ੍ਹਾਂ ਦੋਨਾਂ ਵਾਰਾਂ ਦਾ ਕਰਤਾ ਮਹਲਾ ੮ ਹੈ[83], ਪਰ *ਬਾਣੀ ਬਿਲਾਸ* (2000 ਈ.) ਵਿਚ ਮਹਲਾ ੭। ਇਸ ਦਾ ਕਾਰਨ ਕੀ ਹੈ, ਉਨ੍ਹਾਂ ਨੇ ਇਹ ਨਹੀਂ ਦੱਸਿਆ।

6.0. ਸ਼ਬਦ ਸਲੋਕ

ਮਿਹਰਵਾਨ ਦੇ ਸ਼ਬਦ ਸਲੋਕ ਨਿਮਨ-ਲਿਖਿਤ ਰਚਨਾਵਾਂ ਵਿਚ ਮਿਲਦੇ ਹਨ :

6.1. ਸੁਖਮਨੀ ਸਹੰਸਰਨਾਮਾ

ਮਿਹਰਵਾਨ ਦੀਆਂ ਸੂਹੀ ਰਾਗ ਵਿਚ ਰਚੀਆਂ 4 ਲਾਵਾਂ, ਹਰਿ ਜੀ ਨੇ ਸੁਖਮਨੀ ਸਹੰਸਰਨਾਮਾ ਦੀ 21ਵੀਂ, 23ਵੀਂ, 25ਵੀਂ ਤੇ 28ਵੀਂ ਅਸ਼ਟਪਦੀ ਵਿਚ ਸ਼ਾਮਿਲ ਕੀਤੀਆਂ ਹਨ। ਇਹ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਅੰਕਿਤ ਲਾਵਾਂ ਦੇ ਪੈਟਰਨ ਉੱਤੇ ਰਚੇ ਸ਼ਬਦ ਹਨ। ਇਹ ਪ੍ਰੋ.ਪ੍ਰੀ.ਸਿੰ. ਹ.ਲਿ. 78 ਵਿਚ ਵੀ ਮੌਜੂਦ ਹਨ। ਇਨ੍ਹਾਂ ਦੀ ਕਵੀ-ਛਾਪ 'ਦਾਸ ਨਾਨਕ' ਹੈ।

---

81. *ਪੰਜਾਬੀ ਦੁਨੀਆ*, ਅਕਤੂਬਰ 1963, ਪੰ. 62-64.
82. ਜਗਜੀਤ ਸਿੰਘ ਖਾਨਪੁਰੀ, *ਪ੍ਰਾਣ ਸੰਗਲੀ*, 1991, ਪੰ. 280.
83. *ਸੋਢੀ ਹਰਿ ਜੀ ਰਚਿਤ ਵਾਰਤਕ ਦਾ ਆਲੋਚਨਾਤਮਕ ਅਧਿਐਨ*, ਥੀਸਿਸ, 1997, ਪੰ. 360.

SikhBookClub.com

6.2. *ਗੋਸ਼ਟਾਂ ਮਿਹਰਬਾਨ ਜੀ ਕੀਆਂ*

ਰਾਗੁ ਮਾਝਿ ਵਿਚ ਉਚਾਰਿਆ ਪਹਿਲਾ ਸ਼ਬਦ ਤੇ ਅੰਤਿਮ ਸਲੋਕ।

6.3. ਪ੍ਰੋ.ਪ੍ਰੀ.ਸਿੰ. ਹ.ਲਿ. 78

ਇਹ ਹੱਥ-ਲਿਖਤ ਇਸ ਵਕਤ ਛੋਟੇ ਮੇਲ ਦੀ ਰਚਨਾ ਦਾ ਸਭ ਤੋਂ ਵੱਡਾ ਸੰਗ੍ਰਹਿ ਹੈ (ਵੇਖੋ, ਜ਼ਮੀਮਾ ਨੰ. 4)। ਇਸ ਵਿਚ ਮਹਲਾ ੭ ਦੇ 18 ਰਾਗਾਂ ਵਿਚ 99 ਸ਼ਬਦ ਅਤੇ ਇਕ ਸਲੋਕ ਦਰਜ ਹਨ:

ਰਾਗੁ	*ਸ਼ਬਦ-ਗਿਣਤੀ*
ਮਾਝ ਸਬਦੁ ਮਹਲਾ ੭	1
ਰਾਗੁ ਸ੍ਰੀਰਾਗੁ ਮਹਲਾ ੭	6
ਰਾਗੁ ਮਾਝ ਮਹਲਾ ੭	8
ਰਾਗੁ ਗਉੜੀ ਮਹਲਾ ੭	8
ਰਾਗੁ ਆਸਾ ਮਹਲਾ ੭	6
ਰਾਗੁ ਗੂਜਰੀ ਮਹਲਾ ੭	7
ਰਾਗੁ ਵਡਹੰਸ ਮਹਲਾ ੭	2
ਰਾਗੁ ਸੋਰਠਿ ਮਹਲਾ ੭	2
ਰਾਗੁ ਧਨਾਸਰੀ ਮਹਲਾ ੭	8
ਰਾਗੁ ਤਿਲੰਗੁ ਮਹਲਾ ੭	6
ਰਾਗੁ ਸੂਹੀ ਮਹਲਾ ੭	9 (ਇਨ੍ਹਾਂ ਵਿਚ 'ਲਾਵਾਂ' ਸ਼ਾਮਿਲ ਹਨ)
ਰਾਗੁ ਬਿਲਾਵਲ ਮਹਲਾ ੭	7
ਰਾਗੁ ਰਾਮਕਲੀ ਮਹਲਾ ੭	6
ਰਾਗੁ ਮਾਰੂ ਮਹਲਾ ੭	7
ਰਾਗੁ ਤੁਖਾਰੀ ਮਹਲਾ ੭	1
ਰਾਗੁ ਭੈਰਉ ਮਹਲਾ ੭	2
ਰਾਗੁ ਬਸੰਤ ਮਹਲਾ ੭	5
ਰਾਗੁ ਮਲ੍ਹਾਰ ਮਹਲਾ ੭	6
ਰਾਗੁ ਪਰਭਾਤੀ ਮਹਲਾ ੭	2
ਕੁੱਲ ਸ਼ਬਦ	99

ਇਸ ਸੰਗ੍ਰਹਿ ਵਿਚ ਆਦਿ ਗ੍ਰੰਥ ਵਾਲੀ ਜਪੁ ਬਾਣੀ ਤੋਂ ਬਾਅਦ ਮਹਲਾ ੭ ਦਾ 1 ਸਲੋਕ ਵੀ ਦਰਜ ਹੈ।

6.4. ਖਾ.ਕਾ.ਅੰ. ਹ.ਲਿ.SHR 2306

ਹਰ ਗੋਸ਼ਟਿ ਦੇ ਅੰਤ ਵਿਚ ਮਹਲਾ ੭ ਦਾ ਸਲੋਕ ਹੈ। ਇਨ੍ਹਾਂ ਦੀ ਗਿਣਤੀ 23 ਹੈ। ਗੋਸ਼ਟਾਂ ਦੇ ਵਿਚਕਾਰ ਮਹਲਾ ੭ ਦੇ 6 ਸ਼ਬਦ ਹਨ।

SikhBookClub.com

6.5. ਹ.ਲਿ. ਪੋਥੀ ਮਿਹਰਬਾਨ, ਗੁਰਦੁਆਰਾ ਬਸਤਰ ਅਸਥਾਨ, ਢਿੱਲਵਾਂ ਕਲਾਂ

6 ਨਵੀਆਂ ਗੋਸ਼ਟਾਂ ਦੇ ਅੰਤ ਵਿਚ ਸਲੋਕ।

6.6. ਪੰ.ਯੂ.ਪ. ਹ.ਲਿ. 115715

ਮ: ੭ ਦੇ 6 ਸ਼ਬਦ।

6.7. ਸਿ.ਰੈ.ਲਾ. ਹ.ਲਿ. 8759

ਇਸ ਵਿੱਚੋਂ ਮਹਲਾ ੭ ਦਾ ਇਕ ਸ਼ਬਦ 'ਰਾਗ ਗਉੜੀ ਮਹਲਾ ੧', ਕੁਲਵੰਤ ਸਿੰਘ ਨੇ ਆਪਣੇ ਲੇਖ 'ਕੱਚੀ ਬਾਣੀ'[84] ਵਿਚ ਦਿੱਤਾ ਹੋਇਆ ਹੈ। ਇਹ ਸ਼ਬਦ ਪ੍ਰੋ. ਪ੍ਰੀ.ਸਿੰ. ਹ.ਲਿ. 78 ਵਿਚ ਵੀ ਦਰਜ ਹੈ।

6.8. ਭਾ.ਵਿ. ਹ.ਲਿ. 359

6 ਸਲੋਕ ਤੇ ਸਿਰੀ ਰਾਗੁ ਵਿਚ 1 ਸ਼ਬਦ।

6.9. ਪੋਥੀ ਸਚਖੰਡ[85], ਪੋਥੀ ਹਰਿ ਜੀ, ਪੋਥੀ ਚਤਰਭੋਜ[86] ਤੇ ਗੋਸ਼ਟਾਂ ਗੁਰੂ ਅਮਰ ਦਾਸ ਦੀਆਂ[87]

ਇਨ੍ਹਾਂ ਦੀਆਂ ਗੋਸ਼ਟਾਂ ਦੇ ਅੰਤ ਉੱਤੇ ਸਲੋਕ ਹਨ, ਜਿਨ੍ਹਾਂ ਦੀ ਗਿਣਤੀ 320 ਦੇ ਕਰੀਬ ਹੈ।

6.10. ਕ੍ਰਿਸ਼ਨਾ ਕੁਮਾਰੀ ਬਾਂਸਲ ਹ.ਲਿ. 27

30 ਸਲੋਕ।[88]

6.11. ਗੁ.ਨਾ.ਦੇ.ਯੂ. ਹ.ਲਿ. 12, ਜਨਮ ਸਾਖੀ ਮਹਲਾ ੧, ਅਮਰ ਕਥਾ ਕੀ ਪੋਥੀ

ਅਖ਼ੀਰ ਉੱਤੇ ਦੋ ਸਲੋਕ, ਕਵੀ-ਛਾਪ 'ਨਾਨਕ ਦਾਸ'।

---

84. *ਆਲੋਚਨਾ*, ਗੁਰੂ ਨਾਨਕ ਅੰਕ, ਨਵੰਬਰ-ਦਸੰਬਰ, 1970.
85. *ਜਨਮ ਸਾਖੀ ਗੁਰੂ ਨਾਨਕ ਦੇਵ ਜੀ*, ਭਾਗ ਪਹਿਲਾ, ਕਿਰਪਾਲ ਸਿੰਘ ਤੇ ਹੋਰ (ਸੰਪਾ.), ਅੰਤਿਕਾ ਨੰ. 4, ਪੰ. 530-541.
86. *ਜਨਮ ਸਾਖੀ ਗੁਰੂ ਨਾਨਕ ਦੇਵ ਜੀ*, ਭਾਗ ਦੂਜਾ, ਕਿਰਪਾਲ ਸਿੰਘ ਤੇ ਹੋਰ (ਸੰਪਾ.), ਅੰਤਿਕਾ, ਪੰ. 625-644.
87. ਰਾਏਜਸਬੀਰ ਸਿੰਘ, *ਗੁਰੂ ਅਮਰ ਦਾਸ ਸ੍ਰੋਤ ਪੁਸਤਕ*, 1986, ਪੰ. 46-207. ਲੇਖਕ ਨੇ ਇਨ੍ਹਾਂ ਗੋਸ਼ਟਾਂ ਨੂੰ ਹਰਿ ਜੀ ਦੀ ਰਚਨਾ ਕਿਹਾ ਹੈ। ਅਸੀਂ ਇਨ੍ਹਾਂ ਨੂੰ ਮਿਹਰਵਾਨ ਦੀ ਰਚਨਾ ਮੰਨਦੇ ਹਾਂ।
88. ਗੁਰਮੋਹਨ ਸਿੰਘ ਵਾਲੀਆ, *ਸੋਢੀ ਮਿਹਰਬਾਨ ਦੀ ਗੱਦ ਰਚਨਾ*, 1992, ਦੇ ਪੰ. 50 ਉੱਤੇ ਦਿੱਤਾ ਹਵਾਲਾ ਨੰ. 23: ਕ੍ਰਿਸ਼ਣਾ ਕੁਮਾਰੀ ਬਾਂਸਲ, ਪੰਚਕੁਲਾ, ਹ.ਲਿ. 27, ਪੰ. 14ਅ।

SikhBookClub.com

6.12. ਗੁ.ਨਾ.ਦੇ.ਯੂ. ਹ.ਲਿ. 1003

ਇਸ ਹ.ਲਿ. ਵਿਚ ਮਹਲਾ ੭ ਦੇ ਕੋਈ 95 ਦੇ ਕਰੀਬ ਸ਼ਬਦ ਸਲੋਕ ਹਨ। ਛੋਟੇ ਮੇਲ ਦੀ ਰਚਨਾ ਤੇ ਗੁਰਬਾਣੀ ਦੀ ਅਜੀਬ ਮਿਲਾਵਟ ਹੈ; ਮਹਲਾ ੭ ਦੇ ਸਲੋਕ ਗੁਰੂ ਸਾਹਿਬਾਨ ਦੇ ਸ਼ਬਦਾਂ ਨਾਲ ਜੋੜੇ ਹੋਏ ਹਨ। ਬਹੁਤੇ ਸ਼ਬਦ ਪ੍ਰੋ.ਪ੍ਰੀ.ਸਿੰ. ਹ.ਲਿ. 78 ਵਿਚ ਤੇ ਸਲੋਕ ਮਿਹਰਵਾਨ ਵਾਲੀ *ਜਨਮ ਸਾਖੀ ਗੁਰੂ ਨਾਨਕ ਦੇਵ ਜੀ* ਵਿਚ ਵੀ ਪ੍ਰਾਪਤ ਹਨ। ਕੋਈ ਟਾਵਾਂ ਟਾਵਾਂ ਸ਼ਬਦ ਜਾਂ ਸਲੋਕ ਨਵਾਂ ਹੈ।

6.13. ਬਸੰਤ ਕੀ ਵਾਰ

ਕੇਵਲ 1 ਸਲੋਕ।

ਮਿਹਰਵਾਨ ਦੀਆਂ ਪਦ ਰਚਨਾਵਾਂ ਦਾ ਮੂਲ ਪਾਠ ਸਾਡੀ ਪੁਸਤਕ ਲੜੀ ਦੀ ਇਕ ਵੱਖਰੀ ਜਿਲਦ ਵਿਚ ਪੇਸ਼ ਕੀਤਾ ਗਿਆ ਹੈ।

SikhBookClub.com

4
ਸੋਢੀ ਹਰਿ ਜੀ ਤੇ ਉਨ੍ਹਾਂ ਦੇ ਸਾਹਿੱਤਿਕ ਜਤਨ

ਸੋਢੀ ਮਿਹਰਵਾਨ ਦਾ ਦੇਹੰਤ ਸੰਮਤ 1696 ਮਾਘ ਸੁਦੀ ਪੰਚਮੀ, ਮੁਤਾਬਕ 18 ਜਨਵਰੀ, 1640 ਨੂੰ ਮੁਹੰਮਦੀਪੁਰ ਵਿਚ ਹੋਇਆ। ਉਨ੍ਹਾਂ ਨੇ ਆਪਣਾ ਵਾਰਿਸ, ਆਪਣੇ ਤਿੰਨ ਪੁੱਤਰਾਂ—ਕਰਨ ਮੱਲ, ਹਰਿ ਜੀ ਤੇ ਚਤਰਭੋਜ ਵਿੱਚੋਂ ਹਰਿ ਜੀ ਨੂੰ ਚੁਣਿਆ। *ਗੋਸ਼ਟਾਂ ਮਿਹਰਬਾਨ ਜੀ ਕੀਆਂ* ਵਿਚ ਹਰਿ ਜੀ ਆਪਣੇ ਪਿਤਾ ਹੱਥੋਂ ਗੁਰਿਆਈ ਮਿਲਣ ਦਾ ਦ੍ਰਿਸ਼ ਇਸ ਤਰ੍ਹਾਂ ਬਿਆਨ ਕਰਦੇ ਹਨ:

> ਤਬ ਸ੍ਰੀ ਸਤਿਗੁਰੂ ਮਿਹਰਵਾਨ ਜੀ ਉਨ ਕਉ ਕਹਾਇ ਭੇਜਿਆ ਜਿ ਹਮ ਪਰਮੇਸੁਰ ਕੀ ਦਰਗਾਹ ਕਉ ਜਾਤੇ ਹੈ, ਤੁਮ ਸੋਦਰ ਕਉ ਲਾਗੇ ਗਾਵਣੇ। ਤਬ ਇਸ ਸੇਵਕ ਕਉ ਅਪਨੀ ਪੋਥੀ ਆਪਨੇ ਹਾਥ ਕਰਿ ਕਰਿ ਦੀਨੀ। ਅਰੁ ਅਪਨੀ ਜਿ ਮਾਲਾ ਥੀ, ਸਾ ਗਲੇ ਮਹਿ ਬਾਹੀ ਅਰੁ ਕਹਿਆ ਜਿ ਬਚਾ, ਜਿਉ ਮੇਰਾ ਇਨ ਕੇ ਸਾਥਿ ਹਿਤੁ ਥਾ, ਤਿਵੇ ਤੁਧੁ ਰਖਣਾ। ਗੁਰੂ ਰਖੇਗਾ।[1]

ਹਰਿ ਜੀ ਨੂੰ ਗੁਰਿਆਈ ਮਿਲਣ ਦੀ ਪ੍ਰੋੜ੍ਹਤਾ ਛੋਟੇ ਮੇਲ ਦੇ ਪ੍ਰਸਿੱਧ ਲਿਖਾਰੀ ਕੇਸ਼ੋ ਦਾਸ[2] ਤੋਂ ਛੁੱਟ ਕੁਸ਼ਲ ਦਾਸ[3] ਨੇ ਵੀ ਕੀਤੀ ਹੈ।

ਦਬਿਸਤਾਨਿ-ਮਜ਼ਾਹਿਬ ਦਾ ਕਰਤਾ ਮੀਰਜ਼ਾ ਜ਼ੁਲਫ਼ਿਕਾਰ ਆਜ਼ਰ ਸਾਸਾਨੀ

---

1. *ਗੋਸ਼ਟਾਂ ਮਿਹਰਬਾਨ ਜੀ ਕੀਆਂ*, ਕ੍ਰਿਸ਼ਣਾ ਕੁਮਾਰੀ ਬਾਂਸਲ (ਸੰਪਾ.), 1977, ਗੋਸਟਿ 45, ਪੰ. 253.
2. ਗੁ.ਨਾ.ਦੇ.ਯੂ. ਹ.ਲਿ. 598, ਪੱਤਰਾ 8:

    ਸੱਤਿ ਗੁਰੂ ਸ੍ਰੀ ਮਿਹਰਵਾਨੁ ਚਲਿਜੋ ਸਚੇ ਸਾਹਿਬ ਪਹਿ॥
    ਸੰਗਤ ਸਕਲ ਬੁਲਾਇ ਪਾਇ ਪੈਰੀ ਮੁਖ ਤੇ ਕਹਿ॥
    ਸ੍ਰੀ ਹਰਿ ਜੀ ਗੁਰ ਕੌ ਨਿਵਾਜ ਮਸਤਕ ਕਰੁ ਕਰਿਓ॥
    ਸਿੰਘਾਸਨ ਬੈਠਾਰਿ ਛੱਤ੍ਰ ਅਜਮਤ ਸਿਰ ਧਰਿਓ॥
    ਮਾਘ ਸੁਕਲ ਤਿਥ ਪੰਚਮੀ ਤੀਨ ਲੋਕ ਜੈ ਜੈ ਭਯੋ॥
    ਸੋਲਹ ਸੈ ਸੰਮਤ ਛਿਆਨਵੇ ਗੁਰੂ ਮਿਹਰਵਾਨੁ ਹਰਿ ਪਹਿ ਗਯੋ॥੧॥੩੦॥ *(ਕੇਸ਼ੋ ਦਾਸ)*

3. *ਉਹੀ*, ਪੱਤਰਾ 103.

    ਅਗਿਆ ਪਾਇ ਹਰਿ ਭਗਤਿ ਸਭ ਸੰਗਿ ਲੇ ਖਸਟ ਹੀ ਗੁਰੁ ਸੰਜੁਗਤਿ ਆਏ॥
    ਮਾਘ ਕੇ ਮਾਂਹਿ ਅਰੁ ਸੁਦੀ ਦਿਨ ਪੰਚਮੀ ਨੋਮ ਹੀ ਘਟੀ ਦਿਨ ਜੋਤਿ ਛਾਏ॥
    ਲਗਤਿ ਅਭੀਚੁ ਗੁਰ ਚਲੇ ਸਚ ਖੰਡ ਕੌ ਪਕੜਿ ਗੁਰ ਭੁਜਾ ਜਨ ਅੰਗ ਲਗਾਯੋ॥
    ਖੋੜ੍ਹ ਸੈ ਛਿਆਨਵੇ ਬਰਖ ਕੇ ਭੀਤਰਰੇ ਮਾਲ ਪੋਥੀ ਗਲੇ ਮਾਹਿ ਪਾਯੋ॥੧॥੫੯॥
    ਦਯਾ ਗੁਰ ਧਾਰਿ ਸਭ ਆਪ ਅਜਮਤਿ ਦਈ ਦੀਪ ਜਿਉ ਦੀਪ ਜੋਤੈ ਜਗਾਈ॥
    ਤਖਤਿ ਬੈਠਾਇ ਹਰਿ ਜੀ ਗੁਰੂ ਥਾਪਿਜੋ ਸਿੱਖ ਸੰਗਤਿ ਸਕਲ ਚਰਨ ਲਾਈ॥
    ਬਰਖ ਇਕਾਹਠੈ ਰਾਜੁ ਕੀਨੋ ਗੁਰੂ ਬਹੁਰਿ ਹਰਿ ਜੋਤਿ ਜੋਤੈ ਮਿਲਾਯੋ॥...॥੨॥੬੦॥

    (ਕੁਸ਼ਲ ਦਾਸ)

SikhBookClub.com

'ਮੁਬਿਦ', ਆਪਣੇ ਗ੍ਰੰਥ ਦੇ ਸਿੱਖਾਂ ਬਾਰੇ ਲਿਖੇ ਭਾਗ ਵਿਚ ਹਿਜਰੀ ਸਾਲ 1055 (1645-46 ਈ.) ਵਿਚ ਹਰਿ ਜੀ ਦੇ ਗੱਦੀ ਉੱਤੇ ਬੈਠੇ ਹੋਣ ਦੀ ਸ਼ਾਹਦੀ ਭਰਦਾ ਹੈ।[4]

ਹਰਿ ਜੀ ਦੀ ਜਨਮ-ਤਿਥ ਬਾਰੇ ਕਿਤੇ ਵੀ ਕੋਈ ਸੂਚਨਾ ਨਹੀਂ ਮਿਲਦੀ। ਕੁੱਝ ਵਿਦਵਾਨਾਂ ਨੇ ਅਨੁਮਾਨ ਲਾਇਆ ਹੈ ਕਿ ਆਪ 1605 ਤੇ 1615 ਈ. ਦੇ ਦੌਰਾਨ ਪੈਦਾ ਹੋਏ ਸਨ।[5] ਪਰ ਸਾਡਾ ਅੰਦਾਜ਼ਾ ਹੈ ਕਿ ਹਰਿ ਜੀ ਦਾ ਜਨਮ, ਕੁੱਝ ਸਾਲ ਪਹਿਲਾਂ, 1601 ਈ. ਦੇ ਨੇੜੇ ਤੇੜੇ ਹੋਇਆ ਹੋਵੇਗਾ (ਅਸਾਂ ਇਹ ਅੰਦਾਜ਼ਾ ਕਿਵੇਂ ਲਾਇਆ ਹੈ, ਇਸ ਲਈ ਵੇਖੋ, ਹਥਲੀ ਪੁਸਤਕ ਦਾ ਪੰ. 123)। ਹਰਿ ਜੀ ਦਾ ਚਲਾਣਾ ਵਿਸਾਖ ਵਦੀ ਇਕਾਦਸੀ ਸੰਮਤ 1753 ਬਿ. (17 ਅਪ੍ਰੈਲ, 1696) ਨੂੰ ਅੰਮ੍ਰਿਤਸਰ ਵਿਚ ਹੋਇਆ ਦੱਸਿਆ ਜਾਂਦਾ ਹੈ।[6] ਇਸ ਤਰ੍ਹਾਂ ਆਪ ਦਾ ਜੀਵਨ-ਕਾਲ 95 ਕੁ ਵਰ੍ਹੇ ਦਾ ਬਣਦਾ ਹੈ।

ਹਰਿ ਜੀ ਦੀ ਜ਼ਿੰਦਗੀ ਦੇ ਹਾਲਾਤ ਬਾਰੇ ਵੀ ਬੜੀ ਸੀਮਿਤ ਜਾਣਕਾਰੀ ਮਿਲਦੀ ਹੈ। ਉਨ੍ਹਾਂ ਦੇ ਬਚਪਨ ਤੋਂ 1640 ਈ. ਤਕ ਦੇ ਵਾਕਿਆਤ ਦਾ ਇੱਕੋ ਸਰੋਤ ਹੈ, ਉਨ੍ਹਾਂ ਦੀ ਆਪਣੀ ਲਿਖੀ ਪੋਥੀ *ਗੋਸ਼ਟਾਂ ਮਿਹਰਬਾਨ ਜੀ ਕੀਆਂ*, ਜਿਸ ਤੋਂ ਪਤਾ ਲੱਗਦਾ ਹੈ ਕਿ ਹਰਿ ਜੀ ਦਾ ਬਚਪਨ ਉਨ੍ਹਾਂ ਦੇ ਦਾਦਕੇ ਪਿੰਡ ਹੇਹਰ ਵਿਚ ਬੀਤਿਆ, ਉਹ ਆਪਣੇ ਪਿਤਾ ਦੇ ਮੈਦਾਨੀ ਤੇ ਪਹਾੜੀ ਇਲਾਕਿਆਂ ਦੀ ਰਮਤ ਸਮੇਂ ਹਰ ਵੇਲੇ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਤੇ ਉਨ੍ਹਾਂ ਦੀ ਵਿਦਵਤਾ ਦੀ ਛਾਂ ਹੇਠ ਵੱਡੇ ਹੋਏ।

ਹਰਿ ਜੀ ਆਪਣੇ ਪਿਤਾ ਦੇ ਚਹੇਤਾ ਸਨ। *ਗੋਸ਼ਟਾਂ ਮਿਹਰਬਾਨ ਜੀ ਕੀਆਂ* ਦਾ ਸਰਸਰੀ ਪਾਠ ਵੀ ਇਹ ਸਿੱਧ ਕਰਦਾ ਹੈ ਕਿ ਮਿਹਰਵਾਨ ਜੀ ਨੇ ਜਦ ਵੀ ਕਦੀ ਕੋਈ ਕਿਸੇ ਕੰਮ ਲਈ ਕਹਿਣਾ ਹੁੰਦਾ ਸੀ, ਤਾਂ ਹਰਿ ਜੀ ਨੂੰ ਹੀ ਮਾਣ ਬਖ਼ਸ਼ਿਆ ਜਾਂਦਾ ਸੀ। ਜਿਵੇਂ ਹੇਹਰਾਂ ਵਿਚ ਪਿਰਥੀ ਚੰਦ ਦੇ ਡੇਰੇ ਜਿਹੜਾ ਤਲਾਅ ਸੀ, ਜਦੋਂ ਇਸ ਨੂੰ ਪੱਕਾ ਕਰਨ ਦੀ ਸਲਾਹ ਬਣੀ, ਤਾਂ ਇਹ ਕੰਮ ਹਰਿ ਜੀ ਨੂੰ ਸੌਂਪਿਆ ਗਿਆ। ਹਰਿ ਜੀ ਹਰ ਕੰਮ ਵਿਚ ਆਪਣੇ ਪਿਤਾ ਦਾ ਹੱਥ ਵਟਾਉਂਦੇ। ਜਦੋਂ ਕੀਰਤਨ ਦੀ ਛਹਿਬਰ ਲੱਗਦੀ, ਤਾਂ ਹਰਿ ਜੀ ਰਬਾਬ ਵਜਾਇਆ ਕਰਦੇ। ਜਦੋਂ ਨਵੀਂ ਬਾਣੀ ਦਾ

---

4. *ਦਬਿਸਤਾਨਿ-ਮਜ਼ਾਹਿਬ*, 1904, ਮੁਨਸ਼ੀ ਨਵਲ ਕਿਸ਼ੋਰ, ਪੰ. 234.

   اکنوں کہ ہزاروپنج ہجریست گوروہرجی جانشین اوست۔

   [ਇਸ ਸਮੇਂ ਜਦੋਂ ਕਿ ਇਕ ਹਜ਼ਾਰ ਪਚਵੰਜਾ (1055) ਹਿਜਰੀ ਸਾਲ [1645-46 ਈ.] ਜਾਰੀ ਹੈ, ਗੁਰੂ ਹਰਿ ਜੀ ਉਸ ਦਾ [ਗੁਰੂ ਮਿਹਰਵਾਨ ਦਾ] ਜਾਨਸ਼ੀਨ ਹੈ।]
5. (ੳ) ਗੁਰਮੋਹਨ ਸਿੰਘ ਆਹਲੂਵਾਲੀਆ ਦਾ ਅੰਦਾਜ਼ਾ 1605 ਈ. ਹੈ। (*ਸੋਢੀ ਹਰਿ ਜੀ ਜੀਵਨ ਤੇ ਰਚਨਾ*, 1985, ਪੰ. 1)

   (ਅ) ਰਤਨ ਸਿੰਘ ਜੱਗੀ : 1610-1615 ਈ.। (*ਪੰਜਾਬੀ ਸਾਹਿੱਤ ਦਾ ਸਰੋਤ-ਮੂਲਕ ਇਤਿਹਾਸ*, ਭਾਗ ਤੀਜਾ, 1999, ਪੰ. 31)

   (ੲ) ਗਿਆਨੀ ਬਲਵੰਤ ਸਿੰਘ ਕੋਠਾ ਗੁਰੂ : 1614 ਈ.। (*ਕੋਠਾ ਗੁਰੂ ਦੀ ਗੌਰਵ ਗਾਥਾ*, 2004, ਪੰ. 82)
6. ਗਿਆਨੀ ਗਰਜਾ ਸਿੰਘ (ਸੰਪਾ.), *ਸ਼ਹੀਦ ਬਿਲਾਸ ਕ੍ਰਿਤ ਸੇਵਾ ਸਿੰਘ*, 1961, ਪੰ. 69.

SikhBookClub.com

ਪ੍ਰਕਾਸ਼ ਹੁੰਦਾ, ਤਾਂ ਪਿਤਾ-ਗੁਰੂ ਦੇ ਬਚਨ ਲਿਖਦੇ ਜਾਂਦੇ। ਹਰਿ ਜੀ ਸਦਾ ਆਪਣੇ ਪਿਤਾ ਦੇ ਪ੍ਰਵਚਨਾਂ, ਵਿਖਿਆਨਾਂ ਤੇ ਕਥਾ-ਵਾਰਤਾਵਾਂ ਵੇਲੇ ਉਨ੍ਹਾਂ ਦੀ ਸੰਗਤ ਕਰਦੇ।

1640 ਈ. ਤੋਂ ਬਾਅਦ ਦੇ ਕੁੱਝ ਵਾਕਿਆਤ ਦਾ ਵੇਰਵਾ, ਜੋ ਛੋਟੇ ਮੇਲ ਦੀਆਂ ਲਿਖਤਾਂ ਤੇ ਸਿੱਖ ਇਤਿਹਾਸ ਤੋਂ ਮਿਲਦਾ ਹੈ, ਇਸ ਪ੍ਰਕਾਰ ਹੈ :

(1) ਕੇਸ਼ੋ ਦਾਸ ਅਨੁਸਾਰ ਹਰਿ ਜੀ 1699 ਬਿ. ਅਰਥਾਤ 1642 ਈ. ਵਿਚ ਕੁਰੂਕਸ਼ੇਤ੍ਰ ਹੁੰਦੇ ਹੋਏ ਹਰਿਦੁਆਰ ਗੰਗਾ ਇਸ਼ਨਾਨ ਲਈ ਜਾਂਦੇ ਹਨ। ਕੇਸ਼ੋ ਦਾਸ ਦੇ ਹਰਿ ਜੀ ਦੀ ਉਸਤਤ ਵਿਚ ਲਿਖੇ ਇਕ ਸਵੱਯੇ ਦਾ ਸਿਰਲੇਖ ਹੈ :

> "ਇਹ ਸਵੈਯਾ ਗੰਗਾ ਜਾਂਦੀ ਵਾਰੀ ਕੁਰਛੇਤ੍ਰ ਨੋ ਪ੍ਰਦੱਖਨਾ ਦੇ ਕੈ ਗੁਰੂ ਓਥੇ ਜਾਇ ਬੈਠਾ ਤਾ ਓਥੇ ਹੁਕਮ ਨਾਲਿ ਹੋਇਆ। ਕਬਿਤ।"

ਅਗਲੇ ਸਵੱਯੇ ਦਾ ਸਿਰਲੇਖ ਹੈ :

> "ਇਹੁ ਸਵੈਯਾ ਗੰਗਾ ਹਰਿਦੁਆਰਿ ਉਪਰਿ ਹੋਇਆ। ਛਪੈ ਛੰਦ।
> *ਸੋਲਹ ਸੈ (ਨ)ਿਛਨਵੈ ਚੇਤ ਸੁਦ ਸੁਭ ਆਠੈਂ ਥਿਤ।*
> ਮੇਖ ਰਾਸ ਕੋ (ਸੁਭ) ਕੁੰਭ ਕੋ ਸੁਰ ਗੁਰੁ ਹੈ ਜਿਤ।
> ਕੇਸੋ ਪਰਮ ਪੁਨੀਤ ਪੁਰਬੁ (ਬੇਦਾਂ) ਮਹਿ ਗਾਯੋ।
> ਸਿੱਖ ਸੰਗਤਿ ਪਰਵਾਰੁ ਸੰਗਿ ਗੰ(ਗਾ) (ਦ੍ਵਾਰ) ਆਯੋ।
> ਭਈ ਪਵਿੱਤ੍ਰ ਤਬ ਸੁਰਸਰੀ ਜਬ (ਸਤਿਗੁਰੂ ਦੇ ਦਰਸੁ ਜਗਤ ਨਿਸਤਾਰੀਜੇ)।[7]

(2) 'ਹਰਿ ਜੀ ਪੋਥੀ' ਕੇਸ਼ੋ ਦਾਸ ਨੇ 1650 ਈ. ਵਿਚ ਹਰਿ ਜੀ ਦੀ ਨਿਗਰਾਨੀ ਵਿਚ ਮੁਹੰਮਦੀਪੁਰ ਬੈਠ ਕੇ ਤਿਆਰ ਕੀਤੀ ਸੀ। ਇਸ ਤੋਂ ਸੰਕੇਤ ਮਿਲਦਾ ਹੈ ਕਿ ਹਰਿ ਜੀ ਨੇ ਆਪਣੇ ਪਿਤਾ-ਗੁਰੂ ਦਾ ਮੁਹੰਮਦੀਪੁਰ ਵਾਲਾ ਡੇਰਾ ਬਰਕਰਾਰ ਰੱਖਿਆ ਸੀ।

(3) ਹਰਿ ਜੀ ਮੁਹੰਮਦੀਪੁਰ ਤੋਂ ਅੰਮ੍ਰਿਤਸਰ ਕਦੋਂ ਗਏ, ਇਸ ਬਾਰੇ ਕੋਈ ਇਤਿਹਾਸਿਕ ਸਬੂਤ ਨਹੀਂ ਮਿਲਦਾ। ਹੋ ਸਕਦਾ ਹੈ ਕਿ 1635 ਈ. ਤੋਂ ਬਾਅਦ ਸਿੱਖ ਗੁਰੂਆਂ ਦੀ ਗ਼ੈਰਹਾਜ਼ਰੀ ਵਿਚ ਮਿਹਰਵਾਨ ਤੇ ਹਰਿ ਜੀ ਨੇ ਕਿਸੇ ਵੇਲੇ ਇਲਾਕੇ ਦੇ ਮਹੰਤਾਂ ਤੇ ਮਸੰਦਾਂ ਨਾਲ ਤਾਲਮੇਲ ਪੈਦਾ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਦਾ ਬੰਦੋਬਸਤ ਆਪਣੇ ਹੱਥ ਵਿਚ ਲੈ ਲਿਆ ਹੋਵੇ। ਸਿੱਖ ਇਤਿਹਾਸ ਮੁਤਾਬਕ, ਗੁਰੂ ਹਰਿ ਰਾਇ ਜੀ (ਗੁ-ਕਾ. 1644-1661 ਈ.), 1651 ਈ. ਵਿਚ ਛੇ ਮਹੀਨੇ ਅੰਮ੍ਰਿਤਸਰ ਟਿਕ ਕੇ ਸਿੱਖ ਸੰਗਤਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਰਹੇ।[8] ਉਨ੍ਹਾਂ ਦਾ ਹਰਿ ਜੀ ਨਾਲ ਮਿਲਾਪ ਹੋਇਆ ਸੀ ਕਿ ਨਹੀਂ, ਇਸ ਬਾਰੇ ਇਤਿਹਾਸ ਚੁੱਪ ਹੈ।[9]

---

7. ਗੁ.ਨਾ.ਦੇ.ਯੂ. ਹ.ਲਿ. 598, ਪੰ. 11. (*ਨੋਟ:* ਬ੍ਰੈਕਟਾਂ ਵਿਚ ਲਿਖਿਆ ਪਾਠ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੀ ਪੁਸਤਕ *ਕੋਠਾ ਗੁਰੂ ਦੀ ਗੌਰਵ ਗਾਥਾ*, ਪੰ. 133 ਤੋਂ ਲਿਆ ਗਿਆ ਹੈ, ਕਿਉਂਕਿ ਹ.ਲਿ. 598 ਵਿਚ ਕਈ ਲਫ਼ਜ਼ ਮਿਟੇ ਹੋਏ ਹਨ।
8. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖਾਲਸਾ*, ਭਾਗ ਪਹਿਲਾ, 1999, ਪੰ. 623-24.
9. ਇਤਿਹਾਸਕਾਰ ਸੁਰਜੀਤ ਸਿੰਘ ਗਾਂਧੀ ਨੇ ਲਿਖਿਆ ਹੈ (ਵੇਖੋ, *History of Sikh Gurus Retold*, Vol. II, 2007, p. 567), ਕਿ ਗੁਰੂ ਹਰਿ ਰਾਇ ਸਾਹਿਬ ਦੇ ਦੌਰੇ ਦੇ ਦੌਰਾਨ, ਸੋਢੀ ਮਿਹਰਵਾਨ ਸ੍ਰੀ ਦਰਬਾਰ ਸਾਹਿਬ ਤੋਂ ਹਰਿਦੁਆਰ ਚਲਾ ਗਿਆ ਸੀ। ਇਹ ਬਿਆਨ ਠੀਕ ਨਹੀਂ ਹੈ, ਕਿਉਂਕਿ ਮਿਹਰਵਾਨ 1640 ਈ. ਵਿਚ ਸੁਰਗਵਾਸ ਹੋ ਚੁੱਕਾ ਸੀ।

SikhBookClub.com

(4) 1664 ਈ. ਵਿਚ ਗੱਦੀ ਨਸ਼ੀਨੀ ਤੋਂ ਕੁੱਝ ਮਹੀਨੇ ਬਾਅਦ, ਗੁਰੂ ਤੇਗ਼ ਬਹਾਦਰ ਜੀ (ਗੁ-ਕਾ 1664-1675 ਈ.) ਆਪਣੇ ਪਹਿਲੇ ਦੌਰੇ ਵਿਚ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਲਈ ਅੰਮ੍ਰਿਤਸਰ ਰੁਕੇ ਸਨ। ਭਾਈ ਸੰਤੋਖ ਸਿੰਘ ਅਨੁਸਾਰ[10], ਜਦੋਂ ਗੁਰੂ ਸਾਹਿਬ ਦਰਬਾਰ ਸਾਹਿਬ ਪੁੱਜੇ ਤਾਂ ਮਸੰਦਾਂ ਨੇ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜ਼ੇ ਤੇ ਦਰਸ਼ਨੀ ਡਿਉੜੀ ਦਾ ਬੂਹਾ ਬੰਦ ਕਰ ਲਏ ਸਨ। ਇਸ ਦੇ ਵਿਪਰੀਤ, *ਭੱਟ ਵਹੀ ਮੁਲਤਾਨੀ ਸਿੰਧੀ*[11], *ਭੱਟ ਵਹੀ ਤਿਮਰ ਬਿਜਲੌਂਤੋ*[12] ਤੇ *ਗੁਰੂ ਕੀਆਂ ਸਾਖੀਆਂ* ਵਿਚ ਤਿੰਨ ਵੱਖ ਵੱਖ ਭੱਟ ਇਸ ਘਟਨਾ ਬਾਰੇ ਲਿਖ ਗਏ ਹਨ ਕਿ ਹਰਿ ਜੀ ਨੇ, ਜੋ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਮੁਖੀ ਸਨ, ਗੁਰੂ ਤੇਗ਼ ਬਹਾਦਰ ਜੀ ਦਾ ਆਦਰ ਸਤਿਕਾਰ ਕਰ ਕੇ ਆਪ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਵਾਏ। *ਗੁਰੂ ਕੀਆਂ ਸਾਖੀਆਂ* ਵਿਚ ਇਉਂ ਲਿਖਿਆ ਹੈ :

> ਸਤਿਗੁਰਾਂ [ਗੁਰੂ ਤੇਗ ਬਹਾਦਰ ਜੀ ਨੇ] ਪਿਤਾ ਗੁਰੂ ਜੀ ਕੇ ਅਸਥਾਨ ਅਕਾਲ ਬੁੰਗੇ ਕੈ ਪਾਸ ਜਾਇ ਡੇਰਾ ਕੀਆ। ਸਿੱਖ ਸੰਗਤਾਂ ਗੁਰੂ ਤੇਗ ਬਹਾਦਰ ਜੀ ਕਾ ਗੁਰੂ ਕੀ ਨਗਰੀ ਆਨਾ ਸੁਨ ਦਰਸ਼ਨ ਪਾਨੇਂ ਆਈਆਂ। ਬਾਬਾ ਹਰਿ ਜੀ ਬੇਟੇ [sic] ਕਵਲ ਨੈਨ (ਕੌਲ) ਕੋ ਗੈਲ ਲੈ ਕੇ ਆਇ, ਪਰਸਪਰ ਆਪਸ ਮੇਂ ਚਰਨ-ਬੰਧਨਾ ਕਰ ਕੇ ਇੱਕ ਦੂਜੇ ਸੇ ਕੁਸਲ ਖੇਮ ਪੂਛੀ। ਗੁਰੂ ਜੀ ਨੇ ਮੱਖਨ ਸ਼ਾਹ ਆਦਿ ਮੁਖੀ ਸਿੱਖਾਂ ਕੋ ਗੈਲ ਲੈ ਸ੍ਰੀ ਹਰਿਮੰਦਰ ਜੀ ਕਾ ਦਰਸ਼ਨ ਪਾਇਆ।[13]

ਫ਼ੌਜਾ ਸਿੰਘ ਤੇ ਜੀ.ਐਸ. ਤਾਲਿਬ, ਆਪਣੀ ਕਿਤਾਬ *Guru Tegh Bahadur Martyr and Teacher,* (1975) ਵਿਚ ਲਿਖਦੇ ਹਨ :

> There are two versions of what happened to Guru Tegh Bahadur at Amritsar. According to the evidence of *Bhat Vahi Timar Bijlaunti ki* and *Guru Kian Sakhian* by Sarup Singh Kaushish, no untoward event came to pass... .
>
> The other version is that as soon as Guru Tegh Bahadur entered the holy city, Mina Sodhi Guru Harji ordered the closing of all doors.
>
> As to which of these two versions is correct and which is false is not easy to say . But it may be that Harji was acting with two faces : (i) outwardly, he wanted to keep up the appearances and to give the impression that he had no ill-will at heart towards Guru Tegh Bahadur, whereas (ii) inwardly he bore malice and gave

10. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਭਾਈ ਵੀਰ ਸਿੰਘ (ਸੰਪਾ.), ਜਿਲਦ ਦਸਵੀਂ, ਰਾਸਿ 11, ਅੰਸੂ 21, ਪੰ. 4053.
11. ਵੇਖੋ, *The Golden Temple : Past & Present,* ਮਦਨਜੀਤ ਕੌਰ, 2004, ਪੰ. 83, ਨੋਟ ਨੰ. 36.
12. ਵੇਖੋ : *Guru Tegh Bahadur Martyr and Teacher.* ਫ਼ੌਜਾ ਸਿੰਘ ਅਤੇ ਜੀ.ਐਸ. ਤਾਲਬ, 1975, ਪੰ. 37 ਨੋਟ ਨੰ. 10.
13. *ਗੁਰੂ ਕੀਆਂ ਸਾਖੀਆਂ* ਕ੍ਰਿਤ ਸਰੂਪ ਸਿੰਘ ਕੌਸ਼ਿਸ਼, ਪਿਆਰਾ ਸਿੰਘ ਪਦਮ (ਸੰਪਾ.), 1999, ਪੰ. 68.

SikhBookClub.com

secret instructions to his agents to prevent him from stepping on the holy premises of Harmandir Sahib.[14]

ਉਪਰੋਕਤ ਇਬਾਰਤ ਤੋਂ ਸਪਸ਼ਟ ਹੈ ਕਿ ਇਤਿਹਾਸਕਾਰ ਫ਼ੌਜਾ ਸਿੰਘ ਤੇ ਜੀ. ਐਸ. ਤਾਲਿਬ ਭੱਟ ਵਹੀਆਂ ਦੇ ਬਿਆਨਾਂ ਨੂੰ ਤਾਂ ਪਰਵਾਨ ਕਰਦੇ ਹਨ ਪਰ ਕਿਸੇ ਕਾਰਨ, ਬਗ਼ੈਰ ਕਿਸੇ ਸਬੂਤ ਦੇ, ਹਰਿ ਜੀ ਨੂੰ ਵੀ ਕਸੂਰਵਾਰ ਮੰਨਦੇ ਹਨ, ਹਾਲਾਂ ਕਿ ਭਾਈ ਸੰਤੋਖ ਸਿੰਘ ਦੀ ਵਾਰਤਾ ਵਿਚ ਮਸੰਦਾਂ ਨੂੰ ਕੋਸਿਆ ਗਿਆ ਹੈ, ਹਰਿ ਜੀ ਦਾ ਨਾਂ ਤਕ ਨਹੀਂ ਲਿਆ ਗਿਆ। ਸਾਡੇ ਖ਼ਿਆਲ ਵਿਚ ਜਿੰਨਾ ਚਿਰ ਹਰਿ ਜੀ ਵੱਲੋਂ ਗੁਰੂ ਤੇਗ਼ ਬਹਾਦਰ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਵੇਸ਼ ਤੋਂ ਰੋਕਣ ਦੀ ਘਟਨਾ ਦਾ ਕੋਈ ਠੋਸ ਸਬੂਤ ਨਹੀਂ ਮਿਲਦਾ, ਓਨੀ ਦੇਰ ਭੱਟ ਵਹੀਆਂ ਦੇ ਬਿਆਨਾਂ ਤੋਂ ਮੁਨਕਰ ਹੋਣਾ ਵਾਜਬ ਨਹੀਂ ਲੱਗਦਾ।

ਜਿਸ ਬਹੁਤ ਹੀ ਅਹਿਮ ਘਟਨਾ ਵੱਲ ਸਿੱਖ ਸੰਗਤਾਂ ਦਾ ਧਿਆਨ ਜਾਣਾ ਚਾਹੀਦਾ ਸੀ, ਅਫ਼ਸੋਸ ਹੈ ਕਿ ਉਸ ਪਾਸੇ ਕਿਸੇ ਪੁਰਾਣੇ ਜਾਂ ਨਵੇਂ ਸਿੱਖ ਲੇਖਕ ਨੇ ਉੱਕਾ ਧਿਆਨ ਨਹੀਂ ਦਿੱਤਾ। ਕੌਣ ਨਹੀਂ ਜਾਣਦਾ ਕਿ ਛੋਟੇ ਮੇਲ ਦਾ ਜਨਮ ਸਿੱਖਾਂ ਦੀ ਮੁਖ-ਧਾਰਾ ਤੋਂ ਮੁਖ ਮੋੜਨ ਕਾਰਨ ਹੋਇਆ ਸੀ। ਇਹ ਵੀ ਸਰਬ ਗਿਆਤ ਹੈ ਕਿ ਹਰਿ ਜੀ ਇਸ ਨਿੱਖੜ ਗਈ ਸ਼ਾਖ਼ ਦੇ 1640 ਤੋਂ 1696 ਈ. ਤਕ, ਅਰਥਾਤ 56 ਵਰ੍ਹੇ, ਮੁਖੀ ਰਹੇ ਤੇ ਇਸ ਦੌਰਾਨ ਉਨ੍ਹਾਂ ਦਾ ਟਿਕਾਣਾ ਵਧੇਰੇ ਕਰ ਕੇ ਅੰਮ੍ਰਿਤਸਰ ਵਿਚ ਹੀ ਰਿਹਾ। ਉਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਦਾ ਸਾਰਾ ਪ੍ਰਬੰਧ ਉਨ੍ਹਾਂ ਦੇ ਹੱਥ ਵਿਚ ਸੀ। ਇਸ ਸਾਰੇ ਸਮੇਂ ਵਿਚ ਉਨ੍ਹਾਂ ਨੂੰ ਅੰਮ੍ਰਿਤਸਰ ਜਾਂ ਹਰਿਮੰਦਰ ਤੋਂ ਬੇਦਖ਼ਲ ਕਰਨ ਵਾਲਾ ਕੋਈ ਦਲ ਸਾਡੇ ਇਤਿਹਾਸ ਵਿਚ ਨਜ਼ਰ ਨਹੀਂ ਆਉਂਦਾ। ਫੇਰ ਵੀ, ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਥਾਪਤ ਪੋਥੀ ਨੂੰ ਜਿਉਂ ਦਾ ਤਿਉਂ ਤਖ਼ਤ ਉੱਤੇ ਬਿਰਾਜਮਾਨ ਰਹਿਣ ਦਿੱਤਾ ਗਿਆ ਤੇ ਹਰਿ ਜੀ ਨੇ ਨਾ ਤਾਂ ਉਸ ਪੋਥੀ ਨੂੰ ਹਟਾ ਕੇ ਕਿਸੇ ਆਪਣੇ ਗ੍ਰੰਥ ਨੂੰ ਮੱਥਾ ਟਿਕਾਉਣ ਵਾਲਾ ਕੁਕਰਮ ਕੀਤਾ ਤੇ ਨਾ ਉਸ ਪੋਥੀ ਸਾਹਿਬ ਦੇ ਨਾਲ ਬਰਾਬਰੀ ਦਰਜਾ ਦੇ ਕੇ ਆਪਣੀ ਸੰਪ੍ਰਦਾਇ ਦੀ ਕਿਸੇ ਰਚਨਾ ਨੂੰ ਹੀ ਸਜਾਇਆ।

ਹਰਿ ਜੀ ਦੀ ਰਚਨਾ

ਹਰਿ ਜੀ ਆਪਣੇ ਪਿਤਾ ਵਾਂਗ ਉੱਚ ਪਾਏ ਦੇ ਵਿਦਵਾਨ ਰਚਨਾਕਾਰ ਸਨ। ਉਨ੍ਹਾਂ ਦੀ ਵਿਦਵਤਾ ਦਾ ਦਾਇਰਾ ਬੜਾ ਵਿਸ਼ਾਲ ਸੀ। ਉਹ ਗੁਰਬਾਣੀ, ਭਗਤੀ-ਕਾਵਿ, ਇਤਿਹਾਸ ਤੇ ਪੁਰਾਣਿਕ ਸਾਹਿੱਤ ਦੇ ਗਿਆਤਾ ਸਨ। ਉਨ੍ਹਾਂ ਨੂੰ ਆਪਣੇ ਪਿਤਾ-ਗੁਰੂ ਕੋਲੋਂ ਵਰ ਮਿਲਿਆ ਸੀ ਕਿ ਤੂੰ ਹਰ ਭਾਂਤ ਦੀ ਬਾਣੀ ਉਚਾਰੇਂਗਾ, ਨਾਲੇ ਇਹ ਹਿਦਾਇਤ ਮਿਲੀ ਸੀ ਕਿ ਤੂੰ ਆਪਣੀ ਬਾਣੀ ਲਈ 'ਜਨ ਨਾਨਕ' ਕਵੀ-ਛਾਪ ਦੀ ਵਰਤੋਂ ਕਰੀਂ। *ਗੋਸ਼ਟਾਂ ਮਿਹਰਬਾਨ ਜੀ ਕੀਆਂ* ਵਿਚ ਮਿਹਰਵਾਨ ਹਰਿ ਜੀ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ :

14. ਪੰ. 30-31.

SikhBookClub.com

ਬਚਾ, ਆਉ ਪੈਰੀ ਪਉ, ਤੁਧੁ ਉਤੇ ਮੇਰੀ ਖੁਸੀ ਹੈ। ਬਹੁਤੁ ਪ੍ਰੇਮ ਕੀ ਅਰੁ ਹਰਿ ਭਾਤਿ ਕੀ ਬਾਣੀ ਤੂੰ ਉਚਰਹਗਾ। ਏਹੁ ਮੇਰੀ ਆਗਿਆ ਹੈ ਜੁ ਤੇਰੇ ਮੁਖ ਕੀ ਬਾਣੀ ਸਰਬੰਗੁ ਹੋਏਗੀ। ਅਰੁ ਜਬ ਜੰਗਲ ਮਹਿ ਕੀਰਤਨ ਵਿਖੇ ਸਬਦ ਹੋਂਦਾ ਅਰੁ ਤੂੰ ਲਿਖਦਾ ਜਾਂਦਹੁ ਅਰੁ ਕਦੇ ਸੁੰਦਰਦਾਸੁ ਭੀ ਲਿਖਦਾ ਅਰੁ ਤੂ ਨਿਤ ਹੀ ਲਿਖਦਾ ਸਹਿ, ਤਦਿ ਭੀ ਤੁਧ ਨੋ ਮੇਰੇ ਵਚਨ ਹੋਏ ਸੇ ਜਿ ਤੇਰੀ ਬਾਣੀ ਬਹੁਤੁ ਹੋਵੇਗੀ ਪਰ ਭੋਗੁ 'ਜਨ ਨਾਨਕ' ਕਾ ਪਾਵਣਾ। ਸੋ ਅਬ ਓਹੁ ਸਮਾ ਆਇਆ ਹੈ।[15]

ਹਰਿ ਜੀ ਦੀਆਂ ਰਚਨਾਵਾਂ ਨਾਲ ਸੰਖੇਪ ਜਾਣਕਾਰੀ ਹੇਠਾਂ ਦਿੱਤੀ ਜਾ ਰਹੀ ਹੈ :

1. ਸੁਖਮਨੀ ਸਹੰਸਰਨਾਮਾ

1703 ਬਿ. ਵਿਚ ਰਚਿਤ ਜਾਂ ਸੰਕਲਿਤ ਇਸ ਵੱਡ-ਅਕਾਰੀ ਗ੍ਰੰਥ ਵਿਚ 28 ਅਵਤਾਰਾਂ ਦਾ ਜੱਸ ਗਾਇਆ ਗਿਆ ਹੈ। ਕੁੱਝ ਖੋਜੀ, ਜਿਵੇਂ ਕ੍ਰਿਸ਼ਣਾ ਕੁਮਾਰੀ ਬਾਂਸਲ[16] ਤੇ ਗੁਰਮੋਹਨ ਸਿੰਘ ਵਾਲੀਆ[17], ਇਸ ਰਚਨਾ ਦੀਆਂ 30 ਅਸ਼ਟਪਦੀਆਂ ਨੂੰ ਮਿਹਰਵਾਨ ਦੀ ਰਚਨਾ ਅਤੇ ਇਨ੍ਹਾਂ ਅਸ਼ਟਪਦੀਆਂ ਦੇ ਪਰਮਾਰਥਾਂ ਨੂੰ ਹਰਿ ਜੀ ਦੀ ਰਚਨਾ ਮੰਨਦੇ ਹਨ ਪਰ ਪਿਆਰ ਸਿੰਘ[18] ਨੇ ਇਸ ਸਾਰੀ ਰਚਨਾ ਨੂੰ ਹਰਿ ਜੀ ਦੀ ਲਿਖਤ ਮੰਨਿਆ ਹੈ। ਸਾਡੇ ਖ਼ਿਆਲ ਵਿਚ ਦੂਜੀ ਧਾਰਨਾ ਠੀਕ ਸਮਝਣੀ ਚਾਹੀਦੀ ਹੈ, ਕਿਉਂਕਿ ਇਸ ਰਚਨਾ ਵਿਚ ਹਰ ਥਾਂ ਹਰਿ ਜੀ ਦੀ ਕਵੀ-ਛਾਪ 'ਜਨ ਨਾਨਕ' ਵਰਤੀ ਗਈ ਹੈ। ਮਿਹਰਵਾਨ ਦੀ ਕਵੀ-ਛਾਪ (ਨਾਨਕ ਦਾਸ/ਦਾਸ ਨਾਨਕ), ਸਿਵਾਏ ਮਿਹਰਵਾਨ ਰਚਿਤ ਚਾਰ ਲਾਵਾਂ ਦੇ, ਹੋਰ ਕਿਤੇ ਵੀ ਨਹੀਂ ਵਰਤੀ ਗਈ, ਨਾ ਅਸ਼ਟਪਦੀਆਂ ਵਿਚ ਤੇ ਨਾ ਸਲੋਕਾਂ ਵਿਚ।[19]

ਜਿਵੇਂ ਅਸੀਂ ਦੱਸ ਚੁੱਕੇ ਹਾਂ, 'ਸੁਖਮਨੀ ਸਹੰਸਰਨਾਮਾ' ਅਜੇ ਪ੍ਰਕਾਸ਼ਿਤ ਨਹੀਂ ਹੋਇਆ। ਕ੍ਰਿਸ਼ਣਾ ਕੁਮਾਰੀ ਬਾਂਸਲ ਦੇ ਪੀ-ਐਚ.ਡੀ. ਥੀਸਿਸ ਦੀ ਇਕ ਟਾਈਪ-ਕਾਪੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਲਾਇਬ੍ਰੇਰੀ ਵਿਚ ਪਈ ਹੈ। ਇਹ ਮਿਸਿਜ਼ ਬਾਂਸਲ ਦੀ ਇਕ ਨਿਜੀ ਹ.ਲਿ. ਮਿਤੀ 1740 ਈ. ਉੱਤੇ ਆਧਾਰਿਤ ਹੈ ਤੇ ਤੁਲਨਾ ਲਈ ਸੈਂ.ਸ.ਲਾ. ਦੀਆਂ ਦੋ ਹੱਥ-ਲਿਖਤਾਂ, ਨੰ. 692, ਮਿਤੀ 1744 ਈ. ਤੇ ਨੰ. 2914

15. *ਗੋਸ਼ਟਾਂ ਮਿਹਰਬਾਨ ਜੀ ਕੀਆਂ*, ਕ੍ਰਿਸ਼ਣਾ ਕੁਮਾਰੀ ਬਾਂਸਲ (ਸੰਪਾ.), ਗੋਸਟਿ 44, ਪੰ. 247.
16. *A Critical and Comprehensive Editing of Sahansar Nam Sukhmana* by Hari Ji, Ph.D. Thesis (unpublished), 1976, Patiala, Punjabi University, p. 2.
17. *ਸੋਢੀ ਮਿਹਰਬਾਨ ਦੀ ਗੱਦ ਰਚਨਾ*, 1992, ਪੰ. 54.
18. *A Critical Survey of Punjabi Prose in the Seventeenth Century,* unpublished Doctoral Thesis, 1968, Punjab University, Chandigarh, p. 194.
19. ਰਤਨ ਸਿੰਘ ਜੱਗੀ, ਆਪਣੀ ਪੁਸਤਕ *ਪੰਜਾਬੀ ਸਾਹਿੱਤ ਦਾ ਸਰੋਤ-ਮੂਲਕ ਇਤਿਹਾਸ*, ਭਾਗ ਤੀਜਾ, (1999, ਪੰ. 33) ਵਿਚ ਲਿਖਦੇ ਹਨ : "ਇਹ ਰਚਨਾ ਅਸਲ ਵਿਚ ਸੋਢੀ ਹਰਿ ਜੀ ਦੁਆਰਾ ਗੁਰੂ ਅਰਜਨ ਦੇਵ ਦੀ ਪ੍ਰਸਿੱਧ 'ਸੁਖਮਨੀ' ਦੇ ਅਨੁਕਰਣ ਤੇ ਕੀਤੀ ਗਈ ਹੈ ਅਤੇ ਫਿਰ ਉਸੇ 'ਸੁਖਮਨੀ ਸਹੰਸ੍ਰਨਾਮ' ਦਾ ਪਰਮਾਰਥ ਸੋਢੀ ਹਰਿ ਜੀ ਨੇ ਆਪ ਤਿਆਰ ਕੀਤਾ ਹੈ। ਇਸ ਰਚਨਾ ਦਾ ਸੰਬੰਧ ਸੋਢੀ ਮਿਹਰਬਾਨ ਨਾਲ ਨਹੀਂ ਜੋੜਿਆ ਜਾ ਸਕਦਾ..।" ਉਨ੍ਹਾਂ ਨੇ ਇਸੇ ਪੁਸਤਕ ਦੇ ਚੌਥੇ ਭਾਗ (2001, ਪੰ. 98) ਵਿਚ ਲਿਖਿਆ ਹੈ ਕਿ "ਸੋਢੀ ਮਿਹਰਵਾਨ ਨੇ ਗੁਰੂ ਅਰਜਨ ਦੇਵ ਰਚਿਤ 'ਸੁਖਮਨੀ' ਦੇ ਸਮਾਨਾਂਤਰ 30 ਅਸ਼ਟਪਦੀਆਂ ਦੀ 'ਸੁਖਮਨੀ ਸਹੰਸਰਨਾਮ' ਨਾਂ ਦੀ ਰਚਨਾ ਕੀਤੀ।" ਇਨ੍ਹਾਂ ਵਿੱਚੋਂ ਇਕ ਬਿਆਨ ਹੀ ਠੀਕ ਹੋ ਸਕਦਾ ਹੈ। ਕਿਹੜਾ ਠੀਕ ਮੰਨੀਏ ?

SikhBookClub.com

ਮਿਤੀ 1825 ਈ., ਵਰਤੀਆਂ ਗਈਆਂ ਹਨ। ਹੁਣ ਸੁਖਮਨੀ ਸਹੰਸਰਨਾਮਾ ਦੇ ਕਈ ਹੋਰ ਹੱਥ-ਲਿਖਿਤ ਖਰੜੇ ਵੀ ਮਿਲਦੇ ਹਨ, ਜਿਵੇਂ :

(1) ਗੁ.ਨਾ.ਦੇ.ਯੂ. ਹ.ਲਿ. 7, ਮਿਤੀ 1665 ਈ.। ਲਿਖਾਰੀ ਪ੍ਰੀਤਮ ਸਹਿਗਲ।
(2) ਪ੍ਰੋ.ਪ੍ਰੀ.ਸਿੰ. ਹ.ਲਿ. 3 ਤੇ 4, ਦੋ ਜਿਲਦਾਂ, ਮਿਤੀ 1670 ਈ.।
(3) ਗੁਰਿੰਦਰ ਸਿੰਘ ਮਾਨ, ਯੂਨੀਵਰਸਿਟੀ ਆਫ਼ ਕੈਲਿਫੋਰਨੀਆ, ਸਾਂਟਾ ਬਾਰਬਰਾ (ਅਮਰੀਕਾ), ਹ.ਲਿ.ਪੋਥੀ, ਮਿਤੀ 1671 ਈ. ਲਿਖਾਰੀ ਪ੍ਰੀਤਮ ਸਹਿਗਲ।
(4) ਪ੍ਰੋ.ਪ੍ਰੀ.ਸਿੰ. ਹ.ਲਿ. 363, ਮਿਤੀ 1742 ਈ.।
(5) ਪੰ.ਯੂ.ਪ. ਹ.ਲਿ. 115600, ਮਿਤੀ 1781 ਈ.।
(6) ਹ.ਲਿ. ਪੋਥੀ ਮਿਹਰਬਾਨ। ਗੁਰਦੁਆਰਾ ਬਸਤਰ ਅਸਥਾਨ, ਢਿੱਲਵਾਂ ਕਲਾਂ, ਮਿਤੀ 1802 ਈ.।
(7) ਪੰ.ਯੂ.ਚੰ. ਹ.ਲਿ. 1194, ਮਿਤੀ 1829 ਈ.।
(8) ਗੁ.ਨਾ.ਦੇ.ਯੂ. ਹ.ਲਿ. 935, ਮਿਤੀ 1874 ਈ.। ਲਿਖਾਰੀ ਬਾਵਾ ਮਾਇਆ ਦਾਸ।
(9) ਖਾ.ਕਾ.ਅੰ. ਹ.ਲਿ. SHR 2488.
(10) ਸ.ਸ. ਪਦਮ, ਮਲੇਰਕੋਟਲਾ, ਹ.ਲਿ.ਪੋਥੀ, ਅਥਿਤ।
(11) ਪ੍ਰੋ.ਪ੍ਰੀ.ਸਿੰ. ਹ.ਲਿ. 5 ਤੇ 6, ਦੋ ਜਿਲਦਾਂ, ਜਿਸ ਵਿਚ ਬਾਬੇ ਗੁਰਦਿੱਤੇ ਦਾ ਨਿਸ਼ਾਨ ਹੈ।

ਅਸੀਂ ਆਪਣੀ ਇਸ ਪੁਸਤਕ-ਲੜੀ ਦੀ ਯੋਜਨਾ ਦੇ ਅਧੀਨ, ਪ੍ਰੋ. ਪ੍ਰੀਤਮ ਸਿੰਘ, ਪਟਿਆਲਾ ਦੀ ਨਿਜੀ ਲਾਇਬ੍ਰੇਰੀ ਵਿਚ ਸੁਰੱਖਿਅਤ ਤੇ ਹੋਰ ਥਾਂ ਪ੍ਰਾਪਤ ਸਭ ਤੋਂ ਪੁਰਾਤਨ ਹੱਥ-ਲਿਖਤਾਂ ਦੇ ਆਧਾਰ ਉੱਤੇ ਇਕ ਨਵਾਂ ਸੰਪਾਦਨ ਤਿਆਰ ਕਰ ਰਹੇ ਹਾਂ।

2. ਗੋਸ਼ਟਾਂ ਮਿਹਰਵਾਨ

ਇਹ ਬਿਲਾਸ਼ੱਕ ਹਰਿ ਜੀ ਦੀ ਰਚਨਾ ਹੈ। ਇਸ ਉੱਪਰ ਦੋ ਪੁਸਤਕਾਂ ਦਾ ਸੰਪਾਦਨ ਹੋ ਚੁੱਕਾ ਹੈ, ਇਕ ਗੋਬਿੰਦਨਾਥ ਰਾਜਗੁਰੂ ਦੀ ਦੇਵਨਾਗਰੀ ਲਿਪੀ ਵਿਚ (1974) ਤੇ ਦੂਜੀ ਕ੍ਰਿਸ਼ਣਾ ਕੁਮਾਰੀ ਬਾਂਸਲ ਦੀ (1977)।

ਗੋਬਿੰਦਨਾਥ ਰਾਜਗੁਰੂ ਨੇ ਆਪਣੀ ਪੁਸਤਕ *ਗੋਸਟਿ ਗੁਰੂ ਮਿਹਰਵਾਨੁ* ਲਈ ਚਾਰ ਹੱਥ ਲਿਖਤਾਂ ਦੀ ਸਹਾਇਤਾ ਲਈ ਸੀ।[20] ਉਹ ਹਨ :

(1) ਸਿ.ਰੈ.ਲਾ. ਹ.ਲਿ. 3510, ਮਿਤੀ 1779 ਈ., 47 ਗੋਸ਼ਟਾਂ।
(2) ਸਿ.ਰੈ.ਲਾ. ਹ.ਲਿ. ਮਿਤੀ 1750 ਈ., 45 ਗੋਸ਼ਟਾਂ (ਅਧੂਰੀ)।

20. *ਗੋਸਟਿ ਗੁਰੂ ਮਿਹਰਵਾਨੁ*, 1974, ਪੰ. 126.

SikhBookClub.com

(3) ਸੈਂ.ਸ.ਲਾ. ਹ.ਲਿ. 2527, 45 ਗੋਸ਼ਟਾਂ।
(4) ਗੁਰਬਚਨ ਸਿੰਘ ਸੋਢੀ, ਜੈਪੁਰ, ਹ.ਲਿ.ਪੋਥੀ, ਅਧੂਰੀ।

ਕ੍ਰਿਸ਼ਣਾ ਕੁਮਾਰੀ ਬਾਂਸਲ ਨੇ ਆਪਣੀ ਪੁਸਤਕ *ਗੋਸ਼ਟਾਂ ਮਿਹਰਬਾਨ ਜੀ ਕੀਆਂ* ਲਈ ਇਕ ਨਿਜੀ ਹੱਥ-ਲਿਖਤ, ਮਿਤੀ 1740 ਈ., ਨੂੰ ਆਧਾਰ ਬਣਾ ਕੇ ਉਸ ਦਾ ਤੁਲਨਾਤਮਕ ਅਧਿਐਨ ਸਿ.ਰੈ.ਲਾ., ਹ.ਲਿ. 3510, ਮਿਤੀ 1779 ਈ., ਨਾਲ ਕੀਤਾ ਹੈ।[21]

ਸਿ.ਰੈ.ਲਾ. 3510 ਦਾ ਮੂਲ ਖਰੜਾ ਤਾਂ ਨਸ਼ਟ ਹੋ ਚੁੱਕਾ ਹੈ, ਪਰ ਇਸ ਦਾ ਇਕ ਹੱਥੀਂ ਕੀਤਾ ਉਤਾਰਾ ਸ.ਸ. ਪਦਮ, ਮਲੇਰਕੋਟਲਾ, ਪਾਸ ਸੁਰੱਖਿਅਤ ਹੈ।

ਇਨ੍ਹਾਂ ਤੋਂ ਇਲਾਵਾ *ਗੋਸ਼ਟਾਂ ਮਿਹਰਬਾਨ ਜੀ ਕੀਆਂ* ਦੀਆਂ ਦੋ ਹੋਰ ਹੱਥ-ਲਿਖਿਤ ਪੋਥੀਆਂ ਵੀ ਪ੍ਰਾਪਤ ਹਨ:

(1) ਗੁ.ਨਾ.ਦੇ.ਯੂ. ਹ.ਲਿ. 996, ਮਿਤੀ 1818 ਈ.।
(2) ਸ.ਸ. ਪਦਮ, ਮਲੇਰਕੋਟਲਾ, ਪਾਸ ਸੁਰੱਖਿਅਤ ਇਕ ਅਥਿਤ ਹੱਥ-ਲਿਖਿਤ ਪੋਥੀ।

ਅਸੀਂ ਆਪਣੀ ਯੋਜਨਾ ਦੇ ਅਧੀਨ ਇਨ੍ਹਾਂ ਗੋਸ਼ਟਾਂ ਦਾ ਇਕ ਨਵਾਂ ਸੰਪਾਦਨ ਤਿਆਰ ਕਰ ਰਹੇ ਹਾਂ।

3. ਸਿੰਘਾਸਨ ਬਤੀਸੀ/ਪੁਤਲੀਆਂ ਰਾਜੇ ਬਿਕਰਮਾਜੀਤ ਕੀਆਂ

ਇਹ ਇਕ ਮੱਧਕਾਲੀ ਸੰਸਕ੍ਰਿਤ ਰਚਨਾ 'ਸਿੰਹਾਸਨ ਦ੍ਵਾਤ੍ਰਿੰਸ਼ਿਕਾ' ਦਾ ਵਾਰਤਕ ਵਿਚ ਖੁੱਲ੍ਹਾ ਅਨੁਵਾਦ ਹੈ। ਛੋਟੇ ਮੇਲ ਦੀਆਂ ਕਈ ਹੋਰ ਰਚਨਾਵਾਂ ਵਾਂਗ, ਇਸ ਰਚਨਾ ਦੇ ਕਰਤਾ ਬਾਰੇ ਵੀ ਕਾਫ਼ੀ ਮੱਤਭੇਦ ਹੈ। ਸ਼ਮਸ਼ੇਰ ਸਿੰਘ ਅਸ਼ੋਕ[22], ਪਿਆਰਾ ਸਿੰਘ ਪਦਮ[23], ਤੇ ਵਣਜਾਰਾ ਬੇਦੀ[24] ਇਸ ਨੂੰ ਮਿਹਰਵਾਨ ਦੀ ਕਿਰਤ ਮੰਨਦੇ ਹਨ। ਗੋਵਿੰਦਨਾਥ ਰਾਜਗੁਰੂ ਦਾ ਵਿਚਾਰ ਹੈ ਕਿ ਇਸ ਦੀ ਰਚਨਾ ਮਿਹਰਵਾਨ ਜਾਂ ਇਨ੍ਹਾਂ ਦੀ ਸੰਪ੍ਰਦਾਇ ਦੇ ਕਿਸੇ ਹੋਰ ਲੇਖਕ ਨੇ ਸੰਸਕ੍ਰਿਤ ਜਾਂ ਕਿਸੇ ਹੋਰ ਸਰੋਤ ਤੋਂ ਪ੍ਰੇਰਿਤ ਹੋ ਕੇ ਕੀਤੀ ਹੈ।[25] ਪਿਆਰ ਸਿੰਘ[26] ਦਾ ਖ਼ਿਆਲ ਹੈ ਕਿ ਇਹ ਹਰਿ ਜੀ ਦੀ ਨਿਗਰਾਨੀ ਹੇਠ ਉਸਦੇ ਕਿਸੇ ਨਿਕਟਵਰਤੀ ਲੇਖਕ ਦੀ ਕਿਰਤ ਹੈ। ਗੁਰਮੋਹਨ ਸਿੰਘ ਆਹਲੂਵਾਲੀਆ[27], ਬਲਜਿੰਦਰ ਕੌਰ ਜੋਸ਼ੀ[28] ਤੇ ਰਤਨ ਸਿੰਘ ਜੱਗੀ[29] ਇਸ ਨੂੰ ਹਰਿ

21. *ਗੋਸ਼ਟਾਂ ਮਿਹਰਬਾਨ ਜੀ ਕੀਆਂ*, 1977, ਪੰ. 28-30.
22. *ਸੋਢੀ ਮਿਹਰਵਾਨ ਜੀਵਨ ਤੇ ਸਾਹਿੱਤ*, 1968, ਪੰ. 79.
23. *ਕਲਮ ਦੇ ਚਮਤਕਾਰ*, 1981, ਪੰ. 125.
24. *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼*, ਭਾਗ 3, 1980, ਪੰ. 653.
25. *ਗੁਰਮੁਖੀ ਲਿਪੀ ਮੇਂ ਹਿੰਦੀ ਗਦਯ*, 1969, ਪੰ. 51.
26. *A Critical Survey of Punjabi Prose in the Seventeenth Century*, 1968, p. 161.
27. *ਸੋਢੀ ਹਰਿ ਜੀ ਜੀਵਨ ਤੇ ਰਚਨਾ*, 1985, ਪੰ. 18.
28. *ਸਿੰਘਾਸਨ ਬਤੀਸੀ, ਪੁਤਲੀਆਂ ਰਾਜੇ ਵਿਕਰਮਾਜੀਤ ਕੀਆਂ* ਕ੍ਰਿਤ ਸੋਢੀ ਹਰਿ ਜੀ, 2000, ਪੰ. ix-x.
29. *ਪੰਜਾਬੀ ਸਾਹਿੱਤ ਦਾ ਸਰੋਤ-ਮੂਲਕ ਇਤਿਹਾਸ*, ਭਾਗ ਚੌਥਾ, 2001, ਪੰ. 104.

SikhBookClub.com

ਜੀ ਦੀ ਰਚਨਾ ਮੰਨਦੇ ਹਨ। ਇਸ ਦੀ ਸ਼ੈਲੀ ਤੇ ਕਵੀ-ਛਾਪ ਵੱਲ ਵੇਖਿਆ ਜਾਏ ਤਾਂ ਇਸ ਦੇ ਹਰਿ ਜੀ ਦੀ ਰਚਨਾ ਹੋਣ ਦੀ ਜ਼ਿਆਦਾ ਸੰਭਾਵਨਾ ਹੈ। ਹਰ ਪੁਤਲੀ ਦੇ ਅਖ਼ੀਰ ਉੱਤੇ ਦਿੱਤੇ ਸਲੋਕ ਵਿਚ ਜਾਂ ਤਾਂ ਹਰਿ ਜੀ ਦੀ 'ਜਨ ਨਾਨਕ' ਕਵੀ-ਛਾਪ ਵਰਤੀ ਗਈ ਹੈ ਜਾਂ ਫਿਰ 'ਨਾਨਕ'। ਮਿਹਰਵਾਨ ਦੀ ਕਵੀ-ਛਾਪ 'ਦਾਸ ਨਾਨਕ' ਕਿਤੇ ਨਹੀਂ ਵਰਤੀ ਗਈ।

ਬਲਜਿੰਦਰ ਕੌਰ ਜੋਸ਼ੀ ਦੀ ਪੁਸਤਕ *ਸਿੰਘਾਸਨ ਬਤੀਸੀ, ਪੁਤਲੀਆਂ ਰਾਜੇ ਵਿਕਰਮਾਜੀਤ ਕੀਆਂ* ਕ੍ਰਿਤ ਹਰਿ ਜੀ, ਸੰਨ 2000 ਵਿਚ ਛਪ ਚੁੱਕੀ ਹੈ। ਇਸ ਪੁਸਤਕ ਦੇ ਸੰਪਾਦਨ ਲਈ ਪੰਜਾਬੀ ਸਾਹਿੱਤ ਅਕੈਡਮੀ, ਲੁਧਿਆਣਾ ਹ.ਲਿ. 977, ਮਿਤੀ 1862 ਈ. ਨੂੰ ਆਧਾਰ ਬਣਾਇਆ ਗਿਆ ਹੈ। ਤੁਲਨਾਤਮਕ ਅਧਿਐਨ ਲਈ ਸੋਢੀ ਬਸੰਤ ਸਿੰਘ ਘਰਾਂਚੋਂ ਪਾਸ ਸੁਰੱਖਿਅਤ ਇਕ ਖਰੜਾ, ਮਿਤੀ 1864 ਈ. ਤੇ ਭਗਤ ਸਿੰਘ ਮਾਨ ਪੰਜੌਲਾ ਨਿਵਾਸੀ ਪਾਸ ਇਕ ਹ.ਲਿ. ਪੋਥੀ, ਮਿਤੀ 1866 ਈ. ਦੀ ਮਦਦ ਲਈ ਗਈ ਹੈ।[30]

ਉੱਪਰਲੀਆਂ ਹੱਥ-ਲਿਖਤਾਂ ਤੋਂ ਇਲਾਵਾ, ਸਿੰਘਾਸਨ ਬਤੀਸੀ ਦੀਆਂ ਕੁੱਝ ਹੋਰ ਹੱਥ-ਲਿਖਤਾਂ ਵੀ ਮਿਲਦੀਆਂ ਹਨ, ਜਿਵੇਂ :

(1) ਪੋ.ਪ੍ਰੀ.ਸਿੰ. ਹ.ਲਿ. 299 (ਪੁਰਾਣਾ ਨੰ. 66), ਮਿਤੀ 1731 ਈ.।
(2) ਪੰ.ਆ. ਹ.ਲਿ. 338.
(3) ਗੁ.ਨਾ.ਦੇ.ਯੂ. ਹ.ਲਿ. 134 ਖ, 575.

ਜਿਹੜੀ ਹੱਥ-ਲਿਖਤ (ਪ੍ਰੋ.ਪ੍ਰੀ.ਸਿੰ. 299) ਸਾਡੇ ਪਾਸ ਹੈ, ਉਹ ਇਸ ਵਕਤ ਸਭ ਤੋਂ ਪੁਰਾਣੀ ਹੈ।

4.0. ਵਾਰਾਂ

ਹਰਿ ਜੀ ਦੀਆਂ ਪੰਜ ਮੌਲਿਕ ਤੇ ਦੋ ਸੰਪਾਦਿਤ ਵਾਰਾਂ ਪ੍ਰਾਪਤ ਹਨ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

4.1. ਮੌਲਿਕ ਵਾਰਾਂ

4.1.1. ਤਿਲੰਗ ਕੀ ਵਾਰ ਮਹਲਾ ੮

ਇਹ ਵਾਰ ਮਹਲਾ ੭ ਦੀ ਹੈ ਜਾਂ ਮਹਲਾ ੮ ਦੀ, ਇਸ ਬਾਰੇ ਕਾਫ਼ੀ ਮੱਤਭੇਦ ਹੈ। ਪਿਆਰਾ ਸਿੰਘ ਪਦਮ[31] ਤੇ ਬਲਜਿੰਦਰ ਕੌਰ ਜੋਸ਼ੀ[32] ਨੇ ਇਸਨੂੰ ਮਹਲਾ ੭ ਦੀਆਂ ਵਾਰਾਂ ਵਿਚ ਸ਼ਾਮਿਲ ਕੀਤਾ ਹੈ। ਜਗਜੀਤ ਸਿੰਘ ਖਾਨਪੁਰੀ ਦੁਆਰਾ ਸੰਪਾਦਿਤ *ਪ੍ਰਾਣ*

30. *ਸਿੰਘਾਸਨ ਬਤੀਸੀ, ਪਿ.ਹ.* ਪੰ. xv-xvi .
31. *ਪੰਜਾਬੀ ਵਾਰਾਂ*, 1980, ਪੰ. 118 ਫੁਟਨੋਟ : "ਮੱਕੇ ਦੀ ਗੋਸ਼ਟਿ ਵਿਚ ਇਸਨੂੰ ਮਹਲਾ ੧ ਕਰਕੇ ਦਰਜ ਕੀਤਾ ਹੈ ਜੋ ਭੁੱਲ ਹੈ। ਹੱਥ-ਲਿਖਤਾਂ ਵਿਚ ਮ: ੭ ਸਾਫ਼ ਹੈ ਜੋ ਕਿ ਮਿਹਰਵਾਨ ਦਾ ਵਾਚਕ ਹੈ।" ਉਹ ਕਿਹੜੀਆਂ ਹੱਥ-ਲਿਖਤਾਂ ਹਨ, ਇਹ ਨਹੀਂ ਦੱਸਿਆ।
32. *ਬਾਣੀ ਬਿਲਾਸ*, 2000, ਪੰ. 96.

SikhBookClub.com

ਸੰਗਲੀ[33] ਤੇ *ਮੱਕੇ ਮਦੀਨੇ ਦੀ ਗੋਸ਼ਟਿ*[34] ਵਿਚ ਇਹ 'ਤਿਲੰਗ ਕੀ ਵਾਰ ਮਹਲਾ ੧' ਦੇ ਨਾਂ ਥੱਲੇ ਦਰਜ ਹੈ। ਪ੍ਰੋ.ਪ੍ਰੀ.ਸਿੰ. ਹ.ਲਿ. 241 (ਪੁਰਾਣਾ ਨੰ. 222) ਵਿਚ ਇਸਦਾ ਸਿਰਲੇਖ 'ਵਾਰ ਤਿਲੰਗ ਕੀ ਸਲੋਕਾਂ ਨਾਲਿ ਮਹਲਾ ੧' ਹੈ, ਪਰ ਸ਼ਮਸ਼ੇਰ ਸਿੰਘ ਅਸ਼ੋਕ ਨੇ ਇਸ ਦਾ ਕਰਤਾ ਮਿਹਰਵਾਨ (ਮਹਲਾ ੭) ਮੰਨਿਆ ਹੈ।[35] ਪ੍ਰੋ.ਪ੍ਰੀ.ਸਿੰ. ਹ.ਲਿ. 360 ਤੇ ਹ.ਲਿ. 420, ਮਿਤੀ 1723 ਈ., ਵਿਚ ਇਸ ਦਾ ਸਿਰਲੇਖ 'ਰਾਗੁ ਤਿਲੰਗ ਕੀ ਵਾਰ ਮਹਲਾ ੮' ਹੈ।

ਇਸ ਵਾਰ ਵਿਚ ਸਿਰਫ਼ ਇਕ ਵਾਰੀ, ਇਸ ਦੀ ਆਖ਼ਰੀ (28ਵੀਂ) ਪਉੜੀ ਵਿਚ ਕਵੀ-ਛਾਪ ਵਰਤੀ ਗਈ ਹੈ ਤੇ ਉਹ 'ਜਨ ਨਾਨਕ' ਹੈ:

ਜਨ ਨਾਨਕ ਦੀਜੈ ਦਰਸ ਦਾਨੁ ਜਸ ਕਰੀ ਰਬਾਣਾ॥੨੮॥

'ਜਨ ਨਾਨਕ' ਕਵੀ-ਛਾਪ ਹਰਿ ਜੀ ਦੀ ਲਖਾਇਕ ਹੈ। ਇਸ ਲਈ ਸਾਨੂੰ ਇਸ ਵਾਰ ਨੂੰ ਮਹਲਾ ੮ ਦੀ ਰਚਨਾ ਮੰਨਣ ਵਿਚ ਕੋਈ ਸੰਦੇਹ ਨਹੀਂ ਹੈ।

ਸ.ਸ. ਪਦਮ ਨੇ ਇਸ ਵਾਰ ਦੇ ਰਚਿਆਰ ਬਾਰੇ ਇਕ ਬਿਲਕੁਲ ਨਵਾਂ ਵਿਚਾਰ ਪੇਸ਼ ਕੀਤਾ ਹੈ। ਉਹ ਇਸ ਵਾਰ ਨੂੰ ਆਲਮ ਕਵੀ ਦੀ ਕਿਰਤ ਸਮਝਦੇ ਹਨ। ਆਪਣੇ ਥੀਸਿਸ ਵਿਚ ਪ੍ਰਾਣ ਸੰਗਲੀ ਉੱਤੇ ਚਰਚਾ ਕਰਦੇ ਹੋਏ ਆਪ ਲਿਖਦੇ ਹਨ:

> ਗੁਰਬਾਣੀ ਨੂੰ ਛੱਡ ਕੇ [ਪ੍ਰਾਣ ਸੰਗਲੀ ਦੀਆਂ] ਬਾਕੀ ਦੀਆਂ ਸਾਰੀਆਂ ਰਚਨਾਵਾਂ ਸਤਾਰ੍ਹਵੀਂ ਸਦੀ ਦੇ ਦੂਜੇ ਅੱਧ ਅਤੇ ਅਠਾਰ੍ਹਵੀਂ ਸਦੀ ਵਿਚ ਰਚੀਆਂ ਹੋਈਆਂ ਹਨ। ਸਭ ਤੋਂ ਪੁਰਾਣੀ ਰਚਨਾ ਆਲਮ ਕਵੀ ਦੀ ਹਜ਼ਰਤ ਮੁਹੰਮਦ ਦੀ ਸਿਫ਼ਤ ਵਿਚ ਰਚੀ, 'ਤਿਲੰਗ ਕੀ ਵਾਰ' ਹੈ...। ਆਲਮ ਅਕਬਰ ਦਾ ਸਮਕਾਲੀ ਸੀ ਜਿਸ ਦੇ ਰਚੇ ਮਾਧਵਾਨਲ ਕਾਮਕੰਦਲਾ ਦੇ ਕਿੱਸੇ ਵਿੱਚੋਂ ਲਈ 'ਰਾਗ ਮਾਲਾ' ਬੀੜਾਂ ਦੇ ਅੰਤ ਉੱਤੇ ਦਰਜ ਹੋਈ ਮਿਲਦੀ ਹੈ। ਇਸ ਵਾਰ ਵਿਚ ਵੀ ਇਕ ਛੋਟੀ 'ਰਾਗ ਮਾਲਾ' ਪਉੜੀ 8-10 ਤੇ ਦਰਜ ਹੈ।[36]

ਅਸੀਂ ਪਦਮ ਹੁਰਾਂ ਨਾਲ ਸਹਿਮਤ ਨਹੀਂ ਹਾਂ। ਪਹਿਲਾਂ, ਮਿਹਰਵਾਨੀਆਂ ਵਾਸਤੇ ਮੁਹੰਮਦ ਸਾਹਿਬ ਦੀ ਸਿਫ਼ਤ ਕਰਨੀ ਕੋਈ ਵਿਵਰਜਿਤ ਵਿਸ਼ਾ ਨਹੀਂ ਸੀ। ਉਨ੍ਹਾਂ ਨੇ, ਜਿਵੇਂ ਅਸੀਂ ਇਸ ਪੁਸਤਕ ਦੇ ਕਾਂਡ ਨੰ. 3 ਵਿਚ ਦੱਸ ਆਏ ਹਾਂ (ਵੇਖੋ, ਪੰ. 86) ਮੁਹੰਮਦ ਸਾਹਿਬ ਤੇ ਹੋਰ ਮੁਸਲਮਾਨ ਪੀਰਾਂ ਫ਼ਕੀਰਾਂ ਉੱਤੇ ਇਕ ਦਰਜਨ ਤੋਂ ਵੱਧ ਮਸਲੇ, ਗੋਸ਼ਟਾਂ ਤੇ ਵਾਰਾਂ, ਆਦਿ ਲਿਖੀਆਂ/ਲਿਖਵਾਈਆਂ ਹਨ। ਦੂਜੇ, ਸਿਰਫ਼ ਇਸ ਕਰਕੇ ਕਿ 'ਤਿਲੰਗ ਕੀ ਵਾਰ' ਵਿਚ ਇਕ ਮਿੰਨੀ ਰਾਗਮਾਲਾ ਗੁੰਦੀ ਹੋਈ ਹੈ, ਜਿਸ ਵਿਚ ਆਲਮ ਕਵੀ ਦੇ ਕ੍ਰਮ ਅਨੁਸਾਰ ਛੇ ਰਾਗ ਅਤੇ ਰਾਗਨੀਆਂ ਲਿਖੀਆਂ ਹਨ, ਇਹ ਵਾਰ ਆਲਮ ਕਵੀ ਦੀ ਕਿਰਤ ਬਣ ਗਈ, ਇਹ ਗੱਲ ਸਾਨੂੰ ਜਚਦੀ ਨਹੀਂ। ਇਹ 'ਮਿੰਨੀ ਰਾਗਮਾਲਾ' ਆਦਿ ਬੀੜ ਵਾਲੀ ਰਾਗਮਾਲਾ ਦਾ ਸੰਖੇਪ ਰੂਪ ਨਹੀਂ ਹੈ। ਭਾਈ ਕਾਨ੍ਹ ਸਿੰਘ ਨਾਭਾ ਦਾ ਵਿਚਾਰ ਹੈ ਕਿ 'ਤਿਲੰਗ ਕੀ ਵਾਰ', ਜੋ *ਮੱਕੇ ਦੀ ਗੋਸ਼ਟਿ*

33. 1991, ਪੰ. 515.
34. ਕੁਲਵੰਤ ਸਿੰਘ (ਸੰਪਾ.), 1995, ਪੰ. 288.
35. *ਪੰ.ਹ.ਲਿ.ਸੂ.* (2), ਪੰ. 361.
36. *ਸਿੱਖਾਂ ਦੀ ਭਗਤ ਮਾਲਾ ਦਾ ਸ਼ੁੱਧ ਆਲੋਚਨਾਤਮਕ ਸੰਸਕਰਨ*, ਪੀ-ਐਚ.ਡੀ. ਥੀਸਿਸ, 2005, ਪੰ. 157.

SikhBookClub.com

ਵਿਚ ਦਰਜ ਹੈ, ਕਿਸੇ ਪ੍ਰੇਮੀ ਸਿੱਖ ਨੇ ਆਲਮ ਕਵੀ ਦੀ ਰਾਗਮਾਲਾ ਬਣਨ ਤੋਂ ਪਿੱਛੋਂ ਗੁਰੂ ਨਾਨਕ ਦੇ ਨਾਂ ਉੱਤੇ ਰਚੀ ਹੈ।[37] *ਮੱਕੇ ਮਦੀਨੇ ਦੀ ਗੋਸ਼ਟਿ* 17ਵੀਂ ਸਦੀ ਦੇ ਦੂਜੇ ਅੱਧ ਦੀ ਕਿਰਤ ਮੰਨੀ ਜਾਂਦੀ ਹੈ, ਜੋ ਕਿ ਹਰਿ ਜੀ ਦਾ ਸਮਾਂ ਸੀ। ਮਗਰੋਂ, ਇਸ ਵਿਚਲੀ 'ਮਿੰਨੀ ਰਾਗਮਾਲਾ' ਛੋਟੇ ਮੇਲ ਦੇ ਭਾਈ ਦਰਬਾਰੀ ਦੁਆਰਾ ਸੰਪਾਦਿਤ 'ਗ੍ਰੰਥ ਹਰੀਆ ਜੀ'[38] ਤੇ ਭਾਈ ਦਰਬਾਰੀ ਰਚਿਤ 'ਹਰਿਜਸ ਪੋਥੀ',[39] ਦੋਨਾਂ ਵਿਚ ਦਰਜ ਕੀਤੀ ਮਿਲਦੀ ਹੈ। ਇਸ ਵਾਰ ਵਿਚ ਲਫ਼ਜ਼ 'ਆਲਮ' ਤਿੰਨ ਵਾਰ ਵਰਤਿਆ ਗਿਆ ਹੈ, ਜਿਸ ਤੋਂ ਇਹ ਭੁਲੇਖਾ ਲੱਗ ਸਕਦਾ ਹੈ ਕਿ ਇਹ ਕਵੀ ਦੇ ਤਖ਼ੱਲੁਸ ਵਜੋਂ ਵਰਤਿਆ ਗਿਆ ਹੈ ਜਾਂ ਆਲਮ ਦੇ ਲਫ਼ਜ਼ੀ ਅਰਥਾਂ ਵਜੋਂ। ਸਾਡੇ ਖ਼ਿਆਲ ਵਿਚ ਇਹ ਵਾਰ ਆਲਮ ਕਵੀ ਦੀ ਰਚਨਾ ਨਹੀਂ ਹੋ ਸਕਦੀ। ਇਸ ਦੀ ਸ਼ੈਲੀ ਆਲਮ ਦੀ *ਮਾਧਵਨਲ ਕਾਮ ਕੰਦਲਾ* ਨਾਲੋਂ ਵੱਖਰੀ ਹੈ। ਇਸ ਦੀ ਅਖ਼ੀਰਲੀ ਪਉੜੀ ਵਿਚ ਕਵੀ-ਛਾਪ 'ਜਨ ਨਾਨਕ' ਹੈ ਜਦ ਕਿ *ਕਾਮ ਕੰਦਲਾ* ਵਿਚ 'ਆਲਿਮ' ਹੈ।[40]

ਇਹ ਵਾਰ ਕਈ ਵਾਰ ਛਪ ਚੁੱਕੀ ਹੈ, ਜਿਵੇਂ *ਪ੍ਰਾਣ ਸੰਗਲੀ* ਵਿਚ, *ਮੱਕੇ ਮਦੀਨੇ ਦੀ ਗੋਸ਼ਟਿ* ਵਿਚ, ਪਿਆਰਾ ਸਿੰਘ ਪਦਮ ਦੀ ਪੁਸਤਕ *ਪੰਜਾਬੀ ਵਾਰਾਂ* ਵਿਚ, ਬਲਜਿੰਦਰ ਕੌਰ ਜੋਸ਼ੀ ਦੀ *ਬਾਣੀ ਬਿਲਾਸ* ਵਿਚ ਤੇ ਸਿਮਰਜੀਤ ਸਿੰਘ ਦੀ *Demeaning the Sikh Tradition : A Study of Mina Poetry* ਵਿਚ, ਪਰ ਇੰਜ ਲੱਗਦਾ ਹੈ, ਇਸ ਨੂੰ ਐਡਿਟ ਕਰਨ ਦੀ ਲੋੜ ਹੈ।

4.1.2. ਸੋਰਠਿ ਕੀ ਵਾਰ ਮਹਲਾ ੮

ਇਸ ਵਾਰ ਦੇ ਰਚਿਆਰ ਬਾਰੇ ਵੀ ਮੱਤਭੇਦ ਹੈ। ਬਲਜਿੰਦਰ ਕੌਰ ਜੋਸ਼ੀ ਅਨੁਸਾਰ ਇਸ ਵਾਰ ਦਾ ਕਰਤਾ ਸੋਢੀ ਮਿਹਰਵਾਨ ਹੈ।[41] *ਪ੍ਰਾਣ ਸੰਗਲੀ* ਵਿਚ ਇਸ ਦਾ ਸਿਰਲੇਖ 'ਸੋਰਠ ਕੀ ਵਾਰ ਮਹਲਾ ੧' ਹੈ।[42] ਪ੍ਰੋ.ਪ੍ਰੀ.ਸਿੰ. ਹ.ਲਿ. 360 ਵਿਚ 'ਰਾਗੁ ਸੋਰਠਿ ਕੀ ਵਾਰ ਮਹਲਾ ੮', ਤੇ ਪਿਆਰਾ ਸਿੰਘ ਪਦਮ ਦੀ ਪੁਸਤਕ *ਪੰਜਾਬੀ ਵਾਰਾਂ* ਵਿਚ, ਜਿੱਥੇ ਇਹ ਸੈਂ.ਸ.ਲਾ, ਪਟਿਆਲਾ ਹ.ਲਿ. 671 ਤੋਂ ਨਕਲ ਕੀਤੀ ਗਈ ਹੈ, 'ਵਾਰ ਭਲੇ ਤਥਾ ਬੁਰੇ ਕੀ - ਵਾਰ ਸੋਰਠਿ ਕੀ ਮਹਲਾ ੮'। ਇਸ ਵਾਰ ਵਿਚ ਕਵੀ-ਛਾਪ ਦੋ ਵਾਰੀ ਸਿਰਫ਼ 'ਜਨ ਨਾਨਕ' ਵਰਤੀ ਗਈ ਹੈ, ਇਕ ਵਾਰੀ ਸ਼ੁਰੂ ਵਿਚ ਤੇ ਇਕ ਵਾਰੀ ਅਖ਼ੀਰ ਉੱਤੇ, ਇਸ ਲਈ ਅਸੀਂ ਇਸ ਨੂੰ ਮਹਲਾ ੮, ਅਰਥਾਤ ਹਰਿ ਜੀ ਦੀ ਰਚਨਾ ਮੰਨਦੇ ਹਾਂ।

---

37. ਵੇਖੋ, *ਮਹਾਨ ਕੋਸ਼*, 1981, ਭਾਸ਼ਾ ਵਿਭਾਗ, ਪੰ. 593 'ਤਿਲੰਗ ਕੀ ਵਾਰ' ਤੇ ਪੰ. 939 'ਮੱਕੇ ਦੀ ਗੋਸਟਿ'।
38. Ms. No. Sr. 17 (2002.1.18), ਪੱਤਰਾ 534. Dr. Man Singh Nirankari Collection, Government Museum and Art Gallery, Chandigarh . (ਵੇਖੋ, Museum's *Descriptive Catalogue of Manuscript Section (Gurmukhi)*, 2005, p. 32)
39. ਪੱਤਰਾ 918.
40. *ਮਾਧਵ ਨਲ ਕਾਮ ਕੰਦਲਾ*, ਕ੍ਰਿਤ ਕਵੀ ਆਲਿਮ, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), 1981, ਪੰ. 107.
41. *ਬਾਣੀ ਬਿਲਾਸ*, 2000, ਪੰ. 88.
42. ਜਗਜੀਤ ਸਿੰਘ ਖਾਨਪੁਰੀ, *ਪ੍ਰਾਣ ਸੰਗਲੀ*, 1991, ਪੰ. 485.

SikhBookClub.com

ਇਹ ਵਾਰ ਕੁੱਝ ਹੋਰ ਹੱਥ-ਲਿਖਤਾਂ ਵਿਚ ਵੀ ਦਰਜ ਹੈ, ਜਿਵੇਂ ਗੁ.ਨਾ.ਦੇ.ਯੂ. ਹ.ਲਿ. 839 ਤੇ ਨੰ. 1051. ਇਹ ਸਭ ਤੋਂ ਪਹਿਲਾਂ *ਪੰਜਾਬੀ ਦੁਨੀਆ* ਦੇ ਸਤੰਬਰ, 1953 ਅੰਕ ਵਿਚ ਛਪੀ ਸੀ ਤੇ ਬਾਅਦ ਵਿਚ ਕਈ ਜਗ੍ਹਾ ਹੋਰ।

4.1.3. ਵਾਰ ਗਉੜੀ ਮਹਲਾ ੮

ਇਹ ਵਾਰ ਪਹਿਲੀ ਵਾਰੀ ਸਾਡੀ ਪੁਸਤਕ-ਲੜੀ ਵਿਚ ਛਪੇਗੀ। ਸਰੋਤ : ਪ੍ਰੋ. ਪ੍ਰੀ.ਸਿੰ. ਹ.ਲਿ. 78.

4.1.4. ਵਾਰ ਕਲਿਆਨ ਮਹਲਾ ੮

ਇਹ ਵਾਰ ਵੀ ਪਹਿਲੀ ਵਾਰੀ ਸਾਡੀ ਪੁਸਤਕ-ਲੜੀ ਵਿਚ ਛਪੇਗੀ। ਸਰੋਤ : ਪ੍ਰੋ.ਪ੍ਰੀ.ਸਿੰ. ਹ.ਲਿ. 78.

4.1.5. ਰਾਗ ਜੈਤਸ੍ਰੀ ਕੀ ਵਾਰ ਮਹਲਾ ੮

ਇਹ ਵਾਰ ਸਿਮਰਜੀਤ ਸਿੰਘ ਦੀ ਪੁਸਤਕ *Demeaning the Sikh Tradition - A Study of Mina Poetry* ਵਿਚ ਦਰਜ ਹੈ। ਸਰੋਤ : ਸੈਂ.ਸ.ਲਾ., ਹ.ਲਿ. 671.

4.2. ਸੰਪਾਦਿਤ ਵਾਰਾਂ

4.2.1. ਆਸਾ ਦੀ ਵਾਰ

ਸਰੋਤ : ਸਿ.ਰੈ.ਲਾ. ਹ.ਲਿ. 3512. ਚੂੰਕਿ ਇਹ ਹੱਥ-ਲਿਖਤ ਹੁਣ ਨਸ਼ਟ ਹੋ ਚੁੱਕੀ ਹੈ, ਇਸ ਲਈ ਇਸ ਦਾ ਪਾਠ ਨਹੀਂ ਮਿਲਦਾ। ਸ਼ਮਸ਼ੇਰ ਸਿੰਘ ਅਸ਼ੋਕ ਨੇ ਇਸ ਦਾ ਕੁੱਝ ਵੇਰਵਾ ਦਿੱਤਾ ਹੈ[43], ਜਿਸ ਮੁਤਾਬਕ ਹਰਿ ਜੀ ਨੇ *ਸ੍ਰ.ਗੁ.ਗ੍ਰੰ.ਸਾ.* ਦੀ ਵਾਰ "ਆਸਾ ਮਹਲਾ ੧॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ" ਦੀਆਂ 24 ਪਉੜੀਆਂ ਦੀ ਥਾਵੇਂ 27 ਪਉੜੀਆਂ ਬਣਾ ਕੇ ਕਈ ਥਾਵੇਂ ਨਵੇਂ ਵਾਧੇ ਕੀਤੇ ਹਨ। ਅਸ਼ੋਕ ਹੁਰਾਂ ਨੇ 23ਵੀਂ ਪਉੜੀ ਤੋਂ ਅੱਗੇ 3 ਸਲੋਕਾਂ ਤੇ ਇਕ ਪਉੜੀ ਦਾ ਨਮੂਨਾ ਵੀ ਦਿੱਤਾ ਹੈ। ਇਕ ਸਲੋਕ ਦਾ ਮਹਲਾ ਪਦ ੮ ਹੈ, ਜੋ ਇਸ ਵਾਰ ਨੂੰ ਹਰਿ ਜੀ ਦੁਆਰਾ ਸੰਪਾਦਿਤ ਹੋਈ ਸਿੱਧ ਕਰਦਾ ਹੈ।

4.2.2. ਬਸੰਤ ਕੀ ਵਾਰ

ਇਹ ਵਾਰ ਪੁਸਤਕ *ਬਾਣੀ ਗੁਰੂ, ਗੁਰੂ ਹੈ ਬਾਣੀ, ਪੋਥੀ ਦਸਮ ਗੁਰਬਾਣੀ* ਵਿਚ ਦਰਜ ਹੈ।[44] (ਵੇਖੋ, ਹਥਲੀ ਪੁਸਤਕ ਦਾ ਪੰ. 14)। ਇਸ ਵਿਚ ਮਹਲਾ ੮ ਦਾ ਇਕ

43. *ਸਾ.ਹ.ਲਿ.ਪੰ.ਸਾ.* ਪੰ. 246.
44. ਗਿਆਨੀ ਲਾਲ ਸਿੰਘ ਸੰਗਰੂਰ (ਸੰਪਾ.), 1956, ਪੰ. 156-164.

SikhBookClub.com

ਸਲੋਕ ਸ਼ਾਮਿਲ ਹੈ, ਇਸ ਲਈ ਇਹ ਵਾਰ ਮਹਲਾ ੮ ਦੁਆਰਾ ਸੰਪਾਦਿਤ ਮੰਨੀ ਜਾਂਦੀ ਹੈ। ਇਸ ਦਾ ਮੂਲ ਪਾਠ ਇਸ ਪੁਸਤਕ-ਲੜੀ ਦੀ ਦੂਜੀ ਪੁਸਤਕ ਵਿਚ ਦੇ ਦਿੱਤਾ ਗਿਆ ਹੈ।

5.0. ਸ਼ਬਦ ਸਲੋਕ

5.1. ਪ੍ਰੋ.ਪ੍ਰੀ.ਸਿੰ. ਹ.ਲਿ. 78

ਪ੍ਰੋ.ਪ੍ਰੀ.ਸਿੰ. ਹ.ਲਿ. 78 ਵਿਚ 21 ਰਾਗਾਂ ਵਿਚ ਹਰਿ ਜੀ ਰਚਿਤ 181 ਸ਼ਬਦ ਦਰਜ ਹਨ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਰਾਗੁ	*ਸ਼ਬਦਾਂ ਦੀ ਗਿਣਤੀ*
ਰਾਗੁ ਸ੍ਰੀਰਾਗੁ	6
ਰਾਗੁ ਮਾਝ	33
ਰਾਗੁ ਗਉੜੀ	25
ਰਾਗੁ ਆਸਾ	15
ਰਾਗੁ ਗੂਜਰੀ	7
ਰਾਗੁ ਮਾਲਵਾ	4
ਰਾਗੁ ਵਡਹੰਸ	4
ਰਾਗੁ ਸੋਰਠਿ	5
ਰਾਗੁ ਧਨਾਸਰੀ	8
ਰਾਗੁ ਤਿਲੰਗ	7
ਰਾਗੁ ਸੂਹੀ	11
ਰਾਗੁ ਬਿਲਾਵਲ	9
ਰਾਗੁ ਰਾਮਕਲੀ	8
ਰਾਗੁ ਨਟ ਨਾਰਾਇਣ	1
ਰਾਗੁ ਮਾਰੂ	10
ਰਾਗੁ ਤੁਖਾਰੀ	5
ਰਾਗੁ ਭੈਰਉ	2
ਰਾਗੁ ਬਸੰਤ	10
ਰਾਗੁ ਸਾਰਗ	3
ਰਾਗੁ ਮਲ੍ਹਾਰ	6
ਰਾਗੁ ਪਰਭਾਤੀ	2
ਸ਼ਬਦ ਜੋੜ	181

ਏਸੇ ਹੱਥ-ਲਿਖਤ ਦੇ ਮੁੱਢ ਵਿਚ ਆਦਿ ਗ੍ਰੰਥ ਵਾਲੀ ਜਪੁ ਬਾਣੀ ਦੇ ਅੰਤ ਉੱਤੇ ਮਹਲਾ ੮ ਦਾ 1 ਸਲੋਕ ਵੀ ਹੈ।

SikhBookClub.com

5.2. *ਗੋਸ਼ਟਾਂ ਮਿਹਰਬਾਨ ਜੀ ਕੀਆਂ*

ਗੋਸ਼ਟਾਂ ਮਿਹਰਬਾਨ ਜੀ ਕੀਆਂ ਕ੍ਰਿਤ ਹਰਿ ਜੀ ਦੇ ਅਖ਼ੀਰ ਵਿਚ ਮਹਲਾ ੮ ਦੇ ਇਹ ਸ਼ਬਦ ਦਰਜ ਹਨ[45]:

(1) ਰਾਗੁ ਬਸੰਤ ਮਹਲਾ ੮

(2) ਰਾਗੂ ਮਾਰੂ ਸੋਹਲਾ ਮਹਲਾ ੮

(3) ਰਾਗੁ ਮਾਲਵਾ ਮਹਲਾ ੮

(4) ਰਾਗੁ ਮਾਰੂ ਮਹਲਾ ੮।

ਇਹ ਚਾਰੇ ਸ਼ਬਦ ਭਾਸ਼ਾ ਵਿਭਾਗ ਵੱਲੋਂ ਛਪੀ *ਗੋਸ਼ਟੀਆਂ* (1970) ਤੇ ਪ੍ਰੋ. ਪ੍ਰੀ.ਸਿੰ. ਹ.ਲਿ. 78 ਵਿਚ ਵੀ ਪ੍ਰਾਪਤ ਹਨ। ਇਨ੍ਹਾਂ ਸ਼ਬਦਾਂ ਤੋਂ ਇਲਾਵਾ, *ਗੋਸ਼ਟਾਂ ਮਿਹਰਬਾਨ ਜੀ ਕੀਆਂ* ਦੀ ਹਰ ਗੋਸ਼ਟਿ ਦੇ ਅੰਤ ਉੱਤੇ ਹਰਿ ਜੀ ਦੇ 'ਜਨ ਨਾਨਕ' ਛਾਪ ਵਾਲੇ ਸਲੋਕ ਹਨ।

5.3. ਖ਼ਾ.ਕਾ.ਅੰ. ਹ.ਲਿ.SHR 2306

ਖਾ.ਕਾ.ਅੰ. ਹ.ਲਿ.SHR 2306—'ਗੋਸ਼ਟਿ ਬਾਬਾ ਨਾਨਕ' ਵਿਚ ਮਹਲਾ ੮ ਦੇ 3 ਸ਼ਬਦ ਸਲੋਕ ਹਨ:

(1) ਮਹਲਾ ੮ ਸਤਿਗੁਰੁ ਹਰਜੀ

(2) ਰਾਗੁ ਸੋਰਠਿ ਮਹਲੁ ੮

(3) ਰਾਗੁ ਮਾਝਿ ਮਹਲੁ ੮॥ (ਇਹ ਅਸ਼ਟਪਦੀ "ਆਉ ਪਿਆਰਿਆ ਆਉ ਜੀ..." ਮਹਲਾ ੮ ਦੀ ਹੈ, ਮਹਲਾ ੭ ਦੀ ਨਹੀਂ। ਨਰਿੰਦਰ ਕੌਰ ਭਾਟੀਆ[46] ਤੇ ਸਿਮਰਜੀਤ ਸਿੰਘ[47] ਦੋਨਾਂ ਨੇ SHR 2306 ਦੇ ਪੱਤਰਾ 167ਅ ਉੱਤੇ ਦਿੱਤੇ ਇਸ ਦੇ ਸਿਰਲੇਖ ਨੂੰ ਮਹਲੁ ੮ ਦੀ ਥਾਂ ਮਹਲੁ ੭ ਪੜ੍ਹਿਆ ਹੈ। ਪ੍ਰੋ.ਪ੍ਰੀ.ਸਿੰ. ਹ.ਲਿ. 78, ਦੇ ਪੱਤਰਾ 120ਅ-121ਅ, ਵਿਚ ਇਹ 'ਮਾਝ ਮਹਲਾ ੮' ਥੱਲੇ ਦਰਜ ਹੈ।

SHR 2306 ਦੇ ਪੱਤਰਾ 162ਅ ਉੱਤੇ ਰਾਗੁ ਸੋਰਠਿ ਵਿਚ ਇਕ ਹੋਰ ਸ਼ਬਦ ਹੈ ਜਿਸ ਦੇ ਮਹਲਾ ਪਦ ਨੂੰ ਸਿਮਰਜੀਤ ਸਿੰਘ ਨੇ ਮਹਲਾ ੮ ਪੜ੍ਹਿਆ ਹੈ।[48] ਇਹ ਹਰ ਹਾਲਤ ਵਿਚ ਮਹਲਾ ੮ ਨਹੀਂ, ਮਹਲਾ ੧੧ ਹੈ।[49]

---

45. ਕ੍ਰਿਸ਼ਣਾ ਕੁਮਾਰੀ ਬਾਂਸਲ (ਸੰਪਾ.), 1977, ਪੰ. 254-260.
46. ਨਰਿੰਦਰ ਕੌਰ ਭਾਟੀਆ, *ਮਿਹਰਬਾਨ ਰਚਿਤ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਨਵੀਆਂ ਲਭੀਆਂ ਗੋਸ਼ਟਾਂ*, 1999, ਪੰ. 162.
47. *Deameaning the Sikh Tradition : A Study of Mina Poetry*, 2006, p. 198.
48. *ਉਹੀ*, p. 195.
49. ਨਰਿੰਦਰ ਕੌਰ ਭਾਟੀਆ ਨੇ ਇਸ ਨੂੰ ਮਹਲਾ ੧੧ ਪੜ੍ਹਿਆ ਹੈ। ਵੇਖੋ, *ਪਿ.ਹ.* ਪੰ. 156. ਮਹਲਾ ੧੧ ਛੋਟੇ ਮੇਲ ਦੇ ਗੁਰੂ ਹਰਿ ਨੰਦ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਦੀ ਰਚਿਤ ਰਾਗੁ ਗਉੜੀ ਵਿਚ ਇਕ ਵਾਰ ਤੇ ਰਾਗੁ ਮਾਝ ਵਿਚ ਇਕ ਸ਼ਬਦ ਪ੍ਰੋ.ਪ੍ਰੀ.ਸਿੰ. ਹ.ਲਿ. 78 ਵਿਚ ਅੰਕਿਤ ਹਨ।

SikhBookClub.com

5.4. ਪੰ.ਯੂ.ਪ. ਹ.ਲਿ. 115715 (ਗੁਰਬਾਣੀ ਤੇ ਸੋਢੀ ਹਰਿ ਜੀ ਦੀ ਬਾਣੀ), ਮਿਤੀ 1745 ਈ.

ਇਸ ਹੱਥ-ਲਿਖਤ ਦੇ ਪੱਤਰਾ 201-204 ਤੇ ਪੱਤਰਾ 214-243 ਉੱਤੇ ਮਹਲਾ ੮ ਦੇ 13 ਰਾਗਾਂ ਵਿਚ 28 ਸ਼ਬਦ ਸਲੋਕ ਦਰਜ ਹਨ। ਇਨ੍ਹਾਂ ਵਿੱਚੋਂ ਕੁੱਝ ਸ਼ਬਦ ਪ੍ਰੋ.ਪ੍ਰੀ.ਸਿੰ. ਹ.ਲਿ. 78 ਤੇ ਹਰਿ ਜੀ ਕ੍ਰਿਤ *ਗੋਸ਼ਟਾਂ ਮਿਹਰਬਾਨ ਜੀ ਕੀਆਂ* ਵਿਚ ਵੀ ਮਿਲਦੇ ਹਨ। ਇਨ੍ਹਾਂ ਸ਼ਬਦ ਸਲੋਕਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਰਾਗ	*ਸ਼ਬਦ ਸਲੋਕਾਂ ਦੀ ਗਿਣਤੀ*
ਰਾਗ ਸੂਹੀ ਮਹਲਾ ੮	3
ਰਾਗ ਅਸਾ ਮਹਲਾ ੮	1
ਰਾਗ ਧਨਾਸਰੀ ਮਹਲਾ ੮	1
ਰਾਗ ਸ੍ਰੀ ਰਾਗ ਮਹਲਾ ੮	3
ਰਾਗ ਮਾਝ ਮਹਲਾ ੮	9
ਰਾਗ ਬਭਾਸ ਮਹਲਾ ੮	1
ਰਾਗੁ ਤਿਲੰਗੁ ਮਹਲਾ ੮	2
ਰਾਗ ਰਾਮਕਲੀ ਮਹਲਾ ੮	1
ਧਿਆਨ ਸ੍ਰੀ ਸਤਿਗੁਰੂ ਮਿਹਰਵਾਨ ਜੀ ਕਾ (ਇਹ ਸ਼ਬਦ, ਰਾਗੁ ਮਾਰੂ ਮਹਲਾ ੮ ਹੈ)[50]	1
ਰਾਗੁ ਆਸਾਵਰੀ ਮਹਲਾ ੮	1
ਰਾਗ ਗਉੜੀ ਮਹਲਾ ੮	2
ਰਾਗ ਬਿਲਾਵਲ ਮਹਲਾ ੮	2
ਰਾਗੁ ਕਾਨੜਾ ਮਹਲਾ ੮	1

5.5. ਸੁਖਮਨੀ ਸਹੰਸਰਨਾਮਾ

ਸੁਖਮਨੀ ਸਹੰਸਰਨਾਮਾ ਵਿਚ ਪਰਮਾਰਥਾਂ ਦੇ ਅੰਤ ਉੱਤੇ ਹਰਿ ਜੀ ਦੇ ਲਿਖੇ ਸਲੋਕ ਹਨ।

5.6. ਸਿੰਘਾਸਨ ਬਤੀਸੀ

ਸਿੰਘਾਸਨ ਬਤੀਸੀ ਦੀਆਂ 32 ਪੁਤਲੀਆਂ (ਅਧਿਆਇ) ਹਨ। ਹਰ ਪੁਤਲੀ ਦੇ ਅੰਤ ਉੱਤੇ ਇਕ ਸਲੋਕ ਹੈ।

5.7. ਸਿ.ਰੈ.ਲਾ. ਹ.ਲਿ. 7258[51]

ਗੁਰਮੋਹਨ ਸਿੰਘ ਆਹਲੂਵਾਲੀਆ ਨੇ ਆਪਣੀ ਪੁਸਤਕ *ਸੋਢੀ ਹਰਿ ਜੀ ਜੀਵਨ*

50. *ਗੋਸ਼ਟਾਂ ਮਿਹਰਬਾਨ ਜੀ ਕੀਆਂ*, ਕ੍ਰਿਸ਼ਣਾ ਕੁਮਾਰੀ ਬਾਂਸਲ, 1977, ਪੰ. 259.
51. ਵੇਖੋ, *ਸਾ.ਹ.ਲਿ.ਪੰ.ਸਾ.*, ਪੰ. 270.

SikhBookClub.com

ਤੇ ਰਚਨਾ, ਵਿਚ ਸੂਚਿਤ ਕੀਤਾ ਹੈ ਕਿ ਇਸ ਹੱਥ-ਲਿਖਤ ਵਿਚ ਮਹਲਾ ੮ ਦੇ ਕਈ ਸਲੋਕ ਦਰਜ ਸਨ। ਇਹ ਹੱਥ-ਲਿਖਤ ਤਾਂ ਹੁਣ ਨਸ਼ਟ ਹੋ ਚੁੱਕੀ ਹੈ, ਪਰ ਇਨ੍ਹਾਂ ਸਲੋਕਾਂ ਦੇ ਇਕ ਦੋ ਨਮੂਨੇ ਆਹਲੂਵਾਲੀਆ ਹੁਰਾਂ ਦੀ ਪੁਸਤਕ ਵਿਚ ਦਿੱਤੇ ਹੋਏ ਹਨ।[52]

5.8. ਗੁ.ਨਾ.ਦੇ.ਯੂ. ਹ.ਲਿ. 1003

ਇਸ ਹ.ਲਿ. ਵਿਚ ਮਹਲਾ ੮ ਦੇ ਕੋਈ 55 ਸ਼ਬਦ ਸਲੋਕ ਹਨ।

5.9. ਸੰਤ ਇੰਦਰ ਸਿੰਘ ਚਕ੍ਰਵਰਤੀ ਦਾ ਲੇਖ

ਸੰਤ ਇੰਦਰ ਸਿੰਘ ਚਕ੍ਰਵਰਤੀ ਦੇ ਲੇਖ 'ਬਾਬਾ ਮਿਹਰਵਾਨ ਦੀ ਰਚਨਾ' ਵਿਚ ਕੁੱਝ ਸਲੋਕ।[53]

6.0. *ਪ੍ਰਾਣ ਸੰਗਲੀ* ਵਿਚ ਹਰਿ ਜੀ ਦੀ ਰਚਨਾ

ਅਸਾਂ *ਪ੍ਰਾਣ ਸੰਗਲੀ* ਵਿਚ ਨਿਮਨ ਅੰਕਿਤ ਚਾਰ ਅਧਿਆਇ ਐਸੇ ਵੇਖੇ ਹਨ ਜਿਨ੍ਹਾਂ ਵਿਚ 'ਜਨ ਨਾਨਕ' ਕਵੀ-ਛਾਪ ਦੀ ਵਰਤੋਂ ਹੋਈ ਮਿਲਦੀ ਹੈ:

(1) ਸੋਰਠ ਕੀ ਵਾਰ ਮਹਲਾ ੧. (ਵੇਖੋ, ਅਧਿਆਇ 55, *ਪ੍ਰਾਣ ਸੰਗਲੀ*, ਖਾਨਪੁਰੀ)

(2) ਤਿਲੰਗ ਕੀ ਵਾਰ ਮਹਲਾ ੧. (ਵੇਖੋ, ਅਧਿਆਇ 58 *ਪ੍ਰਾਣ ਸੰਗਲੀ*, ਖਾਨਪੁਰੀ)

(3) ਰਾਗ ਰਾਮਕਲੀ ਮਹਲਾ ੧ ਧਿਆਉ ਬਿਹੰਗਮ ਕਾ। (ਵੇਖੋ, ਅਧਿਆਇ 53, *ਪ੍ਰਾਣ ਸੰਗਲੀ*, ਖਾਨਪੁਰੀ)

(4) ਸਹੰਸ੍ਰਨਾਮਾ ਰਾਗ ਮਾਰੂ ਮਹਲਾ ੧. (ਵੇਖੋ, ਅਧਿਆਇ 25, *ਪ੍ਰਾਣ ਸੰਗਲੀ*, ਖਾਨਪੁਰੀ)

ਨੰ. 1 ਤੇ ਨੰ. 2 ਉੱਪਰ ਵਾਰਾਂ ਵਿਚ ਆ ਚੁੱਕੇ ਹਨ।

ਨੰ. 3, ਧਿਆਉ ਬਿਹੰਗਮ ਕਾ:

ਇਸ ਰਚਨਾ ਦੇ ਅੰਤ ਉੱਤੇ ਪਉੜੀ 25ਵੀਂ ਦੀ ਅਖ਼ੀਰਲੀ ਤੁਕ ਹੈ:

ਹੋਇ ਨਿਰਲੰਭ ਸਬਦ ਕਮਾਵਹੁ, ਜਨ ਨਾਨਕ ਤਤ ਬਿਹੰਗਮ ਪਾਵਹੁ ॥੨੫॥

ਇਸ ਵਿਚ ਵਰਤੀ ਕਵੀ ਛਾਪ 'ਜਨ ਨਾਨਕ', ਹਰਿ ਜੀ ਦੀ ਸੂਚਕ ਹੈ। ਪਿਆਰ ਸਿੰਘ[54] ਤੇ ਗੁਰਮੋਹਨ ਸਿੰਘ ਆਹਲੂਵਾਲੀਆ[55] ਵੀ ਇਸਨੂੰ ਹਰਿ ਜੀ ਦੀ ਰਚਨਾ ਮੰਨਦੇ ਹਨ। 'ਧਿਆਉ ਬਿਹੰਗਮ ਕਾ' ਜਾਂ 'ਬਾਣੀ ਬਿਹੰਗਮ' ਦੀਆਂ ਕਈ ਹੱਥ-ਲਿਖਤਾਂ

---

52. ਵੇਖੋ, 1985, ਪੰ. 48.
53. *ਪੰਜਾਬੀ ਦੁਨੀਆ*, ਅਕਤੂਬਰ 1963, ਪੰ. 64-65.
54. *A Critical Survey of Panjabi Prose in the Seventeenth Century*, p. 127.
55. *ਸੋਢੀ ਹਰਿ ਜੀ ਜੀਵਨ ਤੇ ਰਚਨਾ*, 1985, ਪੰ. 49.

SikhBookClub.com

ਸੁਤੰਤਰ ਰੂਪ ਵਿਚ ਵਿਚ ਵੀ ਮਿਲਦੀਆਂ ਹਨ। ਮੋਹਨ ਸਿੰਘ ਦੀਵਾਨਾ ਨੇ ਇਸ ਦੀ ਇਕ 1711 ਈ. ਦੀ ਹੱਥ-ਲਿਖਤ, 'ਗੋਸਟਿ ਨਿਰੰਕਾਰ ਨਾਲ ਹੋਈ ਬਾਬੇ ਨਾਨਕ ਕੀਤੀ' ਦੇ ਨਾਂ ਥੱਲੇ ਲਾਹੌਰ ਦੀ ਇਕ ਲਾਇਬ੍ਰੇਰੀ ਵਿਚ ਵੇਖੀ ਸੀ।[56] ਕੁੱਝ ਹੋਰ ਹੱਥ-ਲਿਖਤਾਂ ਇਹ ਹਨ :

(1) ਸੈਂ.ਸ.ਲਾ. ਹ.ਲਿ. 671.
(2) ਭਾ.ਵਿ. ਹ.ਲਿ. 135, ਮਿਤੀ 1736 ਈ., 467, 533.
(3) ਪੰ.ਯੂ.ਪ. ਹ.ਲਿ. 115715, ਮਿਤੀ 1745 ਈ, 115063.
(4) ਗੁ.ਨਾ.ਦੇ.ਯੂ. ਹ.ਲਿ. 61, 709, 753.
(5) ਪ੍ਰੋ.ਪ੍ਰੀ.ਸਿੰ. ਹ.ਲਿ. 25, 101, 147, 149, 157, 352.
(6) ਹ.ਲਿ. ਪੋਥੀ, ਅਥਿਤ (ਅਖ਼ੀਰਲਾ ਪੱਤਰਾ ਗੁੰਮ), ਗੁਰਿੰਦਰ ਸਿੰਘ ਮਾਨ, ਕੈਲਿਫੋਰਨੀਆ ਯੂਨੀਵਰਸਿਟੀ, ਸਾਂਟਾ ਬਾਰਬਾਰਾ ਦੀ ਨਿਜੀ ਲਾਇਬ੍ਰੇਰੀ।

ਨੰ. 4. ਸਹੰਸ੍ਰਨਾਮਾ ਰਾਗ ਮਾਰੂ ਮਹਲਾ ੧

ਇਸ ਬਾਰੇ ਅਸੀਂ ਦੱਸ ਆਏ ਹਾਂ (ਵੇਖੋ, ਹਥਲੀ ਪੁਸਤਕ ਦਾ ਪੰ. 92), ਕਿ ਇਸ ਕਿਰਤ ਦਾ ਕਰਤਾ ਨਿਰਧਾਰਿਤ ਕਰਨਾ ਕਠਨ ਹੈ। ਅਸੀਂ ਇਸ ਨੂੰ 'ਛੋਟੇ ਮੇਲ ਦੀ ਅਗਿਆਤ ਰਚਨਾ' ਮੰਨਿਆ ਹੈ।

---

56. ਮੋਹਨ ਸਿੰਘ ਦੀਵਾਨਾ ਨੇ ਆਪਣੀ ਪੁਸਤਕ *A History of Punjabi Literature*, ਦੂਜਾ ਐਡੀਸ਼ਨ, ਪੰਜਾਬੀ ਸੈਕਸ਼ਨ, ਪੰ. 21-22 ਉੱਤੇ ਹਿਫ਼ਜ਼ੁਲ-ਉਲੂਮ ਪ੍ਰਾਈਵੇਟ ਲਾਇਬ੍ਰੇਰੀ, ਲਾਹੌਰ, ਹ.ਲਿ. 512, ਮਿਤੀ 1711 ਈ. ਵਿੱਚੋਂ ਕੁੱਝ ਨਮੂਨੇ ਦਿੱਤੇ ਹਨ। ਮਿਤੀ ਦੀ ਸੂਚਨਾ ਪੁਸਤਕ ਦੇ ਪੰ. 3 ਉੱਤੇ ਹੈ।

SikhBookClub.com

5

ਸੋਢੀ ਹਰਿ ਜੀ ਦੇ ਪਿੱਛੋਂ

17 ਅਪਰੈਲ, 1696 ਈ. ਨੂੰ ਸ੍ਰੀ ਅੰਮ੍ਰਿਤਸਰ ਵਿਚ ਸੋਢੀ ਹਰਿ ਜੀ ਦੇ ਦੇਹੰਤ ਤੋਂ ਬਾਅਦ ਉਨ੍ਹਾਂ ਦਾ ਕੌਣ ਉੱਤਰ-ਅਧਿਕਾਰੀ ਬਣਿਆ, ਇਸ ਬਾਰੇ ਸਾਡੇ ਖੋਜੀ ਵਿਦਵਾਨਾਂ ਦੇ ਦੋ ਮੱਤ ਹਨ।

ਪਹਿਲੇ ਮੱਤ ਅਨੁਸਾਰ, ਜੋ ਹੁਣ ਤਕ ਪ੍ਰਧਾਨ ਮੰਨਿਆ ਜਾਂਦਾ ਹੈ, ਹਰਿ ਜੀ ਦੇ ਤਿੰਨ ਪੁੱਤਰ ਸਨ—ਨਿਰੰਜਨ ਰਾਇ, ਹਰਿ ਗੋਪਾਲ ਤੇ ਕੰਵਲ ਨੈਨ, ਜਿਨ੍ਹਾਂ ਵਿੱਚੋਂ ਉਨ੍ਹਾਂ ਦੇ ਪਿੱਛੋਂ ਉਨ੍ਹਾਂ ਦਾ ਸਭ ਤੋਂ ਵੱਡਾ ਪੁੱਤਰ ਨਿਰੰਜਨ ਰਾਏ ਗੱਦੀ ਉੱਤੇ ਬੈਠਾ। ਪਰ ਛੇਤੀ ਹੀ, ਤਿੰਨਾਂ ਭਰਾਵਾਂ ਦੀ ਆਪਸ ਵਿਚ ਖਟਪਟ ਸ਼ੁਰੂ ਹੋ ਗਈ। ਇਸ ਝਮੇਲੇ ਤੋਂ ਤੰਗ ਆ ਕੇ ਅੰਮ੍ਰਿਤਸਰ ਦੀ ਸੰਗਤ ਨੇ ਗੁਰੂ ਗੋਬਿੰਦ ਸਿੰਘ ਜੀ ਪਾਸ ਬੇਨਤੀ ਕੀਤੀ ਕਿ ਉਹ ਸ੍ਰੀ ਦਰਬਾਰ ਸਾਹਿਬ ਦਾ ਬੰਦੋਬਸਤ ਆਪਣੇ ਹੱਥ ਵਿਚ ਲੈ ਲੈਣ। ਦਸਵੇਂ ਪਾਤਸ਼ਾਹ ਨੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਤੇ ਸੰਗਤਾਂ ਦੀ ਅਗਵਾਈ ਲਈ ਸੰਮਤ 1755 ਬਿ. (1698 ਈ.) ਵਿਚ ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਭੇਜਿਆ ਜਿਸ ਦੇ ਫਲ-ਸਰੂਪ ਛੋਟੇ ਮੇਲ ਦੇ ਗੁਰੂਆਂ ਨੂੰ ਅੰਮ੍ਰਿਤਸਰ ਛੱਡਣਾ ਪਿਆ। ਨਿਰੰਜਨ ਰਾਇ, ਜੋ ਦੱਖਣੀ ਰਾਇ ਦਾ ਪਿਤਾ ਵੀ ਸੀ, ਮਾਲਵੇ ਦੇ ਪਿੰਡ ਘਰਾਚੋਂ, ਹਰਿ ਗੁਪਾਲ ਲਾਹੌਰ ਦੇ ਨੇੜੇ ਮੁਹੰਮਦੀਪੁਰ, ਤੇ ਕੰਵਲ ਨੈਨ ਮਾਲਵੇ ਦੇ ਪਿੰਡ ਢਿੱਲਵਾਂ ਚਲਾ ਗਿਆ। ਵੇਖੋ ਹੇਠਲਾ ਨਕਸ਼ਾ:

ਹਰਿ ਜੀ

ਨਿਰੰਜਨ ਰਾਇ (ਘਰਾਚੋਂ)	ਹਰਿ ਗੋਪਾਲ (ਮੁਹੰਮਦੀਪੁਰ)	ਕੰਵਲ ਨੈਨ (ਢਿੱਲਵਾਂ)
ਦੱਖਣੀ ਰਾਇ		

ਉਪਰੋਕਤ ਮੱਤ ਦੇ ਧਾਰਨੀ ਹਨ: ਇਤਿਹਾਸਕਾਰ ਕਿਰਪਾਲ ਸਿੰਘ, ਪ੍ਰਕਾਸ਼ ਸਿੰਘ, ਪਿਆਰਾ ਸਿੰਘ ਪਦਮ, ਗੋਵਿੰਦਨਾਥ ਰਾਜਗੁਰੂ, ਰਤਨ ਸਿੰਘ ਜੱਗੀ, ਗੁਰਚਰਨ ਸਿੰਘ ਸੇਕ, ਜੱਥੇਦਾਰ ਕਿਰਪਾਲ ਸਿੰਘ, ਗੁਰਮੋਹਨ ਸਿੰਘ ਆਹਲੂਵਾਲੀਆ, ਬਲਬੀਰ ਸਿੰਘ ਨੰਦਾ, ਜੀਵਨ ਦਿਓਲ, ਬਲਜਿੰਦਰ ਕੌਰ ਜੋਸ਼ੀ, ਸਿਮਰਜੀਤ ਸਿੰਘ, ਆਦਿ। ਭਾਵ ਤਕਰੀਬਨ ਸਾਰੇ ਉੱਘੇ ਲਿਖਾਰੀ ਇਸੇ ਮੱਤ ਦੇ ਹਨ।

SikhBookClub.com

ਦੂਜੇ ਮੱਤ ਦੇ ਧਾਰਨੀ ਹਨ - ਹਰਿ ਜੀ ਦੀ ਬੰਸ ਦੇ ਸੋਢੀ ਗੁਰਦਰਸ਼ਨ ਸਿੰਘ ਮੁਨਾਵਾਂ[1] ਤੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ।[2] ਇਨ੍ਹਾਂ ਦਾ ਵਿਸ਼ਵਾਸ ਹੈ ਕਿ ਹਰਿ ਜੀ ਦੇ ਤਿੰਨ ਨਹੀਂ ਦੋ ਪੁੱਤਰ ਸਨ, ਵੱਡਾ ਸੀ ਹਰਿ ਗੋਪਾਲ ਤੇ ਛੋਟਾ ਹਰਿ ਨਾਰਾਇਣ। ਕੰਵਲ ਨੈਨ, ਹਰਿ ਜੀ ਦਾ ਪੁੱਤਰ ਨਹੀਂ ਸੀ, ਹਰਿ ਨਾਰਾਇਣ ਦਾ ਪੁੱਤਰ ਸੀ, ਅਰਥਾਤ ਹਰਿ ਜੀ ਦਾ ਪੋਤਰਾ। ਹਰਿ ਜੀ ਦੇ ਵੱਡੇ ਭਰਾ ਕਰਨ ਮੱਲ ਦਾ ਇਕ ਪੋਤਰਾ ਸੀ, ਜਿਸ ਦਾ ਨਾਂ ਨਿਰੰਜਨ ਰਾਏ ਸੀ। ਸੋਢੀ ਗੁਰਦਰਸ਼ਨ ਸਿੰਘ ਮੁਨਾਵਾਂ ਅਨੁਸਾਰ, ਭਾਈ ਮਨੀ ਸਿੰਘ ਦੇ ਦਰਬਾਰ ਸਾਹਿਬ ਉੱਤੇ ਕੰਟਰੋਲ ਕਰਨ ਤੋਂ ਬਾਅਦ, ਹਰਿ ਗੋਪਾਲ ਆਪਣੇ ਜੱਦੀ ਅਸਥਾਨ ਮੁਹੰਮਦੀਪੁਰ ਚਲਾ ਗਿਆ ਤੇ ਹਰਿ ਨਾਰਾਇਣ ਮਾਲਵੇ ਵਿਚ ਆਪਣੇ ਪੜਦਾਦੇ ਦੇ ਪਿੰਡ ਕੋਠਾ ਗੁਰੂ।[3] ਕਰਨ ਮਲ ਦੀ ਔਲਾਦ ਪਹਿਲਾਂ ਬੁਤਾਲੇ ਰਹਿੰਦੀ ਸੀ, ਬਾਅਦ ਵਿਚ ਉਹਦੇ ਪੋਤਰੇ ਨਿਰੰਜਨ ਰਾਏ ਦਾ ਪੁੱਤਰ ਦੱਖਣੀ ਰਾਏ, ਬੁਤਾਲੇ ਤੋਂ ਘਰਾਚੋਂ ਆ ਕੇ ਵੱਸਣ ਲੱਗ ਪਿਆ। ਇਸ ਮੱਤ ਦਾ ਨਕਸ਼ਾ ਇਸ ਪ੍ਰਕਾਰ ਹੈ :



ਅਸੀਂ ਇਨ੍ਹਾਂ ਦੋਨਾਂ ਮੱਤਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰ ਕੇ ਇਹ ਜਾਨਣ ਦਾ ਜਤਨ ਕਰਾਂਗੇ ਕਿ ਇਨ੍ਹਾਂ ਵਿੱਚੋਂ ਕਿਹੜਾ ਮੱਤ ਮੰਨਣਯੋਗ ਹੈ।

ਪਹਿਲਾ ਮੱਤ

(1) ਪਹਿਲੇ ਭਾਵ ਤਿੰਨ ਪੁੱਤਰਾਂ ਵਾਲੇ ਮੱਤ ਦਾ ਆਧਾਰ ਗਿਆਨੀ ਗਰਜਾ ਸਿੰਘ ਦੀ ਸੰਪਾਦਿਤ ਮੱਧ 19ਵੀਂ ਸਦੀ ਈ. ਵਿਚ ਸੇਵਾ ਸਿੰਘ ਭੱਟ ਦੀ ਰਚਿਤ ਪੋਥੀ *ਸ਼ਹੀਦ ਬਿਲਾਸ*[4] ਪ੍ਰਤੀਤ ਹੁੰਦੀ ਹੈ। ਸੇਵਾ ਸਿੰਘ ਭੱਟ ਦਾ ਕਥਨ ਹੈ :

---

1. ਵੇਖੋ, ਇਨ੍ਹਾਂ ਦੀ ਪੁਸਤਕ, *ਸੋਢੀ ਬੰਸ,* 1984, ਪੰ. 32-36.
2. *ਕੋਠਾ ਗੁਰੂ ਦੀ ਗੌਰਵ ਗਾਥਾ*, 2004, ਪੰ. 127.
3. ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਅਨੁਸਾਰ ਹਰਿ ਨਾਰਾਇਣ ਪਿੰਡ ਢਿੱਲਵਾਂ ਕਲਾਂ ਚਲੇ ਗਏ।
4. ਇਸ ਪੁਸਤਕ ਦੇ ਸੰਪਾਦਕ ਗਿਆਨੀ ਗਰਜਾ ਸਿੰਘ ਨੇ ਲਿਖਿਆ ਹੈ ਕਿ *ਸ਼ਹੀਦ ਬਿਲਾਸ* ਦੀ ਬਹੁਤ ਸਾਰੀ ਇਤਿਹਾਸਿਕ ਸਮੱਗਰੀ ਭਾਈ ਸੇਵਾ ਸਿੰਘ ਨੂੰ ਆਪਣੇ ਵੱਡੇ-ਵਡੇਰਿਆਂ ਦੀਆਂ ਵਹੀਆਂ ਤੇ ☛

SikhBookClub.com

'ਹਰਿ ਜੀ' ਪਾਛੇ ਗੱਦੀ ਤੇ, ਬਹਜੋ ਨਿਰੰਜਨ ਰਾਇ।
ਬਲ ਘਟਿਜੋ ਹੈ ਇਸ ਕਾ, ਸੰਗਤ ਸਾਥ ਨਾ ਕਾਇ ॥੮੧॥...[5]
ਦੇਸ ਮਾਲਵੇ ਜਾ ਵਸਜੋ, ਰਾਇ ਨਿਰੰਜਨ ਆਇ।
ਘਰਾਂਚੋਂ ਸੁਤ ਇਸ ਕਾ, ਨਾਮ ਦਖਣੀ ਰਾਇ ॥੮੮॥[6]

ਸ਼ਹੀਦ ਬਿਲਾਸ ਵਿਚ ਅੱਗੇ ਚੱਲ ਕੇ ਫੇਰ ਇਕ ਵਾਰ ਨਿਰੰਜਨ ਰਾਏ ਦਾ ਜ਼ਿਕਰ ਆਉਂਦਾ ਹੈ, ਜੋ ਨਿਰੰਜਨ ਰਾਏ ਦੇ ਇਕ ਮਸੰਦ ਚੂਹੜਮਲ ਖਤ੍ਰੀ ਦੀ, 1709 ਈ. ਵਿਚ, ਸਿੰਘਾਂ ਨਾਲ ਨਗੂਣੇ ਤੂਤਾਂ ਤੋਂ ਹੋਈ ਝੜਪ ਦੇ ਪ੍ਰਸੰਗ ਵਿਚ ਹੈ।

ਮੀਣਿਆਂ ਚੋਂ ਮੁਖੀ ਇੱਕ, ਚੂਹੜਮਲ ਖਤ੍ਰੀ ਸੀ,
ਨਿਰੰਜਨੀ ਦੇ ਵਲੋਂ ਕੰਮ ਕਰੇ ਗੁਰਿਆਈ ਦਾ ॥...॥੧੦੧॥[7]

ਉਪਰੋਕਤ ਟੂਕਾਂ ਤੋਂ ਸਿਰਫ਼ ਇਹ ਪਤਾ ਲੱਗਦਾ ਹੈ ਕਿ :

(ੳ) ਹਰਿ ਜੀ ਤੋਂ ਬਾਅਦ ਨਿਰੰਜਨ ਰਾਏ ਗੱਦੀ 'ਤੇ ਬੈਠਾ, ਤੇ

(ਅ) ਇਹ ਨਿਰੰਜਨ ਰਾਏ ਅੰਮ੍ਰਿਤਸਰ ਤੋਂ ਮਾਲਵਾ ਦੇਸ ਦੇ ਪਿੰਡ ਘਰਾਚੋਂ ਚਲਾ ਗਿਆ। ਇਸ ਦੇ ਬੇਟੇ ਦਾ ਨਾਂ ਦੱਖਣੀ ਰਾਏ ਸੀ।

ਸੇਵਾ ਸਿੰਘ ਨੇ ਇਹ ਕਿਤੇ ਨਹੀਂ ਲਿਖਿਆ ਕਿ ਇਹ ਨਿਰੰਜਨ ਰਾਏ ਹਰਿ ਜੀ ਦਾ ਪੁੱਤਰ ਸੀ।

(2) ਗਿਆਨੀ ਗਰਜਾ ਸਿੰਘ ਨੇ, ਸੇਵਾ ਸਿੰਘ ਦੇ ਕਥਨ : "ਹਰਿ ਜੀ ਪਾਛੇ ਗੱਦੀ ਤੇ, ਬਹਜੋ ਨਿਰੰਜਨ ਰਾਇ" ਦੀ ਵਿਆਖਿਆ ਵਜੋਂ, ਆਪਣੇ ਕੋਲ ਪਈ ਹੱਥ-ਲਿਖਤ, *ਗੁਰੂ ਪ੍ਰਿਥੀ ਚੰਦ ਗੁਰ-ਬੰਸਾਵਲੀ* ਕ੍ਰਿਤ ਭਾਈ ਦਰਬਾਰੀ, ਵਿਚੋਂ ਇਕ ਹਵਾਲਾ ਦਿੱਤਾ ਹੈ। ਉਨ੍ਹਾਂ ਨੇ ਭਾਈ ਦਰਬਾਰੀ ਦੇ ਕਥਨ ਦੀ ਹੂ-ਬਹੂ ਨਕਲ ਤਾਂ ਨਹੀਂ ਕੀਤੀ ਲੱਗਦੀ, ਨਾ ਹੀ ਹਵਾਲੇ ਦਾ ਪੱਤਰਾ ਅੰਕ ਦਿੱਤਾ ਹੈ, ਪਰ ਫ਼ੁਟਨੋਟ ਵਿਚ ਇਉਂ ਸੂਚਿਤ ਕੀਤਾ ਹੈ :

> ਭਾਈ ਦਰਬਾਰੀ ਦੇ ਕਥਨ ਅਨੁਸਾਰ, ਸੋਢੀ ਹਰਿ ਜੀ ਦੇ ਚਲਾਣੇ ਤੋਂ ਬਾਦ ਉਨ੍ਹਾਂ ਦੀ ਸੰਗਤ ਘਰ ਦੀ ਫੁੱਟ ਕਰਕੇ ਕਿਸੇ ਇਕ ਸੋਢੀ ਨੂੰ ਗੱਦੀ ਤੇ ਨਾ ਟਿਕਾ ਸਕੀ। ਸੋਢੀ ਨਿਰੰਜਣ ਰਾਇ ਹਰਿ ਗੋਪਾਲ ਤੇ ਕੰਵਲ ਨੈਨ (ਕੌਲ ਜੀ) ਨੇ, ਸੰਗਤ ਨੂੰ ਤਿੰਨ ਹਿੱਸਿਆਂ ਵਿਚ ਵੰਡ ਲਇਆ। ਆਖ਼ਰ ਉਹ ਇਸ ਫੁੱਟ ਦੇ ਕਾਰਨ, ਸੰਮਤ 1756

☛ ਆਪਣੇ ਪਿਤਾ ਪਿਤਾਮਾ ਪਾਸੋਂ ਸੁਣੀਆਂ ਸੀਨੇ-ਬਸੀਨੇ ਤੁਰੀਆਂ ਆ ਰਹੀਆਂ ਰਵਾਇਤਾਂ ਦੇ ਆਧਾਰ ਉੱਤੇ ਪ੍ਰਾਪਤ ਹੋਈ ਸੀ। ਸੇਵਾ ਸਿੰਘ ਲਿਖਦਾ ਹੈ ਕਿ ਇਹ ਪੁਸਤਕ ਰਾਜਾ ਅਜੀਤ ਸਿੰਘ ਲਾਡਵਾ-ਪਤੀ ਦੇ ਅਹਿਦ ਵਿਚ ਲਾਡਵੇ ਵਿਚ ਲਿਖਣੀ ਸ਼ੁਰੂ ਹੋਈ ਤੇ ਭਾਦਸੋਂ ਆ ਕੇ ਸੰਪੂਰਨ ਹੋਈ। ਸੰਨ 1846 ਈ. ਨੂੰ ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਲੜਾਈ ਤੋਂ ਬਾਅਦ ਅੰਗਰੇਜ਼ਾਂ ਨੇ ਰਾਜਾ ਅਜੀਤ ਸਿੰਘ ਦੀ ਰਿਆਸਤ ਜ਼ਬਤ ਕਰ ਲਈ ਸੀ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਪੁਸਤਕ 1846 ਈ. ਜਾਂ ਇਸ ਤੋਂ ਕੁੱਝ ਚਿਰ ਬਾਅਦ ਮੁੱਕੀ ਹੋਣੀ ਹੈ। 1870 ਈ. ਵਿਚ ਭੱਟ ਛਜੂ ਸਿੰਘ ਨੇ ਇਸ ਦਾ ਭਟੱਖਰੀ ਤੋਂ ਗੁਰਮੁਖੀ ਵਿਚ ਉਤਾਰਾ ਕੀਤਾ ਤੇ ਗਿਆਨੀ ਗਰਜਾ ਸਿੰਘ ਨੇ ਇਸ ਨੂੰ 1961 ਈ. ਵਿਚ ਸੰਪਾਦਿਤ ਕਰ ਕੇ ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ ਤੋਂ ਛਪਵਾਇਆ।

5. *ਉਹੀ*, ਪੰ. 69.
6. *ਉਹੀ*, ਪੰ. 70.
7. *ਉਹੀ*, ਪੰ. 73.

SikhBookClub.com

ਬਿ. ਤੋਂ ਪਹਿਲੇ ਪਹਿਲੇ ਅਮ੍ਰਿਤਸਰ ਛੱਡ ਕੇ ਮਾਲਵੇ ਵਿਚ ਨਗਰ ਘਰਾਚੋਂ-ਢਿੱਲਵਾਂ ਤੇ ਗੁਰੂ ਕੇ ਕੋਠੇ ਜਾ ਰਹੇ (ਦੇਖੋ, ਗੁਰੂ ਪ੍ਰਿਥੀ ਚੰਦ ਗੁਰ-ਬੰਸਾਵਲੀ)।[8]

ਅਸਾਂ ਇਸ ਗੁਰ-ਪ੍ਰਣਾਲੀ ਦੀ ਬੜੀ ਭਾਲ ਕੀਤੀ ਹੈ, ਤਾਂ ਜੋ ਉੱਪਰਲੀ ਸੂਚਨਾ ਦੀ ਤਸਦੀਕ ਕਰ ਸਕੀਏ ਪਰ ਸਫਲਤਾ ਨਹੀਂ ਮਿਲ ਸਕੀ। ਇਸ ਹੱਥ-ਲਿਖਤ ਦੀ ਇਕ ਪ੍ਰਤੀ ਗੰਡਾ ਸਿੰਘ ਦੀ ਨਿਜੀ ਲਾਇਬ੍ਰੇਰੀ ਵਿਚ ਹੋਇਆ ਕਰਦੀ ਸੀ[9] ਤੇ ਸਾਡਾ ਖ਼ਿਆਲ ਸੀ ਕਿ ਹੁਣ ਇਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਗੰਡਾ ਸਿੰਘ ਕਲੈਕਸ਼ਨ ਵਿਚ ਹੋਵੇਗੀ। ਪਰ ਇਹ ਉਥੇ ਵੀ ਨਹੀਂ ਹੈ।

ਭਾਈ ਦਰਬਾਰੀ ਰਚਿਤ *ਪੋਥੀ ਹਰਿਜਸ* ਦੀ ਇਕ ਡਿਜੀਟਲ ਨਕਲ (ਸੀ-ਡੀ) ਸਾਡੇ ਪਾਸ ਹੈ। ਇਸ ਦੇ ਪੱਤਰਾ 222ੳ-229ੳ ਉੱਤੇ ਰਾਗ ਮਾਝ ਵਿਚ 13 ਅਸਟਪਦੀਆਂ ਵਾਲੀ ਇਕ ਬੰਸਾਵਲੀ ਦਰਜ ਹੈ। ਕਿਉਂਕਿ ਗਿਆਨੀ ਗਰਜਾ ਸਿੰਘ ਦੀ 'ਗੁਰੂ ਪ੍ਰਿਥੀ ਚੰਦ ਗੁਰ-ਬੰਸਾਵਲੀ' ਵਿੱਚੋਂ ਦਿੱਤੀ ਇਕ ਟੂਕ[10] ਇਸ ਬੰਸਾਵਲੀ ਵਿਚ ਵੀ ਮੌਜੂਦ ਹੈ, ਇਸ ਲਈ ਸਾਡਾ ਯਕੀਨ ਬਣਦਾ ਹੈ ਕਿ *ਗੁਰੂ ਪ੍ਰਿਥੀ ਚੰਦ ਗੁਰ-ਬੰਸਾਵਲੀ* ਤੇ *ਹਰਿਜਸ ਪੋਥੀ* ਵਿਚਲੀ ਬੰਸਾਵਲੀ ਇੱਕੋ ਚੀਜ਼ ਹਨ, ਪਰ ਨੋਟ ਕਰਨ ਵਾਲੀ ਗੱਲ ਇਹ ਹੈ ਕਿ *ਹਰਿਜਸ ਪੋਥੀ* ਵਾਲੀ ਬੰਸਾਵਲੀ ਵਿਚ ਗਿਆਨੀ ਗਰਜਾ ਸਿੰਘ ਹੋਰਾਂ ਦੇ ਉੱਪਰ ਦਿੱਤੇ ਫ਼ੁਟਨੋਟ ਵਾਲੀ ਕੋਈ ਸੂਚਨਾ ਨਹੀਂ ਮਿਲਦੀ। ਇਸ ਵਿਚ ਨਾ ਨਿਰੰਜਨ ਰਾਏ ਦਾ ਜ਼ਿਕਰ ਹੈ, ਨਾ ਆਪਸੀ ਫੁੱਟ ਦਾ ਤੇ ਨਾ ਕਿਸੇ ਦਾ ਅੰਮ੍ਰਿਤਸਰ ਛੱਡ ਕੇ ਮਾਲਵੇ ਵਿਚ ਘਰਾਚੋਂ-ਢਿੱਲਵਾਂ ਜਾਂ ਕੋਠਾ ਗੁਰੂ ਚਲੇ ਜਾਣ ਦਾ।

ਜੇ ਗਿਆਨੀ ਹੋਰਾਂ ਵਾਲੀ ਹੱਥ-ਲਿਖਤ ਕੋਈ ਵੱਖਰੀ ਰਚਨਾ ਹੈ, ਤਾਂ ਜਿੰਨਾ ਚਿਰ ਇਹ ਲੱਭ ਨਹੀਂ ਜਾਂਦੀ, ਓਨਾ ਚਿਰ ਅਸੀਂ ਉਨ੍ਹਾਂ ਦੇ ਫ਼ੁਟਨੋਟ ਵਿਚ ਦਿੱਤੀ ਸੂਚਨਾ ਦੀ ਪ੍ਰਮਾਣਿਕਤਾ ਦਾ ਫ਼ੈਸਲਾ ਨਹੀਂ ਕਰ ਸਕਦੇ।[11]

---

8. *ਉਹੀ,* ਪੰ. 69, ਫ਼ੁਟਨੋਟ।
9. ਵੇਖੋ, *ਗੰਡਾ ਸਿੰਘ ਕੁਲੈੱਕਸ਼ਨ, ਲੇਖਕ-ਅੱਖਰਵਾਰ ਸੂਚੀ,* 1986, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਗੁਰਮੁਖੀ ਹੱਥ-ਲਿਖਤਾਂ ਪੰ. 38. ਐਂਟ੍ਰੀ ਹੈ : ਪਿਰਥੀ ਚੰਦ ਗੁਰ ਬੰਸਾਵਲੀ, ਕਿਰਤ ਦਰਬਾਰੀ, 13 ਪੰਨੇ। ਯੂਨੀਵਰਸਿਟੀ ਲਾਇਬ੍ਰੇਰੀ ਇੰਚਾਰਜ ਦਾ ਖ਼ਿਆਲ ਹੈ ਕਿ ਇਹ ਖਰੜਾ ਉਨ੍ਹਾਂ ਤਕ ਪਹੁੰਚਿਆ ਹੀ ਨਹੀਂ ਹੋਣਾ।
10. *ਸ਼ਹੀਦ ਬਿਲਾਸ* ਪੰ. 29 ਦੇ ਫ਼ੁਟਨੋਟ ਵਿਚ, ਗੁਰੂ ਪ੍ਰਿਥੀ ਚੰਦ ਗੁਰ-ਬੰਸਾਵਲੀ ਦੇ ਪੱਤ੍ਰਾ 7 ਤੋਂ :
    ਸੁਧ ਕਰ ਸੋਧ ਬਣਾਈ ਬਾਣੀ, ਪੜ੍ਹੇ ਸੁਣੈ ਮਿਟੈ ਆਵਨ ਜਾਨੀ...।੨।
    ਸਗਲੀ ਸੰਗਤ ਮਾਰਗ ਪਾਈ, ਸੱਚ ਦ੍ਰਿੜਾਇਆ ਸਿਮਰਨ ਲਾਈ...।੩।
    ਇਹ ਬੰਦ *ਹਰਿਜਸ ਪੋਥੀ* ਦੇ ਪੱਤਰਾ 225ਅ ਉੱਤੇ ਪ੍ਰਾਪਤ ਹਨ।
11. ਵੈਸੇ ਅਸੀਂ ਵੇਖਿਆ ਹੈ ਕਿ ਗਿਆਨੀ ਜੀ ਦੀਆਂ ਮੀਣਿਆਂ ਬਾਰੇ ਕਈ ਗੱਲਾਂ ਗ਼ਲਤ ਹਨ। ਮਿਸਾਲ ਵਜੋਂ, ਆਪ ਨੇ *ਸ਼ਹੀਦ ਬਿਲਾਸ* ਪੰ. 29 ਦੇ ਫ਼ੁਟਨੋਟ ਵਿਚ ਲਿਖਿਆ ਹੈ : "ਪੁਸ਼ਟੀ ਵਜੋਂ ਸਾਡੇ ਕੋਲ ਸੋਢੀ ਕੌਲ ਜੀ ਦੇ ਪੁਤ੍ਰ ਸੋਢੀ ਅਭੈ ਰਾਮ ਤੋਂ ਬਾਦ ਗੱਦੀ ਤੇ ਬੈਠੇ ਸੋਢੀ ਦਰਬਾਰੀ ਦੀ ਲਿਖਤ ਹੈ।" ਇਸ ਛੋਟੇ ਜਿਹੇ ਵਾਕ ਵਿਚ ਗਿਆਨੀ ਜੀ ਨੇ ਚਾਰ ਗ਼ਲਤੀਆਂ ਕੀਤੀਆਂ ਹਨ। ਪਹਿਲੀ ਗ਼ਲਤੀ : ਅਭੈ ਰਾਮ ਸੋਢੀ ਕੌਲ ਦੇ ਪੁੱਤਰ ਨਹੀਂ ਪੋਤਰੇ ਸਨ। ਦੂਜੀ ਗ਼ਲਤੀ : ਸੋਢੀ ਅਭੈ ਰਾਮ ਤੋਂ ਬਾਅਦ ਭਾਈ ਦਰਬਾਰੀ ਨਹੀਂ, ਸੋਢੀ ਨਿਰਭਉ ਗੱਦੀ ਉੱਤੇ ਬੈਠੇ। ਤੀਜੀ : ਭਾਈ ਦਰਬਾਰੀ ਸੋਢੀ ਨਹੀਂ ਸਨ, ਘਈ ਖੱਤਰੀ ਸਨ ਤੇ ਚਉਥੀ : ਭਾਈ ਦਰਬਾਰੀ ਕਦੇ ਵੀ ਸੋਢੀਆਂ ਦੀ ਗੱਦੀ ਉੱਤੇ ਨਹੀਂ ਬੈਠੇ।

SikhBookClub.com

ਕੁੱਝ ਵੀ ਹੋਵੇ, ਗਿਆਨੀ ਹੁਰਾਂ ਨੇ ਉਪਰੋਕਤ ਫ਼ੁਟਨੋਟ ਵਿਚ ਤੇ *ਸ਼ਹੀਦ ਬਿਲਾਸ* ਦੀ ਭੂਮਿਕਾ ਦੇ ਪੰਨਾ 28 ਉੱਤੇ ਜਿਹੜੀ ਧਿਆਨਯੋਗ ਗੱਲ ਕੀਤੀ ਹੈ, ਉਹ ਹੈ: "ਸੋਢੀ ਨਿਰੰਜਣ ਰਾਇ ਹਰਿ ਗੋਪਾਲ ਤੇ ਕੰਵਲ ਨੈਨ (ਕੌਲ ਜੀ) ਨੇ, ਸੰਗਤ ਨੂੰ ਤਿੰਨ ਹਿੱਸਿਆਂ ਵਿਚ ਵੰਡ ਲਇਆ।" ਉਨ੍ਹਾਂ ਨੇ ਇਹ ਕਿਤੇ ਨਹੀਂ ਲਿਖਿਆ ਕਿ ਸੋਢੀ ਨਿਰੰਜਨ ਰਾਇ, ਹਰਿ ਗੋਪਾਲ ਤੇ ਕੰਵਲ ਨੈਨ ਹਰਿ ਜੀ ਦੇ ਬੇਟੇ ਸਨ, ਪਰ ਸਾਡੇ ਵਿਦਵਾਨ ਖੋਜੀਆਂ ਨੇ ਇਸ ਤੋਂ ਇਹੀ ਸਮਝਿਆ ਹੈ।

(3) ਪਹਿਲੇ ਮੱਤ ਦੇ ਹੱਕ ਵਿਚ ਇਕ ਹੋਰ ਹੱਥ-ਲਿਖਤ ਖਰੜੇ *ਗੁਰ ਪ੍ਰਕਾਸ਼ ਬੰਸਾਵਲੀ* ਕ੍ਰਿਤ ਦੌਲਤ ਰਾਮ ਦਾ ਹਵਾਲਾ ਦਿੱਤਾ ਜਾਂਦਾ ਹੈ। ਇਹ ਖਰੜਾ ਸ਼ਮਸ਼ੇਰ ਸਿੰਘ ਅਸ਼ੋਕ ਹੁਰਾਂ ਕੋਲ ਹੁੰਦਾ ਸੀ ਤੇ ਹੁਣ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਲਾਇਬ੍ਰੇਰੀ ਵਿਚ ਨੰ. 115602 ਉੱਤੇ ਪਿਆ ਹੈ।[12] ਪ੍ਰਕਾਸ਼ ਸਿੰਘ ਨੇ 1969 ਈ. ਵਿਚ ਲਿਖੇ ਆਪਣੇ ਇਕ ਲੇਖ 'ਸੋਢੀ ਮਿਹਰਬਾਨ ਦੇ ਖ਼ਾਨਦਾਨ ਦਾ ਸ਼ਜਰਾ'[13] ਵਿਚ ਇਸ ਖਰੜੇ ਦੇ ਆਧਾਰ ਉੱਤੇ ਹਰਿ ਜੀ ਦੇ ਤਿੰਨ ਪੁੱਤਰਾਂ—ਨਿਰੰਜਨ ਰਾਇ, ਹਰਿ ਗੋਪਾਲ ਤੇ ਕੰਵਲ ਨੈਨ ਦੀ ਸੂਚਨਾ ਦਿੱਤੀ ਹੈ। ਅਸੀਂ ਇਸ ਖਰੜੇ ਨੂੰ ਗਹੁ ਨਾਲ ਪੜ੍ਹਿਆ ਹੈ ਤੇ ਪੂਰੇ ਯਕੀਨ ਨਾਲ ਕਹਿ ਸਕਦੇ ਹਾਂ ਕਿ ਇਸ ਵਿਚ ਹਰਿ ਜੀ ਦੇ ਪੁੱਤਰਾਂ ਬਾਰੇ ਕੋਈ ਸੂਚਨਾ ਨਹੀਂ ਹੈ। ਪ੍ਰਕਾਸ਼ ਸਿੰਘ ਹੁਰਾਂ ਨੇ ਇਹ ਸੂਚਨਾ ਸ਼ਾਇਦ ਪਿਆਰਾ ਸਿੰਘ ਪਦਮ ਦੇ ਇਕ ਲੇਖ[14] ਤੋਂ ਲੈ ਕੇ *ਗੁਰ ਪ੍ਰਕਾਸ਼ ਬੰਸਾਵਲੀ* ਦੇ ਸ਼ਜਰੇ ਨਾਲ ਜੋੜ ਦਿੱਤੀ ਹੈ। ਪਦਮ ਹੁਰਾਂ ਨੇ ਆਪਣੀ ਸੂਚਨਾ ਦਾ ਕੋਈ ਸਰੋਤ ਨਹੀਂ ਦਿੱਤਾ।

ਗੁਰ ਪ੍ਰਕਾਸ਼ ਬੰਸਾਵਲੀ ਦੇ ਲੇਖਕ ਨੇ ਸੋਢੀ ਮਿਹਰਵਾਨ ਦੇ ਤਿੰਨ ਬੇਟਿਆਂ—ਕਰਨ ਮੱਲ, ਚਤਰਭੋਜ ਤੇ ਹਰਿ ਜੀ ਦੀ ਔਲਾਦ ਦੇ ਟਿਕਾਣਿਆਂ ਦਾ ਜਿਹੜਾ ਵੇਰਵਾ ਦਿੱਤਾ ਹੈ, ਇਸ ਤੋਂ ਸਪਸ਼ਟ ਹੁੰਦਾ ਹੈ, ਕਿ ਹਰਿ ਜੀ ਦੀ ਕੁਲ ਦਾ ਘਰਾਚੋਂ ਨਾਲ ਕੋਈ ਤਅੱਲੁਕ ਨਹੀਂ ਸੀ:

> ਔਲਾਦ ਕ੍ਰਨ ਮੱਲ ਦੀ ਬੁਤਾਲੇ ਸੋਢੀ ਹਨ। ਥੰਮਾ ਕ੍ਰਨ ਮੱਲ ਦਾ ਸ਼ਾਮਲ ਹੈ ਅਨੰਦਪੁਰ। ਕ੍ਰਤਾਰਪੁਰ ਸਾਥ। ਬੁਤਾਲੇ ਵਿਚੋ 8 ਪਿੰਡ ਸੋਢੀਆਂ ਦੇ ਹੋਏ ਸਨ ਜਲੂਪੁਰ ਖੈੜੇ ਸਾਹੂਵਾਲ ਗੋ੍ਟਾ ਵਾੜਾ ਸੰਗਤਪੁਰਾ ਝੰਡੇ ਲਹੁਕਾ ਤ੍ਰਨਤਾਰਨ ਪਾਸ। ਘਰਾਚੋ ਪਟਆਲੇ ਤਰਫ ਅਦ੍ਵੈਯਧਿਜਾਤੀ (ਦਿਤੀਹਾ ਗਾਂਮੋ ਮੈ ਹਨ)। ਚਤ੍ਰਭੁਜ ਦੀ ਔਲਾਦ ਹਰਨਪੁਰ। ਬੰਦੇ ਨੱਗਰ ਹਰ ਜੀ ਕੇ ਸੋਢੀ ਰਹਦੇ ਹਨ। ਹਰ ਜੀ ਦਾ ਕੁਲ ਮਾਲਵਾ ਬੁਟਰ ਹਰਸਹਾ ਕੋਠਾ ਵਗੈਰਹ...।[15]

---

12. ਇਸ ਦੇ ਅੰਤ ਉੱਤੇ ਇਸ ਦੇ ਰਚਨਾ-ਕਾਲ ਦੀ ਮਿਤੀ 'ਸਸੀ ਰਾਗ ਸਰ ਬ੍ਰਹਮ' ਦਿੱਤੀ ਹੈ, ਜਿਸ ਨੂੰ ਸ਼ਮਸ਼ੇਰ ਸਿੰਘ ਅਸ਼ੋਕ ਨੇ 1961 ਬਿ. (1904 ਈ.) ਪੜ੍ਹਿਆ ਹੈ (ਵੇਖੋ, *ਪੰ.ਹ.ਲਿ.ਸੂ.*, ਭਾਗ 2, ਪੰ. 283)। ਪ੍ਰਕਾਸ਼ ਸਿੰਘ ਨੇ ਸਿੱਧ ਕੀਤਾ ਹੈ ਕਿ ਇਹ ਖਰੜਾ 1966 ਬਿ. (1909 ਈ.) ਦੇ ਲਗ ਪਗ ਲਿਖਿਆ ਗਿਆ ਹੈ (ਵੇਖੋ, *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਸੰਚੀ ਦੂਜੀ, 1969, ਪੰ. 78)। ਪੰਜਾਬੀ ਯੂਨੀਵਸਿਟੀ ਦੀ ਹੱਥ-ਲਿਖਤਾਂ ਦੀ ਸੂਚੀ ਦੇ ਪੰ. 112 ਉੱਤੇ ਇਸ ਦਾ ਸਮਾਂ 1916 ਬਿ. (1859 ਈ.) ਦਿੱਤਾ ਹੈ।
13. *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਸੰਚੀ ਦੂਜੀ, ਪੰ. 77-81.
14. 'ਮਿਹਰਬਾਨੀਆਂ ਦੀ ਸਾਹਿੱਤ ਸੇਵਾ', *ਖੋਜ ਪਤ੍ਰਿਕਾ*, 1967-68, ਪੰ. 88.
15. ਪੰ.ਯੂ.ਪ, ਹ.ਲਿ. 115602, ਪੱਤਰਾ 35ਅ।

SikhBookClub.com

(4) ਪਹਿਲੇ ਮੱਤ ਦੇ ਹਾਮੀ, ਆਪਣਾ ਮੱਤ ਸਿੱਧ ਕਰਨ ਲਈ ਹੇਠ ਲਿਖੀਆਂ ਦਲੀਲਾਂ ਵੀ ਦੇਂਦੇ ਹਨ :

(4.1) *ਗੋਸ਼ਟਾਂ ਮਿਹਰਬਾਨ ਜੀ ਕੀਆਂ* ਵਿਚ ਹਰਿ ਜੀ ਨੇ ਦੱਸਿਆ ਹੈ ਕਿ ਸੋਢੀ ਮਿਹਰਵਾਨ ਦੇ ਚਲਾਣੇ ਵੇਲੇ, ਅਰਥਾਤ 1640 ਈ. ਵਿਚ ਕਉਲ ਨੈਨ ਕੇਵਲ ਸਤਾਂ ਮਹੀਨਿਆਂ ਦਾ ਸੀ।[16] ਨਾਲੇ ਲਿਖਿਆ ਹੈ :

> ਤਬ ਸ੍ਰੀ ਸਤਿਗੁਰੂ ਜੀ ਮੁਸਕਾਇ ਕੈ ਕਹਿਆ ਜੇ ਮੈ [ਮਿਹਰਵਾਨ] ਭੀ ਸਤਾ ੭ ਮਹੀਨਿਆ ਕਾ ਥਾ, ਜਬ ਸ੍ਰੀ ਸਤਿਗੁਰੂ ਰਾਮਦਾਸ ਜੀ ਸਮਾਇਆ ਥਾ।

ਇਸ ਤੋਂ ਇਹ ਸਿੱਟਾ ਕੱਢਿਆ ਗਿਆ ਹੈ ਕਿ ਕਿਉਂਕਿ ਮਿਹਰਵਾਨ ਗੁਰੂ ਰਾਮਦਾਸ ਜੀ ਦਾ ਪੋਤਰਾ ਸੀ, ਇਸ ਲਈ ਕਉਲ ਨੈਨ ਵੀ ਮਿਹਰਵਾਨ ਦਾ ਪੋਤਰਾ ਭਾਵ ਹਰਿ ਜੀ ਦਾ ਪੁੱਤਰ ਸਮਝਣਾ ਚਾਹੀਦਾ ਹੈ। ਇਸ ਨੁਕਤੇ ਦਾ ਸਮਾਧਾਨ ਅਸੀਂ ਅੱਗੇ ਚੱਲ ਕੇ ਕਰਾਂਗੇ।

(4.2) *ਗੁਰੂ ਕੀਆਂ ਸਾਖੀਆਂ* ਕ੍ਰਿਤ ਸ੍ਵਰੂਪ ਸਿੰਘ ਕੌਸ਼ਿਸ਼, *ਭੱਟ ਵਹੀ ਮੁਲਤਾਨੀ ਸਿੰਧੀ ਤੇ ਭੱਟ ਵਹੀ ਤਿਮਰ ਬਿਜਲੌਤੋਂ* ਵਿਚ ਲਿਖਿਆ ਹੈ ਕਿ ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਦਰਬਾਰ ਸਾਹਿਬ ਦੇ ਦਰਸ਼ਨ ਲਈ ਆਏ ਤਾਂ ਹਰਿ ਜੀ ਆਪਣੇ ਪੁੱਤਰ ਕੰਵਲ ਨੈਨ ਨੂੰ ਨਾਲ ਲੈ ਕੇ ਉਨ੍ਹਾਂ ਨੂੰ ਮਿਲਣ ਆਇਆ (ਵੇਖੋ, ਹਥਲੀ ਪੁਸਤਕ ਦਾ ਪੰ. 101)। ਇਸ ਤੋਂ ਲੱਗਦਾ ਹੈ ਕਿ ਕੰਵਲ ਨੈਨ ਹਰਿ ਜੀ ਦਾ ਪੁੱਤਰ ਸੀ।

ਸਾਡੀ ਰਾਏ ਵਿਚ, ਭੱਟ ਵਹੀਆਂ ਵਿਚ ਭੱਟਾਂ ਨੇ ਲੋੜੀਂਦੀ ਸਾਵਧਾਨੀ ਨਹੀਂ ਵਰਤੀ। *ਗੁਰੂ ਕੀਆਂ ਸਾਖੀਆਂ* ਦੀ ਮਿਸਾਲ ਹੀ ਲਓ। ਇਸ ਦੀ ਸਾਖੀ ਨੰ. 21, ਪੰਨਾ 68 ਉੱਤੇ ਲਿਖਿਆ ਹੈ : "ਬਾਬਾ ਹਰਿ ਜੀ ਬੇਟੇ ਕਵਲ ਨੈਨ (ਕੌਲ) ਕੋ ਗੈਲ ਲੈ ਕੇ [ਗੁਰੂ ਤੇਗ਼ ਬਹਾਦਰ ਜੀ ਨੂੰ ਮਿਲਣ] ਆਇ।" ਇਸੇ ਪੁਸਤਕ ਦੀ ਸਾਖੀ ਨੰ. 102, ਪੰਨਾ 187 ਉੱਤੇ ਲਿਖਿਆ ਹੈ : "ਸੋਢੀ ਕਮਲ ਨੈਨ ਆਇਆ ਬੇਟੇ ਅਭੈ ਸਿੰਘ ਕੋ ਸਾਥ ਲੈ ਕੇ [ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ]।" ਸਾਨੂੰ ਪੱਕਾ ਪਤਾ ਹੈ ਕਿ ਅਭੈ ਰਾਮ (ਸਿੰਘ) ਕੰਵਲ ਨੈਨ ਦਾ ਬੇਟਾ ਨਹੀਂ ਸੀ, ਪੋਤਰਾ ਸੀ। ਇਸੇ ਤਰ੍ਹਾਂ ਦੀ ਗ਼ਲਤੀ ਉਪਰੋਕਤ ਬਿਆਨ ਵਿਚ ਪਹਿਲਾਂ ਵੀ ਹੋਈ ਹੈ।

(4.3) J. D. Cunningham ਨੇ *History of the Sikhs* ਵਿਚ ਸਿੱਖ ਗੁਰੂਆਂ ਦਾ ਸ਼ਜਰਾ ਦਿੱਤਾ ਹੈ।[17] ਇਸ ਵਿਚ ਦਰਸਾਇਆ ਗਿਆ ਹੈ ਕਿ ਕਰਨ ਮੱਲ ਦੀ ਔਲਾਦ Batala ਰਹਿੰਦੀ ਸੀ, ਜਿਸ ਤੋਂ ਪਹਿਲੇ ਮੱਤ ਵਾਲਿਆਂ ਨੇ ਇਹ ਮਤਲਬ ਕੱਢਿਆ ਹੈ ਕਿ ਕਰਨ ਮੱਲ ਦੀ ਔਲਾਦ ਦਾ ਘਰਾਚੋਂ ਨਾਲ ਕੋਈ ਸੰਬੰਧ ਨਹੀਂ ਸੀ, ਘਰਾਚੋਂ ਵਿਚ ਹਰਿ ਜੀ ਦਾ ਪੁੱਤਰ ਨਿਰੰਜਨ ਰਾਇ ਤੇ ਉਹਦਾ ਪੁੱਤਰ ਦੱਖਣੀ ਰਾਏ ਰਿਹਾ ਕਰਦੇ ਸਨ।

ਇਸ ਦੇ ਉਲਟ, ਅਸੀਂ ਉੱਪਰ ਵੇਖ ਆਏ ਹਾਂ ਕਿ *ਗੁਰ ਪ੍ਰਕਾਸ਼ ਬੰਸਾਵਲੀ* ਅਨੁਸਾਰ ਹਰਿ ਜੀ ਦੀ ਔਲਾਦ ਦਾ ਘਰਾਚੋਂ ਨਾਲ ਕੋਈ ਤਅਲੁੱਕ ਨਹੀਂ ਸੀ।

---

16. *ਗੋਸ਼ਟਾਂ ਮਿਹਰਬਾਨ ਜੀ ਕੀਆਂ*, ਕ੍ਰਿਸ਼ਣਾ ਕੁਮਾਰੀ ਬਾਂਸਲ (ਸੰਪਾ.), ਪੰ. 234.
17. First published in 1849. Reprinted 1990, Appendix XXII, facing p. 348.

SikhBookClub.com

ਦੂਜਾ ਮੱਤ

(1) *ਸ਼ਹੀਦ ਬਿਲਾਸ*, ਗਿਆਨੀ ਗਰਜਾ ਸਿੰਘ ਤੇ ਉਨ੍ਹਾਂ ਦੇ ਮੱਤ ਦੇ ਅਨੁਸਾਰੀ ਵਿਦਵਾਨ ਭਾਵੇਂ ਕੁੱਝ ਪਏ ਕਹਿਣ, ਘਰਾਚੋਂ ਦੇ ਸੋਢੀ ਆਪਣੇ ਆਪ ਨੂੰ ਕਰਨ ਮੱਲ ਦੀ ਔਲਾਦ ਦੱਸਦੇ ਹਨ। ਇਸ ਦੀ ਪੁਸ਼ਟੀ ਸੋਢੀ ਗੁਰਦਰਸ਼ਨ ਸਿੰਘ ਮੁਨਾਵਾਂ ਦੀ ਪੁਸਤਕ *ਸੋਢੀ ਬੰਸ* (1984), ਸੋਢੀ ਹਜ਼ੂਰਾ ਸਿੰਘ ਘਰਾਚੋਂ ਦੀ ਪੁਸਤਕ *ਸੋਢੀ ਬੰਸ* ਘਰਾਚੋਂ-ਕਪਿਆਲ (1997) ਤੇ ਘਰਾਚੋਂ ਵਿਚ ਸੋਢੀਆਂ ਦੇ ਧਰਮ ਅਸਥਾਨ 'ਡੇਰਾ ਸਾਹਿਬ' ਵਿਚ ਬਾਬਾ ਦੱਖਣੀ ਰਾਏ ਦੀ ਸਮਾਧ ਵਾਲੀ ਇਮਾਰਤ ਉੱਤੇ ਲੱਗੀ ਸਿਲ-ਸੂਚਨਾ ਤੋਂ ਭਲੀ ਪ੍ਰਕਾਰ ਹੋ ਜਾਂਦੀ ਹੈ। ਇਨ੍ਹਾਂ ਸਰੋਤਾਂ ਮੁਤਾਬਕ, ਸੋਢੀਆਂ ਦੀ ਘਰਾਚੋਂ ਸ਼ਾਖ ਦੀ ਬੰਸਾਵਲੀ ਇਸ ਪ੍ਰਕਾਰ ਹੈ:

ਗੁਰੂ ਰਾਮ ਦਾਸ ਜੀ
|
ਪਿਰਥੀ ਚੰਦ
|
ਕਰਨ ਮੱਲ
|
ਸੋਹਨ ਦਾਸ
|
ਨਿਰੰਜਨ ਰਾਇ
|
ਦਖਣੀ ਰਾਇ

ਭਾਈ ਕਾਨ੍ਹ ਸਿੰਘ ਨਾਭਾ ਦੇ *ਮਹਾਨ ਕੋਸ਼* ਵਿਚ ਵੀ ਸੋਢੀ ਦੱਖਣੀ ਰਾਇ ਦੀ ਏਹੋ ਬੰਸਾਵਲੀ ਦਿੱਤੀ ਹੋਈ ਹੈ।[18]

ਜੇ ਇਸ ਬੰਸਾਵਲੀ ਨੂੰ ਸਹੀ ਮੰਨ ਲਿਆ ਜਾਏ, ਤਾਂ ਹਰਿ ਜੀ ਦੇ ਜੇਠੇ ਪੁੱਤਰ, ਵਾਰਿਸ ਤੇ ਦੱਖਣੀ ਰਾਇ ਦੇ ਪਿਤਾ ਨਿਰੰਜਨ ਰਾਏ ਦਾ ਵਜੂਦ ਖ਼ਤਮ ਹੋ ਜਾਂਦਾ ਹੈ।

(2) ਨਿਰੰਜਨ ਰਾਇ ਦਾ ਨਾਂ ਨਾ ਹਰਿ ਜੀ ਰਚਿਤ *ਗੋਸ਼ਟਾਂ ਮਿਹਰਬਾਨ ਜੀ ਕੀਆਂ* ਵਿਚ ਮਿਲਦਾ ਹੈ ਤੇ ਨਾ ਹਰਿ ਜੀ ਤੋਂ ਬਾਅਦ ਇਸ ਸੰਪ੍ਰਦਾਇ ਦੇ ਕਿਸੇ ਗੱਦੀਦਾਰ ਜਾਂ ਸੇਵਕ ਦੀ ਰਚਨਾ ਵਿਚ। *ਗੋਸ਼ਟਾਂ ਮਿਹਰਬਾਨ ਜੀ ਕੀਆਂ* ਵਿਚ ਹਰਿ ਜੀ ਨੇ ਆਪਣੇ ਛੋਟੇ ਭਰਾ ਚਤਰਭੋਜ ਦਾ ਜ਼ਿਕਰ ਤਾਂ ਕੀਤਾ ਹੈ, ਪਰ ਵੱਡੇ ਭਰਾ ਕਰਨ ਮੱਲ ਦਾ ਨਹੀਂ। ਚਤਰਭੋਜ ਤੋਂ ਇਲਾਵਾ, ਇਨ੍ਹਾਂ ਗੋਸ਼ਟਾਂ ਵਿਚ ਹਰਿ ਗੋਪਾਲ, (ਹਰਿ) ਨਾਰਾਇਣ ਤੇ ਕੰਵਲ ਨੈਨ ਦਾ ਨਾਂ ਮਿਲਦਾ ਹੈ। (ਹਰਿ) ਨਾਰਾਇਣ ਤੇ ਹਰਿ ਗੋਪਾਲ ਬਾਰੇ ਇਹ ਟੂਕ ਹੈ:

---

18. 1981 ਐਡੀਸ਼ਨ, ਪੰ. 618, ਐਂਟ੍ਰੀ ਦਖਣੀਰਾਇ।

SikhBookClub.com

ਸ੍ਰੀ ਸਤਿਗੁਰੂ ਜੀ ਪ੍ਰੇਮ ਕੀ ਮੂਰਤਿ ਛਿਆਂ ਰਾਗਾਂ ਛਤੀਸੁ ਪਰੀਆਂ ਗਾਵਿਹ। ਰਬਾਬੁ ਹਰਿਜੀ ਨਾਰਾਇਣੁ ਵਜਾਵਹਿ ਅਰੁ ਭਲਕੇ ਹੀ ਵਾਰ ਚਤੁਰਭੋਜ ਪਾਸ ਤੇ ਪੜਾਈਤੀ। ਤਾਲ ਚਤੁਰਭੋਜ ਹਰਿ ਗੁਪਾਲੁ ਵਜਾਵਹਿ...।[19]

ਇਸ ਦਾ ਮਤਲਬ ਇਹ ਹੋਇਆ ਕਿ ਜਦੋਂ ਮਿਹਰਵਾਨ ਕੀਰਤਨ ਕਰਦੇ ਤਾਂ ਉਨ੍ਹਾਂ ਦੇ ਪੁੱਤਰ ਤੇ ਪੋਤਰੇ ਸਾਜ਼ਾਂ ਉੱਤੇ ਉਨ੍ਹਾਂ ਦਾ ਸਾਥ ਦੇਂਦੇ ਸਨ। ਏਥੇ ਨਿਰੰਜਨ ਰਾਏ ਦਾ ਨਾਂ ਨਹੀਂ ਲਿਆ ਗਿਆ।

(3) ਭਾਈ ਦਰਬਾਰੀ ਦੀ *ਪੋਥੀ ਹਰਿਜਸ* (1803 ਈ.) ਵਿਚ[20] ਤੇ ਕੁਸ਼ਲ ਦਾਸ ਦੀ ਰਚਨਾ *ਪੋਥੀ ਸਾਹਿਬ* (1818 ਈ.) ਵਿਚ[21] ਜਿਹੜੀਆਂ ਗੁਰ-ਪ੍ਰਣਾਲੀਆਂ ਅੰਕਿਤ ਹਨ, ਉਨ੍ਹਾਂ ਤੋਂ ਸਾਫ਼ ਜ਼ਾਹਿਰ ਹੈ ਕਿ ਹਰਿ ਜੀ ਤੋਂ ਚੱਲੀ ਇਕ ਗੁਰੂ-ਲੜੀ ਵਿਚ ਹਰਿ ਜੀ ਤੋਂ ਅੱਗੇ ਹਰਿ ਨਾਰਾਇਣ ਤੇ ਹਰਿ ਨਾਰਾਇਣ ਤੋਂ ਅੱਗੇ ਕੰਵਲ ਨੈਨ ਵਾਰਿਸ ਬਣਦੇ ਹਨ। ਪੋਥੀ ਸਾਹਿਬ ਤੋਂ ਇਹ ਵੀ ਪੱਕਾ ਹੋ ਜਾਂਦਾ ਹੈ ਕਿ ਹਰਿ ਨਾਰਾਇਣ ਹਰਿ ਜੀ ਦਾ ਪੁੱਤਰ ਸੀ। ਇਸ ਸੰਬੰਧ ਵਿਚ ਕੁਸ਼ਲ ਦਾਸ ਲਿਖਦਾ ਹੈ :

(ੳ) ਜਨਕ ਤੇ ਨਾਨਕੁ ਬੈਲੋਚਨ ਤੇ ਅੰਗਦੁ
ਅਮਰ ਤੇਜ ਅਮਰਦਾਸੁ ਨਾਮੁ ਲੇ ਧਰਾਯੋ ਹੈ।
ਪੰਡ ਤੇ ਰਾਮਦਾਸੁ ਅਰਜਨ ਤੇ ਅਰਜਨੁ ਜੁਧਿੱਸ੍ਰ ਤੇ
ਸਾਹਿਬ ਗੁਰੁ ਜੱਗਿ ਪ੍ਰਗਟਾਯੋ ਹੈ।
ਸੁਖਦੇਵ ਤੇ ਮਿਹਰਵਾਨੁ ਹਰਿ ਜੀ ਸ੍ਰੋਤਮ ਤੇ ਸਿਰੀ ਨਾਰਾਇਣੁ
ਗ੍ਰਿਹਿ ਜਾ ਕੇ ਸੁਤੁ ਆਯੋ ਹੈ।
ਮਹਾਂਦੇਉ ਕੌਲ ਨੈਨੁ ਸ੍ਰੀ ਚੰਦ ਤੇ ਹਰ ਨੰਦੁ
ਨੁਕਲ ਤੇ ਅਭੇ ਰਾਮੁ ਨਿਰਭੌ ਗੁਨ ਗਾਯੋ ਹੈ॥੨॥੨੭॥

(ਪੋਥੀ ਸਾਹਿਬ, ਪੰ. 161)

(ਅ) ਗ੍ਰੇਹ ਭਏ ਹਰਿ ਜੀ ਗੁਰਦੇਵ ਨਰਾਇਣ ਨਾਮ ਸੁ ਹੈਂ ਅਵਤਾਰੀ।
ਗਿਆਨ ਸੁਜੋਗ ਸਪੂਰਣ ਹੈ ਗੁਰ ਔ ਬਿਗਿਆਨ ਬਿਬੇਕ ਬਿਚਾਰੀ।...॥੧॥੫੦॥

(ਪੋਥੀ ਸਾਹਿਬ, ਪੰ. 118)

(4) ਗੁਰਿੰਦਰ ਸਿੰਘ ਮਾਨ, ਯੂਨੀਵਰਸਿਟੀ ਆਫ਼ ਕੈਲਿਫ਼ੋਰਨੀਆ, ਸਾਂਟਾ ਬਾਰਬਰਾ, ਪਾਸ ਇਕ 'ਸੁਖਮਨੀ ਸਹੰਸਰਨਾਮਾ' ਦਾ ਹੱਥ-ਲਿਖਤ ਖਰੜਾ, ਮਿਤੀ 1728

---

19. *ਗੋਸ਼ਟਾਂ ਮਿਹਰਬਾਨ ਜੀ ਕੀਆਂ*, ਕ੍ਰਿਸ਼ਣਾ ਕੁਮਾਰੀ ਬਾਂਸਲ (ਸੰਪਾ.), ਪੰ. 235.
20. ਛਪਾ॥ ਨਾਨਕੁ ਅੰਗਦੁ ਅਮ੍ਰਦਾਸੁ ਰਾਮਦਾਸੁ ਸਹਾਈ॥
ਅਰਜਨੁ ਸਾਹਿਬੁ ਮਿਹਰਵਾਨੁ ਹਰਿ ਜੀ ਸੁਖਦਾਈ॥
ਹਰਿ ਨਾਰਾਇਣੁ ਕੌਲ ਨੈਨੁ ਸਿਮਰੋ ਹਰਿ ਨੰਦਾ॥
ਅਭੇ ਰਾਮ ਨਿਰਭੌ ਗੁਰੂ ਆਪਿ ਕਰਮੁ ਕਰੰਦਾ॥
ਗੁਰੁ ਦੀਦਾਰ ਦਾਸੁ ਬਹਾਲਿਆ ਓਤਿ ਠੌਰ ਓਤਿ ਠਾਇ॥
ਗੁਰੁ ਨਾਨਕੁ ਸਭ ਮਹਿ ਰਵਿ ਰਹਜਾ ਦਰਬਾਰੀ ਗੁਰ ਗੁਣ ਗਾਇ॥੬੪੪॥
(ਹਰਿਜਸ ਪੋਥੀ, ਪੱਤਰਾ 760/3ੳ)
21. ਕਬਿਤ॥ ਆਦਿ ਗੁਰ ਨਾਨਕ ਔ ਅੰਗਦ ਜੋ ਥਾਪਿ ਕੀਏ ਅਮ੍ਰਦਾਸ ਤੇਜ ਗੁਰ ਆਪ ਹੀ ਧਰਾਏ ਹੈਂ॥
ਰਾਮਦਾਸ ਆਪ ਥਾਪ ਅਰਜਨੁ ਸੁ ਆਪੇ ਭਏ ਸੋਈ ਜੋ ਸਾਹਿਬ ਮਿਹ੍ਰਵਾਨ ਹੋਇ ਆਏ ਹੈਂ॥
ਹਰਿ ਜੀ ਹੈ ਸੋਈ ਔ ਨਾਰਾਇਣ ਜੋ ਓਈ ਗੁਰ ਕੌਲ ਨੈਨ ਅਭੇਰਾਮ ਆਪ ਹੀ ਕਹਾਏ ਹੈਂ॥
ਨਿਰਭੌ ਨ੍ਰਿਵੈਰ ਔ ਦੀਦਾਰ ਦਾਸ ਆਪ ਭਏ ਆਪ ਹੀ ਸਰੂਪ ਪ੍ਰਭ ਆਪ ਮੈ ਸਮਾਏ ਹੈਂ॥੫॥੪੨॥
(ਪੋਥੀ ਸਾਹਿਬ, ਗੁ.ਨ.ਦੇ.ਯੂ. ਹ.ਲਿ. 598, ਪੱਤਰਾ 173)

SikhBookClub.com

ਬਿ. (1671 ਈ.) ਸੁਰੱਖਿਅਤ ਹੈ, ਜਿਸ ਦੇ ਪੱਤਰਾ 468 ਉੱਤੇ ਪੁਸ਼ਪਿਕਾ ਵਿਚ ਲਿਖਾਰੀ ਪ੍ਰੀਤਮ ਸਹਿਗਲ ਨੇ ਇਹ ਸੂਚਨਾ ਦਿੱਤੀ ਹੈ:

> ਬੋਲਹੁ ਭਾਈ ਵਾਹੁਗੁਰੂ ਗੁਰੂ ਬਾਬਾ ਨਾਨਕੁ ਸਤਿਗੁਰੂ ਬਾਬਾ ਨਾਨਕੁ। ਸਤਿਗੁਰੂ ਅੰਗਦੁ। ਸਤਿਗੁਰੂ ਅਮਰ ਦਾਸੁ। ਸਤਿਗੁਰੂ ਰਾਮਦਾਸੁ। ਸਤਿਗੁਰੂ ਅਰਜਨੁ। ਸਤਿਗੁਰੂ ਸਾਹਿਬ। ਸ੍ਰੀ ਸਤਿਗੁਰੂ ਮਿਹਰਵਾਨੁ। ਸਤਿਗੁਰੂ ਹਰਿ ਜੀ। ਧਨੁ ਗੁਰੂ ਨਾਰਾਇਣ। ਵਾਹੁਗੁਰੂ ਕਮਲ ਨੈਨ। ਲਿਖਤ ਪ੍ਰੀਤਮ ਕਾ ਪੈਰੀ ਪਵਣਾ...

ਹਰਿ ਜੀ ਤੋਂ ਬਾਅਦ (ਹਰਿ) ਨਾਰਾਇਣ ਤੇ ਫੇਰ ਕਮਲ ਨੈਨ ਦਾ ਨਾਂ ਆਇਆ ਹੈ, ਨਿਰੰਜਨ ਰਾਏ ਦਾ ਨਹੀਂ।

ਇਨ੍ਹਾਂ ਤੱਥਾਂ ਦੀ ਰੋਸ਼ਨੀ ਵਿਚ, ਸਿੱਟਾ ਇਹ ਨਿਕਲਦਾ ਹੈ ਕਿ ਹਰਿ ਜੀ ਦੇ ਕੇਵਲ ਦੋ ਪੁੱਤਰ ਸਨ—ਹਰਿ ਗੋਪਾਲ ਤੇ ਹਰਿ ਨਾਰਾਇਣ। ਕੰਵਲ ਨੈਨ ਹਰਿ ਨਾਰਾਇਣ ਦਾ ਪੁੱਤਰ ਤੇ ਹਰਿ ਜੀ ਦਾ ਪੋਤਰਾ ਸੀ।

ਪਰ ਕੀ ਕੰਵਲ ਨੈਨ ਹਰਿ ਜੀ ਦਾ ਪੋਤਰਾ ਹੋ ਸਕਦਾ ਹੈ? ਤੁਸੀਂ ਕਹੋਗੇ ਕਿ ਇਕ ਪਾਸੇ ਤਾਂ ਦੂਜੇ ਮੱਤ ਦੇ ਹਾਮੀ, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਕਹਿੰਦੇ ਹਨ ਕਿ ਹਰਿ ਜੀ ਦਾ ਜਨਮ 1614 ਈ. ਨੂੰ ਹੋਇਆ, ਦੂਜੇ ਪਾਸੇ ਹਰਿ ਜੀ ਖ਼ੁਦ ਲਿਖ ਗਏ ਹਨ ਕਿ ਕੰਵਲ ਨੈਨ 1639 ਈ. ਵਿਚ ਪੈਦਾ ਹੋਇਆ (ਮਿਹਰਵਾਨ ਦੇ ਜਨਵਰੀ, 1640 ਈ. ਵਿਚ ਚਲਾਣੇ ਵੇਲੇ ਉਹ ਸੱਤਾਂ ਮਹੀਨਿਆਂ ਦਾ ਸੀ), ਤਾਂ ਕੀ ਇਨ੍ਹਾਂ 25 ਸਾਲਾਂ ਦੇ ਅਰਸੇ ਵਿਚ ਦੋ ਪੀੜ੍ਹੀਆਂ ਹੋਂਦ ਵਿਚ ਆ ਸਕਦੀਆਂ ਹਨ? ਗਿਆਨੀ ਹੁਰਾਂ ਨੇ ਸ਼ਾਇਦ ਇਸ ਪਾਸੇ ਧਿਆਨ ਨਹੀਂ ਦਿੱਤਾ। ਇਹ ਤਾਂ ਹੀ ਹੋ ਸਕਦਾ ਹੈ ਜੇ ਹਰਿ ਜੀ ਦਾ ਜਨਮ ਕੁੱਝ ਸਾਲ ਪਹਿਲਾਂ, 1601 ਈ. ਦੇ ਨੇੜੇ ਤੇੜੇ ਮਿੱਥਿਆ ਜਾਏ, ਜਿਵੇਂ ਕਿ ਹੇਠਲੇ ਨਕਸ਼ੇ ਤੋਂ ਸਪਸ਼ਟ ਹੁੰਦਾ ਹੈ:

ਮਿਹਰਵਾਨ
[ਜ. 1581 ਈ.]

ਕਰਨ ਮੱਲ | ਹਰਿ ਜੀ [ਜ. 1601 ਈ. (ਅੰਦਾਜ਼ਨ)] | ਚਤਰਭੋਜ

ਹਰਿ ਗੋਪਾਲ | (ਹਰਿ) ਨਾਰਾਇਣ [ਜ. 1620 ਈ. (ਅੰਦਾਜ਼ਨ)]

ਕਵਲ ਨੈਨ
[ਜ. 1639 ਈ.]

(5) ਸੋਢੀ ਗੁਰਦਰਸ਼ਨ ਸਿੰਘ ਮੁਨਾਵਾਂ ਨੇ ਇਹ ਸਿੱਧ ਕਰਨ ਲਈ ਕਿ ਹਰਿ ਜੀ ਦੇ ਸਿਰਫ਼ ਦੋ ਪੁੱਤਰ ਸਨ, ਕੁੱਝ ਨਿਮਨ-ਲਿਖਤ ਰਵਾਇਤੀ ਸਬੂਤ ਪੇਸ਼ ਕੀਤੇ ਹਨ[22]:

22. *ਸੋਢੀ ਬੰਸ*, 1984, ਪੰ. 34.

SikhBookClub.com

(ੳ) ਸੰਗਤਪੁਰੇ ਦੇ ਸੋਢੀਆਂ ਪਾਸ ਜੋ ਸੋਢੀ ਬੰਸ ਦਾ ਬਹੁਤ ਪੁਰਾਣਾ ਸ਼ਜਰਾ ਹੈ, ਉਸ ਵਿਚ ਕੰਵਲ ਨੈਨ ਨੂੰ ਹਰਿ ਨਾਰਾਇਣ ਦਾ ਪੁੱਤਰ ਤੇ ਹਰਿ ਜੀ ਦਾ ਪੋਤਰਾ ਲਿਖਿਆ ਹੋਇਆ ਹੈ।[23]

(ਅ) ਕੋਠਾ ਗੁਰੂ ਦੇ ਸੋਢੀਆਂ ਦਾ ਮਰਾਸੀ ਵੀ ਸੋਢੀਆਂ ਦੀ ਬੰਸਾਵਲੀ ਇਉਂ ਸੁਣਾਉਂਦਾ ਹੈ: "ਅਭੈ ਰਾਮ ਬਨਮਾਲੀ ਦਾ, ਬਾਲ ਕ੍ਰਿਸ਼ਨ ਬਨਮਾਲੀ ਦਾ, ਜੈਰਾਮ ਬਨਮਾਲੀ ਦਾ, ਬਨਮਾਲੀ ਕੌਲ ਦਾ, ਕੌਲ ਨਰਾਇਣ ਦਾ, ਨਰਾਇਣ ਹਰਿ ਜੀ ਦਾ, ਹਰਿ ਜੀ ਮਿਹਰਬਾਨ ਦਾ, ਮਿਹਰਬਾਨ ਪ੍ਰਿਥੀ ਚੰਦ ਦਾ, ਪ੍ਰਿਥੀ ਚੰਦ ਗੁਰੂ ਰਾਮ ਦਾਸ ਦਾ।"

ਉਪਰੋਕਤ ਬਹਿਸ ਸਾਨੂੰ ਏਸ ਨਤੀਜੇ ਉੱਤੇ ਪੁਚਾਉਂਦੀ ਹੈ ਕਿ ਗਿਆਨੀ ਗਰਜਾ ਸਿੰਘ ਤੇ ਭੱਟਾਂ ਦੀ ਗਵਾਹੀ ਉੱਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਨਿਰੰਜਨ ਰਾਇ ਹਰਿ ਜੀ ਦਾ ਪੁੱਤਰ ਸਾਬਤ ਨਹੀ ਹੁੰਦਾ।[24] ਭਾਵੇਂ ਇਹ ਹੋ ਸਕਦਾ ਹੈ ਕਿ ਹਰਿ ਜੀ ਤੋਂ ਬਾਅਦ ਏਸ (ਕਰਨ ਮੱਲ ਦੇ ਪੋਤਰੇ) ਨਿਰੰਜਨ ਰਾਇ ਨੇ ਵੀ ਗੱਦੀ ਉੱਤੇ ਆਪਣਾ ਹੱਕ ਜਮਾਇਆ ਹੋਵੇ। ਪਰ ਸੱਚ ਤਾਂ ਇਹ ਲੱਗਦਾ ਹੈ ਕਿ ਹਰਿ ਜੀ ਤੋਂ ਪਿੱਛੋਂ ਉਨ੍ਹਾਂ ਦੀ ਔਲਾਦ ਵਿੱਚੋਂ ਹਰਿ ਗੋਪਾਲ ਉਨ੍ਹਾਂ ਦੇ ਵਾਰਿਸ ਬਣੇ। ਜੱਦੀ ਪੋਥੀ ਮਾਲਾ ਤੇ ਸੰਪ੍ਰਦਾਇ ਦੇ ਮਸੰਦਾਂ ਦੀ ਆਮਦਨੀ ਹਰਿ ਗੋਪਾਲ ਦੇ ਹੱਥ ਲੱਗੀ। ਦਰਬਾਰ ਸਾਹਿਬ ਛੱਡ ਕੇ ਉਨ੍ਹਾਂ ਦਾ ਆਪਣੇ ਜੱਦੀ ਅਸਥਾਨ ਮੁਹੰਮਦੀਪੁਰ ਚਲੇ ਜਾਣਾ ਕੁਦਰਤੀ ਸੀ। ਉਨ੍ਹਾਂ ਤੋਂ ਛੋਟੇ, ਹਰਿ ਨਾਰਾਇਣ, ਜਿਵੇਂ ਅਸੀਂ ਅੱਗੇ ਚੱਲ ਕੇ ਵੇਖਾਂਗੇ, ਹਰਿ ਜੀ ਤੋਂ ਪਹਿਲਾਂ ਹੀ ਗੁਜ਼ਰ ਗਏ ਸਨ, ਇਸ ਲਈ ਉਨ੍ਹਾਂ ਦੇ ਬੇਟੇ ਕੰਵਲ ਨੈਨ ਨੇ ਢਿੱਲਵਾਂ ਜਾ ਕੇ ਆਪਣੀ ਸੰਪ੍ਰਦਾਇ ਦੀ ਅਲਹਿਦਾ ਗੱਦੀ ਕਾਇਮ ਕਰ ਲਈ।

ਛੋਟੇ ਮੇਲ ਦੀਆਂ ਸ਼ਾਖ਼ਾਂ

ਇਸ ਤਰ੍ਹਾਂ ਹਰਿ ਜੀ ਤੋਂ ਪਿੱਛੋਂ ਛੋਟੇ ਮੇਲ ਦੀ ਗੁਰੂ-ਪੱਧਤੀ ਦੀਆਂ ਦੋ ਪ੍ਰਮੁਖ ਸ਼ਾਖ਼ਾਂ ਨੇ ਜਨਮ ਲਿਆ, ਇਕ ਮੁਹੰਮਦੀਪੁਰ ਦੀ ਤੇ ਦੂਜੀ ਕੋਠਾ ਗੁਰੂ ਦੀ। ਇਨ੍ਹਾਂ ਸ਼ਾਖ਼ਾਂ ਦਾ ਵਿਕਾਸ ਕਿਵੇਂ ਹੋਇਆ, ਇਸ ਦਾ ਸੰਖੇਪ ਹਾਲ ਅੱਗੇ ਦਿੱਤਾ ਜਾਂਦਾ ਹੈ। ਇਹ ਇਨ੍ਹਾਂ ਸ਼ਾਖ਼ਾਂ ਦੇ ਸ਼ਰਧਾਲੂਆਂ ਦੀਆਂ ਲਿਖੀਆਂ ਗੁਰ-ਪ੍ਰਣਾਲੀਆਂ, ਜੋ ਬਿਲਕੁਲ ਨਿਰਪੱਖ ਨਹੀਂ ਕਹੀਆਂ ਜਾ ਸਕਦੀਆਂ, ਤੇ ਹੋਰ ਪ੍ਰਾਪਤ ਜਾਣਕਾਰੀ ਉੱਤੇ ਆਧਾਰਿਤ ਹੈ।

ਮੁਹੰਮਦੀਪੁਰ ਸ਼ਾਖ਼—ਸੋਢੀ ਹਰਿ ਗੋਪਾਲ ਦੀ ਬੰਸ

ਸਾਡੇ ਪਾਸ ਇਕ ਹੱਥ-ਲਿਖਤ *ਸੋਢੀਆਂ ਦੀ ਗੁਰ-ਪ੍ਰਣਾਲੀ* ਹੈ, ਜੋ ਅਖਿਤ ਹੈ ਪਰ ਇਸ ਵਿਚ ਹਰਿ ਗੋਪਾਲ ਦੀ ਬੰਸ ਦੇ 1834 ਈ. ਤਕ ਦੇ ਹਾਲਾਤ ਦਰਜ ਹਨ।[25]

23. ਅਸੀਂ ਇਹ ਸ਼ਜਰਾ ਵੇਖਣ ਵਿਚ ਹਾਲਾਂ ਤਕ ਸਫਲ ਨਹੀਂ ਹੋ ਸਕੇ।

24. ਗੁਰਚਰਨ ਸਿੰਘ ਸੇਕ (*ਭਾਈ ਦਰਬਾਰੀ ਰਚਿਤ ਪਰਚੀਆਂ ਭਗਤਾਂ ਕੀਆਂ*, ਪੰ. viii) ਤੇ ਜੱਥੇਦਾਰ ਕਿਰਪਾਲ ਸਿੰਘ (*ਮਾਝਾਂ ਭਾਈ ਦਰਬਾਰੀ*, ਪੰ. 2) ਨੇ ਲਿਖਿਆ ਹੈ ਕਿ ਨਿਰੰਜਨ ਰਾਏ ਦਾ ਦੂਜਾ ਜਾਂ ਪ੍ਰਸਿੱਧ ਨਾਂ ਹਰਿ ਨਾਰਾਇਣ ਸੀ। ਇਹ ਵਿਚਾਰ ਨਿਰਾਧਾਰ ਹੈ।

25. ਪੰ.ਪ੍ਰੀ.ਸਿੰ. ਹ.ਲਿ. 248.

SikhBookClub.com

ਇਸ ਵਿਚ ਲਿਖਿਆ ਹੈ ਕਿ ਹਰਿ ਜੀ ਨੇ ਆਪਣੇ ਬਾਅਦ ਪੋਥੀ (ਗੁਰਿਆਈ) ਹਰਿ ਗੋਪਾਲ ਨੂੰ ਦਿੱਤੀ, ਹਾਲਾਂਕਿ ਉਨ੍ਹਾਂ ਨੂੰ ਮਿਹਰਵਾਨ ਦਾ ਆਦੇਸ਼ ਸੀ ਕਿ ਪੋਥੀ ਕਉਲ (ਕੰਵਲ ਨੈਨ) ਨੂੰ ਦੇਣੀ:

ਹਰਜੀ ਪਾਛੈ ਹਰਗੁਪਾਲੁ ਤੁਮ ਮਥਾ ਟੇਕਿਹੁ ਆਇ॥੨੩॥
ਸੰਗਤ ਕਰੇ ਅਰਦਾਸ।
ਗੁਰੂ ਹਰਜੀ ਹਮ ਕੀ ਕਹੇ॥
ਤੁਮ ਹਰਗੁਪਾਲ ਕੇ ਪਾਸ।
ਮਥਾ ਟੇਕੋ ਜਾਇ ਕੇ॥੨੪॥
ਹਰਜੀ ਗੁਰਦੇਵ ਲੋਕ ਗਯੇ।
ਤਬ ਸੰਗਤ ਬੈਠ ਬੀਚਾਰੁ ਹੈ ਕੀਨੋ॥
ਮਿਹਰਵਾਨ ਤੋ ਬਚਨੁ ਕੀਉ ਨੰਦ ਕਉਲ ਕੋ।
ਉਲਟਾਇ ਕੇ ਹਰਜੀ ਪੂਤ ਕੂ ਦੀਨੋ॥
ਸੋਈ ਗੁਰੁ ਹਮਰਾ ਹੋਇ ਚੁ ਕੋ ਜੋ ਕੁਛ ਬਚਨੁ ਹਰਜੀ ਗੁਰ ਕੀਨੋ॥
ਕੇਈਕ ਸਿਖ ਰਹੇ ਕਉਲ ਪਾਸੇ ਮਿਹਰਵਾਨ ਕੋ ਬਚਨੁ ਜਿਨਾ ਮਨ ਲੀਨੋ॥੨੫॥
ਹਰਗੁਪਾਲ ਪੂਰਾ ਗੁਰੂ ਪੋਥੀ ਜਿਸ ਕੇ ਪਾਸ॥
ਬਚਨ ਗੁਰੁ ਮਿਹਰਵਾਨ ਕੇ ਕਉਲ ਭਨਾਹਿ ਨਿਰਾਸ॥੨੬॥[26]

ਹਰਿ ਗੋਪਾਲ ਨੇ ਅੰਮ੍ਰਿਤਸਰ ਤੋਂ ਆਪਣੇ ਜੱਦੀ ਡੇਰੇ ਮੁਹੰਮਦੀਪੁਰ ਜਾ ਕੇ ਆਪਣੀ ਸੰਪ੍ਰਦਾਇਕ ਗੱਦੀ ਕਾਇਮ ਕਰ ਲਈ। ਗੱਦੀ ਦੀ ਨਿਸ਼ਾਨੀ ਵਜੋਂ ਗੁਰੂ ਨਾਨਕ ਦੇਵ ਜੀ ਦੀ ਕਥਿਤ ਪੋਥੀ ਤੇ ਮਾਲਾ ਉਨ੍ਹਾਂ ਦੇ ਕਬਜ਼ੇ ਵਿਚ ਸੀ, ਨਾਲੇ ਪੱਛਮੀ ਪੰਜਾਬ ਦੀ ਢਾਈ ਸੰਗਤ ਦੀ ਗੁਰਿਆਈ ਇਨ੍ਹਾਂ ਦੇ ਨਾਮ ਲੱਗੀ ਹੋਈ ਸੀ।[27] ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਗੁਰੂ ਘਰ ਦੇ 22 ਮਸੰਦਾਂ ਵਿੱਚੋਂ 3 ਪਰਗਣਿਆਂ– ਡੇਰਾ ਗਾਜ਼ੀ ਖ਼ਾਂ, ਝੰਗ ਚਨਿਓਟ ਅਤੇ ਬੰਨੂ ਟਾਂਕ ਦੇ ਮਸੰਦਾਂ ਦੀ ਆਮਦਨ ਮਿਹਰਵਾਨ ਨੂੰ ਮਿਲੀ ਹੋਈ ਸੀ।[28]

ਹਰਿ ਗੋਪਾਲ ਤੋਂ ਬਾਅਦ ਉਨ੍ਹਾਂ ਦਾ ਬੇਟਾ ਗੁਰਦਿੱਤਾ ਤੇ ਗੁਰਦਿੱਤੇ ਤੋਂ ਬਾਅਦ ਉਨ੍ਹਾਂ ਦਾ ਬੇਟਾ ਜੀਵਨ ਮੱਲ ਗੱਦੀ ਉੱਤੇ ਬੈਠੇ। ਇਹ ਉਹ ਸਮਾਂ ਸੀ ਜਦੋਂ ਪੰਜਾਬ ਭਰ ਵਿਚ ਮੁਗ਼ਲਈ ਤੇ ਅਫ਼ਗ਼ਾਨੀ ਹੁਕਮਰਾਨ ਸਿੱਖਾਂ ਦਾ ਬੀਜ ਨਾਸ਼ ਕਰਨ ਨੂੰ ਫਿਰਦੇ ਸਨ। 1726 ਤੋਂ 1745 ਈ. ਤਕ ਪੰਜਾਬ ਦਾ ਮੁਗ਼ਲ ਗਵਰਨਰ ਜ਼ਕਰੀਆ ਖ਼ਾਨ (ਦੇ. 1745 ਈ.) ਸੀ, ਜਿਸ ਨੇ ਸਿੱਖਾਂ ਉੱਤੇ ਬੇ-ਇੰਤਹਾ ਜ਼ੁਲਮ ਕੀਤੇ। 1746 ਵਿਚ ਛੋਟਾ ਘੱਲੂਘਾਰਾ ਯਾਹੀਆ ਖ਼ਾਨ ਦੇ ਅਹਿਦ ਵਿਚ ਹੋਇਆ। ਅਹਿਮਦ ਸ਼ਾਹ ਅਬਦਾਲੀ (ਜਾਂ ਦੁੱਰਾਨੀ) ਨੇ ਹਿੰਦੁਸਤਾਨ ਉੱਤੇ ਪਹਿਲਾ ਹਮਲਾ 1747 ਵਿਚ ਕੀਤਾ

26. *ਉਹੀ*, ਪੱਤਰਾ 5-6.
27. *ਗੁਰ ਪ੍ਰਕਾਸ਼ ਬੰਸਾਵਲੀ*, ਪੰ.ਯੂ.ਪ. ਹ.ਲਿ. 115602, ਪੰ. 35ਅ।
28. *ਤਵਾਰੀਖ਼ ਗੁਰੂ ਖ਼ਾਲਸਾ*, ਭਾਗ 1, 1999, ਪੰ. 430.
1915 ਦੀ ਜ਼ਿਲਾ ਫ਼ੀਰੋਜ਼ਪੁਰ ਦੀ ਡਿਸਟ੍ਰਿਕਟ ਗਜ਼ਟੀਅਰ ਵਿਚ ਲਿਖਿਆ ਹੈ ਕਿ ਇਨ੍ਹਾਂ ਸੋਢੀਆਂ ਦਾ ਧਾਰਮਕ ਰਸੂਖ਼ ਸਿਆਲਕੋਟ, ਰਾਵਲਪਿੰਡੀ, ਡੇਰਾਜਾਤ, ਕੋਹਾਟ ਅਤੇ ਕਾਬੁਲ ਅਦਿ ਤਕ ਫੈਲਿਆ ਹੋਇਆ ਸੀ। (*District and States Gazetteers of the Undivided Punjab*, Vol. III & IV, p. 626-627, repr. 1993.)

SikhBookClub.com

ਪਰ ਉਹ ਤੀਸਰੇ ਹਮਲੇ ਤੋਂ ਪਿੱਛੋਂ 1752 ਵਿਚ ਹੀ ਪੰਜਾਬ ਉੱਤੇ ਕਬਜ਼ਾ ਕਰ ਸਕਿਆ। ਮੁਈਨੁਲ-ਮੁਲਕ (ਉਰਫ਼ ਮੀਰ ਮੰਨੂੰ, ਦੇ. 1753), ਜੋ 1748 ਤੋਂ ਲਾਹੌਰ ਦਾ ਮੁਗ਼ਲਈ ਗਵਰਨਰ ਸੀ, ਹੁਣ ਅਹਿਮਦ ਸ਼ਾਹ ਅਬਦਾਲੀ ਵੱਲੋਂ ਪੰਜਾਬ ਦਾ ਹਾਕਮ ਮੁਕੱਰਰ ਕੀਤਾ ਗਿਆ। ਅਬਦਾਲੀ ਨੇ ਚੌਥਾ ਹਮਲਾ 1756-57 ਵਿਚ ਕੀਤਾ। ਉਸ ਵਕਤ ਮੁਗ਼ਲ ਹਕੂਮਤ ਏਨੀ ਕਮਜ਼ੋਰ ਹੋ ਚੁੱਕੀ ਸੀ ਕਿ ਦਿੱਲੀ ਤਕ ਕਿਸੇ ਨੇ ਉਸ ਦਾ ਮੁਕਾਬਲਾ ਕਰਨ ਦੀ ਜੁਰਤ ਨਾ ਕੀਤੀ। ਉਹ ਲੁੱਟ ਮਾਰ ਕਰਨ ਤੋਂ ਬਾਅਦ ਅਪਣੇ ਹਾਕਮ ਥਾਪ ਕੇ ਅਫ਼ਗਾਨਿਸਤਾਨ ਵਾਪਸ ਪਰਤ ਗਿਆ। ਪੰਜਾਬ ਦੀ ਵਾਗਡੋਰ ਸ਼ਾਹਜ਼ਾਦਾ ਤੈਮੂਰ ਤੇ ਉਸ ਦੇ ਸਿਪਾਹ-ਸਾਲਾਰ ਜਹਾਨ ਖ਼ਾਨ ਨੂੰ ਸੌਂਪੀ ਗਈ। 1757-58 ਵਿਚ ਜਹਾਨ ਖ਼ਾਨ ਨੇ ਸਿੱਖਾਂ ਨੂੰ ਕੁਚਲਣ ਲਈ ਅੰਮ੍ਰਿਤਸਰ ਉੱਤੇ ਹਮਲਾ ਕੀਤਾ। ਇਸ ਲੜਾਈ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ ਹੋਏ। ਜਹਾਨ ਖ਼ਾਨ ਨੇ ਸ੍ਰੀ ਦਰਬਾਰ ਸਾਹਿਬ ਨੂੰ ਢਾਹ ਕੇ ਸਰੋਵਰ ਨੂੰ ਗੰਦਗੀ ਨਾਲ ਭਰਵਾ ਦਿੱਤਾ ਤੇ ਹੋਰ ਕਈ ਧਰਮ ਅਸਥਾਨਾਂ ਦੀ ਬੇਅਦਬੀ ਤੇ ਤਬਾਹੀ ਕੀਤੀ। ਇਸੇ ਸਾਲ ਜਹਾਨ ਖ਼ਾਨ ਦੇ ਹੁਕਮ ਨਾਲ ਕਰਤਾਰਪੁਰ ਦੇ ਸੋਢੀ ਵਡਭਾਗ ਸਿੰਘ ਦੀ ਬੜੀ ਬੇਰਹਿਮੀ ਨਾਲ ਕੁਟਾਈ ਕੀਤੀ ਗਈ। ਉਹ ਮਸਾਂ ਹੀ ਜਾਨ ਬਚਾ ਕੇ ਕਰਤਾਰਪੁਰ ਤੋਂ ਖਿਸਕ ਸਕੇ।

ਉਪਰੋਕਤ ਖ਼ਤਰਨਾਕ ਹਾਲਾਤ ਦੇ ਅੰਤਰਗਤ, ਜੀਵਨ ਮੱਲ ਦਾ ਮੁਹੰਮਦੀਪੁਰ ਟਿਕਣਾ ਮੁਸ਼ਕਲ ਹੋ ਗਿਆ। ਉਸ ਨੇ ਮੁਹੰਦੀਪੁਰੋਂ ਨਿਕਲ ਕੇ ਮਾਲਵੇ ਵਿਚ ਇਕ ਨਵੇਂ ਪਿੰਡ ਗੁਰੂਹਰਸਹਾਇ ਦੀ ਨੀਂਹ ਰੱਖੀ। ਭਾਈ ਕਾਨ੍ਹ ਸਿੰਘ ਨਾਭਾ *ਮਹਾਨ ਕੋਸ਼* ਵਿਚ ਲਿਖਦੇ ਹਨ :

> ਲਾਹੌਰ ਦੇ ਹਾਕਿਮ ਨੇ ਤਅੱਸੁਬ ਦੇ ਕਾਰਣ ਜੀਵਨਮੱਲ ਜੀ ਨੂੰ ਸਭ ਸਾਮਾਨ ਜਬਤ ਕਰਕੇ ਪਿੰਡੋਂ ਕੱਢ ਦਿੱਤਾ। ਜੀਵਨਮੱਲ ਜੀ ਜੰਗਲ (ਮਾਲਵੇ) ਵਿੱਚ ਬੈਰਾੜਾਂ ਅਤੇ ਡੋਗਰਾਂ ਦੀ ਸਰਹੱਦ ਤੇ ਆ ਬੈਠੇ। ਮੁਸਲਮਾਨ ਡੋਗਰਾਂ ਦੇ ਸਰਦਾਰ ਸੁਲਤਾਨ ਨੇ, ਸੋਢੀ ਸਾਹਿਬ ਨੂੰ ਇਸ ਲਈ ਜੀ ਆਇਆਂ ਆਖਿਆ ਕਿ ਉਨ੍ਹਾਂ ਦੇ ਹੁੰਦੇ ਬੈਰਾੜਾਂ ਵੱਲੋਂ ਬੇਫਿਕਰੀ ਹੋ ਜਾਵੇਗੀ।...ਜੀਵਨਮੱਲ ਜੀ ਨੇ ਚੌਵੀਹ ਹਜਾਰ ਘੁਮਾਉਂ ਜਮੀਨ ਤੇ ਕਬਜਾ ਕਰਕੇ ਆਪਣੇ ਪੁਤ੍ਰ ਹਰਸਹਾਇ ਦੇ ਨਾਮ ਪਿੰਡ ਗੁਰੂਹਰਸਹਾਇ ਵਸਾਇਆ।[29]

ਗੁਰੂਹਰਸਹਾਇ ਕਦੋਂ ਵਸਾਇਆ ਗਿਆ, ਇਸ ਬਾਰੇ ਪੱਕਾ ਨਹੀਂ ਕਿਹਾ ਜਾ ਸਕਦਾ। ਇੰਟਰਨੈਟ ਉੱਤੇ ਪੋਥੀਮਾਲਾ ਨਾਮ ਦੀ ਇਕ ਵੈਬ-ਸਾਈਟ ਹੈ[30], ਜਿਸ ਅਨੁਸਾਰ ਸੋਢੀ ਜੀਵਨ ਮੱਲ ਨੇ ਇਹ ਪਿੰਡ 1745 ਈ. ਵਿਚ ਵਸਾਇਆ। ਫ਼ੀਰੋਜ਼ਪੁਰ ਡਿਸਟ੍ਰਿਕਟ ਗੈਜ਼ਟੀਅਰ 1915 ਅਨੁਸਾਰ, ਇਹ ਨਗਰ 1752 ਈ. ਵਿਚ ਆਬਾਦ ਹੋਇਆ।[31] ਇਤਿਹਾਸਕਾਰ ਕਿਰਪਾਲ ਸਿੰਘ[32] ਮੁਤਾਬਕ ਇਹ 1757-58 ਈ. ਦੇ ਨੇੜੇ ਤੇੜੇ ਵਸਾਇਆ ਗਿਆ। ਖ਼ੈਰ, ਅਸੀਂ ਕਹਿ ਸਕਦੇ ਹਾਂ ਕਿ ਇਹ ਪਿੰਡ 18ਵੀਂ ਸਦੀ ਦੇ ਅੱਧ ਦੇ ਨੇੜੇ ਤੇੜੇ ਹੋਂਦ ਵਿਚ ਆਇਆ।

29. *ਮਹਾਨ ਕੋਸ਼*, 1981, ਪੰ. 421, ਐਂਟ੍ਰੀ ਗੁਰੂਹਰਸਹਾਇ।
30. http://www.angelfire.com/folk/pothimala
31. *District and States Gazetteers of the undivided Punjab*, Vol. III & IV, p. 626.
32. *ਮਨੋਹਰ ਦਾਸ ਮਿਹਰਬਾਨ ਜੀਵਨ ਤੇ ਰਚਨਾਵਾਂ*, 1974, ਪੰ. 62-63.

SikhBookClub.com

ਸਿੱਖ ਰਾਜ ਤੇ ਉਸ ਤੋਂ ਬਾਅਦ ਅੰਗਰੇਜ਼ੀ ਰਾਜ ਵਿਚ ਗੁਰੂਹਰਸਹਾਇ ਦੇ ਸੋਢੀਆਂ ਦਾ ਕਾਫ਼ੀ ਮਾਣ ਤੇ ਅਸਰ ਰਸੂਖ਼ ਰਿਹਾ ਹੈ। ਸੋਢੀ ਗੁਰਦਰਸ਼ਨ ਸਿੰਘ ਮੁਨਾਵਾਂ ਲਿਖਦੇ ਹਨ[33] ਕਿ ਫਤਿਹ ਸਿੰਘ (ਦੇ. 1879 ਈ.) ਤੇ ਉਸ ਦੇ ਵੱਡੇ ਪੁੱਤਰ ਬਿਸ਼ਨ ਸਿੰਘ (1849-1910 ਈ.) ਦੀ ਆਪਸ ਵਿਚ ਮੁਕੱਦਮੇ ਬਾਜ਼ੀ ਨੇ ਇਸ ਬੰਸ ਦੇ ਵਕਾਰ ਨੂੰ ਬੜੀ ਸੱਟ ਮਾਰੀ। ਆਖ਼ਰ ਬਿਸ਼ਨ ਸਿੰਘ ਜਿੱਤ ਗਿਆ। 1896 ਵਿਚ ਉਸ ਦੀ ਜਾਇਦਾਦ ਕੋਰਟ ਆਫ਼ ਵਾਰਡ ਦੇ ਅਧੀਨ ਕਰ ਦਿੱਤੀ ਗਈ। ਉਸ ਸਮੇਂ ਮੁਕਤਸਰ ਤਹਿਸੀਲ ਵਿਚ 25,000 ਘੁਮਾਂ ਜ਼ਮੀਨ ਇਸ ਪਰਿਵਾਰ ਕੋਲ ਸੀ। ਬਿਸ਼ਨ ਸਿੰਘ ਦੇ ਦੇਹਂਤ ਤੋਂ ਪਿੱਛੋਂ ਉਸ ਦਾ ਪੁੱਤਰ ਜਸਵੰਤ ਸਿੰਘ (1898-1971 ਈ.) ਗੱਦੀ ਦਾ ਵਾਰਿਸ ਬਣਿਆ। ਸੰਨ 1970 ਵਿਚ ਜਦੋਂ ਜਸਵੰਤ ਸਿੰਘ ਫ਼ਰੀਦਾਬਾਦ ਤੋਂ ਗੁਰੂਹਰਸਹਾਇ ਵਾਪਸ ਆ ਰਹੇ ਸਨ, ਤਾਂ ਰਸਤੇ ਵਿਚ ਉਨ੍ਹਾਂ ਪਾਸੋਂ 'ਗੁਰੂ ਹਰਸਹਾਇ ਪੋਥੀ', ਜਿਸ ਨੂੰ ਗੁਰੂ ਨਾਨਕ ਦੇਵ ਜੀ ਦੀ ਪੋਥੀ ਦੱਸਿਆ ਜਾਂਦਾ ਹੈ, ਚੋਰੀ ਹੋ ਗਈ। ਜਸਵੰਤ ਸਿੰਘ ਤੋਂ ਬਾਅਦ ਗੱਦੀ ਆਤਮਜੀਤ ਸਿੰਘ (1921-1979) ਤੇ ਫੇਰ ਹਰੇਸ਼ ਸਿੰਘ ਨੂੰ ਮਿਲੀ। ਹਰੇਸ਼ ਸਿੰਘ 1995 ਵਿਚ ਆਪਣੇ ਬੇਟੇ ਯੁਵਰਾਜ ਸਿੰਘ (ਜ. 1994) ਦੇ ਹੱਕ ਵਿਚ ਦਸਤਬਰਦਾਰ ਹੋ ਗਏ।

ਇਸ ਵਕਤ ਗੁਰੂਹਰਸਹਾਇ ਜ਼ਿਲਾ ਫ਼ੀਰੋਜ਼ਪੁਰ, ਤਹਿਸੀਲ ਜਲਾਲਾਬਾਦ ਦੀ ਇਕ ਸਬ-ਤਹਿਸੀਲ ਹੈ।[34] ਏਥੇ ਸੋਢੀਆਂ ਨੇ ਪੋਥੀਮਾਲਾ ਨਾਂ ਦੇ ਗੁਰਦੁਆਰੇ ਦੀ ਇਕ ਇਮਾਰਤ ਬਣਵਾਈ ਸੀ ਜੋ ਸਿੱਖ ਗੁਰੂਆਂ ਤੇ ਹਿੰਦੂ ਪੁਰਾਣਿਕ ਵਿਸ਼ਿਆਂ ਉੱਤੇ ਵਿਸ਼ਾਲ ਕੰਧ-ਚਿੱਤਰਾਂ ਨਾਲ ਸਜੀ ਹੋਈ ਸੀ। ਸ਼ੋਕ ਹੈ ਕਿ ਹੁਣ ਇਹ ਵਿਰਸਾ ਸੰਭਾਲ ਖੁਣੋਂ ਖੰਡਰ ਬਣ ਕੇ ਰਹਿ ਗਿਆ ਹੈ।[35]

ਮੁਹੰਮਦੀਪੁਰ - ਗੁਰੂਹਰਸਹਾਇ ਸ਼ਾਖ਼ ਦੀ ਗੁਰ-ਪ੍ਰਣਾਲੀ ਇਸ ਪ੍ਰਕਾਰ ਦੱਸੀ ਜਾਂਦੀ ਹੈ (ਵੇਖੋ, ਜ਼ਮੀਮਾ ਨੰ. 7 : ਛੋਟੇ ਮੇਲ ਦਾ ਸ਼ਜਰਾ)।

1. ਗੁਰੂ ਰਾਮਦਾਸ ਜੀ (1534-1581 ਈ.)
2. ਸੋਢੀ ਪਿਰਥੀ ਚੰਦ (ਦੇ. 1619 ਈ.)[36]
3. ਸੋਢੀ ਮਿਹਰਵਾਨ (ਦੇ. 1640 ਈ.)
4. ਸੋਢੀ ਹਰਿ ਜੀ (ਦੇ. 1696 ਈ.)
5. ਸੋਢੀ ਹਰਿ ਗੋਪਾਲ
6. ਸੋਢੀ ਗੁਰਦਿਤਾ
7. ਸੋਢੀ ਜੀਵਨ ਮੱਲ (ਜ. 1694 ਈ.)

---

33. *ਸੋਢੀ ਬੰਸ*, 1984, ਪੰ. 38-39.
34. 2001 ਦੀ ਮਰਦਮ ਸ਼ੁਮਾਰੀ ਅਨੁਸਾਰ ਗੁਰੂਹਰਸਹਾਇ ਦੀ ਆਬਾਦੀ 14,351 ਸੀ। ਇਹ ਫ਼ੀਰੋਜ਼ਪੁਰ-ਫ਼ਾਜ਼ਿਲਕਾ ਰੇਲਵੇ ਲਾਈਨ ਅਤੇ ਸਟੇਟ ਹਾਈਵੇ ਨੰ. 20 ਉੱਤੇ, ਫ਼ੀਰੋਜ਼ਪੁਰ ਛਾਉਣੀ ਤੋਂ 36 ਕਿ.ਮੀ., ਜਲਾਲਾਬਾਦ ਤੋਂ 17 ਕਿ.ਮੀ., ਅਤੇ ਫ਼ਾਜ਼ਿਲਕਾ ਤੋਂ 50 ਕਿ.ਮੀ. ਦੀ ਦੂਰੀ ਉੱਤੇ ਹੈ। ਮੁਕਤਸਰ ਇਸ ਤੋਂ 28 ਕਿ.ਮੀ. ਦੇ ਫ਼ਾਸਲੇ ਉੱਤੇ ਹੈ। (*ਪੰਜਾਬ ਦੇ ਪਿੰਡ ਸ਼ਹਿਰ ਅਤੇ ਕਸਬੇ*, 2004)
35. ਵੇਖੋ, 'Crumbling Grandeur', *The Tribune*, Chandigarh, May 2, 1999.
36. ਵੈਬ-ਸਾਈਟ ਉੱਤੇ ਇਨ੍ਹਾਂ ਦੇ ਦੇਹੰਤ ਦੀ ਮਿਤੀ 1606 ਈ. ਦਿੱਤੀ ਹੈ, ਜੋ ਠੀਕ ਨਹੀਂ ਹੈ।

SikhBookClub.com

8. ਸੋਢੀ ਹਰਿ ਸਹਾਇ (1725-1750 ਈ.)
9. ਸੋਢੀ ਅਜੀਤ ਸਿੰਘ (ਦੇ. 1813 ਈ.)
10. ਸੋਢੀ ਹਮੀਰ ਸਿੰਘ (ਦੇ. 1834 ਈ.)
11. ਸੋਢੀ ਗੁਲਾਬ ਸਿੰਘ (ਦੇ. 1868 ਈ.)
12. ਸੋਢੀ ਫਤਿਹ ਸਿੰਘ (ਦੇ. 1879 ਈ.)
13. ਸੋਢੀ ਬਿਸ਼ਨ ਸਿੰਘ (1849-1910 ਈ.)
14. ਸੋਢੀ ਜਸਵੰਤ ਸਿੰਘ (1898-1971 ਈ.)
15. ਸੋਢੀ ਆਤਮਜੀਤ ਸਿੰਘ (1921-1979 ਈ.)
16. ਸੋਢੀ ਹਰੇਸ਼ ਸਿੰਘ (ਜ. 1946 ਈ., ਦਸਤਬਰਦਾਰੀ 1995 ਈ.)
17. ਸੋਢੀ ਯੁਵਰਾਜ ਸਿੰਘ (ਜ. 1994 ਈ.) ਮੌਜੂਦਾ ਗੱਦੀ-ਦਾਰ

ਏਸ ਸ਼ਾਖ਼ ਬਾਰੇ, ਸਾਡੇ ਵਾਸਤੇ ਸਭ ਤੋਂ ਜ਼ਰੂਰੀ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਸ ਦੇ ਸੋਢੀ ਗੱਦੀਦਾਰਾਂ ਜਾਂ ਉਨ੍ਹਾਂ ਦੇ ਸ਼ਰਧਾਲੂਆਂ ਵਿੱਚੋਂ ਕਿਸੇ ਇਕ ਦਾ ਰਚਿਆ ਹੋਇਆ ਸਾਹਿੱਤ ਸਾਡੇ ਤਕ ਨਹੀਂ ਪੁੱਜਾ।

ਸ਼ਮਸ਼ੇਰ ਸਿੰਘ ਅਸ਼ੋਕ ਦੀ ਪੁਸਤਕ *ਸਾਡਾ ਹੱਥ-ਲਿਖਿਤ ਪੰਜਾਬੀ ਸਾਹਿੱਤ* ਵਿਚ[37] ਕਵੀ 'ਹਰਿ ਸਹਾਇ' ਰਚਿਤ 'ਬਾਰਾਂਮਾਹਾਂ ਸ਼੍ਰੀ ਕ੍ਰਿਸ਼ਨ ਜੀ ਕਾ' ਦੇ ਇਕ ਦੋ ਛੰਦ ਦਰਜ ਹਨ। ਇਹ ਰਚਨਾ ਸਿ.ਰੈ.ਲਾ. ਹ.ਲਿ. 1564(ਹ) ਦੇ ਪੱਤਰਾ 34-47 ਉੱਤੇ ਪ੍ਰਾਪਤ ਸੀ। ਕੀ ਇਹ ਕਵੀ, ਸੋਢੀ ਹਰਿ ਸਹਾਇ ਸੀ ? ਸਾਡੇ ਖ਼ਿਆਲ ਵਿਚ, ਨਹੀਂ, ਕਿਉਂਕਿ ਸੋਢੀ ਹਰਿ ਸਹਾਇ (1725-1750 ਈ.) ਦੀ ਕਿਸੇ ਵੀ ਰਚਨਾ ਦਾ ਗੁਰੂਹਰਸਹਾਇ ਮੂੰਹੀਂ ਦੇ ਸੋਢੀਆਂ ਨੇ ਕਿਤੇ ਕੋਈ ਜ਼ਿਕਰ ਨਹੀਂ ਕੀਤਾ।

ਕੋਠਾ ਗੁਰੂ - ਢਿੱਲਵਾਂ ਸ਼ਾਖ਼

ਸੋਢੀ ਹਰਿ ਨਾਰਾਇਣ - ਸੋਢੀ ਕੰਵਲ ਨੈਨ ਦੀ ਬੰਸ

ਛੋਟੇ ਮੇਲ ਦੇ ਸਾਹਿੱਤ ਵਿਚ ਇਸ ਸ਼ਾਖ਼ ਦੀ ਗੁਰ-ਪ੍ਰਣਾਲੀ ਇਸ ਪ੍ਰਕਾਰ ਲਿਖੀ ਮਿਲਦੀ ਹੈ :

(1) ਗੁਰੂ ਨਾਨਕ ਦੇਵ
(2) ਗੁਰੂ ਅੰਗਦ ਦੇਵ
(3) ਗੁਰੂ ਅਮਰ ਦਾਸ
(4) ਗੁਰੂ ਰਾਮ ਦਾਸ
(5) ਗੁਰੂ ਅਰਜਨ ਦੇਵ (ਜੋਤੀ ਜੋਤਿ 1606 ਈ.)
(6) ਸੋਢੀ ਪਿਰਥੀ ਚੰਦ (ਗੁਰੂ ਸਾਹਿਬ) (ਦੇ. 1619 ਈ.)
(7) ਸੋਢੀ ਮਿਹਰਵਾਨ (ਦੇ. 1640 ਈ.)
(8) ਸੋਢੀ ਹਰਿ ਜੀ (ਦੇ. 1696 ਈ.)

37. ਪੰ. 233.

SikhBookClub.com

(9) ਸੋਢੀ ਹਰਿ ਨਾਰਾਇਣ (ਦੇ. ਹਰਿ ਜੀ ਦੇ ਹੁੰਦਿਆਂ)
(10) ਸੋਢੀ ਕੰਵਲ ਨੈਨ (ਕੌਲ ਸਾਹਿਬ) (ਦੇ. 1717 ਈ.)
(11) ਸੋਢੀ ਹਰਿ ਨੰਦ (ਦੇ. ਕੰਵਲ ਨੈਨ ਦੇ ਹੁੰਦਿਆਂ)
(12) ਸੋਢੀ ਅਭੈ ਰਾਮ (ਦੇ. 1761 ਈ.)
(13) ਸੋਢੀ ਨਿਰਭਉ (ਦੇ. 1779 ਈ.)
(14) ਸੋਢੀ ਦੀਦਾਰ ਦਾਸ (ਦੇ. 1815)

ਭਾਈ ਦਰਬਾਰੀ (1803 ਈ.) ਤੇ ਕੁਸ਼ਲ ਦਾਸ (1816 ਈ.) ਦੀਆਂ ਲਿਖਤਾਂ ਇਸ ਪ੍ਰਣਾਲੀ ਦੀ ਸ਼ਾਹਦੀ ਭਰਦੀਆਂ ਹਨ।[38]

ਸੋਢੀ ਹਰਿ ਨਾਰਾਇਣ

ਉੱਪਰਲੀਆਂ ਗੁਰ-ਪ੍ਰਣਾਲੀਆਂ ਵਿਚ ਸੋਢੀ ਹਰਿ ਨਾਰਾਇਣ ਸੋਢੀ ਹਰਿ ਜੀ ਦਾ ਵਾਰਿਸ ਦਰਸਾਏ ਗਏ ਹਨ। ਪਰ ਕੁਸ਼ਲ ਦਾਸ ਇਹ ਵੀ ਲਿਖਦਾ ਹੈ ਕਿ ਹਰਿ ਜੀ ਨੇ ਗੱਦੀ ਦਾ ਤਿਲਕ ਕਵਲ ਨੈਨ ਨੂੰ ਲਾਇਆ ਸੀ:

> ਸਤਿਗੁਰੁ ਹਰਿ ਜੀ ਹਰਿ ਸਿਉ ਮਿਲੇ ਹਰਿ ਪ੍ਰਭ ਜੋਤਿ ਸਮਾਇਓ।
> ਗੁਰ ਕਮਲ ਨੈਨ ਸਿਰ ਛਤ੍ਰੁ ਧਰਿ ਸੱਚੁ ਸੁ ਮੰਤ੍ਰੁ ਦਿੜਾਇਓ ॥੨॥੫੭॥
> *(ਪੋਥੀ ਸਾਹਿਬ, ਪੱਤਰਾ 120)*

ਇਸ ਦਾ ਕਾਰਨ ਇਹ ਹੈ ਕਿ ਸੋਢੀ ਹਰਿ ਨਾਰਾਇਣ ਹਰਿ ਜੀ ਦੇ ਹੁੰਦਿਆਂ ਹੀ ਪਰਲੋਕ ਸਿਧਾਰ ਚੁੱਕੇ ਸਨ। ਕੁਸ਼ਲ ਦਾਸ *ਪੋਥੀ ਸਾਹਿਬ* ਵਿਚ ਹਰਿ ਜੀ ਦੇ ਚਲਾਣੇ ਤੋਂ ਪਹਿਲਾਂ ਇਹ ਲਿਖਦਾ ਹੈ:

> ਸੇਵਕ ਆਇ ਲਗੇ ਸਭ ਪਾਇ ਸੁ ਆਪ ਕਲਾਧਰ ਕਾਹ ਸਵਾਰੇ।
> ਜਾਇ ਮਿਲੇ ਹਰਿ ਜੋਤਿ ਨਰਾਇਣ ਸੱਤਿ ਸਰੂਪ ਅਨੂਪ ਅਪਾਰੇ ॥੫॥੫੪॥
> ਦੋਹਰਾ। ਨਰਾਇਣ ਹਰਿ ਰੂਪ ਹੈ ਭਯੋ ਲੀਨੁ ਹਰਿ ਜਾਇ।
> ਹਰਿ ਜਨ ਭੇਦੁ ਨ ਭਿੰਨੁ ਕਛੁ ਏਕੋ ਰੂਪ ਦਿਖਾਇ ॥੬॥੫੫॥ *(ਪੱਤਰਾ 119)*

ਗੁ.ਨਾ.ਦੇ.ਯੂ. ਹ.ਲਿ. 1003 ਦੇ ਪੱਤਰਾ 236ੳ ਤੇ ਪ੍ਰੋ.ਪ੍ਰੀ.ਸਿੰ. ਹ.ਲਿ. 78 ਦੇ ਪੱਤਰਾ 203ਅ ਉੱਤੇ, ਹਰਿ ਜੀ ਦਾ ਇਕ ਸਲੋਕ ਹੈ, ਜੋ ਸੋਢੀ (ਹਰਿ) ਨਾਰਾਇਣ ਦੇ ਚਲਾਣੇ ਬਾਰੇ ਹੈ:

> ਸਲੋਕੁ ਮਹਲਾ ੮
> ਨਾਰਾਇਣ ਜੀ ਚਲੇ ਹੋਆ ॥
> ਨਾਰਾਇਣੁ ਹਰਿ ਕਾ ਰੂਪ ਸੀ ਹਰਿ ਲੀਨਾ ਆਪ ਮਿਲਾਇ ॥
> ਭਗਤਾ ਸੰਗਿ ਗੁਰੂ ਆਇਆ ਲੀਆ ਬੰਬਾਨਿ ਚੜਾਇ ॥
> ਜਿਸੁ ਕਾ ਸਾ ਤਿਸ ਕਉ ਮਿਲਿਆ ਜੋਤੀ ਜੋਤਿ ਸਮਾਇ ॥
> ਰਾਜੁ ਜੋਗੁ ਸੁਖ ਸਭਿ ਕੀਏ ਗੈਆ ਨੀਸਾਨੁ ਬਜਾਇ ॥
> ਸਚਿ ਖੰਡਿ ਪੈਨ੍ਹਾਇਆ ਸਚਾ ਜਾਮਾ ਪਾਇ ॥... ॥੧॥
> *(ਪ੍ਰੋ.ਪ੍ਰੀ.ਸਿੰ. 78, ਪੱਤਰਾ 203ਅ)*

38. ਵੇਖੋ, *ਹਰਿਜਸ ਪੋਥੀ* ਵਿਚ ਭਾਈ ਦਰਬਾਰੀ ਦਾ ਛਪਾ (ਹਥਲੀ ਪੁਸਤਕ ਦਾ ਪੰ. 122, ਫੁਟਨੋਟ ਨੰ 20) ਤੇ *ਪੋਥੀ ਸਾਹਿਬ* ਵਿਚ ਕੁਸ਼ਲ ਦਾਸ ਦਾ ਕਬਿਤ (ਹਥਲੀ ਪੁਸਤਕ ਦਾ ਪੰ. 122, ਫੁਟਨੋਟ ਨੰ. 21)।

SikhBookClub.com

ਸੋਢੀ ਕੰਵਲ ਨੈਨ (ਕੌਲ ਸਾਹਿਬ)

ਕੌਲ ਸਾਹਿਬ ਦੇ 4 ਬੇਟੇ ਸਨ—ਸਦਾ ਨੰਦ[39], ਹਰਿ ਨੰਦ, ਅਮਰੀਕ ਰਾਇ ਤੇ ਬਨਮਾਲੀ। ਆਪ ਨੇ ਆਪਣੇ ਜੀਉਂਦੇ-ਜੀਅ ਆਪਣੇ ਬੇਟੇ ਹਰਿ ਨੰਦ ਨੂੰ ਆਪਣਾ ਜਾਨਸ਼ੀਨ ਥਾਪਿਆ ਸੀ ਪਰ ਹਰਿ ਨੰਦ ਆਪਣੇ ਪਿਤਾ ਤੋਂ ਪਹਿਲਾਂ ਹੀ ਪਰਲੋਕ ਸਿਧਾਰ ਗਏ ਦੱਸੇ ਜਾਂਦੇ ਹਨ। ਕੁਸ਼ਲ ਦਾਸ, ਪੋਥੀ ਸਾਹਿਬ ਵਿਚ ਕੰਵਲ ਨੈਨ ਦਾ ਚਲਾਣਾ ਬਿਆਨ ਕਰਨ ਤੋਂ ਪਹਿਲਾਂ ਹਰਿ ਨੰਦ ਦੇ ਦੇਹੰਤ ਬਾਰੇ ਇਉਂ ਲਿਖਦਾ ਹੈ:

ਆਗਿਆ ਸੁ ਪਾਇ ਪ੍ਰਭੁ ਜਗ ਤੇ ਉਦਾਸ ਭਏ
ਨਾਨਕ ਸੁ ਆਦਿ ਗੁਰ ਭਗਤ ਲੈਨਿ ਆਏ ਹੈਂ।
ਚਾਢਿ ਕੈ ਬਿਬਾਨ ਕੋ ਬੈਕੁੰਠ ਮੈ ਲਿਜਾਤ ਭਏ
ਹਰਿ ਕੋ ਸੁਰੂਪ ਜਾਇ ਹਰਿ ਮੈ ਸਾਮਏ ਹੈਂ।
ਜੈ ਜੈ ਜੈਕਾਰ ਭਯੋ ਦੇਵ ਲੋ ਜੈਕਾਰ ਗਯੋ
ਤੀਨ ਲੋਕ ਜੈ ਜੈ ਜੈਕਾਰੁ ਲੋਕ ਗਾਏ ਹੈਂ।
ਐਸੇ ਹਰ ਨੰਦ ਗੁਰੂ ਪੂਰਨ ਅਨੰਦ ਰੂਪ
ਬ੍ਰਹਮ ਕੋ ਸਰੂਪ ਜਾਇ ਬ੍ਰਹਮ ਮੈ ਸਾਮਏ ਹੈਂ ॥੫॥੪੭॥[40]

ਭਾਈ ਦਰਬਾਰੀ *ਹਰਿਜਸ ਪੋਥੀ* ਵਿਚ ਲਿਖਦਾ ਹੈ:

ਹਰਿ ਨੰਦ ਗੁਰੂ ਸਿਰਿ ਛਤੁ ਫਿਰਾਇਆ। ਸੇਵਕ ਸਿਖਿ ਸਭ ਚਰਨੀ ਲਾਇਆ।
ਹੁੰਦੈ ਟਿੱਕਿਆ ਹੁੰਦੈ ਚਲਿਆ ਇਹੁ ਕੁਦਰਤਿ ਨਈ ਦਿਖਾਈ ਜੀ ॥੪॥[41]

ਸਿੱਖ ਇਤਿਹਾਸ ਵਿਚ ਕੌਲ ਸਾਹਿਬ ਦੇ ਗੁਰੂ ਗੋਬਿੰਦ ਸਿੰਘ ਜੀ ਨਾਲ, ਚਮਕੌਰ ਸਾਹਿਬ ਦੀ ਲੜਾਈ (7 ਦਸੰਬਰ, 1705) ਤੋਂ ਬਾਅਦ ਤੇ ਮੁਕਤਸਰ ਦੀ ਲੜਾਈ (29 ਦਸੰਬਰ, 1705[42]) ਤੋਂ ਪਹਿਲਾਂ, ਕਿਸੇ ਵੇਲੇ ਢਿੱਲਵਾਂ ਗ੍ਰਾਮ ਵਿਚ ਹੋਏ ਮਿਲਾਪ ਦਾ ਜ਼ਿਕਰ ਆਉਂਦਾ ਹੈ। ਇਹ ਜ਼ਿਕਰ ਸਭ ਤੋਂ ਪਹਿਲਾਂ ਭਾਈ ਸੰਤੋਖ ਸਿੰਘ, ਕਰਤਾ *ਸੂਰਜ ਪ੍ਰਕਾਸ਼* (1843 ਈ.) ਨੇ ਕੀਤਾ ਲੱਗਦਾ ਹੈ।[43] *ਸੂਰਜ ਪ੍ਰਕਾਸ਼* ਤੋਂ ਪਹਿਲਾਂ ਦੀਆਂ ਲਿਖਤਾਂ ਵਿਚ, ਜਿਵੇਂ *ਸ੍ਰੀ ਗੁਰ ਸੋਭਾ* ਕ੍ਰਿਤ ਸੈਨਾਪਤਿ (1701-1708/09 ਈ.)[44], *ਗੁਰਬਿਲਾਸ ਪਾਤਸ਼ਾਹੀ ੧੦* ਕ੍ਰਿਤ ਕੁਇਰ ਸਿੰਘ (1751 ਈ.),

---

39. ਭਾਈ ਸੰਤੋਖ ਸਿੰਘ 'ਸਤਾਨੰਦ' ਲਿਖਦੇ ਹਨ। ਵੇਖੋ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ 14, ਐਨ 1, ਅੰਸੂ 5, ਪੰ. 6010, ਅੰਕ 8.
40. *ਪੋਥੀ ਸਾਹਿਬ*, ਗੁ.ਨਾ.ਦੇ.ਯੂ. ਹ.ਲਿ. 598, ਪੱਤਰਾ 133.
41. *ਹਰਿਜਸ ਪੋਥੀ*, ਪੱਤਰਾ 228.
42. ਸੁਖਦਿਆਲ ਸਿੰਘ, (*ਪੰਜਾਬ ਦਾ ਇਤਿਹਾਸ*, 2000, ਪੰ. 222) ਮੁਤਾਬਕ ਇਹ ਤਾਰੀਖ 14-15 ਜਨਵਰੀ, 1706 ਹੈ। *History of the Sikhs & Their Religion*, Vol. I, Kirpal Singh and Kharak Singh, ed., 2004, p. 315 ਅਤੇ *The Encyclopaedia of Sikhism*, Vol. II, p. 91, ਵਿਚ ਇਹ 29 ਦਸੰਬਰ, 1705 ਹੈ।
43. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਭਾਈ ਵੀਰ ਸਿੰਘ (ਸੰਪਾ.), ਜਿਲਦ 14, ਐਨ 1, ਅੰਸੂ 5, ਪੰ. 6009.
44. *ਸ੍ਰੀ ਗੁਰ ਸੋਭਾ* ਦਾ ਰਚਨਾ-ਕਾਲ ਆਮ ਤੌਰ ਉੱਤੇ 1711 ਈ. ਜਾਂ 1741 ਈ. (1798 ਬਿ.) ਸਮਝਿਆ ਜਾਂਦਾ ਹੈ, ਪਰ ਅਸੀਂ ਸੁਖਦਿਆਲ ਸਿੰਘ ਦੇ ਅਨੁਮਾਨ ਨਾਲ ਸਹਿਮਤ ਹਾਂ ਕਿ ਇਹ ਪੋਥੀ 1701 ਈ. (1758 ਬਿ.) ਵਿਚ ਲਿਖਣੀ ਸ਼ੁਰੂ ਹੋਈ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਚਲਾਣੇ ਦੇ ਜਲਦੀ ਬਾਅਦ ਸੰਪੂਰਨ ਹੋਈ। (ਵੇਖੋ, ਉਨ੍ਹਾਂ ਦੀ ਪੁਸਤਕ *ਪੰਜਾਬ ਦਾ ਇਤਿਹਾਸ*, 2000, ਪੰ. 6)

SikhBookClub.com

ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਕ੍ਰਿਤ ਕੇਸਰ ਸਿੰਘ ਛਿੱਬਰ (1769 ਈ.), *ਮਹਿਮਾ ਪ੍ਰਕਾਸ਼* ਕ੍ਰਿਤ ਸਰੂਪ ਦਾਸ ਭੱਲਾ (1776 ਈ.), *ਗੁਰਬਿਲਾਸ ਪਾਤਸ਼ਾਹੀ ੧੦* ਕ੍ਰਿਤ ਸੁੱਖਾ ਸਿੰਘ (1797 ਈ.) ਤੇ *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ* (1823 ਈ.)[45], ਇਸ ਭੇਂਟ ਦਾ ਕੋਈ ਜ਼ਿਕਰ ਨਹੀਂ ਹੈ।

ਇਕ ਹੋਰ ਰਚਨਾ *ਗੁਰੂ ਕੀਆਂ ਸਾਖੀਆਂ* ਕ੍ਰਿਤ ਸ੍ਵਰੂਪ ਸਿੰਘ ਕੌਸ਼ਿਸ਼ ਵਿਚ ਇਕ 'ਸਾਖੀ ਸੋਢੀ ਕਵਲ ਨੈਨ ਪਾਸ ਢਿੱਲਮੀ ਜਾਣੇ ਕੀ ਚਾਲੀ' ਦਰਜ ਹੈ।[46] ਇਹ ਪੁਸਤਕ 1790 ਈ. ਵਿਚ ਭਟੱਖਰੀ ਵਿਚ ਲਿਖੀ ਗਈ ਤੇ ਇਸ ਦਾ ਗੁਰਮੁਖੀ ਉਤਾਰਾ 1868 ਈ. ਵਿਚ ਕੀਤਾ ਗਿਆ। ਪਹਿਲਾਂ ਇਹ ਗਿਆਨੀ ਗਰਜਾ ਸਿੰਘ (1904-1977 ਈ.) ਨੇ ਐਡਿਟ ਕੀਤੀ ਤੇ ਗਿਆਨੀ ਜੀ ਦੇ ਗੁਜ਼ਰਨ ਤੋਂ ਬਾਅਦ ਇਸ ਨੂੰ ਪਿਆਰਾ ਸਿੰਘ ਪਦਮ ਹੁਰਾਂ ਸੋਧ ਸੰਵਾਰ ਕੇ 1986 ਈ. ਵਿਚ ਛਪਵਾਇਆ। ਇਹ ਸਰੋਤ *ਸੂਰਜ ਪ੍ਰਕਾਸ਼* ਤੋਂ ਪੁਰਾਣਾ ਹੈ, ਪਰ ਇਸ ਦੇ ਇਤਿਹਾਸ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਇਸ ਨੂੰ ਭਾਈ ਸੰਤੋਖ ਸਿੰਘ ਨੇ ਵੇਖਿਆ ਹੋਵੇ।

ਏਥੇ ਇਹ ਦੱਸਣਾ ਜ਼ਰੂਰੀ ਹੈ ਕਿ ਛੋਟੇ ਮੇਲ ਦੀਆਂ ਲਿਖਤਾਂ ਵਿਚ ਏਸ ਮੇਲ-ਮਿਲਾਪ ਦਾ ਕੋਈ ਜ਼ਿਕਰ ਸਾਡੇ ਵੇਖਣ ਵਿਚ ਨਹੀਂ ਆਇਆ।

ਭਾਈ ਸੰਤੋਖ ਸਿੰਘ ਨੇ ਆਪਣੀ ਲਿਖਤ ਵਿਚ ਤਿੰਨ ਗੱਲਾਂ ਕੀਤੀਆਂ ਹਨ :

(1) ਉਨ੍ਹਾਂ ਨੇ ਸਭ ਤੋਂ ਅਹਿਮ ਗੱਲ ਇਹ ਕੀਤੀ ਹੈ ਕਿ ਇਸ ਮੌਕੇ ਉੱਤੇ ਸੋਢੀ ਕੌਲ ਦਾ ਸਾਰਾ ਪਰਿਵਾਰ ਗੁਰੂ ਸਾਹਿਬ ਤੋਂ ਅੰਮ੍ਰਿਤ ਛਕ ਕੇ ਖਾਲਸਾ ਪੰਥ ਵਿਚ ਸ਼ਾਮਿਲ ਹੋ ਗਿਆ ਤੇ ਇਸ ਤਰ੍ਹਾਂ ਉਨ੍ਹਾਂ ਦੀ ਵੱਖਰੀ ਸੰਪ੍ਰਦਾਇਕ ਹੋਂਦ ਦਾ ਖ਼ਾਤਮਾ ਹੋ ਗਿਆ। *ਗੁਰੂ ਕੀਆਂ ਸਾਖੀਆਂ* ਵਿਚ, ਜੋ ਪਹਿਲਾਂ ਦੀ ਲਿਖਤ ਹੈ, ਸੋਢੀ ਕੌਲ ਬਾਰੇ ਕੋਈ ਐਸਾ ਬਿਆਨ ਨਹੀਂ ਮਿਲਦਾ ਪਰ ਉਨ੍ਹਾਂ ਦਾ ਪੋਤਰਾ ਅਭੈ ਰਾਮ, ਤਲਵੰਡੀ ਸਾਬੋ ਵਿਚ ਅੰਮ੍ਰਿਤ ਪਾਨ ਕਰ ਕੇ ਅਭੈ ਸਿੰਘ ਬਣਦਾ ਵਿਖਾਇਆ ਗਿਆ ਹੈ।[47] *ਸਾਖੀ ਪੋਥੀ* ਵਿਚ ਵੀ ਅਭੈ ਰਾਮ ਨੂੰ ਅਭੈ ਸਿੰਘ ਲਿਖਿਆ ਹੈ।

(2) ਭਾਈ ਸੰਤੋਖ ਸਿੰਘ ਮੁਤਾਬਕ, ਜਦੋਂ ਗੁਰੂ ਗੋਬਿੰਦ ਸਿੰਘ ਜੀ ਕੌਲ ਸਾਹਿਬ ਨੂੰ ਢਿੱਲਵਾਂ ਵਿਚ ਮਿਲਦੇ ਹਨ ਤਾਂ ਉਹ ਪਿੱਤਰਾਂ ਦੇ ਸ਼ਰਾਧ ਕਰਵਾ ਰਹੇ ਹੁੰਦੇ ਹਨ। ਗੁਰੂ ਜੀ ਉਨ੍ਹਾਂ ਨੂੰ ਉਪਦੇਸ਼ ਦੇਂਦੇ ਹਨ ਕਿ ਗੁਰਮਤਿ ਅਨੁਸਾਰ ਇਹ ਸ਼ਰਾਧ ਵਗ਼ੈਰਾ ਕਰਵਾਉਣੇ ਫ਼ਜ਼ੂਲ ਹਨ। ਸ਼ਰਾਧਾਂ ਬਾਰੇ ਇਹ ਕਹਾਣੀ ਭਾਈ ਸੰਤੋਖ ਸਿੰਘ ਨੇ ਘੜੀ ਲੱਗਦੀ ਹੈ। ਉਹ ਸ਼ਾਇਦ ਭੁੱਲ ਗਏ ਸਨ ਕਿ ਦਸੰਬਰ ਦੇ ਮਹੀਨੇ ਵਿਚ ਕੋਈ ਸ਼ਰਾਧ ਨਹੀਂ ਹੁੰਦੇ!

---

45. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ*, ਭਾਈ ਵੀਰ ਸਿੰਘ (ਸੰਪਾ.), 1950, ਪੰ. ਜ। ਭਾਈ ਵੀਰ ਸਿੰਘ ਨੇ ਇਸ ਦਾ ਰਚਨਾ-ਕਾਲ 1823 ਈ. ਸਿੱਧ ਕੀਤਾ ਹੈ। ਸੁਖਦਿਆਲ ਸਿੰਘ ਦਾ ਖ਼ਿਆਲ ਹੈ ਕਿ ਇਹ ਪੋਥੀ ਸਰ ਅਤਰ ਸਿੰਘ ਭਦੌੜ ਨੇ ਕਿਸੇ ਉਦਾਸੀ ਸਾਧੂ ਕੋਲੋਂ 1870 ਈ. ਦੇ ਨੇੜਲੇ ਸਮੇਂ ਵਿਚ ਲਿਖਵਾਈ ਸੀ (*ਪੰਜਾਬ ਦਾ ਇਤਿਹਾਸ, ਪਿ.ਹ.* ਪੰ. 162)। ਇਹ ਖ਼ਿਆਲ ਇਸ ਲਈ ਠੀਕ ਨਹੀਂ ਜਾਪਦਾ ਕਿਉਂਕਿ ਭਾਈ ਸੰਤੋਖ ਸਿੰਘ ਨੇ ਇਸ ਪੋਥੀ ਨੂੰ ਵਰਤਿਆ ਲੱਗਦਾ ਹੈ। ਵੇਖੋ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਪਹਿਲੀ, ਪੰ. 188-89.
46. *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), 1999, ਸਾਖੀ 88, ਪੰ. 167.
47. *ਉਹੀ*, ਸਾਖੀ ਨੰ. 100, ਪੰ. 183.

SikhBookClub.com

(3) ਤੀਜੀ ਗੱਲ ਭਾਈ ਸਾਹਿਬ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨੀਲੇ ਬਸਤਰਾਂ ਦੀ ਕੀਤੀ ਹੈ। ਸਿੱਖ ਇਤਿਹਾਸ ਵਿਚ ਨੀਲੇ ਬਸਤਰ ਗੁਰੂ ਸਾਹਿਬ ਤੋਂ ਇਕ ਵਾਰ ਨਹੀਂ ਕਈ ਵਾਰੀ ਲੁਹਾਏ ਗਏ ਹਨ। ਇਸ ਬਾਰੇ ਭਾਈ ਵੀਰ ਸਿੰਘ ਦੀ ਟਿੱਪਣੀ ਵੇਖਣ ਵਾਲੀ ਹੈ।[48] ਜੇ ਗੁਰੂ ਜੀ ਇਕ ਵਾਰ ਪਹਿਲਾਂ ਦੀਨੇ ਵਿਚ ਭਾਈ ਪਰਮ ਸਿੰਘ ਧਰਮ ਸਿੰਘ ਦੀ ਬੇਨਤੀ ਮੰਨ ਕੇ ਨੀਲੇ ਬਸਤਰ ਉਤਾਰ ਕੇ ਸਫ਼ੈਦ ਬਸਤਰ ਪਹਿਨ ਚੁੱਕੇ ਸਨ[49], ਤਾਂ ਦੁਬਾਰਾ ਕੌਲ ਸਾਹਿਬ ਦੇ ਕਹਿਣ ਉੱਤੇ "ਨੀਲ ਬਸਤਰ ਲੇ ਕਪੜੇ ਫਾੜੇ, ਤੁਰਕ ਪਠਾਨੀ ਅਮਲ ਗਇਆ" ਦੀ ਘਟਨਾ ਦਾ ਸਹੀ ਹੋਣਾ ਸੰਸੇ ਵਾਲੀ ਗੱਲ ਹੈ।

ਸੋਢੀ ਕੰਵਲ ਨੈਨ ਦਾ ਦੇਹੰਤ 1717 ਈ. ਵਿਚ ਹੋਇਆ।[50]

ਸੋਢੀ ਅਭੈ ਰਾਮ (1685-1761 ਈ.)

ਸੋਢੀ ਕੰਵਲ ਨੈਨ ਤੋਂ ਪਿੱਛੋਂ, ਉਨ੍ਹਾਂ ਦੇ ਪੋਤਰੇ (ਬਨਮਾਲੀ ਦੇ ਪੁੱਤਰ) ਸੋਢੀ ਅਭੈ ਰਾਮ ਜੀ ਗੱਦੀ ਉੱਤੇ ਬੈਠੇ। ਜੱਥੇਦਾਰ ਕਿਰਪਾਲ ਸਿੰਘ ਨੇ ਅਭੈ ਰਾਮ ਦਾ ਜਨਮ ਲਗਪਗ 1685 ਈ. ਅਨੁਮਾਨਿਆ ਹੈ।[51] ਆਪ ਪੂਰੇ 44 ਸਾਲ (1717 ਤੋਂ 1761 ਈ. ਤਕ) ਗੱਦੀ-ਨਸ਼ੀਨ ਰਹੇ, ਪਹਿਲਾਂ ਢਿੱਲਵਾਂ ਤੇ ਫੇਰ ਕੋਠੇ ਗੁਰੂ। ਇਨ੍ਹਾਂ ਦੇ ਕੋਠਾ ਗੁਰੂ ਵਾਲੇ ਨਿਵਾਸ ਅਸਥਾਨ ਉੱਤੇ ਹੁਣ ਕੌਲਸਰ ਨਾਂ ਦਾ ਗੁਰਦੁਆਰਾ ਬਣਿਆ ਹੋਇਆ ਹੈ।

ਕਵੀ ਕੁਸ਼ਲ ਦਾਸ ਤੇ ਭਾਈ ਦਰਬਾਰੀ ਆਪ ਦੇ ਸ਼ਿੱਸ਼ ਵੀ ਸਨ ਤੇ ਦਰਬਾਰੀ ਰਤਨ ਵੀ। ਇਨ੍ਹਾਂ ਵਿਦਵਾਨਾਂ ਦੀਆਂ ਪ੍ਰਭਾਵਸ਼ਾਲੀ ਰਚਨਾਵਾਂ ਤੋਂ ਸੋਢੀ ਅਭੈ ਰਾਮ ਦੀ ਆਪਣੀ ਪ੍ਰਤਿਭਾ ਦਾ ਭਲੀਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ। ਦੱਸਿਆ ਜਾਂਦਾ ਹੈ ਕਿ ਆਪ ਦਸੰਬਰ 1705 ਦੇ ਅਖ਼ੀਰਲੇ ਦਿਨਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਢਿਲਵੀਂ ਆਪਣੇ ਦਾਦਾ ਕੌਲ ਸਾਹਿਬ ਨਾਲ ਮਿਲੇ ਤੇ ਅਕਤੂਬਰ 1706, ਗੁਰੂ ਸਾਹਿਬ ਦੇ ਦੱਖਣ ਨੂੰ ਰਵਾਨਾ ਹੋਣ ਵੇਲੇ ਤਕ, ਉਨ੍ਹਾਂ ਦੇ ਸੰਪਰਕ ਵਿਚ ਰਹੇ। ਆਪ ਨੇ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਿਆ ਤੇ ਅਭੈ ਸਿੰਘ ਸਜ ਗਏ। *ਸਾਖੀ ਪੋਥੀ*

---

48. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ 14, ਐਨ 1, ਅੰਸੂ 5, ਪੰ. 6013, ਫੁਟਨੋਟ।
49. *ਉਹੀ*, ਰਿਤੁ 6, ਅੰਸੂ 54, ਪੰ. 5966, ਅੰਕ 37.
50. *The Encyclopaedia of Sikhism*, Vol . II, 1996, ਪੰ. 461 ਤੇ ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, 2005, ਪੰ. 529, ਦੋਨਾਂ ਨੇ ਸੋਢੀ ਕੌਲ ਸਾਹਿਬ ਦੇ ਚਲਾਣੇ ਦੀ ਮਿਤੀ 1706 ਈ. ਦਿੱਤੀ ਹੈ, ਜੋ ਠੀਕ ਨਹੀਂ ਹੈ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਕੋਠਾ *ਗੁਰੂ ਦੀ ਗੌਰਵ ਗਾਥਾ*, ਪੰ. 126 ਉੱਤੇ 1717 ਈ. ਠੀਕ ਦੱਸੀ ਹੈ। ਕਵੀ ਕੁਸ਼ਲ ਦਾਸ *ਪੋਥੀ ਸਾਹਿਬ* (ਗੁ.ਨਾ.ਦੇ.ਯੂ. ਹ.ਲਿ. 598, ਪੱਤਰਾ 133ਅ) ਦੀ ਸਾਖ ਹੈ:
   ਗੁਰ ਸੱਤ੍ਰਹ ਸਹਸ ਚੌਹੱਤਰੈ ਸੱਚਿਖੰਡਿ ਹਰਿ ਪਹਿ ਗਏ।
   ਗੁਰ ਅਭੈ ਰਾਮ ਸਿਰ ਛੱਤੁ ਧਰਿ ਕਮਲ ਨੈਨ ਪੂਰਨ ਭਏ॥੨॥੪੯॥
   ਸੰਮਤ 1774 ਬਿ., 1717 ਈ. ਬਣਦਾ ਹੈ।
51. *ਮਾਝਾਂ ਭਾਈ ਦਰਬਾਰੀ*, ਪੰ. 3.

SikhBookClub.com

ਵਿਚ ਲਿਖਿਆ ਹੈ : "ਸੋਢੀ ਅਭੈ ਸਿੰਘ ਨੂੰ ਗੁਰੂ ਜੀ ਕਹਿੰਦੇ ਹੁੰਦੇ : ਇਹ ਭਾਂਡਾ ਸੁਧ ਹੈ, ਵਸਤੂ ਪਾਵਨ ਵਾਲਾ।"[52] ਇਹ ਵੀ ਲਿਖਿਆ ਹੈ ਕਿ ਗੁਰੂ ਸਾਹਿਬ ਨਾਲ ਦੱਖਣ ਵੱਲ ਜਾਂਦੇ ਅਭੈ ਰਾਮ/ਸਿੰਘ ਨੂੰ "ਦੀਵਾਨੇ ਸੁਧੂ ਤੇ ਬੁਧੂ ਰਸਤੇ ਵਿਚੋਂ ਸੁਤੇ ਨੂੰ ਮੰਜਾ ਚੁਕ ਲਿਆਏ।"[53]

ਭਾਈ ਸੰਤੋਖ ਸਿੰਘ ਅਨੁਸਾਰ, ਅਭੈ ਰਾਮ ਦੇ ਚਾਰ ਬੇਟੇ ਸਨ : ਸ਼੍ਰੀ ਰਾਮ, ਪ੍ਰਜਾਪਤਿ, ਰਾਮ ਕੁਇਰ ਤੇ ਜਸਪਤਿ।[54] ਸੋਢੀ ਗੁਰਦਰਸ਼ਨ ਸਿੰਘ ਮੁਨਾਵਾਂ ਇਸ ਨਾਲ ਪੰਜਵਾਂ ਬੇਟਾ ਨਿਰਭਉ ਜੋੜਦੇ ਹਨ[55], ਜੋ ਅਭੈ ਰਾਮ ਦਾ ਅਗਲਾ ਵਾਰਿਸ ਬਣਿਆ।

ਸੋਢੀ ਨਿਰਭਉ - ਸੋਢੀ ਦੀਦਾਰ ਦਾਸ - ਸੋਢੀ ਮਹਾਂ ਸਿੰਘ

ਸੰਮਤ ਠਾਰਹ ਸੈ ਠਾਰਵੈ ਗੁਰੂ ਅਭੈ ਰਾਮੁ ਹਰਿ ਪਹਿ ਗਯੋ।...
ਪੋਥੀ ਮਾਲਾ ਸਰਬ ਸਿੱਧ ਨਿਰਭਉ ਗੁਰ ਪਾਈ।
ਤਬ ਸਭ ਸੰਗਤਿ ਚਰਨਨ ਲਗੀ ਗੁਰ ਨਿਰਭਉ ਛੱਤਰੁ ਧਰਿਜੇ।
ਗੁਰ ਅਭੈ ਰਾਮ ਹਰਿ ਸਿਉ ਮਿਲੇ ਸਕਲ ਜਗਤ ਜੈ ਜੈ ਕਰਿਜੇ॥੨॥੧੦੫॥[56]

ਸੋਢੀ ਨਿਰਭਉ 1761 ਤੋਂ 1779 ਈ. ਤਕ ਗੱਦੀ ਉੱਤੇ ਬਿਰਾਜਮਾਨ ਰਹੇ। ਜਿੰਨਾ ਚਿਰ ਇਹ ਜੀਉਂਦੇ ਰਹੇ, ਭਾਈ ਦਰਬਾਰੀ ਤੇ ਕੁਸ਼ਲ ਦਾਸ ਇਨ੍ਹਾਂ ਦੀ ਤਾਬਿਆ ਵਿਚ ਹਾਜ਼ਰ ਰਹੇ। ਇਨ੍ਹਾਂ ਤੋਂ ਬਾਅਦ ਜਸਪਤ ਦਾ ਪੁੱਤਰ ਦੀਦਾਰ ਦਾਸ ਗੱਦੀ ਉੱਤੇ ਬੈਠਾ। ਭਾਈ ਦਰਬਾਰੀ ਦੀ ਸਾਖ ਹੈ :

ਗੁਰੁ ਦੀਦਾਰ ਦਾਸੁ ਬਹਾਲਿਆ ਓਤਿ ਠੌਰ ਓਤਿ ਠਾਇ॥[57]

ਕੁਸ਼ਲ ਦਾਸ ਅਨੁਸਾਰ ਦੀਦਾਰ ਦਾਸ ਤੋਂ ਬਾਅਦ ਸੰਗਤ ਤੇ ਪਰਿਵਾਰ ਨੇ ਪੋਥੀ ਮਾਲਾ ਮਹਾਂ ਸਿੰਘ ਨੂੰ ਅਰਪਨ ਕੀਤੀ।[58] ਇਨ੍ਹਾਂ ਤੋਂ ਬਾਅਦ ਇਸ ਸ਼ਾਖ਼ ਦੀ ਕਿਸੇ ਕੇਂਦਰਿਤ ਗੱਦੀ ਦਾ ਹਵਾਲਾ ਨਹੀਂ ਮਿਲਦਾ।

ਸੋਢੀ ਕੌਲ ਦੀ ਬੰਸ ਦਾ ਸੰਖੇਪ ਨਕਸ਼ਾ ਅੱਗੇ ਦਿੱਤਾ ਗਿਆ ਹੈ, ਇਹ ਦਰਸਾਉਣ ਲਈ ਕਿ ਉਨ੍ਹਾਂ ਦੀ ਔਲਾਦ ਨੇ ਕਿਵੇਂ ਮਾਲਵੇ ਦੀਆਂ ਵੱਖ ਵੱਖ ਥਾਵਾਂ ਉੱਤੇ ਜਾ ਕੇ ਨਵੀਆਂ ਨਵੀਆਂ ਸ਼ਾਖ਼ਾਂ ਨੂੰ ਜਨਮ ਦਿੱਤਾ। ਇਨ੍ਹਾਂ ਦੇ ਸ਼ਜਰਿਆਂ ਸਮੇਤ ਵੇਰਵੇ ਸੋਢੀ ਗੁਰਦਰਸ਼ਨ ਸਿੰਘ ਮੁਨਾਵਾਂ ਦੀ ਪੁਸਤਕ *ਸੋਢੀ ਬੰਸ* ਵਿਚ ਦਿੱਤੇ ਹੋਏ ਹਨ।

---

52. *ਮਾਲਵਾ ਦੇਸ ਰਟਨ ਦੀ ਸਾਖੀ ਪੋਥੀ*, 1950, ਪੰ. 115.
53. *ਉਹੀ*।
54. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ 14, ਐਨ 1, ਅੰਸੂ 5, ਪੰ. 6010, ਅੰਕ 10.
55. *ਸੋਢੀ ਬੰਸ*, ਪੰ. 36.
56. *ਪੋਥੀ ਸਾਹਿਬ*, ਗੁ.ਨਾ.ਦੇ.ਯੂ.ਹ.ਲਿ. 598, ਪੱਤਰਾ 153ਅ-154.
57. *ਹਰਿਜਸ ਪੋਥੀ*, ਪੱਤਰਾ 760-3ੳ।
58. *ਪੋਥੀ ਸਾਹਿਬ*, ਗੁ.ਨਾ.ਦੇ.ਯੂ.ਹ.ਲਿ. 598, ਪੱਤਰਾ 172ਅ-173ੳ।

SikhBookClub.com

ਸੋਢੀ ਕੰਵਲ ਨੈਨ (ਕੌਲ ਸਾਹਿਬ) ਦੀ ਬੰਸ ਦਾ ਨਕਸ਼ਾ



ਸੋਢੀ ਹਰਿ ਜੀ ਦੇ ਉੱਤਰ-ਅਧਿਕਾਰੀਆਂ ਦੀ ਸਾਹਿੱਤ ਰਚਨਾ

ਛੋਟੇ ਮੇਲ ਦੇ ਸਾਹਿੱਤ ਦੇ ਸਰਵੇਖਣ ਤੋਂ ਪਤਾ ਲੱਗਦਾ ਹੈ ਕਿ ਹਰਿ ਜੀ ਤੋਂ ਪਿੱਛੋਂ ਸੋਢੀ ਨਿਰਭਉ ਤਕ ਤਾਂ ਸਾਹਿੱਤ ਰਚਨਾ ਦਾ ਥੋੜਾ ਬਹੁਤ ਜਤਨ ਜਾਰੀ ਰਿਹਾ, ਪਰ ਸੋਢੀ ਨਿਰਭਉ ਤੋਂ ਬਾਅਦ ਜਿਹੜੇ ਵੀ ਗੱਦੀਦਾਰ ਬਣੇ, ਉਨ੍ਹਾਂ ਦੀ ਰਚਨਾ ਦਾ ਕੋਈ ਅੰਸ਼ ਹਾਲਾਂ ਤਕ ਸਾਡੇ ਸਾਹਮਣੇ ਨਹੀਂ ਆਇਆ। ਇਸ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਪਿਰਥੀ ਚੰਦ ਤੋਂ ਸ਼ੁਰੂ ਹੋਈ ਛੋਟੇ ਮੇਲ ਦੀ 'ਨਾਨਕ' ਛਾਪ ਵਾਲੀ ਕਵਿਤਾ ਰਚਨਾ ਰਚਣ ਦਾ ਰਿਵਾਜ ਨਿਰਭਉ ਉੱਤੇ ਆ ਕੇ ਸਮਾਪਤ ਹੋ ਗਿਆ ਸੀ।

ਪ੍ਰਾਪਤ ਹੱਥ-ਲਿਖਤਾਂ ਵਿੱਚੋਂ, ਪ੍ਰੋ.ਪ੍ਰੀ.ਸਿੰ. ਹ.ਲਿ. 78 ਇਕ ਐਸਾ ਮੁਖ ਸਰੋਤ ਹੈ, ਜਿਸ ਵਿਚ ਹਰਿ ਜੀ ਦੇ ਉੱਤਰ-ਅਧਿਕਾਰੀਆਂ ਦੀ ਰਚਨਾ ਅੰਕਿਤ ਹੈ। ਇਸ

SikhBookClub.com

ਹੱਥ-ਲਿਖਤ ਵਿਚ ਨੌਵੇਂ ਤੋਂ ਲੈ ਕੇ ਤੇਰ੍ਹਵੇਂ ਸੋਢੀ ਗੱਦੀਦਾਰਾਂ ਦੀ ਇਕ ਵਾਰ ਤੇ ਛੇ ਰਾਗਾਂ ਵਿਚ 18 ਸ਼ਬਦ ਦਰਜ ਹਨ। ਇਸ ਤੋਂ ਇਲਾਵਾ, ਤਿੰਨ ਹੋਰ ਹੱਥ-ਲਿਖਤਾਂ : ਗੁ.ਨਾ.ਦੇ.ਯੂ. 1003, ਪੰ.ਯੂ.ਪ. 115715 ਤੇ ਖਾ.ਕਾ.ਅੰ. SHR 2306 ਵਿਚ ਵੀ ਇਨ੍ਹਾਂ ਦੇ ਸ਼ਬਦ ਸਲੋਕ ਮਿਲਦੇ ਹਨ। ਇਨ੍ਹਾਂ ਸਾਰਿਆਂ ਦਾ ਵੇਰਵਾ ਅੱਗੇ ਸਾਰਨੀ ਨੰ. 2 ਵਿਚ ਦਿੱਤਾ ਗਿਆ ਹੈ।

ਸਾਰਨੀ ਨੰ. 2
ਛੋਟੇ ਮੇਲ ਦੇ ਨੌਵੇਂ ਤੋਂ ਤੇਰ੍ਹਵੇਂ ਸੋਢੀ ਗੱਦੀਦਾਰਾਂ ਦੀ ਰਚਨਾ

ਰਾਗੁ	*ਮ: ੯ ਹਰਿ ਨਾਰਾਇਣ*	*ਮ: ੧੦ ਕੰਵਲ ਨੈਨ*	*ਮ: ੧੧ ਹਰਿ ਨੰਦ*	*ਮ: ੧੨ ਅਭੈ ਰਾਮ*	*ਮ: ੧੩ ਨਿਰਭਉ*
ਪ੍ਰੋ.ਪ੍ਰੀ.ਸਿੰ. 78					
ਗਉੜੀ			1 ਵਾਰ		
ਮਾਝ	2	1	1	6	
ਸੋਰਠਿ	2				
ਧਨਾਸਰੀ				1	1
ਤਿਲੰਗ		1			
ਬਿਲਾਵਲ		1		1	
ਮਾਰੂ		1			
ਪੰ.ਯੂ.ਪ. 115715					
ਸ੍ਰੀਰਾਗੁ			1		
ਗੁ.ਨਾ.ਦੇ.ਯੂ. 1003					
ਬਿਲਾਵਲੁ				1	
ਮਾਝ	1	1		3	
ਤਿਲੰਗ		1			
ਗਉੜੀ	4				
ਜੈਤਸਰੀ	1				
ਬਿਹਾਗੜਾ	1				
ਬਸੰਤੁ ਹਿੰਡੋਲ		1			
ਗੂਜਰੀ		1			
ਧਨਾਸਰੀ					1
ਸਲੋਕ	4				
ਖਾ.ਕਾ.ਅੰ. 2306					
ਰਾਗੁ ਸੋਰਠਿ			1		

SikhBookClub.com

ਉੱਪਰਲੀਆਂ ਕਿਰਤਾਂ ਵਿਚ ਹਰਿ ਜੀ ਤੋਂ ਬਾਅਦ ਦੇ ਗੱਦੀਦਾਰਾਂ ਨੇ ਆਪਣੇ ਪੂਰਵਜ ਮਿਹਰਵਾਨ ਜਾਂ ਹਰਿ ਜੀ ਦੀ 'ਨਾਨਕ ਦਾਸ/ਦਾਸ ਨਾਨਕ' ਜਾਂ 'ਜਨ ਨਾਨਕ' ਕਵੀ-ਛਾਪ ਵਰਤੀ ਹੈ।

ਇਨ੍ਹਾਂ ਰਚਨਾਵਾਂ ਦਾ ਪਾਠ ਅਸੀਂ ਇਸ ਪੁਸਤਕ-ਲੜੀ ਦੀ ਇਕ ਅਗਲੀ ਜਿਲਦ ਵਿਚ ਪੇਸ਼ ਕੀਤਾ ਹੈ।

ਛੋਟੇ ਮੇਲ ਦੀਆਂ ਹੋਰ ਸੋਢੀ ਸ਼ਾਖ਼ਾਂ

ਹੁਣ ਤਕ ਅਸੀਂ ਸੋਢੀ ਮਿਹਰਵਾਨ ਦੇ ਬੇਟੇ ਸੋਢੀ ਹਰਿ ਜੀ ਦੇ ਖ਼ਾਨਦਾਨ ਦੀ ਚਰਚਾ ਕੀਤੀ ਹੈ। ਮਿਹਰਵਾਨ ਦੇ ਭਰਾਵਾਂ, ਜਿਵੇਂ ਚੰਦ ਸੈਨ (ਮੋਗਾ, ਚੁਗਾਵਾਂ, ਸੋਢੀ ਵਾਲਾ), ਉਨ੍ਹਾਂ ਦੇ ਜੇਠੇ ਪੁੱਤਰ ਕਰਨ ਮੱਲ (ਬੁਤਾਲਾ, ਘਰਾਚੋਂ), ਤੀਜੇ ਪੁੱਤਰ ਚਤੁਰਭੁਜ (ਹਰਨਪੁਰ), ਆਦਿ ਦੇ ਬੰਸਾਂ ਦਾ ਕੋਈ ਵੇਰਵਾ ਨਹੀਂ ਦਿੱਤਾ। ਇਹ ਬੰਸ, ਜਿਨ੍ਹਾਂ ਨੇ ਕਈ ਹੋਰ ਖੇਤਰਾਂ ਵਿਚ ਕਾਫ਼ੀ ਨਾਮਣਾ ਖੱਟਿਆ ਹੈ, ਸਾਡੀ ਵਰਤਮਾਨ ਯੋਜਨਾ ਲਈ ਕੋਈ ਖ਼ਾਸ ਮਹੱਤਾ ਨਹੀਂ ਰੱਖਦੇ, ਕਿਉਂਕਿ ਇਨ੍ਹਾਂ ਦੇ ਕਿਸੇ ਸੋਢੀ ਮਹਾਂਪੁਰਸ਼ ਦੀ ਹਾਲਾਂ ਤਕ ਕੋਈ ਐਸੀ ਲਿਖਤ ਨਹੀਂ ਮਿਲੀ ਜੋ ਅਸੀਂ ਆਪਣੀ ਇਸ ਪੁਸਤਕ-ਲੜੀ ਵਿਚ ਪੇ ਸਕਦੇ।

ਉੱਪਰ, ਨਿਰੰਜਨ ਰਾਏ ਦੀ ਸ਼ਨਾਖ਼ਤ ਦੇ ਸਿਲਸਿਲੇ ਵਿਚ, ਸੋਢੀਆਂ ਦੀ ਘਰਾਚੋਂ ਸ਼ਾਖ ਦੇ ਮੋਢੀ, ਸੋਢੀ ਦੱਖਣੀ ਰਾਏ ਦਾ ਜ਼ਿਕਰ ਆ ਚੁੱਕਾ ਹੈ। ਹੁਣ ਅਸੀਂ ਇਸ ਸ਼ਾਖ਼ ਦਾ ਸੰਖੇਪ ਹਾਲ ਥੱਲੇ ਦੇਂਦੇ ਹਾਂ। ਆਸ ਹੈ ਸਾਡੇ ਪਾਠਕਾਂ ਲਈ ਇਹ ਦਿਲਚਸਪੀ ਤੋਂ ਖ਼ਾਲੀ ਨਹੀਂ ਹੋਵੇਗਾ।

ਘਰਾਚੋਂ ਸ਼ਾਖ਼

ਘਰਾਚੋਂ ਸ਼ਾਖ਼ ਦਾ ਹਾਲ ਜਾਨਣ ਲਈ ਅਸੀਂ 10 ਅਕਤੂਬਰ, 2004 ਤੇ ਮੁੜ 14 ਨਵੰਬਰ, 2006 ਨੂੰ ਘਰਾਚੋਂ ਗਏ ਸਾਂ।[59] ਓਥੇ ਸਾਡੀ ਮੁਲਾਕਾਤ ਸੋਢੀ ਪਰਮਿੰਦਰ ਸਿੰਘ ਸਪੁੱਤਰ ਡਾ. ਕਰਨੈਲ ਸਿੰਘ ਸੋਢੀ ਨਾਲ ਹੋਈ। ਹੁਣ ਏਸ ਨਗਰ ਵਿਚ ਸੋਢੀਆਂ ਦਾ ਇਕ ਧਰਮ-ਅਸਥਾਨ ਡੇਰਾ ਸਾਹਿਬ ਹੈ, ਜਿੱਥੇ ਬਾਬਾ ਦੱਖਣੀ ਰਾਇ, ਬਾਬਾ ਦੀਦਾਰ ਦਾਸ (ਨਿੰਮ ਵਾਲੇ), ਬਾਬਾ ਤਿਲੋਕ ਰਾਮ, ਆਦਿ ਦੀਆਂ ਸਮਾਧਾਂ ਹਨ। ਇਕ ਸਮਾਧ ਨਾਲ ਲੱਗੀ ਸਿਲ ਉੱਤੇ ਦੱਖਣੀ ਰਾਇ ਦੀ ਬੰਸਾਵਲੀ ਅੰਕਿਤ ਹੈ ਜੋ ਭਾਈ ਕਾਨ੍ਹ ਸਿੰਘ ਨਾਭਾ ਵਾਲੀ ਬੰਸਾਵਲੀ ਨਾਲ ਰਲਦੀ ਹੈ। ਇਹ ਬੰਸਾਵਲੀ, ਜੋ ਅਸੀਂ ਪਹਿਲਾਂ ਵੀ ਦੇ ਆਏ ਹਾਂ, ਸੋਢੀ ਹਜ਼ੂਰਾ ਸਿੰਘ (ਘਰਾਚੋਂ) ਦੀ ਪੁਸਤਕ *ਸੋਢੀ ਬੰਸ, ਘਰਾਚੋਂ-ਕਪਿਆਲ* (1997) ਵਿਚ ਇਉਂ ਦਰਜ ਹੈ :

---

59. ਐਸ ਵੇਲੇ ਘਰਾਚੋਂ ਜ਼ਿਲਾ ਸੰਗਰੂਰ ਵਿਚ ਘਰਾਚੋਂ (ਘੁਮਾਣਾ) ਜੱਟਾਂ ਦਾ ਇਕ ਤਗੜਾ ਪਿੰਡ ਹੈ, ਜੋ ਪਟਿਆਲਾ-ਸੁਨਾਮ ਰੋਡ ਉੱਤੇ ਭਵਾਨੀਗੜ੍ਹ ਤੋਂ ਕੋਈ 8 ਕੁ ਕਿ.ਮੀ. ਦੀ ਦੂਰੀ ਉੱਤੇ ਆਬਾਦ ਹੈ।

SikhBookClub.com

ਗੁਰੂ ਰਾਮ ਦਾਸ
|
ਪ੍ਰਿਥੀ ਚੰਦ ਜੀ
|
ਕਰਨ ਮੱਲ ਜੀ
|
ਸੋਹਨ ਦਾਸ ਜੀ
|
ਨਰਿੰਜਨ ਰਾਇ ਜੀ
|
ਦੱਖਣੀ ਰਾਇ ਜੀ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਘਰਾਚੋਂ ਵਾਲੇ ਬਾਬਾ ਦੱਖਣੀ ਰਾਇ ਇਕ ਵੱਡੇ ਪ੍ਰਤਾਪੀ ਤੇ ਕਰਨੀ ਵਾਲੇ ਮਹਾਂਪੁਰਸ਼ ਹੋਏ ਹਨ। ਰਿਆਸਤ ਪਟਿਆਲੇ ਨੇ ਇਨ੍ਹਾਂ ਨੂੰ ਪਿੰਡ ਕਪਿਆਲ ਅਤੇ ਬਟਰਿਆਨਾ (ਬਟੜਿਆਣਾ) ਜਗੀਰ ਵਿਚ ਦਿੱਤੇ ਹੋਏ ਸਨ।[60] ਮੌੜ ਮੰਡੀ ਵਿਚ ਵੀ ਇਨ੍ਹਾਂ ਨੂੰ ਕਾਫ਼ੀ ਜ਼ਮੀਨ ਮਿਲੀ ਹੋਈ ਸੀ ਜਿਸ ਦੀ ਮੁਆਫ਼ੀ ਘਰਾਚੋਂ-ਕਪਿਆਲ ਦੇ ਸੋਢੀਆਂ ਨੂੰ ਬੜੀ ਦੇਰ ਤਕ ਮਿਲਦੀ ਰਹੀ।

ਸੋਢੀ ਦੱਖਣੀ ਰਾਇ ਦੇ ਦੋ ਬੇਟੇ ਸਨ—ਨਾਨਕ ਬਖ਼ਸ਼ ਤੇ ਧਰਮ ਜੱਸ। ਨਾਨਕ ਬਖ਼ਸ਼ ਤੋਂ ਘਰਾਚੋਂ ਦੇ ਸੋਢੀ ਹਨ ਤੇ ਧਰਮ ਜੱਸ ਤੋਂ ਕਪਿਆਲ ਦੇ। ਪਿੰਡ ਕਪਿਆਲ ਘਰਾਚੋਂ ਤੋਂ ਕੋਈ 3 ਕਿ.ਮੀ. ਦੀ ਵਿੱਥ ਉੱਤੇ ਹੈ।

ਘਰਾਚੋਂ-ਕਪਿਆਲ ਦੇ ਸੋਢੀਆਂ ਵਿੱਚੋਂ ਬਾਬਾ ਦੀਦਾਰ ਦਾਸ ਨਿੰਮ ਵਾਲੇ, ਸੰਤ ਤ੍ਰਿਲੋਕ ਰਾਮ, ਸੰਤ ਗੁਲਾਬ ਦਾਸ ਉਦਾਸੀ ਸਾਧੂ ਬੜੇ ਪ੍ਰਤਾਪੀ ਮਹਾਂਪੁਰਸ਼ ਹੋਏ ਹਨ। ਬਾਬਾ ਦੀਦਾਰ ਦਾਸ ਨਿੰਮ ਵਾਲੇ ਬਾਬਾ ਨਾਨਕ ਬਖ਼ਸ਼ ਦੇ ਸੁਪੁੱਤਰ ਸਨ। ਸੰਤ ਤ੍ਰਿਲੋਕ ਰਾਮ ਜੀ, ਜੋ ਨਾਨਕ ਬਖ਼ਸ਼ ਜੀ ਦੇ ਪੋਤਰੇ ਸਨ, ਬੜੇ ਵਿਦਵਾਨ ਉਦਾਸੀ ਸਾਧੂ ਹੋਏ ਹਨ। *ਮਹਾਨ ਕੋਸ਼* ਅਨੁਸਾਰ (ਪੰ. 618) ਇਨ੍ਹਾਂ ਨੇ ਵਿੱਦਿਆ ਦਾ ਸਦਾ-ਵਰਤ ਲਾ ਰੱਖਿਆ ਸੀ। ਇਨ੍ਹਾਂ ਦੀ ਮੰਡਲੀ ਵਿਚ ਬਹੁਤ ਵਿਦਿਆਰਥੀ ਰਿਹਾ ਕਰਦੇ ਸਨ।

ਸੋਢੀ ਹਜ਼ੂਰਾ ਸਿੰਘ ਆਪਣੀ ਪੁਸਤਕ ਵਿਚ ਇਕ ਵਿਦਵਾਨ ਸੋਢੀ ਬਖ਼ਤਾਵਰ ਸਿੰਘ ਦਾ ਜ਼ਿਕਰ ਕਰਦੇ ਹਨ[61], ਜਿਨ੍ਹਾਂ ਨੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਫਰੀਦਕੋਟੀ ਟੀਕੇ ਦੀ ਤਿਆਰੀ ਵਿਚ ਯੋਗਦਾਨ ਪਾਇਆ ਸੀ।

60. *ਮਹਾਨ ਕੋਸ਼*, 1981, ਪੰ. 618.
61. ਸੋਢੀ ਹਜ਼ੂਰਾ ਸਿੰਘ ਘਰਾਚੋਂ, *ਸੋਢੀ ਬੰਸ ਘਰਾਚੋਂ-ਕਪਿਆਲ*, 1997, ਪੰ. 10.

SikhBookClub.com

ਬਾਬਾ ਦੱਖਣੀ ਰਾਇ ਦੀ ਬੰਸ

ਦੱਖਣੀ ਰਾਇ
[(ਬੁਤਾਲੇ ਤੋਂ ਘਰਾਚੋਂ) (ਦੇ. 1815)]

- ਨਾਨਕ ਬਖ਼ਸ਼ [(ਘਰਾਚੋਂ) (8 ਬੇਟੇ)]
  - ਦੀਦਾਰ ਦਾਸ (ਨਿੰਮ ਵਾਲੇ)
  - ਅਲਬੇਲ ਸਿੰਘ
    - ਸੰਤ ਤ੍ਰਿਲੋਕ ਰਾਮ
  - ਹਮੀਰ ਸਿੰਘ
    - ਬਹਾਦਰ ਸਿੰਘ
      - ਬਖ਼ਤਾਵਰ ਸਿੰਘ
  - ....
- ਧਰਮ ਜੱਸ (ਕਪਿਆਲ) (6 ਬੇਟੇ)
  - ਗੁਲਾਬ ਦਾਸ...

ਗਿਆਨੀ ਗਿਆਨ ਸਿੰਘ ਨੇ ਸੋਢੀ ਦੱਖਣੀ ਰਾਇ ਨੂੰ ਉਦਾਸੀ ਸੰਪ੍ਰਦਾਇ ਦੀ ਇਕ ਬਖ਼ਸ਼ਿਸ਼ ਦੇ ਮੋਢੀ ਗਿਣਿਆ ਹੈ।

> ਔਰ ਰਾਇ ਦੱਖਣੀ ਜੋ ਸੋਢੀ ਪਰਸਿੱਧ ਥੀਓ।
> ਤਾਂਕਿ ਬਖਸ਼ਸ਼ ਕੈ ਜੋ ਸਾਧ ਹੈਂ ਮਹਾਨੀਏ।
> ਨਗਰ ਘਰਾਚੋਂ ਅਰ ਢਿੱਲਵਾਂ ਵਗੈਰੇ ਮਾਂਹਿ।
> ਡੇਰੇ ਇਨ ਕੇਰੇ ਹੈਂ ਬਧੇਰੇ ਜਗ ਜਾਨੀਏ ॥੨੫॥[62]

ਭਾਈ ਰਣਧੀਰ ਸਿੰਘ, ਰੀਸਰਚ ਸਕਾਲਰ, *ਗੁਰੂ ਉਦਾਸੀਨ ਮਤ ਦਰਪਨ* ਦਾ ਹਵਾਲਾ ਦੇ ਕੇ ਦੱਸਦੇ ਹਨ ਕਿ ਬਾਬਾ ਦੱਖਣੀ ਰਾਇ ਤੋਂ ਅੱਗੇ ਬਾਬਾ ਚਰਨ ਦਾਸ, ਨਾਨਕ ਬਖ਼ਸ਼ ਜੀ ਤੇ ਬਾਬਾ ਬਿਸ਼ਨ ਸਰੂਪ ਜੀ ਇਸ ਗੱਦੀ ਦੇ ਵਾਰਿਸ ਹੋਏ। ਬਾਬਾ ਬਿਸ਼ਨ ਸਰੂਪ ਜੀ ਬੜੇ ਜਥੇ ਤੇ ਤੇਜ-ਪ੍ਰਤਾਪ ਵਾਲੇ ਅਰੁ ਸਿੱਖ ਧਰਮ ਦੇ ਗੜਗੱਜ ਪ੍ਰਚਾਰਕ ਸਨ। ਬਾਬਾ ਜੀ ਤੋਂ ਬਾਅਦ ਬਾਬਾ ਬੁੱਧੀ ਪ੍ਰਕਾਸ਼ ਜੀ ਇਸ ਸ਼੍ਰੇਣੀ ਦੇ ਗੱਦੀ ਨਸ਼ੀਨ ਹੋਏ, ਜੋ ਚੰਗੇ ਬੁੱਧੀਵਾਨ ਤੇ ਨੀਤੀਵੇਤਾ ਗੁਰਮੁਖ ਸਨ। ਉਨ੍ਹਾਂ ਤੋਂ ਬਾਅਦ ਬਾਬਾ ਸਰੂਪ ਦਾਸ ਜੀ (ਦੇ. 1922 ਈ.) ਗੱਦੀ ਉੱਤੇ ਬਿਰਾਜੇ। ਆਪ ਭੀ ਸੰਸਕ੍ਰਿਤ ਵਿੱਦਿਆ ਦੇ ਪੰਡਿਤ, ਸ਼ਾਸਤ੍ਰੱਗਜ ਤੇ ਗੁਰਮਤਿ ਦੇ ਪ੍ਰਸਿੱਧ ਗਿਆਨੀ ਸਨ।[63]

ਛੋਟੇ ਮੇਲ ਦੀ ਇਹ ਘਰਾਚੋਂ ਸ਼ਾਖ਼ ਜਿਹੜੀ ਮਿਹਰਵਾਨ-ਬਿਰਛ ਤੋਂ ਫੁੱਟੀ, ਸਮਾਂ ਪਾ ਕੇ ਉਦਾਸੀ ਸੰਪ੍ਰਦਾਇ ਵਿਚ ਅਭੇਦ ਹੋ ਗਈ।

ਪਰ ਘਰਾਚੋਂ-ਕਪਿਆਲ ਦੇ ਅੱਜ-ਕੱਲ੍ਹ ਦੇ ਸੋਢੀ ਉਦਾਸੀ ਨਹੀਂ ਹਨ। ਉਹ ਹਰ ਦੀਵਾਲੀ ਆਪਣੇ ਬਜ਼ੁਰਗਾਂ ਦੀ ਯਾਦ ਵਿਚ ਡੇਰਾ ਸਾਹਿਬ ਘਰਾਚੋਂ ਦੇ ਅਸਥਾਨ ਉੱਤੇ ਇਕੱਠੇ ਹੋ ਕੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਦਾ ਅਖੰਡ ਪਾਠ ਤੇ ਕੀਰਤਨ ਕਰਵਾਉਂਦੇ ਹਨ।

---
62. *ਪੰਥ ਪ੍ਰਕਾਸ਼*, 1987, ਪੰ. 1281.
63. *ਉਦਾਸੀ ਸਿੱਖਾਂ ਦੀ ਵਿਥਿਆ*, 1959, ਪੰ. 492-493.

SikhBookClub.com

6

ਕੇਸ਼ੋ ਦਾਸ

ਕੇਸ਼ੋ ਦਾਸ ਛੋਟੇ ਮੇਲ ਦਾ ਇਕ ਉੱਘਾ ਲਿਖਾਰੀ, ਸੰਪਾਦਕ ਤੇ ਕਵੀ ਹੋਇਆ ਹੈ। ਉਸ ਦੇ ਜੀਵਨ ਬਾਰੇ ਜ਼ਿਆਦਾ ਜਾਣਕਾਰੀ ਤਾਂ ਨਹੀਂ ਮਿਲਦੀ, ਪਰ ਕੁੱਝ ਕੁ ਸੰਕੇਤ ਉਸ ਦੀਆਂ ਆਪਣੀਆਂ ਜਾਂ ਹੋਰ ਲਿਖਤਾਂ ਵਿੱਚੋਂ ਮਿਲ ਜਾਂਦੇ ਹਨ। ਇਨ੍ਹਾਂ ਲਿਖਤਾਂ ਮੁਤਾਬਕ, ਉਹ ਬ੍ਰਾਹਮਣ ਖ਼ਾਨਦਾਨ ਵਿੱਚੋਂ ਸੀ। ਉਸ ਨੇ ਸਤਾਰ੍ਹਵੀਂ ਸਦੀ ਈਸਵੀ ਵਿਚ ਆਪਣਾ ਬਹੁਤਾ ਸਮਾਂ ਸੋਢੀ ਮਿਹਰਵਾਨ ਤੇ ਹਰਿ ਜੀ ਦੀ ਸੇਵਾ ਵਿਚ, ਨੰਗਲ ਸ਼ਹਿਰ (ਪੰਜਾਬ, ਭਾਰਤ), ਮੁਹੰਮਦੀਪੁਰ (ਜ਼ਿਲਾ ਕਸੂਰ, ਤਹਿਸੀਲ ਚੂਨੀਆਂ, ਪਾਕਿਸਤਾਨ), ਤੇ ਕੋਠਾ ਗੁਰੂ (ਜੰਗਲ ਦੇਸ, ਮਾਲਵਾ), ਆਦਿ ਵਿਚ ਬਤੀਤ ਕੀਤਾ ਪ੍ਰਤੀਤ ਹੁੰਦਾ ਹੈ।

ਗੋਸ਼ਟਾਂ ਮਿਹਰਬਾਨ ਜੀ ਕੀਆਂ ਕ੍ਰਿਤ ਸੋਢੀ ਹਰਿ ਜੀ ਵਿਚ ਕਈ ਵਾਰ ਕੇਸ਼ੋ ਦਾਸ ਦਾ ਜ਼ਿਕਰ ਆਉਂਦਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਮਿਹਰਵਾਨ ਦੀਆਂ ਸਭ ਗੋਸ਼ਟਾਂ ਕੇਸ਼ੋ ਦਾਸ ਨੇ ਲਿਖੀਆਂ ਸਨ। ਇਨ੍ਹਾਂ ਗੋਸ਼ਟਾਂ ਦਾ ਆਰੰਭ ਨੰਗਲ ਸ਼ਹਿਰ ਵਿਚ ਹੋਇਆ। ਸਭ ਤੋਂ ਪਹਿਲਾਂ ਭਗਤ ਕਬੀਰ ਦੀਆਂ ਗੋਸ਼ਟਾਂ ਹੋਈਆਂ, ਫੇਰ ਗੁਰੂ ਸਾਹਿਬ ਦੇ ਜਿਉਂਦਿਆਂ, ਸਭ ਗੁਰੂਆਂ ਤੇ ਭਗਤਾਂ ਦੀਆਂ। *ਗੋਸ਼ਟਾਂ ਮਿਹਰਬਾਨ ਜੀ ਕੀਆਂ* ਵਿਚ ਇਸ ਬਾਰੇ ਇਹ ਟੂਕਾਂ ਮਿਲਦੀਆਂ ਹਨ:

> ਅਰੁ [ਮਿਹਰਵਾਨ ਜੀ] ਗੋਸਟਿ ਪੜੀਅਹਿ ਅਰੁ ਸਾਥੇ ਹੀ ਸਵਾਰੀਅਹਿ ਅਰੁ ਸਭਨਾ ਗੁਰਾ ਕੀਆ ਗੋਸਟੀ ਅਰੁ ਸਭਨਾ ਭਗਤਾ ਕੀਆ ਗੋਸਟੀ ਗੁਰੂ ਸਾਹਿਬ ਸਲਾਮਤੀ ਹੋਦੇ ਹੀ ਹੋਈਆ ਥੀਆ। ਨੰਗਲ ਸਹਰਿ ਸਾਡੇ ਕੇ ਧਉਲੇ ਵਿਚਿ ਚਉਬਾਰੇ ਉਪਰਿ ਗੋਸਟੀ ਕਾ ਆਰੰਭ ਹੋਇਆ ਥਾ। ਤਬ ਆਦਿ ਹੀ ਕੰਬੀਰ ਗੁਸਾਂਈ ਕੀਆਂ ਗੋਸਟਾ ਭਈਆ ਥੀਆ।[1]

> ਤਬ ਸ੍ਰੀ ਸਤਿਗੁਰੂ ਜੀ [ਮਿਹਰਵਾਨ] ਕਹਿਆ ਜਿ ਹਰਿ ਜੀ ਤੂੰ ਕੇਸੋਦਾਸ ਨੂੰ ਪੁਛੁ ਤੁਧ ਸਭ ਗੋਸਟਾ ਲਿਖੀਆਂ ਹੈਨਿ, ਏਸੁ ਅਖਰ ਦਾ ਅਰਥੁ ਕਿਉ ਕਰਿ ਹੈ। ਤਬ ਕੇਸੋ ਦਾਸ ਖਲੇ ਹੋਇ ਕਰਿ ਦੋਨੋ (ਹਥਿ) ਜੋੜਿ ਕਰਿ ਬੇਨਤੀ ਕਰੀ ਜੇ ਬਲਿਹਾਰਿ ਜਾਉ ਗੁਰਦੇਵ ਜੀ, ਮੇਰੇ ਤਾਈ ਚਿਤਿ ਨਾਹੀ ਰਹਿਆ।[2]

ਮਿਹਰਵਾਨ ਦੇ ਨਾਂ ਨਾਲ, ਜਿਵੇਂ ਅਸੀਂ ਹਥਲੀ ਪੁਸਤਕ ਦੇ ਕਾਂਡ ਨੰ. 3 ਵਿਚ ਵੇਖ ਆਏ ਹਾਂ, ਗੁਰੂ ਸਾਹਿਬਾਨ, ਭਗਤਾਂ, ਮੁਸਲਮਾਨ ਪੀਰਾਂ ਫ਼ਕੀਰਾਂ ਤੇ ਜੋਗੀਆਂ

---

1. *ਗੋਸ਼ਟਾਂ ਮਿਹਰਬਾਨ ਜੀ ਕੀਆਂ*, ਕ੍ਰਿਸ਼ਣਾ ਕੁਮਾਰੀ ਬਾਂਸਲ (ਸੰਪਾ.), 1977, ਗੋਸਟਿ ਨੰ. 42, ਪੰ. 234.
2. ਉਹੀ, ਗੋਸਟਿ ਨੰ. 43, ਪੰ. 239.

SikhBookClub.com

ਦੀਆਂ ਗੋਸ਼ਟਾਂ ਜੁੜੀਆਂ ਹੋਈਆਂ ਹਨ। ਪਰ ਸਿਵਾਏ *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ* ਦੀਆਂ ਪਹਿਲੀਆਂ ਤਿੰਨ ਪ੍ਰਾਪਤ ਪੋਥੀਆਂ ਵਿੱਚੋਂ ਦੋ ਪੋਥੀਆਂ—'ਪੋਥੀ ਹਰਿ ਜੀ' ਤੇ 'ਪੋਥੀ ਚਤਰਭੋਜ' ਦੇ, ਹੋਰ ਕਿਤੇ ਵੀ ਸਪਸ਼ਟ ਤੌਰ ਉੱਤੇ ਲਿਖਿਆ ਨਹੀਂ ਮਿਲਦਾ ਕਿ ਇਹ ਗੋਸ਼ਟਾਂ ਕੇਸ਼ੋ ਦਾਸ ਨੇ ਲਿਖੀਆਂ ਸਨ।

'ਪੋਥੀ ਹਰਿ ਜੀ' ਦੀ ਪੁਸ਼ਪਿਕਾ ਤੋਂ ਸੂਚਨਾ ਮਿਲਦੀ ਹੈ ਕਿ ਇਹ ਪੋਥੀ ਕੇਸ਼ੋ ਦਾਸ ਬ੍ਰਾਹਮਣ ਨੇ ਸੰਨ 1650 ਈ. ਵਿਚ ਲਿਖੀ ਸੀ :

> ...ਸੰਮਤਿ ੧੭੦੭ ਭਾਦ੍ਵ ਵਦੀ॥੭॥ ਆਇਤਵਾਰ ਮਹਮਦੀਪੁਰ ਹਰਿ ਜੀ ਪੋਥੀ ਸੰਪੂਰਨ ਹੋਈ॥ ਗੋਸਟੀ ੬੧॥ ਭਾਈ ਕੇਸੋ ਦਾਸ ਬ੍ਰਹਮਨ ਦੀ ਅਖਰੀ ਲਿਖੀ॥ ਗੁਰੂ ਮਨਸਾ ਪੂਰੀ ਕੀਤੀ॥[3]

ਇਸੇ ਤਰ੍ਹਾਂ 'ਪੋਥੀ ਚਤਰਭੋਜ' ਦੀ ਪੁਸ਼ਪਿਕਾ ਵਿਚ ਲਿਖਿਆ ਹੈ ਕਿ ਇਹ ਪੋਥੀ ਕੇਸ਼ੋ ਦਾਸ ਬ੍ਰਾਹਮਣ ਨੇ 1651 ਈ. ਵਿਚ ਲਿਖੀ :

> ੧ਓ॥ ਸਤਿਗੁਰੂ ਪਰਸਾਦਿ॥ ਸੰਬਤ ੧੭੦੮॥ ਵੈਸਾਖ ਵਦੀ ਏਕਮ ੧ ਨੂੰ ਚਤ੍ਰਭੋਜ ਪੋਥੀ ਪੂਰੀ ਹੋਈ ਵਚਨਿ ਸ੍ਰੀ ਗੁਰੂ ਮਿਹਰਵਾਨ ਦੇ, ਲਿਖਾਈ **ਹਰਿ** ਜੀ, ਲਿਖੀ ਭਾਈ ਕੇਸੋ ਦਾਸ ਬਰਹਮਨੁ ਸੇਵਕ ਗੁਰੂ ਦਾ ਪੂਰੀ ਹੋਈ।[4]

ਏਹੋ ਜੇਹੀ ਕੋਈ ਸੂਚਨਾ 'ਸਚਖੰਡ ਪੋਥੀ' ਵਿਚ ਵੇਖਣ ਵਿਚ ਨਹੀਂ ਆਈ, ਪਰ ਇਸ ਪੋਥੀ ਦੇ ਆਰੰਭ ਵਿਚ ਲਿਖਿਆ ਹੈ :

> ...ਸਚਖੰਡੁ ਪੋਥੀ ਲਿਖਣੇ ਕਾ ਅਰੰਭ ਭਇਆ॥ ਸ੍ਰੀ ਸਤਿਗੁਰੂ ਬਾਬੇ ਨਾਨਕ ਜੀ ਕਾ ਸੇਵਕੁ ਮਿਹਰਵਾਨੁ ਜੀ ਪੋਥੀ ਲਿਖੀ ਲਿਖਾਈ।[5]

ਇਹ ਟੂਕ ਲੇਖਕ ਦੀ ਨਹੀਂ ਬਲਕਿ ਕਿਸੇ ਸੰਪਾਦਕ ਜਾਂ ਲਿਖਾਰੀ ਦੀ ਲਿਖੀ ਲੱਗਦੀ ਹੈ, ਜੋ ਗ਼ਾਲਿਬਨ ਕੇਸ਼ੋ ਦਾਸ ਹੀ ਸੀ।

ਮਿਹਰਵਾਨ ਵਾਲੀ *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ* ਛੇ ਪੋਥੀਆਂ ਵਿਚ ਵੰਡੀ ਹੋਈ ਸੀ।[6] ਇਸ ਦੀਆਂ ਪਿਛਲੀਆਂ ਤਿੰਨ ਪੋਥੀਆਂ—ਪੋਥੀ ਕੇਸੋ ਰਾਇ, ਪੋਥੀ ਅਭੈ ਪਦ ਤੇ ਪੋਥੀ ਪ੍ਰੇਮ ਪਦ ਜਾਂ ਪਰਮਤਤ, ਅਜੇ ਨਹੀਂ ਲੱਭੀਆਂ। ਹੋ ਸਕਦਾ ਹੈ ਕਿ ਇਨ੍ਹਾਂ ਦਾ ਲਿਖਾਰੀ ਵੀ ਕੇਸ਼ੋ ਦਾਸ ਹੋਵੇ ਪਰ ਜਿੰਨਾ ਚਿਰ ਇਨ੍ਹਾਂ ਪੋਥੀਆਂ ਦਾ ਮੁਤਾਲਿਆ ਨਾ ਕੀਤਾ ਜਾਏ, ਇਨ੍ਹਾਂ ਦੇ ਰਚਿਆਰ ਤੇ ਲਿਖਾਰੀ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ।

---

3. ਕਿਰਪਾਲ ਸਿੰਘ ਤੇ ਪ੍ਰਕਾਸ਼ ਸਿੰਘ (ਸੰਪਾ.), *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਸੰਚੀ ਦੂਜੀ, 1969, ਪੰ. 357.
4. ਪੰ.ਪ੍ਰੀ.ਸਿੰ. ਹ.ਲਿ. 235, ਮਿਤੀ 1776 ਈ., ਪੱਤਰਾ 435 ਅ। *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਸੰਚੀ ਦੂਜੀ, ਦਾ ਆਧਾਰ ਖਾ.ਕਾ.ਅੰ. ਹ.ਲਿ. SHR 427 ਹੈ। ਇਸ ਦੀ ਪੁਸ਼ਪਿਕਾ ਤੇ ਪੰ.ਪ੍ਰੀ.ਸਿੰ. ਹ.ਲਿ. 235 ਦੀ ਪੁਸ਼ਪਿਕਾ ਵਿਚ ਸਿਰਫ਼ ਇਕ ਲਫ਼ਜ਼ ਦਾ ਫ਼ਰਕ ਹੈ, ਉਹ ਹੈ 'ਹਰਿ', ਜੋ SHR 427 ਵਿਚ ਨਹੀਂ ਹੈ। ਇਸ ਦੇ ਜੋੜਨ ਨਾਲ ਸਾਰਾ ਵਾਕ "ਵਚਨਿ ਸ੍ਰੀ ਗੁਰੂ ਮਿਹਰਵਾਨ ਦੇ, ਲਿਖਾਈ **ਹਰਿ** ਜੀ, ਲਿਖੀ ਭਾਈ ਕੇਸੋ ਦਾਸ..." ਸਪਸ਼ਟ ਹੋ ਜਾਂਦਾ ਹੈ।
5. ਕਿਰਪਾਲ ਸਿੰਘ ਤੇ ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਸੰਚੀ ਪਹਿਲੀ, 1962, ਪੰ. 1.
6. *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਸੰਚੀ ਪਹਿਲੀ, ਪੰ. 519 ਅਤੇ ਪੰ.ਪ੍ਰੀ.ਸਿੰ. ਹ.ਲਿ. 235, ਮਿਤੀ 1776 ਈ. ਦਾ ਆਰੰਭ।

SikhBookClub.com

ਅਸੀਂ ਇਹ ਮੰਨਣ ਨੂੰ ਤਿਆਰ ਨਹੀਂ ਕਿ ਮਿਹਰਵਾਨ ਨੇ ਆਪਣੇ ਹੱਥੀਂ ਕੁੱਝ ਨਾ ਲਿਖਿਆ ਹੋਵੇ, ਪਰ ਜਿੱਥੋਂ ਤਕ ਗੋਸ਼ਟਾਂ ਦਾ ਤਅੱਲੁਕ ਹੈ, ਇੰਜ ਪ੍ਰਤੀਤ ਹੁੰਦਾ ਹੈ ਕਿ ਕੇਸ਼ੋ ਦਾਸ ਜਾਂ ਸੁੰਦਰ ਦਾਸ ਵਰਗੇ ਸ਼ਰਧਾਲੂ ਲਿਖਾਰੀ ਮਿਹਰਵਾਨ ਦੇ ਬਚਨ, ਸਟੈਨੋਗ੍ਰਾਫ਼ਰ ਦੀ ਨਿਆਈਂ, ਨਿਰੰਤਰ ਲਿਖੀ ਜਾਇਆ ਕਰਦੇ ਸਨ ਤੇ ਬਾਅਦ ਵਿਚ, ਆਪ ਜਾਂ ਹਰਿ ਜੀ ਦੀ ਨਿਗਰਾਨੀ ਹੇਠ, ਇਨ੍ਹਾਂ ਬਚਨਾਂ ਨੂੰ ਤਰਤੀਬ ਦੇ ਕੇ ਤੇ ਮਿਹਰਵਾਨ ਦੇ ਸਲੋਕਾਂ ਨਾਲ ਜੜ ਕੇ ਅੰਤਮ ਲਿਖਤੀ ਰੂਪ ਦੇਂਦੇ ਸਨ। ਇਸ ਤਰ੍ਹਾਂ ਇਕ ਨਵੇਕਲੀ ਸ਼ੈਲੀ ਵਾਲੀ ਵਿਆਖਿਆ ਪ੍ਰਣਾਲੀ ਦਾ ਮੁੱਢ ਬੱਝਾ, ਜਿਸ ਨੂੰ ਅਸੀਂ ਪਰਮਾਰਥ ਸ਼ੈਲੀ ਕਹਿ ਸਕਦੇ ਹਾਂ।

ਉੱਪਰ ਜ਼ਿਕਰ ਆਇਆ ਹੈ ਕਿ "...ਸਭਨਾ ਗੁਰਾ ਕੀਆ ਗੋਸਟ੍ਰੀ ਅਰੁ ਸਭਨਾ ਭਗਤਾ ਕੀਆ ਗੋਸਟ੍ਰੀ ਗੁਰੂ ਸਾਹਿਬ ਸਲਾਮਤੀ ਹੋਦੇ ਹੀ ਹੋਈਆ ਥੀਆ। ਨੰਗਲ ਸਹਿਰ ਸਾਡੇ ਕੇ ਧਉਲੇ[7] ਵਿਚਿ ਚਉਬਾਰੇ ਉਪਰਿ ਗੋਸਟ੍ਰੀ ਕਾ ਆਰੰਭ ਹੋਇਆ ਥਾ।" ਸਾਡੇ ਖ਼ਿਆਲ ਵਿਚ ਇਸ ਟੂਕ ਦਾ ਮਤਲਬ ਹੈ ਕਿ ਮਿਹਰਵਾਨ ਦੀਆਂ ਕੁੱਝ ਮੁਢਲੀਆਂ ਗੋਸ਼ਟਾਂ, ਜਿਵੇਂ ਗੋਸ਼ਟਾਂ ਭਗਤ ਕਬੀਰ, ਨਾ ਕਿ ਸਾਰੀਆਂ ਗੋਸ਼ਟਾਂ, ਗੁਰੂ ਸਾਹਿਬ (ਪਿਰਥੀ ਚੰਦ) ਦੇ ਦੇਹਾਂਤ (1619 ਈ.) ਤੋਂ ਪਹਿਲਾਂ ਨੰਗਲ ਨਾਮ ਦੇ ਸ਼ਹਿਰ ਵਿਚ ਰਚੀਆਂ ਗਈਆਂ ਸਨ। ਇਹ ਸੰਭਵ ਨਹੀਂ ਕਿ ਮਿਹਰਵਾਨ ਦੀਆਂ ਸਭ ਗੋਸ਼ਟਾਂ 1619 ਈ. ਤੋਂ ਪਹਿਲਾਂ ਰਚੀਆਂ ਜਾ ਚੁੱਕੀਆਂ ਹੋਣ ਤੇ ਉਨ੍ਹਾਂ ਨੇ ਆਪਣੇ ਅਖ਼ੀਰਲੇ ਸਮੇਂ (1640 ਈ.) ਤਕ, ਭਾਵ ਅਗਲੇ 21 ਸਾਲਾਂ ਵਿਚ, ਕੋਈ ਹੋਰ ਗੋਸ਼ਟ ਨਾ ਰਚੀ ਹੋਵੇ।

ਨੰਗਲ ਸ਼ਹਿਰ ਜਿਸ ਦੀ ਕਿਸੇ ਵੱਡੀ ਹਵੇਲੀ ਦੇ ਚੁਬਾਰੇ ਵਿਚ ਬੈਠ ਕੇ ਕੇਸ਼ੋ ਦਾਸ ਨੇ ਮਿਹਰਵਾਨ ਮੁਖਵਾਕ ਗੋਸ਼ਟਾਂ ਲਿਖੀਆਂ ਹੋਣਗੀਆਂ, ਕਿੱਥੇ ਹੈ, ਇਹ ਪਤਾ ਕਰਨ ਵਿਚ ਕਾਫ਼ੀ ਮੁਸ਼ਕਲ ਆ ਰਹੀ ਹੈ। ਪੰਜਾਬ ਵਿਚ ਨੰਗਲ ਨਾਂ ਦਾ ਇਕ ਨਹੀਂ ਅਨੇਕ ਪਿੰਡ ਹਨ। ਕਈਆਂ ਦਾ ਨਾਂ ਕੇਵਲ 'ਨੰਗਲ' ਹੈ, ਕਈਆਂ ਦੇ ਅੱਗੇ ਨੰਗਲ ਲੱਗਾ ਹੋਇਆ ਹੈ (ਜਿਵੇਂ ਨੰਗਲ ਗੁਰੂ) ਤੇ ਕਈਆਂ ਦੇ ਪਿੱਛੇ (ਜਿਵੇਂ ਉਮਰਾ ਨੰਗਲ)। ਅੱਜ ਦੇ ਅੰਮ੍ਰਿਤਸਰ ਜ਼ਿਲੇ ਵਿਚ ਹੀ ਨੰਗਲ ਨਾਂ ਦੇ 25 ਪਿੰਡ ਹਨ, ਜਿਨ੍ਹਾਂ ਵਿੱਚੋਂ 18 ਦਾ ਪਿਛੇਤਰ ਨੰਗਲ ਹੈ ਤੇ 7 ਦਾ ਅਗੇਤਰ ਨੰਗਲ।[8] ਇਨ੍ਹਾਂ ਵਿੱਚੋਂ ਕਿਹੜੇ

---

7. "ਨੰਗਲ ਸਹਿਰ ਸਾਡੇ ਕੇ ਧਉਲੇ" ਦਾ ਅੱਖਰ "ਕੇ" ਕ੍ਰਿਸ਼ਣਾ ਕੁਮਾਰੀ ਬਾਂਸਲ ਦੀ ਨਿਜੀ ਹੱਥ-ਲਿਖਤ ਪੋਥੀ (ਮਿਤੀ 1740 ਈ.) ਵਿਚ, ਜੋ ਉਨ੍ਹਾਂ ਦੀ ਸੰਪਾਦਿਤ ਪੁਸਤਕ *ਗੋਸ਼ਟਾਂ ਮਿਹਰਬਾਨ ਜੀ ਕੀਆਂ* ਦੀ ਆਧਾਰ ਪੋਥੀ ਹੈ, ਮੌਜੂਦ ਹੈ, ਪਰ ਇਹ ਸਿ.ਰੈ.ਲਾ., ਹ.ਲਿ. 3510 (1779 ਈ.), ਤੇ ਗੁ.ਨਾ.ਦੇ.ਯੂ. ਹ.ਲਿ. 996 (1818 ਈ.) ਵਿਚ ਲੋਪ ਹੈ। ਇਨ੍ਹਾਂ ਦੋਨਾਂ ਹੱਥ-ਲਿਖਤਾਂ ਵਿਚ ਕੇਵਲ "ਨੰਗਲ ਸਹਿਰ/ਸਹਰੁ ਸਾਡੇ ਧਉਲੇ" ਲਿਖਿਆ ਹੈ। ਲਫ਼ਜ਼ "ਧਉਲੇ", "ਧਉਲਹਰ/ਧਉਲਰ" ਤੋਂ ਬਣਿਆ ਲੱਗਦਾ ਹੈ, ਜਿਸ ਦਾ ਮਤਲਬ ਹੈ ਸ਼ਾਹੀ ਮਕਾਨ।

8. ਇਨ੍ਹਾਂ 25 ਪਿੰਡਾਂ ਦੇ ਨਾਂ ਹਨ : ਗੋਰੇ ਨੰਗਲ, ਮੱਤੇ ਨੰਗਲ, ਸੰਤੂ ਨੰਗਲ, ਪਠਾਣ ਨੰਗਲ, ਮੱਲੂ ਨੰਗਲ, ਮਾਛੀ ਨੰਗਲ, ਲਸ਼ਕਰੀ ਨੰਗਲ, ਉਧੋ ਨੰਗਲ, ਝਾੜੂ ਨੰਗਲ, ਮਲਕ ਨੰਗਲ, ਕੱਥੂ ਨੰਗਲ, ਕੈਰੋਂ ਨੰਗਲ, ਜੇਠੂ ਨੰਗਲ, ਢਿੰਗ ਨੰਗਲ, ਵਰਿਆਮ ਨੰਗਲ, ਉਮਰਾ ਨੰਗਲ, ਦੂਲੋ ਨੰਗਲ, ਬੂਲੇ ਨੰਗਲ (18)। ਨੰਗਲ ਅੰਬ, ਨੰਗਲ ਸੋਹਲ, ਨੰਗਲ ਵੰਜਾਂ ਵਾਲਾ, ਨੰਗਲ ਤੋਲਾ, ਨੰਗਲ ਗੁਰੂ, ਨੰਗਲ ਦਿਆਲ ਸਿੰਘ, ਨੰਗਲ ਪੰਨੂਆਂ (7)। ਇਹ ਸੂਚਨਾ *ਪੰਜਾਬ ਦੇ ਪਿੰਡ ਸ਼ਹਿਰ ਅਤੇ ਕਸਬੇ*, 2004, ਲੁਧਿਆਣਾ, ਅਮਰਜੀਤ ਡਾਇਰੈਕਟ੍ਰੀ ਪਬਲਿਸ਼ਿਗ ਕੰਪਨੀ, ਤੋਂ ਇਕੱਠੀ ਕੀਤੀ ਗਈ ਹੈ।

SikhBookClub.com

ਨੰਗਲ ਦੇ ਚੁਬਾਰੇ ਵਿਚ ਬੈਠ ਕੇ ਕੇਸ਼ੋ ਦਾਸ ਨੇ ਮਿਹਰਵਾਨ ਦੀਆਂ ਗੋਸ਼ਟਾਂ ਲਿਖੀਆਂ ਹੋਣਗੀਆਂ, ਇਹ ਕਹਿਣਾ ਮੁਸ਼ਕਲ ਹੈ। ਬਹੁਤੀ ਸੰਭਾਵਨਾ ਇਹ ਹੈ ਕਿ ਇਹ ਨੰਗਲ ਬਾਅਦ ਵਿਚ 'ਨੰਗਲ ਗੁਰੂ' ਦੇ ਨਾਂ ਨਾਲ ਪ੍ਰਸਿੱਧ ਹੋ ਗਿਆ ਸੀ।

ਨਰਿੰਦਰ ਕੌਰ ਭਾਟੀਆ ਨੇ ਆਪਣੀ ਪੁਸਤਕ *ਜਨਮਸਾਖੀ ਭਗਤ ਕਬੀਰ ਜੀ ਕੀ* ਵਿਚ ਇਹ ਸਿੱਟਾ ਕੱਢਿਆ ਹੈ ਕਿ ਭਗਤ ਕਬੀਰ ਜੀ ਦੀਆਂ ਗੋਸ਼ਟਾਂ ਦਾ ਸੰਕਲਣ-ਕਰਤਾ ਤੇ ਲਿਖਣ ਰੂਪ ਦੇਣ ਵਾਲਾ ਕੇਸ਼ੋ ਦਾਸ ਹੀ ਸੀ।[9] ਅਸੀਂ ਮਿਸਿਜ਼ ਭਾਟੀਆ ਨਾਲ ਸਹਿਮਤ ਹਾਂ। ਇਹ ਸਿੱਟਾ ਮਿਹਰਵਾਨ ਵਾਲੀ *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, *ਗੋਸ਼ਟਾਂ ਗੁਰੂ ਅਮਰ ਦਾਸ*, ਆਦਿ ਉੱਤੇ ਵੀ ਲਾਗੂ ਹੁੰਦਾ ਹੈ।

ਢਿੱਲਵਾਂ ਕਲਾਂ ਦੇ ਗੁਰਦੁਆਰਾ ਬਸਤਰ ਅਸਥਾਨ ਵਿਚ ਕੁਸ਼ਲ ਦਾਸ ਦੁਆਰਾ ਨਕਲ ਕੀਤੀ ਪੋਥੀ ਵਿਚ, ਜਿਸ ਦਾ ਨਾਂ 'ਪੋਥੀ ਮਿਹਰਬਾਨ' ਹੈ, ਪੱਤਰਾ 1-418 ਉੱਤੇ 'ਸੁਖਮਨੀ ਸਹੰਸਰਨਾਮਾ ਮਹਲਾ ੮ ਪਰਮਾਰਥ ਸਾਥ' ਪ੍ਰਾਪਤ ਹੈ। ਇਸ ਦੇ ਅਖ਼ੀਰਲੇ ਪੱਤਰੇ 418 ਅ ਉੱਤੇ ਇਹ ਸੂਚਨਾ ਹੈ: "ਆਦਿ ਪੋਥੀ ਕੇਸੋ ਦਾਸ ਅਖਰੀ ਤਿਸ ਉਪਰਹੁ ਲਿਖ ਸੰਪੂਰਨ ਕੀਆ।" ਭਾਵ ਇਸ ਸੁਖਮਨੀ ਸਹੰਸਰਨਾਮੇ ਦੀ ਆਦਿ ਪੋਥੀ ਦਾ ਲਿਖਾਰੀ ਕੇਸ਼ੋ ਦਾਸ ਸੀ। ਇਹ ਸਹੰਸਰਨਾਮਾ 1646 ਈ. ਵਿਚ ਰਚਿਆ ਗਿਆ। ਇਸ ਦੇ ਕਈ ਹੋਰ ਖਰੜੇ ਮਿਲਦੇ ਹਨ (ਵੇਖੋ, ਹਥਲੀ ਪੁਸਤਕ ਦਾ ਪੰ. 104), ਪਰ ਕਿਸੇ ਵਿਚ ਵੀ 'ਆਦਿ ਪੋਥੀ ਕੇਸੋ ਦਾਸ ਅਖਰੀ' ਵਾਲੀ ਸੂਚਨਾ ਨਜ਼ਰ ਨਹੀਂ ਆਈ।

ਕੇਸ਼ੋ ਦਾਸ ਬਤੌਰ ਕਵੀ

ਕੇਸ਼ੋ ਦਾਸ ਇਕ ਸੁੱਘੜ ਕਵੀ ਵੀ ਸੀ। ਉਸ ਨੇ ਸੋਢੀ ਪਿਰਥੀ ਚੰਦ, ਸੋਢੀ ਮਿਹਰਵਾਨ ਤੇ ਸੋਢੀ ਹਰਿ ਜੀ ਦੀ ਉਸਤਤ ਵਿਚ ਸਵੱਯੇ ਲਿਖੇ ਹਨ। ਹਰਿ ਜੀ ਨੇ *ਗੋਸ਼ਟਾਂ ਮਿਹਰਬਾਨ ਜੀ ਕੀਆਂ* ਵਿਚ ਲਿਖਿਆ ਹੈ ਕਿ ਗੁਰੂ ਮਿਹਰਵਾਨ ਇਨ੍ਹਾਂ ਸਵੱਯਾਂ ਦੀ ਤੁਲਨਾ 'ਕਲ' ਭੱਟ ਦੇ ਸਵੱਯਾਂ ਨਾਲ ਕਰਦੇ ਸਨ ਤੇ ਇਨ੍ਹਾਂ ਨੂੰ ਪੋਥੀਆਂ ਵਿਚ ਚਾੜ੍ਹਨੇ ਤੇ ਨਿਤ ਪੜ੍ਹਨੇ ਲਾਇਕ ਸਮਝਦੇ ਸਨ:

> ਤਬ ਸਤਿਗੁਰੁ [ਮਿਹਰਵਾਨ] ਕੇਸੋ ਦਾਸ ਕਉ ਕਹਿਆ ਜੇ ਤੂੰ ਸਵਯੈ ਪੜੁ। ਤਬ ਕੇਸੋ ਦਾਸਿ ਖਲੇ ਹੋਇ ਕਰਿ ਸਵਯੈ ਸਭ ਪੜੇ। ਤਬ ਸ੍ਰੀ ਸਤਿਗੁਰੂ ਮਿਹਰਵਾਨ ਜੀ ਬਹੁਤ ਕ੍ਰਿਪਾ ਨਾਥ ਭਏ। ਤਬ ਕੇਸੋ ਦਾਸ ਪੈਰੀਂ ਪਇਆ।...
>
> ...ਕਾਲੇ ਗੁਰੂ ਬਾਬੇ ਨਾਨਕ ਜੀ ਕੇ ਸਵਯੇ ਜੋ ਕੀਏ ਥੇ, ਸੋ ਬਹੁਤ ਉਸਤਤਿ ਕਰੀ ਥੀ। ਤਬ ਗੁਰੂ ਅਮਰਦਾਸਿ ਸੰਗਤੀ ਨੋ ਕਹਿਆ ਜੋ ਏਨਿ ਗੁਰੂ ਦੀ ਉਸਤਤਿ ਕਰਿ ਹੈ, ਸਾ ਸਭ ਸੰਗਤੀ ਪੋਥੀਆਂ ਉਪਰਿ ਚੜਾਇ ਲੇਹ। ਤਬ ਤਿਵ ਹੀ ਸਤਿਗੁਰੂ ਮਿਹਰਵਾਨ ਸੰਗਤੀ ਨੋ ਕਹਿਆ ਜਿ ਇਹੁ (ਜਿ) ਕੇਸੋਦਾਸਿ ਗੁਰੂ ਦੀ ਉਸਤਤਿ ਕਰੀ ਹੈ, ਸੋ ਸਭੁ ਪੋਥੀਆਂ ਉਤੇ ਲਿਖਿ ਲੇਹੁ ਅਰੁ ਨਿਤ ਪੜਨੇ ਤੁਮਾਰਾ ਭਲਾ ਹੋਇਗਾ।[10]

---

9. ਨਰਿੰਦਰ ਕੌਰ ਭਾਟੀਆ, *ਜਨਮਸਾਖੀ ਭਗਤ ਕਬੀਰ ਜੀ ਕੀ*, 1995, ਪੱਤਰਾ 51.
10. *ਗੋਸ਼ਟਾਂ ਮਿਹਰਬਾਨ ਜੀ ਕੀਆਂ*, ਕ੍ਰਿਸ਼ਣਾ ਕੁਮਾਰੀ ਬਾਂਸਲ (ਸੰਪਾ.), ਗੋਸ਼ਟਿ 43, ਪੰ. 242.

SikhBookClub.com

ਕੇਸ਼ੋ ਦਾਸ ਦੇ ਸਵੱਯੈ 'ਪੋਥੀ ਸਾਹਿਬ' ਤੇ ਪੋ੍.ਪ੍ਰੀ.ਸਿੰ. ਹ.ਲਿ. 78 ਵਿਚ ਪ੍ਰਾਪਤ ਹਨ।

(1) 'ਪੋਥੀ ਸਾਹਿਬ' (ਗੁ.ਨਾ.ਦੇ.ਯੂ. ਹ.ਲਿ. 598) ਵਿਚ ਕੇਸ਼ੋ ਦਾਸ ਰਚਿਤ 39 ਸਵੱਯੇ ਅਤੇ ਰਾਗੁ ਬਿਲਾਵਲ ਵਿਚ ਇਕ ਸ਼ਬਦ ਅੰਕਿਤ ਹੈ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਗੁ.ਨਾ.ਦੇ.ਯੂ. ਹ.ਲਿ. 598 ਵਿਚ ਕੇਸ਼ੋ ਦਾਸ ਦੀ ਰਚਨਾ

	ਪੱਤਰਾ	*ਗਿਣਤੀ ਛੰਦ*	*ਛੰਦ ਰੂਪ*
ਇਤਨੇ ਏਹਿ ਸਵੈਯੇ ਸਤਿਗੁਰੁ ਮਿਹਰਵਾਨ ਜੀ ਦੇ ਬਿਦਮਾਨ ਹੋਏ ਹਜੂਰਿ ਪੜ੍ਹੀ ਦੇ:			
ਉਸਤਤਿ ਸ੍ਰੀ ਗੁਰੂ ਸਾਹਿਬ ਜੀ ਕੀ	1ੳ-1ਅ	1	ਛਪੈ ਛੰਦ
ਉਸਤਤਿ ਗੁਰੂ ਮਿਹਰਵਾਨ ਪੂਰਨ ਪੁਰਖ ਕੀ	1ਅ-7ਅ	28	ਛਪੈ ਛੰਦ 5, ਕਬਿਤ 8, ਸਵੱਯੇ 3*, ਸਲੋਕ 10, ਚੌਪਈ 2
ਇਹੁ ਸਵੈਯਾ ਜਿਤ ਦਿਨ ਸ੍ਰੀ ਗੁਰਦਿਉ ਜੀ ਸਚਖੰਡ ਸਿਧਾਰੇ। ਅਤੈ ਕਲੇਵਰੁ ਦੇਹੁ ਜੁ ਛੋਡਿ ਚਲੇ ਥੇ ਤਿਸ ਨੋ ਦਾਗਣੇ ਕੇ ਸਮੇ ਏਹੁ ਸਵੈਯਾ ਗੁਰੂ ਆਪ ਭੇਜਿਆ:	7ਅ-8ੳ	1	ਛਪੈ ਛੰਦ
ਇਹੁ ਸਵੈਯਾ ਜਾ ਮਹਤਾ ਮੁਰਾਰਿ ਚਲਿਆ ਤਾ ਸ੍ਰੀ ਗੁਰੂ ਹਰਿ ਜੀ ਦੇ ਵਚਨ ਨਾਲਿ ਹੋਆ:	8ੳ-8ਅ	1	ਛਪੈ ਛੰਦ
ਇਹੁ ਉਸਤਤਿ ਸ੍ਰੀ ਗੁਰੂ ਹਰਿ ਜੀ ਕੀ। ਪ੍ਰਭ ਜੀ ਕੀ ਆਗਿਆ ਸਾਥਿ ਹੋਏ।	8ਅ-11ੳ	8	ਕਬਿਤ 6, ਛਪੈ ਛੰਦ 1, ਸਲੋਕ 1
ਉਸਤਤਿ ਗੁਰੂ ਮਿਹਰਵਾਨ ਜੀ ਕੀ	11ੳ-11ਅ	1	ਰਾਗੁ ਬਿਲਾਵਲੁ ਸ਼ਬਦ

*ਚੌਥਾ ਸਵੈਯਾ ਨੰ. 8 ਪੋਥੀ ਵਿਚ ਨਹੀਂ ਹੈ। ਇਹ ਕਬਿਤ ਵੀ ਹੋ ਸਕਦਾ ਹੈ।

ਹਰਿ ਜੀ ਦੀ ਉਸਤਤ ਵਿਚ ਰਚੇ ਦੋ ਸਵੱਯਾਂ ਬਾਰੇ ਕੇਸ਼ੋ ਦਾਸ ਨੇ ਇਹ ਵਿਸ਼ੇਸ਼ ਸੂਚਨਾ ਦਿੱਤੀ ਹੈ:

> (1) ਏਹੁ ਸਵੈਯਾ ਗੰਗਾ ਜਾਂਦੀ ਵਾਰੀ ਕੁਰਛੇਤ੍ਰ ਨੋ ਪ੍ਰਦੱਖਨਾ ਦੇ ਕੈ ਗੁਰੂ ਓਥੇ ਜਾਇ ਬੈਠਾ ਤਾ ਓਥੇ ਹੁਕਮ ਨਾਲਿ ਹੋਇਆ॥
>
> ਕਬਿਤ॥ *(ਗੁ.ਨਾ.ਦੇ.ਯੂ. ਹ.ਲਿ. 598, ਪੱਤਰਾ 11ੳ, ਅੰਕ 6)*

SikhBookClub.com

(2) ਇਹ ਸਵੈਯਾ ਗੰਗਾ ਹਰਿਦੁਆਰਿ ਉਪਰਿ ਹੋਇਆ॥

(ਗੁ.ਨਾ.ਦੇ.ਯੂ. ਹ.ਲਿ. 598, ਪੱਤਰਾ 11ਅ)

ਛਪੈ ਛੰਦ॥
ਸੋਲਾ ਸੈ (ਨਿ)ਙਨਵੈ ਚੇਤ ਸੁਦ ਸੁਭ ਆਠੌਂ ਥਿਤ।
ਮੇਖ ਰਾਸ ਕੋ (ਸੁਭ) ਕੁੰਭ ਕੋ ਸੁਰ ਗੁਰੁ ਹੈ ਜਿਤ।
ਕੇਸੋ ਪਰਮ ਪੁਨੀਤ ਪੁਰਬੁ (ਬੇਦਾਂ ?) ਮਹਿ ਗਾਯੋ।
ਸਿੱਖ ਸੰਗਤਿ ਪਰਵਾਰੁ ਸੰਗਿ ਗੰਗਾ (ਦੁਾਰ/ਤੀਰ ?) ਆਯੋ।
ਭਈ ਪਵਿੱਤ੍ਰ ਤਬ ਸੁਰਸਰੀ ਜਬ ਸਤਿਗੁਰੂ ਦੇ ਦਰਸੁ ਜਗਤ ਨਿਸਤਾਰਿਯੋ॥੭॥

ਦੂਜੇ ਸਵੱਯੇ (ਛਪੈ ਛੰਦ) ਵਿਚ ਮਿਤੀ, ਚੇਤ ਸੁਦੀ ਅੱਠ ਸੰਮਤ 1699 (1642 ਈ.) ਦਿੱਤੀ ਹੋਈ ਹੈ। ਓਦੋਂ ਕੁੰਭ ਦਾ ਮੇਲਾ ਸੀ। ਹੋ ਸਕਦਾ ਹੈ ਕਿ ਇਸ ਅਵਸਰ ਉੱਤੇ ਹਰਿ ਜੀ ਆਪਣੇ ਪਿਤਾ ਦੇ ਫੁੱਲ ਲੈ ਕੇ ਹਰਿਦੁਆਰ ਗਏ ਹੋਣ। ਮਿਹਰਵਾਨ ਦਾ ਦੇਹਾਂਤ ਮਾਘ ਦੀ ਬਸੰਤ ਪੰਚਮੀ, ਸੰਮਤ 1696 ਨੂੰ ਹੋਇਆ ਸੀ।

(2) ਪੰ.ਪੀ.ਸਿੰ. ਹ.ਲਿ. 78 ਵਿਚ ਕੇਸ਼ੋ ਦਾਸ ਦੇ 14 ਸਵੱਯੇ ਅੰਕਿਤ ਹਨ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

	ਪੱਤਰਾ	*ਗਿਣਤੀ ਛੰਦ*
ਸਵਈਏ ਮਹਲੇ ਛੇਵੇਂ ਕੇ	*526ਅ-527ੳ	1
ਸਵਈਏ ਮਹਲੇ ਸਤਵੇਂ ਕੇ	527ੳ-531ਅ	13

*ਖਰੜੇ ਵਿਚ ਏਥੇ ਗ਼ਲਤੀ ਨਾਲ 526 ਦੀ ਥਾਂ 523 ਅੰਕ ਦੁਬਾਰਾ ਲੱਗਾ ਹੋਇਆ ਹੈ।

ਹੱਥ-ਲਿਖਤ 78 ਵਿਚ ਇਨ੍ਹਾਂ ਛੰਦਾਂ ਦੇ ਨਾਂ ਨਹੀਂ ਦਿੱਤੇ ਹੋਏ, ਪਰ ਇਹ ਸਾਰੇ ਪੋਥੀ ਸਾਹਿਬ (ਗੁ.ਨਾ.ਦੇ.ਯੂ. ਹ.ਲਿ. 598) ਵਿਚ ਮੌਜੂਦ ਹਨ, ਕੋਈ ਨਵਾਂ ਨਹੀਂ ਹੈ।

ਅਸੀਂ ਕੇਸ਼ੋ ਦਾਸ ਦੇ ਸਾਰੇ ਸਵੱਯਾਂ ਦਾ ਪਾਠ ਆਪਣੀ ਪੁਸਤਕ-ਲੜੀ ਦੀ ਵੱਖਰੀ ਜਿਲਦ ਵਿਚ ਦੇ ਦਿੱਤਾ ਹੈ।

ਦੇਵਿੰਦਰ ਸਿੰਘ ਵਿਦਿਆਰਥੀ ਨੇ ਆਪਣੀ ਪੁਸਤਕ *ਸ੍ਰੀ ਗੁਰੂ ਨਾਨਕ ਅਭਿਨੰਦਨ*[11] ਵਿਚ ਕੇਸ਼ੋ ਦਾਸ ਦਾ ਰਚਨਾ-ਕਾਲ 1618-1649 ਈ. ਮਿਥਿਆ ਹੈ। ਸਾਡੇ ਇਸ ਕਾਂਡ ਵਿਚ ਦਿੱਤੇ ਤੱਥਾਂ ਦੀ ਰੋਸ਼ਨੀ ਵਿਚ ਇਹ ਕਾਲ ਠੀਕ ਨਹੀਂ ਜਾਪਦਾ, ਕਿਉਂਕਿ ਇਕ ਪਾਸੇ ਤਾਂ ਕੇਸ਼ੋ ਦਾਸ ਨੇ 1619 ਈ. (ਸੋਢੀ ਪਿਰਥੀ ਚੰਦ ਦੇ ਦੇਹਾਂਤ) ਤੋਂ ਕਿਤੇ ਪਹਿਲਾਂ ਨੰਗਲ ਸ਼ਹਿਰ ਵਿਚ ਬੈਠ ਕੇ ਮਿਹਰਵਾਨ ਦੀਆਂ ਗੋਸ਼ਟਾਂ ਲਿਖਣੀਆਂ ਸ਼ੁਰੂ ਕੀਤੀਆਂ ਸਨ, ਤੇ ਦੂਜੇ ਪਾਸੇ, ਉਸ ਨੇ 'ਪੋਥੀ ਹਰਿ ਜੀ' ਤੇ 'ਪੋਥੀ ਚਤਰਭੋਜ' ਕ੍ਰਮਵਾਰ 1650 ਤੇ 1651 ਈ. ਵਿਚ ਸੰਪੂਰਨ ਕੀਤੀਆਂ ਸਨ। ਸੰਭਵ ਹੈ ਕਿ 1651 ਈ. ਤੋਂ ਬਾਅਦ, ਕੇਸ਼ੋ ਦਾਸ ਨੇ ਹੀ *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ* ਦੀਆਂ ਪਿਛਲੀਆਂ ਤਿੰਨ ਅਪ੍ਰਾਪਤ ਪੋਥੀਆਂ ਨੂੰ ਲਿਖਤੀ ਰੂਪ ਦਿੱਤਾ ਸੀ।

11. 1978, ਪੰ. 46.

SikhBookClub.com

7

ਕੁਸ਼ਲ ਦਾਸ

ਕੁਸ਼ਲ ਦਾਸ ਨੇ ਆਪਣੇ ਬਾਰੇ ਸੂਚਨਾ ਦਿੱਤੀ ਹੈ ਕਿ ਉਹ ਸੰਧਵਿ ਬੰਸ ਦਾ ਸੀ ਤੇ ਮਾਝੇ ਦੇ ਪਿੰਡ ਭਿਖੀਵਿੰਡ, ਪਰਗਨਾ ਪੱਟੀ ਦਾ ਰਹਿਣ ਵਾਲਾ ਸੀ। ਉਸ ਦੇ ਪਿਤਾ ਦਾ ਨਾਂ ਵਜੀਰ ਤੇ ਦਾਦੇ[1] ਦਾ ਨਾਂ ਗੁਜਰ ਸੀ:

ਮਾਝੈ ਪੱਟੀ ਪਰਗਨਾ ਭਿੰਖੀਵਿੰਡ ਗਿਰਾਂਉ।
ਲੇਖਕਿ ਸੰਧਵਿ ਬੰਸ ਹੈ ਕੁਸਲ ਦਾਸ ਕਵਿ ਨਾਂਉ॥੧॥
ਤਨ ਵਜੀਰ ਨਾਤੀ ਗੁਜਰ ਮੱਦ੍ਰ ਦੇਸ ਕੁਲ ਵਾਸੁ।
ਪੋਥੀ ਲਿਖਿ ਪੂਰਨ ਕਰੀ ਕੀਨੋ ਮਨਿ ਅਭਿਆਸਿ॥੨॥[2]

ਉਸ ਦੀਆਂ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਉਹ ਛੋਟੇ ਮੇਲ ਦੀ ਕੋਠਾ ਗੁਰੂ ਸ਼ਾਖ਼ ਦੇ ਬਾਰ੍ਹਵੇਂ ਗੱਦੀਦਾਰ ਸੋਢੀ ਅਭੈ ਰਾਮ (ਗ.ਕਾ. 1717-1761 ਈ.) ਦਾ ਸ਼ਿੱਸ਼ ਤੇ ਦਰਬਾਰੀ ਕਵੀ ਸੀ। ਉਹ ਆਪਣੇ ਆਪ ਨੂੰ ਨਾਨਕ-ਪੰਥੀ ਦੱਸਦਾ ਹੈ, ਜਿਸ ਨੇ ਅਭੈ ਰਾਮ ਤੋਂ ਦੀਖੀਆ ਲਈ ਸੀ। ਉਸ ਨੇ ਲਿਖਿਆ ਹੈ:

(1) ਰਾਮ ਦਾਸ ਗੁਰ ਆਦਿ ਲੈਂ ਸਿੱਖ ਪੁਰਾਤਮ ਜਾਨ।
ਅਭੈ ਰਾਮ ਗੁਰ ਦੀਖਿਆ ਨਾਨਕ ਪੰਥੀ ਮਾਨ।[3]

(2) ਅਭੈ ਰਾਮੁ ਪੂਰਨੁ ਗੁਰੁ ਮੇਰਾ।
ਮੈ ਭਰਵਾਸਾ ਸਤਿਗੁਰ ਤੇਰਾ।
ਤੁਝ ਬਿਨੁ ਦੂਜੀ ਓਟ ਨ ਕਾਈ ਆਪ ਕਰਹੁ ਜਨ ਕਾਜਾ ਜੀ॥੨॥
ਮੋਹਿ ਪੁਰਾਤਨੁ ਸੇਵਕੁ ਤੇਰਾ।
ਆਦਿ ਅੰਤ ਮੈ ਤੁਮਰਾ ਚੇਰਾ।
ਨਾਉ ਧਰੀਕੁ ਤੁਮਾਰਾ ਕਹੀਐ ਰਾਖਹੁ ਹਮਰੀ ਲਾਜਾ ਜੀ॥੩॥
ਨਾਉ ਧਰੀਕੁ ਸੇਵਕੁ ਮੈ ਤੇਰਾ।
ਤੂੰ ਅਬਨਾਸੀ ਸਤਿਗੁਰੁ ਮੇਰਾ।
ਤੁਮਰੋ ਬਿਰਧੁ ਸੀਸ ਪਰਿ ਧਰਿਓ ਭੇਖੁ ਤੁਮਾਰਾ ਸਾਜਾ ਜੀ॥੪॥
ਅਭੈ ਰਾਮ ਸਤਿਗੁਰ ਪ੍ਰਭ ਮੇਰੇ।
ਰਾਖਹੁ ਜਨ ਕਉ ਜੂਨੀ ਫੇਰੇ।
ਕੁਸਲ ਦਾਸ ਕਉ ਰਾਖਹੁ ਸਤਿਗੁਰ ਸੇਵਕ ਆਪਿ ਨਿਵਾਜਾ ਜੀ॥੫॥੫॥[4]

---

1. *ਮਹਾਨ ਕੋਸ਼* ਅਨੁਸਾਰ, ਨਾਤੀ ਦੇ ਅਰਥ "ਪੜੋਤੇ ਦਾ ਪੁੱਤਰ ਅਤੇ ਦੋਹੋਤੇ ਦਾ ਬੇਟਾ" ਹਨ, ਪਰ ਇਹ ਅਰਥ ਏਥੇ ਢੁੱਕਦੇ ਨਹੀਂ ਹਨ।
2. ਹੱਥ-ਲਿਖਤ 'ਪੋਥੀ ਮਿਹਰਬਾਨ', ਗੁਰਦੁਆਰਾ ਬਸਤਰ ਅਸਥਾਨ, ਢਿੱਲਵਾਂ ਕਲਾਂ, ਪੱਤਰਾ 778ੳ।
3. *ਉਹੀ*, ਪੱਤਰਾ 418ਅ, 778ੳ,ਅ।
4. ਗੁ.ਨਾ.ਦੇ.ਯੂ. ਹ.ਲਿ. 598, ਪੱਤਰਾ 268.

SikhBookClub.com

ਸੋਢੀ ਅਭੈ ਰਾਮ ਤੋਂ ਬਾਅਦ ਸੋਢੀ ਨਿਰਭਉ ਗੱਦੀ ਉੱਤੇ ਬੈਠੇ (ਗ.ਕਾ. 1761-1779 ਈ.) ਤੇ ਸੋਢੀ ਨਿਰਭਉ ਤੋਂ ਬਾਅਦ ਸੋਢੀ ਦੀਦਾਰ ਦਾਸ (ਗ.ਕਾ. 1779-1815 ਈ.)। ਕੁਸ਼ਲ ਦਾਸ ਨੇ ਆਪਣੀ ਰਚਨਾ 'ਪੋਥੀ ਸਾਹਿਬ' ਵਿਚ, ਜੋ 1816 ਈ. ਨੂੰ ਸੰਪੂਰਨ ਹੋਈ[5], ਸੋਢੀ ਦੀਦਾਰ ਦਾਸ ਤੋਂ ਅਗਲੇ ਗੱਦੀ-ਦਾਰ ਸੋਢੀ ਮਹਾਂ ਸਿੰਘ ਦੀ ਗੱਦੀ ਸਥਾਪਨਾ ਬਾਰੇ ਲਿਖਿਆ ਹੈ :

> ਦੀਦਾਰ ਦਾਸ ਗੁਰਦੇਵ ਆਪਿ ਸਚਖੰਡਿ ਬੁਲਾਏ।...
> ਗੁਰੁ ਅਠਦਸ ਸਹਸ ਬਹੱਤਰੇ ਚਢਿ ਬਿਬਾਨ ਹਰਿ ਪਹਿ ਗਯੋ।
> ਜਨ ਕੁਸਲ ਦਾਸ ਜੈਕਾਰੁ ਜਗ ਦੇਵ ਲੋਕ ਜੈ ਜੈ ਭਯੋ ॥੩॥੪੦॥
> ਦੇਵ ਲੋਕ ਜੈਕਾਰੁ ਸਕਲ ਜਗ ਜੈ ਜੈ ਕੀਯੋ।
> ਗਏ ਸੁ ਗੁਰ ਨਿਜ ਧਾਮ ਅਮਰ ਪੁਰ ਵਾਸ ਲੀਯੋ।
> ਪੋਥੀ ਮਾਲਾ ਰਹੀ ਪਈ ਕਰਿ ਆਪ ਨ ਦੀਨੀ।
> ਪਈ ਛੋਡਿ ਗੁਰ ਗਏ ਆਪਿ ਸੰਗਤਿ ਗਤਿ ਲੀਨੀ।
> ਤਬ ਸਭ ਸੰਗਤਿ ਪਰਵਾਰ ਮਿਲ ਮਹਾਂ ਸਿੰਘੁ ਤਿਨ ਥਾਪਿਆ।
> ਪੁਨ ਪੋਥੀ ਮਾਲਾ ਤਿਹ ਦਈ ਸੰਗਤਿ ਕਰਿ ਗੁਰ ਜਾਪਿਆ ॥੪॥੪੧॥[6]

ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਕੁਸ਼ਲ ਦਾਸ ਸੋਢੀ ਅਭੈ ਰਾਮ ਤੋਂ ਬਾਅਦ ਸੋਢੀ ਨਿਰਭਉ, ਸੋਢੀ ਦੀਦਾਰ ਦਾਸ ਤੇ ਸੋਢੀ ਮਹਾਂ ਸਿੰਘ ਦੀ ਸੇਵਾ ਵਿਚ ਵੀ ਹਾਜ਼ਰ ਸੀ।

ਬਲਵੰਤ ਸਿੰਘ ਢਿੱਲੋਂ ਨੇ ਕੁਸ਼ਲ ਦਾਸ ਦਾ ਜੀਵਨ-ਕਾਲ 1800 ਤੋਂ 1873 ਬਿ. (1743-1816 ਈ.) ਤਕ ਨਿਰਧਾਰਿਤ ਕੀਤਾ ਹੈ।[7] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦਾ ਅੰਦਾਜ਼ਾ ਹੈ ਕਿ ਕੁਸ਼ਲ ਦਾਸ ਦਾ ਸਮਾਂ 1743 ਤੋਂ 1820-21 ਈ. ਤਕ ਸੀ।[8] ਕਿਉਂਕਿ ਕੁਸ਼ਲ ਦਾਸ ਦੇ ਜੰਮਣ ਤੇ ਮਰਨ ਦੀਆਂ ਮਿਤੀਆਂ ਕਿਤੇ ਵੀ ਨਹੀਂ ਮਿਲਦੀਆਂ, ਇਸ ਲਈ ਵਿਦਵਾਨਾਂ ਨੇ ਆਪ ਆਪਣੇ ਅੰਦਾਜ਼ੇ ਲਾ ਲਏ ਹਨ। ਸਾਡੇ ਪਾਸ ਵੀ ਕੋਈ ਪ੍ਰਮਾਣਿਕ ਦਸਤਾਵੇਜ਼ ਨਹੀਂ ਹੈ, ਇਸ ਲਈ ਅਸੀਂ ਅੰਦਾਜ਼ਿਆਂ ਵਿਚ ਵਾਧਾ ਕਰਨ ਤੋਂ ਸੰਕੋਚ ਕਰ ਰਹੇ ਹਾਂ।

ਦੇਵਿੰਦਰ ਸਿੰਘ ਵਿਦਿਆਰਥੀ ਨੇ ਆਪਣੀ ਪੁਸਤਕ *ਸ੍ਰੀ ਗੁਰੂ ਨਾਨਕ ਅਭਿਨੰਦਨ* ਵਿਚ ਲਿਖਿਆ ਹੈ ਕਿ "ਕਮਲ ਨੈਨ ਜੀ ਨੇ ਆਪ ਨੂੰ ਮਸੰਦਗੀ ਦਾ ਸਨਮਾਨ ਬਖ਼ਸ਼ਿਆ ਸੀ।"[9] ਵਿਦਿਆਰਥੀ ਹੁਰਾਂ ਨੂੰ, ਪੋਥੀ ਸਾਹਿਬ ਦੇ ਪੱਤਰਾ 264ਅ ਉੱਤੇ ਇਕ ਤੁਕ ਤੋਂ ਟਪਲਾ ਲੱਗਾ ਲੱਗਦਾ ਹੈ। ਇਹ ਤੁਕ ਹੈ : "ਕਮਲ ਨੈਨ ਗੁਰ ਕਿਰਪਾ ਕੀਨੀ, ਅਪਨੇ ਜਨ ਵਡਿਆਈ ਦੀਨੀ।" ਏਥੇ 'ਅਪਨੇ ਜਨ' ਕੁਸ਼ਲ ਦਾਸ ਨੇ ਆਪਣੇ ਲਈ ਨਹੀਂ ਬਲਕਿ ਕੰਵਲ ਨੈਨ ਦੇ ਅਗਲੇ ਵਾਰਿਸ ਅਭੈ ਰਾਮ ਲਈ ਵਰਤਿਆ ਹੈ। ਜੇ, ਕੁਸ਼ਲ ਦਾਸ ਦੇ ਆਪਣੇ ਕਥਨ ਅਨੁਸਾਰ, ਉਸ ਨੇ ਸੋਢੀ ਅਭੈ

---

5. ਪੁਨ ਮੇਖ ਵਦੀ ਤਿਥ ਤੀਜ ਕੋ ਸੋਮਵਾਰ ਸੁਭ ਦਿਨ ਘਰੀ॥
   ਜਨ ਅਠ ਦਸ ਸਹਸ ਤਿਹੱਤਰੇ ਲਿਖਿ ਇਸਤਵ ਪੂਰਨ ਕਰੀ॥੮॥੪੫॥ *(ਪੱਤਰਾ 174)*
6. ਗੁ.ਨਾ.ਦੇ.ਯੂ. ਹ.ਲਿ. 598, ਪੱਤਰਾ 172ਅ-173.
7. *ਸ੍ਰੀ ਗੁਰੂ ਅਮਰ ਦਾਸ ਅਭਿਨੰਦਨ*, 1985, ਪੰ. 73.
8. *ਕੋਠਾ ਗੁਰੂ ਦੀ ਗੌਰਵ ਗਾਥਾ*, 2004, ਪੰ. 134.
9. 1978, ਪੰ. 94.

SikhBookClub.com

ਰਾਮ ਤੋਂ ਦੀਖਿਆ ਲਈ ਸੀ, ਤਾਂ ਉਹ ਸੋਢੀ ਕਮਲ ਨੈਨ ਦਾ, ਜੋ 1717 ਈ. ਵਿਚ ਅਕਾਲ ਚਲਾਣਾ ਕਰ ਗਏ ਸਨ, ਮਸੰਦ ਕਿਵੇਂ ਬਣ ਸਕਦਾ ਸੀ ?

ਰਚਨਾ

(1) ਕੁਸ਼ਲ ਦਾਸ ਦੀ ਕਾਵਿ ਰਚਨਾ ਗੁ.ਨਾ.ਦੇ.ਯੂ. ਹ.ਲਿ. 598 ਵਿਚ ਪ੍ਰਾਪਤ ਹੈ। ਇਸ ਖਰੜੇ ਦਾ ਪ੍ਰਸਿੱਧ ਨਾਂ 'ਪੋਥੀ ਸਾਹਿਬ' ਹੈ। ਇਸ ਦੇ 361 ਪੱਤਰੇ ਹਨ। ਪਹਿਲੇ 11 ਪੱਤਰੇ ਕਵੀ ਕੇਸ਼ੋ ਦਾਸ ਦੀ ਰਚਨਾ ਨੇ ਮੱਲੇ ਹੋਏ ਹਨ ਤੇ 12-361 ਪੱਤਰਿਆਂ ਉੱਤੇ ਕੁਸ਼ਲ ਦਾਸ ਦੀ ਕਾਵਿ ਰਚਨਾ ਦਰਜ ਹੈ। ਇਸ ਰਚਨਾ ਦੇ ਬਿਉਰੇ ਲਈ ਵੇਖੋ ਸਾਰਨੀ ਨੰ. 3, ਪੰ. 150. ਇਸਦਾ ਮੂਲ ਪਾਠ ਸਾਡੀ ਪੁਸਤਕ-ਲੜੀ ਦੀ ਇਕ ਵੱਖਰੀ ਜਿਲਦ ਵਿਚ ਦਿੱਤਾ ਗਿਆ ਹੈ।

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਆਪਣੀ ਕਿਤਾਬ *ਕੋਠਾ ਗੁਰੂ ਦੀ ਗੌਰਵ ਗਾਥਾ* ਵਿਚ ਆਪਣੇ ਪਾਸ ਪਈ 'ਪੋਥੀ ਸਾਹਿਬ' ਦੀ ਇਕ ਨਕਲ ਦਾ ਜ਼ਿਕਰ ਕੀਤਾ ਹੈ।[10] ਪੁੱਛਣ ਉੱਤੇ ਉਨ੍ਹਾਂ ਨੇ ਦੱਸਿਆ ਹੈ ਕਿ ਇਹ ਨਕਲ ਦੇਵਨਾਗਰੀ ਅੱਖਰਾਂ ਵਿਚ ਟਾਈਪ ਕੀਤੀ ਹੋਈ ਹੈ। ਜਿੰਨਾ ਚਿਰ ਅਸੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਾਲੀ ਪੋਥੀ, ਗਿਆਨੀ ਜੀ ਪਾਸ ਪਈ ਨਕਲ ਨਾਲ ਮੇਲ ਨਹੀਂ ਲੈਂਦੇ, ਓਨਾ ਚਿਰ ਇਸ ਨਕਲ ਦੀ ਪ੍ਰਮਾਣਿਕਤਾ ਬਾਰੇ ਕੁੱਝ ਨਹੀਂ ਕਹਿ ਸਕਦੇ।

ਪਿਆਰਾ ਸਿੰਘ ਪਦਮ ਨੇ ਆਪਣੀ ਪੁਸਤਕ *ਪੰਜਾਬੀ ਵਾਰਾਂ* ਵਿਚ ਕੁਸ਼ਲ ਦਾਸ ਦੀ ਇਕ ਵਾਰ 'ਰਾਗ ਗਉੜੀ ਵਾਰ ਭਗਤ ਵਸਚਲ ਕੀ' ਸ਼ਾਮਿਲ ਕੀਤੀ ਹੋਈ ਹੈ। ਉਨ੍ਹਾਂ ਨੇ ਇਸ ਵਾਰ ਦਾ ਉਤਾਰਾ ਕੁਸ਼ਲ ਦਾਸ ਦੀ ਰਚਨਾਵਲੀ ਦੇ ਖਰੜੇ ਤੋਂ ਕੀਤਾ ਸੀ, ਜਿਹੜਾ ਉਨ੍ਹਾਂ ਨੇ ਨਵੰਬਰ 1970 ਵਿਚ ਤਖ਼ਤ ਪਟਨਾ ਸਾਹਿਬ ਵੇਖਿਆ ਸੀ।[11] ਪਦਮ ਹੁਰਾਂ ਨੇ ਇਸ ਖਰੜੇ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ। ਹੋ ਸਕਦਾ ਹੈ ਕਿ ਇਹ ਪੋਥੀ ਸਾਹਿਬ ਦੀ ਇਕ ਹੋਰ ਪ੍ਰਤੀ ਹੋਵੇ, ਪਰ ਕਹਿ ਨਹੀਂ ਸਕਦੇ, ਕਿਉਂਕਿ ਅਸਾਂ ਇਸ ਦੇ ਦਰਸ਼ਨ ਨਹੀਂ ਕੀਤੇ।

(2) ਕੁਸ਼ਲ ਦਾਸ ਦਾ 1801-1802 ਈ. ਵਿਚ ਨਕਲ ਕੀਤਾ ਇਕ ਵੱਡ-ਆਕਾਰੀ ਗ੍ਰੰਥ, ਜਿਸ ਦਾ ਨਾਂ 'ਪੋਥੀ ਮਿਹਰਬਾਨ' ਹੈ, ਗੁਰਦੁਆਰਾ 'ਬਸਤਰ ਅਸਥਾਨ', ਢਿੱਲਵਾਂ ਕਲਾਂ (ਨਿਕਟ ਕੋਟ ਕਪੂਰਾ, ਜ਼ਿਲਾ ਫ਼ਰੀਦ ਕੋਟ) ਵਿਚ ਸੁਰੱਖਿਅਤ ਹੈ। ਇਸ ਦੇ ਨਿਗਰਾਨ, ਫਰੀਦਕੋਟ ਨਿਵਾਸੀ ਸ. ਮਨਮੋਹਨ ਸਿੰਘ ਸੇਲ੍ਹੀ[12]

---

10. ਪੱਤਰਾ 131.
11. *ਪੰਜਾਬੀ ਵਾਰਾਂ*, 1980, ਪੰ. 528.
12. ਸ. ਮਨਮੋਹਨ ਸਿੰਘ ਸੇਲ੍ਹੀ, ਸੋਢੀ ਮੱਲ ਸਿੰਘ ਢਿੱਲਵਾਂ ਕਲਾਂ ਦੇ ਜਵਾਈ ਹਨ।
ਜਵਾਹਰ ਸਿੰਘ - ਸਾਹਿਬ ਸਿੰਘ - ਭਗਵਾਨ ਸਿੰਘ - ਦੇਵਾ ਸਿੰਘ - ਰਘੂਨਾਥ ਸਿੰਘ - ਮੱਲ ਸਿੰਘ

ਦਯਾ ਸਿੰਘ (ਬੇਔਲਾਦ) | ਨਰਿੰਦਰ ਕੌਰ (ਬੇਔਲਾਦ) | ਹਰਬਖ਼ਸ਼ ਕੌਰ (ਪਤੀ : ਮਨਮੋਹਨ ਸਿੰਘ ਸੇਲ੍ਹੀ)

ਜਸਬੀਰ ਸਿੰਘ | ਪਰਮਜੀਤ ਸਿੰਘ | ਮਨਪੀਰ ਕੌਰ

SikhBookClub.com

ਨੇ ਸਾਨੂੰ ਇਹ ਗ੍ਰੰਥ ਨਵੰਬਰ 2004 ਤੇ ਮੁੜ 25 ਜਨਵਰੀ 2007 ਨੂੰ ਕੁੱਝ ਘੰਟਿਆਂ ਲਈ ਵੇਖਣ ਦੀ ਇਜਾਜ਼ਤ ਦਿੱਤੀ ਸੀ। ਇਸ ਗ੍ਰੰਥ ਦੇ 779 ਪੱਤਰੇ ਹਨ। ਪੱਤਰਾ 1-418 ਤਕ "ਸੁਖਮਨੀ ਸਹੰਸਰਨਾਮਾ ਮਹਲਾ ੮ ਪਰਮਾਰਥ ਸਾਥ" ਹੈ, ਇਸ ਤੋਂ ਅੱਗੇ ਮਿਹਰਵਾਨ ਵਾਲੀ ਛੇ-ਲੜੀ ਜਨਮ ਸਾਖੀ ਗੁਰੂ ਨਾਨਕ ਦੇਵ ਜੀ ਦੀਆਂ ਗੋਸ਼ਟਾਂ ਅੰਕਿਤ ਹਨ : ਪਹਿਲੀ 'ਸਚਖੰਡ ਪੋਥੀ' ਦੀਆਂ 167 ਗੋਸ਼ਟਾਂ ਵਿੱਚੋਂ ਕੇਵਲ 67, ਦੂਜੀ 'ਪੋਥੀ ਹਰਿ ਜੀ' ਦੀਆਂ 61 ਗੋਸ਼ਟਾਂ ਵਿੱਚੋਂ ਕੇਵਲ 13, ਤੀਜੀ 'ਚਤਰਭੋਜ ਪੋਥੀ' ਦੀਆਂ 74 ਗੋਸ਼ਟਾਂ ਵਿੱਚੋਂ ਕੇਵਲ 24 ਤੇ ਪਿਛਲੀਆਂ ਤਿੰਨ ਅਪ੍ਰਾਪਤ ਪੋਥੀਆਂ (ਕੇਸੋਰਾਇ ਪੋਥੀ, ਅਭੈਪਦ ਪੋਥੀ ਤੇ ਪਰਮਤਤੁ ਪੋਥੀ) ਵਿੱਚੋਂ 7 ਗੋਸ਼ਟਾਂ। ਕੁੱਲ ਗੋਸ਼ਟਾਂ ਜਨਮ ਸਾਖੀ ਦੀਆਂ 111 ਹਨ। ਨਰਿੰਦਰ ਕੌਰ ਭਾਟੀਆ ਨੇ ਆਪਣੀ ਪੁਸਤਕ *ਮਿਹਰਬਾਨ ਰਚਿਤ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਨਵੀਆਂ ਲੱਭੀਆਂ ਗੋਸ਼ਟਾਂ)* ਵਿਚ ਇਨ੍ਹਾਂ ਅਪ੍ਰਾਪਤ ਪੋਥੀਆਂ ਵਿੱਚੋਂ 6 ਗੋਸ਼ਟਾਂ ਦਾ ਪਾਠ ਸ਼ਾਮਿਲ ਕੀਤਾ ਹੋਇਆ ਹੈ।

ਇਸ ਹੱਥ-ਲਿਖਤ ਗ੍ਰੰਥ ਵਿਚ ਛੇਵੀਂ ਪੋਥੀ ਦਾ ਨਾਂ 'ਪ੍ਰੇਮਪਦ' ਪੋਥੀ ਦੀ ਥਾਂਵੇਂ 'ਪਰਮਤਤੁ' ਪੋਥੀ ਲਿਖਿਆ ਹੋਇਆ ਹੈ, ਨਾਲੇ ਪਿਛਲੀਆਂ ਤਿੰਨ ਪੋਥੀਆਂ ਵਿਚ ਦਰਜ ਗੋਸ਼ਟਾਂ ਦੀ ਗਿਣਤੀ ਦਿੱਤੀ ਹੋਈ ਹੈ—ਕੇਸੋਰਾਇ ਪੋਥੀ 83, ਅਭੈਪਦ ਪੋਥੀ 84, ਤੇ ਪਰਮਤਤੁ ਪੋਥੀ 106। ਇਹ ਗਿਣਤੀ ਪੰ.ਪ੍ਰੀ.ਸਿੰ. ਹ.ਲਿ. 235, ਮਿਤੀ 1777 ਈ. ਵਿਚ ਵੀ ਦਿੱਤੀ ਹੋਈ ਹੈ ਤੇ ਛੇਵੀਂ ਪੋਥੀ ਦਾ ਨਾਂ 'ਪਰਮਤਤੁ ਪੋਥੀ' ਲਿਖਿਆ ਹੈ। ਕਿਰਪਾਲ ਸਿੰਘ ਦੁਆਰਾ ਸੰਪਾਦਿਤ ਮਿਹਰਵਾਨ ਵਾਲੀ *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ* ਵਿਚ ਇਨ੍ਹਾਂ ਗੋਸ਼ਟਾਂ ਦੀ ਗਿਣਤੀ ਨਹੀਂ ਦਿੱਤੀ ਹੋਈ।

ਢਿੱਲਵਾਂ ਕਲਾਂ ਵਾਲੀ ਪੋਥੀ ਵਿਚ ਸੁਖਮਨੀ ਸਹੰਸਰਨਾਮਾ ਤੇ ਗੁਰੂ ਨਾਨਕ ਦੇਵ ਜੀ ਦੀਆਂ ਗੋਸ਼ਟਾਂ ਤੋਂ ਇਲਾਵਾ, ਲਿਖਾਰੀ ਕੁਸ਼ਲ ਦਾਸ ਦੀ ਕੁੱਝ ਆਪਣੀ ਰਚਨਾ ਵੀ ਮਿਲਦੀ ਹੈ। ਪੱਤਰਾ 763ਅ ਉੱਤੇ ਉਸ ਦਾ ਰਚਿਆ ਇਕ ਪਦਾ ਦਰਜ ਹੈ ਜੋ ਹੇਠਾਂ ਦਿੱਤਾ ਜਾਂਦਾ ਹੈ :

ਭਗਤ ਵਛਲੁ ਗਰਬ ਪਰਹਾਰੀ ॥
ਗਰੀਬ ਨਿਵਾਜੁ ਪ੍ਰਭੁ ਪਤਿਤ ਉਧਾਰੀ ॥
ਸਚੁ ਨਾਮੁ ਨਿਰੰਕਾਰੁ ਨਿਰਾਲਮੁ ॥
ਹੈ ਯਹ ਕਥਾ ਜਗਤ ਮਹਿ ਮਾਲਮੁ ॥
ਜੋਤਿ ਸਰੂਪ ਅਨੂਪ ਅਪਾਰਾ ॥
ਹੈ ਯਹ ਕਥਾ ਜਗਤ ਨਿਰਧਾਰਾ ॥
ਕਾਨ੍ਹ ਕ੍ਰਿਸਨ ਨਰਹਰ ਨਾਰਾਇਣ ॥
ਰੁਕਮਨਿ ਕੰਤ ਸੰਤ ਗੁਨ ਗਾਇਣ ॥
ਨਿਰਵਿਕਾਰ ਨਿਰਭਉ ਨਿਰਵੈਰ ॥
ਕਵਲਾ ਸਰਨ ਚਰਨ ਕਵਲੈਰ ॥
ਅਗਮ ਅਗੋਚਰ ਅਲਖ ਅਪਾਰਾ ॥
ਸਭ ਘਟ ਘਟ ਕੇ ਪ੍ਰਾਨ ਅਧਾਰਾ ॥

SikhBookClub.com

ਰਾਮ ਰਾਮ ਸਭ ਘਟ ਹੈ ਰਾਮਾ॥
ਜਾਪਤ ਸਕਲ ਜਗਤ ਜਿਹ ਨਾਮਾ॥
ਰਾਮ ਰਾਮ ਹਰਿ ਰਾਮ ਅਪਾਰਾ॥
ਚਰਨ ਕਮਲ ਸੰਤਨ ਆਧਾਰਾ॥
ਮਨਮੋਹਨ ਸੀਤਾ ਪਤ ਸੋਹਨ॥
ਪਾਪ ਤਾਪ ਸੰਤਨ ਦੁਖ ਜੋਹਨ॥
ਸਿਮਰਨੁ ਸਿਮਰਿ ਸਿਮਰਿ ਦੁਖ ਨਾਠੇ॥
ਹਰਿ ਜਪੁ ਹਰਿ ਜਨ ਬਾਂਧੀ ਗਾਂਠੇ॥
ਕੁਸਲ ਦਾਸ ਕੋ ਦੀਜੈ ਨਾਮਾ॥
ਜਮ ਦੁਖ ਤੇ ਰਾਖਹੁ ਹਰਿ ਸਿਆਮਾ॥

ਪੋਥੀ ਵਿਚ, ਅਪ੍ਰਾਪਤ ਗੋਸ਼ਟਾਂ ਤੋਂ ਛੁੱਟ, ਕੁੱਝ ਟੂਕਾਂ ਕਾਫ਼ੀ ਮਹੱਤਾ ਵਾਲੀਆਂ ਹਨ, ਜਿਵੇਂ :

(i) ਕੁਸ਼ਲ ਦਾਸ ਨੇ ਆਪਣੇ ਬਾਰੇ ਜਾਣਕਾਰੀ ਦਿੱਤੀ ਹੈ ਜੋ ਹੋਰ ਕਿਤੇ ਨਹੀਂ ਮਿਲਦੀ (ਪੱਤਰਾ 778ੳ)।

(ii) ਸੁਖਮਨੀ ਸਹੰਸਰਨਾਮਾ ਦੇ ਅੰਤ ਉੱਤੇ ਸੂਚਨਾ ਮਿਲਦੀ ਹੈ ਕਿ ਇਹ "ਆਦਿ ਪੋਥੀ ਕੇਸੋਦਾਸ ਅਖਰੀ ਤਿਸ ਉਪਰਹੁ ਲਿਖਿ ਸੰਪੂਰਨ ਕੀਆ" (ਪੱਤਰਾ 418ਅ)।

(iii) ਕੁਸ਼ਲ ਦਾਸ ਰਚਿਤ "ਕੁਰਸੀਨਾਮਾ ਸ੍ਰੀ ਸਤਿਗੁਰੂ ਬਾਬੇ ਨਾਨਕ ਜੀ ਕਾ" (ਪੱਤਰਾ 779ੳ)।

(3) ਗੁ.ਨਾ.ਦੇ.ਯੂ. ਹ.ਲਿ. 1003 ਵਿਚ ਕੁਸ਼ਲ ਦਾਸ ਦੀਆਂ ਹੇਠ-ਲਿਖਿਤ ਰਚਨਾਵਾਂ ਸ਼ਾਮਿਲ ਹਨ :

ਰਚਨਾ	*ਪੱਤਰਾ*
(i) ਸੰਤ ਲੱਛਨ	251ਅ - 254ਅ
(ii) ਇਸਤੋਤ੍ਰ ਛੰਦ	258ਅ - 261ਅ
(iii) ਗੀਯਾ ਛੰਦ	261ਅ - 265ੳ
(iv) ਦਸਵਤਾਰ	265ਅ - 272ੳ
(v) ਅੰਕ ਫੁਰਣੀ	310ਅ - 322ਅ

ਇਨ੍ਹਾਂ ਵਿੱਚੋਂ ਇਸਤੋਤ੍ਰ ਛੰਦ, ਗੀਯਾ ਛੰਦ ਤੇ ਦਸਵਤਾਰ ਗੁ.ਨਾ.ਦੇ.ਯੂ. ਹ.ਲਿ. 598 (ਪੋਥੀ ਸਾਹਿਬ) ਵਿਚ ਵੀ ਅੰਕਿਤ ਹਨ।

ਸਾਨੂੰ ਉਪਰੋਕਤ ਵੇਰਵੇ ਤੋਂ ਸਿਵਾ ਕੁਸ਼ਲ ਦਾਸ ਤੇ ਉਸ ਦੀ ਰਚਨਾ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਮਿਲ ਸਕੀ।

SikhBookClub.com

ਸਾਰਨੀ ਨੰ. 3
ਗੁ.ਨਾ.ਦੇ.ਯੂ. ਹ.ਲਿ. 598 ਵਿਚ ਕੁਸ਼ਲ ਦਾਸ ਦੀ ਰਚਨਾ

	ਮਹਲਾ	*ਪੱਤਰੇ*	*ਛੰਦ*
ਸਵਈਏ ਉਸਤਤਿ ਸ੍ਰੀ ਸਤਿਗੁਰੂ ਬਾਬੇ ਨਾਨਕ ਜੀ ਕੀ	ਮ: ੧	12ੳ-26ੳ	62
ਸਵਈਏ ਉਸਤਤਿ ਸ੍ਰੀ ਗੁਰੂ ਅੰਗਦ ਜੀ ਕੀ	ਮ: ੨	26ਅ-37ਅ	42
ਸਵਈਏ ਉਸਤਤਿ ਸ੍ਰੀ ਸਤਿਗੁਰੂ ਅਮਰ ਦਾਸ ਜੀ ਕੀ	ਮ: ੩	37ੳ-50ੳ	52
ਸਵਈਏ ਉਸਤਤਿ ਸ੍ਰੀ ਸਤਿਗੁਰੂ ਰਾਮ ਦਾਸ ਜੀ ਕੀ	ਮ: ੪	50ੳ-63ੳ	45
ਸਵਈਏ ਉਸਤਤਿ ਸ੍ਰੀ ਗੁਰੂ ਅਰਜਨ ਜੀ ਕੀ	ਮ: ੫	63ੳ-76ਅ	49
ਸਵਯੇ ਉਸਤਤਿ ਸ੍ਰੀ ਸਤਿਗੁਰੂ ਗੁਰੂ ਸਾਹਿਬ ਜੀ ਕੀ	ਮ: ੬	77ੳ-88ਅ	48
ਸਵੈਯੇ ਉਸਤਤਿ ਸ੍ਰੀ ਸਤਿਗੁਰੂ ਮਿਹਰਵਾਨ ਪੂਰਨ ਪੁਰਖ ਗੁਰਦੇਉ ਜੀ ਕੀ	ਮ: ੭	88ਅ-104ਅ	66
ਸਵੈਯੇ ਉਸਤਤਿ ਸ੍ਰੀ ਸਤਿਗੁਰੂ ਹਰਿ ਜੀ ਜੀ ਕੀ	ਮ: ੮	104ਅ-120ੳ	59
ਸ੍ਵੈਯੇ ਉਸਤਤਿ ਸ੍ਰੀ ਸਤਿਗੁਰੂ ਕਮਲ ਨੈਨ ਜੀ ਕੀ	ਮ: ੧੦	120ਅ-134ੳ	51
ਸਵੈਯੇ ਉਸਤਤਿ ਸ੍ਰੀ ਸਤਿਗੁਰੂ ਅਭੇ ਰਾਮ ਪੂਰਨ ਪੁਰਖ ਗੁਰਦੇਉ ਜੀ ਕੀ	ਮ: ੧੨	134ੳ-154ੳ	107
ਸ੍ਵੈਯੇ ਉਸਤਤਿ ਸ੍ਰੀ ਸਤਿਗੁਰੂ ਨਿਰਭਉ ਗੁਰਦੇਉ ਜੀ ਕੀ	ਮ: ੧੩	154ੳ-161ਅ	27
ਸਵੈਯੇ ਉਸਤਤਿ ਸ੍ਰੀ ਸਤਿਗੁਰੂ ਦੀਦਾਰ ਦਾਸ ਜੀ ਕੀ	ਮ: ੧੪	161ਅ-174ੳ	45
			ਜੋੜ 653

ਉਸਤਤਿ ਆਦਿ ਪੁਰਖ ਨਿਰੰਜਨ ਦੇਉ ਜੀ ਕੀ	174ਅ-253ਅ	384
ਰਾਗੁ ਮਾਰੂ ਸੋਲਹੇ (5 ਸੋਲਹੇ) ਅਤੇ ਰਾਗੁ ਮਾਝ (5 ਸ਼ਬਦ)	253ਅ-268ਅ	—
ਦਸ ਅਵਤਾਰ ਵਰਨਨ	269ਅ-275ਅ	35
ਬਾਰਹ ਮਾਂਹਾਂ ਦਸ ਅਵਤਾਰਾਂ ਕਾ	275ਅ-283ੳ	—
ਬਾਰਹ ਮਾਂਹਾਂ ਇਸਤਿਵ ਕਾ	283ੳ-290ਅ	—
ਬਾਰਹ ਮਾਂਹਾਂ ਸਹੰਸ੍ਰ ਨਾਮ ਕਾ	290ਅ-298ਅ	—
ਠਾਕੁਰ ਬਿਵਾਹੁ ਦੋਹੀ	298ਅ-304ਅ	28
ਕੁਰਸੀ ਸ੍ਰੀ ਸਤਿਗੁਰੂ ਬਾਬੇ ਨਾਨਕ ਜੀ ਕੀ	304ਅ-305ਅ	7

ਵਾਰਾਂ		*ਪਉੜੀਆਂ*
ਰਾਗੁ ਗਉੜੀ ਕੀ ਵਾਰ	305ਅ-313ਅ	19
ਰਾਗੁ ਗਉੜੀ ਕੀ ਵਾਰ ਉਸਤਤਿ ਕੀ	313ਅ-322ਅ	21
ਰਾਗੁ ਗਉੜੀ ਵਾਰ ਭਗਤਿ ਵਸਚਲ ਕੀ	322ਅ-329ਅ	16
ਵਾਰ ਪਾਤਿਸਾਹੀਆਂ ਕੀ, ਰਾਗੁ ਜੈਤਸਰੀ	330ੳ-342ਅ	28
ਰਾਗੁ ਗਉੜੀ ਵਾਰ ਸੁਕਦੇਵ ਲੀਲਾ ਕੀ	342ਅ-354ਅ	26
ਰਾਗੁ ਤਿਲੰਗ ਵਾਰ ਭਗਤਾਵਲੀ ਕੀ	354ਅ-361ਅ	16

SikhBookClub.com

ਚਿੱਤਰ ਨੰ. 3 : ਭਾਈ ਦਰਬਾਰੀ

SikhBookClub.com

8

ਭਾਈ ਦਰਬਾਰੀ

ਭਾਈ ਦਰਬਾਰੀ ਇਕ ਮਹਾਂ ਕਵੀ ਹੋਏ ਹਨ, ਜੋ ਛੋਟੇ ਮੇਲ ਦੀ ਕੋਠਾ ਗੁਰੂ ਸ਼ਾਖ਼ ਦੇ 12ਵੇਂ ਗੱਦੀਦਾਰ ਸੋਢੀ ਅਭੈ ਰਾਮ (ਗ.ਕਾ. 1717-1761 ਈ.) ਦੇ ਚੇਲੇ ਸਨ। (ਵੇਖੋ, ਚਿਤਰ ਨੰ. 3)। ਇਨ੍ਹਾਂ ਦੇ ਜੀਵਨ ਬਾਰੇ ਨਾ ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਵਿੱਚੋਂ ਤੇ ਨਾ ਛੋਟੇ ਮੇਲ ਦੇ ਕਿਸੇ ਹੋਰ ਲੇਖਕ ਦੀ ਰਚਨਾ ਵਿੱਚੋਂ ਕੋਈ ਖ਼ਾਸ ਜਾਣਕਾਰੀ ਮਿਲਦੀ ਹੈ। ਜੋ ਕੁੱਝ ਵੀ ਇਨ੍ਹਾਂ ਬਾਰੇ, ਥੋੜਾ ਜਾਂ ਬਹੁਤਾ, ਸਾਡੇ ਖੋਜੀ ਵਿਦਵਾਨਾਂ ਦੀਆਂ ਰਚਨਾਵਾਂ ਵਿਚ ਲਿਖਿਆ ਮਿਲਦਾ ਹੈ, ਉਹ ਜਾਂ ਤਾਂ ਅੰਦਾਜ਼ਨ ਹੈ ਜਾਂ ਦੰਦ-ਕਥਾਵਾਂ ਉੱਤੇ ਆਧਾਰਿਤ ਹੈ। ਇਨ੍ਹਾਂ ਵਿਦਵਾਨਾਂ ਵਿੱਚੋਂ ਮੁਖ ਹਨ ਗੁਰਚਰਨ ਸਿੰਘ ਸੇਕ[1], ਜੱਥੇਦਾਰ ਕਿਰਪਾਲ ਸਿੰਘ[2], ਜਸਬੀਰ ਸਿੰਘ ਸਾਬਰ[3], ਪਿਆਰਾ ਸਿੰਘ ਪਦਮ[4] ਤੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ[5]।

ਜ਼ਿਲਾ ਮੋਗਾ, ਤਹਿਸੀਲ ਬਾਘਾ ਪੁਰਾਣਾ ਦੇ ਇਕ ਪਿੰਡ ਵੈਰੋਕੇ[6] ਵਿਚ ਭਾਈ ਦਰਬਾਰੀ ਦਾ ਡੇਰਾ ਹੁੰਦਾ ਸੀ ਜਿਸ ਨੂੰ ਹੁਣ ਇਕ ਸ਼ਾਨਦਾਰ ਗੁਰਦੁਆਰੇ ਦੀ ਸ਼ਕਲ ਦੇ ਦਿੱਤੀ ਗਈ ਹੈ। ਅਸਾਂ ਇਸ ਪਿੰਡ ਦੇ ਤਿੰਨ ਚਾਰ ਚੱਕਰ ਲਾਏ ਸਨ ਤੇ ਗੁਰਦੁਆਰੇ ਦੇ ਮੌਜੂਦਾ ਤੇ ਸਾਬਕਾ ਪ੍ਰਬੰਧਕਾਂ, ਪੰਚਾਂ ਤੇ ਕਈ ਹੋਰ ਬਜ਼ੁਰਗਾਂ ਕੋਲੋਂ ਪੁੱਛ-ਪੜਤਾਲ ਕੀਤੀ ਸੀ ਪਰ ਭਾਈ ਦਰਬਾਰੀ ਦੀ ਹਯਾਤੀ ਬਾਰੇ ਸਾਨੂੰ ਕੋਈ ਅਜਿਹੀ ਵਾਕਫ਼ੀ ਨਹੀਂ ਮਿਲ ਸਕੀ, ਜੋ ਉੱਪਰ ਲਿਖੇ ਵਿਦਵਾਨਾਂ ਦੀਆਂ ਲਿਖਤਾਂ ਵਿਚ ਨਹੀਂ ਮਿਲਦੀ।

ਅੱਗੇ ਅਸਾਂ ਭਾਈ ਦਰਬਾਰੀ ਦੇ ਜੀਵਨ ਬਾਰੇ ਜਿਹੜਾ ਵੇਰਵਾ ਦਿੱਤਾ ਹੈ, ਉਹ ਬਹੁਤਾ ਕਰ ਕੇ ਜੱਥੇਦਾਰ ਕਿਰਪਾਲ ਸਿੰਘ, ਜੋ ਪਿੰਡ ਵੈਰੋਕੇ ਦੇ ਰਹਿਣ ਵਾਲੇ ਸਨ, ਤੇ ਗੁਰਚਰਨ ਸਿੰਘ ਸੇਕ ਦੀਆਂ ਪੁਸਤਕਾਂ ਤੋਂ ਲਿਆ ਗਿਆ ਹੈ।

ਭਾਈ ਦਰਬਾਰੀ ਦਾ ਜਨਮ ਪਿੰਡ ਵੈਰੋਕੇ ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ

---

1. ਵੇਖੋ, ਉਨ੍ਹਾਂ ਦੀਆਂ ਪੁਸਤਕਾਂ (ੳ) *ਭਾਈ ਦਰਬਾਰੀ ਦਾਸ ਰਚਿਤ ਪਰਚੀਆਂ ਭਗਤਾਂ ਕੀਆਂ (ਪੋਥੀ ਹਰਿਜਸ)*, 1991, ਅਧਿਆਇ 2, ਪੰ. xi -xviii ਤੇ (ਅ) *ਪਰਚੀਆਂ ਭਗਤਾਂ ਦੀਆਂ - ਦਰਬਾਰੀ ਦਾਸ ਕ੍ਰਿਤ : ਵਿਵੇਚਨਾਤਮਕ ਅਧਿਐਨ*, 1998, ਅਧਿਆਇ ਦੂਜਾ, ਪੰ. 20-41.
2. *ਮਾਝਾਂ ਭਾਈ ਦਰਬਾਰੀ*, 1988, ਭੂਮਿਕਾ।
3. *ਭਗਤ ਰਵਿਦਾਸ ਸ੍ਰੋਤ ਪੁਸਤਕ*, 1997, ਪੰ. 91-92.
4. *ਕਲਮ ਦੇ ਚਮਤਕਾਰ*, 1981, ਪੰ. 205-220.
5. *ਕੋਠਾ ਗੁਰੂ ਦੀ ਗੌਰਵ ਗਾਥਾ*, 2004, ਪੰ. 144-147.
6. ਪਿੰਡ ਵੈਰੋਕੇ, ਮੋਗਾ-ਕੋਟਕਪੂਰਾ ਸੜਕ ਤੋਂ ਕੋਈ 3 ਕਿ.ਮੀ. ਦੇ ਫ਼ਾਸਲੇ ਉੱਤੇ ਹੈ। ਰੇਲਵੇ ਸਟੇਸ਼ਨ ਕੋਟ ਕਪੂਰਾ 25 ਕਿ.ਮੀ. ਦੂਰ ਪੈਂਦਾ ਹੈ।

SikhBookClub.com

ਨਾਮ ਦਇਆ ਰਾਮ[7] ਤੇ ਜ਼ਾਤ ਘਈ (ਖੱਤਰੀ) ਸੀ।[8] ਦਇਆ ਰਾਮ ਛੋਟੇ ਮੇਲ ਦੇ ਬਾਰ੍ਹਵੇਂ ਗੱਦੀਦਾਰ ਸੋਢੀ ਅਭੈ ਰਾਮ ਦੇ ਸ਼ਰਧਾਲੂ ਸੇਵਕ ਸਨ। ਉਨ੍ਹਾਂ ਦੇ ਘਰ ਔਲਾਦ ਨਹੀਂ ਸੀ ਹੁੰਦੀ, ਇਸ ਲਈ ਉਨ੍ਹਾਂ ਨੇ ਆਪਣੇ ਗੁਰੂ ਕੋਲੋਂ ਪੁੱਤਰ ਦੀ ਦਾਤ ਮੰਗੀ। ਸੋਢੀ ਅਭੈ ਰਾਮ ਦੇ ਦਰਬਾਰ ਦੀ ਸਾਰੀ ਸੰਗਤ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਅਰਦਾਸ ਦੀ ਬਦੌਲਤ ਦਇਆ ਰਾਮ ਦੇ ਘਰ ਇਕ ਬਾਲਕ ਦਾ ਜਨਮ ਹੋਇਆ, ਜਿਸ ਦਾ ਨਾਂ ਦਰਬਾਰੀ ਦਾਸ ਰੱਖਿਆ ਗਿਆ। ਗੁਰਚਰਨ ਸਿੰਘ ਸੇਕ ਦਾ ਅੰਦਾਜ਼ਾ ਹੈ ਕਿ ਦਰਬਾਰੀ ਦਾਸ ਦਾ ਜਨਮ 1723-24 ਈ. ਦੇ ਕਰੀਬ ਹੋਇਆ।[9] ਬਾਲਕ ਦਰਬਾਰੀ ਪੰਜ-ਸੱਤ ਸਾਲਾਂ ਦਾ ਸੀ ਜਦੋਂ ਉਸ ਦੇ ਪਿਤਾ ਉਸ ਨੂੰ ਸੋਢੀ ਅਭੈ ਰਾਮ ਦੀ ਸੇਵਾ ਵਿਚ ਢਿੱਲਵਾਂ ਕਲਾਂ[10] ਛੱਡ ਆਏ।[11] ਪਹਿਲਾਂ ਢਿੱਲਵਾਂ ਕਲਾਂ ਤੇ ਫੇਰ ਕੋਠਾ ਗੁਰੂ ਰਹਿ ਕੇ, ਦਰਬਾਰੀ ਦਾਸ ਨੇ ਨਾ ਕੇਵਲ ਆਪਣੇ ਗੁਰੂ ਸੋਢੀ ਅਭੈ ਰਾਮ ਤੇ ਸਾਧ-ਸੰਗਤ ਦੀ ਸੇਵਾ ਕੀਤੀ, ਬਲਕਿ ਹਰ ਤਰ੍ਹਾਂ ਦੀ ਵਿੱਦਿਆ ਵੀ ਗ੍ਰਹਿਣ ਕੀਤੀ। ਦਰਬਾਰੀ ਦਾਸ ਪੁਰਾਣੇ ਗ੍ਰੰਥਾਂ ਦੇ ਉਤਾਰੇ ਕਰਦਾ, ਬ੍ਰਜ ਭਾਸ਼ਾ ਸਿੱਖਦਾ, ਗੁਰਬਾਣੀ, ਛੋਟੇ ਮੇਲ ਦੀਆਂ ਰਚਨਾਵਾਂ, ਰਾਮਾਇਣ, ਮਹਾਭਾਰਤ, ਗੀਤਾ, ਪੁਰਾਣ ਤੇ ਇਤਿਹਾਸ, ਆਦਿ ਕਈ ਇਲਮਾਂ ਦਾ ਅਧਿਐਨ ਕਰਦਾ। ਸੋਢੀ ਅਭੈ ਰਾਮ ਦੇ ਦਰਬਾਰ ਦਾ ਮਾਹੌਲ ਕਿੰਨਾ ਵਿਦਵਤਾ ਭਰਿਆ ਹੋਣਾ ਹੈ, ਜਿਸ ਨੇ ਭਾਈ ਦਰਬਾਰੀ ਤੇ ਕੁਸ਼ਲ ਦਾਸ ਵਰਗੇ ਉੱਚ ਕੋਟੀ ਦੇ ਕਵੀ ਪੈਦਾ ਕੀਤੇ! ਭਾਈ ਦਰਬਾਰੀ ਦੀਆਂ ਲਿਖਤਾਂ, ਜੋ ਵੈਰੋਕੇ ਦੇ ਗੁਰਦੁਆਰੇ ਵਿਚ ਸੁਰੱਖਿਅਤ *ਪੋਥੀ ਹਰਿਜਸ* ਵਿਚ ਸੰਕਲਿਤ ਹਨ, ਉਸ ਦੇ ਵਿਸ਼ਾਲ ਗਿਆਨ, ਕਾਵਿ ਨਿਪੁਣਤਾ ਤੇ ਭਾਸ਼ਾਈ ਉੱਤਮਤਾ ਦਾ ਪਤਾ ਦੇਂਦੀਆਂ ਹਨ।

ਭਾਈ ਦਰਬਾਰੀ ਦੀਆਂ ਲਿਖਤਾਂ ਤੋਂ ਜ਼ਾਹਿਰ ਹੁੰਦਾ ਹੈ, ਕਿ ਸੋਢੀ ਅਭੈ ਰਾਮ ਦੇ ਦੇਹੰਤ (1761 ਈ.) ਤੋਂ ਬਾਅਦ, ਉਹ ਸੰਪ੍ਰਦਾਇ ਦੇ ਅਗਲੇ ਗੁਰੂ ਸੋਢੀ ਨਿਰਭਉ ਦੀ ਸੇਵਾ ਵਿਚ ਵੀ ਹਾਜ਼ਰ ਰਹੇ। ਲੱਗਦਾ ਹੈ ਕਿ ਸੋਢੀ ਨਿਰਭਉ ਦੇ ਚਲਾਣੇ (1779 ਈ.) ਉਪਰੰਤ, ਜਦੋਂ ਸੋਢੀ ਦੀਦਾਰ ਦਾਸ ਗੱਦੀ ਉੱਤੇ ਬੈਠੇ, ਭਾਈ ਦਰਬਾਰੀ ਕੋਠਾ ਗੁਰੂ ਛੱਡ ਕੇ ਵੈਰੋਕੇ ਆ ਟਿਕੇ। ਏਥੇ ਉਨ੍ਹਾਂ ਦੀ ਭੈਣ ਵਿਆਹੀ ਹੋਈ ਸੀ। ਆਪ ਭਾਈ ਦਰਬਾਰੀ ਨੇ ਸਾਰੀ ਉਮਰ ਵਿਆਹ ਨਹੀਂ ਸੀ ਕਰਵਾਇਆ। ਪਿੰਡ ਵਿਚ ਇਕ ਧਰਮਸਾਲ ਕਾਇਮ ਕੀਤੀ, ਜਿੱਥੇ ਅਖ਼ੀਰਲੇ ਦਮ ਤਕ ਸਤਸੰਗ, ਕਥਾ ਕੀਰਤਨ ਤੇ ਲਿਖਣ-ਪੜ੍ਹਨ ਦਾ ਕੰਮ ਕਰਦੇ ਰਹੇ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੇ ਸ਼ਰਧਾਲੂ ਮਾਲਵੇ ਤੋਂ ਇਲਾਵਾ ਦੁਆਬੇ ਦੇ ਇਲਾਕੇ ਵਿਚ ਵੀ ਫੈਲੇ ਹੋਏ ਸਨ।

---

7. ਸੈਂ.ਸ.ਲਾ. ਹ.ਲਿ.ਨੰ 692 ਦੇ 986 ਤੋਂ ਅਗਲੇ ਪੱਤਰੇ ਉੱਤੇ, ਲਿਖਿਆ ਹੋਇਆ ਹੈ ਕਿ ਦਰਬਾਰੀ, ਦੈਆ ਰਾਮ ਦਾ ਪੁੱਤਰ ਤੇ ਨੰਦ ਦਾ ਪੋਤਰਾ ਸੀ।
8. ਗਿਆਨੀ ਗਰਜਾ ਸਿੰਘ ਨੇ ਆਪਣੀ ਸੰਪਾਦਿਤ ਪੁਸਤਕ *ਸ਼ਹੀਦ ਬਿਲਾਸ ਕ੍ਰਿਤ ਕਵੀ ਸੇਵਾ ਸਿੰਘ*, 1961, ਫੁਟਨੋਟ ਪੰ. 29 ਵਿਚ ਲਿਖਿਆ ਹੈ ਕਿ ਭਾਈ ਦਰਬਾਰੀ ਸੋਢੀ ਸਨ, ਜੋ ਠੀਕ ਨਹੀਂ ਹੈ।
9. *ਪਰਚੀਆਂ ਭਗਤਾਂ ਦੀਆਂ - ਦਰਬਾਰੀ ਦਾਸ ਕ੍ਰਿਤ : ਵਿਵੇਚਨਾਤਮਕ ਅਧਿਐਨ*, ਪੰ. 31.
10. ਹੁਣ, ਇਹ ਬਲਾਕ ਕੋਟ ਕਪੂਰਾ, ਜ਼ਿਲਾ ਫ਼ਰੀਦਕੋਟ ਵਿਚ ਹੈ।
11. *ਮਾਝਾਂ ਭਾਈ ਦਰਬਾਰੀ*, ਪੰ. 5, ਪਰ ਗਿਆਨੀ ਬਲਵੰਤ ਸਿੰਘ (*ਕੋਠਾ ਗੁਰੂ ਦੀ ਗੌਰਵ ਗਾਥਾ*, ਪੰ. 145) ਤੇ ਪਿਆਰਾ ਸਿੰਘ ਪਦਮ (*ਕਲਮ ਦੇ ਚਮਤਕਾਰ*, 1980, ਪੰ. 207) ਅਨੁਸਾਰ ਭਾਈ ਦਰਬਾਰੀ ਜਵਾਨ ਹੋਣ ਤਕ ਕੋਠਾ ਗੁਰੂ ਵਿਚ ਹੀ ਰਹੇ।

SikhBookClub.com

ਭਾਈ ਦਰਬਾਰੀ ਦੇ ਜੀਵਨ-ਕਾਲ ਬਾਰੇ ਪੱਕਾ ਪਤਾ ਨਹੀਂ ਮਿਲਦਾ। ਇਸ ਸੰਬੰਧ ਵਿਚ ਦੋ ਨਿਸਚਿਤ ਤਾਰੀਖ਼ਾਂ ਸਾਹਮਣੇ ਆਉਂਦੀਆਂ ਹਨ, ਇਕ ਸੰਮਤ 1800 ਭਾਦ੍ਰ ਵਦਿ ਅਮਾਵਸਿਆ 15 (1743 ਈ.), ਜਦੋਂ ਪੋਥੀ *(ਸੁਖਮਨੀ ਸਹੰਸਰਨਾਮਾ)* ਲਿਖਣ ਦਾ ਆਰੰਭ ਹੋਇਆ[12] ਤੇ ਦੂਜੀ 1803 ਈ. *ਹਰਿਜਸ ਪੋਥੀ* ਦੇ ਸੰਪੂਰਨ ਹੋਣ ਦੀ। ਜੇ ਮੰਨ ਲਈਏ ਕਿ ਭਾਈ ਦਰਬਾਰੀ *ਸੁਖਮਨੀ ਸਹੰਸਰਨਾਮੇ* ਦਾ ਉਤਾਰਾ ਕਰਨ ਵੇਲੇ ਤਕਰੀਬਨ 20 ਸਾਲਾਂ ਦੇ ਸਨ ਤੇ ਉਨ੍ਹਾਂ ਦਾ ਦੇਹੰਤ *ਹਰਿਜਸ ਪੋਥੀ* ਲਿਖਣ ਤੋਂ ਕੋਈ ਛੇ-ਸੱਤ ਸਾਲ ਬਾਅਦ ਹੋਇਆ, ਤਾਂ ਉਨ੍ਹਾਂ ਦਾ ਜੀਵਨ-ਕਾਲ ਲਗ-ਪਗ 1723 ਤੋਂ 1810 ਈ. ਤਕ ਮਿਥਿਆ ਜਾ ਸਕਦਾ ਹੈ।

ਭਾਈ ਦਰਬਾਰੀ ਤੋਂ ਪਿੱਛੋਂ ਉਨ੍ਹਾਂ ਦੀ ਭੈਣ ਦਾ ਲੜਕਾ ਸੁੱਖਾ ਉਨ੍ਹਾਂ ਦਾ ਉੱਤਰ-ਅਧਿਕਾਰੀ ਬਣਿਆ। ਸ਼ੁਰੂ ਸ਼ੁਰੂ ਵਿਚ ਭਾਈ ਦਰਬਾਰੀ ਦੇ ਵਾਰਸਾਂ ਦੇ ਨਾਂ ਕਾਫ਼ੀ ਜ਼ਮੀਨ ਸੀ। ਹੁਣ, ਵੈਰੋਕੇ ਗੁਰਦੁਆਰੇ ਦੇ ਭਾਈ ਆਲਾ ਸਿੰਘ ਜੀ ਅਨੁਸਾਰ, ਗੁਰਦੁਆਰਾ ਭਾਈ ਦਰਬਾਰੀ ਦੇ ਨਾਲ ਸਿਰਫ਼ ਇਕ ਕਿੱਲਾ ਜ਼ਮੀਨ ਹੈ।

× × × ×

ਭਾਈ ਦਰਬਾਰੀ ਛੋਟੇ ਮੇਲ ਦੀ ਮੁਹੰਮਦੀਪੁਰ ਸ਼ਾਖ਼ ਦੇ ਗੱਦੀਦਾਰ ਸੋਢੀ ਜੀਵਨ ਮੱਲ (ਜਨਮ 1694 ਈ.) ਦੇ ਸਮਕਾਲੀ ਸਨ। ਉਨ੍ਹਾਂ ਨੇ 1744 ਈ. ਵਿਚ *ਸੁਖਮਨੀ ਸਹੰਸਰਨਾਮੇ* ਦਾ ਉਤਾਰਾ ਕੀਤਾ ਸੀ। ਇਸ ਹੱਥ-ਲਿਖਤ ਦੀ ਇਕ ਪ੍ਰਤੀ ਸੈਂ.ਸ.ਲਾ. ਵਿਚ ਨੰ. 692 ਉੱਤੇ ਸੁਰੱਖਿਅਤ ਹੈ, ਜਿਸ ਦੀ 26ਵੀਂ ਅਸ਼ਟਪਦੀ (ਪੱਤਰਾ 905) ਤੋਂ ਪਹਿਲਾਂ, ਇਕ ਵੱਖਰੇ ਪੱਤਰੇ ਉੱਤੇ, ਹੇਠ-ਲਿਖਿਆ ਛੰਦ ਅੰਕਿਤ ਹੈ:

ਸੋਹਣੀ ਸੂਰਤ ਤੇ ਭਭੀ ਦਾਹੜੀ ਗੁਰੂ ਜੀਵਨ ਮਲੁ ਅਉਤਾਰੀ।
ਦਾਸੀ ਚਰਨ ਮਲੇ ਨਿਤ ਤੇਰੇ ਤੁਹਿ ਪਕੜ ਭੁਜਾ ਹੈ ਤਾਰੀ।
ਲੈਇ ਗਿਰੰਥਿ ਤੁਧਿ ਅਗੇ ਦਿਤਾ ਥਾਪੀ ਮਾਰਿ ਨਿਸਤਾਰੀ।
ਗੁਰੂ ਜੀਵਨ ਮਲ ਤੁਧਿ ਬਿਨਿ ਓਟਿ ਨਾ ਕਾਈ ਤੂੰ ਰਾਖੀ ਪੈਜ ਹੰਮਾਰੀ।

ਇਸ ਛੰਦ ਤੋਂ ਪ੍ਰਤੀਤ ਹੁੰਦਾ ਹੈ ਕਿ ਸੁਖਮਨੀ ਸਹੰਸਰਨਾਮੇ ਦੀ ਇਹ ਨਕਲ ਭਾਈ ਦਰਬਾਰੀ ਨੇ ਸੋਢੀ ਜੀਵਨ ਮੱਲ ਦੀ ਸੇਵਾ ਵਿਚ ਭੇਟ ਕਰਨ ਲਈ ਤਿਆਰ ਕੀਤੀ ਸੀ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਛੋਟੇ ਮੇਲ ਦੀਆਂ ਮੁਹੰਮਦੀਪੁਰ ਤੇ ਕੋਠਾ ਗੁਰੂ ਸ਼ਾਖ਼ਾਂ ਵਿਚ ਸਦਭਾਵਨਾ ਵਾਲੇ ਸੰਬੰਧ ਸਨ।

× × × ×

ਭਾਈ ਦਰਬਾਰੀ ਰਚਿਤ *ਪੋਥੀ ਹਰਿਜਸ* ਵਿਚ ਆਈਆਂ ਦੋ ਟੂਕਾਂ ਤੋਂ ਇਹ ਭੁਲੇਖਾ ਲੱਗਣ ਦਾ ਇਮਕਾਨ ਹੈ ਕਿ ਸੋਢੀ ਨਿਰਭਉ ਤੋਂ ਬਾਅਦ ਭਾਈ ਦਰਬਾਰੀ ਵੀ ਗੱਦੀਦਾਰ ਬਣੇ ਸਨ।[13] ਪਹਿਲੀ ਟੂਕ ਹੈ:

12. ਸੈਂ.ਸ.ਲਾ. ਹ.ਲਿ. 692, ਪੱਤਰਾ 1.
13. ਗੁਰਚਰਨ ਸਿੰਘ ਸੇਕ, *ਪਰਚੀਆਂ ਭਗਤਾਂ ਦੀਆਂ - ਦਰਬਾਰੀ ਦਾਸ ਕ੍ਰਿਤ : ਵਿਵੇਚਨਾਤਮਕ ਅਧਿਐਨ*, 1998, ਪੰ. 34.

SikhBookClub.com

ਸਾਧ ਸੰਗਤਿ ਵਿਚ ਦੋ ਹੋਇ ਬੋਲੇ।
ਜਨ ਅਪਨੈ ਕੇ ਬੰਧਨ ਖੋਲੇ।
ਜਨਮ ਜਨਮ ਕਾ ਸੰਸਾ ਚੂਕਾ ਬਿਨਸੇ ਆਲ ਜੰਜਾਲਾ ਜੀ॥੨॥

(ਹਰਿਜਸ ਪੋਥੀ, ਪੱਤਰਾ 228ਅ-229ੳ)

'ਦੋ ਹੋਇ ਬੋਲੇ' ਤੋਂ ਇਹ ਮਤਲਬ ਕੱਢਿਆ ਗਿਆ ਹੈ ਕਿ ਸੋਢੀ ਨਿਰਭਉ ਤੋਂ ਬਾਅਦ ਦੋ ਗੱਦੀਦਾਰ ਥਾਪੇ ਗਏ ਸਨ, ਇਕ ਸੋਢੀ ਦੀਦਾਰ ਦਾਸ ਤੇ ਦੂਜੇ ਭਾਈ ਦਰਬਾਰੀ।

ਦੂਜੀ ਟੂਕ ਹੈ :

ਕਰੀ ਕ੍ਰਿਪਾ ਗੁਰ ਨਿਰਭਉ ਆਪੇ।
ਨਿਰਭਉ ਭਏ ਸਗਲੇ ਭਉ ਕਾਪੇ।
ਆਪੇ ਅਪਨਾ ਖੇਲੁ ਬਨਾਇਆ ਜਨ ਕਉ ਭੈਆ ਉਜਾਲਾ ਜੀ॥੫॥
ਕਿਥੇ ਖਿਵਿਆ ਆਇ ਕਿਥੇ ਵੁਠਾ।
ਇਉ ਜਾਣਹੁ ਗੁਰੂ ਪੂਰਾ ਤੁਠਾ।
ਭੈ ਭੰਜਨ ਅਘ ਦੂਖ ਬਿਨਾਸਨਿ ਕਰਿ ਕਿਰਪਾ ਦੀਨੀ ਮਾਲਾ ਜੀ॥੬॥

(ਹਰਿਜਸ ਪੋਥੀ, ਪੱਤਰਾ 229ੳ)

ਏਥੇ ਸੋਢੀ ਨਿਰਭਉ ਵੱਲੋਂ ਭਾਈ ਦਰਬਾਰੀ ਨੂੰ ਮਾਲਾ ਦੇਣ ਦਾ ਮਤਲਬ ਗੱਦੀ ਸੌਂਪ ਦੇਣ ਦਾ ਲਿਆ ਗਿਆ ਹੈ।[14] ਸਾਡੇ ਖ਼ਿਆਲ ਵਿਚ ਸੋਢੀ ਨਿਰਭਉ ਨੇ ਭਾਈ ਦਰਬਾਰੀ ਨੂੰ, ਜੋ ਸੋਢੀ ਨਹੀਂ ਸਨ, ਮਾਲਾ ਦੇ ਕੇ ਤਾਂ ਨਿਵਾਜਿਆ, ਪਰ ਸੋਢੀਆਂ ਦੀ ਗੱਦੀ ਉੱਤੇ ਕਦੇ ਨਹੀਂ ਬਿਠਾਇਆ। ਭਾਈ ਦਰਬਾਰੀ ਨੇ *ਪੋਥੀ ਹਰਿਜਸ* ਵਿਚ ਖ਼ੁਦ ਲਿਖਿਆ ਹੈ ਕਿ ਸੋਢੀ ਨਿਰਭਉ ਨੇ ਅਗਲੀ ਗੱਦੀ ਸੋਢੀ ਦੀਦਾਰ ਦਾਸ ਨੂੰ ਸੌਂਪੀ ਸੀ :

ਗੁਰੁ ਦੀਦਾਰ ਦਾਸੁ ਬਹਾਲਿਆ ਓਤਿ ਠੌਰ ਓਤਿ ਠਾਇ॥ *(ਪੱਤਰਾ 760/3ੳ)*

ਕੁਸ਼ਲ ਦਾਸ, ਜੋ ਭਾਈ ਦਰਬਾਰੀ ਦਾ ਸਮਕਾਲੀ ਤੇ ਗੁਰ-ਭਾਈ ਸੀ, 1816 ਈ. ਵਿਚ ਲਿਖਦਾ ਹੈ ਕਿ ਸੋਢੀ ਨਿਰਭਉ ਦੇ ਬਾਅਦ ਸੋਢੀ ਦੀਦਾਰ ਦਾਸ ਤੇ ਸੋਢੀ ਦੀਦਾਰ ਦਾਸ ਦੇ ਬਾਅਦ ਸੋਢੀ ਮਹਾਂ ਸਿੰਘ ਗੱਦੀਦਾਰ ਬਣੇ।[15] ਭਾਈ ਦਰਬਾਰੀ ਕੁਸ਼ਲ ਦਾਸ ਦੀ ਗਿਣਤੀ ਵਿਚ ਨਹੀਂ ਆਉਂਦੇ।

x x x x

ਏਥੇ ਇਕ ਹੋਰ ਸ਼ੱਕ ਦੀ ਨਵਿਰਤੀ ਕਰਨੀ ਵੀ ਜ਼ਰੂਰੀ ਹੈ। ਦੀਵਾਨੇ ਸਾਧਾਂ ਦੀ ਗੁਰਪ੍ਰਣਾਲੀ ਵਿਚ ਇਕ ਦਰਬਾਰੀ (ਦਾਸ) ਦਾ ਨਾਂ ਆਉਂਦਾ ਹੈ :

ਗੁਰੂ ਨਾਨਕ - ਗੁਰੂ ਅੰਗਦ - ਗੁਰੂ ਅਮਰ ਦਾਸ - ਗੁਰੂ ਰਾਮ ਦਾਸ - ਗੁਰੂ ਅਰਜਨ - ਗੁਰੂ ਸਾਹਿਬ (ਪਿਰਥੀ ਚੰਦ) - ਮਿਹਰਵਾਨ - ਭੂੰਦੜ - ਬਾਲਾ - ਹਰੀ ਦਾਸ - ਮੱਸਾ ਦਾਸ - **ਦਰਬਾਰੀ ਦਾਸ** - ਚਤੁਰ ਦਾਸ - ਰਾਮ ਸੁੰਦਰ - ਨਿਕਟਿ ਨੰਦ - ਸਿਦਕੀ ਦਾਸ - ਮਨ ਮੋਹਨ - ਰਾਮ ਦਾਸ।[16]

---

14. ਗਿਆਨੀ ਗਰਜਾ ਸਿੰਘ ਨੇ (*ਸ਼ਹੀਦ ਬਿਲਾਸ*, ਫੁਟਨੋਟ ਪੰ. 29) ਵਿਚ ਲਿਖਿਆ ਹੈ : "..ਸੋਢੀ ਅਭੈ ਰਾਮ ਤੋਂ ਬਾਦ ਗੱਦੀ ਤੇ ਬੈਠੇ ਸੋਢੀ ਦਰਬਾਰੀ..."। ਉਨ੍ਹਾਂ ਨੂੰ ਇਹ ਗਲਤੀ ਸ਼ਾਇਦ ਇਸ ਟੂਕ ਤੋਂ ਲੱਗੀ ਹੈ।
15. ਗੁ.ਨਾ.ਦੇ.ਯੂ. ਹ.ਲਿ. 598, ਪੱਤਰਾ 173.
16. ਭਾ.ਵਿ. ਹ.ਲਿ. 521, *ਪਤਿ ਪੋਥੀ*, ਪੰ. 546-547.

SikhBookClub.com

ਕੀ ਇਸ ਪ੍ਣਾਲੀ ਵਾਲਾ ਦਰਬਾਰੀ ਦਾਸ ਵੈਰੋਕੇ ਵਾਲਾ ਭਾਈ ਦਰਬਾਰੀ ਸੀ ਜਾਂ ਇਹ ਦੋ ਵੱਖ ਵੱਖ ਵਿਅਕਤੀ ਸਨ ?

ਪਿਆਰਾ ਸਿੰਘ ਪਦਮ ਦਾ ਖ਼ਿਆਲ ਹੈ ਕਿ ਇਹ ਇੱਕੋ ਸ਼ਖ਼ਸ ਸੀ।[17]

ਗੁਰਚਰਨ ਸਿੰਘ ਸੇਕ[18] ਤੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, ਪਿਆਰਾ ਸਿੰਘ ਪਦਮ ਨਾਲ ਸਹਿਮਤ ਨਹੀਂ ਹਨ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਅਨੁਸਾਰ ਦਰਬਾਰੀ ਦਾਸ ਨਾਮ ਦੇ ਦੋ ਮਹਾਂਪੁਰਖ ਹੋਏ ਹਨ—ਪਹਿਲਾ ਦਰਬਾਰੀ ਦਾਸ ਦੀਵਾਨਾ ਸਾਧੂ, ਮੱਸਾ ਦਾਸ ਦਾ ਚੇਲਾ ਤੇ ਦੂਜਾ ਪਿੰਡ ਵੈਰੋਕੇ ਵਾਲਾ ਦਰਬਾਰੀ ਦਾਸ, ਸੋਢੀ ਅਭੈ ਰਾਮ ਦਾ ਸ਼ਿੱਸ਼, ਜਿਸ ਦਾ ਦੀਵਾਨਿਆਂ ਨਾਲ ਕੋਈ ਸੰਪਰਕ ਨਹੀਂ ਸੀ।[19]

ਡਾ. ਮਾਨ ਸਿੰਘ ਨਿਰੰਕਾਰੀ, ਚੰਡੀਗੜ੍ਹ ਦੀ ਕਲੈਕਸ਼ਨ ਵਿਚ ਇਕ ਹੱਥ-ਲਿਖਤ 'ਗ੍ਰੰਥ ਹਰੀਆ ਜੀ ਦਾ' ਮੌਜੂਦ ਹੈ, ਜਿਸ ਦਾ ਸੰਪਾਦਕ 'ਦੇਰਬਾਰੀ' ਹੈ। ਇਸ ਗ੍ਰੰਥ ਦੀ ਪੁਸ਼ਪਿਕਾ ਵਿਚ ਲਿਖਿਆ ਹੈ :

> ੧ਓ ਗਿਰੰਥੁ ਸੁਧਾਰ ਸਵਾਰਿਆ ਖਾਨਜਾਦ ਗੁਲਾਮ।
> ਨਾਨਕ ਪੰਥੀ ਜਨ ਦਰਬਾਰੀ ਰਾਖ ਸਾਮ ਅਭਿਰਾਮ॥੧॥
> ਭੂਲ ਚੂਕ ਬਖਸੋ ਮੁਝੇ ਹੋਇ ਮਿਹਰ ਕੈ ਖਾਨੇ।
> ਨਾਨਕ ਪੰਥੀ ਜਨ ਦਰਬਾਰੀ ਬਿਨਤੀ ਕਰੀ ਦਿਵਾਨੇ॥੨॥[20]

ਇਸ ਪੁਸ਼ਪਿਕਾ ਵਿਚ ਕਵੀ-ਛਾਪ 'ਨਾਨਕ ਪੰਥੀ ਜਨ ਦਰਬਾਰੀ' ਹੈ, ਨਾਲੇ ਦਰਬਾਰੀ ਨੇ ਆਪਣੇ ਲਈ 'ਦਿਵਾਨਾ' ਸ਼ਬਦ ਵਰਤਿਆ ਹੈ। 'ਨਾਨਕ ਪੰਥੀ ਜਨ ਦਰਬਾਰੀ' ਵੈਰੋਕੇ ਵਾਲੇ ਭਾਈ ਦਰਬਾਰੀ ਦੀ ਮੋਹਰ ਹੈ, ਜੋ ਉਹ *ਹਰਿਜਸ ਪੋਥੀ* ਵਿਚ

---

17. (ੳ) "ਬਾਵਾ ਹਰੀਏ ਤੋਂ ਬਾਦ ਮੱਸਾ ਦਾਸ ਗੱਦੀ ਤੇ ਬੈਠਾ ਤੇ ਮੱਸੇ ਤੋਂ ਪਿੱਛੇ ਭਾਈ ਦਰਬਾਰੀ ਗੱਦੀਦਾਰ ਹੋਇਆ। ਇਹ ਜ਼ਿਆਦਾ ਗੁਰੂ ਕੇ ਕੋਠੇ ਜਾਂ ਵੈਰੋਕੇ ਰਿਹਾ। ਇਹ ਸੋਢੀ ਮਿਹਰਬਾਨ ਦੇ ਉਤਰਾਧਿਕਾਰੀਆਂ ਵਿਚੋਂ ਅਭੈਚੰਦ ਦਾ ਨਿਕਟਵਰਤੀ ਸ਼ਰਧਾਲੂ ਸੇਵਕ ਸੀ, ਇਸ ਦੀ ਰਚਨਾ ਦਾ 918 ਪੱਤਰਿਆਂ ਵਾਲਾ ਗ੍ਰੰਥ ਵੈਰੋਕੇ ਦੇ ਗੁਰਦੁਆਰੇ ਵਿਚ ਪਿਆ ਹੈ।" ਵੇਖੋ, *ਸਿੱਖ ਸੰਪ੍ਰਦਾਵਲੀ*, 2000, ਪੰ. 92.
    (ਅ) ਮੱਸਾ ਦਾਸ ... ਤੋਂ ਪਿੱਛੋਂ ਦਰਬਾਰੀ ਦਾਸ ਗੱਦੀਦਾਰ ਹੋਇਆ। ਸੋ ਦੀਵਾਨੇ ਭੇਖ ਵਿਚ ਵੀ ਇਸ ਦੀ ਮਾਨਯੋਗ ਥਾਂ ਰਹੀ। (*ਕਲਮ ਦੇ ਚਮਤਕਾਰ*, ਪੰ. 206)
18. *ਪਰਚੀਆਂ ਭਗਤਾਂ ਦੀਆਂ*, 1998, ਪੰ. 31.
19. *ਕੋਠਾ ਗੁਰੂ ਦੀ ਗੌਰਵ ਗਾਥਾ*, 2004, ਪੰ. 111 ਫੁ.ਨੋ.। ਗਿਆਨੀ ਜੀ ਨੇ ਇਸੇ ਪੰਨੇ ਉੱਤੇ ਦਰਬਾਰੀ ਦਾਸ ਦੀਵਾਨੇ ਸਾਧ ਦੀ ਕਵਿਤਾ ਦਾ ਇਕ ਨਮੂਨਾ ਦਿੱਤਾ ਹੈ :
    ਹਰੀਐ ਬਾਲੇ ਸਚ ਪਾਛਾਤਾ ਹਰਿ ਕੀ ਭਗਤ ਕਮਾਈ।
    ਰਜਨੀ ਸਜਨੀ ਸਕੀਆਂ ਭੈਣਾ, ਰੰਕਾ ਬੰਕਾ ਭਾਈ।
    ਸਾਹਿਬ ਇਕਸੁ ਕਿਸੇ ਦਾ ਨਾਹੀ ਸਭਨਾ ਸਾਝਾ ਸਾਈ।
    ਪਿਛੇ ਉਧਰੇ ਬਹੁਤ ਉਧਾਰੇ ਦਰਬਾਰੀ ਦੀ ਕਰੁ ਕਾਈ।
    ਇਹ ਕਵਿਤਾ ਦਰਅਸਲ ਇਕ ਮਾਝ ਹੈ ਜੋ ਵੈਰੋਕੇ ਵਾਲੇ ਭਾਈ ਦਰਬਾਰੀ ਦੀ ਰਚਨਾ ਹੈ, ਦੀਵਾਨੇ ਸਾਧ ਦਰਬਾਰੀ ਦਾਸ ਦੀ ਨਹੀਂ। ਗਿਆਨੀ ਜੀ ਨੂੰ ਟਪਲਾ ਲੱਗਾ ਲੱਗਦਾ ਹੈ। ਵੇਖੋ, *ਹਰਿਜਸ ਪੋਥੀ* ਦੇ ਪੱਤਰਾ 910 ਤੋਂ ਅੱਗੇ ਲੱਗੇ ਵਾਧੂ ਪੱਤਰੇ ਉੱਤੇ ਮਾਝ, ਅੰਕ 4। ਇਹ ਜੱਥੇਦਾਰ ਕਿਰਪਾਲ ਸਿੰਘ ਦੀ ਪੁਸਤਕ *ਮਾਝਾਂ ਭਾਈ ਦਰਬਾਰੀ* ਦੇ ਪੰਨਾ 60-61 ਉੱਪਰ 279ਵੀਂ ਮਾਝ ਹੈ।
20. Manuscript Sr. 17 (2000.1.18), *Dawanayia Granth (Haria Granth)*, Manuscript Section (*Gurmukhi*), Government Museum and Art Gallery, Chandigarh. Also see its Descriptive Catalogue, 2005, p. 32.

SikhBookClub.com

ਆਮ ਵਰਤਦਾ ਹੈ। ਇਸ ਤੋਂ ਲੱਗਦਾ ਹੈ ਕਿ ਇਸ ਗ੍ਰੰਥ ਦਾ ਸੰਪਾਦਕ ਵੈਰੋਕੇ ਵਾਲਾ ਭਾਈ ਦਰਬਾਰੀ ਸੀ, ਪਰ ਚੂੰਕਿ ਉਹੀ ਸੰਪਾਦਕ ਆਪਣੇ ਆਪ ਨੂੰ 'ਦਿਵਾਨਾ' ਵੀ ਕਹਿੰਦਾ ਹੈ, ਇਸ ਲਈ ਸ਼ੱਕ ਪੈਦਾ ਹੁੰਦਾ ਹੈ ਕਿ ਵੈਰੋਕੇ ਵਾਲਾ ਭਾਈ ਦਰਬਾਰੀ ਤੇ ਦੀਵਾਨਾ ਸਾਧ ਦਰਬਾਰੀ ਇੱਕੋ ਸ਼ਖ਼ਸ ਸਨ।

ਸਾਡਾ ਵਿਚਾਰ ਹੈ ਕਿ ਹਰੀਆ ਜੀ ਦੇ ਗ੍ਰੰਥ ਦਾ ਸੰਪਾਦਕ, ਵੈਰੋਕੇ ਵਾਲਾ ਭਾਈ ਦਰਬਾਰੀ, ਆਪ ਦੀਵਾਨਾ ਨਹੀਂ ਸੀ। ਉਸ ਦੀ ਆਪਣੀ ਜਾਂ ਉਸ ਉੱਪਰ ਕਿਸੇ ਹੋਰ ਦੀ ਲਿਖਤ ਵਿੱਚੋਂ ਉਸ ਦੇ ਦੀਵਾਨਾ ਹੋਣ ਦਾ ਕੋਈ ਪ੍ਰਮਾਣ ਨਹੀਂ ਮਿਲਦਾ। 919 ਪੱਤਰਿਆਂ ਵਾਲੀ *ਹਰਿਜਸ ਪੋਥੀ* ਵਿਚ ਭਾਈ ਦਰਬਾਰੀ ਨੇ ਦੀਵਾਨੇ ਸਾਧ ਦਰਬਾਰੀ ਦੇ ਗੁਰੂ ਮੱਸਾ ਦਾਸ ਦਾ ਜਾਂ ਦੀਵਾਨਾ ਫ਼ਿਰਕੇ ਨਾਲ ਕਿਸੇ ਵੀ ਦੂਰ-ਨੇੜੇ ਦੇ ਸੰਬੰਧ ਦਾ ਜ਼ਿਕਰ ਨਹੀਂ ਕੀਤਾ। ਸਾਰੀ ਪੋਥੀ ਵਿਚ 'ਦਿਵਾਨਾ' ਲਫ਼ਜ਼ ਕੇਵਲ 4 ਵਾਰ ਵਰਤਿਆ ਗਿਆ ਹੈ ਤੇ ਹਰ ਵਾਰ 'ਕਮਲੇ' ਜਾਂ 'ਪਗਲੇ' ਦੇ ਅਰਥਾਂ ਵਿਚ। ਪੋਥੀ ਵਿਚ ਭਾਈ ਦਰਬਾਰੀ ਆਪਣੇ ਆਪ ਨੂੰ ਸੋਢੀ ਅਭੈ ਰਾਮ ਤੇ ਸੋਢੀ ਨਿਰਭਉ ਦਾ ਸੇਵਕ ਦੱਸਦਾ ਹੈ, ਮੱਸਾ ਦਾਸ ਦਾ ਚੇਲਾ ਨਹੀਂ।

ਸਾਨੂੰ ਇਕ ਹੋਰ ਪੱਕਾ ਸਬੂਤ ਭਾਸ਼ਾ ਵਿਭਾਗ ਦੀ ਹੱਥ-ਲਿਖਤ 521, ਮਿਤੀ 1848 ਈ. ਵਿਚ ਕਵੀ ਰਾਮ ਸਿੰਘ ਪੰਜਾਬੀ ਦੀ ਰਚੀ ਦੀਵਾਨਿਆਂ ਦੀ ਗੁਰਪ੍ਰਣਾਲੀ ਵਿੱਚੋਂ ਮਿਲ ਗਿਆ ਹੈ, ਜੋ ਸਾਬਤ ਕਰਦਾ ਹੈ ਕਿ ਦੀਵਾਨਾ ਸਾਧ ਦਰਬਾਰੀ ਤੇ ਵੈਰੋਕੇ ਵਾਲਾ ਭਾਈ ਦਰਬਾਰੀ ਦੋ ਵੱਖ ਵੱਖ ਵਿਅਕਤੀ ਸਨ। ਕਵੀ ਰਾਮ ਸਿੰਘ ਪੰਜਾਬੀ ਲਿਖਦਾ ਹੈ :

ਹਰੀਦਾਸ ਕੇ ਪੂਤ ਦਾਸ ਦਰਬਾਰੀ ਤਾਸ ਗੁਰ ॥[21]

ਏਥੇ ਤਾਸ ਤੋਂ ਭਾਵ 'ਚਤੁਰ ਦਾਸ' ਹੈ। ਇਸ ਤੁਕ ਦਾ ਮਤਲਬ ਹੈ ਕਿ ਹਰੀਦਾਸ ਦਾ ਪੁੱਤਰ ਦਰਬਾਰੀ ਦਾਸ ਚਤੁਰ ਦਾਸ ਦਾ ਗੁਰੂ ਸੀ। ਅਸੀਂ ਉੱਪਰ ਦੱਸ ਆਏ ਹਾਂ ਕਿ ਭਾਈ ਦਰਬਾਰੀ ਦੇ ਪਿਤਾ ਦਾ ਨਾਂ ਦਇਆ ਰਾਮ ਸੀ। ਦੀਵਾਨੇ ਸਾਧ ਦਰਬਾਰੀ ਦਾਸ ਦੇ ਪਿਤਾ ਦਾ ਨਾਂ ਹਰੀਦਾਸ ਹੈ, ਜੋ ਨਿਰਸੰਦੇਹ ਸਿੱਧ ਕਰਦਾ ਹੈ ਕਿ ਇਹ ਦੋ ਵੱਖ ਵੱਖ ਵਿਅਕਤੀ ਸਨ।

ਭਾਈ ਦਰਬਾਰੀ ਦੀ ਰਚਨਾ

1. ਭਾਈ ਦਰਬਾਰੀ ਦੀ ਮੁਖ ਰਚਨਾ *ਪੋਥੀ ਹਰਿਜਸ*[22] ਹੈ। ਇਹ 919 ਪੱਤਰਿਆਂ ਦੀ 1803 ਈ. ਵਿਚ ਰਚਿਤ ਪੋਥੀ ਗੁਰਦੁਆਰਾ ਭਾਈ ਦਰਬਾਰੀ, ਪਿੰਡ ਵੈਰੋਕੇ ਵਿਚ ਸੁਰੱਖਿਅਤ ਹੈ। ਇਸ ਦੇ ਸ਼ੁਰੂ ਵਿਚ ਛੋਟੇ ਮੇਲ ਦੀ ਨੁਹਾਰ ਵਾਲਾ ਮੂਲ

21. ਭਾ.ਵਿ. ਹ.ਲਿ. 521, ਪੰ. 12ਅ
22. ਇਸ ਗ੍ਰੰਥ ਦੀ ਕੰਪਿਊਟਰ ਸੀ.ਡੀ. ਦੀ ਇਕ ਕਾਪੀ ਸਾਡੇ ਪਾਸ ਸੁਰੱਖਿਅਤ ਹੈ। ਇਹ ਸੀ.ਡੀ. ਰੋਮ ਅਸਾਂ ਡਿਜੀਟਲ ਕੈਮਰੇ ਦੁਆਰਾ ਗੁਰਦੁਆਰਾ ਭਾਈ ਦਰਬਾਰੀ, ਪਿੰਡ ਵੈਰੋਕੇ ਵਿਚ 7 ਦਸੰਬਰ, 2004 ਨੂੰ ਬਣਾਈ ਸੀ। ਇਸ ਕਾਰਜ ਦੀ ਇਜਾਜ਼ਤ ਲਈ ਅਸੀਂ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ, ਤੇ ਖ਼ਾਸ ਕਰ ਕੇ ਉਸ ਵੇਲੇ ਦੇ ਪ੍ਰਧਾਨ ਸ. ਜਰਨੈਲ ਸਿੰਘ ਤੇ ਸਕੱਤਰ ਸ. ਜਗਦੇਵ ਸਿੰਘ ਦੇ ਅਤਿ ਧੰਨਵਾਦੀ ਹਾਂ।

SikhBookClub.com

ਮੰਤ੍ਰ ਹੈ, ਫੇਰ ਜਪੁਜੀ ਸਾਹਿਬ ਦੇ ਨਮੂਨੇ ਉੱਤੇ 'ਹਰਿਜਸ' ਨਾਂ ਦੀ ਰਚਨਾ ਹੈ। ਇਸ ਤੋਂ ਬਾਅਦ 35 ਰਾਗਾਂ ਵਿਚ ਰਚੇ ਸ਼ਬਦ ਤੇ 20 ਵਾਰਾਂ, 30 ਭਗਤਾਂ ਦੀਆਂ ਪਰਚੀਆਂ, ਅੰਗਾਂ ਦੀ ਬਾਣੀ, ਫੁਟਕਲ ਕਬਿੱਤ, ਸਵੱਯੇ, ਬਾਵਨ ਅੱਖਰੀ, ਬਾਰਾਂਮਾਹਾ, ਵਾਰਸਤਿ, 25 ਛਪੈ, ਬੈਂਤ, ਸੀਹਰਫ਼ੀਆਂ, ਮਾਝਾਂ, ਸਲੋਕ ਤੇ ਅੰਤ ਵਿਚ ਰਾਗਮਾਲਾ ਹੈ। ਇਸ ਪੋਥੀ ਦੇ ਰਚਨਾ ਬਿਉਰੇ ਲਈ ਵੇਖੋ ਸਾਰਨੀ ਨੰ. 4, ਪੰ. 160.

ਪੋਥੀ ਹਰਿਜਸ ਦੀਆਂ ਦੋ ਰਚਨਾਵਾਂ, 1) ਪਰਚੀਆਂ ਭਗਤਾਂ ਕੀਆਂ (ਪੱਤਰਾ 531ੳ-760/3ਅ ਤਕ), ਤੇ 2) ਮਾਝਾਂ (ਪੱਤਰਾ 895ੳ-914ੳ ਤਕ), ਛਪ ਚੁੱਕੀਆਂ ਹਨ। ਬਾਕੀ ਦੀਆਂ ਅਜੇ ਛਪਣੋਂ ਰਹਿੰਦੀਆਂ ਹਨ। ਅਸੀਂ ਇਸ ਸਾਰੀ ਪੋਥੀ ਨੂੰ ਆਪਣੀ ਪੁਸਤਕ-ਲੜੀ ਵਿਚ ਸੰਪਾਦਿਤ ਕਰਵਾ ਕੇ ਛਾਪ ਰਹੇ ਹਾਂ।

1.1. ਗੁਰਦੇਵ ਸਿੰਘ ਸਿੱਧੂ, ਮੁਹਾਲੀ, ਪਾਸ ਭਾਈ ਦਰਬਾਰੀ ਦੀ ਰਚਨਾ ਦਾ ਇਕ ਗੁਟਕਾ ਹੈ। ਇਸ ਦੀ ਫ਼ੋਟੋਸਟੈਟ ਕਾਪੀ ਸਾਡੇ ਪਾਸ ਮੌਜੂਦ ਹੈ।[23] ਇਸ ਹੱਥ-ਲਿਖਤ ਵਿਚ *ਪੋਥੀ ਹਰਿਜਸ* ਵਿੱਚੋਂ ਲਏ 23 ਰਾਗਾਂ ਦੇ ਚੋਣਵੇਂ ਸ਼ਬਦ ਤੇ ਕੁੱਝ ਬੈਂਤ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਭਾਈ ਦਰਬਾਰੀ ਦੇ ਵੱਡ-ਆਕਾਰੀ ਗ੍ਰੰਥ ਵਿੱਚੋਂ ਚੋਣਵੀਂ ਬਾਣੀ ਗੁਟਕਿਆਂ ਦੇ ਰੂਪ ਵਿਚ ਉਨ੍ਹਾਂ ਦੇ ਹੁੰਦਿਆਂ ਪ੍ਰਾਪਤ ਸੀ।

1.2. ਪ੍ਰੋ.ਪ੍ਰੀ.ਸਿੰ. ਹ.ਲਿ. 282 ਚਾਰ ਕਿਰਤਾਂ ਦਾ ਸੰਗ੍ਰਹਿ ਹੈ, ਜੋ ਉਤਮ ਦਾਸ ਲਿਖਾਰੀ ਨੇ ਸੰਮਤ 1942 ਬਿ. ਵਿਚ ਤਿਆਰ ਕੀਤਾ ਸੀ। ਇਸ ਦੀ ਤੀਸਰੀ ਕਿਰਤ 'ਨਿਰਨਾਂ ਸਾਰ ਭਾਖਾ' ਦੇ ਅੰਤ ਉੱਤੇ ਭਾਈ ਦਰਬਾਰੀ ਦਾ ਇਹ ਸਵੱਯਾ ਅੰਕਿਤ ਹੈ[24] :

> ਆਦਿ ਕਰੋ ਗੁਰਦੇਵ ਕੋ ਬੰਦਨ ਵਾਹਿਗੁਰੁ ਮੁਖ ਮਾਹਿ ਉਚਾਰੀ॥
> ਦੁਇ ਕਰਿ ਜੋਰਿ ਧਰੋ ਚਰਨਾਂ ਪਰਿ ਜਾਉ ਸਦਾ ਗੁਰ ਕੇ ਬਲਿਹਾਰੀ॥
> ਕਾਨ ਸੁਨੈ ਉਪਮਾ ਗੁਰ ਕੀ ਗੁਰ ਮੂਰਤਿ ਧਿਆਨ ਰਿਦੇ ਉਰਧਾਰੀ॥
> ਵਾਹਿਗੁਰੁ ਗੁਰ ਨਾਨਕ ਸਾਹਿਬੁ ਸੇਵਕ ਸਰਨ ਗਹੀ ਦਰਿਬਾਰੀ॥੧॥
>
> *(ਪੱਤਰਾ 46ਅ-47ੳ)*

ਇਹ ਸਵੱਯਾ *ਪੋਥੀ ਹਰਿਜਸ* ਦੇ ਪੱਤਰਾ 761.1 ਉੱਤੇ ਦਰਜ ਹੈ।

1.3. ਸਹੰਸਰ ਨਾਮ ਮਾਲਾ

ਜੱਥੇਦਾਰ ਕਿਰਪਾਲ ਸਿੰਘ ਲਿਖ ਗਏ ਹਨ ਕਿ "ਭਾਈ ਦਰਬਾਰੀ ਦੀ ਇਕ ਰਚਨਾ 'ਸਹੰਸਰ ਨਾਮ ਮਾਲਾ' ਮੇਰੀ ਲਾਇਬ੍ਰੇਰੀ ਵਿਚ ਹੱਥ-ਲਿਖਤ ਪੋਥੀ ਵਿਚ ਦਰਜ ਹੈ ਜਿਸ ਦੇ ਕੁੱਲ 10 ਸਵੱਯੇ ਹਨ। ਇਹ 10 ਸਵੱਯੇ ਪੋਥੀ ਕੁਸ਼ਲ ਦਾਸ ਦੇ ਪੱਤ੍ਰਾ 194 ਤੋਂ 195 ਉੱਪਰ ਪ੍ਰਾਪਤ ਹਨ।"[25] ਸਾਨੂੰ ਇਹ 'ਸਹੰਸਰ ਨਾਮ ਮਾਲਾ' ਵੇਖਣ ਦਾ ਮੌਕਾ ਨਹੀਂ ਮਿਲਿਆ। ਜੱਥੇਦਾਰ ਹੁਰਾਂ 'ਪੋਥੀ ਕੁਸ਼ਲ ਦਾਸ' ਬਾਰੇ ਵੀ ਹੋਰ ਕੁੱਝ ਨਹੀਂ ਦੱਸਿਆ। ਅਸਾਂ ਕੁਸ਼ਲ ਦਾਸ ਦੀ 'ਪੋਥੀ ਸਾਹਿਬ' (ਗੁ.ਨਾ.ਦੇ.ਯੂ. ਹ.ਲਿ. 598)

---

23. ਇਹ ਸਾਨੂੰ ਗੁਰਦੇਵ ਸਿੰਘ ਸਿੱਧੂ ਹੁਰਾਂ ਨੇ ਕਰਾ ਕੇ ਦਿੱਤੀ ਸੀ, ਜਿਸ ਲਈ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ।
24. *ਪੰ.ਹ.ਲਿ.ਸੂ*, ਭਾਗ ਦੂਜਾ, ਪੰ. 47 ਉੱਤੇ ਇਸ ਦਾ ਨੰ. 174 ਹੈ।
25. *ਮਾਝਾਂ ਭਾਈ ਦਰਬਾਰੀ*, 1988, ਪੰ. 6.

SikhBookClub.com

ਦੀ ਜਾਂਚ ਕੀਤੀ ਹੈ। ਇਸ ਦੇ ਪੱਤਰਾ 194ਅ ਤੋਂ 197ੳ ਤਕ 'ਨਾਮ ਮਾਲਾ' ਸਿਰਲੇਖ ਹੇਠ 10 ਸਵੱਯੇ ਦਰਜ ਹਨ ਤੇ ਦਸਵੇਂ ਸਵੱਯੇ ਦੀ ਅਖ਼ੀਰਲੀ ਤੁਕ ਦੀ ਛਾਪ 'ਦਰਬਾਰੀ' ਹੈ :

ਨਾਨਕ ਦਾਸ ਬਿਆਸ ਬਿਨਾਸਨ ਸਿਆਮ ਕੀ ਸਾਮ ਗਹੀ ਦਰਬਾਰੀ॥੧੨॥੮੨॥
(ਪੋਥੀ ਸਾਹਿਬ : ਪੱਤਰਾ197ੳ)

ਭਾਈ ਦਰਬਾਰੀ ਰਚਿਤ *ਹਰਿਜਸ ਪੋਥੀ* ਦੇ ਪੱਤਰਾ 853 ਉੱਤੇ 'ਮਾਲ੍ਹ' ਸਿਰਲੇਖ ਹੇਠ 7 ਸਵੱਯੇ ਦਰਜ ਹਨ। ਇਨ੍ਹਾਂ ਵਿੱਚੋਂ ਇਕ ਪੂਰਾ ਸਵੱਯਾ ਤੇ ਦੂਜੇ ਦੀ ਆਖ਼ਰੀ ਤੁਕ ਕੁਸ਼ਲ ਦਾਸ ਨੇ ਆਪਣੀ ਰਚਨਾ ਵਿਚ ਸ਼ਾਮਿਲ ਕੀਤੇ ਹੋਏ ਹਨ।

1.4. ਪਿਰਥੀ ਚੰਦ ਗੁਰ ਬੰਸਾਵਲੀ ਕ੍ਰਿਤ ਭਾਈ ਦਰਬਾਰੀ

ਅਸੀਂ ਹਥਲੀ ਪੁਸਤਕ ਦੇ ਪੰ. 117-18 ਉੱਤੇ ਇਸ ਹੱਥ-ਲਿਖਤ ਬੰਸਾਵਲੀ ਦਾ ਜ਼ਿਕਰ ਕੀਤਾ ਹੈ। ਇਹ ਖਰੜਾ ਗੰਡਾ ਸਿੰਘ ਦੀ ਨਿਜੀ ਲਾਇਬ੍ਰੇਰੀ ਵਿਚ ਮੌਜੂਦ ਸੀ ਪਰ ਹੁਣ ਇਹ ਪਤਾ ਨਹੀਂ ਕਿੱਥੇ ਹੈ। ਜਿਹੜੀ ਨਕਲ ਗਿਆਨੀ ਗਰਜਾ ਸਿੰਘ ਪਾਸ ਸੀ, ਉਸ ਦਾ ਵੀ ਕੋਈ ਪਤਾ ਨਹੀਂ ਲੱਗ ਸਕਿਆ। ਸਾਡਾ ਯਕੀਨ ਹੈ ਕਿ ਇਸ ਬੰਸਾਵਲੀ ਵਾਲਾ ਪਾਠ ਉਹੀ ਹੈ, ਜੋ ਭਾਈ ਦਰਬਾਰੀ ਰਚਿਤ *ਹਰਿਜਸ ਪੋਥੀ* ਦੇ ਪੱਤਰਾ 222-229 ਉੱਤੇ ਦਰਜ ਹੈ।

2. ਜੱਥੇਦਾਰ ਕਿਰਪਾਲ ਸਿੰਘ ਦੀ ਦੱਸ ਅਨੁਸਾਰ, ਭਾਈ ਦਰਬਾਰੀ ਦੀਆਂ ਕੁੱਝ ਹੱਥ-ਲਿਖਤ ਪੋਥੀਆਂ ਸੰਤ ਗੁਲਾਬ ਸਿੰਘ ਘੋਲੀਏ ਵਾਲਿਆਂ ਦੇ ਗੁਰਦੁਆਰਾ ਅਨੰਦ ਭਵਨ, ਮੋਗਾ ਦੇ ਮਹੰਤ ਸ੍ਰੀ ਸਰਵਣ ਸਿੰਘ ਪਾਸ ਪਈਆਂ ਹਨ।[26] ਵੈਰੋਕੇ ਦੇ ਸਰਪੰਚ ਸ. ਸਰਬਜੀਤ ਸਿੰਘ ਨੇ ਵੀ ਸਾਨੂੰ ਇਹ ਸੂਚਨਾ ਦਿੱਤੀ ਸੀ। ਅਸੀਂ 7 ਦਸੰਬਰ, 2006 ਨੂੰ ਗੁਰਦੁਆਰਾ ਸੰਤ ਗੁਲਾਬ ਸਿਘ, ਮੋਗਾ ਦੇ ਮਹੰਤ ਸ੍ਰੀ ਭੁਪਿੰਦਰ ਸਿੰਘ ਨੂੰ ਮਿਲੇ ਸਾਂ ਪਰ ਹੱਥ-ਲਿਖਤਾਂ ਬਾਰੇ ਕੋਈ ਤਸੱਲੀਬਖ਼ਸ਼ ਜੁਆਬ ਨਹੀਂ ਸੀ ਮਿਲਿਆ। ਕੁੱਝ ਮਹੀਨਿਆਂ ਬਾਅਦ ਖ਼ਬਰ ਮਿਲੀ ਕਿ ਉਹ ਰੱਬ ਨੂੰ ਪਿਆਰੇ ਹੋ ਗਏ ਹਨ।

3. ਭਾਈ ਦਰਬਾਰੀ ਦੀ ਰਚਨਾ ਦੇ ਕੁੱਝ ਪੱਤਰੇ ਗੁ.ਨ.ਦੇ.ਯੂ. ਹ.ਲਿ. 598 (ਪੋਥੀ ਸਾਹਿਬ) ਦੇ ਸ਼ੁਰੂ ਵਿਚ ਤੇ ਕੁੱਝ ਅੰਤ ਵਿਚ ਲੱਗੇ ਹੋਏ ਹਨ। ਸ਼ੁਰੂ ਵਿਚ 'ਅਭਿਮਾਨ ਕੋ ਅੰਗ' ਤੇ 'ਰਾਗੁ ਭੈਰੋ ਵਾਰ ਦਸਾ ਅਉਤਾਰਾਂ ਕੀ, ਸਲੋਕਾਂ ਨਾਲਿ' ਦੇ ਸਿਰਲੇਖ ਥੱਲੇ ਕੁੱਝ ਅਧੂਰੀਆਂ ਕਿਰਤਾਂ ਹਨ। ਇਹ ਸਿਰਲੇਖ *ਪੋਥੀ ਹਰਿਜਸ* ਵਿਚ ਵੀ ਮਿਲਦੇ ਹਨ, ਪਰ ਉਨ੍ਹਾਂ ਦਾ ਪਾਠ ਭਿੰਨ ਹੈ। *ਪੋਥੀ ਸਾਹਿਬ* ਦੇ ਅਖ਼ੀਰ ਉੱਤੇ, ਪੱਤਰਾ 361ਅ ਤੋਂ ਅੱਗੇ, 8 ਫੁਟਕਲ ਪੱਤਰੇ ਅੱਗੇ-ਪਿੱਛੇ ਕਰ ਕੇ ਲਾਏ ਹੋਏ ਹਨ। ਇਹ ਨਿਰੰਤਰ ਨਹੀਂ ਹਨ, ਵਿੱਚੋਂ ਕੁੱਝ ਪੱਤਰੇ ਗੁੰਮ ਵੀ ਹਨ। ਇਨ੍ਹਾਂ ਵਿਚ ਦਰਬਾਰੀ ਛਾਪ ਵਾਲੇ ਸਲੋਕ ਅਤੇ ਪਉੜੀਆਂ ਹਨ, ਜਿਨ੍ਹਾਂ ਦੇ ਕੁੱਝ ਅੰਸ਼ *ਪੋਥੀ ਹਰਿਜਸ* ਵਿੱਚੋਂ ਲੱਭ ਗਏ ਹਨ, ਬਾਕੀ ਦੇ, ਇੰਜ ਲੱਗਦਾ ਹੈ, 'ਅਭਿਮਾਨ ਕੋ ਅੰਗ' ਤੇ 'ਰਾਗੁ ਭੈਰੋ ਵਾਰ ਦਸਾ

26. *ਉਹੀ*। ਮਹੰਤ ਸਰਵਣ ਸਿੰਘ ਜੀ 1989 ਈ. ਵਿਚ ਸੁਰਗਵਾਸ ਹੋ ਗਏ ਸਨ। ਉਨ੍ਹਾਂ ਤੋਂ ਬਾਅਦ ਸ੍ਰੀ ਭੁਪਿੰਦਰ ਸਿੰਘ ਜੀ (ਜਨਮ 1957 ਈ.) ਇਸ ਨਿਰਮਲ ਪੰਥੀ ਸੰਸਥਾ ਦੇ ਮਹੰਤ ਬਣੇ ਸਨ।

SikhBookClub.com

ਅਉਤਾਰਾਂ ਕੀ, ਸਲੋਕਾਂ ਨਾਲਿ' ਵਾਂਗ, ਭਾਈ ਦਰਬਾਰੀ ਦੀ ਕਿਸੇ ਹੋਰ ਰਚਨਾ ਤੋਂ ਆਏ ਹਨ, ਜਿਸ ਦਾ ਅਜੇ ਤਕ ਪਤਾ ਨਹੀਂ ਲੱਗ ਸਕਿਆ।

ਭਾਈ ਦਰਬਾਰੀ ਬਤੌਰ ਲਿਖਾਰੀ ਤੇ ਸੰਪਾਦਕ

1. ਸੈਂ.ਸ.ਲਾ, ਪਟਿਆਲਾ ਵਿਚ 'ਸੁਖਮਨੀ ਸਹੰਸਰਨਾਮੇ' ਦੀ ਇਕ ਹ.ਲਿ. ਨੰ. 692, ਮਿਤੀ 1744 ਈ., ਸੁਰੱਖਿਅਤ ਹੈ, ਜਿਸ ਦਾ ਲਿਖਾਰੀ ਭਾਈ ਦਰਬਾਰੀ ਹੈ। ਇਸ ਦੇ ਪੱਤਰਾ 986 ਤੋਂ ਅਗਲੇ ਇਕ ਵੱਖਰੇ ਸਫ਼ੇ ਉੱਤੇ ਇਉਂ ਲਿਖਿਆ ਹੈ :

> ਦਸਖਤ ਦਰਬਾਰੀ [ਵਿਹੁਖਾਵਣਾ]। ਦੈਆ ਰਾਮੁ ਦਾ ਪੁਤ੍ਰ ਨੰਦੇ [ਵਿਹੁਖਾਵਣੇ] ਕਾ ਪੋੜ੍ਹਾ। ਪੋਥੀ ਲਿਖੀ ਹੈ ਜੀ ਭੁਲਿਆ ਚੁਕਿਆ ਬਖਸਿ ਲੈਣਾ ਹਥਿ ਜੋੜਨੇ ਜਿਤੁ ਗੁਰੂ ਅਸਡਾ ਭਲਾ ਕਰੈ ਗੁਰੂ ਚਿਤਿ ਆਵੈ। ਸਮੁਤ 1801 ਪੋਥੀ ਸੰਪੂਰਣ ਹੋਈ। [*ਨੋਟ :* ਵਿਹੁਖਾਵਣਾ/ਵਿਹੁਖਾਵਣੇ ਉੱਤੇ ਹੜਤਾਲ ਫਿਰੀ ਹੋਈ ਹੈ, ਪਰ ਇਹ ਲਫ਼ਜ਼ ਪੜ੍ਹੇ ਜਾਂਦੇ ਹਨ। ਲੱਗਦਾ ਹੈ, ਵਿਹੁਖਾਵਣਾ ਭਾਈ ਦਰਬਾਰੀ ਦੇ ਖ਼ਾਨਦਾਨ ਦੀ ਅੱਲ ਸੀ, ਜੋ ਉਨ੍ਹਾਂ ਨੇ ਮੁੜ ਨਹੀਂ ਵਰਤੀ।]

2. ਗ੍ਰੰਥ ਹਰੀਆ ਜੀ ਕਾ।

ਅਸੀਂ ਉੱਪਰ ਦੱਸ ਆਏ ਹਾਂ ਕਿ ਡਾ. ਮਾਨ ਸਿੰਘ ਨਿਰੰਕਾਰੀ, ਚੰਡੀਗੜ੍ਹ ਦੀ ਕਲੈਕਸ਼ਨ ਵਿਚ ਇਕ ਹੱਥ-ਲਿਖਤ ਖਰੜਾ 'ਗ੍ਰੰਥ ਹਰੀਆ ਜੀ ਕਾ' ਮੌਜੂਦ ਹੈ, ਜਿਸ ਦਾ ਸੰਕਲਨ ਕਰਤਾ ਤੇ ਸੰਪਾਦਕ ਭਾਈ ਦਰਬਾਰੀ ਹੈ। ਇਹ ਖਰੜਾ Government Museum and Art Gallery, Chandigarh ਵਿਚ ਪਿਆ ਹੈ। ਇਸ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਅਗਲੇ ਕਾਂਡ ਵਿਚ ਦਿੱਤੀ ਗਈ ਹੈ।

SikhBookClub.com

ਸਾਰਨੀ ਨੰ. 4
ਪੋਥੀ ਹਰਿਜਸ ਦਾ ਬਿਉਰਾ

ਆਰੰਭ :

ੴ॥ ਸ੍ਰੀ ਸਤਿਗੁਰੂ ਕੇ ਪਰਸਾਦਿ ॥ ਸਲੋਕ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਸਚੁ ਨਾਮੁ ਕਰਤਾ ਪੁਰਖੁ ॥ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੰਭੋ ॥ ਸਤਿਗੁਰੂ ਕੇ ਪ੍ਰਸਾਦਿ ॥੧॥

ਇਸ ਤੋਂ ਅੱਗੇ :

ਰਚਨਾ	*ਪੱਤਰਾ*	*ਛੰਦ*
ਸਲੋਕ	1	2 ਸਲੋਕ (ਪਹਿਲੇ ਦਾ ਸਿਰਲੇਖ ਮਹਲਾ ੭ ਹੈ)
ਹਰਿਜਸ	1	38 ਪਉੜੀਆਂ, 1 ਸਲੋਕ
ਰਾਗਾਂ ਦੀ ਬਾਣੀ		
1. ਰਾਗੁ ਭੈਰਉ	6	
2. ਰਾਗੁ ਤਿਲੰਗ	35	
3. ਰਾਗੁ ਟੋਡੀ	50	
4. ਰਾਗੁ ਬੈਰਾੜੀ	55	
5. ਰਾਗੁ ਜੈਤਿਸਿਰੀ	56	
6. ਰਾਗੁ ਧਨਾਸਰੀ	69	
7. ਰਾਗੁ ਮਾਲਕੌਂਸ	80	
8. ਰਾਗੁ ਆਸਾ	83	
9. ਰਾਗੁ ਆਸਾਵਰੀ	106	
10. ਰਾਗੁ ਗੂਜਰੀ	106	
11. ਰਾਗੁ ਦੇਵਗੰਧਾਰੀ	121	
12. ਰਾਗੁ ਮਾਲਵਾ	128	
13. ਰਾਗੁ ਰਾਮਕਲੀ	129	
14. ਰਾਗੁ ਮਲ੍ਹਾਇਰ	147	
15. ਰਾਗੁ ਵਡਿਹੰਸੁ	154	
16. ਰਾਗੁ ਬਿਹਾਗੜਾ	167	
17. ਰਾਗੁ ਸੋਰਠ	176	
18. ਰਾਗੁ ਜੈਜੈਵੰਤੀ	195	
19. ਰਾਗੁ ਸਾਰੰਗ	196	
20. ਰਾਗੁ ਮਾਝ	214	
21. ਰਾਗੁ ਕਾਨੜਾ	235	
22. ਰਾਗੁ ਮਾਲੀਗੌੜਾ	250	

SikhBookClub.com

23. ਰਾਗੁ ਗਾਉੜੀ	253	
24. ਰਾਗੁ ਕਲਿਆਣ	339	
25. ਰਾਗੁ ਨਟ ਨਾਰਾਣਿ	356	
26. ਰਾਗੁ ਸ੍ਰੀਰਾਗੁ	362	
27. ਰਾਗੁ ਸੂਹੀ	389	
28. ਰਾਗੁ ਗੋਂਡ	420	
29. ਰਾਗੁ ਬਿਲਾਵਲ	426	
30. ਰਾਗੁ ਬਿਸੰਤੁ	466	
31. ਰਾਗੁ ਹਿਡੋਲੁ	473	
32. ਰਾਗੁ ਪ੍ਰਭਾਤੀ	475	
33. ਰਾਗੁ ਕਿਦਾਰਾ	480	
34. ਰਾਗੁ ਮਾਰੂ	483	
35. ਰਾਗੁ ਤੁਖਾਰੀ	526	

ਪਰਚੀਆਂ ਭਗਤਾਂ ਕੀਆਂ

1. ਭੂਮਿਕਾ	531	35
2. ਪਰਚੀ ਅਮ੍ਰੀਕ ਭਗਤ ਕੀ	533	65
3. ਪਰਚੀ ਨਾਰਦ ਭਗਤ ਕੀ	537	28
4. ਪਰਚੀ ਧ੍ਰੂ ਭਗਤ ਕੀ	539	56
5. ਪਰਚੀ ਪ੍ਰਹਿਲਾਦ ਭਗਤ ਕੀ	543	93
6. ਪਰਚੀ ਜਨਕ ਭਗਤ ਕੀ	549	66
7. ਪਰਚੀ ਸੁਖਦੇਵ ਭਗਤ ਕੀ	553	219
8. ਪਰਚੀ ਭਭੀਖਣ ਭਗਤ ਕੀ	566	19
9. ਪਰਚੀ ਜੜ ਭਰਥ ਭਗਤ ਕੀ	567	31
10. ਪਰਚੀ ਕਪਲਾਦਿ ਭਗਤ ਕੀ	569	17
11. ਪਰਚੀ ਮਦੋਦਰੀ ਭਗਤਣੀ ਕੀ	570	18
12. ਪਰਚੀ ਸੀਤਾ ਭਗਤਣੀ ਕੀ	571	16
13. ਪਰਚੀ ਧ੍ਰੋਪਤੀ ਭਗਤਣੀ ਕੀ	573	24
14. ਪਰਚੀ ਅਰਜਨ ਭਗਤ ਕੀ	574	41
15. ਪਰਚੀ ਊਧੋ ਭਗਤ ਕੀ	577	12
16. ਪਰਚੀ ਅਕੂਰ ਭਗਤ ਕੀ	578	13
17. ਪਰਚੀ ਬਿਦਰ ਭਗਤ ਕੀ	579	77
18. ਪਰਚੀ ਸੁਦਾਮਾ ਭਗਤ ਕੀ	583	67
19. ਪਰਚੀ ਰਾਮਾਨੰਦ ਭਗਤ ਕੀ	588	43
20. ਪਰਚੀ ਨਾਮਦੇਵ ਭਗਤ ਕੀ	591	405
21. ਪਰਚੀ ਤਿਲੋਚਨ ਭਗਤ ਕੀ	616	136

SikhBookClub.com

22. ਪਰਚੀ ਕਬੀਰ ਭਗਤ ਕੀ	625	686
23. ਪਰਚੀ ਰਵਿਦਾਸ ਭਗਤ ਕੀ	668	379
24. ਪਰਚੀ ਜੈ ਦੇਵ ਭਗਤ ਕੀ	693	22
25. ਪਰਚੀ ਧੰਨੇ ਭਗਤ ਕੀ	694	258
26. ਪਰਚੀ ਬੇਣੀ ਭਗਤ ਕੀ	709	108
27. ਪਰਚੀ ਸਧਨੇ ਭਗਤ ਕੀ	715	45
28. ਪਰਚੀ ਸੈਨ ਭਗਤ ਕੀ	717	23
29. ਪਰਚੀ ਪੀਪਾ ਭਗਤ ਕੀ	718	52
30. ਪਰਚੀ ਸੂਰਦਾਸ ਭਗਤ ਕੀ	721	117
31. ਪਰਚੀ ਬਾਬਾ ਨਾਨਕ ਕੀ	727	647
32. ਪਰਚੀ ਗੁਰ ਉਪਮਾ	760/1/2/3	18

ਕਬਿਤ ਸਵਯੇ ਅੰਗਾਂ ਦੇ

1. ਗੁਰਦੇਵ ਕੌ ਅੰਗੁ	761	34	ਸਵੱਯਾ, ਕਬਿਤ, ਇੰਦਵ ਛੰਦ, ਮਨਹਰ ਛੰਦ
2. ਗੁਰਮੁਖਿ ਬਾਕ ਬਿਸ੍ਵਾਸ ਕੋ ਅੰਗੁ	764	15	ਸਵੱਯਾ
3. ਰਾਮ ਨਾਮ ਮਹਾਤਮ ਕੋ ਅੰਗੁ	766	34	ਸਵੱਯਾ, ਕਬਿਤ, ਉਟੰਙਣਿ ਛੰਦ
4. ਸਿਛਿਆ ਕੌ ਅੰਗੁ	770	4	ਕਬਿਤ
5. ਉਪਦੇਸ ਚਿਤਾਵਣੀ ਕੋ ਅੰਗੁ	771	43	ਹੰਸਾਵਲ ਛੰਦ, ਕਬਿਤ, ਮਨਹਰ ਛੰਦ, ਸਵੱਯਾ
6. ਕਾਲ ਚਿਤਾਵਣ ਕੌ ਅੰਗੁ	776	27	ਸਵੱਯਾ, ਕਬਿਤ
7. ਦੇਹਿ ਆਤਮਾ ਬਿਛੋਰੇ ਕੋ ਅੰਗੁ	779	14	ਮਨਹਰ ਛੰਦ, ਇੰਦਵ ਛੰਦ, ਸਵੱਯਾ, ਕਬਿਤ
8. ਤ੍ਰਿਸਨਾ ਕੋ ਅੰਗੁ	781	18	ਸਵੱਯਾ, ਇੰਦਵ ਛੰਦ
9. ਅਧੀਰਜਉ ਰਾਹਨੇ ਕੋ ਅੰਗੁ	783	14	ਸਵੱਯਾ, ਕਬਿਤ, ਇੰਦਵ ਛੰਦ
10. ਬਿਸਵਾਸ ਕੋ ਅੰਗੁ	784	15	ਸਵੱਯਾ, ਕਬਿਤ
11. ਦੇਹਿ ਅਭਿਮਾਨ ਕੋ ਅੰਗੁ	786	16*	ਸਵੱਯਾ
			*(*ਪੋਥੀ ਵਿਚ ਗ਼ਲਤੀ ਨਾਲ 13 ਗਿਣੇ ਹਨ)*
12. ਦੇਹਿ ਮਲੀਨਤਾ ਗ੍ਰਥ ਪਰਹਾਰ ਕੋ ਅੰਗੁ	788	17	ਇੰਦਵ ਛੰਦ, ਸਵੱਯਾ, ਕਬਿਤ
13. ਨਾਰੀ ਨਿੰਦ ਕੌ ਅੰਗੁ	790	10	ਮਨਹਰ ਛੰਦ, ਸਵੱਯਾ, ਇੰਦਵ ਛੰਦ
14. ਦੁਸਟਿ ਕੌ ਅੰਗੁ	791	6	ਕਬਿਤ, ਮਨਹਿਰ ਛੰਦ, ਇੰਦਵ ਛੰਦ, ਸਵੱਯਾ

SikhBookClub.com

15. ਮਨ ਕੋ ਅੰਗੁ	792	31	ਸਵੱਯਾ, ਮਨਹਰ ਛੰਦ, ਇੰਦਵ ਛੰਦ, ਕਬਿਤ
16. ਚਾਨਕ ਕੌ ਅੰਗੁ	796	25	ਕਬਿਤ, ਮਨਹਰ ਛੰਦ, ਸਵੱਯਾ, ਝੂਮਲ ਛੰਦ, ਇੰਦਵ ਛੰਦ
17*. ਬਿਪਰੀਤਿ ਗਿਆਨੀ ਕੌ ਅੰਗ	799	13	ਸਵੱਯਾ, ਕਬਿਤ, ਇੰਦਵ ਛੰਦ *(*ਪੋਥੀ ਵਿਚ 18 ਹੈ)*
18. ਬਚਨ ਬਬੇਕ ਕੋ ਅੰਗੁ	800	18	ਕਬਿਤ, ਸਵੱਯਾ, ਮਨਹਰ ਛੰਦ
19. ਨਿਰਗੁਨ ਉਪਾਸਨਾ ਕੌ ਅੰਗੁ	802	10	ਸਵੱਯਾ, ਇੰਦਵ ਛੰਦ
20. ਸਰਗੁਨ ਉਪਾਸਨਾ ਕੌ ਅੰਗੁ	803	18	ਕਬਿਤ, ਇੰਦਵ ਛੰਦ, ਸਵੱਯਾ, ਮਨਹਰ ਛੰਦ
21. ਭਾਵ ਭਗਤ ਕੋ ਅੰਗੁ	806	21	ਚੌਪਈ, ਕਬਿਤ
22. ਵੈਰਾਗ ਉਤਪਤ ਕੋ ਅੰਗੁ	807	6	ਚੌਪਈ, ਕਬਿਤ
23. ਜੋਗ ਕੋ ਅੰਗੁ	807	50	ਚੌਪਈ, ਸਵੱਯਾ
24. ਪਤਬ੍ਰਤ ਕੋ ਅੰਗੁ	810	10	ਸਵੱਯਾ, ਕਬਿਤ
25. ਬ੍ਰਿਹੁ ਬਿਜੋਗ ਕਾ ਅੰਗੁ	811	6	ਸਵੱਯਾ, ਕਬਿਤ
26. ਸਬਦਸਾਰ ਕੋ ਅੰਗੁ	811	11	ਸਵੱਯਾ
27. ਸੂਰਤਣ ਕੌ ਅੰਗੁ	813	13	ਮਨਹਰਿ ਛੰਦ, ਸਵੱਯਾ, ਇੰਦਵ ਛੰਦ
28. ਸਾਧ ਕੋ ਅੰਗੁ	814	31	ਸਵੱਯਾ, ਇੰਦਵ ਛੰਦ, ਮਨਹਰ ਛੰਦ, ਕਬਿਤ
29. ਭਗਤਿ ਗਿਆਨ ਮਿਸ੍ਰਤ ਕੋ ਅੰਗੁ	817	5	ਸਵੱਯਾ
30. ਬੇਪ੍ਰਜੇ ਕੋ ਅੰਗੁ	818	5	ਸਵੱਯਾ
31. ਅਪਨੇ ਭਾਵ ਕੋ ਅੰਗੁ	818	12	ਮਨਹਰ ਛੰਦ, ਕਬਿਤ, ਸਵੱਯਾ
32. ਸਰੂਪ ਬਿਸਰਜਨ ਕੋ ਅੰਗੁ	820	26	ਸਵੱਯਾ, ਇੰਦਵ ਛੰਦ, ਮਨਹਰ ਛੰਦ, ਕਬਿਤ
33. ਸਾਂਖ ਗਜਾਨ ਕੋ ਅੰਗੁ	823	17	ਸਵੱਯਾ, ਕਬਿਤ, ਮਨੋਹਰ ਛੰਦ
34. ਕਲਜੁਗ ਕਾ ਅੰਗੁ	825	6	ਕਬਿਤ
35. ਪਤਤਿ ਉਧਾਰਨ ਕੌ ਅੰਗੁ	826-827	8	ਕਬਿਤ
	ਕੁੱਲ	609	

ਨੋਟ: ਭਾਵੇਂ ਸਿਰਲੇਖ ਕਿਬਤ ਸਵੈਯੇ ਹੈ, ਪਰ ਇਨ੍ਹਾਂ ਪਰਧਾਨ ਛੰਦਾਂ ਤੋਂ ਇਲਾਵਾ, ਇੰਦਵ ਛੰਦ, ਮਨਹਰ ਛੰਦ, ਉਟੰਙਣਿ ਛੰਦ, ਹੰਸਾਵਲ ਛੰਦ, ਡੂਮਲ ਛੰਦ, ਚੌਪਈ ਤੇ ਮਨੋਹਰ ਛੰਦ ਵੀ ਵਰਤੇ ਗਏ ਹਨ।

SikhBookClub.com

ਸਵਯੇ ਕਬਿਤ ਸਰਬੰਗ ਸਮੁਧੇ	827	215	ਕਬਿਤੁ, ਸਵੱਯਾ, ਦੋਹਰਾ, ਮਨਹਰ ਛੰਦ
ਬਾਵਨ ਅਖਰੀ ਕੇ ਸਵਯੈ	853	55	ਸਵੱਯਾ
ਬਾਰਹਮਾਹਾਂ	859	27	ਦੋਹਰਾ-ਸਵੱਯਾ 13x2, ਦੋਹਰਾ 1
ਵਾਰਸਤਿ	860	14	ਦੋਹਰਾ-ਪਉੜੀ 7x2
ਛਪੈ	862	25	

ਬੈਤਿ

1. ਪਰੇਮ ਪੈਂਡਾ	865	35	ਬੈਤਿ
2. ਬੈਤਿ ਬੈਰਾਗਿ ਰੋਸਨੀ ਹਕਾਨੀ ਹਕੀਕਤਿ। ਸਰਬੰਗ ਸਮੁਧੇ। ਬਿਰਹੇ ਦੇ ਘਰ ਗਾਵਣੇ ਤੀਹਹਰਫੀ ਤਿਹਿਰੀ।	869	90	ਬੈਤਿ 30x3
3. ਬੈਤਿ ਹਕਾਨੀ ਹਕੀਕਤਿ। ਬਿਰਹੇ ਦੇ ਘਰ ਗਾਵਣੇ।	878	31	ਬੈਤਿ
4. ਬੈਤਿ ਬੈਰਾਗਿ ਰੋਸਨੀ ਹਕਾਨੀ ਹਕੀਕਤਿ। ਸਰਿਬੰਗ ਸਬੁਧੇ।	881	30	ਬੈਤਿ
5. ਬੈਤਿ ਬੈਰਾਗਿ ਰੋਸਨੀ ਹਕਾਨੀ ਹਕੀਕਤਿ। ਸਰਬੰਗ ਸਮੁਧੇ। ਤੀਹਹਰਫੀ ਵਡੀ।	884	30	ਬੈਤਿ
6. ਬੈਤਿ ਪ੍ਰੇਮ ਭਗਤਾਂ ਕੇ	891-893	20	ਬੈਤਿ

ਮਾਝਾਂ ਸਰਬੰਗ ਸਮੁਧੀਆ	895	295*	
ਸਲੋਕ	914	104	ਸਲੋਕ (103), ਛਪਾ (1)
ਰਾਗਮਾਲਾ†	918		
	919		918 ਪੱਤਰੇ ਵਾਲਾ ਪਾਠ ਦੁਬਾਰਾ ਲਿਖਿਆ ਹੋਇਆ ਹੈ।

* ਇਹ ਜੋੜ 275 ਹੋਣਾ ਚਾਹੀਦਾ ਸੀ। ਲਿਖਾਰੀ ਨੇ ਗ਼ਲਤੀ ਨਾਲ 209 ਅੰਕ ਤੋਂ ਬਾਅਦ 210 ਦੀ ਬਜਾਏ 230 ਲਿਖ ਦਿੱਤਾ ਹੈ, ਜਿਸ ਨਾਲ 20 ਮਾਝਾਂ ਦਾ ਫ਼ਰਕ ਪੈ ਗਿਆ ਹੈ, ਪਰ ਲਿਖਾਰੀ ਨੇ ਛੋਟੇ ਆਕਾਰ ਦੇ ਦੋ ਅੰਕਹੀਣ ਵਾਧੂ ਪੱਤਰਿਆਂ ਉੱਤੇ 18 ਹੋਰ ਮਾਝਾਂ ਲਿਖੀਆਂ ਹੋਈਆਂ ਹਨ, ਸੋ ਇਸ ਪੋਥੀ ਵਿਚ ਕੁੱਲ 293 ਮਾਝਾਂ ਹਨ।

† ਇਹ ਰਾਗਮਾਲਾ ਤਿਲੰਗ ਕੀ ਵਾਰ ਮਹਲਾ ੯ ਤੇ ਭਾਈ ਦਰਬਾਰੀ ਦੁਆਰਾ ਸੰਪਾਦਿਤ *ਗ੍ਰੰਥ ਹਰੀਆ ਜੀ ਕਾ* (ਮਾਨ ਸਿੰਘ ਨਿਰੰਕਾਰੀ ਕਲੈਕਸ਼ਨ) ਵਿਚ ਵੀ ਹੈ।

SikhBookClub.com

9
ਦੀਵਾਨੇ

ਸੋਢੀ ਮਿਹਰਵਾਨ ਦੀ ਇਕ ਤਾਂ ਉਨ੍ਹਾਂ ਦੇ ਸੁਪੁੱਤਰ ਹਰਿ ਜੀ ਤੇ ਉਨ੍ਹਾਂ ਦੀ ਔਲਾਦ ਵਾਲੀ ਪੀੜ੍ਹੀ ਚੱਲੀ, ਜਿਸ ਦਾ ਜ਼ਿਕਰ ਪਿਛਲੇ ਪੱਤਰਿਆਂ ਵਿਚ ਕਾਫ਼ੀ ਹੋ ਚੁੱਕਾ ਹੈ, ਪਰ ਇਕ ਨਾਦੀ ਪੀੜ੍ਹੀ ਵੀ ਚੱਲੀ। ਇਹ ਪੀੜ੍ਹੀ ਸੀ ਦੀਵਾਨਿਆਂ ਦੀ, ਜਿਸ ਦਾ ਮੋਢੀ ਭੂੰਦੜ ਨਾਂ ਦੇ ਬਜ਼ੁਰਗ ਨੂੰ ਮੰਨਿਆ ਜਾਂਦਾ ਹੈ। ਬਠਿੰਡੇ ਜ਼ਿਲੇ ਵਿਚ ਇਕ ਪਿੰਡ ਹੈ 'ਭੂੰਦੜ'। ਲੱਗਦਾ ਹੈ ਇਹ ਪਿੰਡ ਇਸੇ ਦੀਵਾਨਾ ਸ਼ਾਖ ਦੇ ਮੁਖੀ ਭੂੰਦੜ ਦੇ ਨਾਮ ਉੱਤੇ ਵੱਸਿਆ ਹੋਵੇਗਾ।

ਇਸ ਪੀੜ੍ਹੀ ਦੇ ਲੋਕ, ਜੋ 'ਦੀਵਾਨੇ' ਅਖਵਾਉਂਦੇ ਸਨ, ਮਾਲਵੇ ਦੇ ਕੁੱਝ ਭਾਗ ਵਿਚ ਕਾਰਜ-ਸ਼ੀਲ ਰਹੇ ਤੇ ਆਪਣੇ ਠੂਠੇ ਕਰ ਕੇ ਪ੍ਰਸਿੱਧ ਸਨ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਨੇ ਦੇਸੀ ਸਵਾ ਮਣ ਦਾ ਇਕ ਭਾਂਡਾ ਬਣਾਇਆ ਹੁੰਦਾ ਸੀ, ਜਿਸ ਨੂੰ ਲੈ ਕੇ ਫ਼ਸਲ ਦੇ ਮੌਕੇ ਉੱਤੇ ਘਰਾਂ ਤੋਂ ਅਨਾਜ ਦੀ ਉਗਰਾਹੀ ਕਰਦੇ ਸਨ। ਜਿਹੜਾ ਘਰ ਉਨ੍ਹਾਂ ਦਾ ਠੂਠਾ ਭਰਨ ਤੋਂ ਇਨਕਾਰ ਕਰ ਦੇਂਦਾ ਸੀ, ਦੀਵਾਨੇ ਉਸ ਘਰ ਦੇ ਸਾਹਮਣੇ ਧਰਨਾ ਮਾਰ ਕੇ ਬੈਠ ਜਾਂਦੇ ਸਨ ਤੇ ਜਿੰਨਾ ਚਿਰ ਠੂਠਾ ਨਹੀਂ ਸੀ ਭਰਿਆ ਜਾਂਦਾ, ਓਨੀ ਦੇਰ ਉਹ ਭੁੱਖੇ-ਭਾਣੇ ਓਥੇ ਜੰਮ ਕੇ ਬੈਠੇ ਰਹਿੰਦੇ ਸਨ। ਲੋਕ-ਕਥਾ ਏਥੋਂ ਤਕ ਵੀ ਦੱਸਦੀ ਹੈ ਕਿ ਇਕ ਵਾਰ ਜਦੋਂ ਇਕ ਘਰ ਨੇ ਜ਼ਿੱਦ ਫੜ ਲਈ ਤਾਂ ਠੂਠੇ ਵਾਲੇ ਨੂੰ ਭੁੱਖ ਨਾਲ ਪ੍ਰਾਣ ਵੀ ਤਿਆਗਣੇ ਪੈ ਗਏ ਸਨ।

ਇਸ ਪੀੜ੍ਹੀ ਦਾ ਸ਼ਜਰਾ ਵੱਖਰਾ, ਰੰਗ-ਰੂਪ ਵੱਖਰਾ, ਪਹਿਰਾਵਾ ਵੱਖਰਾ ਤੇ ਜੀਵਨ ਦਾ ਢੱਜ ਵੀ ਵੱਖਰਾ ਹੀ ਸੀ। ਇਨ੍ਹਾਂ ਬਾਰੇ ਗਿਆਨੀ ਗਿਆਨ ਸਿੰਘ ਲਿਖਦੇ ਹਨ :

ਮੂੰਹ ਸਿਰ ਮੂੰਡ ਕਾਲਾ ਮੁਖ ਦੀਓ ਠਾਨ ਹੈ ॥੨੯॥
ਸੰਖ ਮਾਲ ਬਲਖੀ ਧਰੈਕੈ ਹਾਥ ਠੂਠਾ ਦੈਕੈ
ਮੋਰ ਪੰਖ ਸੀਸ ਕਾਂਧੇ ਮੂਸਲ ਧਰਾਯੋ ਹੈ।
ਢੋਲ ਬਜਾਇਕੈ ਧਮਾਲ ਪਾਇ ਨਾਚਤੇ ਹੈਂ
ਤਾਹੀ ਤੈ ਦਿਵਾਨੇ ਭੇਖ ਪਾਗਲ ਸਦਾਯੋ ਹੈ ॥[1]

ਇਹ ਵਚਿੱਤਰ ਸੰਪ੍ਰਦਾਇ ਕੁੱਝ ਚਿਰ ਆਪਣੀ ਹੋਂਦ ਦਾ ਲਿਸ਼ਕਾਰਾ ਵਿਖਾ ਕੇ ਛੇਤੀ ਹੀ ਲੋਪ ਹੋ ਗਈ, ਪਰ ਜਾਂਦੇ ਜਾਂਦੇ ਇਕ ਮਹਾਂ ਕਵੀ 'ਹਰੀਆ' ਜਾਂ 'ਹਰੀਦਾਸ'

1. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, 1987, ਭਾਸ਼ਾ ਵਿਭਾਗ ਪੰਜਾਬ, ਪੰ. 1283.

SikhBookClub.com

ਨੂੰ ਜਨਮ ਦੇ ਗਈ, ਜਿਸ ਦੇ ਵੱਡ-ਆਕਾਰੀ ਗ੍ਰੰਥ ਨਾਲ ਪਾਠਕਾਂ ਦੀ ਜਾਣ-ਪਛਾਣ ਅਸੀਂ ਅੱਗੇ ਚੱਲ ਕੇ ਕਰਾਵਾਂਗੇ। ਸਾਡੇ ਇਤਿਹਾਸਕਾਰ ਇਸ ਥੁੜ-ਉਮਰੀ ਸੰਪ੍ਰਦਾਇ ਦੇ ਜਨਮ ਤੇ ਵਿਕਾਸ ਬਾਰੇ ਜਾਂ ਤਾਂ ਬਿਲਕੁਲ ਚੁੱਪ ਹਨ, ਜਾਂ ਪਰਸਪਰ ਵਿਰੋਧੀ ਬਿਆਨ ਦੇ ਕੇ ਸੰਤੁਸ਼ਟ ਹੋ ਜਾਂਦੇ ਰਹੇ ਹਨ, ਇਸ ਲਈ ਇਸ ਦੀ ਕਿਸੇ ਪ੍ਰਮਾਣਿਕ ਘਟਨਾ-ਲੜੀ ਦਾ ਬਿਆਨ ਕਰਨਾ ਸੌਖਾ ਨਹੀਂ। ਸਾਨੂੰ ਵੱਧ ਤੋਂ ਵੱਧ ਇਹੀ ਪਤਾ ਲੱਗਦਾ ਹੈ ਕਿ ਸੋਢੀ ਮਿਹਰਵਾਨ ਤੋਂ ਬਾਅਦ ਬਾਬਾ ਭੂੰਦੜ ਤੇ ਭੂੰਦੜ ਤੋਂ ਬਾਅਦ ਬਾਲਾ ਅਤੇ ਬਾਲੇ ਤੋਂ ਬਾਅਦ ਹਰੀਆ, ਹਰੀਏ ਤੋਂ ਬਾਅਦ ਮੱਸਾ ਦਾਸ ਤੇ ਮੱਸਾ ਦਾਸ ਤੋਂ ਬਾਅਦ ਦਰਬਾਰੀ ਦਾਸ ਇਨ੍ਹਾਂ ਦੇ ਮੁਖੀ ਹੋਏ।[2] ਮਾਲਵੇ ਵਿਚ ਇਨ੍ਹਾਂ ਦੇ ਕੇਂਦਰ ਸਨ ਪੀਰਕੋਟ[3], ਬੱਲੂਆਣਾ[4], ਫਕਰਸਰ-ਥੇੜੀ[5], ਦੀਵਾਨਾ[6], ਆਦਿ।

ਵਕਤ ਨਾਲ ਠੂਠੇ ਵਾਲੇ ਦੀਵਾਨੇ ਸਾਧ ਤਾਂ ਆਪਣੀ ਅਸਾਧਾਰਨ ਸ਼ਕਲ-ਸੂਰਤ ਤੇ ਅਮਲੀ ਵਤੀਰੇ ਕਾਰਨ ਖ਼ਤਮ ਹੋ ਗਏ, ਪਰ ਗੰਭੀਰ ਬਿਰਤੀ ਵਾਲੇ ਪੜ੍ਹੇ-ਲਿਖੇ ਦੀਵਾਨੇ ਸਾਧੂ, ਜੋ ਡੇਰਿਆਂ ਵਿਚ ਰਹਿਣ ਵਾਲੇ ਸਨ, ਉਦਾਸੀ ਸੰਪ੍ਰਦਾਇ ਵਿਚ ਅਭੇਦ ਹੁੰਦੇ ਗਏ। ਹੁਣ ਬਚੇ-ਖੁਚੇ ਦੀਵਾਨੇ ਆਪਣੇ ਆਪ ਨੂੰ ਉਦਾਸੀਨ-ਦੀਵਾਨੇ ਅਖਵਾਉਂਦੇ ਹਨ। ਗਿਆਨੀ ਗਿਆਨ ਸਿੰਘ ਨੇ ਇਨ੍ਹਾਂ ਨੂੰ ਉਦਾਸੀਆਂ ਦੀ ਨੌਂਵੀਂ ਬਖ਼ਸ਼ਿਸ਼ ਵਿਚ ਗਿਣਿਆ ਸੀ।[7] ਬਾਬਾ ਰਾਮ ਦਾਸ[8], ਜਿਨ੍ਹਾਂ ਦਾ ਡੇਰਾ ਪਟਿਆਲੇ ਵਿਚ ਹੈ, ਦੀਵਾਨੇ ਸਾਧ ਸਨ ਪਰ ਹੁਣ ਉਨ੍ਹਾਂ ਦੇ ਜਾਨਸ਼ੀਨ ਆਪਣੇ ਆਪ ਨੂੰ ਉਦਾਸੀ ਦੱਸਦੇ ਹਨ।

ਗ੍ਰੰਥ ਹਰੀਆ ਜੀ ਕਾ

ਅਸੀਂ ਇਸੇ ਪੁਸਤਕ-ਲੜੀ ਵਿਚ ਮਹਾਂਕਵੀ ਹਰੀਆ ਜੀ ਦੀ ਸੰਪੂਰਨ ਰਚਨਾ ਨੂੰ ਪਹਿਲੀ ਵਾਰ ਛਾਪ ਰਹੇ ਹਾਂ। ਹੁਣ ਤਕ ਉਨ੍ਹਾਂ ਦੀ ਕੇਵਲ ਇਕ ਰਚਨਾ 'ਜਪੁ ਹਰੀਆ ਜੀ ਕਾ' ਹੀ ਛਪੀ ਹੈ।[9] ਹਰੀਆ ਜੀ ਦੀ ਰਚਨਾ ਦੀਆਂ ਨਿਮਨ-ਅੰਕਿਤ ਹੱਥ-ਲਿਖਤਾਂ ਪ੍ਰੋ. ਪ੍ਰੀਤਮ ਸਿੰਘ, ਪਟਿਆਲਾ, ਦੀ ਨਿਜੀ ਲਾਇਬ੍ਰੇਰੀ ਵਿਚ ਸੁਰੱਖਿਅਤ ਹਨ[10] :

---

2. ਦੀਵਾਨਿਆਂ ਦੀ ਸਾਧ-ਪ੍ਰਣਾਲੀ ਇਓਂ ਹੈ :
   ਮਿਹਰਵਾਨ - ਭੂੰਦੜ - ਬਾਲਾ - ਹਰੀਦਾਸ - ਮੱਸਾ ਦਾਸ - ਦਰਬਾਰੀ - ਚਤੁਰ ਦਾਸ - ਰਾਮ ਸੁੰਦਰ - ਨਿਕਟਿ ਨੰਦ - ਸਿਦਕੀ ਦਾਸ - ਮਨਮੋਹਨ - ਰਾਮਦਾਸ।
3. ਤਹਿਸੀਲ ਰਾਮਪੁਰਾ ਫੂਲ, ਜ਼ਿਲਾ ਬਠਿੰਡਾ, ਰਾਮਪੁਰਾ-ਮਾਨਸਾ ਸੜਕ ਤੋਂ 10 ਕਿ.ਮੀ., ਰੇਲਵੇ ਸਟੇਸ਼ਨ ਮੌੜ 12 ਕਿ.ਮੀ.।
4. ਤਹਿਸੀਲ ਤੇ ਜ਼ਿਲਾ ਬਠਿੰਡਾ, ਬਠਿੰਡਾ-ਮਲੋਟ ਸੜਕ ਤੋਂ 1 ਕਿ.ਮੀ., ਰੇਲਵੇ ਸਟੇਸ਼ਨ ਬੱਲੂਆਣਾ।
5. ਫਕਰਸਰ ਤੇ ਥੇੜੀ ਨਾਲ ਨਾਲ ਹਨ। ਤਹਿਸੀਲ ਗਿੱਦੜਬਾਹਾ, ਜ਼ਿਲਾ ਮੁਕਤਸਰ, ਬਠਿੰਡਾ-ਮਲੋਟ ਸੜਕ ਤੋਂ 1-2 ਕਿ.ਮੀ., ਰੇਲਵੇ ਸਟੇਸ਼ਨ ਫਕਰਸਰ।
6. ਤਹਿਸੀਲ ਬਰਨਾਲਾ, ਬਰਨਾਲਾ-ਮੋਗਾ ਸੜਕ ਤੋਂ 8 ਕਿ.ਮੀ., ਰੇਲਵੇ ਸਟੇਸ਼ਨ ਬਰਨਾਲਾ 28 ਕਿ.ਮੀ.।
7. ਨੌਮੀ ਬਖਸ਼ਸ਼ ਕੇ ਦਿਵਾਨੇ ਪਰਮਾਨ ਹੈ। *(ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ, ਪੰ. 1282)*
8. ਵੇਖੋ ਹਥਲੀ ਪੁਸਤਕ ਦਾ ਕਾਂਡ ਨੰ. 10.
9. ਪ੍ਰੀਤਮ ਸਿੰਘ (ਸੰਪਾ.), 'ਜਪੁ' ਹਰੀਆ ਜੀ, *ਆਲੋਚਨਾ*, ਜਨਵਰੀ-ਦਸੰਬਰ, 1970, ਪੰ. 477-510.
10. ਇਨ੍ਹਾਂ ਵਿੱਚੋਂ ਚਾਰ ਹੱਥ-ਲਿਖਤਾਂ ਦਾ ਵੇਰਵਾ ਪ੍ਰੋ. ਪ੍ਰੀਤਮ ਸਿੰਘ ਦੇ ਲੇਖ 'ਜਪੁ ਹਰੀਆ ਜੀ ਕਾ' ਵਿਚ ਦਿੱਤਾ ਹੋਇਆ ਹੈ।

SikhBookClub.com

(1) ਹ.ਲਿ. 416, ਮਿਤੀ 1735 ਈ.।
(2) ਹ.ਲਿ. 417, ਅਥਿਤ।
(3) ਹ.ਲਿ. 418, ਅਥਿਤ। ਅਪੂਰਨ। ਇਸ ਵਿਚ ਰਾਗੁ ਭੈਰਉ ਮਹਲਾ ੭ ਦੀ ਇਕ ਅਸ਼ਟਪਦੀ ਵੀ ਦਿੱਤੀ ਹੋਈ ਹੈ (ਐਸਾ ਸਿਮਰਹੁ ਰਾਜਾ ਰਾਮ...), ਜੋ ਪ੍ਰੋ.ਪ੍ਰੀ.ਸਿੰ. ਹ.ਲਿ. 78 ਵਿਚ ਵੀ ਹੈ।
(4) ਹ.ਲਿ. 419, ਅਥਿਤ।
(5) ਹ.ਲਿ. 420, ਮਿਤੀ 1723 ਈ.। ਸਭ ਤੋਂ ਪੁਰਾਤਨ ਪਰ ਅਪੂਰਨ। ਇਸ ਵਿਚ ਹਰੀਆ ਜੀ ਦੀ ਰਚਨਾ ਤੋਂ ਇਲਾਵਾ, ਰਾਗੁ ਮਾਰੂ ਸਹੰਸ੍ਰਨਾਮਾ ਮਹਲਾ ੧, ਰਾਗ ਗਉੜੀ ਵਾਰ ਦਸਾਂ ਅਵਤਾਰਾਂ ਕੀ ਮ: ੭ ਤੇ ਰਾਗੁ ਤਿਲੰਗ ਕੀ ਵਾਰ ਮ: ੮ ਵੀ ਸ਼ਾਮਿਲ ਹਨ।
(6) ਹ.ਲਿ. 421, ਅਥਿਤ। ਇਸ ਵਿਚ ਅੰਕਿਤ ਹਰੀਆ ਜੀ ਦੀ ਰਚਨਾ ਬਾਕੀ ਸਾਰੇ ਖਰੜਿਆਂ ਨਾਲੋਂ ਭਿੰਨ ਹੈ।
(7) ਹ.ਲਿ. 365, ਅਥਿਤ।

ਉੱਪਰਲੀਆਂ ਹੱਥ-ਲਿਖਤਾਂ ਤੋਂ ਛੁੱਟ, ਪ੍ਰੋ. ਪ੍ਰੀਤਮ ਸਿੰਘ ਦੀ ਲਾਇਬ੍ਰੇਰੀ ਵਿਚ ਦੋ ਹੋਰ ਖਰੜੇ ਸਨ—ਇਕ ਅਥਿਤ ਹਰੀਆ ਬੀੜ ਦੀ ਟਾਈਪ-ਨਕਲ (ਪੁਰਾਣਾ ਨੰ. 368-ਏ), ਤੇ ਇਕ ਹੋਰ ਅਥਿਤ ਖਰੜਾ (ਪੁਰਾਣਾ ਨੰ. 401), ਜੋ ਹੁਣ ਲਾ-ਪਤਾ ਹਨ। ਇਨ੍ਹਾਂ ਦੇ ਵੇਰਵੇ ਲਈ ਵੇਖੋ, *ਆਲੋਚਨਾ* ਰਿਸਾਲੇ ਦੇ ਜਨਵਰੀ-ਦਸੰਬਰ, 1970 ਅੰਕ ਵਿਚ ਪ੍ਰੋ. ਪ੍ਰੀਤਮ ਸਿੰਘ ਦਾ ਲੇਖ 'ਜਪੁ ਹਰੀਆ ਜੀ ਕਾ'।

ਪ੍ਰੋ. ਪ੍ਰੀਤਮ ਸਿੰਘ ਦੇ ਖਰੜਿਆਂ ਤੋਂ ਇਲਾਵਾ, ਹਰੀਆ ਜੀ ਦੀ ਰਚਨਾ ਦਾ, ਭਾਈ ਦਰਬਾਰੀ ਦੁਆਰਾ ਸੰਕਲਿਤ ਤੇ ਸੰਪਾਦਿਤ ਇਕ ਅਥਿਤ ਹੱਥ-ਲਿਖਤ ਗ੍ਰੰਥ, Manuscript Sr. 17 (2002.1.18), ਡਾ. ਮਾਨ ਸਿੰਘ ਨਿਰੰਕਾਰੀ ਕਲੈਕਸ਼ਨ, Government Museum and Art Gallery, Chandigarh, ਵਿਚ ਪ੍ਰਾਪਤ ਹੈ।[11] ਪਾਠਕਾਂ ਦੀ ਜਾਣਕਾਰੀ ਲਈ ਅਸੀਂ ਇਸ ਗ੍ਰੰਥ ਦੀਆਂ ਰਚਨਾਵਾਂ ਦਾ ਬਿਉਰਾ ਸਾਰਨੀ ਨੰ. 5, ਪੰ. 171 ਵਿਚ ਦੇ ਰਹੇ ਹਾਂ। ਹਰੀਆ ਜੀ ਦੀ ਸੰਪੂਰਨ ਰਚਨਾ ਦਾ ਸੰਪਾਦਨ ਅਸੀਂ ਆਪਣੀ ਪੁਸਤਕ-ਲੜੀ ਦੀ ਇਕ ਵੱਖਰੀ ਜਿਲਦ ਵਿਚ ਦਿੱਤਾ ਹੈ। ਇਸ ਕਾਰਜ ਲਈ ਅਸੀਂ ਆਪਣੀਆਂ ਹੱਥ-ਲਿਖਤਾਂ ਦਾ ਮਿਲਾਣ ਡਾ. ਮਾਨ ਸਿੰਘ ਨਿਰੰਕਾਰੀ ਦੇ ਹੱਥ-ਲਿਖਤ ਗ੍ਰੰਥ ਨਾਲ ਕੀਤਾ ਹੈ।

ਹਰੀਆ ਜੀ ਨੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਤੋਂ ਪ੍ਰੇਰਿਤ ਹੋ ਕੇ, ਗੁਰਬਾਣੀ ਦੀ ਰੀਸੇ,

---

☛ ਪਰ ਇਸ ਲੇਖ ਵਿਚ ਇਨ੍ਹਾਂ ਹੱਥ-ਲਿਖਤਾਂ ਦੇ ਨੰਬਰ ਪੁਰਾਣੇ ਹਨ। ਹੁਣ ਨਵੇਂ ਨੰਬਰ ਇਹ ਹਨ: ਲੇਖ ਵਾਲੀ ਹ.ਲਿ. 368 ਦਾ ਨਵਾਂ ਨੰ. 420; ਨੰ. 366 ਦਾ ਨਵਾਂ ਨੰ. 416; ਨੰ. 367 ਦਾ ਨਵਾਂ ਨੰ. 417 ਤੇ ਨੰ. 368-ਬੀ ਦਾ ਨਵਾਂ ਨੰ. 418.

11. *Descriptive Catalogue of Manuscript Section (Gurmukhi),* Compiled by Madanjit Kaur and Man Singh Nirankari, Revised and Edited by Kirpal Singh, 2005, p. 32.

SikhBookClub.com

ਜਪੁ, ਸੁਖਮਨੀ, ਵਾਰਾਂ, ਬਾਰਹਮਾਹਾ ਤੇ ਕਈ ਰਾਗਾਂ ਵਿਚ ਸ਼ਬਦਾਂ ਤੇ ਅਸ਼ਟਪਦੀਆਂ, ਆਦਿ ਦੀ ਰਚਨਾ ਕੀਤੀ ਹੈ। ਉਨ੍ਹਾਂ ਨੇ ਹੀਰ ਤੇ ਸੱਸੀ ਉੱਤੇ ਵੀ ਹੱਥ ਅਜ਼ਮਾਇਆ ਹੈ।

ਹਰੀਆ ਜੀ ਦਾ ਗ੍ਰੰਥ ਕਦੋਂ ਰਚਿਆ ਗਿਆ, ਇਸ ਬਾਰੇ ਪੱਕਾ ਪਤਾ ਨਹੀਂ ਮਿਲਦਾ। ਹਰਿਭਜਨ ਸਿੰਘ ਨੇ ਇਸ ਦਾ ਰਚਨਾ-ਕਾਲ 1556 ਤੇ 1665 ਈ. ਦੇ ਵਿਚਕਾਰ ਸਿੱਧ ਕੀਤਾ ਹੈ। 1556 ਈ. ਮੁਗ਼ਲ ਬਾਦਸ਼ਾਹ ਹਮਾਯੂੰ ਦੀ ਮੌਤ ਦੀ ਤਾਰੀਖ਼ ਹੈ ਤੇ 1665 ਈ. ਗੁਰੂ ਤੇਗ ਬਹਾਦਰ ਜੀ ਦੀ ਗੱਦੀ-ਨਸ਼ੀਨੀ ਦੀ। ਹਰੀਆ ਜੀ ਦੇ ਗ੍ਰੰਥ ਵਿਚ ਰਾਗ ਰਾਮਕਲੀ ਵਿਚ ਇਕ ਤੁਕ ਆਉਂਦੀ ਹੈ:

> ਬਾਬਰ ਸਣੈ ਹਮਾਊਂ ਐ ਗਏ ਹੋਇ ਪਰਾਲੁਣੀ ॥੩॥[12]

ਹਰਿਭਜਨ ਸਿੰਘ ਨੇ ਕੇਵਲ ਇਸ ਤੁਕ ਦੇ ਆਧਾਰ ਉੱਤੇ ਹਰੀਆ ਜੀ ਦੇ ਗ੍ਰੰਥ ਦੀ ਰਚਨਾ 1556 ਈ. ਤੋਂ ਬਾਅਦ ਹੋਈ ਨਿਸਚਿਤ ਕੀਤੀ ਹੈ। 1665 ਈ. ਤੋਂ ਪਹਿਲਾਂ ਰਚੇ ਜਾਣ ਦਾ ਕਾਰਨ ਇਹ ਦੱਸਿਆ ਹੈ:

> ਗੁਰਬਾਣੀ ਕੇ ਅਨੁਕਰਣ ਪਰ ਰਚਨਾ ਕਰਨੇ ਵਾਲੇ ਹਰੀਆ ਜੀ ਦ੍ਵਾਰਾ ਗੁਰੂ ਤੇਗ਼ਬਹਾਦੁਰ ਅਥਵਾ ਗੁਰੂ ਗੋਵਿੰਦਸਿੰਘ ਕਾ ਅਨੁਕਰਣ ਨਾ ਕੀਆ ਜਾਣਾ ਇਸ ਬਾਤ ਕਾ ਪਰਮਾਣ ਹੈ ਕਿ ਵਹ ਕਦਾਚਿਤ ਇਸ ਸੇ ਪੂਰ੍ਵ ਹੀ ਅਪਨੀ ਜੀਵਨ ਲੀਲਾ ਸੰਵਰਣ ਕਰ ਚੁਕੇ ਥੇ।[13]

ਅਸੀਂ ਹਰਿਭਜਨ ਸਿੰਘ ਦੀਆਂ ਇਨ੍ਹਾਂ ਦਲੀਲਾਂ ਨੂੰ ਮੰਨਣਯੋਗ ਨਹੀਂ ਸਮਝਦੇ। ਹਰੀਆ ਜੀ ਦਾ ਪ੍ਰੇਰਨਾ-ਸਰੋਤ ਨਿਰਸੰਦੇਹ ਆਦਿ ਗ੍ਰੰਥ (1604 ਈ.) ਸੀ। ਉਨ੍ਹਾਂ ਦੀ ਰਚਨਾ ਉੱਤੇ ਬਾਬਾ ਨਾਨਕ, ਗੁਰੂ ਅਰਜਨ, ਦਮੋਦਰ (ਅਕਬਰ ਦਾ ਸਮਾਂ), ਸ਼ਾਹ ਹੁਸੈਨ (1539-1563 ਈ.) ਤੇ ਸੂਰਦਾਸ (ਅੰ. 1563 ਈ.), ਆਦਿ ਦਾ ਪ੍ਰਭਾਵ ਸਾਫ਼ ਦਿੱਸਦਾ ਹੈ। ਉਹ ਸੋਢੀ ਮਿਹਰਵਾਨ ਦੇ ਅਨੁਯਾਈ ਤੇ ਨਾਨਕ ਪੰਥੀ ਸਨ। ਛੋਟੇ ਮੇਲ ਦੇ ਕਿਸੇ ਗੁਰੂ ਜਾਂ ਸ਼ਰਧਾਲੂ ਕਵੀ ਨੇ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਦੇ ਗੁਰੂ ਸਾਹਿਬਾਨ ਦੇ ਅਨੁਕਰਣ ਉੱਤੇ ਕੁੱਝ ਲਿਖਣ ਦਾ ਉਪਰਾਲਾ ਨਹੀਂ ਕੀਤਾ, ਇਸੇ ਤਰ੍ਹਾਂ, ਹਰੀਆ ਜੀ ਤੋਂ ਵੀ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਗੁਰੂ ਤੇਗ਼ ਬਹਾਦਰ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਅਨੁਕਰਣ ਉੱਤੇ ਕੁੱਝ ਲਿਖਦੇ।

ਹਰੀਆ ਜੀ ਦਾ ਗੁਰੂ ਉਨ੍ਹਾਂ ਦਾ ਵੱਡਾ ਭਰਾ ਬਾਲਾ, ਬਾਲੇ ਦਾ ਗੁਰੂ ਦੀਵਾਨਿਆਂ ਦਾ ਆਦਿ-ਪੁਰਖ ਭੂੰਦੜ ਤੇ ਭੂੰਦੜ ਦਾ ਗੁਰੂ ਮਿਹਰਵਾਨ ਸੀ।[14] ਭੂੰਦੜ ਨੇ ਗੁਰੂ

---

12. ਪ੍ਰੋ.ਪ੍ਰੀ.ਸਿੰ. ਹ.ਲਿ. 416, ਪੱਤਰਾ 146ਅ।
13. ਹਰਿਭਜਨ ਸਿੰਘ, *ਗੁਰਮੁਖੀ ਲਿਪੀ ਮੇਂ ਹਿੰਦੀ ਕਾਵ੍ਯ*, 1963, ਪੰ. 117-118.
14. ਵੇਖੋ, ਬਾਬਾ ਰਾਮ ਦਾਸ ਕ੍ਰਿਤ ਗੁਰਪਰਨਾਲੀ, *ਗ੍ਰੰਥਾ ਸਾਹਿਬ*, ਪੰ. 1197:
    ਹਰੀ ਦਾਸ ਹਰਿ ਰੂਪ ਉਜਾਗਰ ॥2॥
    ਤਾਂ ਕਾ ਗੁਰੁ ਬਾਲਾ ਬਲ ਭਾਰੀ ॥
    ਤਿਨ ਕੇ ਗੁਰੁ ਭੂੰਦੜ ਬਲ ਭਾਰੇ ॥ ..
    ਹਰੀਆ ਜੀ ਨੇ ਖ਼ੁਦ ਆਪਣੇ ਗ੍ਰੰਥ ਵਿਚ ਬਾਲੇ ਤੇ ਭੂੰਦੜ ਨੂੰ ਆਪਣਾ ਗੁਰੂ ਮੰਨਿਆ ਹੈ:
    (ੳ) ਨਾਨਕ ਪੰਥੀ ਹਰੀਆ ਕਹੀਐ ਬਾਲੇ ਕੀ ਦਸਤਾਰੇ। *(ਪ੍ਰੋ.ਪ੍ਰੀ.ਸਿੰ. ਹ.ਲਿ. 416, ਪੱਤਰਾ408ਅ)*
    (ਅ) ਬਾਬਾ ਭੂੰਦੜੁ ਵਸਦਾ ਨਾਲੇ। ਮਾਤਾ ਪੂਤ ਜਿਵੈ ਪ੍ਰਤਿਪਾਲੇ। *(ਉਹੀ, ਪੰ. 502ੳ)*
    (ੲ) ਸੋ ਧੰਨੁ ਗੁਰੂ ਨਾਨਕੁ ਭੂੰਦੜੁ ਬਾਲਾ। *(ਉਹੀ, ਪੰ. 617ਅ)*

SikhBookClub.com

ਮਿਹਰਵਾਨ ਕੋਲੋਂ ਉਨ੍ਹਾਂ ਦੇ ਗੁਰਿਆਈ ਕਾਲ, ਅਰਥਾਤ 1619-1640 ਈ. ਵਿਚ ਹੀ ਦੀਖਿਆ ਲਈ ਹੋਣੀ ਹੈ ਤੇ ਬਾਲੇ ਤੇ ਹਰੀਏ ਨੇ ਬਾਅਦ ਵਿਚ ਆਪਣੇ ਆਪਣੇ ਗੁਰੂ ਕੋਲੋਂ। *ਗੋਸ਼ਟਾਂ ਮਿਹਰਬਾਨ ਜੀ ਕੀਆਂ* ਵਿਚ ਹਰਿ ਜੀ ਨੇ ਇਸ ਗੱਲ ਦੀ ਹਾਮੀ ਭਰੀ ਹੈ ਕਿ ਸੋਢੀ ਮਿਹਰਵਾਨ ਗੁਰੂ ਬਣਨ ਤੋਂ ਬਾਅਦ ਜੰਗਲ ਅਰਥਾਤ ਮਾਲਵਾ ਦੇਸ ਗਏ ਸਨ।[15] ਇਸ ਤੋਂ ਇਹ ਅਨੁਮਾਨ ਲਾਇਆ ਜਾਣਾ ਕਠਨ ਨਹੀਂ ਹੈ ਕਿ ਹਰੀਆ ਜੀ ਨੇ ਆਪਣਾ ਗ੍ਰੰਥ 17ਵੀਂ ਸਦੀ ਈਸਵੀ ਦੇ ਮੱਧ ਤੋਂ ਬਾਅਦ ਹੀ ਸੰਪੂਰਨ ਕੀਤਾ ਹੋਣਾ ਹੈ। ਇਸ ਤਾਰੀਖ਼ ਨੂੰ ਹਮਾਯੂੰ ਦੀ ਵਫ਼ਾਤ ਨਾਲ ਜੋੜ ਕੇ ਪਿੱਛੇ 1556 ਈ., ਗੁਰੂ ਅਮਰ ਦਾਸ ਜੀ ਦੇ ਗੁਰਿਆਈ ਕਾਲ (1552-1574 ਈ.) ਤਕ ਲੈ ਜਾਣਾ, ਜਦੋਂ ਦੀਵਾਨਿਆਂ ਦੇ ਆਦਿ ਗੁਰੂ ਮਿਹਰਵਾਨ ਦਾ ਨਾਮ-ਨਿਸ਼ਾਨ ਵੀ ਨਹੀਂ ਸੀ, ਇਹ ਅਨੁਮਾਨ ਠੀਕ ਨਹੀਂ ਹੈ।

ਸਾਡੇ ਪਾਸ ਹਰੀਆ ਜੀ ਦੇ ਗ੍ਰੰਥ ਦੇ ਦੋ ਪੁਰਾਤਨ ਖਰੜੇ ਪਏ ਹਨ, ਇਕ 1723 ਈ. ਦਾ (ਪ੍ਰੋ.ਪ੍ਰੀ.ਸਿੰ. 420) ਤੇ ਦੂਜਾ 1735 ਈ. ਦਾ (ਪ੍ਰੋ.ਪ੍ਰੀ.ਸਿੰ. 416)। 1723 ਈ. ਵਾਲਾ ਖਰੜਾ, ਜੋ ਅਪੂਰਨ ਹੈ, ਸਾਬਤ ਕਰਦਾ ਹੈ ਕਿ ਹਰੀਆ ਜੀ ਦੇ ਗ੍ਰੰਥ ਦੀ ਰਚਨਾ 1723 ਈ. ਤੋਂ ਪਹਿਲਾਂ ਸੰਕਲਿਤ ਹੋਣੀ ਸ਼ੁਰੂ ਹੋ ਚੁੱਕੀ ਸੀ, ਜਦ ਕਿ 1735 ਈ. ਵਾਲਾ ਖਰੜਾ ਸਿੱਧ ਕਰਦਾ ਹੈ ਕਿ ਇਸ ਦੀ ਤਕਰੀਬਨ ਸਾਰੀ ਰਚਨਾ ਇਕੱਤਰ ਕਰ ਕੇ ਪੁਸਤਕ ਰੂਪ ਵਿਚ ਸੰਭਾਲੀ ਜਾ ਚੁੱਕੀ ਸੀ।

ਉਪਰੋਕਤ ਵਿਸ਼ਲੇਸ਼ਣ ਸਾਨੂੰ ਹਰੀਆ ਜੀ ਦੇ ਰਚਨਾ-ਕਾਲ ਦੇ ਦੋਵੇਂ ਪਾਸੇ ਨਿਸਚਿਤ ਕਰਨ ਵਿਚ ਸਹਾਈ ਹੁੰਦਾ ਹੈ—ਇਕ ਪਾਸਾ ਮੱਧ 17ਵੀਂ ਸਦੀ ਈਸਵੀ ਤੇ ਦੂਜਾ 18ਵੀਂ ਸਦੀ ਦੇ ਮੁੱਢਲੇ ਸਾਲ। ਸਾਡਾ ਖ਼ਿਆਲ ਹੈ ਕਿ ਜਿੰਨਾ ਚਿਰ ਸਾਨੂੰ ਕੋਈ ਹੋਰ ਪ੍ਰਮਾਣਿਕ ਹਵਾਲੇ ਨਹੀਂ ਮਿਲ ਜਾਂਦੇ, ਇਹ ਰਚਨਾ ਕਾਲ ਸਚਾਈ ਦੇ ਵਧੇਰੇ ਨੇੜੇ ਹੈ।

ਮਾਲਵਾ ਦੇਸ ਰਟਨ ਦੀ ਸਾਖੀ ਪੋਥੀ (1823 ਈ.) ਵਿਚ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਦੇ ਯੁੱਧ ਤੋਂ ਬਾਅਦ ਜਦੋਂ ਪਿੰਡ ਭੂੰਦੜ ਗਏ ਤਾਂ ਬਾਬਾ ਭੂੰਦੜ ਉਨ੍ਹਾਂ ਨੂੰ ਮਿਲਣ ਆਇਆ ਸੀ:

> ਗੁਰੂ ਜੀ ਸ਼ਿਕਾਰ ਖੇਡਦੇ ਖੇਡਦੇ [ਥੇਹੜੀ ਤੋਂ] ਛੇਈਂ ਕੋਹੀਂ ਭੂੰਦੜ ਗਏ। ਗੁਰੂ ਜੀ ਨੂੰ ਭੂੰਦੜ ਨੇ ਮੱਥਾ ਟੇਕਿਆ, ਪੰਜ ਰੁਪੱਯੇ ਇਕੁ ਥਾਨੁ। ਦੁਧ ਸਿਖਾਂ ਨੂੰ ਛਕਾਇਆ ਮਿਠਾ ਕਰਕੇ, ਹੋਰ ਗੋਸਟ ਹੋਈ।[16]

ਭਾਈ ਸੰਤੋਖ ਸਿੰਘ ਇਸ ਮੇਲ ਦੀ ਪ੍ਰੋੜ੍ਹਤਾ ਕਰਦੇ ਹਨ:

> ਤਿਸ ਥਲ ਭੂੰਦੜ ਰਹੈ ਦਿਵਾਨਾ।
> ਗੁਰ ਆਗਵਨ ਸੁਨੇ ਹਰਖਾਨਾ।
> ਤੂਰਨ ਹੀ ਚਲਿ ਕਰਿ ਸੋ ਆਯੋ।
> ਚਰਨ ਕਮਲ ਪਰ ਸੀਸ ਨਿਵਾਯੋ ॥੩॥[17]

---

15. ਵੇਖੋ, ਕ੍ਰਿਸ਼ਣਾ ਕੁਮਾਰੀ ਬਾਂਸਲ ਦੁਆਰਾ ਸੰਪਾਦਿਤ ਪੁਸਤਕ, *ਗੋਸ਼ਟਾਂ ਮਿਹਰਬਾਨ ਜੀ ਕੀਆਂ*, ਪੰ. 50.
16. *ਸਾਖੀ ਪੋਥੀ*, ਭਾਈ ਵੀਰ ਸਿੰਘ (ਸੰਪਾ.), 1950, ਪੰ. 67.
17. *ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ 14, ਐਨ 1, ਅੰਸੂ 16, ਪੰ. 6058.

SikhBookClub.com

ਇਹ ਮੇਲ 1706 ਈ. ਤੋਂ ਪਹਿਲਾਂ ਨਹੀਂ ਹੋ ਸਕਦਾ, ਕਿਉਂਕਿ ਮੁਕਤਸਰ ਦੀ ਲੜਾਈ 29 ਦਸੰਬਰ, 1705[18] ਜਾਂ 14-15 ਜਨਵਰੀ, 1706[19] ਨੂੰ ਹੋਈ ਦੱਸੀ ਜਾਂਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ 1706 ਈ. ਵਿਚ ਬਾਬਾ ਭੂੰਦੜ ਅਜੇ ਜੀਉਂਦਾ ਸੀ। ਇਹ ਤੱਥ ਹਰੀਆ ਜੀ ਨੂੰ, ਜੋ ਉਸ ਦਾ ਪੋਤ੍ਰਚੇਲਾ ਸੀ, 17ਵੀਂ ਸਦੀ ਈਸਵੀ ਦੇ ਦੂਜੇ ਅੱਧ ਵਿਚ ਲੈ ਜਾਂਦਾ ਹੈ।

ਗਿਆਨੀ ਗਿਆਨ ਸਿੰਘ ਨੇ ਆਪਣੀਆਂ ਲਿਖਤਾਂ ਵਿਚ ਭੂੰਦੜ ਬਾਰੇ ਕੁੱਝ ਅਜੀਬ ਤੇ ਸ੍ਵੈ-ਵਿਰੋਧੀ ਬਿਆਨ ਦਿੱਤੇ ਹਨ। ਉਨ੍ਹਾਂ ਨੇ *ਤਵਾਰੀਖ਼ ਗੁਰੂ ਖਾਲਸਾ, ਭਾਗ ਪਹਿਲਾ* (ਰ-ਕਾ. 1900 ਈ.) ਵਿਚ ਦੱਸਿਆ ਹੈ ਕਿ :

(ੳ) ਭੂਦੜ (ਭੂੰਦੜ) ਗੁਰੂ ਅਰਜਨ ਦੇਵ ਜੀ (ਗੁ-ਕਾ. 1581-1606 ਈ.) ਦਾ ਇਕ ਉੱਘਾ ਮਸੰਦ ਸੀ;

(ਅ) ਗੁਰੂ ਹਰਿ ਰਾਇ ਜੀ ਨੂੰ (ਅੰ. 1653 ਈ. ਵਿਚ) ਭੂੰਦੜ ਦਾ ਪੁੱਤਰ ਬਿਹਾਰੀ ਮਿਲਣ ਆਇਆ ਸੀ; ਤੇ

(ੲ) ਗੁਰੂ ਗੋਬਿੰਦ ਸਿੰਘ ਜੀ ਨੂੰ (1706 ਈ. ਵਿਚ) ਭੂੰਦੜ ਦਾ ਪੋਤਰਾ ਮਿਲਿਆ ਸੀ।[20]

ਇਤਿਹਾਸ ਰਿਆਸਤ ਬਾਗੜੀਆਂ (ਰ-ਕਾ. 1917 ਈ.) ਵਿਚ ਉਨ੍ਹਾਂ ਨੇ ਲਿਖਿਆ ਹੈ ਕਿ ਜਦੋਂ ਗੁਰੂ ਹਰਿ ਰਾਇ ਜੀ ਮਾਲਵਾ ਦੇਸ਼ ਗਏ ਸਨ (ਅੰ. 1653 ਈ. ਨੂੰ), ਤਾਂ ਭੂੰਦੜ, ਬਾਲਾ ਤੇ ਹਰੀਆ ਤਿੰਨੇ ਉਨ੍ਹਾਂ ਨੂੰ ਮਿਲਣ ਆਏ ਸਨ।[21]

ਜੇ ਸਾਖੀ ਪੋਥੀ, ਭਾਈ ਸੰਤੋਖ ਸਿੰਘ ਤੇ ਗਿਆਨੀ ਗਿਆਨ ਸਿੰਘ ਦੇ ਭੂੰਦੜ ਬਾਰੇ ਬਿਆਨਾਂ ਨੂੰ ਪਰਵਾਨ ਕਰ ਲਿਆ ਜਾਏ ਤਾਂ ਭੂੰਦੜ ਦੀ ਉਮਰ ਕਰੀਬ ਕਰੀਬ 150 ਸਾਲ ਦੀ ਮੰਨਣੀ ਪਵੇਗੀ ਜੋ ਮੰਨਣਯੋਗ ਨਹੀਂ ਹੈ। ਇਸ ਲਈ ਜਾਂ ਤਾਂ ਇਹ ਮੰਨਣਾ ਪਵੇਗਾ ਕਿ ਗੁਰੂ ਅਰਜਨ ਦੇਵ ਜੀ ਦਾ ਮਸੰਦ, ਜੇ ਭੂੰਦੜ ਨਾਂ ਵਾਲਾ ਸੀ, ਤਾਂ ਉਹ ਕੋਈ ਹੋਰ ਭੂੰਦੜ ਹੋਵੇਗਾ, ਦੀਵਾਨਿਆਂ ਵਾਲਾ ਭੂੰਦੜ ਨਹੀਂ। ਇਸ ਤੋਂ ਇਹ ਨਤੀਜਾ ਵੀ ਸਹਿਜੇ ਹੀ ਨਿਕਲ ਸਕਦਾ ਹੈ ਕਿ ਸਾਡੇ ਪੁਰਾਤਨ ਲੇਖਕਾਂ ਵਿੱਚੋਂ ਕਿਸੇ ਨਾ ਕਿਸੇ ਦਾ ਬਿਆਨ ਹਕੀਕਤ ਤੋਂ ਦੂਰ ਦਾ ਹੈ।

---

18. *The Encyclopaedia of Sikhism*, Vol. III, p. 136.
19. ਸੁਖਦਿਆਲ ਸਿੰਘ, *ਪੰਜਾਬ ਦਾ ਇਤਿਹਾਸ*, ਜਿਲਦ ਪੰਜਵੀਂ, 2000, ਪੰ. 222.
20. (ੳ) "ਗੁਰੂ ਅਰਜਨ ਸਾਹਬ ਦੇ ਵੇਲੇ ਮਾਲਵੇ ਦੇਸ ਵਿੱਚ ਚਾਰ ਮਸੰਦ ਗੁਰੂ ਕੇ ਬਹੁਤ ਉੱਘੇ ਸਨ, ਭਾਈ ਬਹਿਲੋ, ਭੂਦੜ, ਪੰਜਾਬ, ਭਗਤੂ।" *(ਤਵਾਰੀਖ਼ ਗੁਰੂ ਖਾਲਸਾ, ਭਾਗ ਪਹਿਲਾ, 1999, ਪੰ. 627)*

    (ਅ) "ਮਾਲਵੇ ਦੇਸ਼ ਦੇ ਸਿੱਖ ਭਾਈ ਰੂਪਾ, ਜੋਧ, ਕਾਲਾ, ਕਰਮ ਚੰਦ, ਬਾਗ, ਭਾਈ ਗੁਰਦਾਸ, ਭੂੰਦੜ ਦੇ ਪੁਤ੍ਰ ਬਿਹਾਰੀ ਆਦਿਕ ਨਾਮੀ ਮਸੰਦਾਂ ਤੇ ਸਿੱਖਾਂ ਦੀ ਬੇਨਤੀ ਮੰਨ ਕੇ ਚਤਰ ਮਾਸ ਵਿਚ ਮਾਲਵੇ ਦੀ ਭੂਮੀ ਬਹੁਤ ਚੰਗੀ ਦੇਖ ਕਰ ਗੁਰੂ ਸਾਹਿਬ (ਗੁਰੂ ਹਰਿ ਰਾਇ ਜੀ) ਤਿਆਰ ਹੋਏ। *(ਉਹੀ, ਪੰ. 625)*

    (ੲ) "ਥੇਹੜੀ ਪਿੰਡ ਤੋਂ ਸੈਰ ਸ਼ਿਕਾਰ ਕਰਦੇ ਹੋਏ ਗੁਰੂ ਜੀ (ਗੁਰੂ ਗੋਬਿੰਦ ਸਿੰਘ) ਭੂੰਦੜ ਦੇ ਪਿੰਡ ਜਾ ਰਹੇ। ਓਹ ਸੋਢੀ ਮੇਹਰਬਾਨ ਦਾ ਦੀਵਾਨ ਤੇ ਮਸੰਦ ਸੀ। ਓਸ ਦਾ ਪੋਤਾ ਪੰਜ ਰੁਪਏ ਇਕ ਥਾਨ ਲੈ ਕੇ ਗੁਰੂ ਜੀ ਨੂੰ ਆ ਮਿਲਿਆ।" *(ਉਹੀ, ਪੰ. 1055-56)*
21. ਰੂਪ ਚੰਦ ਨਿਜ ਪੁਤ੍ਰਨਿਸੰਗ। ਹਾਜਰ ਹੋਇਓ ਸਾਥ ਉਮੰਗ॥
    ਭਾਈ ਭਗਤੂ ਹਰੀਆ ਬਾਲਾ। ਭੂੰਦੜ ਦਾਹੂ ਮਲ ਕਿਰਪਾਲਾ॥
    (ਇਤਿਹਾਸ ਰਿਆਸਤ ਬਾਗੜੀਆਂ, ਪੰ. 51)

SikhBookClub.com

ਸਾਰਨੀ ਨੰ. 5
ਗ੍ਰੰਥ ਹਰੀਆ ਜੀ ਕਾ (ਸੰਪਾ. ਦਰਬਾਰੀ)
ਹ.ਲਿ. ਡਾ.ਮਾਨ ਸਿੰਘ ਨਿਰੰਕਾਰੀ, ਚੰਡੀਗੜ੍ਹ ਕਲੈਕਸ਼ਨ

ਇਹ ਹੱਥ-ਲਿਖਿਤ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਜਪੁ ਮਹਲਾ ੧ ਤੋਂ ਸ਼ੁਰੂ ਹੁੰਦਾ ਹੈ। ਅੱਗੇ ਇਸੇ ਨਮੂਨੇ ਉੱਤੇ ਜਪੁ ਹਰੀਆ ਜੀ ਕਾ ਹੈ, ਜਿਸ ਦੇ ਅੰਤ ਉੱਤੇ ਮਹਲਾ ੭ ਤੇ ਮਹਲਾ ੮ ਦਾ ਇਕ ਇਕ ਸਲੋਕ ਹੈ। ਇਸ ਗ੍ਰੰਥ ਦੇ ਅਖ਼ੀਰ ਉੱਤੇ ਇਕ ਛੋਟੀ ਰਾਗਮਾਲਾ ਹੈ, ਜੋ 'ਤਿਲੰਗ ਕੀ ਵਾਰ ਮਹਲਾ ੮' ਤੇ ਭਾਈ ਦਰਬਾਰੀ ਰਚਿਤ ਹਰਿਜਸ ਪੋਥੀ ਵਿਚ ਵੀ ਦਰਜ ਹੈ। ਇਹ ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਰਾਗਮਾਲਾ ਤੋਂ ਅੱਡ ਹੈ।

ਇਸ ਗ੍ਰੰਥ ਦੀਆਂ ਰਚਨਾਵਾਂ ਦਾ ਬਿਉਰਾ ਹੇਠਾਂ ਦਿੱਤਾ ਜਾਂਦਾ ਹੈ:

ਸਿਰਲੇਖ	*ਪੱਤਰਾ*	*ਖ਼ਾਸ ਰਚਨਾਵਾਂ*
1. ਰਾਗੁ ਆਸਾ ਜਪੁ ਮਹਲਾ ੧	1	
2. ਰਾਗੁ ਆਸਾ ਜਪੁ ਹਰੀਆ ਜੀ	9	
3. ਰਾਗੁ ਭੈਰਉ	17	
4. ਰਾਗੁ ਤਿਲੰਗ	33	ਠੂਠਾ
5. ਰਾਗੁ ਤੋਡੀ	43	
6. ਰਾਗੁ ਜੈਤਸਿਰੀ	45	
7. ਰਾਗੁ ਧਨਾਸਰੀ	49	
8. ਰਾਗੁ ਮਾਲਕੌਸ	64	
9. ਰਾਗੁ ਆਸਾ	64	ਰਾਗੁ ਆਸਾ ਵਾਰ ਸਲੋਕਾਂ ਨਾਲ
10. ਰਾਗੁ ਅਸਾਵਰੀ	87	
11. ਰਾਗੁ ਗੂਜਰੀ	98	
12. ਰਾਗੁ ਰਾਮਕਲੀ	101	
13. ਰਾਗੁ ਮਲਾਇਰੁ	112	ਵਾਰ ਮਲਾਇਰੁ ਕੀ, ਵਾਰ ਦੂਜੀ ਮਲਾਇਰੁ ਕੀ
14. ਰਾਗੁ ਵਡਹੰਸ	139	
15. ਰਾਗੁ ਸੋਰਠਿ	140	
16. ਰਾਗੁ ਮਾਝਿ	144	ਅਛਲ, ਬਾਰਹਮਾਹਾ, ਹੀਰ
17. ਰਾਗੁ ਗਉੜੀ	227	ਗਉੜੀ ਛਤੀਹ, ਗਉੜੀ ਸੁਖਮਨੀ, ਵਾਰ ਗਉੜੀ ਕੀ
18. ਰਾਗੁ ਕਲਿਆਣੁ	432	
19. ਰਾਗੁ ਨਟ ਨਾਰਾਇਣ	433	
20. ਰਾਗੁ ਸਿਰੀਰਾਗੁ	440	
21. ਰਾਗੁ ਸੂਹੀ	446	
22. ਰਾਗੁ ਗੂਡ	449	
23. ਰਾਗੁ ਬਿਲਾਵਲ	454	

SikhBookClub.com

24. ਰਾਗੁ ਪ੍ਰਭਾਤੀ	470	
25. ਰਾਗੁ ਬਸੰਤੁ	475	
26. ਰਾਗੁ ਕੇਦਾਰਾ	483	
27. ਰਾਗੁ ਮਾਰੂ	484	ਸਸੀ, ਦੂਜੀ ਸਸੀ
28. ਰਾਗੁ ਤੁਖਾਰੀ	498	
29. ਗਜਲ ਭਟ ਪਹਿ ਦੀ	502	
30. ਜਗੋਟੀ ਪੰਜ ਮਾਤ੍ਰਾ ਕਾਇ	502	
31. ਓਊ ਆਦਿ ਨਿਰੰਜਨੁ	509	
32. ਤ੍ਰਿਖਾ ਕਾਲੇ ਜਲੇ ਦਾਤਾ	510	
33. ਗੋਸਟਿ ਗੋਰਖ ਗਨੇਸ ਕੀ	510	
34. ਮਹਾਦੇਵ ਕੀ ਗਰਭਾਵਲੀ	512	
35. ਨਾਗਾਅਰਜਨ ਕੀ ਰਤਨ ਮਾਲ	514	
36. ਸਲੋਕ ਵਾਰਾਂ ਸਬਦਾਂ ਤੇ ਵਧੀਕ	515	
37. ਡਾਖਣੇ	518	
38. ਸਲੋਕ। ਏਕੁ ਸਰਾਪ	529	
39. ਜੁਗਾ ਅਵਤਾਰਾ ਕਾ ਵਰਤੰਤੁ	530	
40. ਰਾਗਮਾਲਾ ਤਿਲੰਗ ਵਿਚ	534	
41. ਬੇਨਤੀ ਗੁਲਾਮ (ਦਰਬਾਰੀ) ਦੀ	535	

SikhBookClub.com

ਚਿੱਤਰ ਨੰ. 4 : ਬਾਬਾ ਰਾਮ ਦਾਸ

SikhBookClub.com

10

ਬਾਬਾ ਰਾਮ ਦਾਸ

ਅਸੀਂ ਪਹਿਲਾਂ ਦੱਸ ਆਏ ਹਾਂ ਕਿ ਬਾਬਾ ਰਾਮ ਦਾਸ ਜੀ, ਜਿਨ੍ਹਾਂ ਦਾ ਡੇਰਾ ਪਟਿਆਲੇ ਸ਼ਹਿਰ ਦੇ ਬਾਹਰਵਾਰ ਹੈ, ਦੀਵਾਨੇ ਸਾਧੂ ਸਨ। ਹਰੀਆ ਜੀ ਤੋਂ ਬਾਅਦ, ਬਾਬਾ ਰਾਮ ਦਾਸ ਜੀ ਦੀਵਾਨਾ ਸੰਪ੍ਰਦਾਇ ਦੇ ਦੂਜੇ ਉੱਤਮ ਕਵੀ, ਉੱਚ ਕੋਟੀ ਦੇ ਵਿਦਵਾਨ ਤੇ ਕਰਨੀ ਵਾਲੇ ਮਹਾਂਪੁਰਸ਼ ਮੰਨੇ ਜਾਂਦੇ ਹਨ। (ਵੇਖੋ, ਚਿਤਰ ਨੰ. 4)

ਬਾਬਾ ਜੀ ਦੀ ਜ਼ਿੰਦਗੀ ਦੇ ਹਾਲਾਤ ਬਾਰੇ ਸਾਨੂੰ ਬੜਾ ਹੀ ਪ੍ਰਮਾਣਿਕ ਸਰੋਤ ਭਾਸ਼ਾ ਵਿਭਾਗ, ਪਟਿਆਲਾ ਦੀ ਲਾਇਬ੍ਰੇਰੀ ਦੇ ਖਰੜਾ ਨੰ. 521 ਵਿੱਚੋਂ ਮਿਲ ਗਿਆ ਹੈ। ਇਸ ਖਰੜੇ ਦਾ ਨਾਂ *ਪਤਿ ਪੋਥੀ* ਹੈ ਤੇ ਇਸ ਵਿਚ ਬਾਬਾ ਰਾਮ ਦਾਸ ਦੀ ਚੋਣਵੀਂ ਰਚਨਾ ਦਰਜ ਹੈ। ਇਹ ਸੰਕਲਨ, ਬਾਬਾ ਜੀ ਦੇ ਸਮਕਾਲੀ ਤੇ ਉਨ੍ਹਾਂ ਦੇ ਅਨਿੰਨ ਸ਼ਿੱਸ਼ ਕਵੀ ਰਾਮ ਸਿੰਘ ਪੰਜਾਬੀ ਨੇ 1848 ਈ. ਵਿਚ ਸੰਪੂਰਨ ਕੀਤਾ ਸੀ। ਇਸ ਦੇ ਆਰੰਭ ਵਿਚ ਕਵੀ ਰਾਮ ਸਿੰਘ ਪੰਜਾਬੀ ਨੇ ਆਪਣੇ ਸ਼ਬਦਾਂ ਵਿਚ ਆਪਣੇ ਗੁਰੂ ਦੀ *ਗੁਰਰਤਨਾਵਲੀ* ਤੇ ਉਨ੍ਹਾਂ ਦੀ ਜੀਵਨ-ਕਥਾ ਅੰਕਿਤ ਕੀਤੀ ਹੋਈ ਹੈ।

ਪਤਿ ਪੋਥੀ ਵਿਚ ਸੰਕਲਿਤ ਬਾਬਾ ਰਾਮ ਦਾਸ ਰਚਿਤ *ਗੁਰਪ੍ਰਣਾਲੀ*[1] ਤੇ ਕਵੀ ਰਾਮ ਸਿੰਘ ਦੀ ਆਪਣੀ ਰਚਨਾ *ਗੁਰਰਤਨਾਵਲੀ*[2] ਵਿਚ ਗੁਰਿਆਈ ਦੀ ਤਰਤੀਬ ਇੱਕੋ ਹੈ, ਫ਼ਰਕ ਸਿਰਫ਼ ਐਨਾ ਹੈ ਕਿ ਰਾਮ ਸਿੰਘ ਪੰਜਾਬੀ ਨੇ ਆਪਣੇ ਗੁਰੂ ਦੀ *ਗੁਰਪ੍ਰਣਾਲੀ* ਨੂੰ ਕੁੱਝ ਸ਼ਾਇਰਾਨਾ ਪਲੇਥਣ ਲਾ ਕੇ ਪੇਸ਼ ਕੀਤਾ ਹੋਇਆ ਹੈ।

ਬਾਬਾ ਜੀ ਦੇ ਜੀਵਨ ਬਾਰੇ ਕਵੀ ਰਾਮ ਸਿੰਘ ਪੰਜਾਬੀ ਨੇ ਲਿਖਿਆ ਹੈ :

> ਸੰਮਤ ੧੮੨੦ [1763 ਈ.] ਬਾਬਾ ਰਾਮ ਦਾਸ ਜੀ ਪਟਾਲੈ ਆਏ॥ ਸ੍ਰੀ ਮਹਾਰਾਜੈ ਅਮਰ ਸਿੰਘ ਜੀ ਨੈ ਭਾਉ ਭਗਤਿ ਸੌਂ ਪਟਾਲੈ ਮੈ ਪੰਜ ਸੈ ਬਿਘੇ ਜਮੀਨ ੫੦੦ ਅਰਦਾਸ ਕਰਾਈ॥ ਤਿਸ ਜਮੀਨ ਕੇ ਮਧਿ ਨਗਰ ਤੇ ਚੜਦੀ ਤਰਫ ਇਕ ਊਚਾ ਥੇਹੁ ਥਾ ਤਿਸੁ ਥੇਹੁ ਉਪਰਿ ਬਾਬੇ ਜੀ ਨੈ ਧਰਮਸਾਲ ਬੰਧੀ ਕੁਸਲਿਜਾ ਨਦੀ ਕੇ ਕਿਨਾਰੇ॥ ਅਰੁ ਧਰਤੀ ਤਪੜ ਥੀ॥ ਬਾਬੇ ਜੀ ਨੈ ਘਰ ਕਾ ਲਾਣਾ ਬੰਧਿਆ ਕਾਮੇ ਰਖੇ ਅਰੁ ਸਾਧ ਭੀ ਹਲਵਾਹੀ ਕਰਨੇ ਲਗੇ॥ ਜਿਮੀ ਕੇ ਭੀ ਮਾਲਕ ਅਰੁ ਮਾਂਮਲੇ ਕੇ ਭੀ ਮਾਲਕ ਬਾਬਾ ਸਾਹਿਬ ਜੀ॥ ਤਿਸ ਜਮੀਨ ਕੇ ਵਿਚ ਵੀ ਚਾਰ ਕੈ ਚਾਰ ਕੂਏ ਲਗਾਏ ਜਹਾਂ ਚਾਹੀਤੇ ਥੇ॥ ਅਰੁ

---

1. ਭਾ.ਵਿ. ਹ.ਲਿ. 521. *ਗੁਰੁਪਰਨਾਲੀ*, ਪੱਤਰਾ 546ੳ-547ਅ : ਸ੍ਰੀ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰ ਦਾਸ, ਗੁਰੂ ਰਾਮ ਦਾਸ, ਗੁਰੂ ਅਰਜਨ ਦੇਵ, ਸੋਢੀ ਮਿਹਰਵਾਨ, ਸੋਢੀ ਪਿਰਥੀ ਚੰਦ, ਭੂੰਦੜ, ਬਾਲਾ, ਹਰੀਆ, ਮੱਸਾ ਦਾਸ, ਦਰਬਾਰੀ ਦਾਸ, ਚਤੁਰ ਦਾਸ, ਰਾਮ ਸੁੰਦਰ, ਨਿਕਟਿ ਨੰਦ, ਸਿਦਕੀ, ਮਨਮੋਹਨ (ਮੋਹਨ ਦਾਸ), ਰਾਮ ਦਾਸ।
2. *ਉਹੀ*। *ਸ੍ਰੀ ਗੁਰਰਤਨਾਵਲੀ*, ਪੱਤਰਾ 11ੳ-14ਅ (ਸ਼ੁਰੂ ਵਿਚ)।

SikhBookClub.com

ਤਪੜ ਧਰਤੀ ਬੀਜਣ ਲਗੇ ਦੋਨੋਂ ਫਸਲਾਂ ਸਾਉਣੀ ਭੀ ਅਰੁ ਹਾੜੀ ਭੀ ਧਰਤੀ ਸੁਧਿ ਭਈ॥ ਫੇਰ ਜੋ ਨਾਜ ਆਂਵਣ ਲਗਾ ਸੋ ਲੰਗਰ ਮੇ ਪਵਣ ਲਗਾ॥ ਸੋ ਲੰਗਰੁ ਧਰਮ ਕਾ ਇਸ ਭਾਂਤਿ ਚਲੈ ਦੇਗ ਤੇ ਪ੍ਰਸਾਦੁ ਸਭ ਕੋ ਮਿਲਣ ਲਗਾ ਹਿੰਦੂ ਮੁਸਲਮਾਂਨੁ ਸਭ ਕੋਈ ਵਰਸਾਵੈ॥ ਸਾਧੁ ਮੁਸਾਫਰ ਸਭ ਕੋ ਛਾਂਦਾ ਮਿਲੈ॥ ਐਸਾ ਲੰਗਰੁ ਚਲੈ ਤੋਟ ਕਦੇ ਆਵੈ ਹੀ ਨਹੀ॥ ਬਾਬੇ ਰਾਮ ਦਾਸ ਜੀ ਕਾ ਨਾਂਉ ਉਜਾਗਰੁ ਹੋਇਆ ਜਗਤ ਮੈਂ ਜਸੁ ਗਾਵੀਐ॥ ਸੰਮਤ ੧੮੬੦ [1803 ਈ.]॥ ਫੇਰ ਮਹਾਰਾਜੈ ਸਾਹਿਬ ਸਿੰਘ ਜੀ ਨੈ ਪਿੰਡੁ ਚੌਰਾ ਅਰਦਾਸ ਕਰਵਾਇਜਾ ਪਟਾ ਸਰਕਾਰ ਤੇ ਮਿਲਿਆ॥ ਤਿਸ ਚੌਰੇ ਪਿੰਡ ਤੇ ਜੋ ਅਨਾਜੁ ਆਵੈ ਸਭ ਭੰਡਾਰੇ ਮਹਿ ਬਾਹੀਐ ਲੰਗਰੁ ਇਸ ਪ੍ਰਕਾਰ ਕਾ ਚਲੈ॥ ਛਤੀਹ ਪ੍ਰਕਾਰ ਕੇ ਬਿੰਜਨ ਖਟਰਸ ਤੇ ਆਦਿ॥੧॥

ਇਹੁ ਤੌ ਪ੍ਰਸਾਦਿ ਕੀ ਜੁਗਤਿ ਕਹੀ॥ ਆਗੈ ਪਾਰਬ੍ਰਹਮ ਪਰਮੇਸਰ ਕੀ ਭਗਤਿ ਜਿਸ ਪ੍ਰਕਾਰ ਹੋਵੈ ਸੋ ਭੀ ਸੁਣੀਐ ਜੀ॥ ਸਵਾ ਪਹਰ ਰਾਤਿ ਰਹੀ ਤੇ ਸਭ ਕੋ ਹੁਕਮੁ ਹੋਵੈ॥ ਜੋ ਉਠਿ ਕੈ ਪਵਿਤ੍ਰ ਹੋਇ ਕੈ ਬਾਣੀ ਪੜਹੁ॥ ਜਿਸ ਕੇ ਕੰਠ ਬਾਣੀ ਨਹੀ ਸੋ ਗੁਰੂ ਗੁਰੂ ਜਪਹੁ॥ ਦੋਹਰਾ॥

ਰਾਂਮ ਦਾਸ ਰਾਂਮਹਿ ਭਜੇ ਸੁਖ ਕਰਿ ਨੀਦ ਨ ਸੋਇ॥
ਭਵਨ ਚਤੁਦਸ ਮੋਲ ਕਾ ਬ੍ਰਿਥਾ ਸਾਸੁ ਮਤਿ ਖੋਇ॥੧॥

ਅਰੁ ਆਪ ਐਸੀ ਮ੍ਰਜਾਦਾ ਧਾਰੀ ਜੋ ਕਹਣ ਵਿਚ ਨ ਆਵੈ॥ ਰੈਨ ਦਿਨ ਸ੍ਰੀ ਪਰਮੇਸੁਰ ਜੀ ਕੀ ਭਗਤਿ ਮਹਿ ਸਾਵਧਾਨ ਰਹਣ ਲਗੇ॥ ਨਾਂਮੁ ਦਾਂਨੁ ਇਸਨਾਂਨੁ ਇਨ ਕਾ ਸਦਾ ਬਰਤੁ ਜਿਨ ਕੈ ਦਰਬਾਰ॥ ਅਸਨਾਂਨੁ ਨਿਤ ਕੀਜੀਐ ਸੁਚਿ ਸੌਂ ਪ੍ਰਸਾਦੁ ਹੋਵੈ ਰਹਤਵਾਨ ਸਾਧੂ ਪ੍ਰਸਾਦੁ ਕਰਨਿ ਚੌਂਕਾ ਦੇਇ ਕੈ ਡੋਲ ਕਾ ਜਲੁ ਬਰਤੀਐ॥ ਸਵਾ ਪਹਰ ਦਿਨ ਚੜਤੇ ਤੀਕੁ ਗੁਰੂ ਗ੍ਰੰਥ ਸਾਹਿਬ ਜੀ ਕਾ ਪਾਠੁ ਸੁਣੀਐ॥ ਜਬ ਪ੍ਰਸਾਦੁ ਤਈਆਰ ਹੋਵੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਸਿੰਘਾਸਨ ਪਰਿ ਬਿਰਾਜਮਾਨ ਕੀਜੀਤੇ॥ ਪ੍ਰਸਾਦ ਕਾ ਭੋਗ ਗੁਰੂ ਗ੍ਰੰਥ ਜੀ ਕਉ ਲਗਾਈਤਾ॥ ਛੈਂਣੇ ਬਜਾਇ ਕਰਿ ਰਾਗੁ ਸਾਰੰਗ ਕੀ ਅਸ੍ਰਪਦੀ ਪੜੀਐ॥ ਗੁਰੂ ਗ੍ਰੰਥ ਜੀ ਕਉ ਛਿੰਗ ਚੁਲੀ ਕਰਵਾਇ ਕੈ ਅਰਦਾਸ ਹੋਤੀ ਤਾਂ ਪਾਛੈ ਸਿਖ ਸੰਗਤਿ ਕੀ ਪੰਗਤਿ ਕੀਜੀਤੀ ਆਪ ਵੀਚ ਬਿਰਾਜਮਾਨੁ ਹੋਇ ਕੈ ਪ੍ਰਸਾਦੁ ਵਰਤਾਇ ਕੈ ਫੇਰ ਅਵਾਜ ਹੋਤੀ॥ ਬੋਲਹੁ ਜੀ ਵਾਹੁਗੁਰੂ॥ ਫੇਰ ਪ੍ਰਸਾਦੁ ਪਾਈਤਾ॥ ਜਬ ਸਭ ਸਾਧ ਸੰਗਤਿ ਛਕਣ ਤੇ ਬਿਘਾਸ ਹੋਤੇ॥ ਤਬ ਚੁਲੀ ਪੜਿ ਕੈ ਅਰਦਾਸ ਹੋਤੀ॥ ਫੇਰਿ ਤਹਾਂ ਤੇ ਅਇ ਕੈ ਹਰਿ ਕੇ ਗੁਣਾਨਵਾਦ ਗਾਵੀਤੇ॥ ਫੇਰਿ ਸੁਖੁ ਆਸਨ ਹੋਇ ਕੈ ਸਵਾਧਾਨੁ ਹੋਈਤਾ॥ ਆਸਨ ਪਰਿ ਬਿਰਾਜਮਾਨ ਹੋਇ ਕੈ ਭਲੇ ਬਸਤ੍ਰ ਪਹਰਤੇ॥ ਸਹਰ ਕੇ ਲੋਕ ਸਿਖ ਸੰਗਤਿ ਸ੍ਰੋਤੇ ਸਾਧੂ ਜਨ ਆਇ ਜੁੜਤੇ॥ ਹਰਿ ਜਸ ਕੀ ਕਥਾ ਹੋਤੀ॥ ਫੇਰ ਪਾਛੈ ਤੇ ਰਾਗੀ ਰਬਾਬੀ ਕੀਰਤਨੁ ਕਰਤੇ॥ ਸੋਦਰੁ ਪੜਿ ਕੈ ਰਹਿਰਾਸ ਪੜਿ ਕੈ ਅਰਦਾਸ ਹੋਤੀ॥ ਫੇਰ ਗੁਰੂ ਗ੍ਰੰਥ ਜੀ ਕੈ ਆਗੈ ਧੂਪ ਦੀਪ ਜਗਾਇ ਕੈ ਆਰਤਾ ਅਰੁ ਆਰਤੀ ਹੋਤੀ ਅਰਦਾਸ ਕਰਿ ਕੈ ਸੰਖ ਸਬਦ ਹੋਤਾ॥ ਫੇਰਿ ਗੁਰੂ ਗ੍ਰੰਥ ਜੀ ਕੈ ਆਗੈ ਅਸ੍ਰਾਂਗ ਡੰਡੌਤਕਰਿ ਕੈ ਮਥਾ ਟੇਕੀਤਾ॥ ਸ੍ਰੀ ਗੁਰੂ ਬਾਬੇ ਨਾਨਕ ਜੀ ਕਾ ਬੈਸਨਵੀ ਮਾਰਗੁ ਹੈ॥ ਗੁਰੂ ਅੰਗਦ ਜੀ ਪ੍ਰਤਿ ਗੁਰੂ ਬਾਬੇ ਜੀ ਉਪਦੇਸੁ ਕੀਤਾ॥ ਕਰਤਾਰਪੁਰ ਰਾਵੀ ਕੇ ਕਿਨਾਰੇ॥ ਜਿ ਪੁਰਖਾ ਹਮਾਰਾ ਧਰਮੁ ਬੈਸਨਵੀ ਹੈ॥ ਸ੍ਰੀ ਬਿਸਨ ਜੀ ਕੀ ਭਗਤਿ ਕਰਣੀ॥ ਕੋਈ ਪਾਖੰਡ ਨਹੀ ਚਲਾਵਣਾ ਅਰੁ ਕੋਈ ਡਿੰਭ ਧਾਰਣਾ ਨਹੀ॥ ਸਿਵੀ ਪੰਥ ਤੇ ਪ੍ਰਹੇਜੁ ਰਖਣਾ ਸਿਵੀ ਮਾਰਗ ਮੈਂ ਦੁਕ੍ਰਿਤ ਕਰਮੁ ਹੈਂ ਸੁਕ੍ਰਿਤ ਕੋਈ ਨਹੀ॥ ਜੋ ਕਰਮੁ ਕ੍ਰਿਆ ਤਿਆਗੈਂ ਸੋ ਸਿਵੀ॥ ਜੋ ਬਿਸਨ ਭਗਤਿ ਕਰੈ ਸੋ ਬੈਸਨਵੀ॥ ਸੁਨਿ ਪੁਰਖਾ ਹਮਾਰਾ ਪੰਥੁ ਗੁਰਮੁਖੀ ਹੈ॥ ਗੁਰਮੁਖਿ ਹੋਇ ਕਰਿ ਭਗਤੀ ਕਰਣੀ॥ ਅਰਥੁ ਇਹੁ ਜੋ ਗੁਰੂ ਜੀ ਨੈਂ ਆਖਿਆ ਹੈ ਸਬਦੋ ਮਹਿ॥ ਜੋ ਨਿਹਕਪਟ ਹੋਇ ਕੈ ਭਗਤਿ ਕਰਣੀ॥ ਅਰੁ ਗੁਰੂ ਜੀ ਕੋ ਪਰਮੇਸਰੁ ਕਰਿ ਕੈ ਪੂਜਣਾ॥ ਸੋਈ ਚਾਲ ਗੁਰੂ ਅੰਗਦ ਜੀ ਨੈ ਸਭ

SikhBookClub.com

ਸਿਖਾਂ ਪ੍ਰਤਿ ਸਿਖਲਾਈ॥ ਬੋਲਹੁ ਭਾਈ ਜੀ ਵਾਹੁਗੁਰੂ॥ ਬਾਬਾ ਰਾਮ ਦਾਸ ਪੂਰਨ ਭਗਤੁ ਗੁਰੂ ਜੀ ਕਾ॥ ਗੁਰੂ ਨਾਨਕ ਜੀ ਕਉ ਪੂਰਨ ਬ੍ਰਹਮੁ ਕਰਿ ਕੈ ਪਛਾਨਿਆ॥ ਜਿਨਾਂ ਨੈ ਏਕ ਓਟ ਗੁਰੂ ਗ੍ਰੰਥ ਸਾਹਿਬ ਜੀ ਕੀ ਧਾਰੀ॥ ਅਰੁ ਪਰਮੇਸੁਰ ਜੀ ਨੇ ਨਾਂਮ ਬਿਨਾ ਜਗਤ ਕੀ ਰੀਤ ਸਭ ਮਿਥਿਆ ਕਰਿ ਜਾਂਨੀ ਹੈ॥ ਅਰੁ ਇਕਾਦਸੀ ਵਾਲੇ ਦਿਨ ਸੰਗਤ ਜੁੜਤੀ ਨਾਂਮ ਕਾ ਉਚਾਰੁ ਹੋਤਾ ਨਾਂਮ ਕੀ ਫਲੋਹਾਰ ਹੋਤੀ॥ ਅਰੁ ਗੁਰੂ ਗ੍ਰੰਥ ਸਾਹਿਬ ਜੀ ਬਿਨਾਂ ਹੋਰੁ ਠਾਕੁਰੁ ਅਰੁ ਦੇਵਾਲਾ ਅਰੁ ਤੀਰਥੁ ਪੁਰੀ ਧਾਂਮ ਕਿਸੀ ਧਰਤੀ ਕਾ ਮਹਾਤਮੁ ਬਾਛਿਆ ਨਹੀ॥ ਸਭਨਾਂ ਦੇਵਾਂ ਕਾ ਦੇਵ ਗੁਰੂ ਬਾਬਾ ਨਾਨਕੁ ਅਰੁ ਗੁਰੂ ਗ੍ਰੰਥ ਸਾਹਿਬ ਇਸਟੁ॥ ਦੋਹਰਾ॥

ਬੇਦ ਲੋਕ ਤੇ ਬਾਹਰਾ ਗੁਰੂ ਨਾਨਕ ਕਾ ਪੰਥੁ॥
ਹਮ ਕਾਂਸੀ ਕਾਹੈ ਮਰੈਂ ਛੋਡਿ ਗੁਰੂ ਕਾ ਗ੍ਰੰਥੁ॥੧॥੨॥

ਬਾਬਾ ਰਾਮ ਦਾਸੁ ਬਾਬੇ ਨਾਨਕ ਜੀ ਕੀ ਮੂਰਤਿ॥ ਅਰੁ ਗੁਰਮੁਖੀ ਚਾਲ ਅਰੁ ਪਵਿਤ੍ਰ ਰਹਤ ਜਿਨੋ ਨੈ ਦਰਸਨ ਦੇਖਿਆ ਹੈ ਸੁ ਨਿਹਾਲੁ ਹੁਏ ਹੈਂ ਯਾ ਮੈਂ ਸੰਦੇਹੁ ਨਹੀ॥ ਅਰੁ ਬਾਬੇ ਰਾਮ ਦਾਸ ਜੀ ਨੈ ਜੋ ਬਾਣੀ ਉਚਰੀ ਸੋ ਗੁਰੂ ਗ੍ਰੰਥ ਜੀ ਕਾ ਮਤੁ॥ ਸੰਪੂਰਣ ਬਾਣੀ ਕੋ ਖਟ ਜਿਸ ਤੇ ਲਾਗਤੇ ਹੈਂ॥੬॥ ਬਾਬੇ ਜੀ ਕੀ ਸੋਭਾ ਮੇਰੇ ਮੁਖ ਤੇ ਬਰਨੀ ਨਹੀ ਜਾਂਦੀ ਪਰੇ ਤੇ ਪਰੇ ਹੈ॥ ਸੋ ਬਾਬਾ ਜੀ ਇਸੁ ਜਗਤ ਤੇ ਅੰਤਰਧਿਆਨ ਭਏ॥ ਸੰਮਤ ੧੮੮੭॥ ਜੇਠ ਸੁਦੀ ੭ [29 ਮਈ, 1830 ਈ.] ਉਦੈ ਥਿਤ ਸਤੇ ਥੀ ਏਕ ਘੜੀ ੧ ਇਕਤਾਲੀ ਪਲ ੪੧ ਬਾਬੇ ਜੀ ਚਲਾਣਾ ਕੀਤਾ ਦਿਨ ਸਵਾ ਪਹਰੁ ਰਹੰਦਾ ਸੀ ਦਾਗੁ ਦੋ ਘੜੀ ਦਿਨੁ ਰਹੇ ਕਾ ਵਾਰੁ ਸਨੀ ਥਾ॥ ਬਾਬਾ ਜੀ ਸਲਾਮਤਿ ਹੋਂਦਿਆਂ ਕ੍ਰਿਸਨ ਦਾਸੁ ਸਪੁਰਦ ਕੀਤਾ॥ ਰਾਜੈ ਕਰਮ ਸਿੰਘ ਜੀ ਕੋ ਬਾਂਹ ਪਕਰਾਈ॥ ਕ੍ਰਿਸਨ ਦਾਸੁ ਮਹੰਤੁ ਹੂਆ ਗਿਆਨੀ ਭੀ ਅਰੁ ਰਾਗੀ ਭੀ॥ ਸੰਮਤੁ ੧੯੦੨॥ ਕਾਤਕ ਕ੍ਰਿਸਨ ਪਛ ਇਕਾਦਸੀ ੧੧ ਦਿਨੁ ਸੋਮਵਾਰ॥ ਸਵਾ ਪਹਰੁ ਰਾਤ ਰਹੰਦੀ ਥੀ ਕ੍ਰਿਸਨ ਦਾਸ ਸੁਰਗਵਾਸ ਹੂਏ॥ ਦਾਗੁ ਦ੍ਵਾਦਸੀ ਪਹਰ ਦਿਨ ਚੜੇ ਤੇ॥ ਫੇਰ ਨਿਰੰਦ੍ਰ ਸਿੰਘ ਰਾਜੇ ਨੈਂ॥ ਨਾਨਕ ਬਖਸੁ ਮਹੰਤੁ ਥਾਪਿਆ॥ ਸੰਮਤੁ ੧੯੦੩ ਚੈਤ੍ਰ ਸੁਦੀ ਤ੍ਰੌਦਸੀ ੧੩ ਬੈਸਾਖੀ ਕੇ ਦਿਨ॥ ਸੰਮਤੁ ੧੯੦੫॥ ਅਸੂ ਸੁਦੀ ੧ ਦਿਨੁ ਸੁਰ ਗੁਰੁਵਾਰ ਪੋਥੀ ਜੀ ਸੰਪੂਰਨੁ ਹੋਈ॥ ਜਸ ਤੇ ਦੋ ਲਗੇ ਹੈਂ॥ ਬਾਬੇ ਰਾਮ ਦਾਸ ਜੀ ਕਾ ਸਿਖੁ ਰਾਘੋ ਹਲਵਾਈ ਸੋ ਹਮਾਰਾ ਗੁਰੁਭਾਈ॥ ਤਿਸ ਨੈਂ ਇਹ ਪੋਥੀ ਸਾਹਿਬ ਲਿਖਵਾਈ ਪ੍ਰੇਮ ਕਰਿ ਕੈ॥ ਲਿਖੀ ਬਾਬੇ ਜੀ ਕੀ ਧਰਮਸਾਲ॥ ਕੌਸਲਿਜਾ ਨਦੀ ਕੇ ਕਿਨਾਰੇ॥ ਦਸਤਖਤ ਰਾਮ ਸਿੰਘ ਪੰਜਾਬੀ ਕੇ॥੧॥[3]

ਜਦੋਂ ਅਸੀਂ ਬਾਬਾ ਰਾਮ ਦਾਸ ਜੀ ਦੇ ਡੇਰੇ ਵਿਚ ਵਧੇਰੇ ਘੋਖ ਪੜਤਾਲ ਲਈ ਪਹੁੰਚੇ ਤਾਂ ਓਥੋਂ ਦੇ ਵਰਤਮਾਨ ਮੁਖ ਸੇਵਕ ਮਹੰਤ ਸ੍ਰੀ ਸਾਧੂ ਰਾਮ ਜੀ ਪਾਸੋਂ ਹੋਰ ਫੁਟਕਲ ਸੂਚਨਾਵਾਂ ਤੋਂ ਇਲਾਵਾ ਇਕ ਬੜੀ ਅਹਿਮ ਸੂਚਨਾ ਇਹ ਵੀ ਮਿਲੀ ਕਿ ਡੇਰੇ ਵੱਲੋਂ 1981 ਈ. ਵਿਚ ਬਾਬਾ ਜੀ ਦੀ ਬਹੁਤ ਸਾਰੀ ਰਚਨਾ *ਬਾਣੀ ਬ੍ਰਿੱਧ ਪ੍ਰਤਾਪ : ਉਦਾਸੀਨ ਦੀਵਾਨਿਆਂ ਦਾ ਗ੍ਰੰਥਾ ਸਾਹਿਬ* ਦੇ ਨਾਂ ਹੇਠ ਛਪ ਚੁੱਕੀ ਹੈ। ਸਾਡੀ ਬੇਨਤੀ ਪਰਵਾਨ ਕਰ ਕੇ ਮਹੰਤ ਜੀ ਨੇ ਸਾਨੂੰ *ਗ੍ਰੰਥਾ ਸਾਹਿਬ* ਦੀ ਇਕ ਕਾਪੀ ਬਖ਼ਸ਼ੀ, ਜਿਸ ਲਈ ਅਸੀਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਾਂ। ਇਸ ਮਹਾਂ ਗ੍ਰੰਥ ਦੇ 1205 ਪੰਨੇ ਹਨ ਤੇ ਤਤਕਰੇ ਤੋਂ ਪਹਿਲਾਂ, 'ਦੋ ਸ਼ਬਦ' ਦੇ ਸਿਰਲੇਖ ਹੇਠ, ਬਾਬਾ ਰਾਮ ਦਾਸ ਦੇ ਜੀਵਨ, ਆਦਿ ਸੰਬੰਧੀ ਕੇਵਲ ਚਾਰ ਪੰਨੇ ਪਿਛਲੇ ਮਹੰਤ ਸ੍ਰੀ ਚਰਨ ਦਾਸ ਜੀ ਦੇ ਲਿਖੇ ਹੋਏ ਹਨ।

3. *ਉਹੀ*। ਪੱਤਰਾ 14ਅ-18ਅ (ਸ਼ੁਰੂ ਵਿਚ)।

SikhBookClub.com

ਜਦੋਂ ਕਵੀ ਰਾਮ ਸਿੰਘ ਦੇ ਬਾਬਾ ਰਾਮ ਦਾਸ ਜੀ ਦੇ ਦੇਹੰਤ ਤੋਂ ਕੇਵਲ 18 ਵਰ੍ਹੇ ਬਾਅਦ ਲਿਖੇ ਗ੍ਰੰਥ ਵਿਚ ਦਿੱਤੀ ਸਵਿਸਤਾਰ ਸੂਚਨਾ ਦਾ ਮੁਕਾਬਲਾ, ਮਹੰਤ ਚਰਨ ਦਾਸ ਵੱਲੋਂ ਸੰਕਲਿਤ ਤੇ ਸੰਪਾਦਿਤ *ਗ੍ਰੰਥਾ ਸਾਹਿਬ* ਨਾਲ ਕੀਤਾ ਗਿਆ ਤਾਂ ਸਾਨੂੰ ਦੋ ਬੜੇ ਸਪਸ਼ਟ ਫ਼ਰਕ ਦਿੱਸੇ, ਜੋ ਅਸੀਂ ਭੁਲੇਖਿਆਂ ਨੂੰ ਦੂਰ ਕਰਨ ਦੇ ਖ਼ਿਆਲ ਨਾਲ ਏਥੇ ਦੇ ਰਹੇ ਹਾਂ :

ਪਹਿਲਾ ਵੱਡਾ ਫ਼ਰਕ ਇਹ ਹੈ ਕਿ ਕਵੀ ਰਾਮ ਸਿੰਘ ਪੰਜਾਬੀ ਨੇ ਆਪਣੀ *ਪਤਿ ਪੋਥੀ* ਵਿਚ ਬਾਬਾ ਰਾਮ ਦਾਸ ਜੀ ਦੀ ਰਚੀ ਜਿਹੜੀ ਗੁਰਪ੍ਰਣਾਲੀ ਦਿੱਤੀ ਹੈ, ਉਸ ਵਿਚ ਮਿਹਰਵਾਨ ਤੇ ਉਨ੍ਹਾਂ ਤੋਂ ਪੂਰਬਲੇ ਗੁਰੂਆਂ ਦਾ ਜ਼ਿਕਰ ਇਸ ਤਰਤੀਬ ਵਿਚ ਕੀਤਾ ਹੈ :

ਮਿਹਰਵਾਨ ਉਨ [ਭੂੰਦੜ] ਕੇ ਗੁਰ ਮਾਹਰ ॥
ਸਪਤ ਦੀਪ ਨਵ ਖੰਡ ਮੈਂ ਜਾਹਰ ॥
ਤਿਨ ਕੇ ਗੁਰੁ ਸਾਹਿਬ [ਪਿਰਥੀ ਚੰਦ] ਜਗ ਜਾਨਾ ॥
ਪ੍ਰਗਟ ਭਏ ਪ੍ਰਿਥਮੀ ਜਿਮ ਭਾਨਾ ॥
ਉਨ ਕੇ ਗੁਰੁ ਅਰਜਨ ਗੁਨੁ ਸਾਗਰ ॥
ਪ੍ਰੇਮ ਭਗਤਿ ਪੂਰਨ ਰਤਨਾਗਰ ॥
ਜਗ ਮੈਂ ਪਠਿਆ ਪ੍ਰਭੁ ਜਗ ਤਾਰਨ ॥
ਸਬਦੁ ਬੋਹਿਥ ਸ੍ਰਿਸਟਿ ਉਧਾਰਨ ॥੪॥
ਚੌਪਈ ॥
ਗੁਰੂ ਰਾਮ ਦਾਸ ਪ੍ਰਭ ਕੈ ਰੰਗ ਰਾਤੇ ॥
ਪੂਰਨ ਭਗਤ ਜਗਤ ਸਭ ਜਾਤੇ ॥
ਗੁਰੂ ਅਮਰ ਦਾਸ ਉਨ ਕੇ ਗੁਰ ਭਏ ॥
ਪ੍ਰੇਮ ਭਗਤਿ ਕਰਿ ਪ੍ਰਭ ਪਹਿ ਗਏ ॥
ਅਮਰ ਦਾਸ ਗੁਰੂ ਅੰਗਦ ਪਾਏ ॥
ਜਾਂ ਕੈ ਜਸੁ ਜਗ ਸਗਲੈ ਗਾਏ ॥
ਪਾਰਬ੍ਰਹਮ ਉਨ ਕੈ ਗੁਰ ਪੂਰੇ ॥
ਸ੍ਰੀ ਨਾਨਕ ਦਾਸ ਸਰਨਿ ਕੇ ਸੂਰੇ ॥੫॥
ਚੌਪਈ ॥
ਜੋ ਜੋ ਜੀਵ ਸਰਨਿ ਹੈਂ ਆਏ ॥
ਕ੍ਰਿਪਾ ਦ੍ਰਿਸਟਿ ਕਰਿ ਪਾਰ ਲੰਘਾਏ ॥
ਤੀਨ ਲੋਕ ਰਚਨਾ ਜਗ ਸਾਰੀ ॥
ਚਰਣ ਲਾਇ ਸਭ ਸ੍ਰਿਸਟਿ ਉਧਾਰੀ ॥
ਰਾਕਸ ਦੈਂਤ ਭੂਤ ਅਰੁ ਪ੍ਰੇਤਾ ॥
ਆਪੁ ਤਰੇ ਸਭ ਕੁਟੰਬ ਸਮੇਤਾ ॥
ਗੁਰੂ ਨਾਨਕ ਕੀ ਸਰਨੀ ਆਏ ॥
ਤਿਨ ਕੇ ਭਾਗ ਨ ਬਰਨੇ ਜਾਏ ॥੬॥
ਦੋਹਰਾ ॥
ਜਰਾ ਮਰਣ ਦੁਹੁ ਤੇ ਛੁਟੇ ਜਮ ਤੇ ਕੀਏ ਖਲਾਸ ॥
ਰਾਮ ਦਾਸ ਸਰਨੀ ਪਰਿਯੋ ਕਟੌ ਕਰਮ ਕੀ ਫਾਸ ॥੧॥

SikhBookClub.com

ਸਭ ਸੰਤਨ ਕੋ ਦਾਸਰੋ ਨਿਸ ਦਿਨ ਸਿਮਰੌਂ ਨਾਂਮ॥
ਗੁਰੂ ਨਾਨਕ ਕੈ ਚਰਣ ਕਾ ਖਾਂਨੇਜਾਦ ਗੁਲਾਮ॥੨॥

ਇਸ *ਗੁਰਪ੍ਰਣਾਲੀ* ਦਾ ਪਾਠ ਜਦੋਂ ਅਸਾਂ *ਗ੍ਰੰਥਾ ਸਾਹਿਬ* ਵਿਚ ਦਿੱਤੀ ਇਸੇ ਸਿਰਨਾਵੇਂ ਵਾਲੀ *ਗੁਰਪ੍ਰਣਾਲੀ* ਨਾਲ ਮੇਲਿਆ ਤਾਂ ਪਤਾ ਲੱਗਾ ਕਿ ਮਹੰਤ ਚਰਨ ਦਾਸ ਜੀ ਨੇ ਜਾਂ ਉਨ੍ਹਾਂ ਦੇ ਕਿਸੇ ਚੇਲੇ ਨੇ ਆਪਣੇ ਪੂਰਬਲੇ ਵੱਡੇ ਮਹੰਤ ਤੇ ਪਟਿਆਲੇ ਵਾਲੇ ਡੇਰੇ ਦੇ ਮੋਢੀ, ਬਾਬਾ ਰਾਮ ਦਾਸ ਜੀ ਦੇ ਮੂਲ ਪਾਠ ਨੂੰ ਬਦਲ ਦਿੱਤਾ ਹੈ। ਬਾਬਾ ਰਾਮ ਦਾਸ ਤੋਂ ਲੈ ਕੇ 'ਗੁਰੂ ਸਾਹਿਬ' ਭਾਵ ਪਿਰਥੀ ਚੰਦ ਤਕ ਦੀ *ਗੁਰਪ੍ਰਣਾਲੀ* ਤਾਂ ਲਫ਼ਜ਼-ਬਲਫ਼ਜ਼ ਉਹੀ ਹੈ ਜੋ ਰਾਮ ਸਿੰਘ ਪੰਜਾਬੀ ਨੇ ਆਪਣੀ ਪੋਥੀ ਵਿਚ ਦਿੱਤੀ ਹੋਈ ਹੈ, ਪਰ ਪਿਰਥੀ ਚੰਦ ਤੋਂ ਪੂਰਬਲੇ ਗੁਰੂਆਂ ਵਿਚ ਭਾਰੀ ਤਬਦੀਲੀ ਕਰ ਦਿੱਤੀ ਹੈ। ਗੁਰੂ ਅਰਜਨ, ਗੁਰੂ ਰਾਮ ਦਾਸ, ਗੁਰੂ ਅਮਰ ਦਾਸ, ਗੁਰੂ ਅੰਗਦ ਤੇ ਗੁਰੂ ਨਾਨਕ ਦੀ ਬਜਾਏ ਕੇਵਲ ਸ੍ਰੀ ਚੰਦ ਲਿਖ ਦਿੱਤਾ ਹੈ। *ਗ੍ਰੰਥਾ ਸਾਹਿਬ* ਵਾਲੀ *ਗੁਰਪ੍ਰਣਾਲੀ* ਦਾ ਮਿਹਰਵਾਨ ਤੋਂ ਪੂਰਬਲਾ ਪਾਠ ਇਉਂ ਚੱਲਦਾ ਹੈ:

ਮਿਹਰਵਾਂਨ ਉਨ [ਭੂੰਦੜ] ਕੇ ਗੁਰੁ ਮਾਹਰ॥
ਸਪਤ ਦੀਪ ਨਵਖੰਡ ਮੈਂ ਜ਼ਾਹਰ॥
ਤਿਨ ਕੇ ਗੁਰੁ ਸਾਹਿਬ [ਪਿਰਥੀ ਚੰਦ] ਜਗ ਜਾਂਨਾ॥
ਪ੍ਰਗਟ ਭਏ ਪ੍ਰਿਥਮੀ ਜਿਮ ਭਾਨਾ॥
ਉਨ ਕੇ ਗੁਰੁ ਸ੍ਰੀ ਚੰਦ ਬਖਾਨਾ॥
ਚਾਰ ਪਦਾਰਥ ਲੈ ਜਗਿ ਆਨਾ॥
ਦੋਹਰਾ॥
ਜਰਾ ਮਰਣ ਦੁਹ ਤ ਛੁਟੇ ਜਮ ਤੇ ਕੀਏ ਖਲਾਸ॥
ਰਾਂਮ ਦਾਸ ਸਰਨੀ ਪਰਿਓ ਕਟੋ ਕਰਮ ਕੀ ਫਾਸ॥੧॥
ਸਭ ਸੰਤਨ ਕੋ ਦਾਸਰੋ ਨਿਸ ਦਿਨ ਸਿਮਰੌ ਨਾਂਮੁ॥
ਗੁਰੂ ਨਾਨਕ ਕੈ ਚਰਣ ਕਾ ਖਾਂਨੇਜਾਦ ਗੁਲਾਮੁ॥੨॥[4]

ਸਪਸ਼ਟ ਹੈ ਕਿ ਛੋਟੇ ਮੇਲ ਦੇ ਅੰਦਰ ਰਹਿ ਕੇ ਦੀਵਾਨਾ ਉਪ-ਸ਼ਾਖ਼ ਵਾਲੀ ਸੰਪ੍ਰਦਾਇ ਨੂੰ ਬਦਲੇ ਹੋਏ ਸਿਆਸੀ ਤੇ ਧਾਰਮਿਕ ਹਾਲਾਤ ਦੀ ਮਜਬੂਰੀ ਨੇ, *ਗ੍ਰੰਥਾ ਸਾਹਿਬ* ਦੇ ਸੰਕਲਨ ਤੇ ਸੰਪਾਦਤ ਕਰਤਾ ਨੂੰ ਆਪਣੀ ਸੰਪ੍ਰਦਾਇ ਨੂੰ, ਮੁਖ ਸਿੱਖ-ਧਾਰਾ ਨਾਲ ਜੋੜਨ ਨਾਲੋਂ, ਉਦਾਸੀ ਸੰਪ੍ਰਦਾਇ ਨਾਲ ਜੋੜਨ ਵਿੱਚੋਂ ਵਧੇਰੇ ਆਰਥਿਕ ਲਾਭ ਮਿਲ ਸਕਦਾ ਸੀ। ਸਿੱਖ ਇਤਿਹਾਸ ਨਾਲ ਜਾਣਕਾਰੀ ਰੱਖਣ ਵਾਲੇ ਸੱਜਣ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਸ ਤਰ੍ਹਾਂ ਦੀਆਂ ਤਬਦੀਲੀਆਂ, ਸਿੱਖ ਗੁਰਦੁਆਰਾ ਐਕਟ, 1925 ਦੇ ਪਾਸ ਹੋਣ ਦੇ ਬਾਅਦ ਡੇਰੇਦਾਰਾਂ ਵੱਲੋਂ ਬੜੀ ਵੱਡੀ ਪੱਧਰ ਉੱਤੇ ਹੁੰਦੀਆਂ ਰਹੀਆਂ। ਏਥੋਂ ਤਕ ਕਿ ਕਈ ਮੁਕੱਦਮੇ ਤਾਂ ਹਾਈ ਕੋਰਟ/ਸੁਪਰੀਮ ਕੋਰਟ ਤਕ ਵੀ ਪਹੁੰਚਦੇ ਰਹੇ। ਉਪਰੋਕਤ ਤਬਦੀਲੀ ਆਪਣੀ ਇੱਛਾ-ਪੂਰਤੀ ਲਈ ਕਿਸੇ ਪੂਰਬਲੀ ਰਚਨਾ ਦੇ ਮੂਲ ਪਾਠ ਨੂੰ ਬਦਲਣ ਦੀ ਬੜੀ ਕੋਝੀ ਮਿਸਾਲ ਕਹੀ ਜਾ ਸਕਦੀ ਹੈ।

---

4. *ਬਾਣੀ ਬ੍ਰਿਧ ਪ੍ਰਤਾਪ, ਉਦਾਸੀਨ ਦੀਵਾਨਿਆਂ ਦਾ ਗ੍ਰੰਥਾ ਸਾਹਿਬ* ਕ੍ਰਿਤ ਬਾਬਾ ਰਾਮ ਦਾਸ, 1981, ਪੰ. 1197.

SikhBookClub.com

ਅਫ਼ਸੋਸ ਹੈ ਕਿ ਸਾਡੇ ਕਈ ਜਾਣੇ-ਪਛਾਣੇ ਖੋਜੀ ਚਰਨ ਦਾਸ ਹੁਰਾਂ ਦੀ ਇਸ ਦੀਦਾ-ਦਲੇਰੀ ਦੇ ਆਰ-ਪਾਰ ਨਹੀਂ ਵੇਖ ਸਕੇ, ਜਿਵੇਂ ਪਿਆਰਾ ਸਿੰਘ ਪਦਮ[5] ਤੇ ਜਸਬੀਰ ਸਿੰਘ ਸਾਬਰ[6] ਹੁਰਾਂ ਮਹੰਤ ਚਰਨ ਦਾਸ ਦੀ ਵਿਕ੍ਰਿਤ *ਗੁਰਪ੍ਰਣਾਲੀ* ਨੂੰ ਬਾਬਾ ਰਾਮ ਦਾਸ ਰਚਿਤ ਪਰਵਾਨ ਕਰ ਲਿਆ ਸੀ।

ਦੂਜੇ ਵੱਡੇ ਫ਼ਰਕ ਦਾ ਸੰਬੰਧ ਬਾਬਾ ਰਾਮ ਦਾਸ ਜੀ ਵੱਲੋਂ ਆਪਣੇ ਡੇਰੇ ਦੀ ਦੈਨਿਕ ਕਿਰਿਆ ਦੀ ਸੰਪੰਨਤਾ ਨਾਲ ਹੈ। ਰਾਮ ਸਿੰਘ ਪੰਜਾਬੀ ਅਨੁਸਾਰ ਬਾਬਾ ਰਾਮ ਦਾਸ ਜੀ ਦਾ ਸਾਰਾ ਜੀਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਸੇਵਾ-ਸੰਭਾਲ, ਗੁਰਬਾਣੀ ਦੇ ਪਠਨ-ਪਾਠਨ, ਕੀਰਤਨ, ਤੇ ਸਿਮਰਨ ਦੇ ਸਿੱਖ ਆਦਰਸ਼ਾਂ ਅਨੁਕੂਲ ਬੀਤਦਾ ਸੀ। ਪਰ *ਗ੍ਰੰਥਾ ਸਾਹਿਬ* ਦੇ ਸੰਕਲਨ-ਕਰਤਿਆਂ ਨੇ ਪਾਠਕਾਂ ਨੂੰ ਬਾਬਾ ਰਾਮ ਦਾਸ ਦਿਆਂ ਇਸ਼ਟਾਂ, ਗੁਰੂ ਨਾਨਕ ਦੇਵ ਜੀ ਤੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਦੀ ਭਿਣਕ ਵੀ ਨਹੀਂ ਪੈਣ ਦਿੱਤੀ, ਬਲਕਿ *ਗ੍ਰੰਥਾ ਸਾਹਿਬ* ਵਿਚ ਸ੍ਰੀ ਗਣੇਸ਼ ਜੀ ਦੀ ਮੂਰਤ ਛਾਪ ਕੇ ਸਾਰੇ ਮਾਹੌਲ ਦਾ ਰੁਖ਼ ਹੀ ਉਲਟਾਉਣ ਦੀ ਕੋਸ਼ਿਸ਼ ਕੀਤੀ ਹੈ।

ਇਨ੍ਹਾਂ ਦੋ ਫ਼ਰਕਾਂ ਤੋਂ ਇਲਾਵਾ ਕੁੱਝ ਹੋਰ ਵੀ ਨਿੱਕੇ ਮੋਟੇ ਫ਼ਰਕ ਹਨ, ਜਿਨ੍ਹਾਂ ਵੱਲ ਪਾਠਕਾਂ ਦਾ ਧਿਆਨ ਦਿਵਾਉਣਾ ਉਚਿਤ ਹੋਵੇਗਾ :

ਸਾਰਨੀ ਨੰ. 6

	ਗ੍ਰੰਥਾ ਸਾਹਿਬ	*ਪਤਿ ਪੋਥੀ*
1. ਬਾਬਾ ਰਾਮ ਦਾਸ ਦਾ ਪਟਿਆਲੇ ਵਿਚ ਪ੍ਰਵੇਸ਼	1743 (ਈ.)	1763
2. ਬਾਬਾ ਜੀ ਦੇ ਦਰਸ਼ਨਾਂ ਨੂੰ ਆਏ	ਮਹਾਰਾਜਾ ਸਾਹਿਬ ਸਿੰਘ	—
3. ਮਹਾਰਾਜਾ ਕਰਮ ਸਿੰਘ ਦਾ ਜਨਮ	1753 ਤੋਂ ਪਹਿਲਾਂ	—
4. 500 ਬਿਘੇ ਜ਼ਮੀਨ ਅਰਦਾਸ ਕਰਾਈ	1753, ਮ. ਸਾਹਿਬ ਸਿੰਘ ਨੇ	ਮ. ਅਮਰ ਸਿੰਘ ਨੇ
5. ਪਿੰਡ ਚੌਰੇ ਵਾਲਾ ਅਰਦਾਸ ਕਰਾਇਆ	—	1803, ਮ. ਸਾਹਿਬ ਸਿੰਘ ਨੇ
6. ਬਾਬਾ ਰਾਮ ਦਾਸ ਦਾ ਚਲਾਣਾ	—	29 ਮਈ, 1830

ਉੱਪਰਲੀ ਸਾਰਨੀ ਵਿਚ *ਗ੍ਰੰਥਾ ਸਾਹਿਬ* ਵਾਲੀਆਂ ਮਿਤੀਆਂ ਵਿਚ ਕਾਫ਼ੀ ਗੜਬੜ ਹੈ, ਜਿਸ ਕਰਕੇ ਇਹ ਭਰੋਸੇ ਯੋਗ ਨਹੀਂ ਹਨ। ਮਸਲਨ, *ਗ੍ਰੰਥਾ ਸਾਹਿਬ*

5. ਪਿਆਰਾ ਸਿੰਘ ਪਦਮ ਦੀ ਪੁਸਤਕ *ਸਿੱਖ ਸੰਪ੍ਰਦਾਵਲੀ*, 2000, ਵਿਚ ਕਾਂਡ 'ਦਿਵਾਨੇ ਸਾਧ', ਪੰ. 93-94.

6. *ਬਾਣੀ ਬਾਬਾ ਰਾਮ ਦਾਸ*, 1989, ਪੰ. 22.

SikhBookClub.com

ਅਨੁਸਾਰ, ਮਹਾਰਾਜਾ ਸਾਹਿਬ ਸਿੰਘ 1743 ਈ. ਵਿਚ ਬਾਬਾ ਰਾਮ ਦਾਸ ਦੇ ਦਰਸ਼ਨਾਂ ਨੂੰ ਆਏ ਤੇ ਉਨ੍ਹਾਂ ਨੇ 1753 ਈ. ਵਿਚ, ਮਹਾਰਾਜਾ ਕਰਮ ਸਿੰਘ ਦੇ ਜਨਮ ਦੀ ਖ਼ੁਸ਼ੀ ਵਿਚ, ਜੋ ਬਾਬਾ ਜੀ ਦੇ ਵਰਦਾਨ ਸਦਕਾ ਹੋਇਆ ਦੱਸਿਆ ਜਾਂਦਾ ਹੈ, 500 ਬਿਘੇ ਜ਼ਮੀਨ ਅਰਦਾਸ ਕਰਾਈ। ਇਹ ਘਟਨਾਵਾਂ ਇਤਿਹਾਸਿਕ ਪੱਧਰ ਉੱਤੇ ਸੰਭਵ ਨਹੀਂ ਹਨ, ਕਿਉਂਕਿ ਓਦੋਂ ਮਹਾਰਾਜਾ ਸਾਹਿਬ ਸਿੰਘ ਅਜੇ ਜੰਮੇ ਵੀ ਨਹੀਂ ਸਨ। ਉਨ੍ਹਾਂ ਦਾ ਜਨਮ 1773 ਈ. ਵਿਚ ਹੋਇਆ ਸੀ। ਇਸੇ ਤਰ੍ਹਾਂ, ਮਹਾਰਾਜਾ ਕਰਮ ਸਿੰਘ 1798 ਈ. ਵਿਚ ਪੈਦਾ ਹੋਏ ਸਨ, 1753 ਈ. ਵਿਚ ਜਾਂ ਇਸ ਤੋਂ ਪਹਿਲਾਂ ਨਹੀਂ। (ਵੇਖੋ, ਇਸੇ ਕਾਂਡ ਦੀ ਸਾਰਨੀ ਨੰ. 7, ਪੰ. 186)

ਗ੍ਰੰਥਾ ਸਾਹਿਬ ਦੇ ਮੁਕਾਬਲੇ ਵਿਚ ਰਾਮ ਸਿੰਘ ਪੰਜਾਬੀ ਦੀ *ਪਤਿ ਪੋਥੀ* ਵਿਚ ਦਿੱਤੀਆਂ ਸਾਰੀਆਂ ਮਿਤੀਆਂ ਇਤਿਹਾਸ ਦੇ ਅਨੁਕੂਲ ਹਨ।

x x x x

ਹੁਣ ਤਕ ਅਸੀਂ ਜਿਹੜਾ ਬਾਬਾ ਰਾਮ ਦਾਸ ਦਾ ਜੀਵਨ ਬਿਉਰਾ ਦਿੱਤਾ ਹੈ, ਉਹ ਪਟਿਆਲਾ-ਨਿਵਾਸੀ ਦੀਵਾਨੇ ਸਾਧੂ, *ਗ੍ਰੰਥਾ ਸਾਹਿਬ* ਤੇ *ਪਤਿ ਪੋਥੀ* ਵਿਚ ਦਿੱਤੀਆਂ ਰਚਨਾਵਾਂ[7] ਦੇ ਰਚਿਆਰ ਸਨ, ਪਰ ਬਾਬਾ ਰਾਮ ਦਾਸ ਨਾਂ ਦੇ ਇਕ ਹੋਰ ਸਾਧੂ ਵੀ ਹੋਏ ਹਨ, ਜਿਨ੍ਹਾਂ ਬਾਰੇ ਭਾਈ ਕਾਨ੍ਹ ਸਿੰਘ ਸੰਕਲਿਤ, *ਗੁਰੂ ਮਹਿਮਾ ਰਤਨਾਵਲੀ* ਵਿਚ ਇਹ ਸੂਚਨਾ ਮਿਲਦੀ ਹੈ :

> ਇਹ ਹਰਗਣਾ[8] ਨਿਵਾਸੀ, ਉਦਾਸੀਨ ਸਾਧੂ, ਮਹਾਰਾਜਾ ਕਰਮ ਸਿੰਘ ਅਤੇ ਨਰੇਂਦ੍ਰ ਸਿੰਘ ਸਾਹਿਬ ਪਟਿਆਲਾ ਪਤਿ ਦੇ ਸਭਾ-ਰਤਨ ਸਨ। ਫੂਲਵੰਸ਼ੀ ਰਿਆਸਤਾਂ ਵਿੱਚ ਇਨ੍ਹਾਂ ਤੋਂ ਕਾਵ੍ਯਗ੍ਰੰਥ ਪੜ੍ਹ ਕੇ ਅਨੇਕ ਕਵਿ ਹੋਏ ਹਨ। ਆਪ ਦਾ ਲਿਖਿਆ *ਗਣ ਪ੍ਰਸਤਾਰ ਪ੍ਰਕਾਸ਼* ਉੱਤਮ ਛੰਦ ਗ੍ਰੰਥ ਹੈ। ਬਾਵਾ ਰਾਮ ਦਾਸ ਜੀ ਦਾ ਦੇਹਾਂਤ ਸੰਮਤ ੧੯੨੯ (1872 ਈ.) ਨੂੰ ਪਟਿਆਲੇ ਵਿਚ ਹੋਇਆ।[9]

ਜਿੱਥੇ ਭਾਈ ਕਾਨ੍ਹ ਸਿੰਘ ਨਾਭਾ[10], ਸ਼ਮਸ਼ੇਰ ਸਿੰਘ ਅਸ਼ੋਕ[11] ਤੇ ਦੇਵਿੰਦਰ ਸਿੰਘ ਵਿਦਿਆਰਥੀ[12], ਬਾਬਾ ਰਾਮ ਦਾਸ ਨਾਂ ਦੇ ਦੋ ਵੱਖੋ-ਵੱਖਰੇ ਸੰਤ ਕਵੀਆਂ ਦੀ ਦੱਸ

---

7. *ਪਤਿ ਪੋਥੀ* ਦੀਆਂ ਸਾਰੀਆਂ ਰਚਨਾਵਾਂ *ਗ੍ਰੰਥਾ ਸਾਹਿਬ* ਵਿਚ ਮੌਜੂਦ ਹਨ।
8. ਪਿੰਡ ਹਰਗਣਾ ਤਹਿਸੀਲ ਖਮਾਣੋਂ, ਜ਼ਿਲਾ ਫਤਿਹਗੜ੍ਹ ਸਾਹਿਬ ਵਿਚ ਖੰਨਾ-ਸੰਘੋਲ ਸੜਕ ਉੱਤੇ ਹੈ। ਰੇਲਵੇ ਸਟੇਸ਼ਨ ਖੰਨਾ 15 ਕਿ.ਮੀ. ਦੂਰ ਹੈ।
9. ਪ੍ਰੀਤਮ ਸਿੰਘ ਤੇ ਕ੍ਰਿਸ਼ਣ ਲਾਲ, ਸੰਪਾ., *ਭਾਈ ਕਾਨ੍ਹ ਸਿੰਘ ਸੰਕਲਿਤ, ਗੁਰੂ ਮਹਿਮਾ ਰਤਨਾਵਲੀ*, 1984, ਪੰ. 368.
10. *ਮਹਾਨ ਕੋਸ਼*, 1981, ਪੰ. 636 (ਐਂਟ੍ਰੀ ਦਿਵਾਨੇ) ਤੇ ਪੰ. 1239.
11. ਵੇਖੋ, (ੳ) ਉਨ੍ਹਾਂ ਦਾ ਲੇਖ 'ਗੁਰਮਤਿ ਪ੍ਰਚਾਰਕ ਸੰਤ ਕਵੀ ਬਾਬਾ ਰਾਮ ਦਾਸ ਜੀ', *ਗੁਰਮਤਿ ਪ੍ਰਕਾਸ਼*, ਅਪ੍ਰੈਲ 1973, ਪੰ. 81 ਤੇ
    (ਅ) ਉਨ੍ਹਾਂ ਦੀ ਪੁਸਤਕ, *ਪੰਜਾਬ ਹਿੰਦੀ ਸਾਹਿਤਜ ਦਰਪਨ*, 1978, ਪੰ. 23-24.
12. ਦੇਵਿੰਦਰ ਸਿੰਘ ਵਿਦਿਆਰਥੀ ਨੇ ਆਪਣੀਆਂ ਤਿੰਨ ਪੁਸਤਕਾਂ ਵਿਚ ਬਾਬਾ ਰਾਮ ਦਾਸ ਬਾਰੇ ਜਾਣਕਾਰੀ ਦਿੱਤੀ ਹੈ। ਪਹਿਲੀ ਪੁਸਤਕ, *ਸ੍ਰੀ ਗੁਰੂ ਨਾਨਕ ਅਭਿਨੰਦਨ*, 1978, ਪੰ. 142, ਵਿਚ ਬਾਬਾ ਰਾਮ ਦਾਸ ਦੀਵਾਨਾ ਸਾਧੂ, ਹਰਗਣਾ ਨਿਵਾਸੀ, *ਗਣ ਪ੍ਰਸਤਾਰ ਪ੍ਰਕਾਸ਼* ਦਾ ਲੇਖਕ ਹੈ। ਦੂਸਰੀ ਪੁਸਤਕ, *ਪੰਜਾਬ ਕੇ ਦਰਬਾਰੀ ਕਵੀਓਂ ਕੇ ਪਰਿਪ੍ਰੇਕਸ਼ਯ ਮੇਂ ਕਵਿ-ਗਵਾਲ ਕੇ ਕਵਿਤਵ ਕਾ ਅਧਿਯਯਨ*, 1983, ਪੰ. 99 ਤੇ ਤੀਸਰੀ ਪੁਸਤਕ, *ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ*, 1983, ਪੰ. 142 ਵਿਚ ਦੋ ਵੱਖ ਵੱਖ ਰਾਮ ਦਾਸ ਨਾਂ ਦੇ ਸਾਧੂ ਕਵੀਆਂ ਦਾ ਉਲੇਖ ਹੈ।

SikhBookClub.com

ਪਾਉਂਦੇ ਹਨ, ਓਥੇ ਪੰਜਾਬੀ ਯੂਨੀਵਰਸਿਟੀ ਵੱਲੋਂ ਛਪਿਆ *The Encyclopaedia of Sikhism*[13], ਰਤਨ ਸਿੰਘ ਜੱਗੀ ਕਰਤਾ *ਸਿੱਖ ਪੰਥ ਵਿਸ਼ਵਕੋਸ਼*[14], ਉੱਤਮ ਸਿੰਘ ਭਾਟੀਆ[15] ਸੰਪਾਦਕ *ਸਾਰ ਰਾਮਾਇਣ* ਤੇ ਗੁਰਮੁਖੀ ਲਿਪੀ ਵਿਚ ਹਿੰਦੀ ਸਾਹਿੱਤ ਦੇ ਵਿਸ਼ੇ ਉੱਤੇ ਲਿਖਣ ਵਾਲੇ ਕੁੱਝ ਲੇਖਕ, ਜਿਵੇਂ ਚੰਦ੍ਰਕਾਂਤ ਬਾਲੀ[16], ਇੰਦਰ ਸਿੰਘ ਟਿਵਾਣਾ[17] ਤੇ ਰਾਮ ਪ੍ਰਕਾਸ਼[18], ਕੇਵਲ ਇਕ ਬਾਬਾ ਰਾਮ ਦਾਸ ਦੀ ਗੱਲ ਕਰਦੇ ਹਨ, ਜਿਸ ਦੇ ਫਲ-ਸਰੂਪ ਇਨ੍ਹਾਂ ਦੋਹਾਂ ਹਮਨਾਮ ਸੰਤ ਕਵੀਆਂ ਦੇ ਜੀਵਨ ਦੇ ਹਾਲਾਤ ਤੇ ਰਚਨਾਵਾਂ ਨੂੰ ਖ਼ਲਤ-ਮਲਤ ਕਰ ਦੇਂਦੇ ਹਨ। ਸਪਸ਼ਟਤਾ ਦੀ ਖ਼ਾਤਰ, ਇਸ ਤੋਂ ਅੱਗੇ ਇਨ੍ਹਾਂ ਦੋਹਾਂ ਹਮਨਾਮ ਕਵੀਆਂ ਨੂੰ ਨਿਖੇੜਨ ਲਈ ਅਸੀਂ ਬਾਬਾ ਰਾਮ ਦਾਸ ਪਟਿਆਲੇ ਵਾਲੇ ਦੀਵਾਨੇ ਸਾਧੂ ਨੂੰ 'ਵੱਡੇ ਬਾਬਾ ਰਾਮ ਦਾਸ' ਤੇ ਹਰਗਣਾ ਵਾਲੇ ਉਦਾਸੀ ਸਾਧੂ ਬਾਬਾ ਰਾਮ ਦਾਸ ਨੂੰ 'ਛੋਟੇ ਬਾਬਾ ਰਾਮ ਦਾਸ' ਕਹਿ ਕੇ ਸੰਬੋਧਨ ਕਾਰਾਂਗੇ।

ਜਿੱਥੋਂ ਤਕ ਵੱਡੇ ਬਾਬਾ ਰਾਮ ਦਾਸ ਦਾ ਤਅੱਲੁਕ ਹੈ, ਅਸੀਂ ਇਨ੍ਹਾਂ ਬਾਰੇ ਕਵੀ ਰਾਮ ਸਿੰਘ ਪੰਜਾਬੀ ਦੀ ਦਿੱਤੀ ਸੂਚਨਾ ਨੂੰ ਪ੍ਰਮਾਣਿਕ ਮੰਨਿਆ ਹੈ। ਰਾਮ ਸਿੰਘ ਨੇ *ਪਤਿ ਪੋਥੀ* ਵਿਚ ਇਨ੍ਹਾਂ ਦੇ ਚਲਾਣੇ ਦੀ ਮਿਤੀ, 1830 ਈ. ਦੇ ਅਖ਼ੀਰਲੇ ਪਲਾਂ ਤਕ ਦਿੱਤੀ ਹੈ, ਪਰ ਜਨਮ-ਮਿਤੀ ਜਾਂ ਜਨਮ-ਅਸਥਾਨ ਬਾਰੇ ਕੁੱਝ ਨਹੀਂ ਲਿਖਿਆ। ਇਨ੍ਹਾਂ ਦੀ ਜਨਮ-ਮਿਤੀ ਬਾਰੇ ਸਾਡਾ ਅੰਦਾਜ਼ਾ ਹੈ ਕਿ ਜੇਕਰ 1763 ਈ. ਵਿਚ, ਜਦੋਂ, ਰਾਮ ਸਿੰਘ ਪੰਜਾਬੀ ਅਨੁਸਾਰ, ਇਹ ਪਟਿਆਲੇ ਆਏ ਸਨ, ਇਨ੍ਹਾਂ ਦੀ ਉਮਰ ਕੋਈ 20-25 ਸਾਲ ਦੀ ਸੀ, ਤਾਂ ਇਨ੍ਹਾਂ ਦਾ ਜਨਮ 1740 ਈ. ਦੇ ਨੇੜੇ-ਤੇੜੇ ਮਿੱਥਿਆ ਜਾ ਸਕਦਾ ਹੈ। ਇਸ ਹਿਸਾਬ ਨਾਲ ਵੱਡੇ ਬਾਬਾ ਰਾਮ ਦਾਸ ਦਾ ਜੀਵਨ-ਕਾਲ 1740-1830 ਈ. ਦੇ ਕਰੀਬ ਬਣਦਾ ਹੈ। *ਸਿੱਖ ਪੰਥ ਵਿਸ਼ਵਕੋਸ਼* ਨੇ ਇਨ੍ਹਾਂ ਦਾ ਜੀਵਨ-ਕਾਲ 1770-1860 ਈ. ਅਨੁਮਾਨਿਆ ਹੈ, ਜੋ ਰਾਮ ਸਿੰਘ ਪੰਜਾਬੀ ਦੀ ਸੂਚਨਾ ਅਨੁਸਾਰ ਠੀਕ ਨਹੀਂ ਹੈ। ਇਸੇ ਤਰ੍ਹਾਂ, ਉੱਤਮ ਸਿੰਘ ਭਾਟੀਆ ਦਾ ਅਨੁਮਾਨ ਕਿ ਵੱਡੇ ਬਾਬਾ ਰਾਮ ਦਾਸ ਦਾ ਜਨਮ ਸੰਮਤ 1919 (1862 ਈ.) ਨੂੰ ਹੋਇਆ, ਸੰਭਵ ਨਹੀਂ ਹੈ। ਸ਼ਮਸ਼ੇਰ ਸਿੰਘ ਅਸ਼ੋਕ ਨੇ ਵੱਡੇ ਬਾਬਾ ਰਾਮ ਦਾਸ ਦਾ ਸਮਾਂ ਅੰਦਾਜ਼ਨ 1773 ਈ. ਤੋਂ 1830 ਈ. ਤਕ ਟਾਂਕਿਆ ਹੈ। ਇਹ ਵੀ ਠੀਕ ਨਹੀਂ ਬੈਠਦਾ।

The Encyclopaedia of Sikhism ਤੇ *ਸਿੱਖ ਪੰਥ ਵਿਸ਼ਵਕੋਸ਼*, ਦੁਹਾਂ ਨੇ ਵੱਡੇ ਬਾਬਾ ਰਾਮ ਦਾਸ ਨੂੰ ਹਰਗਣਾ ਦਾ ਜੰਮ-ਪਲ ਤੇ ਮਹਾਰਾਜਾ ਨਰਿੰਦਰ ਸਿੰਘ (ਰਾ-ਕਾ. 1845-1862 ਈ.) ਦਾ ਨਿਕਟਵਰਤੀ ਲਿਖਿਆ ਹੈ। ਭਾਈ ਕਾਨ੍ਹ ਸਿੰਘ

13. Vol . III, ਪੰ. 449.
14. ਭਾਗ ਦੂਜਾ, ਪੰ. 1529.
15. 1989, ਪੰ. 1.
16. *ਪੰਜਾਬ ਪ੍ਰਾਂਤੀਜ ਹਿੰਦੀ ਸਾਹਿਤਜ ਕਾ ਇਤਿਹਾਸ*, 1992, ਪੰ. 377.
17. *ਪੰਜਾਬ ਕੇ ਹਿੰਦੀ ਸਾਹਿਤਜ ਕਾ ਇਤਿਹਾਸ*, ਪੁਰਾਤਨ ਕਾਲ, ਧਰਮਪਾਲ ਮੈਣੀ, (ਸੰਪਾ.), 2000, ਵਿਚ ਅਧਿਆਇ 'ਪੰਜਾਬ ਕਾ ਹਿੰਦੀ ਕ੍ਰਿਸ਼ਣ ਕਾਵਜ', ਕ੍ਰਿਤ ਇੰਦਰ ਸਿੰਘ ਟਿਵਾਣਾ, ਪੰ. 337.
18. *ਉਹੀ*, ਅਧਿਆਇ 'ਉੱਤਰ ਮਧਜਕਾਲ - ਸਗੁਣ ਭਕਤਿਕਾਵਜ', ਕ੍ਰਿਤ ਰਾਮ ਪ੍ਰਕਾਸ਼, ਪੰ. 105-107.

SikhBookClub.com

ਸੰਕਲਿਤ *ਗੁਰੂ ਮਹਿਮਾ ਰਤਨਾਵਲੀ* ਵਿਚ ਦਿੱਤੀ ਸੂਚਨਾ ਅਨੁਸਾਰ, ਇਹ ਦੋਨੋਂ ਤੱਥ ਛੋਟੇ ਬਾਬਾ ਰਾਮ ਦਾਸ ਉੱਤੇ ਲਾਗੂ ਹੁੰਦੇ ਹਨ, ਵੱਡੇ ਉੱਤੇ ਨਹੀਂ।

ਵੱਡੇ ਬਾਬਾ ਰਾਮ ਦਾਸ ਦੀਆਂ ਰਚਨਾਵਾਂ ਬਾਰੇ ਵੀ ਲੇਖਕਾਂ ਵਿਚ ਕਾਫ਼ੀ ਭੁਲੇਖੇ ਹਨ। ਆਮ ਤੌਰ ਉੱਤੇ ਵੱਡੇ ਤੇ ਛੋਟੇ ਬਾਬਾ ਰਾਮ ਦਾਸ ਦੀਆਂ ਰਚਨਾਵਾਂ ਨੂੰ ਕੇਵਲ ਬਾਬਾ ਰਾਮ ਦਾਸ ਦੇ ਨਾਂ ਥੱਲੇ ਰਲਾ-ਮਿਲਾ ਕੇ ਪੇਸ਼ ਕੀਤਾ ਗਿਆ ਹੈ।

ਮਸਲਨ, *The Encyclopaedia of Sikhism* ਤੇ *ਸਿੱਖ ਪੰਥ ਵਿਸ਼ਵਕੋਸ਼*, ਜੋ ਦੋ ਮਹੱਤਵਪੂਰਨ ਕੋਸ਼ ਹਨ, ਇਨ੍ਹਾਂ ਦੋਨਾਂ ਨੇ ਵੱਡੇ ਬਾਬਾ ਰਾਮ ਦਾਸ ਦੀਆਂ ਗਿਆਰਾਂ ਰਚਨਾਵਾਂ ਦੀ ਇੱਕੋ ਜਿਹੀ ਸੂਚੀ ਨਿਰਧਾਰਿਤ ਕੀਤੀ ਹੈ, ਜੋ ਇਸ ਪ੍ਰਕਾਰ ਹੈ:

(1) *ਬਿਰਦ ਪ੍ਰਤਾਪ* (1803 ਈ.)
(2) *ਸਾਰ ਰਾਮਾਇਣ* (1808 ਈ.)
(3) *ਗਣ ਪ੍ਰਸਤਾਰ ਪ੍ਰਕਾਸ਼* (1818 ਈ.)
(4) *ਰਾਜਨੀਤੀ ਬਾਵਾ ਰਾਮ ਦਾਸ ਜੀ ਦੀ* (1825 ਈ.)
(5) *ਬਾਣੀ ਬਾਵਾ ਰਾਮ ਦਾਸ ਜੀ ਦੀ* (1826 ਈ.)
(6) *ਦ੍ਰੋਪਤੀ ਚਰਿਤ੍ਰ* (1842 ਈ.)
(7) *ਕੇਦਾਰ ਪੰਥ ਪ੍ਰਕਾਸ਼* (1853 ਈ.)
(8) *ਅਥ ਸਾਰ ਵਿਸ਼ਿਸ਼ਟ ਸਵੈਯਾ* (1855 ਈ.)
(9) *ਬਾਰਾਂਮਾਹਾ ਬਾਵਾ ਰਾਮ ਦਾਸ ਜੀ ਕਾ* (1859 ਈ.)
(10) *ਯਾਤ੍ਰਾ ਰਿਖੀਕੇਸ਼ ਦੀ*
(11) *ਅਥ ਛੱਤੀਸ ਵਰਣੀ ਤਥਾ ਛੰਦਾਵਲੀ*

ਸਾਡੀ ਖੋਜ ਅਨੁਸਾਰ, ਇਨ੍ਹਾਂ ਵਿੱਚੋਂ, *ਬਿਰਦ ਪ੍ਰਤਾਪ, ਸਾਰ ਰਾਮਾਇਣ, ਰਾਜਨੀਤੀ, ਬਾਣੀ ਬਾਬਾ ਰਾਮ ਦਾਸ, ਦ੍ਰੋਪਤੀ ਚਰਿਤ੍ਰ* ਤੇ *ਬਾਰਾਂਮਾਹਾ*, ਵੱਡੇ ਬਾਬਾ ਰਾਮ ਦਾਸ ਦੀਆਂ ਰਚਨਾਵਾਂ ਹਨ। ਇਹ ਸਾਰੀਆਂ, ਸਿਵਾਏ *ਸਾਰ ਰਾਮਾਇਣ* ਦੇ, *ਗ੍ਰੰਥਾ ਸਾਹਿਬ* ਵਿਚ ਸੰਕਲਿਤ ਹਨ।

ਗਣ ਪ੍ਰਸਤਾਰ ਪ੍ਰਕਾਸ਼[19] ਅਤੇ *ਕੇਦਾਰ ਪੰਥ ਪ੍ਰਕਾਸ਼*[20] ਛੋਟੇ ਬਾਬਾ ਰਾਮ ਦਾਸ ਦੀਆਂ ਰਚਨਾਵਾਂ ਹਨ, ਵੱਡੇ ਦੀਆਂ ਨਹੀਂ।

ਇਕ *ਬਾਰਾਂ ਮਾਹਾ ਬਾਵਾ ਰਾਮ ਦਾਸ ਜੀ ਕਾ*, ਜਿਸ ਦਾ ਲਿਪੀ-ਕਾਲ 1859 ਈ. ਹੈ, ਮੋ.ਬਾ. ਹ.ਲਿ. 73 ਦਾ ਭਾਗ ਹੈ।[21] ਅਸੀਂ ਇਸ ਹ.ਲਿ. ਦਾ ਮੁਆਇਨਾ ਨਹੀਂ

---

19. ਇਸ ਦੀ ਕਵੀ-ਛਾਪ 'ਦਾਸ' ਹੈ ਤੇ ਇਹ ਮਹਾਰਾਜਾ ਨਰਿੰਦਰ ਸਿੰਘ (1845-1862 ਈ.) ਨੂੰ ਸਮਰਪਿਤ ਹੈ। ਬਾਬਾ ਰਾਮ ਦਾਸ ਦੀਵਾਨਾ ਸਾਧੂ ਹਮੇਸ਼ਾ 'ਰਾਮਦਾਸ' ਜਾਂ 'ਰਮਦਾਸ' ਕਵੀ-ਛਾਪ ਵਰਤਦੇ ਸਨ। *ਪੰ.ਹ.ਲਿ.ਸੂ.* (2), ਪੰ. 380. ਅਨੁਸਾਰ, *ਗਣ ਪ੍ਰਸਤਾਰ ਪ੍ਰਕਾਸ਼* ਦਾ ਖਰੜਾ ਖਾ.ਕਾ.ਪ. ਦੀ ਲਾਇਬ੍ਰੇਰੀ ਵਿਚ ਸੁਰੱਖਿਅਤ ਸੀ। ਹੁਣ ਇਹ ਓਥੇ ਨਹੀਂ ਹੈ। ਇਹ ਪੁਸਤਕ ਸੰਨ 1875 ਵਿਚ ਨਵਲ ਕਿਸ਼ੋਰ ਪ੍ਰੈਸ, ਲਖਨਊ ਵੱਲੋਂ ਦੇਵਨਾਗਰੀ ਲਿਪੀ ਵਿਚ ਛਪ ਚੁੱਕੀ ਹੈ।
20. ਇਹ ਮਹਾਰਾਜਾ ਨਰਿੰਦਰ ਸਿੰਘ ਦੀ ਬਦਰੀ ਨਾਰਾਇਣ ਦੀ ਯਾਤਰਾ ਬਾਰੇ ਹੈ (*ਪੰ.ਹ.ਲਿ.ਸੂ.* (1), ਪੰ. 430)।
21. *ਪੰ.ਹ.ਲਿ.ਸੂ.* (1), ਪੰ. 512.

SikhBookClub.com

ਕਰ ਸਕੇ, ਪਰ *ਪੰ.ਹ.ਲਿ.ਸੂ.* ਵਿਚ ਦਿੱਤੀ ਸੂਚਨਾ ਅਨੁਸਾਰ ਇਹ *ਬਾਰਾਮਾਹਾ*, *ਗ੍ਰੰਥਾ ਸਾਹਿਬ* ਵਿਚ ਸ਼ਾਮਿਲ *ਬਾਰਾਮਾਹਾ* ਤੋਂ ਵੱਖਰੀ ਕਿਰਤ ਲੱਗਦੀ ਹੈ। ਇਸ ਲਈ ਹੋ ਸਕਦਾ ਹੈ, ਕਿ ਛੋਟੇ ਬਾਬਾ ਰਾਮ ਦਾਸ ਨੇ ਵੀ ਇਕ *ਬਾਰਾਂ ਮਾਹਾ* ਲਿਖਿਆ ਹੋਵੇ। ਇਸ ਦਾ ਫ਼ੈਸਲਾ ਮੋ.ਬਾ. ਹ.ਲਿ. 73 ਦੀ ਜਾਂਚ ਤੋਂ ਬਾਅਦ ਹੀ ਹੋ ਸਕਦਾ ਹੈ।

ਬਾਕੀ ਤਿੰਨ ਰਚਨਾਵਾਂ—*ਅਥ ਸਾਰ ਵਿਸ਼ਿਸ਼ਟ ਸਵੈਯਾ* (1855 ਈ.), *ਯਾਤ੍ਰਾ ਰਿਖੀਕੇਸ਼ ਦੀ* (ਅਥਿਤ) ਤੇ *ਅਥ ਛਤੀਸ ਵਰਣੀ ਤਥਾ ਛੰਦਾਵਲੀ* (ਅਥਿਤ), ਦੇ ਅਸਲ ਰਚਿਆਰ ਬਾਰੇ ਅੰਤਿਮ ਨਿਰਣੇ ਉੱਤੇ ਪਹੁੰਚਣ ਲਈ ਸਾਨੂੰ ਅਜੇ ਹੋਰ ਸਮੇਂ ਦੀ ਲੋੜ ਹੈ, ਪਰ ਲੱਗਦਾ ਇਹ ਹੈ ਕਿ ਜੇ 1855 ਈ., *ਅਥ ਸਾਰ ਵਿਸ਼ਿਸ਼ਟ ਸਵੈਯਾ* ਦਾ ਰਚਨਾ-ਕਾਲ ਹੈ, ਤਾਂ ਇਹ ਰਚਨਾ ਵੱਡੇ ਬਾਬਾ ਰਾਮ ਦਾਸ ਦੀ ਨਹੀਂ ਹੋ ਸਕਦੀ, ਕਿਉਂਕਿ, ਜਿਵੇਂ ਉੱਪਰ ਦੱਸਿਆ ਜਾ ਚੁੱਕਾ ਹੈ, ਆਪ 1830 ਈ. ਵਿਚ ਸੁਰਗਵਾਸ ਹੋ ਚੁੱਕੇ ਸਨ। *ਅਥ ਸਾਰ ਵਿਸ਼ਿਸਟ ਸਵੈਯਾ* ਤੇ *ਅਥ ਛਤੀਸ ਵਰਣੀ ਤਥਾ ਛੰਦਾਵਲੀ* ਬਾਰੇ ਸਾਨੂੰ *ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ* ਦੇ 'ਰਾਮਦਾਸ ਬਾਵਾ' ਵਾਲੇ ਇੰਦਰਾਜ ਦੇ ਲੇਖਕ ਜੀ ਪਾਸੋਂ ਪਤਾ ਲੱਗਾ ਹੈ ਕਿ ਇਹ ਕਿਰਤਾਂ, 1892 ਈ. ਵਿਚ, ਚਸ਼ਮਾਇ-ਨੂਰ ਪ੍ਰੈਸ ਵੱਲੋਂ ਪੱਥਰ-ਛਾਪੇ ਵਿਚ ਛਪੀਆਂ ਸਨ। ਜਿੰਨਾ ਚਿਰ ਅਸੀਂ ਇਨ੍ਹਾਂ ਨੂੰ ਵੇਖ ਨਾ ਲਈਏ, ਇਨ੍ਹਾਂ ਦੇ ਕਰਤਿਆਂ ਬਾਰੇ ਹੋਰ ਕੁੱਝ ਨਹੀਂ ਕਿਹਾ ਜਾ ਸਕਦਾ। ਵੈਸੇ ਇਕ ਵੱਡੇ ਬਾਬਾ ਰਾਮ ਦਾਸ ਦੀ *ਛਤੀਹ ਅਖਰੀ*, *ਗ੍ਰੰਥਾ ਸਾਹਿਬ* ਵਿਚ ਵੀ ਦਰਜ ਹੈ।

ਗੁਰਮੁਖੀ ਲਿਪੀ ਵਿਚ ਹਿੰਦੀ ਸਾਹਿੱਤ ਉੱਤੇ ਲਿਖਣ ਵਾਲੇ ਕੁੱਝ ਵਿਦਵਾਨਾਂ ਨੇ, ਬਾਬਾ ਰਾਮ ਦਾਸ ਦੇ ਨਾਂ ਥੱਲੇ, ਛੋਟੇ ਬਾਬਾ ਰਾਮ ਦਾਸ ਦੀ ਗੱਲ ਕੀਤੀ ਲੱਗਦੀ ਹੈ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਵੱਡੇ ਬਾਬਾ ਰਾਮ ਦਾਸ ਦੀਆਂ ਲਿਖਤਾਂ ਵੀ ਜੋੜ ਦਿੱਤੀਆਂ ਹਨ। ਉਹ ਬਾਬਾ ਰਾਮ ਦਾਸ ਦੇ ਜੀਵਨ-ਕਾਲ, ਰਚਨਾ-ਕਾਲ, ਨਿਵਾਸ-ਅਸਥਾਨ, ਰਚਨਾਵਾਂ ਤੇ ਸੰਪ੍ਰਦਾਇ, ਆਦਿ ਬਾਰੇ ਵੀ ਸਹਿਮਤ ਨਹੀਂ ਹਨ, ਜਿਵੇਂ :

ਚੰਦ੍ਰਕਾਂਤ ਬਾਲੀ ਨੇ ਲਿਖਿਆ ਹੈ ਕਿ,

> [ਬਾਬਾ ਰਾਮ ਦਾਸ] ਉਦਾਸੀਨ ਸੰਪ੍ਰਦਾਯਗਤ ਰਾਮ ਕ੍ਰਿਸ਼ਣ ਕੇ ਪਰਮ ਭਗਤ ਸੰਨਿਆਸੀ ਥੇ...ਆਪ ਪਟਿਆਲੇ ਕੇ ਰਹਿਣੇ ਵਾਲੇ ਥੇ। ਰਚਨਾ-ਕਾਲ 1880 ਸੇ 1920 ਤਕ [1823-1863 ਈ.] ਬਤਾਯਾ ਜਾ ਰਹਾ ਹੈ।

ਰਾਮ ਪ੍ਰਕਾਸ਼ ਨੇ ਬਾਬਾ ਰਾਮ ਦਾਸ ਨੂੰ ਉਦਾਸੀ ਸੰਪ੍ਰਦਾਇ ਦੇ ਅਲਮਸਤ ਧੂੰਏਂ ਨਾਲ ਜੋੜਿਆ ਹੈ ਤੇ ਉਨ੍ਹਾਂ ਦਾ ਸਮਾਂ 19ਵੀਂ ਸਦੀ ਬਿ. ਦਾ ਮੱਧਕਾਲ ਦੱਸਿਆ ਹੈ। ਇਹ ਸਮਾਂ ਵੱਡੇ ਬਾਬਾ ਰਾਮ ਦਾਸ ਦਾ ਹੈ, ਛੋਟੇ ਦਾ ਨਹੀਂ। ਪਰ ਵੱਡੇ ਬਾਬਾ ਰਾਮ ਦਾਸ ਦਾ ਅਲਮਸਤ ਧੂਏਂ ਨਾਲ ਕਿਸੇ ਤਅੱਲੁਕ ਦਾ ਜ਼ਿਕਰ ਨਹੀਂ ਮਿਲਦਾ। ਵਿਦਵਾਨ ਲੇਖਕ ਨੇ ਬਾਬਾ ਰਾਮ ਦਾਸ ਦੁਆਰਾ ਰਚਿਤ ਦਸ ਰਚਨਾਵਾਂ ਦੇ ਨਾਂ ਲਏ ਹਨ। ਜੋ ਇਹ ਹਨ : (1) *ਊਸ਼ਾ-ਅਨਿਰੁੱਧ ਕਥਾ*, (2) *ਪ੍ਰਹਲਾਦ ਲੀਲਾ*, (3) *ਭਾਗਵਤ ਦਸਮਸਕੰਧ*, (4) *ਸਾਰ ਰਾਮਾਇਣ*, (5) *ਦ੍ਰੋਪਦੀ ਚਰਿਤ੍ਰ*, (6) *ਗਣ ਪ੍ਰਸਤਾਰ ਪ੍ਰਕਾਸ਼*,

SikhBookClub.com

(7) *ਰਾਜਨੀਤੀ*, (8) *ਬਾਣੀ*, (9) *ਬਾਰਾਮਾਂਹ* ਤੇ (10) *ਵਿਰਹ ਪ੍ਰਤਾਪ*। ਇਸ ਸੂਚੀ ਤੋਂ ਸਾਫ਼ ਦਿੱਸਦਾ ਹੈ ਕਿ ਵੱਡੇ ਬਾਬਾ ਰਾਮ ਦਾਸ ਤੇ ਛੋਟੇ ਬਾਬਾ ਰਾਮ ਦਾਸ ਦੀਆਂ ਰਚਨਾਵਾਂ ਰਲ-ਮਿਲ ਗਈਆਂ ਹਨ।

ਇੰਦਰ ਸਿੰਘ ਟਿਵਾਣਾ ਦਾ ਕਹਿਣਾ ਹੈ ਕਿ ਉਦਾਸੀ ਬਿਰਤੀ ਦੇ ਸੰਨਿਆਸੀ, ਬਾਬਾ ਰਾਮ ਦਾਸ ਜੀ ਪਟਿਆਲਾ ਦੇ ਨੇੜੇ ਸਨੌਰ ਦੇ ਨਿਵਾਸੀ ਸਨ। ਬਸੰਤ ਸਿੰਘ ਰਿਤੁਰਾਜ ਤੇ ਅਮੀਰਦਾਸ ਵਰਗੇ ਕਈ ਕਵੀ ਇਨ੍ਹਾਂ ਦੇ ਸ਼ਿੱਸ਼ ਸਨ। ਮਹਾਰਾਜਾ ਨਰਿੰਦਰ ਸਿੰਘ [1845-1862 ਈ.] ਇਨ੍ਹਾਂ ਦਾ ਬਹੁਤ ਸਨਮਾਨ ਕਰਦੇ ਸਨ। ਬਾਬਾ ਜੀ ਦਾ ਰਚਨਾ-ਕਾਲ 1870 ਤੋਂ 1900 ਬਿ. ਤਕ (1813-1843 ਈ.) ਸੀ। ਇਨ੍ਹਾਂ ਦੀਆਂ ਰਚਨਾਵਾਂ ਦੇ ਨਾਂ ਇਹ ਹਨ : (1) *ਭਾਸ਼ਾ ਪਿੰਗਲ ਪ੍ਰਸਤਾਰ*, (2) *ਕੇਦਾਰ ਪੰਥ ਪ੍ਰਕਾਸ਼*, (3) *ਦ੍ਰੋਪਦੀ ਚਰਿਤ੍ਰ*, (4) *ਬਾਰਾਮਾਸਾ*, (5) *ਲੀਲਾ ਰਾਸ ਮੰਡਲ*, (6) *ਰਾਸ ਮੰਡਲ ਪੰਚਅਧਿਆਈ*, ਤੇ (7) *ਬਾਣੀ ਬਾਬਾ ਰਾਮ ਦਾਸ ਕੀ*। ਟਿਵਾਣਾ ਜੀ ਜਿਸ ਸਮੇਂ ਦੀ ਗੱਲ ਕਰ ਰਹੇ ਹਨ, ਉਹ ਛੋਟੇ ਬਾਬਾ ਰਾਮ ਦਾਸ ਦਾ ਹੈ, ਪਰ ਉਨ੍ਹਾਂ ਨੇ ਜਿਹੜੀਆਂ ਉਦਾਹਰਣਾਂ ਦਿੱਤੀਆਂ ਹਨ, ਉਹ ਵੱਡੇ ਬਾਬਾ ਰਾਮ ਦਾਸ ਦੀਆਂ ਰਚਨਾਵਾਂ, *ਦ੍ਰੋਪਦੀ ਚਰਿਤ੍ਰ*, *ਰਾਸ ਮੰਡਲ ਪੰਚਅਧਿਆਈ* ਤੇ *ਬਾਣੀ ਬਾਬਾ ਰਾਮ ਦਾਸ ਕੀ*, ਵਿੱਚੋਂ ਹਨ।

ਉੱਪਰਲੀ ਸਾਰੀ ਚਰਚਾ ਦਾ ਸਾਰਅੰਸ਼ ਇਹ ਹੈ ਕਿ ਜਿੱਥੋਂ ਤਕ ਸਾਨੂੰ ਪਤਾ ਲੱਗ ਸਕਿਆ ਹੈ, ਵੱਡੇ ਬਾਬਾ ਰਾਮ ਦਾਸ ਦੀਵਾਨੇ ਸਾਧੂ ਦੀ ਰਚਨਾ ਉਨ੍ਹਾਂ ਦੇ ਡੇਰੇ ਵੱਲੋਂ ਛਪੇ ਗ੍ਰੰਥ *ਬਾਣੀ ਬ੍ਰਿੱਧ ਪ੍ਰਤਾਪ : ਉਦਾਸੀਨ ਦੀਵਾਨਿਆਂ ਦਾ ਗ੍ਰੰਥਾ ਸਾਹਿਬ* ਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਛਪੀ ਪੁਸਤਕ *ਸਾਰ ਰਾਮਾਇਣ* ਵਿਚ ਦਰਜ ਹੈ।

× × × ×

ਬਾਣੀ ਬ੍ਰਿੱਧ ਪ੍ਰਤਾਪ : ਉਦਾਸੀਨ ਦੀਵਾਨਿਆਂ ਦਾ ਗ੍ਰੰਥਾ ਸਾਹਿਬ ਵਿਚ ਸੰਕਲਿਤ ਰਚਨਾਵਾਂ ਦਾ ਬਿਉਰਾ ਸਾਰਨੀ ਨੰ. 8 ਵਿਚ ਦਿੱਤਾ ਗਿਆ ਹੈ। ਇਸ ਗ੍ਰੰਥ ਵਿਚ ਸਿਰਫ਼ ਭਗਤ ਮਾਲਾ ਦਾ ਰਚਨਾ-ਕਾਲ (ਸੰਮਤ 1859 ਮੁਤਾਬਿਕ 1802 ਈ.)[22] ਅੰਕਿਤ ਹੈ, ਹੋਰ ਕਿਸੇ ਰਚਨਾ ਦਾ ਨਹੀਂ। ਗ੍ਰੰਥ ਦੇ ਅੰਤ ਵਿਚ, ਪੰਨਾ 1203 ਉੱਤੇ, "ਇਤਿ ਸ੍ਰੀ ਪੋਥੀ ਸਾਹਿਬ ਜੀ ਸਪੂਰਣ ਹੋਈ ॥ ਸੰਮਤੁ ॥ ੧੮੯੯ ॥ ਚੇਤ ਸੁਦੀ ੧੨ ॥" ਲਿਖਿਆ ਮਿਲਦਾ ਹੈ, ਜਿਸ ਦਾ ਮਤਲਬ ਹੈ ਕਿ ਇਹ ਗ੍ਰੰਥ 1842 ਈ. ਵਿਚ ਨਕਲ ਕੀਤਾ ਗਿਆ।

ਵੱਡੇ ਬਾਬਾ ਰਾਮ ਦਾਸ ਦੀਆਂ ਰਚਨਾਵਾਂ ਦਾ, ਜਸਬੀਰ ਸਿੰਘ ਸਾਬਰ ਦੁਆਰਾ ਸੰਪਾਦਿਤ *ਬਾਣੀ ਬਾਬਾ ਰਾਮ ਦਾਸ* ਨਾਂ ਦਾ ਇਕ ਸੰਗ੍ਰਹਿ 1989 ਈ. ਵਿਚ ਛਪ ਚੁੱਕਾ ਹੈ। ਇਸ ਦੀ ਤਕਰੀਬਨ ਸਾਰੀ ਸਮੱਗਰੀ *ਗ੍ਰੰਥਾ ਸਾਹਿਬ* ਵਿਚ ਮੌਜੂਦ ਹੈ।

---

22. *ਬਾਣੀ ਬ੍ਰਿੱਧ ਪ੍ਰਤਾਪ, ਉਦਾਸੀਨ ਦੀਵਾਨਿਆਂ ਦਾ ਗ੍ਰੰਥਾ ਸਾਹਿਬ*, ਪੰ. 645 :

ਸੰਮਤੁ ਅਠਾਰਾਂ ਸਇਆ ਔਰੁ ਉਨਸਠ ਕਹਾਵੈ।
ਲਿਖੀ ਪਟਾਲੈ ਸਹਰ ਸਰ ਸੁੰਦਰ ਸੁਭ ਠਾਵੈ।
ਭਗਤਿ ਮਾਲ ਪੂਰਨ ਭਈ ਸੁਭ ਨਿਛੱਤ੍ਰ ਸੁਭ ਬਾਰਾ।
ਬਧਿ ਘਟਿ ਅੱਖਰ ਸਮਝਿ ਕੈ ਪੜੀਓ ਸੋਧਿ ਸਵਾਰਾ ॥੨॥੭੫੭॥

SikhBookClub.com

ਗ੍ਰੰਥਾ ਸਾਹਿਬ ਦੇ ਸੰਕਲਨ-ਕਰਤਾ ਨੇ ਸੰਕਲਿਤ ਰਚਨਾਵਾਂ ਦੇ ਸਰੋਤ ਖਰੜਿਆਂ ਬਾਰੇ ਕੋਈ ਸੂਚਨਾ ਨਹੀਂ ਦਿੱਤੀ। ਪਰ ਜਸਬੀਰ ਸਿੰਘ ਸਾਬਰ ਨੇ ਸਾਰੇ ਸਹਾਇਕ ਖਰੜਿਆਂ ਦਾ ਵੇਰਵਾ ਦਿੱਤਾ ਹੈ। ਉਨ੍ਹਾਂ ਨੇ ਗੁ.ਨਾ.ਦੇ.ਯੂ. ਹ.ਲਿ. 263 (ਮਿਤੀ 1807 ਈ., ਲਿਖਾਰੀ ਰਾਮ ਦਿਆਲ ਸੰਗਤਪੁਰੀਆ) ਨੂੰ ਮੂਲ ਆਧਾਰ ਬਣਾਇਆ ਹੈ ਤੇ ਤੁਲਨਾਤਮਕ ਅਧਿਐਨ ਅਤੇ ਪਾਠ-ਮਿਲਾਨ ਲਈ ਨਿਮਨ-ਲਿਖਤ ਹੱਥ-ਲਿਖਤਾਂ ਦੀ ਵਰਤੋਂ ਕੀਤੀ ਹੈ :

(1) ਗੁ.ਨਾ.ਦੇ.ਯੂ. ਹ.ਲਿ. 836.
(2) ਸੈਂ.ਸ.ਲਾ. ਹ.ਲਿ. 533, 1816 ਈ., ਲਿਖਾਰੀ ਕ੍ਰਿਸਨ ਦਾਸ
(3) ਸੈਂ.ਸ.ਲਾ. ਹ.ਲਿ. 534, 1817 ਈ.
(4) ਸੈਂ.ਸ.ਲਾ. ਹ.ਲਿ. 715, 1826 ਈ., ਲਿਖਾਰੀ ਕਿਸਨ ਦਾਸ।

ਇਸ ਪੁਸਤਕ ਦੀ ਪ੍ਰਸਤਾਵਨਾ (ਪੰ. 25) ਵਿਚ ਦੱਸਿਆ ਜਾ ਚੁੱਕਾ ਹੈ ਕਿ *ਸਾਰ ਰਾਮਾਇਣ* ਦੇ ਸੰਪਾਦਨ ਲਈ ਉੱਤਮ ਸਿੰਘ ਭਾਟੀਆ ਨੇ ਦੋ ਹੱਥ-ਲਿਖਤਾਂ, ਸੈਂ.ਸ.ਲਾ. 2745 ਤੇ ਭਾ.ਵਿ. 319 ਦੀ ਮਦਦ ਲਈ ਹੈ।

ਉੱਪਰਲੀਆਂ ਹੱਥ-ਲਿਖਤਾਂ ਤੋਂ ਛੁੱਟ, ਵੱਡੇ ਬਾਬਾ ਰਾਮ ਦਾਸ ਜੀ ਦੀਆਂ ਕੁੱਝ ਹੋਰ ਹੱਥ-ਲਿਖਤਾਂ ਦਾ ਵੀ ਪਤਾ ਲੱਗਾ ਹੈ, ਜਿਵੇਂ :

(1) *ਪਤਿ ਪੋਥੀ*, ਭਾ.ਵਿ. ਹ.ਲਿ. 521, ਲਿਪੀ-ਕਾਲ 1848 ਈ., ਲਿਖਾਰੀ ਰਾਮ ਸਿੰਘ ਪੰਜਾਬੀ। (ਇਸ ਪੋਥੀ ਦਾ ਜ਼ਿਕਰ ਅਸੀਂ ਉੱਪਰ ਕਰ ਆਏ ਹਾਂ।)
(2) *ਪਤਿ ਪੋਥੀ*, ਗੁ.ਨਾ.ਦੇ.ਯੂ. ਹ.ਲਿ. 263, 1807 ਈ., ਲਿਖਾਰੀ ਰਾਮ ਦਿਆਲ ਸੰਗਤਪੁਰੀਆ।
(3) *ਬਿਰਦ ਪ੍ਰਤਾਪ*, ਆਦਿ, ਸੈਂ.ਸ.ਲਾ. ਹ.ਲਿ. 532, 1802 ਈ., ਲਿਖਾਰੀ ਰਾਮ ਸਿੰਘ ਪੰਜਾਬੀ।
(4) *ਬਾਣੀ ਬਾਵਾ ਰਾਮ ਦਾਸ ਜੀ ਕੀ*, ਮੋ.ਬਾ. ਹ.ਲਿ. 22, ਲਿਪੀ-ਕਾਲ 1852 ਈ., ਲਿਖਾਰੀ ਰਾਮ ਸਿੰਘ ਪੰਜਾਬੀ। (*ਪੰ.ਹ.ਲਿ.ਸੂ.* (1), ਪੰ. 271)।
(5) *ਬਾਣੀ ਬਾਬਾ ਰਾਮ ਦਾਸ*, ਪੰ.ਯੂ.ਪ. ਹ.ਲਿ. 115370, 1817 ਈ., ਲਿਖਾਰੀ ਕਿਸਨ ਦਾਸ।
(6) *ਰਾਮ ਦਾਸ ਗ੍ਰੰਥਾਵਲੀ*, ਪੰ.ਯੂ.ਪ. ਹ.ਲਿ. 115417.
(7) *ਦੋਹਰੇ ਤਥਾ ਛਪੈ ਤਥਾ ਸਵੱਯੇ ਹੋਣੀ ਕੇ*, ਪੰ.ਯੂ.ਪ. ਹ.ਲਿ.117718.
(8) *ਦ੍ਰੋਪਤੀ ਚਰਿਤ੍ਰ*, ਗੁ.ਨਾ.ਦੇ.ਯੂ. ਹ.ਲਿ. 208.
(9) *ਦ੍ਰੋਪਤੀ ਚਰਿਤ੍ਰ*, ਗੁ.ਨਾ.ਦੇ.ਯੂ. ਹ.ਲਿ. 539, ਮਿਤੀ 1882 ਈ.
(10) *ਦ੍ਰੋਪਤੀ ਚਰਿਤ੍ਰ*, ਮੋ.ਬਾ. ਹ.ਲਿ. 73, (*ਪੰ.ਹ.ਲਿ.ਸੂ.* (1), ਪੰ. 100)।
(11) *ਦ੍ਰੋਪਤੀ ਚਰਿਤ੍ਰ*, ਪੰ.ਆ. ਹ.ਲਿ. 675, ਲਿਪੀ-ਕਾਲ 1842 ਈ. (*ਪੰ.ਹ.ਲਿ.ਸੂ.* (2), ਪੰ. 74)।

SikhBookClub.com

(12) *ਦ੍ਰੋਪਤੀ ਚਰਿਤ੍ਰ*, ਭਾ.ਵਿ. ਹ.ਲਿ. 283.

(13) *ਦ੍ਰੋਪਤੀ ਚਰਿਤ੍ਰ*, ਭਾ.ਵਿ. ਹ.ਲਿ. 541, ਮਿਤੀ 1844 ਈ. ਲਿਖਾਰੀ ਸੁਹੇਲ ਸਿੰਘ।

(14) *ਦ੍ਰੋਪਤੀ ਚਰਿਤ੍ਰ*, ਸੈਂ.ਸ.ਲਾ. ਹ.ਲਿ. 506. (*ਪੰ.ਹ.ਲਿ.ਸੂ.* (1), ਪੰ. 100)।

(15) *ਰਾਜਨੀਤਿ*, ਸੈਂ.ਸ.ਲਾ. ਹ.ਲਿ. 735, 1825 ਈ., ਲਿਖਾਰੀ ਕ੍ਰਿਸ਼ਨ ਦਾਸ।

(16) *ਭਗਤਮਾਲ*, ਆਦਿ, ਸੁਰੈਣ ਸਿੰਘ ਵਿਲਖੂ, ਗੌਰਮਿੰਟ ਕਾਲਜ, ਗੁਰਦਾਸਪੁਰ, ਪੋਥੀ ਮਿਤੀ 1802 ਈ. ਤੇ ਪੋਥੀ ਮਿਤੀ 1818 ਈ.।

(ਨਰਿੰਦਰ ਕੌਰ ਭਾਟੀਆ ਦੀ ਪੁਸਤਕ *ਮਿਹਰਵਾਨ ਵਾਲੀ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ : ਨਵੀਆਂ ਲੱਭੀਆਂ ਗੋਸ਼ਟਾਂ* ਤੋਂ)

SikhBookClub.com

ਸਾਰਨੀ ਨੰ. 7
ਰਿਆਸਤ ਪਟਿਆਲਾ ਦੇ ਨਰੇਸ਼

ਮਹਾਰਾਜਾ	*ਜਨਮ (ਈ.)**	*ਰਾ-ਕਾ. (ਈ.)**
ਆਲਾ ਸਿੰਘ	1691	1714-1765
ਅਮਰ ਸਿੰਘ	1748	1765-1781
ਸਾਹਿਬ ਸਿੰਘ	1773	1781†-1813
ਕਰਮ ਸਿੰਘ	1798	1813-1845
ਨਰਿੰਦਰ ਸਿੰਘ	1823	1845-1862
ਮਹਿੰਦਰ ਸਿੰਘ	1852	1862-1876
ਰਾਜਿੰਦਰ ਸਿੰਘ	1872	1876-1900

* ਇਹ ਤਾਰੀਖ਼ਾਂ *ਮਹਾਨ ਕੋਸ਼* ਤੇ Kirpal Singh, *Life of Maharaja Ala Singh of Patiala and His Time,* 1954, ਤੋਂ ਲਈਆਂ ਗਈਆਂ ਹਨ।

† *ਮਹਾਨ ਕੋਸ਼* ਅਨੁਸਾਰ ਇਹ ਸੰਨ 1779 ਹੈ।

SikhBookClub.com

ਸਾਰਨੀ ਨੰ. 8
ਬਾਣੀ ਬ੍ਰਿੱਧ ਪ੍ਰਤਾਪ, ਉਦਾਸੀਨ ਦੀਵਾਨਿਆਂ ਦੇ ਗ੍ਰੰਥਾ ਸਾਹਿਬ ਦਾ ਰਚਨਾ-ਬਿਉਰਾ

ਰਚਨਾ	*ਪੰਨਾ*	*ਸ਼ਬਦ ਸੰਖਿਆ*
ਗੁਰੁ ਮਹਿਮਾ ਤਥਾ ਬੇਨਤੀ	1-48	466
ਰਾਗੁ ਸਾਰੰਗ—ਬੇਨਤੀ, ਉਪਦੇਸ	48-98	171
ਰਾਗੁ ਗੂਜਰੀ	98-105	17
ਰਾਗੁ ਕੇਦਾਰਾ—ਪ੍ਰਹਲਾਦ ਚਰਤ੍ਰ	106-135	31
ਰਾਗੁ ਤਿਲੰਗ	135-141	29
ਰਾਗੁ ਬਿਲਾਵਲੁ ਤਥਾ ਸ੍ਰੀਰਾਗੁ	141-151	24
ਰਾਗੁ ਬਿਲਾਵਲੁ—ਮਾਇਆ ਬਿਲਾਸ, ਕਥਾ ਰਾਜੇ ਹਰੀਚੰਦ ਕੀ, ਬਾਲਮੀਕ ਲੀਲਾ	141-200	108
ਰਾਗੁ ਬਸੰਤ	200-215	25
ਰਾਗੁ ਧਨਾਸਰੀ	215-218	6
ਰਾਗੁ ਭੈਰਉ	218-223	7
ਰਾਗੁ ਦੇਵਗੰਧਾਰੀ	223-229	15
ਰਾਗੁ ਨਟ	230-231	1
ਰਾਗੁ ਪ੍ਰਭਾਤੀ	231-233	4
ਰਾਗੁ ਕਲਿਆਂਨ	233-234	3
ਰਾਗੁ ਰਾਂਮਕਲੀ	234-235	3
ਰਾਗੁ ਸੂਹੀ	236-236	1
ਰਾਗੁ ਪੂਰਬੀ	236-237	1
ਰਾਗੁ ਜੋਗ ਆਸਾ	237-237	1
ਰਾਗੁ ਸੋਰਠਿ ਅਸ਼ਟਪਦੀਆਂ	237-239	2
ਰਾਗੁ ਗਉੜੀ ਮਾਝ ਕਾਫੀਆਂ	239-242	5
ਰਾਗੁ ਅਸਾਵਰੀ ਅਸ਼ਟਪਦੀ	242-243	1
ਰਾਗੁ ਗਉੜੀ	243-243	1
ਰਾਗੁ ਸਿਰੀਰਾਗ	243-244	1
ਰਾਗੁ ਲਲਤ	244-245	2
ਰਾਗੁ ਜੈਜਾਵੰਤੀ ਕਾਫੀਆਂ	245-249	9
ਰਾਗੁ ਗਉੜੀ—ਛਤੀਹ ਅਖਰੀ	250-260	1
ਰਾਗੁ ਗਉੜੀ—ਪਟੀ	261-267	1
ਦੋਹੇ—ਨਾਂਮ ਪਰਤਾਪ ਕੇ	267-281	207
ਦੋਹੇ—ਭਗਤਮਾਲ ਕੇ	282-290	125
ਦੋਹੇ ਤਥਾ ਚੌਪਈਆਂ—ਉਪਦੇਸ, ਨਾਂਮ ਪਰਤਾਪ ਕੇ	291-295	6

SikhBookClub.com

ਰਚਨਾ	ਪੰਨਾ	ਸ਼ਬਦ ਸੰਖਿਆ
ਦੋਹੇ ਤਥਾ ਚੌਪਈਆਂ—ਉਪਦੇਸ, ਸਾਧ ਮਹਿਮਾ ਕੇ	296-299	19
ਦੋਹੇ—ਸੰਤ ਮਹਿਮਾ ਕੇ	298-301	38
ਦੋਹੇ—ਸਚ ਅੰਗ ਕੇ	301-304	54
ਦੋਹੇ—ਸਰਬ ਬਿਆਪੀ ਕੋ ਅੰਗ	304-307	36
ਦੋਹੇ—ਗੁਰ ਸੇਵਾ ਕੋ ਅੰਗ	307-309	26
ਦੋਹੇ—ਸਾਧੂ ਲੱਛ ਕੇ	309-310	18
ਦੋਹੇ—ਸਚ ਉਪਦੇਸ ਕੇ	310-312	19
ਦੋਹੇ—ਭੈਉਪਕਾਰ ਕੇ	312-313	17
ਦੋਹੇ—ਤਤ ਉਪਦੇਸ ਕੇ	313-317	51
ਦੋਹੇ—ਨ੍ਰਿਪ ਉਪਦੇਸ ਕੇ	317-318	15
ਦੋਹੇ ਤਥਾ ਕੁੰਡਲੀਏ—ਰਾਜਨੀਤ ਕੇ	318-326	85
ਦੋਹੇ—ਕਾਂਸੀ, ਦ੍ਰਿੜ ਉਪਦੇਸ ਕੇ	326-334	104
ਦੋਹੇ, ਛਪੈ, ਸ੍ਵਈਯੇ—ਹੋਣੀ ਕੇ	334-341	47
ਅਰਥੁ ਸਤਿਗੁਰੂ ਜੀ ਕੇ ਸਲੋਕ ਕਾ, ਛਪੈ	341-342	7
ਨਸੀਹਤ ਨਾਂਵਾ—ਪਹਿਲਾ, ਦੂਜਾ	343-346	3
ਮਾਝਾਂ	346-350	26
ਸ੍ਵਈਯੇ—ਬੇਨਤੀ ਕੇ, ਗੁਰੁ ਸਰਨਿ ਕੇ	350-354	24
ਭਗਤਮਾਲ ਅੜਲਾਂ ਕੀ—ਪਹਿਲੀ	355-371	1
ਨਾਮਮਾਲਾ ਭਗਤਾਂ ਦੀ—ਦੂਜੀ	372-374	2
ਭਗਤਮਾਲ ਚੌਪਈਆਂ ਕੀ—ਤੀਜੀ	374-527	3
ਭਗਤਮਾਲ ਮਾਝਾਂ ਕੀ—ਚੌਥੀ	527-646	4
ਭਗਤਮਾਲ—ਪੰਜਵੀ ਤਥਾ ਸੋਭਾ ਪਰਮ ਧਾਂਮ ਕੀ	646-653	5
ਦ੍ਰੋਪਦੀ ਚਰਤ੍ਰ	653-665	1
ਰਾਗੁ ਜੈਜਾਵੰਤੀ—ਅਸ਼ਟਪਦੀਆਂ	665-666	2
ਆਰਤੀ—ਅਵਤਾਰਾਂ ਕੀ ਤੇ ਸ੍ਰੀ ਰਾਂਮ ਜੀ ਕੀ	666-669	3
ਰਾਗੁ ਬਿਲਾਵਲੁ	669-669	1
ਸਰਗੁਣ ਲੀਲਾ	669-671	16
ਰਾਗੁ ਨਟ	671-679	18
ਰਾਗੁ ਜੈਜਾਵੰਤੀ—ਬੰਸਰੀਆ	679-686	12
ਦੋਹਰੇ ਦੁਇ	686-686	2
ਰਾਗੁ ਬਿਲਾਵਲੁ—ਅਲਹੀਆ	686-687	1
ਰਾਗੁ ਖੰਬਾਇਚ	687-688	1
ਰਾਗੁ ਸਾਰੰਗ—ਬੰਸਰੀਆ	688-690	5
ਰਾਗੁ ਬਸੰਤੁ—ਧਮਾਲਾ	690-700	21
ਰਾਗੁ ਆਸਾਵਰੀ	700-701	2

SikhBookClub.com

ਰਚਨਾ	ਪੰਨਾ	ਸ਼ਬਦ ਸੰਖਿਆ
ਰਾਸ ਮੰਡਲ ਪੰਚਧਿਆਈ	701-740	209
ਰਾਗੁ ਸੋਰਠਿ	740-747	14
ਦੋਹਰੇ ਦੁਇ	747-747	2
ਰਾਗੁ ਬਿਹਾਗ	747-749	3
ਮਾਝਾਂ ਗੋਪੀਆਂ ਬਾਚ	749-750	3
ਰਾਗੁ ਆਸਾਵਰੀ	750-764	30
ਰਾਗੁ ਬਸੰਤ	765-772	14
ਦੋਹਰੇ ਗੋਪੀਆਂ ਬਾਚ	773-773	5
ਰਾਗੁ ਬਸੰਤ—ਆਂਹੋਰੀਆਂ	773-776	5
ਦੋਹਰੇ ਸ੍ਰੀ ਰਾਧੇ ਜੀ ਬਾਚ	776-777	4
ਰਾਗੁ ਮਲ੍ਹਾਰ	777-787	24
ਬਾਰਹਮਾਹਾ	787-789	1
ਦੋਹੇ ਬੇਨਤੀ ਕੇ	789-793	51
ਦੋਹਰੇ, ਚੌਪਈਆਂ—ਗੁਰੁ ਮਹਿਮਾ, ਗੁਰ ਸੇਵਾ, ਸੁਦਾਮਾ ਚਰਿਤ੍ਰ	793-848	182
ਕਥਾ ਨ੍ਰਿਪ ਕੰਨਿਆ ਕੀ ਤਥਾ ਬਿਰਦ ਪ੍ਰਤਾਪ ਕੀ	848-1107	1307
ਛਪੈ, ਸ੍ਵਈਯੇ—ਰਾਮ ਅਵਤਾਰ ਕੇ	1107-1124	93
ਰਾਗੁ ਬਿਲਾਵਲੁ—ਧਿਆਉ ਰਾਮਾਇਣ ਕਾ	1124-1128	1
ਰਤਨਮਾਲਾ ਦਸ ਅੰਗ ਕੀ	1129-1196	268
ਗੁਰੁ ਪਰਨਾਲੀ	1196-1197	6
ਅਸਫੋਟਕ ਬਾਨੀ	1198-1203	
ਰਾਗਮਾਲਾ (ਆਦਿ ਗ੍ਰੰਥ ਵਾਲੀ)	1204-1205	1

SikhBookClub.com

11

ਖ਼ਾਤਮਾ

ਅਸੀਂ ਸਿੱਖਾਂ ਦੇ ਜਿਸ ਛੋਟੇ ਮੇਲ ਦੇ ਇਤਿਹਾਸ ਤੇ ਸਰਵੇਖਣ ਦੇ ਇਰਾਦੇ ਨਾਲ ਸੰਨ 2004 ਵਿਚ ਤੁਰੇ ਸਾਂ, ਸ਼ੁਕਰ ਹੈ ਅੱਜ 2008 ਦੇ ਅੰਤ ਵਿਚ ਉਸ ਨੂੰ ਸਿਰੇ ਚਾੜ੍ਹਨ ਦੀ ਖ਼ੁਸ਼ੀ ਮਾਣ ਰਹੇ ਹਾਂ। ਇਸ ਚਾਰ ਸਾਲ ਦੇ ਅਰਸੇ ਵਿਚ ਅਸੀਂ ਪੰਜਾਬ ਦੇ ਬਹੁਤ ਸਾਰੇ ਅਣਗਾਹੇ ਇਲਾਕੇ ਗਾਹੇ, ਅਨੇਕ ਬਿਰਧ ਹਸਤੀਆਂ ਦੀਆਂ ਯਾਦਾਂ ਦੀਆਂ ਪਟਾਰੀਆਂ ਖੁਲ੍ਹਵਾਈਆਂ, ਕਰੀਬ ਕਰੀਬ ਸਾਰੀਆਂ ਦੇਸ ਬਿਦੇਸ ਦੀਆਂ ਲਾਇਬ੍ਰੇਰੀਆਂ ਗਾਹੀਆਂ, ਕੰਪਿਊਟਰ ਤੇ ਕੈਮਰੇ ਸਮੇਤ ਮੋਟਰਕਾਰ ਦੇ ਝੂਟੇ ਲਏ ਤੇ ਸੈਂਕੜੇ ਹੱਥ-ਲਿਖਤਾਂ ਤੇ ਦੁਰਲੱਭ ਪੁਸਤਕਾਂ ਦੇ ਕਈ ਕਈ ਪਾਠ ਕੀਤੇ ਤੇ ਹੁਣ ਜਦੋਂ ਅਸੀਂ ਆਪਣੇ ਸੰਕਲਪ ਦਾ ਭੋਗ ਪਾ ਲਿਆ ਹੈ ਤਾਂ ਇਵੇਂ ਮਹਿਸੂਸ ਕਰਦੇ ਹਾਂ ਜਿਵੇਂ ਸਾਡੇ ਸਿਰਾਂ ਤੋਂ ਜ਼ਿੰਮੇਵਾਰੀ ਦਾ ਬੜਾ ਵੱਡਾ ਬੋਝ ਲੱਥ ਗਿਆ ਹੈ। ਸਾਨੂੰ ਇਸ ਦੌਰਾਨ ਵਿਚ ਖੱਟੇ ਮਿੱਠੇ ਕਈ ਤਜਰਬੇ ਹੋਏ, ਕਈ ਮਨੌਤਾਂ ਦੇ ਪਾਜ ਉਘੇੜਨੇ ਪਏ, ਕਈ ਖੋਜੀਆਂ ਦੀਆਂ ਖੋਜਾਂ ਰੱਦ ਕਰਨੀਆਂ ਪਈਆਂ ਤੇ ਦਿਨ-ਦਿਹਾੜੇ ਦਸਤਾਵੇਜ਼ੀ ਸਬੂਤਾਂ ਵਾਲੇ ਇਤਿਹਾਸ ਨੂੰ ਬੜੀ ਦੀਦਾ-ਦਲੇਰੀ ਨਾਲ ਮਰੋੜਨ ਦੇ ਕੋਝੇ ਜਤਨਾਂ ਨੂੰ ਬੇਪੜਦ ਕਰਨਾ ਪਿਆ ਹੈ। ਅਸੀਂ ਪੂਰੀ ਕੋਸ਼ਿਸ਼ ਕੀਤੀ ਹੈ ਕਿ ਅਸੀਂ ਆਪਣੇ ਬਿਆਨਾਂ ਨੂੰ ਵੱਧ ਤੋਂ ਵੱਧ ਦਸਤਾਵੇਜ਼ੀ ਆਧਾਰਾਂ ਉੱਤੇ ਖੜਾ ਕਰੀਏ ਤੇ ਕਿਸੇ ਧਿਰ ਨੂੰ ਜਾਣ-ਬੁੱਝ ਕੇ ਢਾਹੁਣ ਜਾਂ ਨਿਰਾਧਾਰ ਉਸਾਰਨ ਦੇ ਕਾਰਜ ਤੋਂ ਪਰਹੇਜ਼ ਕਰੀਏ। ਆਸ ਹੈ ਇਸ ਤਰ੍ਹਾਂ ਦੇ ਇਤਿਹਾਸ ਦੀ ਪੰਜਾਬੀ ਵਿਚ ਥੁੜ ਦੇ ਬਾਵਜੂਦ ਵਿਦਵਾਨ ਪਾਠਕ ਸਾਡੇ ਜਤਨ ਨੂੰ ਜੀ-ਆਇਆਂ ਕਹਿਣਗੇ। ਅਸੀਂ ਇਸ ਲੜੀ ਦੀ ਪ੍ਰਥਮ ਪੁਸਤਕ ਵਿਦਵਾਨ ਪਾਠਕਾਂ ਦੇ ਸਨਮੁਖ ਕਰਦਿਆਂ ਨਿਮਰਤਾ ਨਾਲ ਤਸੱਲੀ ਮਹਿਸੂਸ ਕਰਦੇ ਹਾਂ। ਸਾਨੂੰ ਯਕੀਨ ਹੈ ਇਸ ਪੋਥੀ ਦੀ ਸੰਪੂਰਨਤਾ ਸਾਨੂੰ ਇਸ ਪੁਸਤਕ-ਲੜੀ ਦੇ ਅਗਲੇ ਭਾਗਾਂ ਨੂੰ ਪੇਸ਼ ਕਰਨ ਦਾ ਬਲ ਬਖ਼ਸ਼ੇਗੀ। ਅਸੀਂ ਛੇਤੀ ਹੀ ਇਸ ਲੜੀ ਦੀ ਦੂਜੀ ਪੁਸਤਕ ਲੈ ਕੇ ਪਾਠਕਾਂ ਦੀ ਹਜ਼ੂਰੀ ਵਿਚ ਪੇਸ਼ ਹੋਵਾਂਗੇ।

SikhBookClub.com

ਜ਼ਮੀਮੇ

ਜ਼ਮੀਮਾ ਨੰ. 1 : ਮੀਣੇ

ਸੋਢੀ ਪਿਰਥੀ ਚੰਦ ਤੋਂ ਤੁਰਨ ਵਾਲੀ ਛੋਟੀ ਸਿੱਖ ਸ਼ਾਖ਼ ਨੂੰ ਭਾਈ ਗੁਰਦਾਸ ਦੇ ਵੇਲੇ ਤੋਂ 'ਮੀਣਾ' ਕਹਿ ਕੇ ਦੁਰਕਾਰਿਆ ਜਾਂਦਾ ਰਿਹਾ ਹੈ। ਸਿੱਖਾਂ ਦੀ ਮੁਖ ਧਾਰਾ ਨੇ ਉਨ੍ਹਾਂ ਨੂੰ ਇਕ ਤਰ੍ਹਾਂ ਛੇਕਿਆ ਹੋਇਆ ਸੀ, ਪਰ ਸਾਡੇ ਬਹੁਤ ਘੱਟ ਵਿਦਵਾਨਾਂ ਨੂੰ ਪਤਾ ਹੈ ਕਿ 'ਮੀਣੇ' ਅਸਲ ਵਿਚ ਕੌਣ ਸਨ ?

ਕੀ ਉਹ ਸੱਚ-ਮੁੱਚ ਹੀ ਏਨੇ ਨੀਚ ਸਨ, ਜਿੰਨੇ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਚਿਤਰੇ ਹਨ ? ਜਦੋਂ ਭਾਈ ਜੀ, ਸੋਢੀ ਪਿਰਥੀ ਚੰਦ ਬਾਰੇ 'ਮੀਣਾ' ਸ਼ਬਦ ਵਰਤਦੇ ਹਨ ਤਾਂ ਲੱਗਦਾ ਹੈ ਕਿ ਉਨ੍ਹਾਂ ਦੇ ਕੋਲ ਇਸ ਤੋਂ ਵੱਧ ਨਫ਼ਰਤ ਨਾਲ ਲਿਬੜੀ ਹੋਰ ਕੋਈ ਮੰਦੀ ਗਾਲ੍ਹ ਹੈ ਨਹੀਂ ਸੀ। ਸਪਸ਼ਟ ਹੀ ਦਿੱਸ ਰਿਹਾ ਹੈ ਕਿ ਭਾਈ ਗੁਰਦਾਸ ਦੇ ਵੇਲੇ ਤਕ ਕਿਸੇ ਨੂੰ ਚਿਤ-ਚੇਤੇ ਨਹੀਂ ਸੀ ਕਿ ਜਿਸ ਕਬੀਲੇ ਨੂੰ ਉਹ ਏਨੀ ਭੈੜੀ ਤਰ੍ਹਾਂ ਦੁਰਕਾਰ ਰਹੇ ਹਨ, ਕਿਸੇ ਵੇਲੇ ਉਹ ਸਾਰੇ ਰਾਜਸਥਾਨ ਦਾ ਮਾਲਕ ਹੁੰਦਾ ਸੀ !

ਇਤਿਹਾਸਕਾਰਾਂ ਅਨੁਸਾਰ[1] 'ਮੀਣਾ' ਇਕ 'ਆਦਿਵਾਸੀ' ਕਬੀਲਾ ਹੈ, ਜੋ ਭਾਰਤ ਵਿੱਚ ਆਰੀਆ ਜਾਤੀ ਦੇ ਆਗਮਨ ਤੋਂ ਪਹਿਲਾਂ ਰਾਜਸਥਾਨ ਵਿਚ ਵੱਸਦਾ ਸੀ। ਪ੍ਰਾਚੀਨ ਤੇ ਮੱਧ ਕਾਲ ਤਕ ਇਹ ਲੋਕ ਉਸ ਧਰਤੀ ਉੱਤੇ ਰਾਜ ਕਰਦੇ ਰਹੇ। ਪਰ ਸਮੇਂ ਸਮੇਂ ਇਨ੍ਹਾਂ ਦੀ ਟੱਕਰ ਰਾਜਪੂਤਾਂ, ਮੁਗ਼ਲਾਂ ਤੋਂ ਪਹਿਲਾਂ ਦੀਆਂ ਮੁਸਲਮਾਨ ਹਕੂਮਤਾਂ, ਮੁਗ਼ਲਾਂ ਤੇ ਅੰਗਰੇਜ਼ ਹਮਲਾਆਵਰਾਂ ਨਾਲ ਹੁੰਦੀ ਰਹੀ, ਜਿਨ੍ਹਾਂ ਦੇ ਅਤਿਆਚਾਰ ਤੋਂ ਬਚਣ ਲਈ ਇਹ ਜੰਗਲਾਂ-ਪਹਾੜਾਂ ਦੀ ਸ਼ਰਨ ਲੈਣ ਲਈ ਮਜਬੂਰ ਹੋ ਗਏ। ਇਹੋ ਜਿਹੇ ਹਾਲਾਤ ਦੇ ਅੰਤਰਗਤ, ਇਸ ਬਹਾਦਰ ਤੇ ਅਣਖੀਲੇ ਕਬੀਲੇ ਲਈ ਆਪਣੀ ਆਜ਼ਾਦੀ ਦੀ ਰੱਖਿਆ ਵਾਸਤੇ ਸਿਵਾਏ ਛਾਪਾ-ਮਾਰ ਲੜਾਈ ਦੇ ਅਤੇ

---

1. ਵਿਸਤਾਰ ਲਈ ਵੇਖੋ : (ੳ) *Annals and Antiquities of Rajasthan,* by James Todd, 1914.
   (ਅ) 'Mina' and 'Meo' entries in *A Glossary of the Tribes and Castes of the Punjab and North-West Frontier Province,* vol. III, H.A. Rose, repr. 1989 (first ed. 1883).
   (ੲ) *ਮੀਣਾ ਇਤਿਹਾਸ,* ਕ੍ਰਿਤ ਰਾਵਤ ਸਾਰਸੁਤ, ਡੂੰਥਾਲਾਲ ਨਾਂੜਲਾ, ਬੱਸ਼ੀ, ਰਾਜਸਥਾਨ। (ਹਿੰਦੀ ਵਿਚ)
   (ਸ) *ਮੀਣਾ ਜਨਜਾਤਿ : ਏਕ ਪਰਿਚਯ,* ਕ੍ਰਿਤ ਲਕਸ਼ਮੀ ਨਾਰਾਯਣ ਮੀਣਾ, ਮਧਯਪ੍ਰਦੇਸ਼ ਹਿੰਦੀ ਗ੍ਰੰਥ ਅਕਾਦਮੀ, ਭੋਪਾਲ, 1991.
   (ਹ) *ਮੀਣਾ ਜਨਜਾਤਿ ਕਾ ਇਤਿਹਾਸ* ਕ੍ਰਿਤ ਯਸੋਦਾ ਮੀਣਾ, ਜੈਪੁਰ ਪਬਲਿਸ਼ੰਗ ਹਾਊਸ, ਜੈਪੁਰ, 2003.

SikhBookClub.com

ਰੁਜ਼ਗਾਰ ਲਈ ਲੁੱਟ-ਮਾਰ ਦੇ, ਹੋਰ ਕੋਈ ਚਾਰਾ ਨਾ ਰਿਹਾ। ਮੁਗ਼ਲ ਕਾਲ ਵਿੱਚ ਜਿਹੜੇ ਮੀਣੇ ਰਾਜਸਥਾਨ ਤੋਂ ਉੱਠ ਕੇ ਹਰਿਆਣੇ ਤੇ ਪੰਜਾਬ ਦੇ ਇਲਾਕੇ ਵਿੱਚ ਆ ਵੱਸੇ, ਉਨ੍ਹਾਂ ਵਿੱਚੋਂ ਕੁੱਝ ਨੇ ਆਪਣੀ ਕਮਾਈ ਲਈ ਧੋਖਾ-ਧੜੀ ਦਾ ਰਾਹ ਵੀ ਚੁਣ ਲਿਆ, ਜਿਸ ਕਰਕੇ ਉਨ੍ਹਾਂ ਨੂੰ ਮੀਸਣੇ, ਉਚੱਕੇ, ਕਪਟੀ, ਕਮੀਨੇ, ਬੇਇਤਬਾਰੇ ਤੇ ਨੀਚ ਸੁਭਾ ਵਾਲੇ ਮੰਨਿਆ ਜਾਣ ਲੱਗ ਪਿਆ। ਏਥੋਂ ਤਕ ਕਿ ਅੰਗਰੇਜ਼ੀ ਰਾਜ ਵਿਚ ਇਨ੍ਹਾਂ ਨੂੰ ਜਰਾਇਮ-ਪੇਸ਼ਾ ਜਾਤੀਆਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਗਿਆ।

'ਮੀਣਾ' ਸ਼ਬਦ, ਪੰਜਾਬੀ ਸਾਹਿੱਤ ਵਿੱਚ, ਸਭ ਤੋਂ ਪਹਿਲਾਂ, ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਵਰਤਿਆ ਮਿਲਦਾ ਹੈ। ਵਾਰ ਨੰ. 26 ਪਉੜੀ 33 ਦੀ ਪ੍ਰਸਿੱਧ ਤੁਕ "ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਢਕ ਬਰਲੁ ਚਲਾਇਆ" ਵਿਚ ਤੇ ਮੁੜ 36ਵੀਂ ਵਾਰ ਦੀਆਂ ਪਹਿਲੀਆਂ ਅੱਠ ਪਉੜੀਆਂ ਵਿਚ।

ਸਿੱਖ ਰਵਾਇਤ ਅਨੁਸਾਰ, ਜਦੋਂ ਸੋਢੀ ਪਿਰਥੀ ਚੰਦ ਅੰਮ੍ਰਿਤਸਰ ਛੱਡ ਕੇ ਆਪਣੇ ਸਹੁਰੇ ਪਿੰਡ ਹੇਹਰ ਚਲੇ ਗਏ ਤਾਂ ਗੁਰੂ ਅਰਜਨ ਦੇਵ ਜੀ ਨੇ, ਭਾਈ ਗੁਰਦਾਸ ਨੂੰ ਆਪਣੇ ਵੱਡੇ ਭਰਾਤਾ ਨੂੰ ਮਨਾਉਣ ਲਈ ਹੇਹਰਾਂ ਭੇਜਿਆ। ਭਾਈ ਸਾਹਿਬ ਨੇ, ਜੋ ਰਿਸ਼ਤੇ ਵਿਚ ਦੋਨਾਂ ਦੇ ਮਾਮਾ ਜੀ ਲੱਗਦੇ ਸਨ, ਬੜਾ ਜ਼ੋਰ ਲਾਇਆ, ਪਰ ਉਨ੍ਹਾਂ ਦੇ ਕਹਿਣ ਸੁਣਨ ਦਾ ਪਿਰਥੀ ਚੰਦ ਉੱਤੇ ਕੋਈ ਅਸਰ ਨਾ ਹੋਇਆ। ਉਲਟਾ, ਗੁੱਸੇ ਵਿਚ "ਮੈਂ ਵੇਖ ਲਾਂ ਗਾ" ਵਾਲਾ ਰਵਈਆ ਇਖ਼ਤਿਆਰ ਕਰਦਿਆਂ ਭਾਈ ਸਾਹਿਬ ਦਾ ਨਿਰਾਦਰ ਕੀਤਾ। ਭਾਈ ਗੁਰਦਾਸ ਨਿਰਾਸ਼ ਹੋ ਕੇ ਵਾਪਸ ਪਰਤ ਆਏ ਤੇ ਪਿਰਥੀ ਚੰਦ ਦੀ ਬੇਰੁਖ਼ੀ, ਬਦਸਲੂਕੀ ਤੇ ਗੁਰੂ-ਘਰ ਦੇ ਖ਼ਿਲਾਫ਼ ਮੰਦਭਾਵਨਾ ਤੋਂ ਖਿੱਝ ਕੇ 36ਵੀਂ ਵਾਰ ਵਿਚ ਉਨ੍ਹਾਂ ਤੇ ਉਨ੍ਹਾਂ ਦੇ ਪਿਛਲੱਗਾਂ ਨੂੰ ਮੀਣਾ ਕਹਿ ਕੇ ਬੜੇ ਹੀ ਸਖ਼ਤ ਤੇ ਚੁੱਭਵੇਂ ਸ਼ਬਦਾਂ ਵਿਚ ਭੰਡਿਆ।

ਇਸ ਵਾਰ ਦੀਆਂ ਪਹਿਲੀਆਂ 11 ਪਉੜੀਆਂ ਵਿਚ 'ਮੀਣੇ' ਲੋਕਾਂ ਜਾਂ 'ਮੀਣਿਆਂ' ਨੂੰ ਪੰਜਾਬੀ ਸਾਹਿੱਤ ਵਿਚ ਪਹਿਲੀ ਵਾਰੀ ਘੋਰ ਨੀਚਤਾ-ਸੂਚਕ ਬੰਦਿਆਂ ਦੇ ਰੂਪ ਵਿਚ ਪੇਸ਼ ਕੀਤਾ ਗਿਆ। ਇਹ ਲੋਕ ਕਾਲੇ ਮੂੰਹ ਵਾਲੇ, ਕੂੜੇ, ਕੁਪੱਤੇ, ਮੁਰਦਾਰ, ਝੂਠੇ, ਫ਼ਰੇਬੀ, ਤੇ ਗੁਣਹੀਣ ਕਹਿ ਕੇ ਫਿਟਕਾਰੇ ਗਏ। ਗੁੱਸੇ ਤੇ ਨਫ਼ਰਤ ਨਾਲ ਭਰੇ ਭਾਈ ਸਾਹਿਬ ਦੀ ਕਵਿਤਾ ਦੇ ਕੁੱਝ ਨਮੂਨੇ ਵੇਖਣਯੋਗ ਹਨ :

ਸਤਿਗੁਰ ਸਚਾ ਪਾਤਿਸਾਹੁ ਮੁਹੁ ਕਾਲੈ ਮੀਣਾ ॥੧॥ *(ਵਾਰ 36, ਪਉੜੀ 1, ਤੁਕ 6)*

ਤਿਉ ਦਰਗਹਿ ਮੀਣਾ ਮਾਰੀਐ ਕਰਿ ਕੂੜੁ ਕੁਪਤਾ ॥੨॥ *(ਵਾਰ 36, ਪਉੜੀ 2, ਤੁਕ 6)*

ਵਗ ਨ ਹੋਵਨਿ ਕੁਤੀਆ ਮੀਣੇ ਮੁਰਦਾਰੀ। *(ਵਾਰ 36, ਪਉੜੀ 3, ਤੁਕ 5)*

ਮੁਢਹੁ ਘੁਥਹੁ ਮੀਣਿਆ ਤੁਧੁ ਜਮ ਪੁਰਿ ਜਾਣਾ ॥੪॥ *(ਵਾਰ 36, ਪਉੜੀ 4, ਤੁਕ 6)*

ਖੋਟੀ ਸੰਗਤਿ ਮੀਣਿਆ ਦੁਖ ਦੇਂਦੀ ਮਿਤੈ ॥੫॥ *(ਵਾਰ 36, ਪਉੜੀ 5, ਤੁਕ 6)*

ਤਿਉ ਨਕਟ ਪੰਥੁ ਹੈ ਮੀਣਿਆ ਮਿਲਿ ਨਰਕਿ ਨਿਬਾਹੈ ॥੬॥ *(ਵਾਰ 36, ਪਉੜੀ 6, ਤੁਕ 6)*

SikhBookClub.com

ਰਲੈ ਜੁ ਸੰਗਤਿ ਮੀਣਿਆ ਉਠਿ ਚਲੈ ਨਿਰਾਸਾ ॥੭॥

(ਵਾਰ 36, ਪਉੜੀ 7, ਤੁਕ 6)

ਕਿਆ ਨੀਸਾਣੀ ਮੀਣਿਆ ਖੋਟੁ ਸਾਲੀ ਸਿਕੈ। *(ਵਾਰ 36, ਪਉੜੀ 8, ਤੁਕ 5)*

ਸਿਰਿ ਸਿਰਿ ਪਾਹਣੀ ਮਾਰੀਅਨਿ ਓਇ ਪੀਰ ਫਿਟਿਕੈ ॥੮॥

(ਵਾਰ 36, ਪਉੜੀ 8, ਤੁਕ 6)

ਇਸੇ 36ਵੀਂ ਵਾਰ ਦੀ ਗਿਆਰ੍ਹਵੀਂ ਪਉੜੀ ਵਿਚ ਭਾਈ ਸਾਹਿਬ ਮੀਣਿਆਂ ਦੀ ਨਾਮਰਦਾਂ ਨਾਲ ਤੁਲਣਾ ਕਰਦੇ ਹਨ। ਜਿਸ ਤਰ੍ਹਾਂ ਇਕ ਨਾਮਰਦ, ਇਸਤਰੀ ਦੇ ਕੰਮ ਦਾ ਨਹੀਂ ਹੁੰਦਾ, ਇਸੇ ਤਰ੍ਹਾਂ ਬਿਨਾਂ ਗੁਰੂ-ਵਾਲੇ-ਗੁਣਾਂ ਦੇ ਗੁਰੂ ਸਦਾਉਣ ਵਾਲੇ ਕਿਸੇ ਆਦਰ ਦੇ ਅਧਿਕਾਰੀ ਨਹੀਂ ਹੁੰਦੇ।

ਪੁਰਖੁ ਨ ਗਣਿ ਪੁਰਖਤੁ ਵਿਣੁ ਕਾਮਣਿ ਕਿ ਕਰੇਸੁ ॥
ਵਿਣੁ ਗੁਰ ਗੁਰੂ ਸਦਾਇਦੇ ਕਉਣ ਕਰੈ ਅਦੇਸੁ ॥੧੧॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਮੀਣਾ' ਸ਼ਬਦ ਦੀ ਵਰਤੋਂ ਕਿਸੇ ਵੀ ਪ੍ਰਸੰਗ ਵਿਚ ਨਹੀਂ ਹੋਈ। ਕੁੱਝ ਇਤਿਹਾਸਕਾਰਾਂ ਨੇ ਅਨੁਮਾਨ ਲਾਇਆ ਹੈ ਕਿ 'ਮੀਣਾ' ਸ਼ਬਦ ਗੁਰੂ ਰਾਮ ਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਪਿਰਥੀ ਚੰਦ ਨੂੰ ਦੁਰਕਾਰਨ ਲਈ ਵਰਤਿਆ[2]। ਇਤਿਹਾਸਕਾਰ ਕੇਸਰ ਸਿੰਘ ਛਿੱਬਰ ਲਿਖਦਾ ਹੈ:

[ਗੁਰੂ ਅਰਜਨ] ਸਾਹਿਬ ਬਚਨ ਕੀਤਾ ਕੇਹਾ ਬਣ ਬੈਠਾ ਹੈ ਮੀਣਾ ?
ਹੋਵਨਿ ਵਡੇ ਤੇ ਕਰਮ ਕਰਨ ਹੀਣਾ।

ਅੱਗੇ ਚੱਲ ਕੇ ਉਹ ਬੜੇ ਪਤੇ ਦੀ ਗੱਲ ਕਰਦਾ ਹੈ ਕਿ ਜਦੋਂ ਪਿਰਥੀ ਚੰਦ ਹੁਰਾਂ ਦੀ ਲੋਕਾਂ ਵਿਚ ਕਾਫ਼ੀ ਬਦਨਾਮੀ ਹੋ ਗਈ ਤਾਂ ਉਨ੍ਹਾਂ ਨੂੰ 'ਮੀਣਾ' ਕਿਹਾ ਜਾਣ ਲੱਗ ਪਿਆ।

ਪ੍ਰਿਥੀਏ ਕਿਆਂ ਦੀ ਪੈ ਗਈ ਜਗਤ ਵਿਚ ਕੁਸਾਖ।
ਮੀਣਾ ਨਾਉਂ ਉਨ੍ਹਾਂ ਦਾ ਲੋਕਾਂ ਛਡਿਆ ਰਾਖ ॥੮੩॥[3]

ਭਾਈ ਗੁਰਦਾਸ ਤੋਂ ਬਾਅਦ, ਘੱਟੋ-ਘੱਟ ਸਿੱਖ ਸਾਹਿੱਤ ਵਿਚ, 'ਮੀਣਾ' ਸ਼ਬਦ ਨਾਲ ਨੀਚਤਾ, ਅਧਮਤਾ, ਦੁਸ਼ਟਤਾ, ਨੀਅਤ ਦੀ ਮਲੀਨਤਾ ਤੇ ਕਪਟ ਦੇ ਭਾਵ ਪੱਕੀ ਤਰ੍ਹਾਂ ਜੁੜ ਗਏ। ਸਿੱਖ ਇਤਿਹਾਸਕਾਰ ਸੋਢੀ ਪਿਰਥੀ ਚੰਦ ਤੋਂ ਟੁਰੀ ਸੰਪ੍ਰਦਾਇ ਨੂੰ, ਆਮ ਤੌਰ ਉੱਤੇ, 'ਮੀਣਾ ਸੰਪ੍ਰਦਾਇ' ਕਰ ਕੇ ਹੀ ਪੇਸ਼ ਕਰਨ ਲੱਗ ਪਏ, ਹਾਲਾਂਕਿ, ਜਿਵੇਂ ਪਹਿਲਾਂ ਕਿਹਾ ਜਾ ਚੁੱਕਾ ਹੈ, ਇਹ ਲੋਕ ਆਪਣੇ ਆਪ ਨੂੰ 'ਭਗਤ' ਸਦਾਉਂਦੇ ਸਨ।[4]

---

2. ਵੇਖੋ : (1) ਗੰਡਾ ਸਿੰਘ ਤੇ ਤੇਜਾ ਸਿੰਘ, *A Short History of the Sikhs,* Vol. I, 1999, p. 25 : "The eldest son of Guru Ram Das, named Prithi Chand, being a mere schemer, earned the epithet of Mina from his father."
(2) ਮੈਕਸ ਆਰਥਰ ਮੈਕਾਲਿਫ਼ ਲਿਖਦਾ ਹੈ ਕਿ "Guru Ram Das ordered him (Prithi Chand) out of his sight, and said, Thou art a Mina; my Sikhs will not obey thee, and will never associate with thee." *The Sikh Religion,* Vol. II, p. 284.
3. *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਪਿਆਰਾ ਸਿੰਘ ਪਦਮ, (ਸੰਪਾ.), ਪੰ. 80.
4. ਵੇਖੋ, ਹਥਲੀ ਪੁਸਤਕ ਦਾ ਪੰ. 37.

SikhBookClub.com

ਪੁਰਾਤਨ ਤੇ ਵਰਤਮਾਨ ਰਹਿਤਨਾਮਿਆਂ ਵਿਚ ਸਿੱਖਾਂ ਨੂੰ ਜਿਨ੍ਹਾਂ ਪੰਜ ਮੇਲਾਂ ਨਾਲ ਮਿਲ-ਵਰਤਣ ਦੀ ਮਨਾਹੀ ਹੈ, ਉਨ੍ਹਾਂ ਵਿਚੋਂ ਪਹਿਲੇ ਨੰਬਰ ਤੇ 'ਮੀਣੇ' ਹਨ। ਰਹਿਤਨਾਮਾ ਚੌਪਾ ਸਿੰਘ ਵਿਚ, ਜੋ ਦਸਵੇਂ ਪਾਤਸ਼ਾਹ ਦੇ ਵੇਲੇ ਲਿਖਿਆ ਜਾਣਾ ਸ਼ੁਰੂ ਹੋਇਆ ਤੇ ਗ਼ਾਲਿਬਨ 1740 ਈ. ਤੋਂ ਬਾਅਦ ਮੁਕੰਮਲ ਹੋਇਆ, ਇਹ ਚੇਤਾਉਣੀ ਅੰਕਿਤ ਹੈ:

> ਜੋ ਗੁਰੂ ਕਾ ਸਿਖ ਹੋਵੈ ਪੰਜੀ ਮੇਲੀ ਨਾਤਾ ਨ ਕਰੈ। ਵਰਣ ਭੀ ਨਾ ਕਰੈ ॥੧॥ ਇਕ ਮੇਲ ਮੀਣੈ ॥੨॥ ਦੂਜਾ ਮੇਲ ਰਾਮ ਰਯੇ ॥੩॥ ਤੀਜਾ ਮੇਲ ਧੀਰ ਮਲੀਏ ॥੪॥ ਚੌਥਾ ਮੇਲ ਮਸੰਦ ॥੫॥ ਪੰਜਵਾਂ ਮੇਲ ਮਸੰਦੀਯੇ ॥ ਇਨ ਪਾਚੌ ਦੀ ਸੰਗਤੀਂ ਇਹ ਗੁਰੂ ਕੇ ਸਾਕ ਭੀ ਹੈਨ ॥ ਪਰ ਨਿੰਦਕ ਦੁਸਟ ਹੋਏ ਹੈਨ। ਜੈਸੇ ਬ੍ਰਿਛ ਵਿਚੋ ਫੁਲ ਫਲ ਪਤ੍ਰ ਡਾਲ ਨਿਕਲਦੇ ਹੈਨਿ ॥ ਅਤੇ ਕੰਡੇ ਭੀ ਵਿਚੋ ਹੀ ਨਿਕਲਦੇ ਹੈਨਿ। ਸੋ ਏਹੁ ਕੰਡੇ ਹੈਨਿ।੬।[5]

ਚੌਪਾ ਸਿੰਘ ਤੋਂ ਬਾਅਦ ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਵਿਚ ਮੀਣੇ, ਮਸੰਦੀਏ, ਮੋਨੇ ਅਤੇ ਕੁੜੀ-ਮਾਰ ਚਾਰ ਮੇਲੀਆਂ ਨਾਲ ਵਰਤਣ ਤੋਂ ਮਨ੍ਹਾ ਕੀਤਾ ਗਿਆ ਹੈ।[6] ਰਹਿਤਨਾਮਾ ਭਾਈ ਦਯਾ ਸਿੰਘ ਵਿਚ ਵੀ ਚਾਰ ਮੇਲ ਹਨ, ਪਰ 'ਮੀਣੇ' ਇਸ ਗਿਣਤੀ ਵਿਚ ਨਹੀਂ ਹਨ।[7]

ਅਜੋਕੀ ਪੰਥ ਪਰਵਾਣਿਤ *ਸਿੱਖ ਰਹਿਤ ਮਰਯਾਦਾ*[8] ਵਿਚ, ਜਿਸ ਉੱਤੇ 1931 ਵਿਚ ਕੰਮ ਸ਼ੁਰੂ ਹੋਇਆ ਤੇ 1945 ਵਿਚ ਪਰਵਾਨਗੀ ਮਿਲੀ, ਅੰਮ੍ਰਿਤਧਾਰੀ ਸਿੱਖਾਂ ਨੂੰ ਪੰਥ ਵਿਰੋਧੀ ਮੀਣਿਆਂ, ਮਸੰਦਾਂ, ਧੀਰਮਲੀਆਂ, ਰਾਮਰਾਈਆਂ ਨਾਲ ਜਾਂ ਨੜੀ-ਮਾਰਾਂ, ਕੁੜੀ-ਮਾਰਾਂ ਤੇ ਸਿਰਗੁੰਮਾਂ ਨਾਲ ਵਰਤਣ ਦੀ ਮਨਾਹੀ ਕੀਤੀ ਹੋਈ ਹੈ, ਪਰ ਸਿਰਫ਼ ਮੀਣਿਆਂ ਸੰਬੰਧੀ ਇਹ ਫ਼ੁਟਨੋਟ ਦਿੱਤਾ ਹੋਇਆ ਹੈ:

ਇਨ੍ਹਾਂ ਵਿੱਚੋਂ ਜਿਹੜੇ ਅੰਮ੍ਰਿਤ ਛਕ ਕੇ ਪੰਥ ਵਿਚ ਮਿਲ ਜਾਣ, ਉਨ੍ਹਾਂ ਨਾਲ ਵਰਤਣਾ ਠੀਕ ਹੈ।

ਹੁਣ ਸਥਿਤੀ ਇਹ ਹੈ ਕਿ ਤੁਹਾਨੂੰ ਕੋਈ ਵੀ ਸਿੱਖ ਐਸਾ ਨਹੀਂ ਮਿਲੇਗਾ ਜਿਸ ਨੂੰ 'ਮੀਣਾ' ਕਿਹਾ ਜਾ ਸਕੇ। ਇਹ ਸਭ ਪੰਥ ਵਿਚ ਰਲ ਮਿਲ ਗਏ ਹਨ।

---

5. W.H. McLeod, ed. *The Chaupa Singh Rahitnama*, 1987, p. 58.
6. ਮੀਣਾ ਔਰ ਮਸੰਦੀਆ, ਮੋਨਾ ਕੁੜੀ ਜੋ ਮਾਰ
   ਹੋਇ ਸਿਖ ਵਰਤਨ ਕਰਹਿ ਅੰਤ ਕਰੇਗਾ ਖੁਆਰ।੬।
   ਕੁੜੀਮਾਰ ਮਸੰਦ ਜੋ, ਮੀਣੇ ਕਾ ਪ੍ਰਸਾਦਿ
   ਲਏ ਜੋ ਇਨ ਕੇ ਹਾਥ ਕਾ, ਜਨਮ ਗਵਾਵਹਿ ਬਾਦ।੨੦।
   (ਰਹਿਤਨਾਮੇ, ਪਿਆਰਾ ਸਿੰਘ ਪਦਮ, 1995, ਪੰ. 65-66)
7. "ਰਹਿਤ ਏਹੀ ਹੈ ਜੋ 1 ਮਸੰਦੀਏ 2 ਧੀਰਮੱਲੀਏ 3 ਰਾਮਰਾਈਏ 4 ਸਿਰ ਮੁੰਡਤ—ਇਨ੍ਹਾਂ ਨਾਲ ਵਰਤਣਾ ਨਹੀ।" *(ਉਹੀ, ਪੰ. 69)*
8. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ। ਸਾਡੇ ਸਾਹਮਣੇ ਇਸ ਪੁਸਤਕਾ ਦੀ 14ਵੀਂ (1979) ਐਡੀਸ਼ਨ ਹੈ।

SikhBookClub.com

ਜ਼ਮੀਮਾ ਨੰ. 2 : ਸਿੱਖ ਗੁਰੂ ਸਾਹਿਬਾਨ ਤੇ ਉਨ੍ਹਾਂ ਦਾ ਪਰਿਵਾਰ

ਨੋਟ: ਸਾਰੇ ਸੰਨ ਈਸਵੀ ਹਨ।

ਗੁਰੂ	ਜਨਮ	ਜਨਮ-ਸਥਾਨ	ਮਹਲ/ਮਾਤਾ	ਵਿਆਹ	ਔਲਾਦ	ਔਲਾਦ ਜਨਮ-ਦੇਹੰਤ	ਗੁਰਗੱਦੀ	ਜੋਤੀ ਜੋਤਿ	ਸਥਾਨ
1. ਗੁਰੂ ਨਾਨਕ ਦੇਵ	1469	ਨਨਕਾਣਾ ਸਾਹਿਬ	ਸੁਲੱਖਣੀ	1487	ਸ੍ਰੀ ਚੰਦ	1494-1629	1469	1539	ਕਰਤਾਰਪੁਰ
					ਲਖਮੀ ਦਾਸ	1497			
2. ਗੁਰੂ ਅੰਗਦ ਦੇਵ	1504	ਮੱਤੇ ਦੀ ਸਰਾਇ	ਖੀਵੀ	1520	ਦਾਸੂ	1524	1539	1552	ਖਡੂਰ ਸਾਹਿਬ
					ਅਮਰੋ	1526			
					ਅਣੋਖੀ	1535			
					ਦਾਤੂ	1537			
3. ਗੁਰੂ ਅਮਰ ਦਾਸ	1479	ਬਾਸਰਕੇ	ਮਨਸਾ ਦੇਵੀ/ਰਾਮੋ	1503	ਦਾਨੀ	?	1552	1574	ਗੋਇੰਦਵਾਲ
					ਭਾਨੀ	1535			
					ਮੋਹਨ	1536			
					ਮੋਹਰੀ	1539			
4. ਗੁਰੂ ਰਾਮ ਦਾਸ	1534	ਲਾਹੌਰ	ਭਾਨੀ	1554	ਪਿਰਥੀ ਚੰਦ	1558-1619	1574	1581	ਗੋਇੰਦਵਾਲ
					ਮਹਾਂਦੇਵ	1560			
					ਅਰਜਨ ਦੇਵ	1563			
5. ਗੁਰੂ ਅਰਜਨ ਦੇਵ	1563	ਗੋਇੰਦਵਾਲ	ਗੰਗਾ*	?	ਹਰਿਗੋਬਿੰਦ	1595	1581	1606	ਲਾਹੌਰ
6. ਗੁਰੂ ਹਰਿਗੋਬਿੰਦ	1595	ਵਡਾਲੀ	ਦਾਮੋਦਰੀ	1605	ਗੁਰਦਿੱਤਾ	1613-1638	1606	1644	ਕੀਰਤਪੁਰ
					ਵੀਰੋ	1615			
					ਅਣੀ ਰਾਇ	1618			

SikhBookClub.com

ਗੁਰੂ	ਜਨਮ	ਜਨਮ-ਸਥਾਨ	ਮਹਲ/ਮਾਤਾ	ਵਿਆਹ	ਔਲਾਦ	ਔਲਾਦ ਜਨਮ-ਦੇਹੰਤ	ਗੁਰਗੱਦੀ	ਜੋਤੀ ਜੋਤਿ	ਸਥਾਨ
			ਨਾਨਕੀ	1613	ਤੇਗ ਬਹਾਦਰ	1621			
			ਮਹਾਦੇਵੀ	1615	ਸੂਰਜ ਮੱਲ	1617-1645			
					ਅਟਲ ਰਾਇ	1619-1628			
ਬਾਬਾ ਗੁਰਦਿੱਤਾ	1613	ਡਰੌਲੀ ਭਾਈ	ਅਨੰਤੀ	1621	ਧੀਰ ਮੱਲ	1627-1677		1638	ਕੀਰਤਪੁਰ
					ਹਰਿ ਰਾਏ	1630			
7. ਗੁਰੂ ਹਰਿ ਰਾਇ	1630	ਕੀਰਤਪੁਰ	ਸੁਲੱਖਣੀ	1640	ਰਾਮ ਰਾਇ	1646-1687	1644	1661	ਕੀਰਤਪੁਰ
					ਹਰਿ ਕ੍ਰਿਸ਼ਨ	1656			
8. ਗੁਰੂ ਹਰਿਕ੍ਰਿਸ਼ਨ	1656	ਕੀਰਤਪੁਰ	—	—	—	—	1661	1664	ਦਿੱਲੀ
9. ਗੁਰੂ ਤੇਗ ਬਹਾਦਰ	1621	ਅੰਮ੍ਰਿਤਸਰ	ਗੂਜਰੀ	1632	ਗੋਬਿੰਦ ਰਾਇ	1666	1664	1675	ਦਿੱਲੀ
10. ਗੁਰੂ ਗੋਬਿੰਦ ਸਿੰਘ	1666	ਪਟਨਾ	ਸੁੰਦਰੀ	1684	ਅਜੀਤ ਸਿੰਘ	1687-1705	1675	1708	ਨੰਦੇੜ
			ਜੀਤੋ ਜੀ	1677	ਜੁਝਾਰ ਸਿੰਘ	1691-1705			
					ਜ਼ੋਰਾਵਰ ਸਿੰਘ	1696-1705			
					ਫ਼ਤਹਿ ਸਿੰਘ	1699-1705			
			ਸਾਹਿਬ ਦੇਵਾਂ	1700	—	—			

* *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* (ਰ-ਕਾ. 1769) ਕ੍ਰਿਤ ਕੇਸਰ ਸਿੰਘ ਛਿੱਬਰ ਤੇ *ਤਵਾਰੀਖ਼ ਗੁਰੂ ਖਾਲਸਾ* (ਰ-ਕਾ. 1900) ਕ੍ਰਿਤ ਗਿਆਨੀ ਗਿਆਨ ਸਿੰਘ ਤੇ ਕੁੱਝ ਗੁਰ-ਪ੍ਰਣਾਲੀਆਂ ਵਿਚ ਗੁਰੂ ਅਰਜਨ ਦੇਵ ਜੀ ਦੇ ਦੋ ਵਿਆਹ ਲਿਖੇ ਹਨ। ਪਹਿਲਾ ਮਾਤਾ ਰਾਮਦੇਈ ਨਾਲ 1565 ਈ. ਵਿਚ ਤੇ ਦੂਜਾ ਮਾਤਾ ਗੰਗਾ ਨਾਲ 1589 ਈ. ਵਿਚ। ਸਿੱਖ ਰਵਾਇਤ ਅਨੁਸਾਰ ਉਨ੍ਹਾਂ ਦਾ ਇੱਕੋ ਵਿਆਹ ਮਾਤਾ ਗੰਗਾ ਨਾਲ ਹੋਇਆ। ਇਸ ਦੀ ਤਾਰੀਖ਼ ਦਾ ਪੱਕਾ ਪਤਾ ਨਹੀਂ।

ਨੋਟ : ਸਿੱਖ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਪਰਿਵਾਰ ਸੰਬੰਧੀ ਤਾਰੀਖ਼ਾਂ, ਆਦਿ ਬਾਰੇ ਵਿਦਵਾਨਾਂ ਵਿਚ ਮੱਤਭੇਦ ਹੈ। ਅਸਾਂ ਇਹ ਤਾਰੀਖ਼ਾਂ ਬਹੁਤ ਕਰ ਕੇ *The Encyclopaedia of Sikhism* ਤੋਂ ਲਈਆਂ ਹਨ ਤੇ ਵਿਵਾਦ ਵਿਚ ਪੈਣ ਤੋਂ ਗੁਰੇਜ਼ ਕੀਤਾ ਹੈ।

SikhBookClub.com

ਜ਼ਮੀਮਾ ਨੰ. 3 : ਗੁਰੂ-ਘਰ ਦੇ ਨਿੰਦਕ

ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਸਿਵਾਏ 'ਸੁਲਹੀ' ਤੇ ਇਕ 'ਦੁਸ਼ਟ ਬ੍ਰਾਹਮਣ' ਦੇ ਆਪਣੇ ਕਿਸੇ ਹੋਰ ਵਿਰੋਧੀ ਸ਼ਖ਼ਸ ਜਾਂ ਧੜੇ ਦਾ ਨਾਂ ਨਹੀਂ ਲਿਆ, ਨਾ ਪਿਰਥੀ ਚੰਦ ਦਾ, ਨਾ ਸੁਲਭੀ ਖ਼ਾਨ ਦਾ, ਨਾ ਚੰਦੂ ਸ਼ਾਹ ਦਾ। ਉਨ੍ਹਾਂ ਨੇ ਆਪਣੀ ਸਾਰੀ ਬਾਣੀ ਵਿਚ ਆਪਣੇ ਵਿਰੋਧੀਆਂ ਨੂੰ 'ਨਿੰਦਕ' ਜਾਂ ਇਸ ਦੇ ਕਈ ਹੋਰ ਸਮਾਨਾਰਥ ਲਫ਼ਜ਼ਾਂ, ਜਿਵੇਂ 'ਪਾਪੀ', 'ਦੁਸ਼ਟ', 'ਦੋਖੀ', 'ਵੈਰੀ', 'ਦੁਸ਼ਮਣ', ਆਦਿ ਨਾਲ ਸੰਬੋਧਿਤ ਕੀਤਾ ਹੈ। ਇਹ ਸਾਡੇ ਇਤਿਹਾਸਕਾਰ ਜਾਂ ਖੋਜਕਾਰ ਹਨ ਜਿਨ੍ਹਾਂ ਨੇ ਇਨ੍ਹਾਂ ਨਿੰਦਕਾਂ, ਆਦਿ ਦੀ ਨਿਸ਼ਾਨਦੇਹੀ ਕਰਦਿਆਂ ਦੋਸ਼ ਦੀ ਉਂਗਲ ਕਿਸੇ ਨਾ ਕਿਸੇ ਵਿਅਕਤੀ ਜਾਂ ਧੜੇ ਉੱਤੇ ਟਿਕਾਈ ਹੈ।

ਗੁਰੂ ਘਰ ਦਾ ਵਿਰੋਧ ਇਕ ਤਰ੍ਹਾਂ ਨਾਲ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਸ਼ੁਰੂ ਹੋ ਗਿਆ ਸੀ। ਇਹ ਸੁਭਾਵਿਕ ਹੈ ਕਿ ਜਦੋਂ ਕੋਈ ਨਵਾਂ ਪੰਥ ਹੋਂਦ ਵਿਚ ਆਉਣ ਲੱਗਦਾ ਹੈ, ਓਦੋਂ ਚਿਰਾਂ ਤੋਂ ਸਥਾਪਿਤ ਮੱਤਾਂ ਦੇ ਠੇਕੇਦਾਰ ਇਸ ਦੀ ਪੁਰਜ਼ੋਰ ਮੁਖ਼ਾਲਫ਼ਤ ਕਰਦੇ ਹਨ। ਜਦੋਂ ਗੁਰੂ ਨਾਨਕ ਦੇਵ ਜੀ ਦੇ ਚਲਾਏ ਪੰਥ ਦੀਆਂ ਜੜ੍ਹਾਂ ਪੱਕੀਆਂ ਹੋਣ ਲੱਗੀਆਂ ਤੇ ਇਹ ਇਕ ਨਵੇਂ ਤੇ ਨਵੇਕਲੇ ਧਰਮ ਦਾ ਰੂਪ ਧਾਰਨ ਕਰਨ ਲੱਗ ਪਿਆ ਤਾਂ ਹੌਲੀ ਹੌਲੀ ਇਸ ਦੀ ਮੁਖ਼ਾਲਫ਼ਤ ਦਾ ਦਾਇਰਾ ਚੌੜੇਰਾ ਹੁੰਦਾ ਗਿਆ ਤੇ ਉਸ ਦੀ ਸ਼ਿੱਦਤ ਵੀ ਵਧਦੀ ਗਈ। ਉਹ ਸਭ ਲੋਕ, ਜਿਨ੍ਹਾਂ ਦੇ ਦਕਿਆਨੂਸੀ ਅਕੀਦਿਆਂ ਨੂੰ ਗੁਰੂ ਸਾਹਿਬਾਨ ਦੀ ਬਾਣੀ ਨੇ ਚੇਤਾਉਣੀ ਦਿੱਤੀ, ਗੁਰੂ-ਘਰ ਦੇ ਵੈਰੀ ਬਣ ਗਏ। ਇਸ ਦੇ ਨਾਲ ਹੀ ਜਦੋਂ ਗੁਰੂ ਸਾਹਿਬਾਨ ਨੇ ਆਪਣੇ ਜੇਠੇ ਪੁੱਤਰਾਂ ਦੀ ਥਾਂ ਕਿਸੇ ਹੋਰ ਨੂੰ ਆਪਣਾ ਜਾਨਸ਼ੀਨ ਨਾਮਜ਼ਦ ਕੀਤਾ ਤਾਂ ਘਰੋਗੀ ਫ਼ਸਾਦ ਵੀ ਖੜੇ ਹੋ ਗਏ। ਇਨ੍ਹਾਂ ਮੁਸ਼ਕਲਾਂ ਦੇ ਬਾਵਜੂਦ, ਨਾਨਕ ਪੰਥ ਲਗਾਤਾਰ ਤਰੱਕੀ ਕਰਦਾ ਗਿਆ। ਗੁਰੂ ਅਰਜਨ ਦੇਵ ਜੀ ਦੇ ਵੇਲੇ ਤਾਂ ਇਹ ਐਨਾ ਵੱਧ-ਫੁੱਲ ਗਿਆ, ਕਿ ਮੁਗ਼ਲ ਸਰਕਾਰ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ। ਆਖ਼ਰ ਜਹਾਂਗੀਰ ਨੇ ਇਸ ਨੂੰ 'ਝੂਠ ਦੀ ਦੁਕਾਨ' (ਦੁਕਾਨੇ ਬਾਤਿਲ) ਕਰਾਰ ਦੇ ਕੇ ਗੁਰੂ ਅਰਜਨ ਦੇਵ ਜੀ ਉੱਤੇ ਸ਼ਾਹਜ਼ਾਦਾ ਖ਼ੁਸਰੋ ਦੀ ਮਦਦ ਦਾ ਇਲਜ਼ਾਮ ਲਾ ਕੇ ਇਸ ਪੰਥ ਨੂੰ ਕੁਚਲਨ ਦੀ ਨਾਕਾਮ ਕੋਸ਼ਿਸ਼ ਕੀਤੀ।

ਗੁਰੂ ਨਾਨਕ ਤੋਂ ਲੈ ਕੇ ਗੁਰੂ ਅਰਜਨ ਦੇਵ ਤਕ, ਜਿਨ੍ਹਾਂ ਲੋਕਾਂ ਨੇ ਸਿੱਖ ਪੰਥ ਜਾਂ ਗੁਰੂ-ਘਰ ਦਾ ਵਿਰੋਧ ਕੀਤਾ, ਉਨ੍ਹਾਂ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :

(1) ਹਿੰਦੂ ਤੇ ਮੁਸਲਮਾਨ ਮੁਤਅੱਸਬੀ ਆਗੂ : ਇਸ ਸ਼੍ਰੇਣੀ ਵਿਚ ਤਪੇ, ਸਨਾਤਨੀਏ, ਬ੍ਰਾਹਮਣ, ਨਾਥ ਜੋਗੀ, ਸਿੱਧ, ਪੀਰ, ਮੁੱਲਾਂ, ਨਕਸ਼ਬੰਦੀਏ, ਆਦਿ ਸ਼ਾਮਿਲ ਕੀਤੇ ਜਾ ਸਕਦੇ ਹਨ।

(2) ਭੇਖੀ ਸਿੱਖ : ਜਿਵੇਂ ਉਦਾਸੀ ਸਾਧੂ।

(3) ਗੁਰ-ਗੱਦੀ ਦੇ ਘਰੋਗੀ ਦਾਵੇਦਾਰ : ਗੁਰੂ ਸਾਹਿਬਾਨ ਦੇ ਸੁਪੁੱਤਰ, ਜੋ

SikhBookClub.com

ਕਾਨੂੰਨਨ ਪਿਤਾ ਦੀ ਜਾਇਦਾਦ ਦੇ ਵਾਰਿਸ ਸਨ ਪਰ ਗੁਰ-ਗੱਦੀ ਨੂੰ ਵੀ ਆਪਣਾ ਜੱਦੀ ਹੱਕ ਸਮਝਦੇ ਸਨ।

(4) ਮੁਗ਼ਲ ਸਰਕਾਰ: ਬਾਦਸ਼ਾਹ ਤੇ ਇਲਾਕਾਈ ਹਾਕਮ। ਇਨ੍ਹਾਂ ਦੀ ਮੁਖ਼ਾਲਫ਼ਤ ਬਹੁਤੀ ਵਾਰ ਧਾਰਮਿਕ ਤੇ ਰਾਜਸੀ ਕਾਰਨਾਂ ਕਰ ਕੇ ਹੁੰਦੀ ਸੀ।

ਸਿੱਖ ਇਤਿਹਾਸ ਜਾਂ ਹੋਰਨਾਂ ਦੀਆਂ ਲਿਖਤਾਂ ਵਿਚ ਉਪਰੋਕਤ ਵਿਰੋਧੀ ਧਿਰਾਂ ਦੀ ਕੁੱਝ ਇਸ ਤਰ੍ਹਾਂ ਦੀ ਪਛਾਣ ਸਾਹਮਣੇ ਆਉਂਦੀ ਹੈ:

ਗੁਰੂ ਸਾਹਿਬ	*ਵਿਰੋਧੀ*
ਗੁਰੂ ਨਾਨਕ ਦੇਵ ਜੀ	ਨਾਥ, ਜੋਗੀ
ਗੁਰੂ ਅੰਗਦ ਦੇਵ ਜੀ	ਗੁਰੂ ਨਾਨਕ ਦੇਵ ਜੀ ਦੇ ਸੁਪੁੱਤਰ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ, ਜੋਗੀ, ਸਨਾਤਨੀਏ, ਉਦਾਸੀ।
ਗੁਰੂ ਅਮਰ ਦਾਸ ਜੀ	ਗੁਰੂ ਅੰਗਦ ਦੇਵ ਜੀ ਦੇ ਸੁਪੁੱਤਰ ਦਾਤੂ ਤੇ ਦਾਸੂ, ਉਦਾਸੀ, ਤਪੇ, ਸਥਾਨਕ ਖੱਤਰੀ।
ਗੁਰੂ ਰਾਮ ਦਾਸ ਜੀ	ਗੁਰੂ ਅਮਰ ਦਾਸ ਜੀ ਦਾ ਸੁਪੁੱਤਰ ਬਾਬਾ ਮੋਹਨ, ਪਿਰਥੀ ਚੰਦ।
ਗੁਰੂ ਅਰਜਨ ਦੇਵ ਜੀ	ਪਿਰਥੀ ਚੰਦ, ਸੁਲਹੀ ਖ਼ਾਨ, ਸੁਲਭੀ ਖਾਨ, ਚੰਦੂ, ਕਾਨ੍ਹਾ, ਮਿਹਰਵਾਨ, ਜਹਾਂਗੀਰ, ਬੀਰਬਲ, ਮੁਰਤਜ਼ਾ ਖ਼ਾਨ, ਸ਼ੇਖ਼ ਅਹਿਮਦ ਸਰਹੰਦੀ, ਕੱਟੜ ਪੰਡਤ ਤੇ ਮੁੱਲਾਂ।
ਗੁਰੂ ਹਰਿਗੋਬਿੰਦ ਜੀ	ਮਿਹਰਵਾਨ, ਚੰਦੂ, ਚੰਦੂ ਦਾ ਬੇਟਾ ਕਰਮ ਚੰਦ, ਸੁਲਹੀ ਦਾ ਬੇਟਾ ਜਮਾਲ ਖ਼ਾਨ, ਮੁਗ਼ਲ ਸਰਕਾਰ।.
ਗੁਰੂ ਹਰਰਾਇ ਜੀ	ਹਰਿ ਜੀ, ਧੀਰ ਮੱਲ, ਨਿਰੰਜਨੀਏ, ਮੁਗ਼ਲ ਸਰਕਾਰ।
ਗੁਰੂ ਹਰਿਕ੍ਰਿਸ਼ਨ ਜੀ	ਰਾਮ ਰਾਏ, ਧੀਰ ਮੱਲ, ਮੁਗ਼ਲ ਸਰਕਾਰ।
ਗੁਰੂ ਤੇਗ਼ ਬਹਾਦਰ ਜੀ	ਧੀਰ ਮੱਲ, ਹਰਿ ਜੀ, ਮੁਗ਼ਲ ਸਰਕਾਰ।
ਗੁਰੂ ਗੋਬਿੰਦ ਸਿੰਘ ਜੀ	ਪਹਾੜੀ ਰਾਜੇ, ਮੁਗ਼ਲ ਸਰਕਾਰ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਵਿਚ 'ਨਿੰਦਕ' ਜਾਂ ਇਸ ਦੇ ਸਮਾਨਾਰਥ ਲਫ਼ਜ਼ਾਂ ਦੀ ਗਿਣਤੀ ਕੀਤੀ ਜਾਏ ਤਾਂ ਸਾਰਨੀ ਨੰ. 9 ਵਿਚ ਦਿੱਤੇ ਅੰਕੜੇ ਸਾਹਮਣੇ ਆਉਂਦੇ ਹਨ। ਇਹ ਅੰਕੜੇ ਆਪਣੇ ਆਪ ਵਿਚ ਬੜੇ ਸਾਰਥਕ ਹਨ, ਪਰ ਜਦੋਂ ਅਸੀਂ ਉਨ੍ਹਾਂ ਤੁਕਾਂ ਜਾਂ ਸ਼ਬਦ-ਸਲੋਕਾਂ ਦੀ ਪਰਸਪਰ ਤੁਲਨਾ ਕਰਦੇ ਹਾਂ ਜਿਨ੍ਹਾਂ ਵਿਚ ਇਨ੍ਹਾਂ ਲਫ਼ਜ਼ਾਂ ਦੀ ਵਰਤੋਂ ਹੋਈ ਹੈ, ਤਾਂ ਸਪਸ਼ਟ ਦਿਸਦਾ ਹੈ ਕਿ ਇਹ ਸ਼ਬਦ ਦੋ ਅਰਥਾਂ ਵਿਚ ਵਰਤੇ ਗਏ ਹਨ—ਇਕ ਨਿਸਚਿਤ ਤੇ ਦੂਜੇ ਅਨਿਸਚਿਤ। ਨਿਸਚਿਤ ਰੂਪ ਵਿਚ ਇਹ ਲਫ਼ਜ਼ ਵਿਅਕਤੀਗਤ ਜਾਂ ਜਾਤੀਗਤ ਹਨ, ਭਾਵ ਉਸ ਪੁਰਸ਼ ਜਾਂ ਧਿਰ ਦੇ ਸੂਚਕ ਹਨ ਜੋ ਕਿਸੇ ਗੁਰੂ-ਵਿਅਕਤੀ ਜਾਂ ਗੁਰੂ-ਘਰ ਦਾ ਵਿਰੋਧੀ ਹੈ, ਪਰ

SikhBookClub.com

ਅਨਿਸਚਿਤ ਰੂਪ ਵਿਚ ਇਹੋ ਸ਼ਬਦ ਇਕ ਆਮ ਅਧਰਮੀ ਪੁਰਸ਼ ਦੇ ਲਖਾਇਕ ਹਨ, ਜਿਸ ਦਾ ਵਿਹਾਰ ਹੀ ਨਿੰਦਿਆ ਚੁਗਲੀ ਕਰਨਾ ਹੁੰਦਾ ਹੈ।

ਸਾਰਨੀ ਨੰ. 9

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿੰਦਕ ਤੇ ਇਸ ਦੇ ਸਮਾਨਾਰਥ ਸ਼ਬਦਾਂ ਦੀ ਗਿਣਤੀ

ਸ਼ਬਦ	ਮ: ੧	ਮ: ੨	ਮ: ੩	ਮ: ੪	ਮ: ੫	ਮ: ੯	ਭਗਤ ਆਦਿ	ਜੋੜ
ਨਿੰਦਕ	7	—	5	21	71	—	9	113
ਪਾਪੀ	11	1	5	23	19	2	8	69
ਦੁਸ਼ਟ	6	—	10.	12	25	—	1	54
ਦੋਖੀ	—	—	—	—	34	—	—	34
ਦੁਸਮਨ/ਦੁਸਮਣ	4	—	2	3	17	—	—	26
ਭੇਖੀ/ਭੇਖਧਾਰੀ	4	—	17	—	2	—	2	25
ਬੇਮੁਖ/ਵੇਮੁਖ	—	—	2	10	8	—	1	21
ਵੈਰੀ	2	—	—	1	6	—	—	9
ਮਨਮੁਖ	113	2	297	90	30	—	2	534

ਨੋਟ: 1. ਉਪਰਲੇ ਸ਼ਬਦਾਂ ਦੀ ਗਿਣਤੀ, ਗੁਰਬਾਣੀ ਰੀਸਰਚ ਸੀ.ਡੀ ਰੋਮ, ਇੰਟਰਨੈਸ਼ਨਲ ਇਨਸਟੀਚੂਟ ਆਫ਼ ਗੁਰਮਤ ਸਟਡੀਜ਼, ਕੈਲਿਫ਼ੋਰਨੀਆ, ਦੀ ਮਦਦ ਨਾਲ ਤਿਆਰ ਕੀਤੀ ਗਈ ਹੈ। ਕਿਸੇ ਲਫ਼ਜ਼ ਦੀ ਗਿਣਤੀ ਕਰਨ ਲਗਿਆਂ, ਓਸ ਦੇ ਸਾਰੇ ਵਿਆਕਰਣਿਕ (ਕਾਰਕ) ਰੂਪ ਗਿਣੇ ਗਏ ਹਨ। ਮਸਲਨ, 113 "ਨਿੰਦਕ", 71 ਨਿੰਦਕ, 7 ਨਿੰਦਕਾ, 1 ਨਿੰਦਕਾਂ, 3 ਨਿੰਦਕਿ ਤੇ 31 ਨਿੰਦਕੁ ਸ਼ਬਦਾਂ ਦਾ ਜੋੜ ਹਨ।

2. ਨਿੰਦਕ, ਵੈਰੀ, ਆਦਿ ਲਫ਼ਜ਼ਾਂ ਦੇ ਦੂਸਰੇ ਰੂਪ, ਜਿਵੇਂ "ਨਿੰਦਾ ਕਰਨ ਵਾਲਾ","ਜੋ ਨਿੰਦਾ ਕਰੇ" ਜਾਂ "ਵੈਰ ਕਮਾਉਣ ਵਾਲਾ" ਉੱਪਰਲੀ ਗਿਣਤੀ ਵਿਚ ਸ਼ਾਮਿਲ ਨਹੀਂ ਹਨ।

3. "ਮਨਮੁਖ" ਸ਼ਬਦ, ਜੋ ਬੜੀ ਗਿਣਤੀ ਵਿਚ ਹਨ, ਆਮ ਤੌਰ ਉੱਤੇ "ਗੁਰਮੁਖ" ਤੋਂ ਉਲਟੇ ਅਰਥਾਂ ਵਿਚ ਵਰਤੇ ਗਏ ਹਨ, ਗੁਰੂ ਜਾਂ ਗੁਰੂ-ਘਰ ਨਾਲ ਵੈਰ-ਵਿਰੋਧ ਦੇ ਅਰਥਾਂ ਵਿਚ ਨਹੀਂ।

ਏਥੇ ਸਾਡਾ ਵਾਸਤਾ ਗੁਰੂ-ਵਿਰੋਧੀ ਨਿੰਦਕਾਂ ਨਾਲ ਹੈ, ਅਖ਼ਲਾਕੀ ਨਿੰਦਕਾਂ ਨਾਲ ਨਹੀਂ। ਇਸ ਲਈ ਅੱਗੇ ਚੱਲ ਕੇ ਅਸੀਂ ਸਾਰੇ ਸ਼ਬਦਾਂ-ਸਲੋਕਾਂ ਵਿੱਚੋਂ ਸਿਰਫ਼ ਜ਼ਾਤੀ ਨਿੰਦਕਾਂ ਪਰਥਾਇ ਰਚੇ ਸ਼ਬਦਾਂ-ਸਲੋਕਾਂ ਨੂੰ ਨਿਖੇੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਅਸੀਂ ਕਾਂਡ ਨੰ. 1 ਵਿਚ ਗੁਰੂ ਅਰਜਨ ਦੇਵ ਜੀ ਦੇ ਕੁੱਝ ਐਸੇ ਚੋਣਵੇਂ ਸ਼ਬਦ-ਸਲੋਕ ਪੇਸ਼ ਕੀਤੇ ਸਨ, ਜਿਨ੍ਹਾਂ ਵਿਚ ਉਨ੍ਹਾਂ ਨੇ ਆਪਣੇ ਕਿਸੇ ਖ਼ਾਸ ਨਿੰਦਕ ਅਰਥਾਤ ਵਿਰੋਧੀ ਨੂੰ ਨਿਸ਼ਾਨਾ ਬਣਾ ਕੇ ਪੁਣਿਆ ਹੈ ਤੇ ਉਸ ਦੇ ਮਗਰੋਂ ਲੱਥ ਜਾਣ ਲਈ ਪ੍ਰਭੂ ਦਾ ਸ਼ੁਕਰਾਨਾ ਕੀਤਾ ਹੈ। ਹੁਣ ਅਸੀਂ ਪਹਿਲੇ ਚਾਰ ਗੁਰੂ ਸਾਹਿਬਾਨ ਦੇ ਅਤੇ ਗੁਰੂ ਅਰਜਨ ਦੇਵ ਜੀ ਦੇ ਕੁੱਝ ਹੋਰ ਚੋਣਵੇਂ ਸ਼ਬਦ-ਸਲੋਕ ਦੇ ਰਹੇ ਹਾਂ। ਇਨ੍ਹਾਂ ਵਿਚ ਉਹ ਸ਼ਬਦ-ਸਲੋਕ ਵੀ ਸ਼ਾਮਿਲ ਹਨ, ਜਿਨ੍ਹਾਂ ਵਿਚ ਨਿੰਦਕ ਜਾਂ ਇਸ ਦੇ

SikhBookClub.com

ਸਮਾਨਾਰਥ ਲਫ਼ਜ਼ ਤਾਂ ਮੌਜੂਦ ਨਹੀਂ ਹਨ, ਪਰ ਗੁਰੂ-ਘਰ ਨਾਲ ਵੈਰ-ਵਿਰੋਧ ਜ਼ਰੂਰ ਪਰਗਟ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ (1469-1539 ਈ.)

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸ਼ਾਇਦ ਹੀ ਕੋਈ ਐਸਾ ਸ਼ਬਦ-ਸਲੋਕ ਮਿਲਦਾ ਹੈ, ਜਿਸ ਵਿਚ ਉਨ੍ਹਾਂ ਦੀ ਜ਼ਾਤ ਨਾਲ ਜਾਂ ਨਾਨਕ ਪੰਥ ਨਾਲ ਕਿਸੇ ਵੈਰ-ਵਿਰੋਧ ਵੱਲ ਇਸ਼ਾਰਾ ਕੀਤਾ ਗਿਆ ਹੋਵੇ।

ਉਨ੍ਹਾਂ ਦੀ ਉਚਾਰੀ ਬਾਬਰਵਾਣੀ ਤੋਂ ਇੰਜ ਲੱਗਦਾ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਆਪ ਬਾਬਰ ਦੇ ਸੈਦਪੁਰ (ਸੱਯਦਪੁਰ, ਹੁਣ ਐਮਨਾਬਾਦ, ਪਾਕਿਸਤਾਨ) ਉੱਤੇ ਕੀਤੇ ਹਮਲੇ ਦੇ ਚਸ਼ਮ-ਦੀਦ ਗਵਾਹ ਹੋਣ। ਸਿੱਖ ਜਨਮਸਾਖੀ ਪਰੰਪਰਾ ਅਨੁਸਾਰ ਗੁਰੂ ਜੀ ਭਾਈ ਮਰਦਾਨੇ ਸਮੇਤ ਬੰਦੀ ਬਣਾਏ ਗਏ, ਬਾਬਰ ਉਨ੍ਹਾਂ ਨੂੰ ਮਿਲਿਆ, ਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿੱਤਾ ਤੇ ਸਭ ਕੈਦੀ ਰਿਹਾ ਕਰਵਾਏ। ਪਰ ਇਹ ਘਟਨਾਵਾਂ ਗੁਰੂ-ਘਰ ਨਾਲ ਕਿਸੇ ਬੁਨਿਆਦੀ ਵਿਰੋਧ ਨੂੰ ਪ੍ਰਗਟ ਨਹੀਂ ਕਰਦੀਆਂ।

ਗੁਰੂ ਨਾਨਕ ਦੇਵ ਜੀ ਦੇ ਜ਼ਮਾਨੇ ਵਿਚ ਨਾਥ-ਜੋਗੀਆਂ/ਸਿੱਧਾਂ ਦਾ ਬੋਲ-ਬਾਲਾ ਸੀ। ਇਹ ਲੋਕ ਯੋਗ ਤੇ ਸੰਨਿਆਸ ਦੇ ਅਭਿਲਾਖੀ ਸਨ। ਗੁਰੂ ਨਾਨਕ ਦਾ ਮੁਕਤੀ ਮਾਰਗ—ਗ੍ਰਿਹਸਥ ਵਿਚ ਰਹਿ ਕੇ ਨਿਰਗੁਣ ਪ੍ਰਭੂ ਦਾ ਨਾਮ-ਸਿਮਰਨ ਕਰਨਾ, ਸੰਨਿਆਸੀਆਂ ਦੇ ਸਿੱਧਾਂਤਾਂ ਦੇ ਉਲਟ ਸੀ। ਆਪਣੀ ਮਾਨਤਾ ਤੇ ਸੇਵਕੀ ਨੂੰ ਬਰਕਰਾਰ ਰੱਖਣ ਲਈ, ਜਿੱਥੋਂ ਤਕ ਹੋ ਸਕਿਆ, ਉਨ੍ਹਾਂ ਨੇ ਨਾਨਕ ਪੰਥ ਦੀ ਮੁਖ਼ਾਲਫ਼ਤ ਕੀਤੀ, ਜ਼ਾਤੀ ਤੌਰ ਉੱਤੇ ਈਰਖਾ, ਨਿੰਦਾ-ਚੁਗ਼ਲੀ ਰਾਹੀਂ, ਪ੍ਰਚਾਰ ਰਾਹੀਂ ਜਾਂ ਲਿਖਤਾਂ ਰਾਹੀਂ (ਜਿਵੇਂ ਪ੍ਰਾਣ ਸੰਗਲੀ)। ਇਹੋ ਵਤੀਰਾ ਬਿਪਰਾਂ ਤੇ ਸਾਕਤਾਂ, ਆਦਿ ਦਾ ਵੀ ਰਿਹਾ, ਜਿਨ੍ਹਾਂ ਦੇ ਫੋਕੇ ਸੰਸਕਾਰਾਂ ਦਾ ਪਰਦਾ ਗੁਰੂ ਸਾਹਿਬ ਵੱਲੋਂ ਫ਼ਾਸ਼ ਕੀਤਾ ਗਿਆ ਸੀ। ਨਾਨਕ-ਬਾਣੀ ਵਿਚ ਇਨ੍ਹਾਂ ਸਾਰਿਆਂ ਦੇ ਪੋਲ ਤਾਂ ਖੁੱਲ੍ਹੇ ਹਨ, ਪਰ ਇਨ੍ਹਾਂ ਵੱਲੋਂ ਗੁਰੂ-ਘਰ ਦੇ ਖ਼ਿਲਾਫ਼ ਕਿਸੇ ਅੰਦੋਲਨ ਦੀ ਸੂਚਨਾ ਨਹੀਂ ਮਿਲਦੀ।

ਗੁਰੂ ਅੰਗਦ ਦੇਵ ਜੀ (1539-1552 ਈ.)

ਗੁਰੂ ਅੰਗਦ ਦੇਵ ਜੀ ਦਾ ਵਿਰੋਧ ਸਭ ਤੋਂ ਪਹਿਲਾਂ ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਦਾਸ ਵੱਲੋਂ ਹੋਇਆ, ਜਿਸ ਕਾਰਨ ਉਨ੍ਹਾਂ ਨੂੰ ਕਰਤਾਰਪੁਰ ਛੱਡ ਕੇ ਖਡੂਰ ਸਾਹਿਬ ਜਾਣਾ ਪਿਆ। ਉਨ੍ਹਾਂ ਦੀ ਬਾਣੀ ਵਿਚ, ਜੋ 9 ਵਾਰਾਂ ਵਿਚ ਆਏ ਕੇਵਲ 63 ਸਲੋਕਾਂ ਤਕ ਸੀਮਿਤ ਹੈ, ਕਿਸੇ ਨਿੰਦਕ, ਵੈਰੀ ਜਾਂ ਦੁਸ਼ਮਨ ਆਦਿ ਦਾ ਜ਼ਿਕਰ ਨਹੀਂ ਹੈ। ਪਰ ਇਕ ਦੋ ਸਲੋਕ ਐਸੇ ਹਨ, ਜਿਨ੍ਹਾਂ ਵਿਚ ਅਲੰਕਾਰਕ ਇਸ਼ਾਰਾ ਬਾਬਾ ਸ੍ਰੀ ਚੰਦ ਵੱਲ ਕੀਤਾ ਲੱਗਦਾ ਹੈ। ਇਕ ਸਲੋਕ ਵਿਚ ਖਸਮ ਦੀ ਹੁਕਮ-ਅਦੂਲੀ (ਗੁਰੂ ਨਾਨਕ ਦੇਵ ਜੀ ਵੱਲੋਂ ਲਹਿਣਾ ਜੀ ਦੀ ਚੋਣ ਦੀ ਮੁਖ਼ਾਲਫ਼ਤ) ਕਰਨ ਵਾਲੇ ਨੂੰ ਅਸਲੀ ਅੰਨ੍ਹਾ ਕਿਹਾ ਗਿਆ ਹੈ, ਤੇ ਇਕ ਹੋਰ ਵਿਚ ਉਸ ਦਾਤ (ਭਾਵ ਗੁਰ-ਗੱਦੀ) ਵੱਲ

SikhBookClub.com

ਇਸ਼ਾਰਾ ਹੈ ਜੋ ਸਾਹਿਬ ਕੋਲੋਂ ਖ਼ੁਸ਼ੀ ਨਾਲ ਨਾ ਮਿਲੀ ਹੋਵੇ ਤੇ ਆਪ ਹੀ (ਸ੍ਰੀ ਚੰਦ ਨੇ) ਆਪਣੀ ਝੋਲੀ ਵਿਚ ਪਾ ਲਈ ਹੋਵੇ। ਇਹ ਸਲੋਕ ਹਨ :

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥
ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥੧॥...
ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ॥
ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ॥੩॥

(ਰਾਮਕਲੀ ਕੀ ਵਾਰ ਮਹਲਾ ੩, ਪਉੜੀ ੧੬ ਦੇ ਸਲੋਕ, ਪੰ. 954)

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ॥
ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥੧॥

(ਵਾਰ ਆਸਾ ਮਹਲਾ ੧, ਪਉੜੀ ੨੩, ਪੰ. 474)

ਗੁਰੂ ਨਾਨਕ ਦੇਵ ਜੀ ਦੇ ਚਲਾਣੇ ਤੋਂ ਬਾਅਦ, ਬਾਬਾ ਸ੍ਰੀ ਚੰਦ ਨੇ ਉਦਾਸੀ ਨਾਂ ਦੀ ਇਕ ਨਵੀਂ ਧਾਰਮਿਕ ਲਹਿਰ ਨੂੰ ਜਨਮ ਦਿੱਤਾ। ਇਸ ਦੇ ਹੋਰ ਸਾਰੇ ਸਿੱਧਾਂਤ ਤਾਂ ਨਾਨਕ ਪੰਥੀਆਂ ਵਾਲੇ ਹੀ ਸਨ, ਪਰ ਜ਼ੋਰ ਜਤ-ਸਤ ਤੇ ਗ੍ਰਿਹਸਥੀ ਜੀਵਨ ਦੀ ਬਜਾਏ ਤਿਆਗੀ ਜੀਵਨ ਉੱਤੇ ਸੀ। ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਬਾਬਾ ਸ੍ਰੀ ਚੰਦ ਦੇ ਇਸ ਨਵੇਂ ਮੱਤ ਬਾਰੇ ਕੋਈ ਚੇਤਾਉਣੀ ਨਹੀਂ ਮਿਲਦੀ। ਪਰ ਸਾਡੇ ਕੁੱਝ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਇਸਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਸੀ।[9]

ਗੁਰੂ ਅੰਗਦ ਦੇਵ ਜੀ ਦੇ ਸਮੇਂ ਸੂਰੀ ਪਠਾਣਾਂ ਦਾ ਰਾਜ ਸੀ, ਪਹਿਲਾਂ ਸ਼ੇਰ ਸ਼ਾਹ ਸੂਰੀ (1540-1545 ਈ.) ਦਾ ਤੇ ਫੇਰ ਉਸ ਦੇ ਪੁੱਤਰ ਸਲੀਮ ਜਾਂ ਇਸਲਾਮ ਸ਼ਾਹ ਸੂਰੀ (1645-1653 ਈ.) ਦਾ। ਸਾਡੇ ਇਤਿਹਾਸ ਵਿਚ ਲਿਖਿਆ ਹੈ ਕਿ ਭੱਜਾ ਜਾਂਦਾ ਹੁਮਾਯੂੰ ਗੁਰੂ ਅੰਗਦ ਦੇਵ ਜੀ ਤੋਂ ਆਸ਼ੀਰਵਾਦ ਲੈਣ ਲਈ ਖਡੂਰ ਸਾਹਿਬ ਵਿਖੇ ਰੁਕਿਆ, ਪਰ ਮੁਗ਼ਲ ਇਤਿਹਾਸ ਤੋਂ ਇਸ ਮੁਲਾਕਾਤ ਦੀ ਪੁਸ਼ਟੀ ਨਹੀਂ ਹੁੰਦੀ। ਸੂਰੀ ਹਕੂਮਤ ਦੇ ਦੌਰਾਨ ਗੁਰੂ ਅੰਗਦ ਜਾਂ ਕਿਸੇ ਹੋਰ ਗ਼ੈਰ-ਮੁਸਲਮਾਨ ਦੇ ਖ਼ਿਲਾਫ਼ ਕਿਸੇ ਕਿਸਮ ਦੀ ਸਰਕਾਰੀ ਕਾਰਵਾਈ ਜਾਂ ਦਖ਼ਲ-ਅੰਦਾਜ਼ੀ ਦੀ ਖ਼ਬਰ ਨਹੀਂ ਮਿਲਦੀ।

ਗੁਰੂ ਅਮਰ ਦਾਸ ਜੀ (1552-1574 ਈ.)

ਗੁਰੂ ਅਮਰ ਦਾਸ ਜੀ ਦੀ ਬਾਣੀ ਵਿਚ ਨਿੰਦਕਾਂ, ਆਦਿ ਪਰਥਾਇ ਸ਼ਬਦ-ਸਲੋਕ ਵਧੇਰੇ ਖੁੱਲ੍ਹ ਕੇ ਸਾਹਮਣੇ ਆਉਂਦੇ ਹਨ। ਇਕ ਪਾਸੇ ਗੁਰੂ ਅੰਗਦ ਦੇਵ ਜੀ ਦੇ ਬੇਟੇ ਦਾਤੂ ਤੇ ਦਾਸੂ ਹਨ, ਜੋ ਆਪਣੇ ਆਪ ਨੂੰ ਅਸਲੀ ਵਾਰਿਸ ਤੇ ਗੁਰੂ ਅਮਰ ਦਾਸ ਜੀ ਨੂੰ ਘਰ ਦਾ ਨੌਕਰ ਸਮਝਦੇ ਹਨ, ਦੂਜੇ ਪਾਸੇ ਸਥਾਨਕ ਚੌਧਰੀ, ਅਹਿਲਕਾਰ,

9. (ੳ) ਹਰੀ ਰਾਮ ਗੁਪਤਾ, *History of the Sikhs*, ਭਾਗ 1, ਪੰ. 115.
(ਅ) ਸੁਖਦਿਆਲ ਸਿੰਘ, *ਪੰਜਾਬ ਦਾ ਇਤਿਹਾਸ*, 2000, ਪੰ. 79.

SikhBookClub.com

ਤਪੇ, ਜੋਗੀ, ਸਾਕਤ, ਉਦਾਸੀ ਸਾਧੂ, ਆਦਿ ਹਨ ਜਿਨ੍ਹਾਂ ਨੂੰ ਨਾਨਕ ਪੰਥ ਦੀ ਦਿਨੋ-ਦਿਨ ਵਧ ਰਹੀ ਮਾਨਤਾ ਰਾਸ ਨਹੀਂ ਆਉਂਦੀ। ਇਹ ਲੋਕ ਗੁਰੂ-ਘਰ ਨਾਲ ਈਰਖਾ ਤੇ ਗੁਰੂ ਸਾਹਿਬ ਨਾਲ ਵੈਰ ਕਮਾਉਂਦੇ ਹਨ। ਤੀਜੇ ਮਹਲ ਦੀ ਬਾਣੀ ਵਿਚ ਇਨ੍ਹਾਂ ਬਾਰੇ ਕਈ ਸ਼ਬਦ-ਸਲੋਕ ਮੌਜੂਦ ਹਨ। ਇਨ੍ਹਾਂ ਤੋਂ ਇਲਾਵਾ ਗੁਰੂ ਰਾਮ ਦਾਸ ਜੀ ਦੇ ਵੀ ਕੁੱਝ ਸ਼ਬਦ-ਸਲੋਕ ਗੁਰੂ ਅਮਰ ਦਾਸ ਜੀ ਨਾਲ ਹੋਏ ਵਿਰੋਧ ਦੇ ਸੰਬੰਧ ਵਿਚ ਉਚਾਰੇ ਮਿਲਦੇ ਹਨ, ਜੋ ਅੱਗੇ ਉਨ੍ਹਾਂ ਦੀ ਬਾਣੀ ਥੱਲੇ ਦਿੱਤੇ ਗਏ ਹਨ:

ਸਲੋਕ ਮ: ੩॥
ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥
ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥
ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ॥
ਮੁਹ ਕਾਲੇ ਤਿਨਾ **ਨਿੰਦਕਾ** ਤਿਤੁ ਸਚੈ ਦਰਬਾਰਿ॥
ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ॥੨॥

(ਵਾਰ ਸੋਰਠਿ ਮਹਲਾ ੪, ਪਉੜੀ ੧੭, ਸਲੋਕ 2, ਪੰ. 649)

ਰਾਗੁ ਸੂਹੀ ਮਹਲਾ ੩
ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ॥
ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ॥੫॥
ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥੬॥ *(ਪੰ. 755)*

ਸਲੋਕ ਮ: ੩॥

ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ੍॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨਿ੍॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨਿ੍॥੧॥

(ਵਾਰ ਬਿਲਾਵਲੁ ਮਹਲਾ ੪, ਪਉੜੀ ੧੨, ਸਲੋਕ 1, ਪੰ. 854)

ਰਾਗੁ ਸੋਰਠਿ ਮਹਲਾ ੩
ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ॥
ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ॥
ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ ਹਰਿ ਜੀਉ ਲਏ ਉਬਾਰੇ॥੨॥
ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ॥
ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ॥
ਰਾਮ ਨਾਮੁ ਕਦੇ ਚੇਤਹਿ ਨਾਹੀ ਅੰਤਿ ਗਏ ਪਛੁਤਾਈ॥੩॥ *(ਪੰ. 601)*

ਰਾਗੁ ਬਿਲਾਵਲੁ ਮਹਲਾ ੩ ਵਾਰ ਸਤੁ
ਬਹੁਤੇ ਭੇਖ ਕਰਹਿ **ਭੇਖਧਾਰੀ**॥
ਭਵਿ ਭਵਿ ਭਰਮਹਿ ਕਾਚੀ ਸਾਰੀ॥
ਐਥੈ ਸੁਖੁ ਨ ਆਗੈ ਹੋਇ॥
ਮਨਮੁਖ ਮੁਏ ਅਪਣਾ ਜਨਮੁ ਖੋਇ॥
ਸਤਿਗੁਰੁ ਸੇਵੇ ਭਰਮੁ ਚੁਕਾਏ॥
ਘਰ ਹੀ ਅੰਦਰਿ ਸਚੁ ਮਹਲੁ ਪਾਏ॥੬॥ *(ਪੰ. 842-43)*

SikhBookClub.com

ਰਾਗੁ ਮਾਰੂ ਸੋਹਲੇ ਮਹਲਾ ੩
ਇਕਿ ਭਸਮ ਲਗਾਇ ਫਿਰਹਿ **ਭੇਖਧਾਰੀ** ॥
ਬਿਨੁ ਸਬਦੈ ਹਉਮੈ ਕਿਨਿ ਮਾਰੀ ॥
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਭਰਮਿ ਭੇਖਿ ਭਰਮਾਈ ਹੇ ॥੬॥
ਇਕਿ ਗ੍ਰਿਹ ਕੁਟੰਬ ਮਹਿ ਸਦਾ ਉਦਾਸੀ ॥
ਸਬਦਿ ਮੁਏ ਹਰਿ ਨਾਮਿ ਨਿਵਾਸੀ ॥
ਅਨਦਿਨੁ ਸਦਾ ਰਹਹਿ ਰੰਗਿ ਰਾਤੇ ਭੈ ਭਾਇ ਭਗਤਿ ਚਿਤੁ ਲਾਈ ਹੇ ॥੭॥
ਮਨਮੁਖੁ ਨਿੰਦਾ ਕਰਿ ਕਰਿ ਵਿਗੁਤਾ ॥
ਅੰਤਰਿ ਲੋਭੁ ਭਉਕੈ ਜਿਸੁ ਕੁਤਾ ॥
ਜਮਕਾਲੁ ਤਿਸੁ ਕਦੇ ਨ ਛੋਡੈ ਅੰਤਿ ਗਇਆ ਪਛੁਤਾਈ ਹੇ ॥੮॥ *(ਪੰ. 1046)*

ਸਲੋਕ ਵਾਰਾਂ ਤੇ ਵਧੀਕ ਮਹਲਾ ੩
ਧੁਰਿ ਹਰਿ ਪ੍ਰਭ ਕਰਤੈ ਲਿਖਿਆ ਸੁ ਮੇਟਣਾ ਨ ਜਾਇ ॥
ਜੀਉ ਪਿੰਡੁ ਸਭੁ ਤਿਸ ਦਾ ਪ੍ਰਤਿਪਾਲਿ ਕਰੇ ਹਰਿ ਰਾਇ ॥
ਚੁਗਲ **ਨਿੰਦਕ** ਭੁਖੇ ਰੁਲਿ ਮੁਏ ਏਨਾ ਹਥੁ ਨ ਕਿਥਾਊ ਪਾਇ ॥
ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ ॥
ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ ॥
ਨਾਨਕ ਕੀ ਪ੍ਰਭ ਬੇਨਤੀ ਹਰਿ ਭਾਵੈ ਬਖਸਿ ਮਿਲਾਇ ॥੪੧॥ *(ਪੰ. 1417)*

ਗੁਰੂ ਰਾਮ ਦਾਸ ਜੀ (1574-1581 ਈ.)

ਗੁਰੂ ਰਾਮ ਦਾਸ ਜੀ ਦੀ ਬਾਣੀ ਤੋਂ ਪ੍ਰਤੀਤ ਹੁੰਦਾ ਹੈ ਜਿਵੇਂ ਗੁਰੂ-ਘਰ ਦਾ ਵਿਰੋਧ ਦਿਨੋ-ਦਿਨ ਵਧ ਰਿਹਾ ਹੋਵੇ। ਗਉੜੀ ਕੀ ਵਾਰ ਮਹਲਾ ੪ ਵਿਚ ਨਿੰਦਕ, ਜੋ ਨਿੰਦਾ/ਵੈਰ/ਰੀਸ ਕਰੇ, ਵੇਮੁਖ, ਦੁਸਟ, ਪਾਪੀ ਵਰਗੇ ਲਫ਼ਜ਼ਾਂ ਦੀ ਕੋਈ 25, 26 ਵਾਰ ਵਰਤੋਂ ਹੋਈ ਹੈ।[10] ਸੰਬੰਧਿਤ ਸ਼ਬਦ-ਸਲੋਕਾਂ ਦਾ ਨਿਸ਼ਾਨਾ ਜਾਂ ਤਾਂ ਗੁਰ-ਗੱਦੀ ਦੇ ਚਾਹਵਾਨ ਦਾਤੂ, ਦਾਸੂ ਤੇ ਮੋਹਨ ਹਨ, ਜੋ ਸਥਾਪਿਤ ਗੁਰੂ ਦੀ ਵਡਿਆਈ ਵੇਖ ਨਹੀਂ ਸਕਦੇ, ਜਾਂ ਇਕ ਲੋਭੀ ਤਪਾ ਤੇ ਗੁਰੂ ਅਮਰ ਦਾਸ ਜੀ ਦੇ ਬਰਖ਼ਿਲਾਫ਼ ਸ਼ਿਕਾਇਤ ਕਰਨ ਵਾਲਾ ਇਕ ਸਥਾਨਕ ਖੱਤਰੀ।

ਸ.ਸ. ਪਦਮ ਪਹਿਲੇ ਖੋਜਕਾਰ ਮਾਲੂਮ ਹੁੰਦੇ ਹਨ ਜਿਨ੍ਹਾਂ ਨੇ ਇਸ ਵਾਰ ਵਿਚ ਪ੍ਰਗਟਾਏ ਵਿਰੋਧ ਨੂੰ ਤਰੇਹਣ ਤੇ ਭੱਲੇ ਪੁੱਤਰਾਂ ਨਾਲ ਤੇ ਖ਼ਾਸ ਕਰਕੇ ਬਾਬਾ ਮੋਹਨ ਨਾਲ ਸਿੱਧੇ ਤੌਰ ਉੱਤੇ ਜੋੜਿਆ ਹੈ।[11] ਉਨ੍ਹਾਂ ਨੇ ਮੋਹਨ ਬਾਰੇ ਇਹ ਸਿੱਟਾ ਕੱਢਿਆ ਹੈ:

> ਮੋਹਨ-ਕਿਆਂ ਦੇ ਗੁਰੂ-ਕਿਆਂ ਨਾਲ ਸਮਾਜਕ ਸੰਬੰਧ ਵਿਰੋਧੀ ਧਿਰ ਵਾਲੇ ਸਨ। ਬਾਬਾ ਮੋਹਨ ਅਤੇ ਫੇਰ ਸਹੰਸਰ ਰਾਮ ਨੇ ਸਮਾਨਾਂਤਰ ਗੱਦੀ ਚਲਾਈ।[12]

---

10. *ਸ੍ਰੀ.ਗੁ.ਗ੍ਰੰ.ਸਾ.*, ਪੰ. 300-318। ਇਸ ਵਾਰ ਵਿਚ 33 ਪਉੜੀਆਂ ਹਨ, ਮ: ੪ ਦੀਆਂ 28 ਤੇ ਮ: ੫ ਦੀਆਂ 5 ਅਤੇ 68 ਸਲੋਕ ਹਨ, ਮ: ੩ ਦੇ 7, ਮ: ੪ ਦੇ 53, ਮ: ੫ ਦੇ 8.
11. ਵੇਖੋ, ਉਨ੍ਹਾਂ ਦਾ ਥੀਸਿਸ *ਸਿੱਖਾਂ ਦੀ ਭਗਤ ਮਾਲਾ ਦਾ ਸ਼ੁੱਧ ਆਲੋਚਨਾਤਮਕ ਸੰਸਕਰਨ*, 2005, ਪੰ. 94-100. ਗੁਰੂ ਅੰਗਦ ਦੇਵ ਜੀ ਤਰੇਹਣ ਸਨ ਤੇ ਗੁਰੂ ਰਾਮ ਦਾਸ ਜੀ ਭੱਲੇ।
12. *ਉਹੀ*, ਪੰ. 100.

SikhBookClub.com

ਗਉੜੀ ਕੀ ਵਾਰ ਮਹਲਾ ੪ ਵਿੱਚੋਂ ਕੁੱਝ ਪ੍ਰਸੰਗਿਕ ਉਦਾਹਰਣਾਂ ਵੇਖੋ :

ਪਉੜੀ ॥
ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥
ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ ਸੋ ਸਾਹਿਬ ਮਨਿ ਭਾਣੀ ॥
ਜੇ ਕੋ ਓਸ ਦੀ **ਰੀਸ ਕਰੇ** ਸੋ ਮੂੜ ਅਜਾਣੀ ॥
ਜਿਸ ਨੋ ਸਤਿਗੁਰੁ ਮੇਲੇ ਸੁ ਗੁਣ ਰਵੈ ਗੁਣ ਆਖਿ ਵਖਾਣੀ ॥
ਨਾਨਕ ਸਚਾ ਸਚੁ ਹੈ ਬੁਝਿ ਸਚਿ ਸਮਾਣੀ ॥੫॥ *(ਪਉੜੀ ੫, ਪੰ. 302)*

ਸਲੋਕ ਮ: ੪ ॥

ਕੋਈ **ਨਿੰਦਾ ਕਰੇ** ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ ॥
ਸਤਿਗੁਰ ਵਿਚਿ ਆਪਿ ਵਰਤਦਾ ਹਰਿ ਆਪੇ ਰਖਣਹਾਰੁ ॥...॥੧॥
(ਪਉੜੀ ੬, ਸਲੋਕ ੧, ਪੰ. 302)

ਸਲੋਕ ਮ: ੪ ॥

ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ ॥
ਜੋ **ਨਿੰਦਾ ਕਰੇ** ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ ॥
ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ ॥
ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ ॥
ਫਿਰਿ ਸਤਿਗੁਰ ਕੀ ਸਰਣੀ ਪਵੈ ਤਾ ਉਬਰੈ ਜਾ ਹਰਿ ਹਰਿ ਨਾਮੁ ਧਿਆਵੈ ॥
ਹਰਿ ਬਾਤਾ ਆਖਿ ਸੁਣਾਏ ਨਾਨਕੁ ਹਰਿ ਕਰਤੇ ਏਵੈ ਭਾਵੈ ॥੧॥
(ਪਉੜੀ ੮, ਸਲੋਕ ੧, ਪੰ. 303)

ਸਲੋਕ ਮ: ੪ ॥

ਕੋਈ **ਨਿੰਦਕੁ** ਵਡਿਆਈ ਦੇਖਿ ਨ ਸਕੈ ਸੋ ਕਰਤੈ ਆਪਿ ਪਚਾਇਆ ॥
ਜਨੁ ਨਾਨਕੁ ਗੁਣ ਬੋਲੈ ਕਰਤੇ ਕੇ ਭਗਤਾ ਨੋ ਸਦਾ ਰਖਦਾ ਆਇਆ ॥੪॥
(ਪਉੜੀ ੧੦, ਸਲੋਕ ੨, ਪੰ. 305)

ਹੇਠਲੇ ਸ਼ਬਦ ਬਾਬਤ *ਸ਼ਬਦਾਰਥ* ਵਿਚ ਲਿਖਿਆ ਹੈ, "ਮਰਵਾਹਾ ਖੱਤਰੀ ਆਪਣੇ ਇਕ ਆਦਮੀ ਨੂੰ ਨਾਲ ਲਿਜਾ ਕੇ ਅਕਬਰ ਬਾਦਸ਼ਾਹ ਕੋਲ ਗੁਰੂ ਅਮਰਦਾਸ ਜੀ ਦੇ ਵਿਰੁੱਧ ਚੁਗ਼ਲੀ ਕਰਦਾ ਹੈ, ਪਰ ਨਿਰਾਸ਼ ਤੇ ਬੇਇੱਜ਼ਤ ਹੋ ਕੇ ਪਰਤ ਆਉਂਦਾ ਹੈ।" ਉਸ ਪਰਥਾਇ ਫ਼ੁਰਮਾਇਆ ਹੈ :

ਸਲੋਕ ਮ: ੪ ॥
ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ **ਵੇਮੁਖਿ ਵੇਮੁਖੈ** ਨੋ ਪਾਇਆ ॥
ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ
ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ ॥
ਪਰਾਈ ਜੋ **ਨਿੰਦਾ ਚੁਗਲੀ** ਨੋ **ਵੇਮੁਖੁ** ਕਰਿ ਕੈ ਭੇਜਿਆ
ਓਥੈ ਭੀ ਮੁਹੁ ਕਾਲਾ ਦੁਹਾ **ਵੇਮੁਖਾ** ਦਾ ਕਰਾਇਆ ॥
ਤੜ ਸੁਣਿਆ ਸਭਤੁ ਜਗਤ ਵਿਚਿ ਭਾਈ **ਵੇਮੁਖੁ** ਸਣੈ ਨਫਰੈ
ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ ॥

SikhBookClub.com

ਅਗੈ ਸੰਗਤੀ ਕੁੜਮੀ **ਵੇਮੁਖੁ** ਰਲਣਾ ਨ ਮਿਲੈ
ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ॥
ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ॥
ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ॥
ਜੋ **ਨਿੰਦਾ ਕਰੇ** ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ॥
ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ॥੧॥

(ਪਉੜੀ ੧੨, ਸਲੋਕ ੧, ਪੰ. 306)

ਸਲੋਕ ਮ: ੪॥
ਅੰਤਰਿ ਹਰਿ ਗੁਰੂ ਧਿਆਇਦਾ ਵਡੀ ਵਡਿਆਈ॥
ਤੁਸਿ ਦਿਤੀ ਪੂਰੈ ਸਤਿਗੁਰੂ ਘਟੈ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ॥
ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾਂ ਝਖਿ ਝਖਿ ਮਰੈ ਸਭ ਲੋਕਾਈ॥
ਨਿੰਦਕਾ ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ॥
ਜਿਉ ਜਿਉ **ਨਿੰਦਕ ਨਿੰਦ** ਕਰਹਿ ਤਿਉ ਤਿਉ ਨਿਤ ਨਿਤ ਚੜੈ ਸਵਾਈ॥
ਜਨ ਨਾਨਕ ਹਰਿ ਆਰਾਧਿਆ ਤਿਨਿ ਪੈਰੀ ਆਣਿ ਸਭ ਪਾਈ॥੧॥

(ਪਉੜੀ ੧੩, ਸਲੋਕ ੧, ਪੰ. 307)

ਮ: ੪॥
ਸਤਿਗੁਰ ਸੇਤੀ ਗਣਤ ਜਿ ਰਖੈ ਹਲਤੁ ਪਲਤੁ ਸਭੁ ਤਿਸ ਕਾ ਗਇਆ॥
ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜਿ ਪਇਆ॥
ਨਿਤ ਉਪਾਵ ਕਰੈ ਮਾਇਆ ਧਨ ਕਾਰਣਿ ਅਗਲਾ ਧਨੁ ਭੀ ਉਡਿ ਗਇਆ॥
ਕਿਆ ਓਹੁ ਖਟੇ ਕਿਆ ਓਹੁ ਖਾਵੈ ਜਿਸੁ ਅੰਦਰਿ ਸਹਸਾ ਦੁਖੁ ਪਇਆ॥
ਨਿਰਵੈਰੈ ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ॥
ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ॥
ਜੇ ਸੁਇਨੇ ਨੋ ਓਹੁ ਹਥੁ ਪਾਏ ਤਾ ਖੇਹੂ ਸੇਤੀ ਰਲਿ ਗਇਆ॥
ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ ਪਿਛਲੇ ਅਉਗਣ ਬਖਸਿ ਲਇਆ॥
ਜਨ ਨਾਨਕ ਅਨਦਿਨੁ ਨਾਮੁ ਧਿਆਇਆ ਹਰਿ ਸਿਮਰਤ ਕਿਲਵਿਖ ਪਾਪ ਗਇਆ॥੨॥

(ਪਉੜੀ ੧੩, ਸਲੋਕ ੨, ਪੰ. 307)

ਸਲੋਕ ਮ: ੪॥
ਧੁਰਿ ਮਾਰੇ ਪੂਰੈ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ॥
ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ॥
ਸਤਸੰਗਤਿ ਢੋਈ ਨ ਲਹਨਿ ਵਿਚਿ ਸੰਗਤਿ ਗੁਰਿ ਵੀਚਾਰੇ॥
ਕੋਈ ਜਾਇ ਮਿਲੈ ਹੁਣਿ ਓਨਾ ਨੋ ਤਿਸੁ ਮਾਰੇ ਜਮੁ ਜੰਦਾਰੇ॥
ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ॥
ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ॥
ਗੁਰੁ ਚਉਥੀ ਪੀੜੀ ਟਿਕਿਆ ਤਿਨਿ **ਨਿੰਦਕ ਦੁਸਟ** ਸਭਿ ਤਾਰੇ॥...॥੧॥

(ਪਉੜੀ ੧੪, ਸਲੋਕ ੧, ਪੰ. 307)

ਮ: ੪॥
ਜਿਨ ਕਉ ਆਪਿ ਦੇਇ ਵਡਿਆਈ ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ॥
ਡਰੀਐ ਤਾਂ ਜੇ ਕਿਛੁ ਆਪ ਦੂ ਕੀਚੈ ਸਭੁ ਕਰਤਾ ਆਪਣੀ ਕਲਾ ਵਧਾਏ॥
ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ
ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ॥

SikhBookClub.com

ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ
ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ॥
ਸਤਿਗੁਰ ਕੀ ਵਡਿਆਈ ਨਿਤ ਚੜੈ ਸਵਾਈ
ਹਰਿ ਕੀਰਤਿ ਭਗਤਿ ਨਿਤ ਆਪਿ ਕਰਾਏ॥...॥੨॥

(ਪਉੜੀ ੧੪, ਸਲੋਕ ੨, ਪੰ. 308)

ਮ: ੪॥
ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ॥
ਕੋਈ ਜਾਇ ਮਿਲੈ ਤਿਨ **ਨਿੰਦਕਾ** ਮੁਹ ਫਿਕੇ ਥੁਕ ਥੁਕ ਮੁਹਿ ਪਾਹੀ॥
ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ॥
ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਹਾ ਫਿਰਾਹੀ॥
ਤਿਨ ਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ॥
ਓਨਾ ਦਾ ਆਖਿਆ ਕੋ ਨ ਸੁਣੈ ਨਿਤ ਹਉਲੇ ਹਉਲਿ ਮਰਾਹੀ॥
ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨਾ ਅਗੈ ਪਿਛੈ ਥਾਉ ਨਾਹੀ॥
ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਹੀ॥
ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ॥
ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ॥
ਧੁਰਿ ਕਰਤੈ ਆਪਿ ਲਿਖਿ ਪਾਇਆ ਤਿਸੁ ਨਾਲਿ ਕਿਹੁ ਚਾਰਾ ਨਾਹੀ॥
ਜਨ ਨਾਨਕ ਨਾਮੁ ਅਰਾਧਿ ਤੂ ਤਿਸੁ ਅਪੜਿ ਕੋ ਨ ਸਕਾਹੀ॥
ਨਾਵੈ ਕੀ ਵਡਿਆਈ ਵਡੀ ਹੈ ਨਿਤ ਸਵਾਈ ਚੜੈ ਚੜਾਹੀ॥੨॥

(ਪਉੜੀ ੧੫, ਸਲੋਕ ੨, ਪੰ. 308-09)

ਸਲੋਕ ਮ: ੪॥
ਜੋ **ਨਿੰਦਾ ਕਰੇ** ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ॥
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ॥
ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ॥
ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ॥
ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ॥...॥੧॥

(ਪਉੜੀ ੧੬, ਸਲੋਕ ੧, ਪੰ. 309)

ਨਿਮਨ ਸਲੋਕ ਇਕ ਨਿੰਦਕ ਤੇ ਲੋਭੀ ਤਪੇ ਪਰਥਾਇ ਫ਼ੁਰਮਾਇਆ ਹੈ। ਗੁਰੂ ਅਮਰ ਦਾਸ ਜੀ ਨੇ ਬਾਉਲੀ ਸਾਹਿਬ ਦੇ ਸੰਪੂਰਨ ਹੋਣ ਬਾਅਦ ਜੋ ਜੱਗ ਕੀਤਾ, ਉਸ ਉੱਤੇ ਇਸ ਤਪੇ ਨੂੰ ਵੀ ਬੁਲਾਇਆ ਸੀ।

ਸਲੋਕ ਮ: ੪॥
ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥
ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ
ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ॥
ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ॥
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥
ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ॥
ਸਤ ਪੁਰਖ ਕੀ **ਤਪਾ ਨਿੰਦਾ ਕਰੈ** ਸੰਸਾਰੈ ਕੀ ਉਸਤਤੀ ਵਿਚਿ ਹੋਵੈ
ਏਤੁ ਦੋਖੈ ਤਪਾ ਦਯਿ ਮਾਰਿਆ॥

SikhBookClub.com

ਮਹਾ ਪੁਰਖਾਂ ਕੀ **ਨਿੰਦਾ** ਕਾ ਵੇਖੁ ਜਿ ਤਪੇ ਨੋ ਫਲੁ ਲਗਾ
ਸਭੁ ਗਇਆ ਤਪੇ ਕਾ ਘਾਲਿਆ ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ॥
ਅੰਦਰਿ ਬਹੈ ਤਪਾ ਪਾਪ ਕਮਾਏ ॥
ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ ॥
ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ
ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ ॥
ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ ॥
ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ ॥
ਸੋ ਬੂਝੈ ਜੁ ਦਯਿ ਸਵਾਰਿਆ ॥੧॥ *(ਪਉੜੀ ੩੦, ਸਲੋਕ ੧, ਪੰ. 315-16)*

ਮ: ੪ ॥

ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ ॥
ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ ॥
ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ ॥
ਜਨ ਨਾਨਕੁ ਦੇਖਿ ਵਿਗਸਿਆ ਹਰਿ ਕੀ ਵਡਿਆਈ ॥੨॥
(ਪਉੜੀ ੩੦, ਸਲੋਕ ੨, ਪੰ. 316)

ਗਉੜੀ ਕੀ ਵਾਰ ਮਹਲਾ ੪ ਵਿਚ ਮਹਲਾ ੫ ਦੇ ਨਿੰਦਕਾਂ ਪ੍ਰਤੀ ਪਉੜੀਆਂ ਤੇ ਸਲੋਕ ਵੀ ਹਨ, ਜੋ ਮਹਲਾ ੫ ਥੱਲੇ ਆਉਣਗੇ। ਇਸ ਵਾਰ ਤੋਂ ਇਲਾਵਾ ਮਹਲਾ ੪ ਦੇ ਕੁੱਝ ਹੋਰ ਸ਼ਬਦ ਵੇਖੋ :

ਬਿਲਾਵਲੁ ਕੀ ਵਾਰ ਮਹਲਾ ੪
ਪਉੜੀ ॥
ਗੁਰ ਸਤਿਗੁਰ ਵਿਚਿ ਨਾਵੈ ਕੀ ਵਡੀ ਵਡਿਆਈ ਹਰਿ ਕਰਤੈ ਆਪਿ ਵਧਾਈ ॥
ਸੇਵਕ ਸਿਖ ਸਭਿ ਵੇਖਿ ਵੇਖਿ ਜੀਵਨਿ੍ ਓਨ੍ਹਾ ਅੰਦਰਿ ਹਿਰਦੈ ਭਾਈ ॥
ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ ਓਨ੍ਹਾ ਪਰਾਇਆ ਭਲਾ ਨ ਸੁਖਾਈ ॥
ਕਿਆ ਹੋਵੈ ਕਿਸ ਹੀ ਕੀ ਝਖ ਮਾਰੀ ਜਾ ਸਚੇ ਸਿਉ ਬਣਿ ਆਈ ॥
ਜਿ ਗਲ ਕਰਤੇ ਭਾਵੈ ਸਾ ਨਿਤ ਨਿਤ ਚੜੈ ਸਵਾਈ ਸਭ ਝਖਿ ਝਖਿ ਮਰੈ ਲੋਕਾਈ ॥੪॥
(ਪਉੜੀ ੪, ਪੰ. 850)

ਪਉੜੀ ॥

ਕੂੜਿਆਰਾ ਕੇ ਮੁਹ ਫਿਟਕੀਅਹਿ ਸਚੁ ਭਗਤਿ ਵਡਿਆਈ ॥
ਸਚੁ ਸਾਹਿਬੁ ਸਚਾ ਨਿਆਉ ਹੈ ਸਿਰਿ **ਨਿੰਦਕ** ਛਾਈ ॥
ਜਨ ਨਾਨਕ ਸਚੁ ਅਰਾਧਿਆ ਗੁਰਮੁਖਿ ਸੁਖੁ ਪਾਈ ॥੫॥ *(ਪਉੜੀ ੫, ਪੰ. 851)*

ਪਉੜੀ ॥
ਕੋਈ **ਨਿੰਦਕੁ** ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ ॥
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ ॥
ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ
ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ ॥

SikhBookClub.com

ਏਹੁ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ
ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ ॥
ਨਾਨਕ ਇਹੁ ਅਚਰਜੁ ਦੇਖਹੁ ਮੇਰੇ ਹਰਿ ਸਚੇ ਸਾਹ ਕਾ
ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ ॥੧੩॥੧॥ *(ਪਉੜੀ ੧੩, ਪੰ. 855)*

ਰਾਗੁ ਰਾਮਕਲੀ ਮਹਲਾ ੪
ਹਰਿ ਕੇ ਲੋਗ ਰਾਮ ਜਨ ਨੀਕੇ ਭਾਗਹੀਣ ਨ ਸੁਖਾਇ ॥
ਜਿਉ ਜਿਉ ਰਾਮ ਕਹਹਿ ਜਨ ਊਚੇ ਨਰ **ਨਿੰਦਕ** ਡੰਸੁ ਲਗਾਇ ॥੩॥
ਧ੍ਰਿਗੁ ਧ੍ਰਿਗੁ ਨਰ ਨਿੰਦਕ ਜਿਨ ਜਨ ਨਹੀ ਭਾਏ ਹਰਿ ਕੇ ਸਖਾ ਸਖਾਇ ॥
ਸੇ ਹਰਿ ਕੇ ਚੋਰ ਵੇਮੁਖ ਮੁਖ ਕਾਲੇ ਜਿਨ ਗੁਰ ਕੀ ਪੈਜ ਨ ਭਾਇ ॥੪॥...॥੫॥੨॥
(ਪੰ. 881)

ਬਸੰਤੁ ਹਿੰਡੋਲੁ ਮਹਲਾ ੪

ਰਾਮ ਨਾਮ ਕੀ ਪੈਜ ਵਡੇਰੀ ਮੇਰੇ ਠਾਕੁਰਿ ਆਪਿ ਰਖਾਈ ॥
ਜੇ ਸਭਿ **ਸਾਕਤ ਕਰਹਿ ਬਖੀਲੀ** ਇਕ ਰਤੀ ਤਿਲੁ ਨ ਘਟਾਈ ॥੫॥
ਜਨ ਕੀ ਉਸਤਤਿ ਹੈ ਰਾਮ ਨਾਮਾ ਦਹ ਦਿਸਿ ਸੋਭਾ ਪਾਈ ॥
ਨਿੰਦਕੁ ਸਾਕਤੁ ਖਵਿ ਨ ਸਕੈ ਤਿਲੁ ਅਪਣੈ ਘਰਿ ਲੂਕੀ ਲਾਈ ॥੬॥
ਜਨ ਕਉ ਜਨੁ ਮਿਲਿ ਸੋਭਾ ਪਾਵੈ ਗੁਣ ਮਹਿ ਗੁਣ ਪਰਗਾਸਾ ॥
ਮੇਰੇ ਠਾਕੁਰ ਕੇ ਜਨ ਪ੍ਰੀਤਮ ਪਿਆਰੇ ਜੋ ਹੋਵਹਿ ਦਾਸਨਿ ਦਾਸਾ ॥੭॥...॥੮॥੧॥੯॥
(ਪੰ. 1191)

ਕਲਿਆਨ ਮਹਲਾ ੪

ਹਰਿ ਜਨ ਹਰਿ ਹਰਿ ਹਰਿ ਲਿਵ ਲਾਈ ਸਭਿ ਸਾਕਤ ਖੋਜਿ ਪਇਆ ॥
ਜਿਉ ਕਿਰਤ ਸੰਜੋਗਿ ਚਲਿਓ ਨਰ **ਨਿੰਦਕੁ** ਪਗੁ ਨਾਗਨਿ ਛੁਹਿ ਜਲਿਆ ॥੨॥
ਜਨ ਕੇ ਤੁਮ੍ ਹਰਿ ਰਾਖੇ ਸੁਆਮੀ ਤੁਮ੍ ਜੁਗਿ ਜੁਗਿ ਜਨ ਰਖਿਆ ॥
ਕਹਾ ਭਇਆ ਦੈਤਿ ਕਰੀ ਬਖੀਲੀ ਸਭ ਕਰਿ ਕਰਿ ਝਰਿ ਪਰਿਆ ॥੩॥
ਜੇਤੇ ਜੀਅ ਜੰਤ ਪ੍ਰਭਿ ਕੀਏ ਸਭਿ ਕਾਲੈ ਮੁਖਿ ਗ੍ਰਸਿਆ ॥
ਹਰਿ ਜਨ ਹਰਿ ਹਰਿ ਹਰਿ ਪ੍ਰਭਿ ਰਾਖੇ ਜਨ ਨਾਨਕ ਸਰਨਿ ਪਇਆ ॥੪॥੨॥
(ਪੰ. 1319)

ਗੁਰੂ ਅਰਜਨ ਦੇਵ (1581-1606 ਈ.)

ਗੁਰੂ ਅਰਜਨ ਦੇਵ ਜੀ ਦੇ ਵਿਰੋਧ ਨੇ ਗੁਰੂ-ਘਰ ਦੇ ਖ਼ਿਲਾਫ਼ ਖੁੱਲ੍ਹੀ ਬਗ਼ਾਵਤ ਦੀ ਸ਼ਕਲ ਇਖ਼ਤਿਆਰ ਕੀਤੀ ਤੇ ਪਹਿਲੀ ਵਾਰ ਇਕ ਮੁਤਵਾਜ਼ੀ ਗੁਰ-ਪ੍ਰਣਾਲੀ ਦਾ ਜਨਮ ਹੋਇਆ, ਜਿਸ ਨੂੰ 'ਮੀਣਾ' ਜਾਂ 'ਛੋਟਾ ਮੇਲ' ਕਿਹਾ ਗਿਆ। ਅਸੀਂ ਕਾਂਡ ਨੰ. 1 ਵਿਚ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਇਸ ਵਿਦਰੋਹ ਦੇ ਪ੍ਰਤਿਕਰਮ ਵਜੋਂ ਉਚਾਰੇ ਕੁੱਝ ਚੋਣਵੇਂ ਸ਼ਬਦ ਦੇ ਚੁੱਕੇ ਹਾਂ। ਪਰ ਉਨ੍ਹਾਂ ਦੀ ਬਾਣੀ ਵਿਚ ਉਨ੍ਹਾਂ ਦੇ ਨਿੰਦਕਾਂ ਪਰਥਾਇ ਕਈ ਹੋਰ ਢੁੱਕਵੇਂ ਸ਼ਬਦ-ਸਲੋਕ ਵੀ ਮਿਲਦੇ ਹਨ, ਜਿਨ੍ਹਾਂ ਦੇ ਨਮੂਨੇ ਹੇਠਾਂ ਦਿੱਤੇ ਜਾ ਰਹੇ ਹਨ :

SikhBookClub.com

ਰਾਗੁ ਗਉੜੀ ਚੇਤੀ ਮਹਲਾ ੫

ਨਿੰਦਕੁ ਕੀ ਪ੍ਰਭ ਪਤਿ ਗਵਾਈ ॥
ਨਾਨਕ ਹਰਿ ਗੁਣ ਨਿਰਭਉ ਗਾਈ ॥੨॥੧੧੪॥ *(ਪੰ. 203)*

ਗਉੜੀ ਕੀ ਵਾਰ ਮਹਲਾ ੪
ਸਲੋਕ ਮ: ੫ ॥
ਰਹਦੇ ਖੁਹਦੇ **ਨਿੰਦਕ** ਮਾਰਿਅਨੁ ਕਰਿ ਆਪੇ ਆਹਰੁ ॥
ਸੰਤ ਸਹਾਈ ਨਾਨਕਾ ਵਰਤੈ ਸਭ ਜਾਹਰੁ ॥੧॥

(ਪਉੜੀ ੨੭, ਸਲੋਕ ੧, ਪੰ. 315)

ਮ: ੫ ॥
ਅਵਖਧ ਸਭੇ ਕੀਤਿਅਨੁ **ਨਿੰਦਕ** ਕਾ ਦਾਰੂ ਨਾਹਿ ॥
ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ ॥੨॥

(ਪਉੜੀ ੨੯, ਸਲੋਕ ੨, ਪੰ. 315)

ਗਉੜੀ ਕੀ ਵਾਰ ਮਹਲਾ ੫

ਨਿੰਦਕ ਪਕੜਿ ਪਛਾੜਿਅਨੁ ਝੂਠੇ ਦਰਬਾਰੇ ॥
ਨਾਨਕ ਕਾ ਪ੍ਰਭੁ ਵਡਾ ਹੈ ਆਪਿ ਸਾਜਿ ਸਵਾਰੇ ॥੨॥

(ਪਉੜੀ ੨੦, ਸਲੋਕ ੨, ਪੰ. 323)

ਆਸਾ ਮਹਲਾ ੫ ॥
ਅਰੜਾਵੈ ਬਿਲਲਾਵੈ **ਨਿੰਦਕੁ** ॥
ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ **ਨਿੰਦਕੁ** ॥੧॥ਰਹਾਉ॥
ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ ॥
ਅਣਹੋਦਾ ਅਜਗਰੁ ਭਾਰੁ ਉਠਾਏ **ਨਿੰਦਕੁ** ਅਗਨੀ ਮਾਹਿ ਜਲਾਵੈ ॥੧॥
ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ ॥
ਭਗਤ ਜਨਾ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ ਬਿਗਸਾਵੈ ॥੨॥੧੦॥

(ਪੰ. 373)

ਉੱਪਰਲਾ ਸ਼ਬਦ ਸੁਲਹੀ ਖ਼ਾਨ ਦੇ ਭਤੀਜੇ ਸੁਲਭੀ ਖ਼ਾਨ ਪਰਥਾਇ ਫ਼ੁਰਮਾਇਆ ਲੱਗਦਾ ਹੈ।

ਆਸਾ ਮਹਲਾ ੫ ॥
ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ ॥
ਈਹਾ ਸੁਖੁ ਨਹੀ ਦਰਗਹ ਢੋਈ ਜਮ ਪੁਰਿ ਜਾਇ ਪਚਾਵੈ ॥੧॥
ਨਿੰਦਕਿ ਅਹਿਲਾ ਜਨਮੁ ਗਵਾਇਆ ॥
ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ ॥੧॥ਰਹਾਉ॥
ਕਿਰਤੁ ਪਇਆ ਨਿੰਦਕ ਬਪੁਰੇ ਕਾ ਕਿਆ ਓਹੁ ਕਰੈ ਬਿਚਾਰਾ ॥
ਤਹਾ ਬਿਗੂਤਾ ਜਹ ਕੋਇ ਨ ਰਾਖੈ ਓਹੁ ਕਿਸੁ ਪਹਿ ਕਰੇ ਪੁਕਾਰਾ ॥੨॥
ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ ॥
ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ ॥੩॥
ਸੰਤਾ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ ॥
ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ ॥੪॥੨॥੪੧॥ *(ਪੰ. 380-81)*

SikhBookClub.com

ਰਾਗੁ ਗੂਜਰੀ ਵਾਰ ਮਹਲਾ ੫

ਸਾਕਤ **ਨਿੰਦਕ ਦੁਸਟ** ਖਿਨ ਮਾਹਿ ਬਿਦਾਰਿਅਨੁ ॥
ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥
ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥੨॥

(ਪਉੜੀ ੧, ਸਲੋਕ ੨, ਪੰ. 517)

ਰਾਗੁ ਗੂਜਰੀ ਵਾਰ ਮਹਲਾ ੫
ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ ॥
ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ ॥
ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ ॥
ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ ॥
ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸਤੇ ॥੨੦॥

(ਪਉੜੀ ੨੦, ਪੰ. 523-24)

ਬਿਲਾਵਲੁ ਮਹਲਾ ੫
ਸੁਖ ਨਿਧਾਨ ਪ੍ਰੂਰਨ ਗੁਰਦੇਵ ॥੧॥ਰਹਾਉ॥
ਹਰਿ ਹਰਿ ਨਾਮੁ ਜਪਤ ਨਰ ਜੀਵੇ ॥
ਮਰਿ ਖੁਆਰੁ ਸਾਕਤ ਨਰ ਥੀਵੇ ॥੧॥
ਰਾਮ ਨਾਮੁ ਹੋਆ ਰਖਵਾਰਾ ॥
ਝਖ ਮਾਰਉ ਸਾਕਤੁ ਵੇਚਾਰਾ ॥੨॥
ਨਿੰਦਾ ਕਰਿ ਕਰਿ ਪਚਹਿ ਘਨੇਰੇ ॥
ਮਿਰਤਕ ਫਾਸ ਗਲੈ ਸਿਰਿ ਪੈਰੇ ॥੩॥
ਕਹੁ ਨਾਨਕ ਜਪਹਿ ਜਨ ਨਾਮ ॥
ਤਾ ਕੇ ਨਿਕਟ ਨ ਆਵੈ ਜਾਮ ॥੪॥੧੩॥੯੯॥ *(ਪੰ. 806)*

ਸਤਿਗੁਰ ਕਰਿ ਦੀਨੇ ਅਸਥਿਰ ਘਰ ਬਾਰ ॥ਰਹਾਉ॥
ਜੋ ਜੋ **ਨਿੰਦ ਕਰੈ** ਇਨ ਗ੍ਰਿਹਨ ਕੀ ਤਿਸੁ ਆਗੈ ਹੀ ਮਾਰੈ ਕਰਤਾਰ ॥੧॥
ਨਾਨਕ ਦਾਸ ਤਾ ਕੀ ਸਰਨਾਈ ਜਾ ਕੋ ਸਬਦੁ ਅਖੰਡ ਅਪਾਰ ॥੨॥੯॥੨੭॥

(ਪੰ. 807)

ਹੇਠਲੇ ਤਿੰਨ ਸ਼ਬਦ ਵਡਾਲੀ ਤੋਂ ਸੁੱਖੀ-ਸਾਂਦੀ ਅੰਮ੍ਰਿਤਸਰ ਵਾਪਸ ਆਉਣ ਵੇਲੇ ਫ਼ੁਰਮਾਏ ਲੱਗਦੇ ਹਨ।[13] ਇਨ੍ਹਾਂ ਵਿਚ ਆਇਆ 'ਨਿੰਦਕ' ਜਾਂ 'ਦੋਖੀ' ਪਿਰਥੀ ਚੰਦ ਤੋਂ ਸਿਵਾ ਹੋਰ ਕੌਣ ਹੋ ਸਕਦਾ ਹੈ?

ਸੋਰਠਿ ਮਹਲਾ ੫ ॥
ਸੁਖ ਸਾਂਦਿ ਘਰਿ ਆਇਆ ॥
ਨਿੰਦਕ ਕੈ ਮੁਖਿ ਛਾਇਆ ॥
ਪੂਰੈ ਗੁਰਿ ਪਹਿਰਾਇਆ ॥
ਬਿਨਸੇ ਦੁਖ ਸਬਾਇਆ ॥੧॥
ਸੰਤਹੁ ਸਾਚੇ ਕੀ ਵਡਿਆਈ ॥
ਜਿਨਿ ਅਚਰਜ ਸੋਭ ਬਣਾਈ ॥੧॥ਰਹਾਉ॥

---

13. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰ. 629 ਤੇ 678.

SikhBookClub.com

ਬੋਲੇ ਸਾਹਿਬ ਕੈ ਭਾਣੈ ॥
ਦਾਸੁ ਬਾਣੀ ਬ੍ਰਹਮੁ ਵਖਾਣੈ ॥
ਨਾਨਕ ਪ੍ਰਭ ਸੁਖਦਾਈ ॥
ਜਿਨਿ ਪੂਰੀ ਬਣਤ ਬਣਾਈ ॥੨॥੨੦॥੮੪॥ (ਪੰ. 629)

ਪ੍ਰਭੁ ਅਪੁਨਾ ਰਿਦੈ ਧਿਆਏ ॥
ਘਰਿ ਸਹੀ ਸਲਾਮਤਿ ਆਏ ॥
ਸੰਤੋਖੁ ਭਇਆ ਸੰਸਾਰੇ ॥
ਗੁਰਿ ਪੂਰੈ ਲੈ ਤਾਰੇ ॥੧॥
ਸੰਤਹੁ ਪ੍ਰਭੁ ਮੇਰਾ ਸਦਾ ਦਇਆਲਾ ॥
ਅਪਨੇ ਭਗਤ ਕੀ ਗਣਤ ਨ ਗਣਈ ਰਾਖੈ ਬਾਲ ਗੁਪਾਲਾ ॥੧॥ਰਹਾਉ॥
ਹਰਿ ਨਾਮੁ ਰਿਦੈ ਉਰਿ ਧਾਰੇ ॥
ਤਿਨਿ ਸਭੇ ਥੋਕ ਸਵਾਰੇ ॥
ਗੁਰਿ ਪੂਰੈ ਤੁਸਿ ਦੀਆ ॥
ਫਿਰਿ ਨਾਨਕ ਦੂਖੁ ਨ ਥੀਆ ॥੨॥੨੧॥੮੫॥ (ਪੰ. 629)

ਧਨਾਸਰੀ ਮਹਲਾ ੫ ॥
ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥
ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥੧॥
ਤੁਮ ਘਰਿ ਆਵਹੁ ਮੇਰੇ ਮੀਤ ॥
ਤੁਮਰੇ **ਦੋਖੀ** ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥ਰਹਾਉ॥
ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ ॥
ਘਰਿ ਮੰਗਲ ਵਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥੨॥
ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥
ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥੩॥
ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ ॥
ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ ॥੪॥੪॥੨੮॥
(ਪੰ. 678)

ਧਨਾਸਰੀ ਮਹਲਾ ੫ ॥
ਹਰਿ ਹਰਿ ਲੀਨੇ ਸੰਤ ਉਬਾਰਿ ॥
ਹਰਿ ਕੇ ਦਾਸ ਕੀ ਚਿਤਵੈ ਬੁਰਿਆਈ ਤਿਸ ਹੀ ਕਉ ਫਿਰਿ ਮਾਰਿ ॥੧॥ਰਹਾਉ॥
ਜਨ ਕਾ ਆਪਿ ਸਹਾਈ ਹੋਆ **ਨਿੰਦਕ** ਭਾਗੇ ਹਾਰਿ ॥
ਭ੍ਰਮਤ ਭ੍ਰਮਤ ਊਹਾਂ ਹੀ ਮੂਏ ਬਾਹੁੜਿ ਗ੍ਰਿਹਿ ਨ ਮੰਝਾਰਿ ॥੧॥
ਨਾਨਕ ਸਰਣਿ ਪਰਿਓ ਦੁਖ ਭੰਜਨ ਗੁਨ ਗਾਵੈ ਸਦਾ ਅਪਾਰਿ ॥
ਨਿੰਦਕ ਕਾ ਮੁਖੁ ਕਾਲਾ ਹੋਆ ਦੀਨ ਦੁਨੀਆ ਕੈ ਦਰਬਾਰਿ ॥੨॥੧੫॥
(ਪੰ. 674)

ਧਨਾਸਰੀ ਮਹਲਾ ੫ ॥
ਮੇਰਾ ਲਾਗੋ ਰਾਮ ਸਿਉ ਹੇਤੁ ॥
ਸਤਿਗੁਰੁ ਮੇਰਾ ਸਦਾ ਸਹਾਈ ਜਿਨਿ ਦੁਖ ਕਾ ਕਾਟਿਆ ਕੇਤੁ ॥੧॥ਰਹਾਉ॥
ਹਾਥ ਦੇਇ ਰਾਖਿਓ ਅਪੁਨਾ ਕਰਿ ਬਿਰਥਾ ਸਗਲ ਮਿਟਾਈ ॥
ਨਿੰਦਕ ਕੇ ਮੁਖ ਕਾਲੇ ਕੀਨੇ ਜਨ ਕਾ ਆਪਿ ਸਹਾਈ ॥੧॥

SikhBookClub.com

ਸਾਚਾ ਸਾਹਿਬੁ ਹੋਆ ਰਖਵਾਲਾ ਰਾਖਿ ਲੀਏ ਕੰਠਿ ਲਾਇ ॥
ਨਿਰਭਉ ਭਏ ਸਦਾ ਸੁਖ ਮਾਣੇ ਨਾਨਕ ਹਰਿ ਗੁਣ ਗਾਇ ॥੨॥੧੭॥

(ਪੰ. 675)

ਜਨ ਕੀ ਕੀਨੀ ਪਾਰਬ੍ਰਹਮਿ ਸਾਰ ॥
ਨਿੰਦਕ ਟਿਕਨੁ ਨ ਪਾਵਨਿ ਮੂਲੇ ਊਡਿ ਗਏ ਬੇਕਾਰ ॥੧॥ਰਹਾਉ॥
ਜਹ ਜਹ ਦੇਖਉ ਤਹ ਤਹ ਸੁਆਮੀ ਕੋਇ ਨ ਪਹੁਚਨਹਾਰ ॥
ਜੋ ਜੋ ਕਰੈ **ਅਵਗਿਆ ਜਨ ਕੀ** ਹੋਇ ਗਇਆ ਤਤ ਛਾਰ ॥੧॥
ਕਰਨਹਾਰੁ ਰਖਵਾਲਾ ਹੋਆ ਜਾ ਕਾ ਅੰਤੁ ਨ ਪਾਰਾਵਾਰ ॥
ਨਾਨਕ ਦਾਸ ਰਖੇ ਪ੍ਰਭਿ ਅਪੁਨੈ ਨਿੰਦਕ ਕਾਢੇ ਮਾਰਿ ॥੨॥੨੧॥੫੨॥

(ਪੰ. 683)

ਬਿਲਾਵਲੁ ਮਹਲਾ ੫ ॥
ਹਰਿ ਭਗਤਾ ਕਾ ਆਸਰਾ ਅਨ ਨਾਹੀ ਠਾਉ ॥
ਤਾਣੁ ਦੀਬਾਣੁ ਪਰਵਾਰ ਧਨੁ ਪ੍ਰਭ ਤੇਰਾ ਨਾਉ ॥੧॥
ਕਰਿ ਕਿਰਪਾ ਪ੍ਰਭਿ ਆਪਣੀ ਅਪਨੇ ਦਾਸ ਰਖਿ ਲੀਏ ॥
ਨਿੰਦਕ ਨਿੰਦਾ ਕਰਿ ਪਚੇ ਜਮਕਾਲਿ ਗ੍ਰਸੀਏ ॥੧॥ਰਹਾਉ॥...॥੪॥੨੬॥੫੬॥

(ਪੰ. 815)

ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ ॥
ਰਾਖਿ ਲੀਆ ਅਪਨਾ ਸੇਵਕੋ ਮੁਖਿ **ਨਿੰਦਕ** ਛਾਰੁ ॥੧॥
ਤੁਝਹਿ ਨ ਜੋਹੈ ਕੋ ਮੀਤ ਜਨ ਤੂੰ ਗੁਰ ਕਾ ਦਾਸ ॥
ਪਾਰਬ੍ਰਹਮਿ ਤੂ ਰਾਖਿਆ ਦੇ ਅਪਨੇ ਹਾਥ ॥੧॥ਰਹਾਉ॥
ਜੀਅਨ ਕਾ ਦਾਤਾ ਏਕੁ ਹੈ ਬੀਆ ਨਹੀ ਹੋਰੁ ॥
ਨਾਨਕ ਕੀ ਬੇਨੰਤੀਆ ਮੈ ਤੇਰਾ ਜੋਰੁ ॥੨॥੯॥੭੩॥ *(ਪੰ. 818)*

ਮੀਤ ਹਮਾਰੇ ਸਾਜਨਾ ਰਾਖੇ ਗੋਵਿੰਦ ॥
ਨਿੰਦਕ ਮਿਰਤਕ ਹੋਇ ਗਏ ਤੁਮ੍ ਹੋਹੁ ਨਿਚਿੰਦ ॥੧॥ਰਹਾਉ॥
ਸਗਲ ਮਨੋਰਥ ਪ੍ਰਭਿ ਕੀਏ ਭੇਟੇ ਗੁਰਦੇਵ ॥
ਜੈ ਜੈ ਕਾਰੁ ਜਗਤ ਮਹਿ ਸਫਲ ਜਾ ਕੀ ਸੇਵ ॥੧॥
ਊਚ ਅਪਾਰ ਅਗਨਤ ਹਰਿ ਸਭਿ ਜੀਅ ਜਿਸੁ ਹਾਥਿ ॥
ਨਾਨਕ ਪ੍ਰਭ ਸਰਣਾਗਤੀ ਜਤ ਕਤ ਮੇਰੈ ਸਾਥਿ ॥੨॥੧੦॥੭੪॥ *(ਪੰ. 818-19)*

ਨਿੰਦਕੁ ਐਸੇ ਹੀ ਝਰਿ ਪਰੀਐ ॥
ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ ॥੧॥ਰਹਾਉ॥
ਜਉ ਦੇਖੈ ਛਿਦ੍ਰੁ ਤਉ **ਨਿੰਦਕੁ** ਉਮਾਹੈ ਭਲੋ ਦੇਖਿ ਦੁਖ ਭਰੀਐ ॥
ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ ॥੧॥
ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ ਹਰਿ ਜਨ ਸਿਉ ਬਾਦੁ ਉਠਰੀਐ ॥
ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ ਕਿਆ ਮਾਨਸ ਬਪੁਰੇ ਕਰੀਐ ॥੨॥੯॥੯੫॥

(ਪੰ. 823)

ਆਪਨਾ ਪ੍ਰਭੁ ਆਇਆ ਚੀਤਿ ॥
ਦੁਸਮਨ ਦੁਸਟ ਰਹੇ ਝਖ ਮਾਰਤ ਕੁਸਲੁ ਭਇਆ ਮੇਰੇ ਭਾਈ ਮੀਤ ॥੧॥ਰਹਾਉ॥
ਗਈ ਬਿਆਧਿ ਉਪਾਧਿ ਸਭ ਨਾਸੀ ਅੰਗੀਕਾਰੁ ਕੀਓ ਕਰਤਾਰਿ ॥
ਸਾਂਤਿ ਸੂਖ ਅਰੁ ਅਨਦ ਘਨੇਰੇ ਪ੍ਰੀਤਮ ਨਾਮੁ ਰਿਦੈ ਉਰ ਹਾਰਿ ॥੧॥

SikhBookClub.com

ਜੀਉ ਪਿੰਡੁ ਧਨੁ ਰਾਸਿ ਪ੍ਰਭ ਤੇਰੀ ਤੂੰ ਸਮਰਥੁ ਸੁਆਮੀ ਮੇਰਾ ॥
ਦਾਸ ਅਪੁਨੇ ਕਉ ਰਾਖਨਹਾਰਾ ਨਾਨਕ ਦਾਸ ਸਦਾ ਹੈ ਚੇਰਾ ॥੨॥੨੫॥੧੧੧॥
(ਪੰ. 826)

ਪਾਰਬ੍ਰਹਮ ਪ੍ਰਭ ਭਏ ਕ੍ਰਿਪਾਲ ॥
ਕਾਰਜ ਸਗਲ ਸਵਾਰੇ ਸਤਿਗੁਰ ਜਪਿ ਜਪਿ ਸਾਧੂ ਭਏ ਨਿਹਾਲ ॥੧॥ਰਹਾਉ॥
ਅੰਗੀਕਾਰੁ ਕੀਆ ਪ੍ਰਭਿ ਅਪਨੈ **ਦੋਖੀ** ਸਗਲੇ ਭਏ ਰਵਾਲ ॥
ਕੰਠਿ ਲਾਇ ਰਾਖੇ ਜਨ ਅਪਨੇ ਉਧਰਿ ਲੀਏ ਲਾਇ ਅਪਨੈ ਪਾਲ ॥੧॥
ਸਹੀ ਸਲਾਮਤਿ ਮਿਲਿ ਘਰਿ ਆਏ **ਨਿੰਦਕ** ਕੇ ਮੁਖ ਹੋਏ ਕਾਲ ॥
ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ਗੁਰ ਪ੍ਰਸਾਦਿ ਪ੍ਰਭ ਭਏ ਨਿਹਾਲ ॥੨॥੨੭॥੧੧੩॥
(ਪੰ. 826-27)

ਗੋਂਡ ਮਹਲਾ ੫ ॥
ਜਾ ਕਉ ਰਾਖੈ ਰਾਖਣਹਾਰੁ ॥
ਤਿਸ ਕਾ ਅੰਗੁ ਕਰੇ ਨਿਰੰਕਾਰੁ ॥੧॥ਰਹਾਉ॥
ਮਾਤ ਗਰਭ ਮਹਿ ਅਗਨਿ ਨ ਜੋਹੈ ॥
ਕਾਮੁ ਕ੍ਰੋਧੁ ਲੋਭੁ ਮੋਹੁ ਨ ਪੋਹੈ ॥
ਸਾਧਸੰਗਿ ਜਪੈ ਨਿਰੰਕਾਰੁ ॥
ਨਿੰਦਕ ਕੈ ਮੁਹਿ ਲਾਗੈ ਛਾਰੁ ॥੧॥
ਰਾਮ ਕਵਚੁ ਦਾਸ ਕਾ ਸੰਨਾਹੁ ॥
ਦੂਤ ਦੁਸਟ ਤਿਸੁ ਪੋਹਤ ਨਾਹਿ ॥
ਜੋ ਜੋ ਗਰਬੁ ਕਰੇ ਸੋ ਜਾਇ ॥
ਗਰੀਬ ਦਾਸ ਕੀ ਪ੍ਰਭੁ ਸਰਣਾਇ ॥੨॥
ਜੋ ਜੋ ਸਰਣਿ ਪਇਆ ਹਰਿ ਰਾਇ ॥
ਸੋ ਦਾਸੁ ਰਖਿਆ ਅਪਣੈ ਕੰਠਿ ਲਾਇ ॥
ਜੇ ਕੋ ਬਹੁਤੁ ਕਰੇ ਅਹੰਕਾਰੁ ॥
ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ ॥੩॥
ਹੈ ਭੀ ਸਾਚਾ ਹੋਵਣਹਾਰੁ ॥
ਸਦਾ ਸਦਾ ਜਾਈ ਬਲਿਹਾਰ ॥
ਅਪਣੇ ਦਾਸ ਰਖੇ ਕਿਰਪਾ ਧਾਰਿ ॥
ਨਾਨਕ ਕੇ ਪ੍ਰਭ ਪ੍ਰਾਣ ਅਧਾਰ ॥੪॥੧੯॥੨੦॥ *(ਪੰ. 868)*

ਰਾਗੁ ਗੋਂਡ ਅਸਟਪਦੀਆ ਮਹਲਾ ੫
ਕਰਿ ਨਮਸਕਾਰ ਪੂਰੇ ਗੁਰਦੇਵ ॥
ਸਫਲ ਮੂਰਤਿ ਸਫਲ ਜਾ ਕੀ ਸੇਵ ॥
ਅੰਤਰਜਾਮੀ ਪੁਰਖੁ ਬਿਧਾਤਾ ॥
ਆਠ ਪਹਰ ਨਾਮ ਰੰਗਿ ਰਾਤਾ ॥੧॥
ਗੁਰੁ ਗੋਬਿੰਦ ਗੁਰੂ ਗੋਪਾਲ ॥
ਅਪਨੇ ਦਾਸ ਕਉ ਰਾਖਨਹਾਰ ॥੧॥ਰਹਾਉ॥
ਪਾਤਿਸਾਹ ਸਾਹ ਉਮਰਾਉ ਪਤੀਆਏ ॥
ਦੁਸਟ ਅਹੰਕਾਰੀ ਮਾਰਿ ਪਚਾਏ ॥
ਨਿੰਦਕ ਕੈ ਮੁਖਿ ਕੀਨੋ ਰੋਗੁ ॥
ਜੈ ਜੈ ਕਾਰੁ ਕਰੈ ਸਭੁ ਲੋਗੁ ॥੨॥

SikhBookClub.com

ਸੰਤਨ ਕੈ ਮਨਿ ਮਹਾ ਅਨੰਦੁ ॥
ਸੰਤ ਜਪਹਿ ਗੁਰਦੇਉ ਭਗਵੰਤੁ ॥
ਸੰਗਤਿ ਕੇ ਮੁਖ ਊਜਲ ਭਏ ॥
ਸਗਲ ਥਾਨ **ਨਿੰਦਕ** ਕੇ ਗਏ ॥੩॥
ਸਾਸਿ ਸਾਸਿ ਜਨੁ ਸਦਾ ਸਲਾਹੇ ॥
ਪਾਰਬ੍ਰਹਮ ਗੁਰ ਬੇਪਰਵਾਹੇ ॥
ਸਗਲ ਭੈ ਮਿਟੇ ਜਾ ਕੀ ਸਰਨਿ ॥
ਨਿੰਦਕ ਮਾਰਿ ਪਾਏ ਸਭਿ ਧਰਨਿ ॥੪॥
ਜਨ ਕੀ **ਨਿੰਦਾ ਕਰੈ** ਨ ਕੋਇ ॥
ਜੋ ਕਰੈ ਸੋ ਦੁਖੀਆ ਹੋਇ ॥
ਆਠ ਪਹਰ ਜਨੁ ਏਕੁ ਧਿਆਏ ॥
ਜਮੂਆ ਤਾ ਕੈ ਨਿਕਟਿ ਨ ਜਾਏ ॥੫॥
ਜਨ ਨਿਰਵੈਰ **ਨਿੰਦਕ** ਅਹੰਕਾਰੀ ॥
ਜਨ ਭਲ ਮਾਨਹਿ **ਨਿੰਦਕ** ਵੇਕਾਰੀ ॥
ਗੁਰ ਕੈ ਸਿਖ ਸਤਿਗੁਰੂ ਧਿਆਇਆ ॥
ਜਨ ਉਬਰੇ **ਨਿੰਦਕ** ਨਰਕਿ ਪਾਇਆ ॥੬॥ *(ਪੰ. 869)*

ਭੈਰਉ ਮਹਲਾ ੫ ॥
ਸੰਤ ਕੀ ਨਿੰਦਾ ਜੋਨੀ ਭਵਨਾ ॥
ਸੰਤ ਕੀ ਨਿੰਦਾ ਰੋਗੀ ਕਰਨਾ ॥
ਸੰਤ ਕੀ ਨਿੰਦਾ ਦੂਖ ਸਹਾਮ ॥
ਡਾਨੁ ਦੈਤ **ਨਿੰਦਕ** ਕਉ ਜਾਮ ॥੧॥
ਸੰਤਸੰਗਿ ਕਰਹਿ ਜੋ ਬਾਦੁ ॥
ਤਿਨ ਨਿੰਦਕ ਨਾਹੀ ਕਿਛੁ ਸਾਦੁ ॥੧॥ਰਹਾਉ॥
ਭਗਤ ਕੀ ਨਿੰਦਾ ਕੰਧੁ ਛੇਦਾਵੈ ॥
ਭਗਤ ਕੀ ਨਿੰਦਾ ਨਰਕੁ ਭੁੰਚਾਵੈ ॥
ਭਗਤ ਕੀ ਨਿੰਦਾ ਗਰਭ ਮਹਿ ਗਲੈ ॥
ਭਗਤ ਕੀ ਨਿੰਦਾ ਰਾਜ ਤੇ ਟਲੈ ॥੨॥
ਨਿੰਦਕ ਕੀ ਗਤਿ ਕਤਹੂ ਨਾਹਿ ॥
ਆਪਿ ਬੀਜਿ ਆਪੇ ਹੀ ਖਾਹਿ ॥
ਚੋਰ ਜਾਰ ਜੂਆਰ ਤੇ ਬੁਰਾ ॥
ਅਣਹੋਦਾ ਭਾਰੁ **ਨਿੰਦਕਿ** ਸਿਰਿ ਧਰਾ ॥੩॥
ਪਾਰਬ੍ਰਹਮ ਕੇ ਭਗਤ ਨਿਰਵੈਰ ॥
ਸੋ ਨਿਸਤਰੈ ਜੋ ਪੂਜੈ ਪੈਰ ॥
ਆਦਿ ਪੁਰਖਿ **ਨਿੰਦਕੁ** ਭੋਲਾਇਆ ॥
ਨਾਨਕ ਕਿਰਤੁ ਨ ਜਾਇ ਮਿਟਾਇਆ ॥੪॥੨੧॥੩੪॥ *(ਪੰ. 1145)*

ਸਾਰਗ ਮਹਲਾ ੫ ॥
ਅੰਧੇ ਖਾਵਹਿ ਬਿਸੂ ਕੇ ਗਟਾਕ ॥
ਨੈਨ ਸ੍ਰਵਨ ਸਰੀਰੁ ਸਭੁ ਹੁਟਿਓ ਸਾਸੁ ਗਇਓ ਤਤ ਘਾਟ ॥੧॥ਰਹਾਉ॥
ਅਨਾਥ ਰਞਾਣਿ ਉਦਰੁ ਲੇ ਪੋਖਹਿ ਮਾਇਆ ਗਈਆ ਹਾਟਿ ॥
ਕਿਲਬਿਖ ਕਰਤ ਕਰਤ ਪਛੁਤਾਵਹਿ ਕਬਹੁ ਨ ਸਾਕਹਿ ਛਾਂਟਿ ॥੧॥

SikhBookClub.com

ਨਿੰਦਕੁ ਜਮਦੂਤੀ ਆਇ ਸੰਘਾਰਿਓ ਦੇਵਹਿ ਮੂੰਡ ਉਪਰਿ ਮਟਾਕ॥
ਨਾਨਕ ਆਪਨ ਕਟਾਰੀ ਆਪਸ ਕਉ ਲਾਈ ਮਨੁ ਅਪਨਾ ਕੀਨੋ ਫਾਟ॥੨॥੮੨॥੧੦੫॥
(ਪੰ. 1224)

ਟੂਟੀ ਨਿੰਦਕ ਕੀ ਅਧ ਬੀਚ॥
ਜਨ ਕਾ ਰਾਖਾ ਆਪਿ ਸੁਆਮੀ **ਬੇਮੁਖ** ਕਉ ਆਇ ਪਹੂਚੀ ਮੀਚ॥੧॥ਰਹਾਉ॥
ਉਸ ਕਾ ਕਹਿਆ ਕੋਇ ਨ ਸੁਣਈ ਕਹੀ ਨ ਬੈਸਣੁ ਪਾਵੈ॥
ਈਹਾਂ ਦੁਖੁ ਆਗੈ ਨਰਕੁ ਭੁੰਚੈ ਬਹੁ ਜੋਨੀ ਭਰਮਾਵੈ॥੧॥
ਪ੍ਰਗਟੁ ਭਇਆ ਖੰਡੀ ਬ੍ਰਹਮੰਡੀ ਕੀਤਾ ਅਪਣਾ ਪਾਇਆ॥
ਨਾਨਕ ਸਰਣਿ ਨਿਰਭਉ ਕਰਤੇ ਕੀ ਅਨਦ ਮੰਗਲ ਗੁਣ ਗਾਇਆ॥੨॥੮੩॥੧੦੬॥
(ਪੰ. 1224)

ਮਲਾਰ ਮਹਲਾ ੫॥
ਪ੍ਰੀਤਮ ਸਾਚਾ ਨਾਮੁ ਧਿਆਇ॥
ਦੂਖ ਦਰਦ ਬਿਨਸੈ ਭਵ ਸਾਗਰੁ ਗੁਰ ਕੀ ਮੂਰਤਿ ਰਿਦੈ ਬਸਾਇ॥੧॥ਰਹਾਉ॥
ਦੁਸਮਨ ਹਤੇ **ਦੋਖੀ** ਸਭਿ ਵਿਆਪੇ ਹਰਿ ਸਰਣਾਈ ਆਇਆ॥
ਰਾਖਨਹਾਰੈ ਹਾਥ ਦੇ ਰਾਖਿਓ ਨਾਮੁ ਪਦਾਰਥੁ ਪਾਇਆ॥੧॥
ਕਰਿ ਕਿਰਪਾ ਕਿਲਵਿਖ ਸਭਿ ਕਾਟੇ ਨਾਮੁ ਨਿਰਮਲੁ ਮਨਿ ਦੀਆ॥
ਗੁਣ ਨਿਧਾਨੁ ਨਾਨਕ ਮਨਿ ਵਸਿਆ ਬਾਹੁੜਿ ਦੂਖ ਨ ਥੀਆ॥੨॥੪॥੮॥
(ਪੰ. 1268)

ਪ੍ਰਭ ਕੋ ਭਗਤਿ ਬਛਲੁ ਬਿਰਦਾਇਓ॥
ਨਿੰਦਕ ਮਾਰਿ ਚਰਨ ਤਲ ਦੀਨੇ ਅਪੁਨੋ ਜਸੁ ਵਰਤਾਇਓ॥੧॥ਰਹਾਉ॥
ਜੈ ਜੈ ਕਾਰੁ ਕੀਨੋ ਸਭ ਜਗ ਮਹਿ ਦਇਆ ਜੀਅਨ ਮਹਿ ਪਾਇਓ॥
ਕੰਠਿ ਲਾਇ ਅਪੁਨੋ ਦਾਸੁ ਰਾਖਿਓ ਤਾਤੀ ਵਾਉ ਨ ਲਾਇਓ॥੧॥
ਅੰਗੀਕਾਰੁ ਕੀਓ ਮੇਰੇ ਸੁਆਮੀ ਭ੍ਰਮੁ ਭਉ ਮੇਟਿ ਸੁਖਾਇਓ॥
ਮਹਾ ਅਨੰਦ ਕਰਹੁ ਦਾਸ ਹਰਿ ਕੇ ਨਾਨਕ ਬਿਸ੍ਵਾਸੁ ਮਨਿ ਆਇਓ॥੨॥੧੪॥੧੮॥
(ਪੰ. 1270)

ਉਪਰੋਕਤ ਸ਼ਬਦਾਂ ਤੋਂ ਇਲਾਵਾ, ਪੰਚਮ ਪਾਤਸ਼ਾਹ ਨੇ ਗਉੜੀ ਸੁਖਮਨੀ ਦੀ ਤੇਰ੍ਹਵੀਂ ਅਸਟਪਦੀ ਵਿਚ[14] ਸੰਤ ਜਨਾਂ ਦੇ ਨਿੰਦਕਾਂ ਜਾਂ ਦੋਖੀਆਂ ਨੂੰ ਬਾਰ ਬਾਰ ਫਿਟਕਾਰਿਆ ਹੈ। ਜਿਵੇਂ "ਸੰਤ ਕਾ ਨਿੰਦਕੁ ਮਹਾ ਹਤਿਆਰਾ", "ਸੰਤ ਕੇ ਨਿੰਦਕ ਕਉ ਸਰਬ ਰੋਗ", "ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ", "ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ"।

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਨਿੰਦਕਾਂ ਪ੍ਰਤੀ ਫ਼ੁਰਮਾਏ ਸ਼ਬਦਾਂ ਦੀ ਬਹੁਲਤਾ ਤੋਂ ਉਨ੍ਹਾਂ ਦੀ ਪਿਰਥੀ ਚੰਦ ਤੇ ਮੁਗ਼ਲ ਸਰਕਾਰ ਵੱਲੋਂ ਹੋਈ ਮੁਖ਼ਾਲਫ਼ਤ ਦੀ ਤੀਖਣਤਾ ਦਾ ਭਲੀ ਪ੍ਰਕਾਰ ਅੰਦਾਜ਼ਾ ਲਾਇਆ ਜਾ ਸਕਦਾ ਹੈ।

14. *ਸ੍ਰ.ਗੁ.ਗ੍ਰੰ.ਸਾ.*, ਪੰ. 279-80.

SikhBookClub.com

ਜ਼ਮੀਮਾ ਨੰ. 4 : ਪ੍ਰੋ.ਪ੍ਰੀਤਮ ਸਿੰਘ ਹ.ਲਿ. 78 ਵਿਚ ਛੋਟੇ ਮੇਲ ਦੀ ਰਚਨਾ

		ਮ: ੬	ਮ: ੭	ਮ: ੮	ਮ: ੯	ਮ: ੧੦	ਮ: ੧੧	ਮ: ੧੨	ਮ: ੧੩	ਸੂਰਿਦਾਸ	ਜੋੜ ਸ਼ਬਦ
ਜਪੁ	ਆ.ਗ੍ਰੰ	—	1	1	—	—	—	—	—	—	
ਵਾਰ ਸ੍ਰੀ ਰਾਗੁ	—	ਹਾਂ	—	—	—	—	—	—	—	—	
ਵਾਰ ਗਉੜੀ	—	ਹਾਂ	ਹਾਂ	ਹਾਂ	—	—	ਹਾਂ	—	—	—	
ਗਉੜੀ ਸਰਬਗੁਣੀ	—	ਹਾਂ	—	—	—	—	—	—	—	—	
ਵਾਰ ਭੈਰੋ	—	—	ਹਾਂ	—	—	—	—	—	—	—	
ਵਾਰ ਮਲਾਰ	—	—	ਹਾਂ	—	—	—	—	—	—	—	
ਵਾਰ ਕਲਿਆਨ	—	—	—	ਹਾਂ	—	—	—	—	—	—	
ਗਉੜੀ ਸਬਦ	—	—	—	1	—	—	—	—	—	—	1
ਮਾਝ ਸਬਦ	—	—	—	1	—	—	—	—	—	—	1
ਰਾਗੁ ਸ੍ਰੀਰਾਗੁ	—	6	6	6	—	1	—	—	—	—	19
ਰਾਗੁ ਮਾਝ	—	17	8	33	2	1	1	6	—	—	68
ਰਾਗੁ ਗਉੜੀ	—	9	8	24	—	—	—	—	—	—	41
ਰਾਗੁ ਆਸਾ	—	9	6	15	—	—	—	—	—	—	30
ਰਾਗੁ ਗੂਜਰੀ	—	3	7	7	—	—	—	—	—	—	17
ਰਾਗੁ ਮਾਲਵਾ	—	—	—	4	—	—	—	—	—	—	4
ਰਾਗੁ ਅਸਾਵਰੀ	—	1	—	—	—	—	—	—	—	—	1
ਰਾਗੁ ਵਡਹੰਸ	—	6	2	4	—	—	—	—	—	—	12
ਰਾਗੁ ਸੋਰਠਿ	—	7	2	5	2	—	—	—	—	—	16
ਰਾਗੁ ਧਨਾਸਰੀ	—	8	8	8	—	—	—	1	1	7	33
ਰਾਗੁ ਤਿਲੰਗ	—	8	6	7	—	1	—	—	—	—	22
ਰਾਗੁ ਸੂਹੀ	—	6	9	11	—	—	—	—	—	—	26
ਰਾਗੁ ਬਿਲਾਵਲ	—	7	7	9	—	1	—	1	—	—	25
ਰਾਗੁ ਰਾਮਕਲੀ	—	6	6	8	—	—	—	—	—	—	20
ਰਾਗੁ ਨਟ ਨਾਰਾਇਣ	—	1	—	1	—	—	—	—	—	—	2
ਰਾਗੁ ਮਾਰੂ	—	6	7	10	—	1	—	—	—	—	24
ਰਾਗੁ ਤੁਖਾਰੀ	—		1	5	—	—	—	—	—	—	6
ਰਾਗੁ ਭੈਰਉ	—	4	2	2	—	—	—	—	—	—	8
ਰਾਗੁ ਬਸੰਤ	—	5	5	10	—	—	—	—	—	—	20
ਰਾਗੁ ਸਾਰਗ	—	—	—	3	—	—	—	—	—	—	3
ਰਾਗੁ ਮਲ੍ਹਾਰ	—	6	6	6	—	—	—	—	—	1	19
ਰਾਗੁ ਪਰਭਾਤੀ	—	—	2	2	—	—	—	—	—	—	4
ਸਲੋਕੁ	ਸੰਪਾਦਕ	—	—	—	—	—	—	—	—	1	
ਸਵਈਏ ਮ: ੧-ਮ: ੫	ਆ.ਗ੍ਰੰ										ਚੋਣਵੇਂ
ਮ: ੬ ਤੇ ਮ: ੭ ਕੇ	ਕੇਸੋਦਾਸ										14

ਮਹਲਾ ੬ : ਪਿਰਥੀ ਚੰਦ, ਮਹਲਾ ੭ : ਮਿਹਰਵਾਨ, ਮਹਲਾ ੮ : ਹਰਿ ਜੀ, ਮਹਲਾ ੯ : ਹਰਿ ਨਾਰਾਇਣ, ਮਹਲਾ ੧੦ : ਕਉਲ ਨੈਨ, ਮਹਲਾ ੧੧ : ਹਰਿ ਨੰਦ, ਮਹਲਾ ੧੨ : ਅਭੈ ਰਾਮ, ਮਹਲਾ ੧੩ : ਨਿਰਭਉ। ਆ.ਗ੍ਰੰ. : ਆਦਿ ਗ੍ਰੰਥ।

SikhBookClub.com

ਜ਼ਮੀਮਾ ਨੰ. 5 : ਛੋਟੇ ਮੇਲ ਦੇ ਸਮਕਾਲੀ

ਸਿੱਖ ਗੁਰੂ ਸਾਹਿਬਾਨ ਤੇ ਹੋਰ	*ਜਨਮ-ਗੁ-ਕਾ.*	*ਛੋਟਾ ਮੇਲ : ਸ਼ਾਖ਼* ਢਿੱਲਵਾਂ, ਕੋਠਾ ਗੁਰੂ	*ਮੁਹੰਮਦੀਪੁਰ, ਗੁਰੂਹਰਸਹਾਇ*	*ਘਰਾਚੋਂ*	*ਮੁਗ਼ਲ ਬਾਦਸ਼ਾਹ*	
ਗੁਰੂ ਅਮਰ ਦਾਸ	1479-1552-1574				ਅਕਬਰ	1556-1605
ਗੁਰੂ ਰਾਮ ਦਾਸ	1534-1574-1581					
ਗੁਰੂ ਅਰਜਨ ਦੇਵ	1563-1581-1606		ਪਿਰਥੀ ਚੰਦ (1558-1619)		ਜਹਾਂਗੀਰ	1605-1627
ਬਾਬਾ ਬੁਢਾ	1506-1631					
ਭਾਈ ਗੁਰਦਾਸ	1551-1636					
ਗੁਰੂ ਹਰਿ ਗੋਬਿੰਦ	1595-1606-1644		ਮਿਹਰਵਾਨ (1581-1640)		ਸ਼ਾਹਜਹਾਨ	1628-1658
ਗੁਰੂ ਹਰਿ ਰਾਇ	1630-1644-1661	ਹਰਿ ਜੀ (ਦੇ. 1696)		ਕਰਨ ਮੱਲ	ਔਰੰਗਜ਼ੇਬ	1658-1707
ਗੁਰੂ ਹਰਿ ਕ੍ਰਿਸ਼ਨ	1656-1661-1664	ਹਰਿ ਨਾਰਾਇਣ	ਹਰਿਗੋਪਾਲ	ਸੋਹਨ ਦਾਸ		
ਗੁਰੂ ਤੇਗ ਬਹਾਦਰ	1621-1664-1675		ਗੁਰਦਿੱਤਾ	ਨਿਰੰਜਨ ਰਾਇ		
ਗੁਰੂ ਗੋਬਿੰਦ ਸਿੰਘ	1666-1675-1708		ਜੀਵਨ ਮੱਲ (ਜ. 1694)		ਬਹਾਦਰ ਸ਼ਾਹ	1707-1712
					ਜਹਾਂਦਾਰ ਸ਼ਾਹ	1712-1713
ਬੰਦਾ ਬਹਾਦਰ	1670-1716	ਕੌਲ ਸਾਹਿਬ (1639-1717)			ਫ਼ਰੁੱਖ਼ਸੀਅਰ	1713-1719
		ਹਰੀਨੰਦ			ਮੁਹੰਮਦਸ਼ਾਹ ਰੰਗੀਲਾ	1719-1748
					ਨਾਦਰਸ਼ਾਹ ਹਮਲਾ	1739-1740
					ਅਬਦਾਲੀ 9 ਹਮਲੇ	1747-1769
			ਹਰਿ ਸਹਾਇ (1725-1750)		ਅਹਿਮਦ ਸ਼ਾਹ	1748-1754
		ਅਭੈ ਰਾਮ (ਦੇ. 1761)			ਆਲਮਗੀਰ 2	1754-1759
ਜੱਸਾ ਸਿੰਘ ਆਹਲੂਵਾਲੀਆ	1718-1783	ਨਿਰਭਉ (ਦੇ. 1779)				
ਸਿੱਖ ਰਾਜ	1799-1849	ਦੀਦਾਰ ਦਾਸ (ਦੇ. 1815)	ਅਜੀਤ ਸਿੰਘ (ਦੇ. 1813)	ਦੱਖਣੀ ਰਾਇ (ਦੇ. 1815)	ਸ਼ਾਹ ਆਲਮ 2	1759-1806
		ਮਹਾਂ ਸਿੰਘ	ਹਮੀਰ ਸਿੰਘ (ਦੇ. 1834)			

SikhBookClub.com

ਜ਼ਮੀਮਾ ਨੰ. 6 : ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਹ.ਲਿ. 359

ਇਹ ਪੁਰਾਤਨ ਗੋਸ਼ਟਿ-ਸੰਗ੍ਰਹਿ ਸਾਡੇ ਕਾਰਜ ਲਈ ਇਕ ਬੜੀ ਮਹੱਤਾ ਵਾਲੀ ਹੱਥ-ਲਿਖਤ ਹੈ, ਕਿਉਂਕਿ ਇਸ ਵਿਚ ਸ਼ਾਮਿਲ ਬਹੁਤ ਸਾਰੀਆਂ ਕਿਰਤਾਂ ਨੂੰ ਮਿਹਰਵਾਨ ਨਾਲ ਜੋੜਿਆ ਜਾ ਸਕਦਾ ਹੈ। ਭਾਸ਼ਾ ਵਿਭਾਗ ਦੀਆਂ ਸੂਚੀਆਂ ਵਿਚ ਇਹ ਸੋਢੀ ਮਿਹਰਵਾਨ ਦੀ ਰਚਨਾ ਮੰਨੀ ਗਈ ਹੈ।[15]

ਦੱਸਿਆ ਜਾਂਦਾ ਹੈ ਕਿ ਇਹ ਪ੍ਰਾਚੀਨ ਖਰੜਾ ਸੰਤ ਇੰਦਰ ਸਿੰਘ ਚਕ੍ਰਵਰਤੀ ਨੂੰ ਜ਼ਿਲਾ ਬਠਿੰਡਾ ਦੇ ਪਿੰਡ ਮਾਈਸਰਖ਼ਾਨਾ ਦੇ ਇਕ ਨਾਮਧਾਰੀ ਸਿੰਘ ਪਾਸੋਂ ਪ੍ਰਾਪਤ ਹੋਇਆ ਸੀ।

ਇਸ ਹ.ਲਿ. ਪੋਥੀ ਦਾ ਆਕਾਰ: 9½ x 12½" ਹੈ। ਵਿਸ਼ੇ-ਸੂਚੀ ਦੇ 3 ਪੱਤਰਿਆਂ ਦੇ ਪਹਿਲੇ 2 ਪੱਤਰੇ ਗੁੰਮ ਹਨ। ਅੱਗੇ ਪੱਤਰਾ 4-407 ਤਕ ਪਾਠ ਹੈ। ਪੋਥੀ ਅਧੂਰੀ ਹੈ, ਅੰਤ ਵਿਚ 10 ਖੁੱਲ੍ਹੇ ਫੁਟਕਲ ਅੰਕਹੀਣ ਪੱਤਰੇ ਹਨ ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ। ਖਰੜਾ ਅਥਿਤ ਹੈ, ਉਂਜ ਲਿਖਤ ਬਹੁਤ ਪੁਰਾਣੀ ਹੈ। ਪੋਥੀ ਵਿਚ ਸੰਮਿਲਤ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਰਚਨਾ	*ਪੱਤਰਾ*
1. ਗੋਸਟਿ ਸ੍ਰੀ ਗੋਰਖਨਾਥ ਕੀ	4ੳ-44ਅ
2. ਗੋਸਟਿ ਸ੍ਰੀ ਗੋਰਖ ਬਿਆਸ ਕੀ	45ੳ-49ਅ
3. ਗੋਸਟਿ ਸ੍ਰੀ ਗੋਰਖ ਨਾਥ ਅਰੁ (ਨਾਗਾਅਰਜਨ) ਨਾਗਾਰਜੁਨ ਕੀ	49ਅ-51ਅ
4. ਗੋਸਟਿ ਸ੍ਰੀ ਗੋਪੀ ਚੰਦ ਕੀ	51ਅ-59ੳ
5. ਗੋਸਟਿ ਜੋ ਵਰਭੰਡੇ ਸੋਈ ਪਿੰਡੇ ਕੀ	59ੳ-66ਅ
6. ਗੁਰਉਪਦੇਸ	67ੳ-71ੳ
7. ਕਥਾ ਆਦਿ ਨਿਰੰਜਨ ਕਰਤਾ ਪੁਰਖ ਕੀ	71ਅ-74ਅ
8. ਗੋਸਟਿ ਆਦਿ ਪੂਰਬਲੀ	74ਅ-80ੳ
9. ਖ਼ਾਲੀ	80ਅ
10. ਆਦਿ ਕਥਾ ਰਾਜੇ ਭਰਥਰੀ ਕੀ	81ੳ-120ੳ
11. ਖ਼ਾਲੀ	120ਅ-123ਅ
12. ਮਿਰਜਾਦਾ ਭਗਤਾਂ ਕੀ	124ੳ-124ਅ
13. ਕਿੱਸਾ ਸਲੇਮੇ (ਸੁਲੇਮਾਨ) ਪਿਕੰਬਰ ਕਾ	125ੳ-135ਅ
14. ਗੁਫ਼ਤਾਰ ਸਾਦਕਾਂ ਕੀ	135ਅ-136ਅ
15. ਬੀਚਾਰ ਫਕੀਰੀ ਕਾ	136ਅ-139ੳ
16. ਫਟੇ ਹੋਏ, ਗੁੰਮ	139ਅ-141ਅ

15. *ਪੰ.ਹ.ਲਿ.ਸੂ*, ਭਾਗ ਦੂਜਾ, ਪੰ. 232-233 ਅਤੇ *ਭਾਸ਼ਾ ਵਿਭਾਗ ਹਵਾਲਾ ਲਾਇਬ੍ਰੇਰੀ ਦੇ ਹੱਥ-ਲਿਖਤ ਗ੍ਰੰਥਾਂ ਦੀ ਵਿਵਰਣਾਤਮਕ ਸੂਚੀ*, ਮਦਨ ਲਾਲ ਹਸੀਜਾ, ਗੁਰਮੁਖ ਸਿੰਘ, (ਸੰਪਾ.), 2001, ਪੰ. 396-398.

SikhBookClub.com

ਰਚਨਾ	ਪੱਤਰਾ
17. ਚਾਰ ਬਾਤਾਂ ਆਤਮੇ ਕੀਆਂ	142ੳ-144ਅ
18. ਮਸਲਾ ਬਾਬੇ ਆਦਮ ਸਫੀ ਕਾ	144ਅ-160ੳ
19. ਮਸਲਾ ਹਸਨ ਹੁਸੇਨ ਕਾ	160ਅ-184ਅ
20. ਮਸਲਾ ਮੂਸੇ ਪੈਕੰਬਰ ਕਾ	185ੳ-190ੳ
21. ਗੋਸਟਿ ਸਧਨੇ ਗੁਸਾਈ ਕੀ	190ੳ-197ਅ
22. ਗੋਸਟਿ ਮਾਰਫ਼ਤ ਕੀ	198ੳ-199ਅ
23. ਮਸਲੇ ਸੇਖ ਫਰੀਦ ਕੇ (ਛਪ ਚੁੱਕੇ ਹਨ)	199ਅ-256ੳ
24. ਗੋਸਟਿ ਫਕੀਰਨੀ ਸਾਦਿਕ ਦੀ ਭਾਖਣੇ	256ਅ-262ਅ
25. ਫਟੇ ਹੋਏ, ਗੁੰਮ	263ੳ-265ਅ
26. ਕਥਾ ਧੰਨੇ ਕੇ ਜਨਮ ਕੀ	266ੳ-267ਅ
27. ਰਾਗ ਗਉੜੀ ਕਾਨੇ ਕੇ ਪਦੇ	268ੳ- ?
28. ਗੋਸਟਿ ਕਾਨੇ੍ ਭਗਤ ਕੀ (ਆਦਿ ਕਥਾ-)	279ੳ,ਅ
29. ਫਟੇ ਹੋਏ, ਗੁੰਮ	280ੳ-288ੳ
30. ਪ੍ਰਜਾਯ ਵਾਚੀ ਕੋਸ਼	288ਅ-298ਅ
31. ਫਟੇ ਹੋਏ, ਗੁੰਮ	299ੳ-301ੳ
32. ਸ੍ਰੀਰਾਗ ਮਹਲਾ ੭	301ਅ
33. ਖ਼ਾਲੀ	302ੳ
34. ਗੋਸਟਿ ਸ੍ਰੀ ਠਾਕੁਰ ਊਧਉ ਜੀ ਕੀ	302ਅ-314ੳ
35. ਬੀਚਾਰ ਦੇਹੀ ਕਾ (ਇਹ ਸੰਤੇ ਕੀ ਪੋਥੀ ਉਤੋਂ ਲਿਖਿਆ)	314ਅ-316ਅ
36. ਕਥਾ ਸ੍ਰੀ ਗੋਰਖ ਨਾਥ ਜੀ ਕੀ (ਇਹ ਸੰਤੇ ਕੀ ਪੋਥੀ ਉਤੋਂ ਲਿਖਿਆ)	317ੳ-319ਅ
37. ਦਸ ਅਵਤਾਰ ਕਾ ਬਿਉਰਾ ਤੇ ਨਉ ਭਗਤਿ ਕੇ ਪ੍ਰਕਾਰ	319ਅ-324ੳ
38. ਖ਼ਾਲੀ	324ਅ
39. ਗੁਰ ਮਨਿ ਕੀ ਕਥਾ	325ੳ-338ੳ
40. ਪੰਦ੍ਹ ਥਿਤਿ ਸ੍ਰੀ ਗੋਰਖ ਨਾਥ ਕੀਆਂ (ਸੰਗਤੀਏ ਕੀ ਪੋਥੀ ਉਤੋਂ ਲਿਖਿਆ)	338ੳ-339
41. ਵਾਰ ਸ੍ਰੀ ਗੋਰਖ ਕੇ	339ੳ,ਅ
42. ਦਸ ਅਖਾਣ (ਲਖਣ ?) ਜੋਗ ਕੇ	340ੳ-341ੳ
43. ਚਾਰ ਮਹਲ ਆਤਮਾ ਕੇ	341ੳ-342 ?
44. ਜੋਗ	343 ?-344ੳ
45. ਖਿੰਥੜਾ ਪ੍ਰਬੰਧ ?	344ਅ ?-346

SikhBookClub.com

ਰਚਨਾ	ਪੱਤਰਾ
46. ਖ਼ਾਲੀ	347 ?
47. ਕਥਾ ਸ੍ਰੀ ਗੁਸਾਈ ਨਾਮ ਦੇਉ ਕੀ	348ੳ-349ਅ
48. ਗੋਸਟਿ ਸ੍ਰੀ ਗੁਸਾਈ ਕਬੀਰ ਜੀ ਕੀ	349ਅ-354ਅ
49. ਕਥਾ ਗੁਸਾਈ ਰਵਿਦਾਸ ਜੀ ਕੀ ਸਮਾਵਣ ਕੀ	355ੳ-358ਅ
50. ਗੋਸ੍ਰਿ ਗੁਸਾਈ ਧੰਨੇ ਜੀ ਕੀ	359ੳ-361ੳ
51. ਗੋਸਟਿ ਬੇਣੀ ਭਗਤ ਕੀ (ਅਧੂਰੀ, ਕਾਗ਼ਜ਼ ਚਪਕਾਏ ਹੋਏ)	361ਅ-362ਅ
52. ਕਥਾ ਸੂਰ ਗੁਸਾਈ ਕੀ	363ੳ-367ਅ
53. ਆਦਿ ਕਥਾ ਮੁਹੰਮਦ ਕੀ	368ੳ-371ੳ
54. ਮਸਲਾ ਹਜ਼ਰਤ ਰਸੂਲ ਕਾ	371ਅ-373ਅ
55. ਮਸਲਾ ਪੰਜਾਹਵਾਂ ਨਿਹਕਲੰਕੀ ਅਵਤਾਰ ਕਾ	374ੳ-377ਅ
56. ਗਿਆਨ ਤਿਲਕ ਰਾਮਾਨੰਦ ਗੁਸਾਈ ਕਾ, ਗੰਗਾ ਗਾਇਤ੍ਰੀ ਸਮੇਤ	378ੳ-380ੳ
57. ਗੁੰਮ	381
58. ਖ਼ਾਲੀ	382ੳ-388ਅ
59. ਗੋਸਟਿ ਡਾਖਣੀ ਪੀਰ ਮੁਰੀਦੀ ਕੀ	389ੳ-393ੳ
60. ਖ਼ਾਲੀ	393ਅ-397ੳ
61. ਗੋਸਟਿ ਗੋਰਖ ਗੁਸਾਈ ਕੀ	397ਅ-400ੳ
62. ਗੋਸਟਿ ਸ੍ਰੀ ਨਾਮੇ ਤ੍ਰਿਲੋਚਨ ਕੀ	400ਅ-407ੳ
63. ਕਥਾ ਸ੍ਰੀ ਨਾਮੇ ਤ੍ਰਿਲੋਚਨ ਕੀ ਦੂਸਰੀ ਚਾਲੀ, ਆਦਿ (ਅਧੂਰੀ)	407ੳ-407ਅ

64. ਅਗਲੇ 10 ਕੁ ਪੱਤਰੇ ਖੁੱਲ੍ਹੇ, ਬੇਤਰਤੀਬੇ, ਅੰਕ-ਰਹਿਤ ਹਨ।

SikhBookClub.com

ਜ਼ਮੀਮਾ ਨੰ. 7 : ਛੋਟੇ ਮੇਲ ਦਾ ਸ਼ਜਰਾ

ਮਹਲਾ ੧ : ਗੁਰੂ ਨਾਨਕ ਦੇਵ (1469-1539)

ਮਹਲਾ ੨ : ਗੁਰੂ ਅੰਗਦ ਦੇਵ (1504-1552)

ਮਹਲਾ ੩ : ਗੁਰੂ ਅਮਰ ਦਾਸ (1479-1574)

ਮਹਲਾ ੪ : ਗੁਰੂ ਰਾਮ ਦਾਸ (1534-1581)
(ਤਿੰਨ ਸੁਪੁੱਤਰ : ਪਿਰਥੀ ਚੰਦ, ਮਹਾਦੇਵ, ਅਰਜਨ ਦੇਵ)

ਮਹਲਾ ੫ : ਗੁਰੂ ਅਰਜਨ ਦੇਵ (1563-1606)

(ਏਥੋਂ ਤਕ ਛੋਟੇ ਮੇਲ ਤੇ ਸਿੱਖ ਮੁਖ ਧਾਰਾ ਦੀ ਗੁਰ-ਪ੍ਰਣਾਲੀ ਸਾਂਝੀ ਹੈ)

ਛੋਟਾ ਮੇਲ

ਮਹਲਾ ੬ : ਪਿਰਥੀ ਚੰਦ (ਗੁਰੂ ਸਾਹਿਬ) (1558-1619)
(ਚਾਰ ਬੇਟੇ : ਮਨੋਹਰ ਦਾਸ, ਲਾਲ ਚੰਦ, ਨਿਹਾਲ ਚੰਦ, ਚੰਦਰਸੇਨ)

ਮਹਲਾ ੭ : ਮਨੋਹਰ ਦਾਸ (ਗੁਰੂ ਮਿਹਰਵਾਨ) (1581-1640)

- ਕਰਨ/ ਕਿਸ਼ਨ ਮੱਲ (ਬੁਤਾਲਾ)
  - ਸੋਹਨ ਦਾਸ
  - ਨਿਰੰਜਨ ਰਾਇ
  - ਦੱਖਣੀ ਰਾਇ (ਦੇ. 1815) (ਘਰਾਚੋਂ)
    - ਧਰਮ ਜੱਸ (ਘਰਾਚੋਂ)
    - ਨਾਨਕ ਬਖ਼ਸ਼ (ਕਪਿਆਲ)
- ਮਹਲਾ ੮ : ਹਰਿ ਜੀ (ਦੇ. 1696)
  - *(ਮੁਹੰਮਦੀਪੁਰ)*
    - ਹਰਿ ਗੋਪਾਲ
    - ਗੁਰਦਿਤਾ
    - ਜੀਵਨ ਮੱਲ (ਜ. 1694) (ਗੁਰੂ ਹਰਸਹਾਇ)
    - ਹਰਿ ਸਹਾਇ (1725-1750)
    - ਅਜੀਤ ਸਿੰਘ (ਦੇ. 1813)
    - ਹਮੀਰ ਸਿੰਘ (ਦੇ. 1834)
    - ਗੁਲਾਬ ਸਿੰਘ (ਦੇ. 1868)
    - ਫਤਿਹ ਸਿੰਘ (ਦੇ. 1879)
    - ਬਿਸ਼ਨ ਸਿੰਘ (ਦੇ. 1910)
    - ਜਸਵੰਤ ਸਿੰਘ (ਦੇ. 1971)
    - ਆਤਮਜੀਤ ਸਿੰਘ (ਦੇ. 1979)
    - ਹਰੇਸ਼ ਸਿੰਘ (ਜ. 1946 ਦਸਤਬਰਦਾਰੀ 1995)
    - ਯੁਵਰਾਜ ਸਿੰਘ (ਜ. 1994)
  - *(ਢਿੱਲਵਾਂ/ਕੋਠਾ ਗੁਰੂ)*
    - ਮ: ੯ ਹਰਿ ਨਾਰਾਇਣ
    - ਮ: ੧੦ ਕਉਲ ਨੈਨ (1639-1717)
    - ਮ: ੧੧ ਹਰਿਨੰਦ (ਦੇ. 1717 ਤੋਂ ਪਹਿਲਾਂ)
    - ਮ: ੧੨ ਅਭੈ ਰਾਮ (ਦੇ. 1761)
    - ਮ: ੧੩ ਨਿਰਭਉ (ਦੇ. 1779)
    - ਮ: ੧੪ ਦੀਦਾਰ ਦਾਸ (ਦੇ. 1815)
    - ਮਹਾਂ ਸਿੰਘ
- ਚਤਰਭੋਜ (ਹਰਨਪੁਰ)

ਮੁਖ ਧਾਰਾ

ਗੁਰੂ ਹਰਿਗੋਬਿੰਦ (1595-1644)

ਗੁਰੂ ਹਰਿ ਰਾਇ (1630-1661)

ਗੁਰੂ ਹਰਿ ਕ੍ਰਿਸ਼ਨ (1656-1664)

ਗੁਰੂ ਤੇਗ ਬਹਾਦਰ (1621-1675)

ਗੁਰੂ ਗੋਬਿੰਦ ਸਿੰਘ (1666-1708)

SikhBookClub.com

ਸਹਾਇਕ ਪੁਸਤਕ-ਸੂਚੀ

ਹੱਥ-ਲਿਖਤਾਂ

ਸਿ.ਰੈ.ਲਾ. 3510, 1779 ਈ., ਹੱਥੀਂ ਕੀਤਾ ਉਤਾਰਾ, ਸ.ਸ. ਪਦਮ, ਮਲੇਰਕੋਟਲਾ, *ਗੋਸ਼ਟਾਂ ਮਿਹਰਵਾਨ*

ਸਿ.ਰੈ.ਲਾ. 3512, *ਸਾ.ਹ.ਲਿ.ਪੰ.ਸਾ.*, ਪੰ. 246, *ਆਸਾ ਦੀ ਵਾਰ ਮਹਲਾ ੮*

ਸੈਂ.ਸ.ਲਾ. 671, *ਸਾਖੀ ਸੰਗ੍ਰਹਿ*

ਸੈ.ਸ.ਲਾ. 678, 1683 ਈ. *ਆਦਿ ਬਾਣੀ ਤੇ ਸਾਖੀਆਂ*

ਸੈਂ.ਸ.ਲਾ. 682, *ਰਾਗ ਰਾਮਕਲੀ ਓਅੰਕਾਰ ਦੱਖਣੀ ਵੱਡਾ*

ਸੈਂ.ਸ.ਲਾ. 687, *ਜਉਕੀ ਦਾਸ ਦੁਨੀ ਦਾਸ ਦੀ ਰਚਨਾ*

ਸੈਂ.ਸ.ਲਾ. 692, 1744 ਈ., *ਸੁਖਮਨੀ ਸਹੰਸਰਨਾਮਾ*

ਖਾ.ਕਾ.ਅੰ. 2306, *ਗੋਸ਼ਟਿ ਬਾਬਾ ਨਾਨਕ*

ਗੁਰਦੁਆਰਾ ਬਸਤਰ ਅਸਥਾਨ, ਢਿੱਲਵਾਂ ਕਲਾਂ, *ਪੋਥੀ ਮਿਹਰਬਾਨ*

ਗੁਰਦੁਆਰਾ ਭਾਈ ਦਰਬਾਰੀ, ਵੈਰੋਕੇ, *ਪੋਥੀ ਹਰਿਜਸ*, 1803 ਈ.

ਗੁਰਦੇਵ ਸਿੰਘ ਸਿੱਧੂ, ਮੁਹਾਲੀ, ਹ.ਲਿ.ਪੋਥੀ, ਰਚਨਾ ਭਾਈ ਦਰਬਾਰੀ

ਗੁਰਿੰਦਰ ਸਿੰਘ ਮਾਨ, ਯੂਨੀਵਰਸਿਟੀ ਆਫ਼ ਕੈਲਿਫ਼ੋਰਨੀਆ, ਸਾਂਟਾ ਬਾਰਬਰਾ, ਹ.ਲਿ. ਮਿਤੀ 1671 ਈ., *ਸੁਖਮਨੀ ਸਹੰਸਰਨਾਮਾ*

—, ਹ.ਲਿ., 1766 ਈ. *ਪਰਚੀਆਂ ਸੇਵਾ ਦਾਸ*

ਗੁ.ਨਾ.ਦੇ.ਯੂ. 598, 1816 ਈ., *ਪੋਥੀ ਸਾਹਿਬ*

ਗੁ.ਨਾ.ਦੇ.ਯੂ. 1245, *ਬੀੜ*

ਗੁ.ਨਾ.ਦੇ.ਯੂ. 1003, *ਗੁਰਬਾਣੀ ਤੇ ਮਿਹਰਬਾਨੀਆਂ ਦੇ ਸ਼ਬਦ ਸਲੋਕ*

ਪੰ.ਪ੍ਰੀ.ਸਿੰ. 45, *ਗਿਆਨ ਰਤਨਾਵਲੀ*

ਪੰ.ਪ੍ਰੀ.ਸਿੰ. 78, *ਛੋਟੇ ਮੇਲ ਦਾ ਕਾਵਿ*

ਪੰ.ਪ੍ਰੀ.ਸਿੰ. 248, *ਸੋਢੀਆਂ ਦੀ ਗੁਰਪ੍ਰਣਾਲੀ*

ਪੰ.ਪ੍ਰੀ.ਸਿੰ. 299, 1731 ਈ., *ਸਿੰਘਾਸਨ ਬਤੀਸੀ (ਹਰਿ ਜੀ)*

ਪੰ.ਪ੍ਰੀ.ਸਿੰ. 339, 1826 ਈ., *ਗਿਆਨ ਰਤਨਾਵਲੀ*

ਪੰ.ਪ੍ਰੀ.ਸਿੰ. 360, *ਵਾਰਾਂ*

ਪੰ.ਪ੍ਰੀ.ਸਿੰ. 416 (1735 ਈ.), 418, 420 (1723 ਈ.), 421, *ਗ੍ਰੰਥ ਹਰੀਆ ਜੀ ਕਾ*

ਪੰ.ਯੂ.ਚੰ. 765, 1896 ਈ., *ਪ੍ਰਾਣ ਸੰਗਲੀ*

ਪੰ.ਯੂ.ਪ. 115602, 1904 ਈ., *ਗੁਰਪ੍ਰਕਾਸ਼ ਬੰਸਾਵਲੀ*

ਪੰ.ਯੂ.ਪ. 115715, 1745 ਈ., *ਗੁਰਬਾਣੀ ਤੇ ਸੋਢੀ ਹਰਿ ਜੀ ਦੀ ਰਚਨਾ*

ਬਲਬੀਰ ਸਿੰਘ ਸਾਹਿੱਤ ਕੇਂਦਰ, ਡੇਹਰਾਦੂਨ 228, *ਬਿਬੇਕ ਬਾਰਧੀ, ਰਹਿਤ ਨਾਮੇ*

ਭਾ.ਵਿ., 359, *ਗੋਸ਼ਟਾਂ*

ਭਾ.ਵਿ. 521, 1848 ਈ., *ਬਾਣੀ ਬਾਬਾ ਰਾਮ ਦਾਸ ਦੀਵਾਨਾ*

ਮਾਨ ਸਿੰਘ ਨਿਰੰਕਾਰੀ ਕਲੈਕਸ਼ਨ, Government Museum & Art Gallery, Chandigarh, Manuscript Sr. 17 (2002.1.18), *ਗ੍ਰੰਥ ਹਰੀਆ ਜੀ ਕਾ*

SikhBookClub.com

ਪੁਸਤਕਾਂ ਤੇ ਲੇਖ, ਆਦਿ

(ੳ) ਪੰਜਾਬੀ ਪੁਸਤਕਾਂ, ਥੀਸਿਸ, ਸੀ.ਡੀ.

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, 1992, ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

ਇੰਦਰ ਸਿੰਘ ਚਕ੍ਰਵਰਤੀ, (ਸੰਪਾ.), *ਮਸਲੇ ਸ਼ੇਖ ਫਰੀਦ ਦੇ*, 1962, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

ਸੰਤ ਸਿੰਘ (ਸ.ਸ. ਪਦਮ), *ਸਿੱਖਾਂ ਦੀ ਭਗਤਮਾਲਾ ਦਾ ਆਲੋਚਨਾਤਮਕ ਸੰਸਕਰਨ*, 2005, ਪੀ-ਐਚ. ਡੀ. ਥੀਸਿਸ (ਅਣਛਪਿਆ), ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ।

ਸੰਤੋਖ ਸਿੰਘ ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਭਾਈ ਵੀਰ ਸਿੰਘ, (ਸੰਪਾ.), 14 ਜਿਲਦਾਂ, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ, (ਸੰਪਾ.), ਚੌਥੀ ਵਾਰ 1999, ਅੰਮ੍ਰਿਤਸਰ, ਸਿੰਘ ਬ੍ਰਦਰਜ਼।

ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼* (ਭਾਗ ਦੂਜਾ), ਉੱਤਮ ਸਿੰਘ ਭਾਟੀਆ, (ਸੰਪਾ.), ਦੂਜੀ ਵਾਰ, 1992, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

—, *ਮਹਿਮਾ ਪ੍ਰਕਾਸ਼* , ਗੋਬਿੰਦ ਸਿੰਘ ਲਾਂਬਾ ਤੇ ਖਜ਼ਾਨ ਸਿੰਘ, (ਸੰਪਾ.), 1971, ਭਾਸ਼ਾ ਵਿਭਾਗ ਪੰਜਾਬ।

ਸਾਹਿਬ ਸਿੰਘ ਪ੍ਰੋ., *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, ਭਾਗ ਪਹਿਲਾ, ਜਲੰਧਰ, ਰਾਜ ਪਬਲਿਸ਼ਰਜ਼।

ਸੇਵਾ ਸਿੰਘ, *ਸ਼ਹੀਦ ਬਿਲਾਸ*, ਗਰਜਾ ਸਿੰਘ, (ਸੰਪਾ.), 1961, ਲੁਧਿਆਣਾ, ਪੰਜਾਬੀ ਸਾਹਿਤ ਅਕਾਡਮੀ।

ਸੇਵਾ ਦਾਸ, *ਪਰਚੀਆਂ ਸੇਵਾ ਦਾਸ*, ਹਰੀ ਸਿੰਘ, (ਸੰਪਾ.), 1978, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

ਸੋਹਣ ਸਿੰਘ ਸੀਤਲ, *ਸਿੱਖ ਇਤਿਹਾਸ ਦੇ ਸੋਮੇ*, ਭਾਗ ਚੌਥਾ, 1983, ਲੁਧਿਆਣਾ, ਸੀਤਲ ਪੁਸਤਕ ਭੰਡਾਰ।

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, 1992, ਦਿੱਲੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।

ਸ਼ਮਸ਼ੇਰ ਸਿੰਘ ਅਸ਼ੋਕ, *ਸਿੱਖੀ ਤੇ ਸਿੱਖ ਇਤਿਹਾਸ*, 1951, ਲੁਧਿਆਣਾ, ਲਾਹੌਰ ਬੁਕ ਸ਼ਾਪ।

—, (ਸੰਪਾ.), *ਪੰਜਾਬੀ ਹੱਥ-ਲਿਖਤਾਂ ਦੀ ਸੂਚੀ*, ਦੋ ਸੈਂਚੀਆਂ, ਭਾਗ 1, 1961 ਤੇ ਭਾਗ 2, 1963, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

—, *ਸੋਢੀ ਮਿਹਰਵਾਨ ਜੀਵਨ ਤੇ ਸਾਹਿੱਤ*, 1968, ਅੰਮ੍ਰਿਤਸਰ, ਫ਼ਕੀਰ ਸਿੰਘ ਐਂਡ ਸੰਨਜ਼।

—, (ਸੰਪਾ.), *ਸਾਡਾ ਹੱਥ-ਲਿਖਿਤ ਪੰਜਾਬੀ ਸਾਹਿੱਤ*, 1968, ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

—, (ਸੰਪਾ.), *ਮਾਧਵ ਨਲ ਕਾਮ ਕੰਦਲਾ, ਕ੍ਰਿਤ ਕਵੀ ਆਲਿਮ*, 1981, ਅੰਮ੍ਰਿਤਸਰ, ਸਿੰਘ ਬ੍ਰਦਰਜ਼।

ਹਜੂਰਾ ਸਿੰਘ ਘਰਾਚੋਂ, ਸੋਢੀ, *ਸੋਢੀ ਬੰਸ ਘਰਾਚੋਂ-ਕਪਿਆਲ*, 1997, ਚੰਡੀਗੜ੍ਹ, ਲੇਖਕ।

ਹੱਥ ਲਿਖਤਾਂ ਦੀ ਸੂਚੀ, ਪਟਿਆਲਾ, ਪੰਜਾਬੀ ਯੂਨੀਵਰਸਿਟੀ।

ਹਰਬੰਸ ਸਿੰਘ ਜੰਮੂ, (ਸੰਪਾ.), *ਸ੍ਰੀ ਗੁਰ ਪ੍ਰਕਾਸ਼ ਸੂਰਜ ਦੀ ਸੰਬੰਧ ਸੂਚਕ ਅਨੁਕ੍ਰਮਣਿਕਾ*, ਬਲਜਿੰਦਰ ਸਿੰਘ ਭਾਈ, ਈਸ਼ਰ ਮਾਇਕਰੋ ਮੀਡੀਆ (ਸੀ-ਡੀ), 2005, ਰਾੜਾ ਸਾਹਿਬ।

ਹਰਿ ਜੀ ਸੋਢੀ, *ਸਿੰਘਾਸਨ ਬਤੀਸੀ (ਪੁਤਲੀਆਂ ਰਾਜੇ ਵਿਕਰਮਾਜੀਤ ਕੀਆਂ)*, ਬਲਜਿੰਦਰ ਕੌਰ ਜੋਸ਼ੀ, (ਸੰਪਾ.), 2000, ਪਟਿਆਲਾ, ਪੰਜਾਬੀ ਯੂਨੀਵਰਸਿਟੀ।

ਕਾਨ੍ਹ ਸਿੰਘ ਨਾਭਾ, *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼*, ਚੌਥੀ ਵਾਰ, 1981 ਐਡੀਸ਼ਨ, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

ਕਾਨ੍ਹ ਸਿੰਘ ਨਾਭਾ ਸੰਕਲਿਤ ਕਰਤਾ, *ਗੁਰੂ ਮਹਿਮਾ ਰਤਨਾਵਲੀ*, ਪ੍ਰੀਤਮ ਸਿੰਘ, ਪ੍ਰੋ. ਤੇ ਕ੍ਰਿਸ਼ਣ ਲਾਲ, (ਸੰਪਾ.), 1984, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ।

ਕ੍ਰਿਸ਼ਣਾ ਕੁਮਾਰੀ ਬਾਂਸਲ (ਸੰਪਾ.), *ਸੋਢੀ ਹਰਿ ਜੀ ਕ੍ਰਿਤ ਗੋਸ਼ਟਾਂ ਮਿਹਰਬਾਨ ਜੀ ਕੀਆਂ*, 1977, ਸੰਗਰੂਰ, ਸੰਪਾਦਕ।

ਕਿਰਪਾਲ ਸਿੰਘ ਜੱਥੇਦਾਰ (ਸੰਪਾ.), *ਮਾਝਾਂ ਭਾਈ ਦਰਬਾਰੀ*, 1988, ਪਟਿਆਲਾ, ਪੰਜਾਬੀ ਯੂਨੀਵਰਸਿਟੀ।

SikhBookClub.com

ਕਿਰਪਾਲ ਸਿੰਘ, *ਮਨੋਹਰ ਦਾਸ ਮਿਹਰਬਾਨ : ਜੀਵਨ ਤੇ ਰਚਨਾਵਾਂ*, 1974, ਪਟਿਆਲਾ, ਪੰਜਾਬੀ ਯੂਨੀਵਰਸਿਟੀ।

—, *ਜਨਮ ਸਾਖੀ ਪਰੰਪਰਾ - ਇਤਿਹਾਸਕ ਦ੍ਰਿਸ਼ਟੀਕੋਣ ਤੋਂ*, 1990, ਪਟਿਆਲਾ, ਪੰਜਾਬੀ ਯੂਨੀਵਰਸਿਟੀ।

ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪਿਆਰਾ ਸਿੰਘ ਪਦਮ (ਸੰਪਾ.), 1997, ਅੰਮ੍ਰਿਤਸਰ, ਸਿੰਘ ਬ੍ਰਦਰਜ਼।

ਕੁਲਵੰਤ ਸਿੰਘ, (ਸੰਪਾ.), *ਮੱਕੇ ਮਦੀਨੇ ਦੀ ਗੋਸ਼ਟਿ*, 1995, ਪਟਿਆਲਾ, ਪੰਜਾਬੀ ਯੂਨੀਵਰਸਿਟੀ।

ਗਿਆਨ ਸਿੰਘ, ਗਿਆਨੀ, *ਪੰਥ ਪ੍ਰਕਾਸ਼*, 1987, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

—, *ਤਵਾਰੀਖ਼ ਗੁਰੂ ਖ਼ਾਲਸਾ*, 1999, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

—, *ਸ੍ਰੀ ਗੁਰੂ ਪੰਥ ਪ੍ਰਕਾਸ਼*, ਕਿਰਪਾਲ ਸਿੰਘ ਜੱਥੇਦਾਰ (ਸੰਪਾ.), ਭਾਗ ਪਹਿਲਾ, 1977, ਅੰਮ੍ਰਿਤਸਰ, ਮਨਮੋਹਨ ਸਿੰਘ ਬਰਾੜ। ਭਾਗ ਦੂਜਾ, 1997, ਭਾਗ ਤੀਜਾ, 1998, ਭਾਗ ਚੌਥਾ ਤੇ ਪੰਜਵਾਂ, 1999, ਅੰਮ੍ਰਿਤਸਰ, ਭਾਈ ਚਤਰ ਸਿੰਘ ਜੀਵਨ ਸਿੰਘ।

ਗੁਰਚਰਨ ਸਿੰਘ ਸੇਕ (ਸੰਪਾ.), *ਭਾਈ ਦਰਬਾਰੀ ਦਾਸ ਰਚਿਤ ਪਰਚੀਆਂ ਭਗਤਾਂ ਕੀਆਂ (ਪੋਥੀ ਹਰਿਜਸ)*, 1991, ਪਟਿਆਲਾ, ਪੰਜਾਬੀ ਯੂਨੀਵਰਸਿਟੀ।

—, *ਪਰਚੀਆਂ ਭਗਤਾਂ ਦੀਆਂ : ਦਰਬਾਰੀ ਦਾਸ ਕ੍ਰਿਤ ਵਿਵੇਚਨਾਤਮਕ ਅਧਿਐਨ*, 1998, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

ਗੁਰਦਾਸ ਭਾਈ, *ਵਾਰਾਂ ਗਿਆਨ ਰਤਨਾਵਲੀ*, ਅਮਰ ਸਿੰਘ ਚਾਕਰ (ਸੰਪਾ.), 1994, ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ, *ਗੁਰਬਾਣੀ ਦੀ ਕਸਵੱਟੀ ਤੇ ਗੁਰਬਿਲਾਸ ਪਾਤਸ਼ਾਹੀ ੬*, 2003, ਰੋਜ਼ਵਿੱਲ (ਕੈਲਿਫ਼ੋਰਨੀਆ), ਸਿੰਘ ਸਭਾ ਇੰਟਰਨੈਸ਼ਨਲ।

ਗੁਰਬਾਣੀ ਰੀਸਰਚ, ਸੀ.ਡੀ. ਰੋਮ, ਇੰਟਰਨੈਸ਼ਨਲ ਇਨਸਟੀਚੂਟ ਆਫ਼ ਗੁਰਮਤਿ ਸਟੱਡੀਜ਼, ਟਸਟਿਨ, ਕੈਲਿਫ਼ੋਰਨੀਆ।

ਗੁਰਬਿਲਾਸ ਪਾਤਸ਼ਾਹੀ ੬, ਜੋਗਿੰਦਰ ਸਿੰਘ ਵੇਦਾਂਤੀ ਤੇ ਅਮਰਜੀਤ ਸਿੰਘ (ਸੰਪਾ.), 1998, ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

ਗੁਰਮੋਹਨ ਸਿੰਘ ਆਹਲੂਵਾਲੀਆ, *ਸੋਢੀ ਹਰਿ ਜੀ ਜੀਵਨ ਤੇ ਰਚਨਾ*, 1985, ਪਟਿਆਲਾ, ਪੰਜਾਬੀ ਯੂਨੀਵਰਸਿਟੀ।

ਗੁਰਮੋਹਨ ਸਿੰਘ ਵਾਲੀਆ, *ਸੋਢੀ ਮਿਹਰਬਾਨ ਦੀ ਗੱਦ ਰਚਨਾ*, 1992, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ।

ਗੋਸ਼ਟੀਆਂ, 1970, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

ਗੋਬਿੰਦ ਸਿੰਘ ਲਾਂਬਾ, (ਸੰਪਾ.), *ਮਸਲੇ ਸ਼ੇਖ਼ ਫ਼ਰੀਦ ਦਾ ਆਲੋਚਨਾਤਮਕ ਵਿਵੇਚਨ*, ਅਥਿਤ, ਲੁਧਿਆਣਾ, ਲਾਹੌਰ ਬੁਕ ਸ਼ਾਪ।

ਜਸਬੀਰ ਸਿੰਘ ਸਾਬਰ, (ਸੰਪਾ.). *ਬਾਣੀ ਬਾਬਾ ਰਾਮਦਾਸ*, 1989, ਪਟਿਆਲਾ, ਪੰਜਾਬੀ ਯੂਨੀਵਰਸਿਟੀ।

—, *ਭਗਤ ਰਵਿਦਾਸ ਸ੍ਰੋਤ ਪੁਸਤਕ*, ਸੋਧਿਆ ਐਡੀਸ਼ਨ, 1999, ਪਟਿਆਲਾ, ਪੰਜਾਬੀ ਯੂਨੀਵਰਸਿਟੀ।

—, *ਗਿਆਨ ਰਤਨਾਵਲੀ ਜਨਮ ਸਾਖੀ ਗੁਰੂ ਨਾਨਕ ਦੇਵ ਜੀ*, 1993, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ।

ਜਗਜੀਤ ਸਿੰਘ ਖਾਨਪੁਰੀ (ਸੰਪਾ.), *ਪ੍ਰਾਣ ਸੰਗਲੀ*, 1991, ਪਟਿਆਲਾ, ਪੰਜਾਬੀ ਯੂਨੀਵਰਸਿਟੀ।

ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਮਿਹਰਵਾਨ ਵਾਲੀ, ਸੰਚੀ ਪਹਿਲੀ, ਕਿਰਪਾਲ ਸਿੰਘ ਤੇ ਸ਼ਮਸ਼ੇਰ ਸਿੰਘ ਅਸ਼ੋਕ, (ਸੰਪਾ.), 1962, ਅੰਮ੍ਰਿਤਸਰ, ਖਾਲਸਾ ਕਾਲਜ।

ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੰਚੀ ਦੂਜੀ (ਪੋਥੀ ਹਰਿ ਜੀ ਤੇ ਪੋਥੀ ਚਤੁਰਭੁਜ), ਕਿਰਪਾਲ ਸਿੰਘ ਤੇ ਪ੍ਰਕਾਸ਼ ਸਿੰਘ, (ਸੰਪਾ.), 1969, ਅੰਮ੍ਰਿਤਸਰ, ਖਾਲਸਾ ਕਾਲਜ।

ਜੀ.ਬੀ. ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ*, 1945, ਲਾਹੌਰ, ਮਾਡਰਨ ਪਬਲੀਕੇਸ਼ਨਜ਼।

SikhBookClub.com

ਤਰਲੋਚਨ ਸਿੰਘ ਬੇਦੀ, *ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ*, 1972, ਨਵੀਂ ਦਿੱਲੀ, III L/16 ਲਾਜਪਤ ਨਗਰ, ਮਿਸਿਜ਼ ਅਮਰਜੀਤ ਕੌਰ।

—, (ਸੰਪਾ.), *ਸਿੱਖਾਂ ਦੀ ਭਗਤਮਾਲਾ*, 1994, ਪਟਿਆਲਾ, ਪੰਜਾਬੀ ਯੂਨੀਵਰਸਿਟੀ।

ਤੇਜਵੰਤ ਸਿੰਘ ਮਾਨ, *ਪੰਚ ਖਾਲਸਾ ਦੀਵਾਨ ਦੀ ਪੰਜਾਬੀ ਸਾਹਿੱਤ ਨੂੰ ਦੇਣ*, 1997, ਅੰਮ੍ਰਿਤਸਰ, ਲਿਟਰੇਚਰ ਹਾਊਸ।

ਦਰਸ਼ਨ ਭਗਤ, *ਵਾਰ ਅੰਮ੍ਰਿਤਸਰ ਦੀ*, ਪਿਆਰਾ ਸਿੰਘ ਪਦਮ, (ਸੰਪਾ.), 1971, ਪਟਿਆਲਾ, ਸਰਦਾਰ ਸਾਹਿਤ ਭਵਨ।

ਦੇਵਿੰਦਰ ਸਿੰਘ ਵਿਦਿਆਰਥੀ, (ਸੰਪਾ.), *ਸ੍ਰੀ ਗੁਰੂ ਨਾਨਕ ਅਭਿਨੰਦਨ*, 1978, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ।

—, *ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ*, 1983, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ।

ਧਰਮ ਸਿੰਘ (ਸੰਪਾ.), *ਮਸਲੇ ਸ਼ੇਖ਼ ਫ਼ਰੀਦ ਕੇ*, 2004, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

ਨਰਿੰਦਰ ਕੌਰ ਭਾਟੀਆ, (ਸੰਪਾ.), *ਮਿਹਰਵਾਨ ਵਾਲੀ ਜਨਮ ਸਾਖੀ ਭਗਤ ਕਬੀਰ ਜੀ ਕੀ, (ਵਿਵੇਚਨ ਤੇ ਮੂਲ ਪਾਠ)*, 1995, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ।

—, *ਮਿਹਰਬਾਨ ਰਚਿਤ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ : ਨਵੀਆਂ ਲੱਭੀਆਂ ਗੋਸ਼ਟਾਂ*, 1999, ਅੰਮ੍ਰਿਤਸਰ, ਭਾਈ ਚਤਰ ਸਿੰਘ ਜੀਵਨ ਸਿੰਘ।

ਪੰਜਾਬ ਦੇ ਪਿੰਡ ਸ਼ਹਿਰ ਅਤੇ ਕਸਬੇ, 2004, ਲੁਧਿਆਣਾ, ਅਮਰਜੀਤ ਡਾਇਰੈਕਟ੍ਰੀ ਪਬਲਿਸ਼ਿੰਗ ਕੰਪਨੀ।

ਪ੍ਰੀਤਮ ਸਿੰਘ, ਪ੍ਰੋ., *ਅਹੀਆਪੁਰ ਵਾਲੀ ਪੋਥੀ*, ਜਿਲਦ ਪਹਿਲੀ, 1998, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ।

—, *ਪੰਜਾਬ ਪੰਜਾਬੀ ਪੰਜਾਬੀਅਤ*, 1998, ਅੰਮ੍ਰਿਤਸਰ, ਸਿੰਘ ਬ੍ਰਦਰਜ਼।

—, *ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਸੇਖ ਫਰੀਦ ਦੀ ਭਾਲ*, 2008, ਅੰਮ੍ਰਿਤਸਰ, ਸਿੰਘ ਬ੍ਰਦਰਜ਼।

ਪਿਆਰ ਸਿੰਘ, (ਸੰਪਾ.), *ਆਦਿ ਸਾਖੀਆਂ*, 1983, ਲੁਧਿਆਣਾ, ਲਾਹੌਰ ਬੁਕ ਸ਼ਾਪ।

—, *ਗਾਥਾ ਸ੍ਰੀ ਆਦਿ ਗ੍ਰੰਥ*, 1992, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ।

ਪਿਆਰਾ ਸਿੰਘ ਪਦਮ, (ਸੰਪਾ.), *ਪੰਜਾਬੀ ਵਾਰਾਂ*, 1980, ਪਟਿਆਲਾ, ਲੇਖਕ।

—, *ਕਲਮ ਦੇ ਚਮਤਕਾਰ*, 1980, ਪਟਿਆਲਾ, ਲੇਖਕ।

—, *ਰਹਿਤਨਾਮੇ*, 1995, ਅੰਮ੍ਰਿਤਸਰ, ਸਿੰਘ ਬ੍ਰਦਰਜ਼।

—, *ਸਿੱਖ ਸੰਪ੍ਰਦਾਵਲੀ*, 2000, ਪਟਿਆਲਾ, ਕਲਗੀਧਰ ਕਲਮ ਫਾਉਂਡੇਸ਼ਨ।

ਬਲਜਿੰਦਰ ਕੌਰ ਜੋਸ਼ੀ, *ਸੋਢੀ ਹਰਿ ਜੀ ਰਚਿਤ ਵਾਰਤਕ ਦਾ ਆਲੋਚਨਾਤਮਕ ਅਧਿਐਨ*, ਪੀ-ਐਚ. ਡੀ. ਥੀਸਿਸ, 1977, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ।

—, (ਸੰਪਾ.), *ਬਾਣੀ ਬਿਲਾਸ ਸੋਢੀ ਮਿਹਰਵਾਨ*, 2000, ਘਰਾਚੋਂ, ਸੋਢੀ ਲਛਮਣ ਸਿੰਘ।

—, *ਸੋਢੀ ਹਰਿ ਜੀ ਦੀ ਵਾਰਤਕ*, 2003, ਪਟਿਆਲਾ, ਅਮਰਜੀਤ ਸਾਹਿਤ ਪ੍ਰਕਾਸ਼ਨ।

ਬਲਵੰਤ ਸਿੰਘ ਸਿੱਧੂ, *ਸਿੱਧੂ ਬਰਾੜਾਂ ਦਾ ਇਤਿਹਾਸ ਅਰਥਾਤ ਮਾਲਵੇ ਦਾ ਸੰਖੇਪ ਇਤਿਹਾਸ*, ਤੀਜੀ ਵਾਰ 2000, ਪਟਿਆਲਾ, ਪ੍ਰਕਾਸ਼ਕ ਮਹਿੰਦਰ ਸਿੰਘ ਬਰਾੜ।

ਬਲਵੰਤ ਸਿੰਘ ਗਿਆਨੀ, *ਕੋਠਾ ਗੁਰੂ ਦੀ ਗੌਰਵ ਗਾਥਾ*, 2004, ਗਿਆਨੀ ਕੌਰ ਸਿੰਘ, ਕੋਠਾ ਗੁਰੂ, ਜ਼ਿਲ੍ਹਾ ਬਠਿੰਡਾ।

ਬਲਵੰਤ ਸਿੰਘ ਢਿੱਲੋਂ, *ਸ੍ਰੀ ਗੁਰੂ ਅਮਰ ਦਾਸ ਅਭਿਨੰਦਨ*, 1985, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ।

—, (ਸੰਪਾ.), *ਸ੍ਰੀ ਗੁਰ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ*, 2004, ਅੰਮ੍ਰਿਤਸਰ, ਸਿੰਘ ਬ੍ਰਦਰਜ਼।

ਭਗਤ ਸਿੰਘ, *ਗਿਆਨੀ ਗਿਆਨ ਸਿੰਘ*, 1978, ਪਟਿਆਲਾ, ਪੰਜਾਬੀ ਯੂਨੀਵਰਸਿਟੀ।

ਮਦਨ ਲਾਲ ਹਸੀਜਾ ਤੇ ਗੁਰਮੁਖ ਸਿੰਘ, (ਸੰਪਾ.), *ਭਾਸ਼ਾ ਵਿਭਾਗ ਹਵਾਲਾ ਲਾਇਬ੍ਰੇਰੀ ਦੇ ਹੱਥ ਲਿਖਤ ਗ੍ਰੰਥਾਂ ਦੀ ਵਿਵਰਨਾਤਮਕ ਸੂਚੀ*, 2001, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।

SikhBookClub.com

ਮਹਿਮਾ ਪ੍ਰਕਾਸ਼ (ਵਾਰਤਕ), ਕੁਲਵਿੰਦਰ ਸਿੰਘ ਬਾਜਵਾ (ਸੰਪਾ.), 2004, ਅੰਮ੍ਰਿਤਸਰ, ਸਿੰਘ ਬ੍ਰਦਰਜ਼।

ਰਣਧੀਰ ਸਿੰਘ (ਇਤਿਹਾਸ ਖੋਜੀ), *ਉਦਾਸੀ ਸਿੱਖਾਂ ਦੀ ਵਿਥਿਆ*, 1959, ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

—, *ਗੁਰ ਪ੍ਰਣਾਲੀਆਂ*, 1977, ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

ਰਤਨ ਸਿੰਘ ਜੱਗੀ, *ਪੰਜਾਬੀ ਸਾਹਿੱਤ ਦਾਸ ਸਰੋਤ-ਮੂਲਕ ਇਤਿਹਾਸ*, 1998 (ਭਾਗ ਦੂਜਾ), 1999 (ਭਾਗ ਤੀਜਾ), 2001 (ਭਾਗ ਚੌਥਾ), ਪਟਿਆਲਾ, ਪੰਜਾਬੀ ਯੂਨੀਵਰਸਿਟੀ।

—, *ਸਿੱਖ ਪੰਥ ਵਿਸ਼ਵਕੋਸ਼*, 2005, ਪਟਿਆਲਾ, ਗੁਰ ਰਤਨ ਪਬਲਿਸ਼ਰਜ਼।

ਰਾਇਜਸਬੀਰ ਸਿੰਘ, (ਸੰਪਾ.), *ਗੁਰੂ ਅਮਰ ਦਾਸ ਸ੍ਰੋਤ ਪੁਸਤਕ*, 1986, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ।

ਰਾਮ ਦਾਸ, ਬਾਬਾ, *ਬਾਣੀ ਬ੍ਰਿੱਧ ਪ੍ਰਤਾਪ, ਉਦਾਸੀਨ ਦੀਵਾਨਿਆਂ ਦਾ ਗ੍ਰੰਥਾ ਸਾਹਿਬ*, 1981, ਪਟਿਆਲਾ, ਡੇਰਾ ਬਾਬਾ ਰਾਮ ਦਾਸ ਚੌਰੇ ਵਾਲਾ।

—, *ਸਾਰ ਰਾਮਾਇਣ*, ਉੱਤਮ ਸਿੰਘ ਭਾਟੀਆ, (ਸੰਪਾ.), 1989, ਪਟਿਆਲਾ, ਪੰਜਾਬੀ ਯੂਨੀਵਰਸਿਟੀ।

ਰੂਪਿੰਦਰ ਕੌਰ ਕਾਹਲੋਂ, (ਸੰਪਾ.), *ਮਹਾਕਵੀ ਸੰਤੋਖ ਸਿੰਘ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਅਨੁਕ੍ਰਮਣਿਕਾ*, 1998, ਪਟਿਆਲਾ, ਪੰਜਾਬੀ ਯੂਨੀਵਰਸਿਟੀ।

ਲਾਲ ਸਿੰਘ, ਗਿਆਨੀ, ਸੰਗਰੂਰ, (ਸੰਪਾ.), *ਬਾਣੀ ਗੁਰੂ, ਗੁਰੂ ਹੈ ਬਾਣੀ, ਪੋਥੀ ਦਸਮ ਗੁਰਬਾਣੀ*, 1956, ਸੰਗਰੂਰ, ਪ੍ਰਕਾਸ਼ਕ ਗਿਆਨੀ ਗੁਰਮੁਖ ਸਿੰਘ ਪ੍ਰਦੇਸੀ।

ਵਣਜਾਰਾ ਬੇਦੀ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼*, ਭਾਗ 3, 1979, ਨਵੀਂ ਦਿੱਲੀ, ਲੋਕ ਪ੍ਰਕਾਸ਼ਨ।

ਵੀਰ ਸਿੰਘ ਬਲ, *ਗੁਰਕੀਰਤ ਪ੍ਰਕਾਸ਼*, ਗੁਰਬਚਨ ਕੌਰ, (ਸੰਪਾ.), 1986, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਵੀਰ ਸਿੰਘ, ਭਾਈ, (ਸੰਪਾ.), *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, 1950, ਅੰਮ੍ਰਿਤਸਰ, ਖਾਲਸਾ ਸਮਾਚਾਰ।

—, *ਪੁਰਾਤਨ ਜਨਮ ਸਾਖੀ*, 1996, ਨਵੀਂ ਦਿੱਲੀ, ਭਾਈ ਵੀਰ ਸਿੰਘ ਸਾਹਿੱਤ ਸਦਨ।

ਪੰਜਾਬੀ ਲੇਖ

ਇੰਦਰ ਸਿੰਘ ਚਕ੍ਰਵਰਤੀ (ਸੰਤ), 'ਬਾਬਾ ਮਿਹਰਬਾਨ ਦੀ ਰਚਨਾ', *ਪੰਜਾਬੀ ਦੁਨੀਆ*, ਅਕਤੂਬਰ 1963, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, ਪੰ. 61-65.

ਸੁਰਿੰਦਰ ਕੋਛੜ, 'ਲਾਹੌਰ ਦੀਆਂ ਸਮਾਧਾਂ', *ਪੰਜਾਬੀ ਟ੍ਰਿਬਿਊਨ*, 17 ਜਨਵਰੀ, 2007, ਚੰਡੀਗੜ੍ਹ, ਪੰ. 7.

ਸ਼ਮਸ਼ੇਰ ਸਿੰਘ ਅਸ਼ੋਕ, 'ਸੋਰਿਠ ਕੀ ਵਾਰ', *ਪੰਜਾਬੀ ਦੁਨੀਆ*, ਸਤੰਬਰ 1953, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, ਪੰ. 36-51.

—, 'ਗੁਰੂ ਨਾਨਕ ਦੇ ਨਾਂ ਤੇ ਵਾਧੂ ਬਾਣੀ', *ਪੰਜਾਬੀ ਦੁਨੀਆ*, ਜਨਵਰੀ-ਫ਼ਰਵਰੀ 1955, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, ਪੰ. 196-204.

—, 'ਗੁਰੂ ਨਾਨਕ ਦੇ ਨਾਂ ਤੇ ਕੱਚੀ ਬਾਣੀ', *ਖੋਜ ਪਤ੍ਰਿਕਾ*, ਨਵੰਬਰ 1969, ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਪੰ. 58-69.

—, 'ਬਾਬਾ ਰਾਮ ਦਾਸ ਜੀ', *ਗੁਰਮਤਿ ਪ੍ਰਕਾਸ਼*, ਅਪ੍ਰੈਲ 1973, ਪੰ. 80-86.

ਕੁਲਵੰਤ ਸਿੰਘ, 'ਕੱਚੀ ਬਾਣੀ', *ਆਲੋਚਨਾ*, ਗੁਰੂ ਨਾਨਕ ਅੰਕ, ਜਨਵਰੀ-ਦਸੰਬਰ 1970, ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ, ਪੰ. 357-377.

ਧਰਮ ਸਿੰਘ, 'ਸਵੱਈਏ ਉਸਤਤਿ ਸ੍ਰੀ ਸਤਿਗੁਰੂ ਅਮਰਦਾਸ ਜੀ ਕੀ', *ਖੋਜ ਪਤ੍ਰਿਕਾ*, ਸਤੰਬਰ 1979, ਪਟਿਆਲਾ, ਪੰਜਾਬੀ ਯੂਨੀਵਰਸਿਟੀ।

ਪਰਮ ਬਖਸ਼ੀਸ਼ ਸਿੰਘ ਤੇ ਦੇਵਿੰਦਰ ਕੁਮਾਰ ਵਰਮਾ, 'ਅਲੌਕਿਕ ਭੇਖ ਜਾਂ ਸੰਪਰਦਾ : ਦਿਵਾਨੇ', ਮਾਰਚ 1995 *ਪੰਜਾਬ ਹਿਸਟਰੀ ਕਾਨਫ਼ਰੰਸ ਪ੍ਰੋਸੀਡਿੰਗਜ਼*, ਭਾਗ ਦੂਜਾ, 1996, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਪੰ. 170-178.

SikhBookClub.com

ਪ੍ਰੀਤਮ ਸਿੰਘ, ਪ੍ਰੋ., 'ਜਪੁ ਹਰੀਆ ਜੀ', *ਆਲੋਚਨਾ*, ਗੁਰੂ ਨਾਨਕ ਅੰਕ, 1970, ਪੰਜਾਬੀ ਸਾਹਿੱਤ ਅਕਾਦਮੀ, ਲੁਧਿਆਣਾ, ਪੰ. 477-509.
ਪਿਆਰਾ ਸਿੰਘ ਪਦਮ, 'ਮਿਹਰਬਾਨੀਆਂ ਦੀ ਸਾਹਿੱਤ ਸੇਵਾ', *ਖੋਜ ਪਤ੍ਰਿਕਾ*, 1967-68, ਪੰ. 84-96.

(ਅ) ਹਿੰਦੀ ਪੁਸਤਕਾਂ

ਸੰਪੂਰਣ ਸਿੰਘ ਸੰਤ, *ਪ੍ਰਾਣ ਸੰਗਲੀ*, 3 ਭਾਗ, 1898; 1928, ਤਰਨਤਾਰਨ, ਭਾਈ ਮੋਹਨ ਸਿੰਘ ਵੈਦ।
ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਹਿੰਦੀ-ਸਾਹਿਤਯ ਦਰਪਣ*, 1978, ਪਟਿਆਲਾ, ਅਸ਼ੋਕ ਪੁਸਤਕਮਾਲਾ।
ਹਰਿਭਜਨ ਸਿੰਘ, *ਗੁਰਮੁਖੀ ਲਿਪੀ ਮੇਂ ਹਿੰਦੀ ਕਾਵਯ*, 1963, ਦਿੱਲੀ, ਭਾਰਤੀ ਸਾਹਿਤਯ ਮੰਦਿਰ।
ਗੋਵਿੰਦ ਨਾਥ ਰਾਜਗੁਰੂ (ਸੰਪਾ.), *ਗੋਸਟਿ ਗੁਰੂ ਮਿਹਰਿਵਾਨੁ (ਹਰਿ ਜੀ ਸੋਢੀ ਕ੍ਰਿਤ)*, 1974, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ।
—, *ਗੁਰਮੁਖੀ ਲਿਪੀ ਮੇਂ ਹਿੰਦੀ ਗਦਯ*, 1969, ਦਿੱਲੀ, ਰਾਜਕਮਲ ਪ੍ਰਕਾਸ਼ਨ।
ਚੰਦ੍ਰਕਾਂਤ ਬਾਲੀ, *ਪੰਜਾਬ ਪ੍ਰਾਂਤੀਯ ਹਿੰਦੀ-ਸਾਹਿਤਯ ਕਾ ਇਤਿਹਾਸ*, 1962, ਦਿੱਲੀ, ਨੈਸ਼ਨਲ ਪਬਲਿਸ਼ਿੰਗ ਹਾਊਸ।
ਦੇਵਿੰਦਰ ਸਿੰਘ ਵਿਦਿਆਰਥੀ, *ਪੰਜਾਬ ਕੇ ਦਰਬਾਰੀ ਕਵੀਓਂ ਕੇ ਪਰਿਪ੍ਰੇਕਸ਼ਯ ਮੇਂ ਕਵਿ ਗਵਾਲ ਕੇ ਕਵਿਤਵ ਕਾ ਅਧਯਯਨ*, 1983, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।
ਧਰਮਪਾਲ ਮੈਨੀ (ਸੰਪਾ.), *ਪੰਜਾਬ ਕੇ ਹਿੰਦੀ ਸਾਹਿਤਯ ਕਾ ਇਤਿਹਾਸ*, 2000, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।
ਪ੍ਰੇਮ ਸਾਗਰ ਸ਼ਾਸਤ੍ਰੀ (ਸੰਪਾ.), *ਆਦਿ ਰਾਮਾਯਣ*, 1989, ਪਟਿਆਲਾ, ਭਾਸ਼ਾ ਵਿਭਾਗ ਪੰਜਾਬ।
ਯਸੋਦਾ ਮੀਣਾ, *ਮੀਣਾ ਜਨਜਾਤੀ ਕਾ ਇਤਿਹਾਸ*, 2003, ਜੈਪੁਰ, ਜੈਪੁਰ ਪਬਲਿਸ਼ਿਂਗ ਹਾਊਸ।

(ੲ) ਫ਼ਾਰਸੀ ਹੱਥ-ਲਿਖਤਾਂ, ਪੁਸਤਕਾਂ

ਖੁਸ਼ਵਕਤ ਰਾਏ, *ਤਾਰੀਖ਼ਿ-ਸਿੱਖਾਂ*, ਖਾ.ਕਾ.ਅੰ., ਹ.ਲਿ. SHR 1274.
ਗਣੇਸ਼ ਦਾਸ ਵਡੈਹਰਾ, *ਚਾਰ ਬਾਗ਼ਿ-ਪੰਜਾਬ*, ਕਿਰਪਾਲ ਸਿੰਘ, (ਸੰਪਾ.), 1965, ਅੰਮ੍ਰਿਤਸਰ, ਖਾਲਸਾ ਕਾਲਜ।
ਗ਼ੁਲਾਮ ਮੁਹੀਉੱਦੀਨ, ਬੂਟੇ ਸ਼ਾਹ, *ਤਾਰੀਖ਼ਿ-ਪੰਜਾਬ*, ਖਾ.ਕਾ.ਅੰ., ਹ.ਲਿ. SHR 1288.
ਜ਼ੁਲਫ਼ਿਕਾਰ ਆਜ਼ਰ ਸਾਸਾਨੀ, ਮੀਰਜ਼ਾ, 'ਮੂਬਿਦ', *ਦਬਸਿਤਾਨਿ-ਮਜ਼ਾਹਿਬ*, 1904, ਕਾਨਪੁਰ, ਮੁਨਸ਼ੀ ਨਵਲ ਕਿਸ਼ੋਰ।

(ਸ) ਅੰਗਰੇਜ਼ੀ ਪੁਸਤਕਾਂ

Amandeep Singh Madra and Parmjit Singh, ed., *"Sicques, Tigers or Thieves": Eyewitness Accounts of the Sikhs (1606-1809)*, 2004, New York, Palgrave Macmillan.
Akbarnama of Abu-l-Fazl, tr. H. Beveridge, 3 Vols. bound in 2, 1st published 1902-1939, repr. 2002, Delhi, Low Price Publications.
Anil Chandra Banerjee, *The Sikh Gurus and the Sikh Religion*, 1983, New Delhi, Munshiram Manoharlal.
Balwant Singh Dhillon, *Early Sikh Scriptural Tradition, Myth and Reality*, 1999, Amritsar, Singh Brothers.
Dabistan-i Mazahib, Mobad, *Sikhism and Sikhs*, tr. Irfan Habib, in J.S. Grewal and Irfan Habib (eds.), *Sikh History from Persian Sources*, 2001, New Delhi, Tulika.
District and States Gazetteers of the Undivided Punjab, Vol. I-IV, 1993 repr., Delhi, Low Price Publications.

SikhBookClub.com

The Encyclopaedia of Sikhism, ed. Harbans Singh, 4 Vols., 1992, 1996, 1997 and 1998, Patiala, Punjabi University.

Fauja Singh and G.S. Talib, *Guru Tegh Bahadur, Martyr & Teacher,* 1975, Patiala, Punjabi University.

Fernao Gurreiro, *Relacao Anaual das Coisas que Fizerram os Padres da Companhia de Jesus nas sua Missooes....,* Nova Edicao, Tomo Segundo 1604-1606, Coimbra, Imprensa da Universidade, 1931.

Gopal Singh, *History of the Sikh People,* 1979, New Delhi, World Sikh University Press.

Guru Kian Saakhian, Pritpal Singh Bindra, tr., Pal Singh Purewal, Introduction and Annotation, 2005, Amritsar, Singh Brothers.

H.A. Rose, *A Glossary of the Tribes and Castes of the Punjab and North-West Frontier Province,* Vol. III, 1989, Language Department, Punjab. First Published 1883.

Hari Ram Gupta, *History of the Sikhs,* Vol. I, 1984, New Delhi, Munshiram Manoharlal.

Jahangir and the Jesuists, C.H. Payne, tr., 1977, New Delhi, Munshiram Manoharlal. (Reprint. Originally published in 1930 by George Routledge, London)

J.D. Cunningham, *History of the Sikhs,* First published 1849, Reprint 1990, Delhi, Low Price Publications.

James Todd, *Annals and Antiquities of Rajasthan,* 1914, London, Routledge.

J.Hutchison and J. Ph. Vogel, *History of the Panjab Hill States,* 1933, Lahore. Reprint 1994, New Delhi, Asian Educational Services.

Kharak Singh and Kirpal Singh, *Episodes from Lives of the Gurus – Parchian Sewadas, English Translation & Commentary,* 1995, Chandigarh, Institute of Sikh Studies.

Kirpal Singh, ed. *A Catalogue of Persian and Sanskrit Manuscripts,* 1962, Amritsar, Khalsa College.

—, *Life of Maharaja Ala Singh of Patiala and His Time,* 1954, Amritsar, Khalsa College.

Madanjit Kaur, *The Golden Temple, Past and Present*, 1983, Amritsar, Guru Nanak Dev University.

—, and Man Singh Nirankari, comp., Kirpal Singh, ed., *Descriptive Catalogue of Manuscript Section (Gurmukhi),* 2005, Chandigarh, Government Museum and Art Gallery.

Max Arthur Macauliffe, *The Sikh Religion : Its Gurus, Sacred Writings and Authors,* 6 Vols. in 3, 1909, London, Clarendon. Reprint, 1985, New Delhi, S. Chand & Co.

Mohan Singh, *A History of Punjabi Literature,* Second Edition, Jalandhar, Bharat Prakashan.

Muhammad Akbar, *Punjab Under the Muslim Raj,* 1985, Lahore, Vanguard Books Ltd.

Pal Singh Purewal, *Jantri 500,* 1994, SAS Nagar (Mohali), Punjab School Education Board.

SikhBookClub.com

Pashaura Singh, *The Guru Granth Sahib, Canon, Meaning and Authority,* 2000, New Delhi, Oxford University Press.

—, *Life and Work of Guru Arjan,* 2006, New Delhi, Oxford University Press.

Piar Singh, *A Critical Survey of Punjabi Prose in the Seventeenth Century,* 1968, Unpublished Doctoral Thesis, Punjab University, Chandigarh.

Simarjit Singh, *Demeaning the Sikh Tradition – A Study of Mina Poetry,* 2006, Amritsar, Singh Brothers.

Surjit Singh Gandhi, *History of the Sikhs Retold,* Vol. 1 & 2, 2007, New Delhi, Atlantic.

The Tuzuk-i-Jahangiri or Memoirs of Jahangir, tr. Alexander Rogers, ed. Henry Beveridge, 1st pub. 1909-14, repr. 2003, New Delhi, Munshiram Manoharlal.

Tony Ballantyne, ed., *Textures of the Sikh Past*, 2007, New Delhi, Oxford University Press.

W. H. McLeod, *The Chaupa Singh Rahitnama,* 1987, Dunedin (New Zealand), University of Otago Press.

—, *Historical Dictionary of Sikhism,* 1995, New Delhi, Oxford University Press.

—, *Sikhs of the Khalsa,* 2003, New Delhi, Oxford University Press.

ਲੇਖ, ਵੈਬ-ਸਾਈਟ

Fauja Singh, 'Chronology of Battles of Guru Hargobind', *Punjab History Conference,* Punjabi University, Patiala, March 1971.

Ganda Singh, 'The Martyrdom of Guru Arjan', *The Punjab Past & Present,* Punjabi University, Patiala, April 1978, pp. 160-177.

—, 'Guru Arjan's Martyrdom', *The Punjab Past & Present,* Punjabi University, Patiala, April 1991, pp. 38-43.

—, 'Nanak Panthis or The Sikh and Sikhism of the 17th Century', (Translated from Muhsin Fani's *Dabistan-i-Mazahib*), edited with notes, *Journal of Indian History,* Vol. XIX, Part 2.

Jeevan Deol, 'The Minas and their Literature', *Journal of the American Oriental Society,* 118.2. (1998), pp. 172-184.

John A. D'Silva, 'The Rebellion of Prince Khusro according to Jesuit sources', *Journal of Indian History,* Vol. V, 1927, p. 278.

Pashaura Singh, 'Understanding the Martyrdom of Guru Arjan', *Journal of Punjab Studies,* Vol. XII, No. 1, Spring 2005, pp. 29-62.

Pothimala Guru Harsahai Web-site: www.anglefire.com/folk/pothimala

SikhBookClub.com

ਨਾਮਾਵਲੀ[1]

ੳ

ਉੱਤਮ ਸਿੰਘ ਭਾਟੀਆ 25, 43$_{\text{ਫ਼ਨ 22}}$, 180^{+}, 184

ਅ

ਆਸਾਲ ਕੇ 73
ਅਹਿਮਦ ਸਰਹਿੰਦੀ, ਸ਼ੇਖ਼ 60, 198
ਅਹਿਮਦ ਸ਼ਾਹ ਅਬਦਾਲੀ (ਦੁਰਾਨੀ) 125, 126^{+}, 217
ਅਕਬਰ, ਬਾਦਸ਼ਾਹ 48^{+}, 72$_{\text{ਫ਼ਨ 9}}$, 74, 107, 204, 217
ਅਜੀਤ ਸਿੰਘ, ਸੋਢੀ 128, 217, 221
ਅਜੀਤ ਸਿੰਘ, ਰਾਜਾ ਲਾਡਵਾ 117$_{\text{ਫ਼ਨ 4}}$
ਅਤਰ ਸਿੰਘ, ਸਰ 131$_{\text{ਫ਼ਨ 45}}$
ਅਨਿਲ ਚੰਦਰ ਬੈਨਰਜੀ 61, 61$_{\text{ਫ਼ਨ 75}}$
ਅਨੰਦਪੁਰ ਸਾਹਿਬ 10$_{\text{ਫ਼ਨ 5}}$, 23, 119
ਅਬੁਲ-ਫ਼ਜ਼ਲ 48, 48$_{\text{ਫ਼ਨ 36}}$, 72$_{\text{ਫ਼ਨ 9}}$
ਅਭੈ ਰਾਮ (ਸਿੰਘ), ਸੋਢੀ 12, 47$_{\text{ਫ਼ਨ 33}}$, 66, 68, 118$_{\text{ਫ਼ਨ 11}}$, 120^{+}, 124, 129, 131^{+}-133^{+}, 134, 135, 145^{+}, 146^{+}, 151, 152^{+}, 154$_{\text{ਫ਼ਨ 14}}$, 155, 156, 216, 217, 221
ਅਮਨਦੀਪ ਸਿੰਘ ਮਦਰਾ 56$_{\text{ਫ਼ਨ 62}}$
ਅਮਰ ਸਿੰਘ, ਮਹਾਰਾਜਾ 173, 178, 186
ਅਮਰ ਦਾਸ, ਗੁਰੂ (ਮਹਲਾ ੩) 9$_{\text{ਫ਼ਨ 3}}$, 21, 22, 24^{+}, 39, 40^{+}, 40$_{\text{ਫ਼ਨ 18}}$, 41^{+}, 43$_{\text{ਫ਼ਨ 22}}$, 65, 73, 75$_{\text{ਫ਼ਨ 28}}$, 90^{+}, 96, 122$_{\text{ਫ਼ਨ 20, 21}}$, 123, 128, 150, 154, 169, 173$_{\text{ਫ਼ਨ 1}}$, 176^{+}, 177, 195, 198^{+}, 199, 201^{+}, 202^{+}, 203^{+}, 206, 217, 221
ਅਮਰੀਕ ਰਾਇ 130, 134
ਅਮੀਰ ਦਾਸ, ਕਵੀ 183
ਅਰਜਨ ਦੇਵ, ਗੁਰੂ (ਮਹਲਾ ੫) 9$_{\text{ਫ਼ਨ 3}}$, 43, 43$_{\text{ਫ਼ਨ 22, 23}}$, 44^{+}, 44$_{\text{ਫ਼ਨ 25}}$, 45, 46^{+}, 47^{+}, 47$_{\text{ਫ਼ਨ 32}}$, 48^{+}, 49, 50, 51^{+}, 52^{+}, 52$_{\text{ਫ਼ਨ 40}}$, 53^{+}, 53$_{\text{ਫ਼ਨ 42}}$, 54^{+}, 56, 56$_{\text{ਫ਼ਨ 60}}$, 57, 58^{+}, 59, 60^{+}, 61^{+}, 61$_{\text{ਫ਼ਨ 78}}$, 64, 65^{+}, 68, 70, 71^{+}, 74^{+}, 75$_{\text{ਫ਼ਨ 28}}$, 77, 78^{+}, 82^{+}, 83^{+}, 91, 102, 103$_{\text{ਫ਼ਨ 19}}$, 128, 168^{+}, 170^{+}, 173$_{\text{ਫ਼ਨ 1}}$, 192, 193, 195^{+}, 196, 197^{+}, 198, 199^{+}, 207^{+}-215^{+}, 217, 221
ਅਰਜਨ ਮੱਲ 41, 42^{+}, 43^{+}, 43$_{\text{ਫ਼ਨ 23}}$, 44$_{\text{ਫ਼ਨ 25}}$, 77^{+}
ਆਗਰਾ 48^{+}
ਆਤਮਜੀਤ ਸਿੰਘ, ਸੋਢੀ 127, 128, 221
ਆਲਮ/ਆਲਿਮ, ਕਵੀ 107^{+}, 108^{+}, 108$_{\text{ਫ਼ਨ 40}}$
ਆਲਾ ਸਿੰਘ, ਭਾਈ, ਵੈਰੋਕੇ 153
ਐਮਨਾਬਾਦ *(ਵੇਖੋ, ਸੈਦਪੁਰ)*
ਅੰਗਦ ਦੇਵ, ਗੁਰੂ 39, 39$_{\text{ਫ਼ਨ 9, 10, 13, 14}}$, 41^{+}, 65, 128, 150, 154, 174^{+}, 176, 177, 195, 198^{+}, 199, 200^{+}, 201^{+}, 203$_{\text{ਫ਼ਨ 11}}$, 221
ਅੰਮ੍ਰਿਤਸਰ 14^{+}, 17^{+}, 22, 26, 46, 47, 49^{+}, 62, 76, 99, 100^{+}, 101, 102^{+}, 115^{+}, 117, 118, 125, 126, 141, 192, 196, 210

1. ਹੱਥ-ਲਿਖਤਾਂ ਨਾਲ ਜੁੜੇ ਨਾਂ, ਜਿਵੇਂ ਗੁ.ਨਾ.ਦੇ.ਯੂ. ਜਾਂ ਪ੍ਰੋ.ਪ੍ਰੀ.ਸਿੰ., ਇਸ ਨਾਮਾਵਲੀ ਵਿਚ ਨਹੀਂ ਚਾੜ੍ਹੇ ਗਏ । ਇਸੇ ਤਰ੍ਹਾਂ ਸਹਾਇਕ ਪੁਸਤਕਾਂ, ਆਦਿ ਦੇ ਨਾਂ ਵੀ ਦਰਜ ਨਹੀਂ ਕੀਤੇ ਗਏ । ਨਾਵਾਂ ਦੇ ਅੱਗੇ ਲਿਖੇ ਹਿੰਦਸੇ ਪੰਨਾ-ਅੰਕ ਹਨ ਤੇ ਜੇ ਕਿਸੇ ਅੰਕ ਉੱਤੇ $^{+}$ ਦਾ ਚਿੰਨ੍ਹ ਹੈ ਤਾਂ ਇਸ ਦਾ ਮਤਲਬ ਹੈ ਕਿ ਸੰਬੰਧਿਤ ਨਾਂ ਇਸ ਪੰਨੇ ਉੱਤੇ ਇਕ ਤੋਂ ਵੱਧ ਵਾਰ ਆਇਆ ਹੈ ।

SikhBookClub.com

ੲ

ਇਰਫ਼ਾਨ ਹਬੀਬ 65 ਫ਼ਨ 61
ਇਲਾਹਾਬਾਦ 48
ਇੰਦਰ ਸਿੰਘ ਚਕ੍ਰਵਰਤੀ, ਸੰਤ 15, 16, 17, 87 ਫ਼ਨ 61, 89, 94, 113, 218
ਇੰਦਰ ਸਿੰਘ ਟਿਵਾਣਾ 180, 180 ਫ਼ਨ 17, 183

ਸ

ਸ.ਸ. ਪਦਮ 9 ਫ਼ਨ 1,2, 40 ਫ਼ਨ 18, 63 ਫ਼ਨ 1, 105, 107+, 203
ਸਹੰਸਰ ਰਾਮ 40 ਫ਼ਨ 18, 41 ਫ਼ਨ 21, 203
ਸਤਾ ਡੂਮ 39 ਫ਼ਨ 10
ਸਨੌਰ 183
ਸਮਾਣਾ 72
ਸਰੂਪ ਦਾਸ ਭੱਲਾ 43 ਫ਼ਨ 22, 44 ਫ਼ਨ 25, 53 ਫ਼ਨ 42, 55 ਫ਼ਨ 54, 75 ਫ਼ਨ 28, 131
ਸਲੀਮ, ਸ਼ਾਹਜ਼ਾਦਾ 48+
ਸਾਹਿਬ ਸਿੰਘ, ਪ੍ਰੋਫ਼ੈਸਰ 43 ਫ਼ਨ 23
ਸਾਹਿਬ ਸਿੰਘ, ਮਹਾਰਾਜਾ 174, 178+, 179+, 186
ਸਾਹਣੇ/ਸਹਾਣੇ/ਸਹਣ ਕਾਲੇ 73, 73 ਫ਼ਨ 21
ਸਾਧੂ ਰਾਮ (ਮਹੰਤ) 175
ਸਾਕਿਬ ਮਕਸੂਦ 46 ਫ਼ਨ 31, 71 ਫ਼ਨ 4
ਸਿਆਲਕੋਟ 125 ਫ਼ਨ 28
ਸਿਮਰਜੀਤ ਸਿੰਘ 30, 90, 91, 91 ਫ਼ਨ 71, 93+, 108, 109, 111, 115
ਸੀਤਾ, ਮਾਤਾ 71
ਸੁਕਦੇਵ/ਸੁਖਦੇਵ 78+, 122, 150, 161
ਸੁਖਦਿਆਲ ਸਿੰਘ (ਇਤਿਹਾਸਕਾਰ) 130 ਫ਼ਨ 42, 44, 131 ਫ਼ਨ 45, 170 ਫ਼ਨ 19, 201 ਫ਼ਨ 9
ਸੁੱਖਾ (ਭਾਈ ਦਰਬਾਰੀ ਦਾ ਭਣੇਵਾਂ) 153
ਸੁੱਖਾ ਸਿੰਘ (ਕਰਤਾ *ਗੁਰਬਿਲਾਸ ਪਾ: ੧੦*) 131
ਸੁਖੇਤ/ਸੁਕੇਤ 72+, 72 ਫ਼ਨ 8,9
ਸੁੰਦਰ ਦਾਸ 82, 141
ਸੁੰਦਰ ਬਾਬਾ 40 ਫ਼ਨ 20
ਸੁਧੂ, ਦੀਵਾਨਾ 133
ਸੁਨਾਮ 72
ਸੁਰਜੀਤ ਸਿੰਘ ਗਾਂਧੀ 75, 75 ਫ਼ਨ 25, 100 ਫ਼ਨ 9
ਸੁਰਿੰਦਰ ਕੋਛੜ 46 ਫ਼ਨ 31
ਸੁਲਹੀ ਖ਼ਾਨ 46+, 46 ਫ਼ਨ 29, 47+, 47 ਫ਼ਨ 34, 48, 49+, 51+, 52+, 53, 54, 74, 198, 209
ਸੁਲਭੀ ਖ਼ਾਨ 52, 197, 198, 209
ਸੂਰਜ ਸੈਨ 72 ਫ਼ਨ 11
ਸੂਰਜ ਮੱਲ, ਸੋਢੀ 10 ਫ਼ਨ 5, 196
ਸੂਰਤ ਸਿੰਘ, ਭਾਈ 9 ਫ਼ਨ 2, 63 ਫ਼ਨ 1
ਸੇਵਾ ਸਿੰਘ ਭੱਟ 23, 99 ਫ਼ਨ 6, 116+, 116 ਫ਼ਨ 4, 117+
ਸੈਸਾਰ ਚੰਦ, ਰਾਣਾ 72+, 72 ਫ਼ਨ 9
ਸੈਦਪੁਰ/ਸੱਯਦਪੁਰ (ਐਮਨਾਬਾਦ, ਪਾਕਿਸਤਾਨ) 200
ਸੈਨਾਪਤਿ 130, 130 ਫ਼ਨ 44
ਸੋਹਨ ਸਿੰਘ ਸੀਤਲ 47 ਫ਼ਨ 31
ਸੋਹਨ, ਕਵੀ 63 ਫ਼ਨ 1
ਸੋਹਨ ਦਾਸ (ਮੱਲ) 116, 121, 137, 217, 221
ਸੰਸਾਰ ਚੰਦ 72 ਫ਼ਨ 9
ਸੰਗਤਪੁਰਾ 65, 65 ਫ਼ਨ
ਸੰਤੋਖ ਸਿੰਘ, ਭਾਈ 12, 40, 44 ਫ਼ਨ 24, 63, 70 ਫ਼ਨ 2, 101, 102, 130, 139 ਫ਼ਨ 39, 131+, 131 ਫ਼ਨ 45, 133, 169, 170
ਸੰਪੂਰਣ ਸਿੰਘ, ਸੰਤ 13, 67 ਫ਼ਨ 8, 91 ਫ਼ਨ 74, 77
ਸ੍ਰੀ ਚੰਦ 37, 38, 38 ਫ਼ਨ 7, 39, 177+, 195, 198, 200+, 201+
ਸੂਰੂਪ ਸਿੰਘ ਕੌਸ਼ਿਸ਼ 12, 44 ਫ਼ਨ 26, 76 ਫ਼ਨ 29, 101 ਫ਼ਨ 13, 120, 131

ਸ਼

ਸ਼ਮਸ਼ੇਰ ਸਿੰਘ ਅਸ਼ੋਕ 9 ਫ਼ਨ 1, 13+, 15, 16, 17+, 18+, 18 ਫ਼ਨ 18, 19, 24+, 33 ਫ਼ਨ 24, 87 ਫ਼ਨ 61, 88, 91, 91 ਫ਼ਨ 71, 93, 105, 107, 108 ਫ਼ਨ 40, 109+, 119, 119 ਫ਼ਨ 12, 128, 140 ਫ਼ਨ 5, 179, 180
ਸ਼ਾਹਜਹਾਨ 74+, 75, 217
ਸ਼ੇਰ ਸ਼ਾਹ ਸੂਰੀ 201

ਹ

ਹਜ਼ੂਰਾ ਸਿੰਘ ਸੋਢੀ, ਘਰਾਚੋਂ 121, 136, 137, 137 ਫ਼ਨ 61
ਹਮਾਯੂੰ 168, 169, 201

SikhBookClub.com

ਹਮੀਰ ਸਿੰਘ, ਸੋਢੀ 128, 217, 221

ਹਰਗਾਣਾ, ਪਿੰਡ 179, 179$_{\text{ਫ਼ਨ 8,12}}$, 180^{+}

ਹਰਿ ਸਹਾਇ, ਸੋਢੀ 126, 128, 217, 221

ਹਰਿ ਸਹਾਇ, ਕਵੀ 128^{+}

ਹਰਿ ਕ੍ਰਿਸ਼ਨ, ਗੁਰੂ 196, 198, 217, 221

ਹਰਿ ਗੋਪਾਲ 23^{+}, 25, 115^{+}, 116^{+}, 117, 119^{+}, 121^{+}, 122, 123^{+} - 125^{+}, 127, 217, 221

ਹਰਿਗੋਬਿੰਦ, ਗੁਰੂ 10$_{\text{ਫ਼ਨ 5}}$, 44, 44$_{\text{ਫ਼ਨ 26}}$, 45^{+}, 45$_{\text{ਫ਼ਨ 27}}$, 46^{+}, 53, 53$_{\text{ਫ਼ਨ 42}}$, 54$_{\text{ਫ਼ਨ 46}}$, 57, 59 - 61, 61$_{\text{ਫ਼ਨ 78}}$, 62, 71, 74^{+}, 75^{+}, 76^{+}, 77, 92$_{\text{ਫ਼ਨ 79}}$, 195^{+}, 198, 217, 221

ਹਰਿਗੋਬਿੰਦ ਪੁਰ 59$_{\text{ਫ਼ਨ 70}}$

ਹਰਿ ਜੀ (ਮਹਲਾ ੭, ਮ: ੭) 13^{+}, 14, 17^{+}, 18, 19, 20^{+}-24^{+}, 26, 29^{+}, 31, 32^{+}, 34^{+}, 44$_{\text{ਫ਼ਨ 25}}$, 54, 60, 61, 62^{+}, 64, 65^{+}, 66, 68^{+}, 70, 71^{+}, 72^{+}, 72$_{\text{ਫ਼ਨ 6,9}}$, 73^{+}, 74^{+}, 77, 78^{+}-81^{+}, 82, 83^{+}, 89^{+}, 94, 96$_{\text{ਫ਼ਨ 87}}$, 98^{+}, 98$_{\text{ਫ਼ਨ 2,3}}$, 99^{+}, 99$_{\text{ਫ਼ਨ 4}}$, 100^{+}-103^{+}, 103$_{\text{ਫ਼ਨ 19}}$, 104, 105^{+}-113^{+}, 115^{+}-117^{+}, 119^{+}-122^{+}, 122$_{\text{ਫ਼ਨ 20,21}}$, 123^{+}-125^{+}, 127, 128, 129^{+}, 134^{+}, 136^{+}, 139^{+}, 140^{+}, 140$_{\text{ਫ਼ਨ 4}}$, 141, 142^{+}, 143^{+}, 144, 150, 165, 169, 171^{+}, 198^{+}, 216, 217, 221

ਹਰਿਦੁਆਰ 100^{+}, 100$_{\text{ਫ਼ਨ 9}}$, 144^{+}

ਹਰਿ ਨਾਰਾਇਣ (ਮਹਲਾ ੬, ਛੋਟਾ ਮੇਲ) 23^{+}, 25, 26, 29, 66, 68, 116^{+}, 116$_{\text{ਫ਼ਨ 3}}$, 121^{+}, 122^{+}, 122$_{\text{ਫ਼ਨ 20}}$, 123^{+}, 124^{+}, 124$_{\text{ਫ਼ਨ 24}}$, 128, 129^{+}, 135, 216, 217, 221

ਹਰਿ ਨੰਦ, ਸੋਢੀ (ਮਹਲਾ ੧੧) 66, 111, 111$_{\text{ਫ਼ਨ 49}}$, 122$_{\text{ਫ਼ਨ 20}}$, 129, 130^{+}, 135, 216, 217, 221

ਹਰਿਭਜਨ ਸਿੰਘ 168^{+}, 168$_{\text{ਫ਼ਨ 13}}$

ਹਰਿਮੰਦਰ ਸਾਹਿਬ, ਸ੍ਰੀ/ਦਰਬਾਰ ਸਾਹਿਬ, ਸ੍ਰੀ 33, 62, 66, 100, 100$_{\text{ਫ਼ਨ 9}}$, 101^{+}, 102^{+}, 115^{+}, 116, 120, 124, 126

ਹਰਿ ਰਾਏ, ਗੁਰੂ 9$_{\text{ਫ਼ਨ 1}}$, 100, 100$_{\text{ਫ਼ਨ 9}}$, 170^{+}, 170$_{\text{ਫ਼ਨ 20}}$, 196, 198, 217, 221

ਹਰੀਆ/ਹਰੀਦਾਸ 13, 19^{+}, 22, 28, 33, 34, 108, 155, 156^{+}, 159, 164, 165, 166^{+}, 166$_{\text{ਫ਼ਨ 9,10}}$, 167^{+}, 168^{+}, 168$_{\text{ਫ਼ਨ 14}}$, 169^{+}, 170^{+}, 170$_{\text{ਫ਼ਨ 21}}$, 171, 173

ਹਰੀ ਸਿੰਘ 53$_{\text{ਫ਼ਨ 42}}$, 54/55$_{\text{ਫ਼ਨ 49}}$

ਹਰੀ ਰਾਮ ਗੁਪਤਾ 201$_{\text{ਫ਼ਨ 9}}$

ਹਰੇਸ਼ ਸਿੰਘ, ਸੋਢੀ 127, 128, 221

ਹੇਹਰ 21, 46, 46$_{\text{ਫ਼ਨ 31}}$, 47, 47$_{\text{ਫ਼ਨ 34}}$, 72^{+}, 73, 73$_{\text{ਫ਼ਨ 17}}$, 76^{+}, 99^{+}, 192^{+}

ਕ

ਕਉਲ ਨੈਨ *(ਵੇਖੋ, ਕੰਵਲ ਨੈਨ)*

ਕਨਿੰਘਮ ਜੇ.ਡੀ. (Cunningham, J.D.) 55, 55$_{\text{ਫ਼ਨ 57}}$, 120

ਕਪਿਆਲ 137^{+}, 138, 221

ਕਪੂਰਾ ਬਰਾੜ 47$_{\text{ਫ਼ਨ 33}}$

ਕਬੀਰ, ਭਗਤ 20, 26, 82, 84, 85^{+}, 139, 141, 142, 162, 220

ਕਰਤਾਰਪੁਰ (ਪਾਕਿਸਤਾਨ) 39^{+}, 174, 195, 200

ਕਰਤਾਰਪੁਰ 23, 119, 126^{+}

ਕਰਨ ਮੱਲ 23, 98, 116^{+}, 119^{+}-121^{+}, 123, 124, 136, 137, 217

ਕਰਮ ਸਿੰਘ, ਮਹਾਰਾਜਾ 175, 178, 179^{+}, 186

ਕਰਮ ਚੰਦ (ਚੰਦੂ ਦਾ ਬੇਟਾ) 59, 74, 198

ਕਰਮੋ, ਮਾਤਾ 70$_{\text{ਫ਼ਨ 2}}$

ਕਲ ਭੱਟ 142

ਕਾਂਗੜਾ 72$_{\text{ਫ਼ਨ 9,14}}$, 73$_{\text{ਫ਼ਨ 17}}$

ਕਾਨ੍ਹ ਸਿੰਘ ਨਾਭਾ 10$_{\text{ਫ਼ਨ 5}}$, 47$_{\text{ਫ਼ਨ 33}}$, 107, 121, 126, 136, 137, 179^{+}, 180

ਕਾਨ੍ਹਾ, ਭਗਤ 59, 85, 87, 198

ਕਾਬੁਲ 125$_{\text{ਫ਼ਨ 28}}$

ਕਾਲਾਧਾਰੀ, ਬਾਬਾ 55$_{\text{ਫ਼ਨ 49}}$

ਕਿਰਪਾਲ ਸਿੰਘ (ਇਤਿਹਾਸਕਾਰ) 14^{+}, 15, 17, 19, 20, 37$_{\text{ਫ਼ਨ 2}}$, 44$_{\text{ਫ਼ਨ 25}}$, 68$_{\text{ਫ਼ਨ 11}}$, 77$_{\text{ਫ਼ਨ 32}}$, 78$_{\text{ਫ਼ਨ 33}}$, 83, 83$_{\text{ਫ਼ਨ 57}}$, 84$_{\text{ਫ਼ਨ 58}}$,

SikhBookClub.com

$96_{\text{ਫ਼ਨ 85, 86}}$, 115, 126^{+}, $130_{\text{ਫ਼ਨ 42}}$, $140_{\text{ਫ਼ਨ 3, 5}}$, 148, $167_{\text{ਫ਼ਨ 11}}$
ਕਿਰਪਾਲ ਸਿੰਘ, ਜੱਥੇਦਾਰ 24, 26, 115, $124_{\text{ਫ਼ਨ 24}}$, 132, 151^{+}, $155_{\text{ਫ਼ਨ 19}}$, 157, 158
ਕੀਰਤਪੁਰ 62, 195, 196
ਕੁਇਰ ਸਿੰਘ 130
ਕੁਸ਼ਲ ਦਾਸ 21, 22^{+}, 28, 29^{+}, 33, 34, 61, $61_{\text{ਫ਼ਨ 77}}$, 67, 69, 74, 98, $98_{\text{ਫ਼ਨ 3}}$, 122^{+}, 129^{+}, $129_{\text{ਫ਼ਨ 38}}$, 130, 132, $132_{\text{ਫ਼ਨ 50}}$, 133^{+}, 142, 145^{+}-147^{+}, 148, 149^{+}, 150, 152, 154^{+}, 157, 158
ਕੁਟਲਾਹੜ/ਕੁਟਲਹਾੜ/ਕੁਟਲੇਹੜ 72, $72_{\text{ਫ਼ਨ 13}}$
ਕੁਰਛੇਤ੍ਰ/ਕੁਲਛੇਤ੍ਰ/ਕੁਰੁਕਸ਼ੇਤ੍ਰ 72^{+}, 100^{+}, 143
ਕੁਲਵੰਤ ਸਿੰਘ 19, 96, $107_{\text{ਫ਼ਨ 34}}$
ਕੁਲਵਿੰਦਰ ਸਿੰਘ ਬਾਜਵਾ $55_{\text{ਫ਼ਨ 53}}$, $75_{\text{ਫ਼ਨ 28}}$
ਕੁੱਲੂ 72, $72_{\text{ਫ਼ਨ 12}}$
ਕੇਸਰ ਸਿੰਘ ਛਿੱਬਰ $39_{\text{ਫ਼ਨ 15}}$, $40_{\text{ਫ਼ਨ 18}}$, $43_{\text{ਫ਼ਨ 22}}$, $44_{\text{ਫ਼ਨ 26}}$, $45_{\text{ਫ਼ਨ 27}}$, 55, 75, 82^{+}, 83, 131, 193, 196
ਕੇਸ਼ੋ ਦਾਸ, ਕੇਸ਼ੋਦਾਸ 24, 26, 29^{+}, 33, 34, 66, 67, 74, 81, 82, 83, 85, 89^{+}, 98, $98_{\text{ਫ਼ਨ 2}}$, 100^{+}, 139^{+}, 140^{+}, $140_{\text{ਫ਼ਨ 4}}$, 141^{+}-144^{+}, 147, 149, 216
ਕੋਹਾਟ $125_{\text{ਫ਼ਨ 28}}$
ਕੋਠਾ ਗੁਰੂ 11, 29, 47^{+}, $47_{\text{ਫ਼ਨ 33}}$, $72_{\text{ਫ਼ਨ 6}}$, 116^{+}, 118^{+}, 124^{+}, 128, 132, 134, 139, 145, 151, 152^{+}, $152_{\text{ਫ਼ਨ 11}}$, 153, 217, 221
ਕੌਲ ਸਾਹਿਬ *(ਵੇਖੋ, ਕੰਵਲ ਨੈਨ)*
ਕੰਵਲ ਨੈਨ 12, 23^{+}, 25, 29^{+}, 31, $47_{\text{ਫ਼ਨ 33}}$, 66, 68, 115^{+}, 116^{+}, 117, $118_{\text{ਫ਼ਨ 11}}$, 119^{+}, 120^{+}, 121, 122, $122_{\text{ਫ਼ਨ 20, 21}}$, 123^{+}, 124^{+}, 125, 128, 129^{+}-132^{+}, $132_{\text{ਫ਼ਨ 50}}$, 133, 135, 146^{+}, 147, 150, 216, 221
ਕ੍ਰਿਸ਼ਣ ਲਾਲ $179_{\text{ਫ਼ਨ 9}}$
ਕ੍ਰਿਸ਼ਣਾ ਕੁਮਾਰੀ ਬਾਂਸਲ 21, 90^{+}, 103^{+}, 104, 105, $141_{\text{ਫ਼ਨ 7}}$

ਖ

ਖਡੂਰ ਸਾਹਿਬ 39, $39_{\text{ਫ਼ਨ 12, 13, 14}}$, 40, 195, 200, 201
ਖੜਕ ਸਿੰਘ (Kharak Singh) $54_{\text{ਫ਼ਨ 49}}$, $83_{\text{ਫ਼ਨ 57}}$, $130_{\text{ਫ਼ਨ 42}}$
ਖ਼ੁਸਰੋ, ਸ਼ਾਹਜ਼ਾਦਾ 54, 59, $60_{\text{ਫ਼ਨ 72}}$, 74, 197
ਖ਼ੁਰੱਮ, ਸ਼ਾਹਜ਼ਾਦਾ 74, 75

ਗ

ਗਜਹਲੀ 73^{+}, $73_{\text{ਫ਼ਨ 17}}$
ਗਣੇਸ਼, ਸ੍ਰੀ 178
ਗਣੇਸ਼ ਦਾਸ ਵਡੈਹਰਾ 37, 77, 78
ਗਰਜਾ ਸਿੰਘ, ਗਿਆਨੀ 23, $99_{\text{ਫ਼ਨ 6}}$, 116, $116/117_{\text{ਫ਼ਨ 4}}$, 117, 118^{+}, $118_{\text{ਫ਼ਨ 10, 11}}$, 121, 124, 131, $152_{\text{ਫ਼ਨ 8}}$, $154_{\text{ਫ਼ਨ 14}}$, 158
ਗਵਾਲੀਅਰ 57, 76
ਗਿਆਨ ਸਿੰਘ, ਗਿਆਨੀ 27, $46_{\text{ਫ਼ਨ 28, 30}}$, $47_{\text{ਫ਼ਨ 33, 34}}$, $54_{\text{ਫ਼ਨ 48}}$, 55, 74, $74_{\text{ਫ਼ਨ 22}}$, 75, $75_{\text{ਫ਼ਨ 24, 26}}$, $100_{\text{ਫ਼ਨ 8}}$, 125, 138, 165, $165_{\text{ਫ਼ਨ 1}}$, 166, $166_{\text{ਫ਼ਨ 7}}$, 170^{+}, 196
ਗੁਜਰ (ਕੁਸ਼ਲ ਦਾਸ ਦਾ ਦਾਦਾ) 145^{+}
ਗੁਰਚਰਨ ਸਿੰਘ ਸੇਕ 26, 115, $124_{\text{ਫ਼ਨ 24}}$, 151^{+}, 152, $153_{\text{ਫ਼ਨ 13}}$, 155
ਗੁਰਤੇਜ ਸਿੰਘ $54_{\text{ਫ਼ਨ 49}}$
ਗੁਰਦਰਸ਼ਨ ਸਿੰਘ ਮੁਨਾਵਾਂ 23, 116^{+}, 121, 123, 127, 133^{+}
ਗੁਰਦਾਸ, ਭਾਈ 9^{+}, 37^{+}, 38^{+}, 39, $40_{\text{ਫ਼ਨ 18}}$, 41^{+}, 44, 56, $56_{\text{ਫ਼ਨ 60}}$, 60, 63, $63_{\text{ਫ਼ਨ 2}}$, 74, 76, 191^{+}, 192^{+}, 193, 217
ਗੁਰਦਿੱਤਾ, ਸੋਢੀ 125^{+}, 127, 221
ਗੁਰਦੇਵ ਸਿੰਘ ਸਿੱਧੂ, ਮੁਹਾਲੀ 157, $157_{\text{ਫ਼ਨ 23}}$
ਗੁਰਬਖਸ਼ ਸਿੰਘ ਕਾਲਾਅਫ਼ਗਾਨਾ 48
ਗੁਰਮੋਹਨ ਸਿੰਘ ਆਹਲੂਵਾਲੀਆ/ਵਾਲੀਆ 24, 26, 88, 90, $93_{\text{ਫ਼ਨ 80}}$, $96_{\text{ਫ਼ਨ 88}}$, $99_{\text{ਫ਼ਨ 5}}$, 103, 105, 112, 113^{+}, 115
ਗੁਰਿੰਦਰ ਸਿੰਘ ਮਾਨ $55_{\text{ਫ਼ਨ 49}}$, 122
ਗੁਰੂ ਸਾਹਿਬ *(ਵੇਖੋ, ਪਿਰਥੀ ਚੰਦ)*

SikhBookClub.com

ਗੁਰੂਹਰਿਸਹਾਇ 11, 12, $12_{\text{ਫ਼ਨ 10}}$, 126^{+}, $126_{\text{ਫ਼ਨ 29}}$, 127^{+}, $127_{\text{ਫ਼ਨ 34}}$, 128, 217, 221
ਗੁਲਾਬ ਸਿੰਘ, ਸੋਢੀ 128, 221
ਗੁਲਾਬ ਸਿੰਘ, ਕਵੀ $9_{\text{ਫ਼ਨ 2}}$
ਗੁਲਾਬ ਦਾਸ, ਸੰਤ (ਕਪਿਆਲ) 137, 138
ਗੋਇੰਦਵਾਲ 40^{+}, $40_{\text{ਫ਼ਨ 16}}$, 48, $60_{\text{ਫ਼ਨ 72}}$, 73, 76^{+}, 195^{+}
ਗੋਹਰ 72^{+}, $72_{\text{ਫ਼ਨ 10}}$
ਗੋਪਾਲ ਸਿੰਘ (Gopal Singh) 57, 58, $58_{\text{ਫ਼ਨ 60}}$
ਗੋਬਿੰਦ ਸਿੰਘ, ਗੁਰੂ 12^{+}, 32, 38, $47_{\text{ਫ਼ਨ 33}}$, $55_{\text{ਫ਼ਨ 49}}$, 115, 120, 130, $130_{\text{ਫ਼ਨ 44}}$, 131, 132^{+}, 168^{+}, 169, 170, $170_{\text{ਫ਼ਨ 20}}$, 196, 198, 217, 221
ਗੋਬਿੰਦ ਸਿੰਘ ਲਾਂਬਾ 16, 88, $88_{\text{ਫ਼ਨ 62}}$
ਗੋਵਿੰਦਨਾਥ ਰਾਜਗੁਰੂ/ਰਾਜਗੁਰੂ 20, 21, 64, $64_{\text{ਫ਼ਨ 5}}$, $73_{\text{ਫ਼ਨ 17}}$, 104^{+}, 105, 115
ਗੰਡਾ ਸਿੰਘ 22, 30, 56, $56_{\text{ਫ਼ਨ 62}}$, 57, $57_{\text{ਫ਼ਨ 63}}$, 58, 68, 118, $118_{\text{ਫ਼ਨ 9}}$, 158, $193_{\text{ਫ਼ਨ 2}}$

ਗ਼

ਗ਼ੁਲਾਮ ਮਹੀਉੱਦੀਨ ਬੂਟੇ ਸ਼ਾਹ $44_{\text{ਫ਼ਨ 25}}$, 77^{+}

ਘ

ਘਰਾਚੋਂ 11, 29, 115^{+}, 116^{+}, 117, 118, 119^{+}-121^{+}, 136^{+}, $136_{\text{ਫ਼ਨ 59}}$, 137^{+}, 138^{+}, 217, 221

ਚ

ਚੱਕੋ ਕੀ, ਪਿੰਡ 73^{+}
ਚਤੁਰਭੁਜ/ਚਤੁਰਭੋਜ/ਚਤਰਭੁਜ/ਚਤਰਭੋਜ/ਚਤ੍ਰਭੁਜ 21, 89^{+}, 98, 116, 119^{+}, 121^{+}, 122^{+}, 123, 136, 221
ਚਤੁਰ ਦਾਸ, ਮਹੰਤ 154, 156^{+}, $166_{\text{ਫ਼ਨ 2}}$, $173_{\text{ਫ਼ਨ 1}}$
ਚਮਕੌਰ ਸਾਹਿਬ 130
ਚਰਨ ਦਾਸ, ਮਹੰਤ 23, 175, 176, 177, 178^{+}
ਚੂਹੜ ਮੱਲ ਖਤ੍ਰੀ 117
ਚੌਪਾ ਸਿੰਘ 55^{+}, 194^{+}
ਚੌਗਾ, ਪਿੰਡ 23, 25, 174^{+}, 178
ਚੰਦ ਸੈਨ/ਚੰਦਰ ਸੇਨ 136, 221
ਚੰਦ੍ਰ ਕਾਂਤ ਬਾਲੀ 180, 182
ਚੰਦ੍ਰ ਭਾਨ, ਰਾਜਾ 72, $72_{\text{ਫ਼ਨ 14}}$
ਚੰਦੂ ਸ਼ਾਹ (Chandu) 52^{+}, 53^{+}, $53_{\text{ਫ਼ਨ 42}}$, 54^{+}, 55^{+}, $55_{\text{ਫ਼ਨ 51, 56}}$, 56^{+}-58^{+}, $58_{\text{ਫ਼ਨ 66, 67}}$, 59^{+}, $59_{\text{ਫ਼ਨ 71}}$, 60^{+}, 74^{+}, 197, 198^{+}

ਛ

ਛਜੂ ਸਿੰਘ, ਭੱਟ $117_{\text{ਫ਼ਨ 4}}$

ਜ

ਜਸਪਤ 133^{+}
ਜਸਬੀਰ ਸਿੰਘ ਸਾਬਰ $9_{\text{ਫ਼ਨ 1}}$, 25, $87_{\text{ਫ਼ਨ 60}}$, 151, 178, 183, 184
ਜਸਵੰਤ ਸਿੰਘ, ਸੋਢੀ 127^{+}, 128, 221
ਜਹਾਂਗੀਰ, ਬਾਦਸ਼ਾਹ 46, 47^{+}, $47_{\text{ਫ਼ਨ 33}}$, 48^{+}, 49, 54, 55^{+}, 57^{+}, 58, 59, 60^{+}, $60_{\text{ਫ਼ਨ 72}}$, $72_{\text{ਫ਼ਨ 14}}$, 74^{+}, 197, 198, 217
ਜਹਾਨ ਖ਼ਾਨ 126^{+}
ਜਗਜੀਤ ਸਿੰਘ ਖਾਨਪੁਰੀ 67, $67_{\text{ਫ਼ਨ 8}}$, $90_{\text{ਫ਼ਨ 69}}$, 91, $91_{\text{ਫ਼ਨ 74, 77}}$, $94_{\text{ਫ਼ਨ 82}}$, 106, $108_{\text{ਫ਼ਨ 42}}$, 113^{+}
ਜਗਤ ਸਿੰਘ, ਰਾਜਾ ਕੁੱਲੂ $72_{\text{ਫ਼ਨ 12}}$
ਜਮਾਲ ਖ਼ਾਂ 74, 198
ਜਵੱਦੀ ਕਲਾਂ 92, $92_{\text{ਫ਼ਨ 79}}$
ਜੀ. ਐਸ. ਤਾਲਿਬ 101, $101_{\text{ਫ਼ਨ 12}}$, 102
ਜੀਵਨ ਦਿਓਲ (Jeevan Deol) 27, 115
ਜੀਵਨ ਮੱਲ, ਸੋਢੀ 125, 126^{+}, 127, 153^{+}, 217, 221
ਜੇ.ਐਸ. ਗਰੇਵਾਲ $56_{\text{ਫ਼ਨ 61}}$
ਜੇਠਾ ਜੀ (ਰਾਮ ਦਾਸ, ਗੁਰੂ) 40, 41
ਜੇਰੋਮ ਜ਼ੇਵੀਅਰ (Jerome Xavier), ਜ਼ੇਵੀਅਰ, ਫ਼ਾਦਰ 56, $56_{\text{ਫ਼ਨ 62}}$, 57^{+}, 58, 59^{+}
ਜੋਗਿੰਦਰ ਸਿੰਘ ਵੇਦਾਂਤੀ $43_{\text{ਫ਼ਨ 22, 23}}$, $45_{\text{ਫ਼ਨ 27}}$, $46_{\text{ਫ਼ਨ 28, 29}}$, $47_{\text{ਫ਼ਨ 33, 34}}$, $53_{\text{ਫ਼ਨ 41, 43}}$, $70_{\text{ਫ਼ਨ 2}}$, $75_{\text{ਫ਼ਨ 26}}$
ਜੌਂਕੀ/ਜਉਕੀ ਦਾਸ 23^{+}, $23_{\text{ਫ਼ਨ 19}}$

SikhBookClub.com

ਜ਼

ਜ਼ਕਰੀਆ ਖ਼ਾਨ 125

ਜ਼ੇਵੀਅਰ, ਫ਼ਾਦਰ (Xavier) *(ਵੇਖੋ, ਜੇਰੋਮ ਜ਼ੇਵੀਅਰ)*

ਝ

ਝੰਗ ਚਨਿਓਟ 125

ਡ

ਡਰੌਲੀ 60, 196

ਡੇਰਾ ਗਾਜ਼ੀ ਖਾਂ 125

ਡੇਰਾਜਾਤ $125_{\text{ਫ਼ਨ 28}}$

ਢ

ਢਿੱਲਵਾਂ ਕਲਾਂ 11, 27, 28, 90, 96, 104, 115^{+}, 116, $116_{\text{ਫ਼ਨ 3}}$, 118^{+}, 124, 128, 130, 131, 132^{+}, 138, 142, $145_{\text{ਫ਼ਨ 2}}$, 147, $147_{\text{ਫ਼ਨ 12}}$, 148, 152^{+}, 217, 221

ਤ

ਤਰਲੋਚਨ ਸਿੰਘ ਬੇਦੀ $55_{\text{ਫ਼ਨ 49}}$, $63_{\text{ਫ਼ਨ 1}}$, $68_{\text{ਫ਼ਨ 10}}$

ਤਲਵੰਡੀ ਸਾਬੋ 131

ਤਾਰਨ ਸਿੰਘ 15, 19

ਤਿਲੋਕ/ਤ੍ਰਿਲੋਕ ਰਾਮ, ਸੰਤ 136, 137, 138

ਤੇਗ/ਤੇਗ ਬਹਾਦਰ, ਗੁਰੂ (ਮਹਲਾ ੯) 32, 101^{+}, 102, 120^{+}, 168^{+}, 196, 198, 199, 217, 221

ਤੇਜਵੰਤ ਸਿੰਘ ਮਾਨ $14_{\text{ਫ਼ਨ 13}}$

ਤੇਜਾ ਸਿੰਘ $193_{\text{ਫ਼ਨ 2}}$

ਦ

ਦਇਆ ਰਾਮ 152^{+}, 156

ਦੱਖਣੀ ਰਾਇ 115^{+}, 116^{+}, 117, 120, 121^{+}, 136^{+}, 137^{+}, 138^{+}, 217, 221

ਦਰਬਾਰ ਸਾਹਿਬ, ਸ੍ਰੀ *(ਵੇਖੋ, ਹਰਿਮੰਦਰ ਸਾਹਿਬ, ਸ੍ਰੀ)*

ਦਰਬਾਰੀ, ਭਾਈ 13, 22^{+}, 23^{+}, 26^{+}, 28, 29, 33, 34, 61, $61_{\text{ਫ਼ਨ 78}}$, 67, 74, 108^{+}, 117^{+}, 118, $118_{\text{ਫ਼ਨ 9, 11}}$, 122, $122_{\text{ਫ਼ਨ 20}}$, 129, $129_{\text{ਫ਼ਨ 38}}$, 130, 132, 133^{+}, 151^{+}, 152, $152_{\text{ਫ਼ਨ 7, 8, 11}}$, 153^{+}, 154^{+}, $154_{\text{ਫ਼ਨ 14}}$, 155^{+}, $155_{\text{ਫ਼ਨ 17, 19}}$, 156^{+}, 157^{+}-159^{+}, 164, 167, 171^{+}, 172

ਦਰਬਾਰੀ (ਦੀਵਾਨਾ ਸਾਧ) 23, 28, 154, 155^{+}, $155_{\text{ਫ਼ਨ 17, 19}}$, 156, 166, $166_{\text{ਫ਼ਨ 2}}$, $173_{\text{ਫ਼ਨ 1}}$

ਦਯਾ ਸਿੰਘ 154

ਦਾਸੂ/ਦਾਸੁ 37, 39^{+}, $39_{\text{ਫ਼ਨ 15}}$, 40, 195, 198, 201, 203

ਦਾਤੂ/ਦਾਤਾ 37, 39^{+}, 40^{+}, 195, 198, 201, 203

ਦਿੱਲੀ 46, 47, 48^{+}, 49, 55^{+}, 126, 196^{+}

ਦੀਦਾਰ ਦਾਸ, ਸੋਢੀ (ਮਹਲਾ ੧੪) $122_{\text{ਫ਼ਨ 20, 21}}$, 129, 133^{+}, 134, 146^{+}, 150, 152, 154^{+}, 217, 221

ਦੀਦਾਰ ਦਾਸ ਨਿੰਮਵਾਲੇ 136, 137^{+}

ਦੀਨਾ 132

ਦੀਪ ਸਿੰਘ, ਬਾਬਾ 126

ਦੀਵਾਨ ਸਿੰਘ 19

ਦੀਵਾਨਾ (ਪਿੰਡ) 166

ਦੂਨੀ ਦਾਸ 17^{+}, $17_{\text{ਫ਼ਨ 17}}$, 22, $23_{\text{ਫ਼ਨ 19}}$

ਦੇਵਿੰਦਰ ਸਿੰਘ ਵਿਦਿਆਰਥੀ 144, 146, 179, $179_{\text{ਫ਼ਨ 12}}$

ਦੇਵਿੰਦਰ ਕੁਮਾਰ ਵਰਮਾ 27

ਧ

ਧਰਮ ਸਿੰਘ 16, 21

ਧਰਮ ਜੱਸ 137^{+}, 221

ਧਰਮਪਾਲ ਮੈਣੀ $180_{\text{ਫ਼ਨ 17}}$

ਧੀਰ ਦੇ ਕਾਲੇ 73^{+}, $73_{\text{ਫ਼ਨ 19}}$

ਧੀਰ ਮੱਲ 196, 198^{+}

ਨ

ਨਰਿੰਦਰ ਸਿੰਘ, ਮਹਾਰਾਜਾ 175, 180, $181_{\text{ਫ਼ਨ 19, 20}}$, 183, 186

ਨਰਿੰਦਰ ਕੌਰ ਭਾਟੀਆ 20, 26, 27, 85, 89, 111, $111_{\text{ਫ਼ਨ 49}}$, 142, 148

ਨਾਨਕ ਦੇਵ, ਗੁਰੂ (ਮਹਲਾ ੧) 10, 14, 19, 37, 38, 39^{+}, $39_{\text{ਫ਼ਨ 10, 11}}$, 41, 42, 43,

SikhBookClub.com

47, 52, 61^{+}, $63_{\text{ਫਨ 1}}$, 64, 65^{+}, 68, $68_{\text{ਫਨ 11}}$, 80, 81, 82^{+}, 85, 91^{+}, 92^{+}, 108, $122_{\text{ਫਨ 20, 21}}$, 123, 125, 127, 128, 140, 142, 149, 150^{+}, 154, 157, 162, 168, $168_{\text{ਫਨ 14}}$, $173_{\text{ਫਨ 1}}$, 174, 175^{+}, 176, 177^{+}, 178, 195, 197^{+}, 198, 199, 200^{+}, 201, 221

ਨਾਨਕ ਬਖ਼ਸ਼ 137^{+}, 138^{+}, 221

ਨਿਰੰਜਨ ਰਾਇ 23^{+}, 25^{+}, 26, 115^{+} - 117^{+}, 118, 119^{+}, 120, 121^{+}, 122, 123, 124^{+}, $124_{\text{ਫਨ 24}}$, 136, 137, 217, 221

ਨਿਰਭਉ, ਸੋਢੀ (ਮਹਲਾ ੧੩) 66, 68, $118_{\text{ਫਨ 11}}$, 129, 133^{+}, 134^{+}, 135, 146^{+}, 150, 152^{+}, 153, 154^{+}, 156, 216, 217, 221

ਨੰਗਲ 81, 82, $82_{\text{ਫਨ 50}}$, 139^{+}, 141^{+}, $141_{\text{ਫਨ 7, 8}}$, 142^{+}, 144

ਨੰਦ (ਭਾਈ ਦਰਬਾਰੀ ਦਾ ਦਾਦਾ) $152_{\text{ਫਨ 7}}$

ਨੰਦ, ਬਾਬਾ $40_{\text{ਫਨ 18}}$

ਪ

ਪਸ਼ੌਰਾ ਸਿੰਘ (Pashaura Singh) 51^{+}, $51_{\text{ਫਨ 38}}$, 57, 58, $58_{\text{ਫਨ 69}}$, $92_{\text{ਫਨ 79}}$

ਪਟਨਾ ਸਾਹਿਬ 22, 147

ਪੱਟੀ 73, $73_{\text{ਫਨ 17, 18}}$, 76, 145^{+}

ਪਰਮ ਬਖਸ਼ੀਸ਼ ਸਿੰਘ 27

ਪਰਮਿੰਦਰ ਸਿੰਘ ਸੋਢੀ, ਘਰਾਚੋਂ 136

ਪਾਲ ਸਿੰਘ ਪੁਰੇਵਾਲ $76_{\text{ਫਨ 29}}$

ਪਿਆਰ ਸਿੰਘ 15, $27_{\text{ਫਨ 21}}$, $63_{\text{ਫਨ 1}}$, 88, $88_{\text{ਫਨ 63}}$, 103, 105, 113

ਪਿਆਰਾ ਸਿੰਘ ਪਦਮ $12_{\text{ਫਨ 6}}$, 13, 15 - 17, 22^{+}, 23, 24, 28, 55, $55_{\text{ਫਨ 50, 51}}$, $76_{\text{ਫਨ 29}}$, 91, 93^{+}, 105, 106, 108^{+}, 115, 119, 131, 147, 151, $152_{\text{ਫਨ 11}}$, 155^{+}, 178, $178_{\text{ਫਨ 5}}$, $194_{\text{ਫਨ 6}}$

ਪਿਆਰੇ ਲਾਲ ਕਪੂਰ 68

ਪਿਰਥੀ ਚੰਦ (ਮਹਲਾ ੬, ਮ: ੬, 'ਗੁਰੂ ਸਾਹਿਬ') $9_{\text{ਫਨ 3}}$, 10, 15, 17^{+}, 21^{+}, 29 - 31, 34, 37^{+}, 38^{+}, 41, 42^{+} - 46^{+}, $46_{\text{ਫਨ 31}}$, 47^{+}, $47_{\text{ਫਨ 32, 33}}$, 48^{+}, 49, 52^{+}, $52_{\text{ਫਨ 40}}$, 53^{+}, 54^{+}, 60^{+}, 61^{+}, $61_{\text{ਫਨ 77, 78}}$, 62^{+}, 63^{+}, $63_{\text{ਫਨ 2, 3}}$, 64^{+} - 67^{+}, 68, 69^{+} - 71^{+}, 72, 74^{+}, 76^{+}, 77^{+}, $77_{\text{ਫਨ 31}}$, 82, 89, $92_{\text{ਫਨ 79}}$, 99, 121, 124^{+}, 127, 128, 134, 137, 141, 142, 143, 144, 154, $173_{\text{ਫਨ 1}}$, 176, 177^{+}, 191^{+} - 193^{+}, 195, 197, 198^{+}, 210, 215-217, 221

ਪੀਰਕੋਟ 166

ਪ੍ਰਹਿਲਾਦ ਸਿੰਘ 194

ਪ੍ਰਕਾਸ਼ ਸਿੰਘ 19, 115, 119^{+}, $119_{\text{ਫਨ 12}}$, $140_{\text{ਫਨ 3}}$

ਪ੍ਰਿਤਪਾਲ ਸਿੰਘ ਬਿੰਦਰਾ $76_{\text{ਫਨ 29}}$

ਪ੍ਰਿਥੀ ਚੰਦ *(ਵੇਖੋ, ਪਿਰਥੀ ਚੰਦ)*

ਪ੍ਰੀਤਮ ਸਹਿਗਲ (ਲਿਖਾਰੀ) 104^{+}, 123

ਪ੍ਰੀਤਮ ਸਿੰਘ, ਪ੍ਰੋ. $9_{\text{ਫਨ 1}}$, 16, 19, 24^{+}, $24_{\text{ਫਨ 20}}$, 33, $41_{\text{ਫਨ 21}}$, $65_{\text{ਫਨ 7}}$, 104, 166, $166_{\text{ਫਨ 9, 10}}$, 167^{+}, $179_{\text{ਫਨ 9}}$

ਪ੍ਰੇਮ ਸਾਗਰ ਸ਼ਾਸਤ੍ਰੀ 25

ਪ੍ਰੇਮ ਪ੍ਰਕਾਸ਼ ਸਿੰਘ 15

ਫ

ਫਤਿਹ ਸਿੰਘ, ਸੋਢੀ 117, 128, 221

ਫਕਰਸਰ—ਖੇੜੀ 166, $166_{\text{ਫਨ 5}}$

ਫ਼

ਫ਼ਤਹਿਪੁਰ ਸੀਕਰੀ 48

ਫ਼ਰੀਦਾਬਾਦ 127

ਫ਼ੌਜਾ ਸਿੰਘ $59_{\text{ਫਨ 70}}$, 101, $101_{\text{ਫਨ 12}}$, 102

ਬ

ਬਸੰਤ ਸਿੰਘ ਸੋਢੀ, ਘਰਾਚੋਂ 29, 106

ਬਸੰਤ ਸਿੰਘ ਰਿਤੂਰਾਜ 183

ਬਹਾਦਰ ਸ਼ਾਹ $47_{\text{ਫਨ 33}}$, 217

ਬਖ਼ਤਾਵਰ ਸਿੰਘ, ਸੋਢੀ 137, 138

ਬਟਰਿਆਨਾ/ਬਟੜਿਆਣਾ 137

ਬਟਾਲਾ/Batala 59, $59_{\text{ਫਨ 71}}$, 120

ਬਨਮਾਲੀ 124^{+}, 130, 132, 134

ਬਲਜਿੰਦਰ ਕੌਰ ਜੋਸ਼ੀ/ਮਿਸਿਜ਼ ਜੋਸ਼ੀ 28, 29^{+},

SikhBookClub.com

31, 64, 90, 91, 92^{+}, 93, 94^{+}, 105, 106^{+}, 108^{+}, 115
ਬਲਬੀਰ ਸਿੰਘ (ਡਾਕਟਰ, ਡੇਹਰਾਦੂਨ) 19
ਬਲਬੀਰ ਸਿੰਘ ਨੰਦਾ 115
ਬਲਵੰਤ ਸਿੰਘ ਸਿੱਧੂ, ਹਿਸਟੋਰੀਅਨ $47_{\text{ਫ਼ਨ 33}}$
ਬਲਵੰਤ ਸਿੰਘ, ਗਿਆਨੀ ਕੋਠਾ ਗੁਰੂ 20, 29, $47_{\text{ਫ਼ਨ 33}}$, 48, $99_{\text{ਫ਼ਨ 5}}$, $100_{\text{ਫ਼ਨ 7}}$, 116, $116_{\text{ਫ਼ਨ 3}}$, 123, $132_{\text{ਫ਼ਨ 50}}$, 146, 147, 151, $152_{\text{ਫ਼ਨ 11}}$, 155^{+}
ਬਲਵੰਤ ਸਿੰਘ ਢਿੱਲੋਂ (Balwant Singh Dhillon) 51, 83^{+}, $83_{\text{ਫ਼ਨ 57}}$, 146
ਬੱਲੂਆਣਾ 166, $166_{\text{ਫ਼ਨ 4}}$
ਬਾਸਰਕੇ $40_{\text{ਫ਼ਨ 18, 19}}$, 195
ਬਾਬਰ 168, 200^{+}
ਬਾਲਾ (ਦੀਵਾਨਾ ਸਾਧੂ) 28, 154, $155_{\text{ਫ਼ਨ 19}}$, 166, 168, $168_{\text{ਫ਼ਨ 14}}$, 169, 170, $170_{\text{ਫ਼ਨ 21}}$, $173_{\text{ਫ਼ਨ 1}}$
ਬਾਲਾ, ਭਾਈ 28
ਬਿਸ਼ਨ ਸਿੰਘ, ਸੋਢੀ 127^{+}, 128, 221
ਬਿਹਾਰੀ (ਬਾਬੇ ਭੂੰਦੜ ਦਾ ਪੁੱਤਰ) 170, $170_{\text{ਫ਼ਨ 20}}$
ਬੀਰਬਲ 198
ਬੁੱਢਾ, ਬਾਬਾ/ਭਾਈ 44, 74, 76^{+}, 217
ਬੁਤਾਲਾ 73^{+}, $73_{\text{ਫ਼ਨ 15}}$, 116^{+}, 119^{+}, 136, 138, 221
ਬੁਧੂ (ਦੀਵਾਨਾ) 133
ਬੰਨੂ ਟਾਂਕ 125

ਭ

ਭਗਤ ਸਿੰਘ ਮਾਨ 29, 106
ਭਗਤ ਸਿੰਘ (ਇਤਿਹਾਸਕਾਰ) 57, 58, $58_{\text{ਫ਼ਨ 68}}$
ਭਗਵਾਨ ਸਿੰਘ (ਰਹਿਤਨਾਮੀਆ) $55_{\text{ਫ਼ਨ 51}}$
ਭਗਵਾਨਾ (ਕਾਨ੍ਹੇ ਦਾ ਬੇਟਾ) 59
ਭਗਵਾਨੋ, ਮਾਤਾ 70
ਭਾਦਸੋਂ $117_{\text{ਫ਼ਨ 4}}$
ਭਿਖਾ, ਭੱਟ 59
ਭਿਖੀਵਿੰਡ 22, 145
ਭੂੰਦੜ, ਬਾਬਾ 154, 165^{+}, 166^{+}, $166_{\text{ਫ਼ਨ 2}}$, 168^{+}, $168_{\text{ਫ਼ਨ 14}}$, 169^{+}, 170^{+}, $170_{\text{ਫ਼ਨ 20, 21}}$, $173_{\text{ਫ਼ਨ 1}}$, 176, 177
ਭੂੰਦੜ (ਪਿੰਡ) 165, 169

ਮ

ਮੱਸਾ ਦਾਸ 28, 154, 155, $155_{\text{ਫ਼ਨ 17}}$, 156^{+}, 166, $166_{\text{ਫ਼ਨ 2}}$, $173_{\text{ਫ਼ਨ 1}}$
ਮਹਲਾ ੧ *(ਵੇਖੋ, ਨਾਨਕ ਦੇਵ, ਗੁਰੂ)*
ਮਹਲਾ ੨ *(ਵੇਖੋ, ਅੰਗਦ ਦੇਵ, ਗੁਰੂ)*
ਮਹਲਾ ੩ *(ਵੇਖੋ, ਅਮਰ ਦਾਸ, ਗੁਰੂ)*
ਮਹਲਾ ੪ *(ਵੇਖੋ, ਰਾਮ ਦਸ, ਗੁਰੂ)*
ਮਹਲਾ ੫ *(ਵੇਖੋ, ਅਰਜਨ ਦੇਵ, ਗੁਰੂ)*
ਮਹਲਾ ੬ *(ਵੇਖੋ, ਪਿਰਥੀ ਚੰਦ, ਸੋਢੀ)*
ਮਹਲਾ ੭ *(ਵੇਖੋ, ਮਿਹਰਵਾਨ, ਸੋਢੀ)*
ਮਹਲਾ ੮ *(ਵੇਖੋ, ਹਰਿ ਜੀ, ਸੋਢੀ)*
ਮਹਲਾ ੯ *(ਛੋਟਾ ਮੇਲ । ਵੇਖੋ, ਹਰਿ ਨਾਰਾਇਣ, ਸੋਢੀ)*
ਮਹਲਾ ੯ *(ਗੁਰਬਾਣੀ । ਵੇਖੋ, ਤੇਗ ਬਹਾਦਰ, ਗੁਰੂ)*
ਮਹਲਾ ੧੦ *(ਛੋਟਾ ਮੇਲ । ਵੇਖੋ, ਕੰਵਲ ਨੈਨ, ਸੋਢੀ)*
ਮਹਲਾ ੧੧ *(ਵੇਖੋ, ਹਰਿ ਨੰਦ, ਸੋਢੀ)*
ਮਹਲਾ ੧੨ *(ਵੇਖੋ, ਅਭੈ ਰਾਮ, ਸੋਢੀ)*
ਮਹਲਾ ੧੩ *(ਵੇਖੋ, ਨਿਰਭਉ, ਸੋਢੀ)*
ਮਹਲਾ ੧੪ *(ਵੇਖੋ, ਦੀਦਾਰ ਦਾਸ, ਸੋਢੀ)*
ਮਹਾਂ ਸਿੰਘ, ਸੋਢੀ 133^{+}, 134, 146^{+}, 154, 217, 221
ਮਹਾਂਦੇਵ/ਮਹਾਦੇਵ/ਮਹਾਦੇਉ 38, 41, $44_{\text{ਫ਼ਨ 24}}$, $63_{\text{ਫ਼ਨ 2}}$, 195, 221
ਮਥੁਰਾ, ਭੱਟ $43_{\text{ਫ਼ਨ 22}}$, 59, $59_{\text{ਫ਼ਨ 71}}$
ਮਦਨਜੀਤ ਕੌਰ (Madanjit Kaur) $101_{\text{ਫ਼ਨ 11}}$, $167_{\text{ਫ਼ਨ 11}}$
ਮਨੀ ਸਿੰਘ, ਭਾਈ 9, $9_{\text{ਫ਼ਨ 2}}$, 10, 115, 116
ਮਨਮੋਹਨ ਸਿੰਘ ਸੇਲ੍ਹੀ 147, $147_{\text{ਫ਼ਨ 12}}$
ਮਨੋਹਰ ਦਾਸ *(ਵੇਖੋ, ਮਿਹਰਵਾਨ)*
ਮਰਦਾਨਾ, ਭਾਈ 200
ਮੱਲ ਸਿੰਘ ਸੋਢੀ $147_{\text{ਫ਼ਨ 12}}$
ਮਾਨ ਸਿੰਘ ਨਿਰੰਕਾਰੀ (Man Singh Nirankari) $108_{\text{ਫ਼ਨ 38}}$, 155, 159, 164, 167, $167_{\text{ਫ਼ਨ 11}}$, 171
ਮਾਲਦੇ ਕੀ 73^{+}
ਮਿਹਰਵਾਨ/ਮਿਹਰਬਾਨ, ਮਨੋਹਰ ਦਾਸ, ਸੋਢੀ (ਮਹਲਾ ੭, ਮ: ੭) 11-13, 14^{+}-22^{+}, 24^{+}-28^{+}, 29, 32, 34, 44, $44_{\text{ਫ਼ਨ 25}}$, 54^{+}, 60, 62^{+}, 65, 66, 68, 70^{+}, $70_{\text{ਫ਼ਨ 2}}$, 71^{+}, $71_{\text{ਫ਼ਨ 4}}$, 72^{+}, $72_{\text{ਫ਼ਨ 6, 9}}$, 73^{+}, $73_{\text{ਫ਼ਨ 17}}$, 74^{+}, 75^{+}, $75_{\text{ਫ਼ਨ 27}}$,

SikhBookClub.com

76+ - 82+, $82_{\text{ਫ਼ਨ 52}}$, 83+-85+, 86, 88+-91+, 92, 94+ - 96+, $96_{\text{ਫ਼ਨ 87}}$, 97+, 98+, $98_{\text{ਫ਼ਨ 2}}$, 99, 100, $100_{\text{ਫ਼ਨ 9}}$, 102, 103+, $103_{\text{ਫ਼ਨ 19}}$, 105+, 106+, $106_{\text{ਫ਼ਨ 31}}$, 107, 108, 112, 116, 119+, 120+, 122+, $122_{\text{ਫ਼ਨ 20, 21}}$, 123+-125+, 127, 128, 136+, 138, 139+, 140+, $140_{\text{ਫ਼ਨ 4}}$, 141+-144+, 148+, 150, 154+, 165, 166, $166_{\text{ਫ਼ਨ 2}}$, 168+, 169+, 171, $173_{\text{ਫ਼ਨ 1}}$, 176+, 177+, 198+, 216, 217, 218+, 221
ਮੀਚੇਕੇ 73
ਮੀਰ ਮੰਨੂੰ, ਮੁਈਨੁਲੱਮੁਲਕ 126
ਮੀਰਜ਼ਾ ਜ਼ੁਲਫ਼ਿਕਾਰ ਆਜ਼ਰ ਸਾਸਾਨੀ, ਮੂਬਿਦ 37, 57, 76, 98, 99
ਮੁਹੰਮਦ, ਹਜ਼ਰਤ/ਸਾਹਿਬ 18, 80, 86+, 107+, 220
ਮੁਹੰਮਦੀਪੁਰ 71, $71_{\text{ਫ਼ਨ 4}}$, 73, 98, 100+, 115+, 116+, 124+, 125, 126+, 127, 139, 153+, 217, 221
ਮੁਕਤਸਰ 127, $127_{\text{ਫ਼ਨ 34}}$,130, 169, 170
ਮੁੰਡੇਕੇ ਪਾਈਸੇ (ਪਿੰਡ) 73
ਮੁਰਤਜ਼ਾ ਖ਼ਾਨ $57_{\text{ਫ਼ਨ 64}}$, 58, 60+, $60_{\text{ਫ਼ਨ 73}}$, 198
ਮੁਰਾਰ ਦਾਸ, ਭਾਈ 73
ਮੂਬਿਦ *(ਵੇਖੋ, ਮੀਰਜ਼ਾ ਜ਼ੁਲਫ਼ਿਕਾਰ ਆਜ਼ਰ ਸਾਸਾਨੀ, ਮੂਬਿਦ)*
ਮੈਕਲੌਡ (McLeod W.H.) $9_{\text{ਫ਼ਨ 1}}$, $14_{\text{ਫ਼ਨ 14}}$, 19, $55_{\text{ਫ਼ਨ 50, 51}}$, $194_{\text{ਫ਼ਨ 5}}$
ਮੈਕਾਲਿਫ, ਮੈਕਸ ਆਰਥਰ (Macauliffe, Max Arthur) $52_{\text{ਫ਼ਨ 40}}$, 53, 55, 64, $64_{\text{ਫ਼ਨ 4}}$, 74, 75, $193_{\text{ਫ਼ਨ 2}}$
ਮੋਹਨ/ਮੋਹਣ, ਬਾਬਾ 37, 40+, $40_{\text{ਫ਼ਨ 18}}$, 41, $41_{\text{ਫ਼ਨ 20}}$, 195, 198, 203+
ਮੋਹਨ ਸਿੰਘ ਦੀਵਾਨਾ 114, $114_{\text{ਫ਼ਨ 56}}$
ਮੋਹਰੀ, ਬਾਬਾ 37, 40+, $40_{\text{ਫ਼ਨ 18, 19, 20}}$, 76+, 195
ਮੌੜ ਮੰਡੀ 137
ਮੰਡੀ 72, $72_{\text{ਫ਼ਨ 11}}$

ਯ

ਯਸ਼ੋਧਾ ਮੀਣਾ $191_{\text{ਫ਼ਨ 1}}$
ਯਾਹੀਆ ਖ਼ਾਨ 125
ਯੁਵਰਾਜ ਸਿੰਘ, ਸੋਢੀ 127, 128, 221

ਰ

ਰਣਧੀਰ ਸਿੰਘ (ਰੀਸਰਚ ਸਕਾਲਰ) $9_{\text{ਫ਼ਨ 2}}$, 138
ਰਤਨ ਸਿੰਘ ਜੱਗੀ $55_{\text{ਫ਼ਨ 49}}$, 90, $99_{\text{ਫ਼ਨ 5}}$, $103_{\text{ਫ਼ਨ 19}}$, 105, 115, $132_{\text{ਫ਼ਨ 50}}$, 180
ਰਤਨ ਸਿੰਘ ਭੰਗੂ 12
ਰਾਏਜਸਬੀਰ ਸਿੰਘ 24, 90, $96_{\text{ਫ਼ਨ 87}}$
ਰਾਜਗੁਰੂ *(ਵੇਖੋ, ਗੋਵਿੰਦਨਾਥ ਰਾਜਗੁਰੂ)*
ਰਾਮ ਸਿੰਘ ਪੰਜਾਬੀ 156+, 173+, 175, 176+, 177, 178, 179, 180+, 184+
ਰਾਮ ਦਾਸ, ਗੁਰੂ 10, 37, $40_{\text{ਫ਼ਨ 20}}$, 41+-43+, $43_{\text{ਫ਼ਨ 23}}$, 63, 64, 70+, 120+, 121, 122, $122_{\text{ਫ਼ਨ 20, 21}}$, 123, 124, 127, 128, 137, 145, 150, 154, $173_{\text{ਫ਼ਨ 1}}$, 176, 177, 193, 195, 198, 199, 202, 203+, 204+, 207+, 217, 221
ਰਾਮ ਦਾਸ, ਬਾਬਾ (ਦੀਵਾਨਾ, ਵੱਡਾ) 23+, 25+, 154, 166, $168_{\text{ਫ਼ਨ 14}}$, 173+, $173_{\text{ਫ਼ਨ 1}}$, 174, 175+-177+, $177_{\text{ਫ਼ਨ 4}}$, 178+, 179+, $179_{\text{ਫ਼ਨ 12}}$, 180+, 181+, $181_{\text{ਫ਼ਨ 19}}$, 182+, 183+, 184
ਰਾਮ ਦਾਸ, ਬਾਬਾ (ਉਦਾਸੀ, ਛੋਟਾ) 179+, $179_{\text{ਫ਼ਨ 12}}$, 180+-183+
ਰਾਮਦਾਸਪੁਰ 74
ਰਾਮ ਪ੍ਰਕਾਸ਼ 180, $180_{\text{ਫ਼ਨ 18}}$, 182
ਰਾਮ ਰਾਏ 198
ਰਾਵਲਪਿੰਡੀ $125_{\text{ਫ਼ਨ 28}}$
ਰੁਹੀਲਾ/ਰੁਹੇਲਾ (ਪਿੰਡ) 55, 59, $59_{\text{ਫ਼ਨ 70, 71}}$
ਰੂਪਾ (ਖਿਡਾਵਾ) $45_{\text{ਫ਼ਨ 27}}$

ਲ

ਲਹਿਣਾ, ਭਾਈ 39, $39_{\text{ਫ਼ਨ 11, 12}}$
ਲਖਮੀ ਚੰਦ/ਦਾਸ, ਬਾਬਾ 37, 38, $38_{\text{ਫ਼ਨ 8}}$, 39, 195, 198, 200
ਲਾਹੌਰ 43, $43_{\text{ਫ਼ਨ 23}}$, 46+, $46_{\text{ਫ਼ਨ 31}}$, 48+, 55+, 56, 58, $60_{\text{ਫ਼ਨ 72, 73}}$, $71_{\text{ਫ਼ਨ 4}}$,74,

SikhBookClub.com

75^{+}, 82, 114, $114_{\text{ਫ਼ਨ 56}}$, 115, 126^{+}, 195^{+}
ਲਾਡਵਾ $117_{\text{ਫ਼ਨ 4}}$
ਲਾਲ ਸਿੰਘ, ਗਿਆਨੀ, ਸੰਗਰੂਰ 14^{+}, 19, $64_{\text{ਫ਼ਨ 6}}$, $109_{\text{ਫ਼ਨ 44}}$

ਵ

ਵਜੀਰ (ਕੁਸ਼ਲ ਦਾਸ ਦਾ ਪਿਤਾ) 145^{+}
ਵਡਭਾਗ ਸਿੰਘ, ਸੋਢੀ 126
ਵਡਾਲੀ 195, 210
ਵੀਰ ਸਿੰਘ, ਭਾਈ $12_{\text{ਫ਼ਨ 7, 9}}$, $68_{\text{ਫ਼ਨ 9}}$, $131_{\text{ਫ਼ਨ 45}}$, 132, $169_{\text{ਫ਼ਨ 16}}$
ਵੀਰ ਸਿੰਘ ਬਲ 63, $63_{\text{ਫ਼ਨ 2}}$
ਵੇਦਾਂਤੀ *(ਵੇਖੋ, ਜੋਗਿੰਦਰ ਸਿੰਘ ਵੇਦਾਂਤੀ)*
ਵੈਰੋਕੇ 23, 24, 151^{+}, $151_{\text{ਫ਼ਨ 6}}$, 152^{+}, 153, 155^{+}, $155_{\text{ਫ਼ਨ 17, 19}}$, 156^{+}, $156_{\text{ਫ਼ਨ 22}}$, 158
ਵਣਜਾਰਾ ਬੇਦੀ 105

SikhBookClub.com

ISBN 0-9818307-0-4
9 780981 830704

SikhBookClub.com